ISSN : 2395 1273
ਜਨਵਰੀ - ਜੂਨ 2016

# ਸੰਵਾਦ

## ਪੰਜਾਬੀ ਰਿਸਰਚ ਜਰਨਲ

ਸਾਲ 02 — ਅੰਕ 03

## ਇਸ ਅੰਕ ਵਿਚ


- ਪੰਜਾਬੀ ਸਾਹਿਤ : ਵਿਚਾਰਧਾਰਕ ਵਿਕਾਸ-ਪ੍ਰਕ੍ਰਿਆ
- ਕਾਲ ਸੰਕੇਤ ਰਹਿਤ ਰਚਨਾਵਾਂ ਵਿੱਚ ਕਾਲ ਨਿਰਧਾਰਣ ਦੀਆਂ ਸਮੱਸਿਆਵਾਂ
- ਸਾਹਿਤ ਦਾ ਸਮਾਜ-ਸ਼ਾਸਤਰ : ਸਿੱਧਾਂਤਕ ਤੇ ਵਿਹਾਰਕ ਮਸਲੇ
- ਖੋਜ: ਵਿਉਂਤ ਤੇ ਵਿਹਾਰ
- ਖੇਤਰੀ ਖੋਜ ਕਾਰਜ: ਵਿਧੀ, ਸਮੱਸਿਆਵਾਂ ਤੇ ਸਮਾਧਾਨ
- ਸਾਹਿਤ ਅਧਿਐਨ ਦੀ ਉੱਤਰ-ਸੰਰਚਨਾਵਾਦੀ ਵਿਧੀ
- ਸਭਿਆਚਾਰਕ ਅਧਿਐਨ : ਵਿਧੀ ਅਤੇ ਵਿਚਾਰਧਾਰਾ
- ਸਾਹਿਤ ਰਚਨਾਵਾਂ ਦੀ ਨਾਰੀਵਾਦੀ ਪੜ੍ਹਤ
- ਖੋਜ ਅਤੇ ਖੋਜ-ਪ੍ਰਬੰਧ ਦੇ ਲੇਖਣ ਦਾ ਵਿਧੀ-ਵਿਗਿਆਨ
- ਸਾਹਿਤ ਰਚਨਾਵਾਂ ਦੀ ਤਕਨੀਕ ਦਾ ਅਧਿਐਨ
- ਸਾਹਿਤ-ਅਧਿਐਨ ਦਾ ਅਰਥ ਵਿਗਿਆਨਕ ਸਿਧਾਂਤ
- ਸਾਹਿਤ ਦੀ ਅਸਤਿਤ੍ਵਵਾਦੀ ਅਧਿਐਨ ਵਿਧੀ
- ਪੰਜਾਬੀ ਵਿਚ ਪ੍ਰਾਪਤ ਮੁਢਲਾ ਖੋਜ-ਸਾਹਿਤ : ਸੀਮਾ ਤੇ ਸੰਭਾਵਨਾ
- ਸਾਹਿਤ ਦੀ ਮਿਥ-ਵਿਗਿਆਨਕ ਅਧਿਐਨ ਵਿਧੀ
- ਥੀਮ ਵਿਗਿਆਨਿਕ ਅਧਿਐਨ ਵਿਧੀ
- ਸ਼ੈਲੀ ਵਿਗਿਆਨਕ ਅਧਿਐਨ ਵਿਧੀ
- ਸਾਹਿਤ ਅਧਿਐਨ-ਉੱਤਰ ਆਧੁਨਿਕਤਾ ਪਰਿਪੇਖ
- ਪੰਜਾਬੀ ਸਾਹਿਤ-ਇਤਿਹਾਸ ਵਿੱਚ ਕਾਲਵੰਡ ਦਾ ਮਸਲਾ : ਪੁਨਰ ਸੰਵਾਦ
- ਖੋਜ-ਪ੍ਰਬੰਧ ਵਿੱਚ ਨਿਸ਼ਕਰਸ਼ ਦਾ ਮਹੱਤਵ
- ਸਾਹਿਤ ਅਧਿਐਨ ਦੀ ਉੱਤਰ-ਬਸਤੀਵਾਦੀ ਪੱਧਤੀ : ਪ੍ਰਮੁੱਖ ਸਰੋਕਾਰ


ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ



ISSN : 2395 1273
ਜਨਵਰੀ-ਜੂਨ 2015
ਸੰਵਾਦ
ਪੰਜਾਬੀ ਰਿਸਰਚ ਜਰਨਲ
ਸਾਲ 01 — ਅੰਕ 01
ਇਸ ਅੰਕ ਵਿਚ
ਅਨੁਭਵ ਵਿਚ ਚੇਤਨਤਾ
ਪੰਜਾਬੀ ਨਾਵਲ ਦਾ ਸਮਾਜਕ ਪਰਿਪੇਖ
ਸ਼ਾਹ ਮੁਹੰਮਦ ਦੀ ਰਚਨਾ ਜੰਗ ਹਿੰਦ ਪੰਜਾਬ ਦੀ ਵਿਲੱਖਣਤਾ
ਪੰਜਾਬੀ ਦੇ ਚਾਰ ਮੁੱਢਲੇ ਲੋਕਧਾਰਾ ਸ਼ਾਸਤਰੀ
ਬਲਜੀਤ ਕੌਰ ਬਲੀ ਦੀ ਸ੍ਵੈ-ਜੀਵਨੀ ਅਤੇ ਕਹਾਣੀਆਂ ਦਾ ਅੰਤਰ-ਸੰਬੰਧ
ਇਤਿਹਾਸ ਦਾ ਸਾਹਿਤਕ ਰੂਪਾਂਤਰਣ
ਡਾ. ਅਤਰ ਸਿੰਘ ਦੀ ਆਲੋਚਨਾ- ਦ੍ਰਿਸ਼ਟੀ
ਲੋਕਧਾਰਾ ਅਧਿਐਨ ਦੇ ਨਵ- ਪਰਿਪੇਖ
ਬਸਤੀਵਾਦ, ਨਵ-ਬਸਤੀਵਾਦ ਅਤੇ ਉਤਰ ਬਸਤੀਵਾਦ : ਅੰਤਰ ਨਿਖੇੜ
ਸਭਿਆਚਾਰ ਤੇ ਸਭਿਅਤਾ ਦਾ ਨਿਖੇੜ ਅਤੇ ਸੰਬੰਧ
ਪੰਜਾਬੀ ਭਾਸ਼ਾ: ਅਸਤਿਤਵ ਤੇ ਵਿਹਾਰ
ਨਿਰਮਲ ਸੰਪ੍ਰਦਾਇ: ਧਰਮ- ਸ਼ਾਸਤਰੀ ਸੰਦਰਭ
ਬਾਵਾ ਬਲਵੰਤ ਦੀ ਪ੍ਰਗਤੀਵਾਦੀ ਸੰਵੇਦਨਾ
ਪੰਜਾਬੀ ਕਵਿਤਾ ਤੇ ਆਧੁਨਿਕ ਬੋਧ
ਚੋਮਸਕੀ ਦੇ ਭਾਸ਼ਾਈ ਸਿੱਧਾਂਤ
ਧਰਮ ਗੁਰੂ: ਅਧਿਐਨ ਤੇ ਵਿਸ਼ਲੇਸ਼ਣ
ESTD. 1892
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ
ISSN : 2395 1273
ਜੁਲਾਈ - ਦਸੰਬਰ 2015
ਸੰਵਾਦ
ਪੰਜਾਬੀ ਰਿਸਰਚ ਜਰਨਲ
ਸਾਲ 01 — ਅੰਕ 02
ਇਸ ਅੰਕ ਵਿਚ
ਗਲਪ ਦੀ ਭਾਸ਼ਾ
ਪਰਵਾਸੀ ਪੰਜਾਬੀ ਗਲਪ ਦਾ ਕਾਵਿ-ਸ਼ਾਸਤਰ
ਅੱਧ ਚਾਨਣੀ ਰਾਤ : ਗਲਪ ਸ਼ਾਸਤਰੀ ਪੜ੍ਹਤ
ਗਲਪ ਦਾ ਭਾਸ਼ਾ ਸ਼ਾਸਤਰ
ਛਾਹ ਵੇਲਾ ਦਾ ਸਿਰਜਣਾਤਮਕ ਜਗਤ
ਅਣਗੌਲੇ ਇਤਿਹਾਸ ਅਤੇ ਨਾਬਰੀ ਦਾ ਬਿਰਤਾਂਤ : ਪੀਰ ਬੁੱਧੂ ਸ਼ਾਹ
ਅਫ਼ਜ਼ਲ ਅਹਿਸਨ ਰੰਧਾਵਾ : ਸੀਮਾ, ਸਮਰੱਥਾ ਤੇ ਸੰਭਾਵਨਾਵਾਂ
ਨਿਮਨ ਕਿਸਾਨੀ ਦੇ ਕਥਾਕਾਰ ਵਰਿਆਮ ਸਿੰਘ ਸੰਧੂ ਦੀ ਵਿਲੱਖਣਤਾ
ਹਜ਼ਾਰ ਕਹਾਣੀਆਂ ਦਾ ਬਾਪ : ਸਿਰਜਣਾਤਮਕ ਵਿਲੱਖਣਤਾ
ਮੌਤ ਅਲੀ ਬਾਬੇ ਦੀ : ਗਲਪ ਸ਼ਾਸਤਰੀ ਵਿਲੱਖਣਤਾ
ਇਕ ਖ਼ਾਲੀ ਪਿਆਲਾ : ਅਸਤਿਤ੍ਵਵਾਦੀ ਪੜ੍ਹਤ
ਯੁੱਧ-ਨਾਦ : ਮੂਲ ਤੇ ਮਹੀਨ ਨੁਕਤੇ
ਖ਼ਤ ਲਈ ਸ਼ੁਕਰੀਆ : ਗਲਪ-ਸ਼ਾਸਤਰੀ ਪੜ੍ਹਤ
ਪੰਜਾਬੀ ਨਾਵਲ ਵਿਚ ਅਵਾਸੀ ਮਜ਼ਦੂਰਾਂ ਦੀ ਬਿੰਬਕਾਰੀ
ਨਰਬਲੀ : ਕਲਾਤਮਕ ਵਿਲੱਖਣਤਾ
ਬਾਬਾ ਆਸਮਾਨ : ਕਥਾ-ਵਸਤੂ ਅਤੇ ਬਿਰਤਾਂਤ ਜੁਗਤਾਂ
ਪੁਸਤਕ ਰੀਵਿਊ
ESTD. 1892
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

## ਰਿਸਰਚ ਜਰਨਲ

(ਪੰਜਾਬੀ ਭਾਸ਼ਾ ਤੇ ਸਾਹਿਤ ਸੰਬੰਧੀ)

**(A Peer Reviewed Punjabi Research Journal)**

(ਛਿਮਾਹੀ ਖੋਜ ਰਸਾਲਾ)


**ਸਰਪ੍ਰਸਤ**

*ਡਾ. ਮਹਿਲ ਸਿੰਘ*

*ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ*

**ਮੁੱਖ ਸੰਪਾਦਕ**

*ਡਾ. ਮਹਿਲ ਸਿੰਘ*

**ਸੰਪਾਦਕ**

*ਡਾ. ਪਰਮਿੰਦਰ ਸਿੰਘ*



Estd. 1892

**ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ**

ਖ਼ਾਲਸਾ ਕਾਲਜ ਅੰਮ੍ਰਿਤਸਰ

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Research Journal of the Post-Graduate Department of Punjabi Studies, Khalsa College, Amritsar.

**Email : sanvadpunjabi@gmail.com**

**www.khalsacollege.edu.in**



**Patron:**

*Dr. Mehal Singh*

**Chief Editor:**

*Dr. Mehal Singh*

**Editor:**

*Dr. Parminder Singh*



**ISSN : 2395-1273**



© Principal, Khalsa College Amritsar



**January-June 2016**



**ਸਲਾਹਕਾਰ ਬੋਰਡ :**

ਡਾ. ਸੁਖਬੀਰ ਸਿੰਘ

ਡਾ. ਦਵਿੰਦਰ ਕੌਰ

ਮੈਡਮ ਦਵਿੰਦਰਪਾਲ ਕੌਰ

ਡਾ. ਆਤਮ ਸਿੰਘ ਰੰਧਾਵਾ

ਡਾ. ਪਰਮਿੰਦਰ ਸਿੰਘ

ਡਾ. ਭੁਪਿੰਦਰ ਸਿੰਘ

ਡਾ. ਕੁਲਦੀਪ ਸਿੰਘ ਢਿੱਲੋਂ

ਡਾ. ਹੀਰਾ ਸਿੰਘ

ਡਾ. ਮਿੰਨੀ ਸਲਵਾਨ

ਡਾ. ਹਰਜੀਤ ਕੌਰ

**ਰੈਫਰੀਡ ਪੈਨਲ**

ਪ੍ਰੋਫ਼ੈਸਰ ਜਸਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰੋਫ਼ੈਸਰ ਪਰਮਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰੋਫ਼ੈਸਰ ਗੁਰਮੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰੋਫ਼ੈਸਰ ਰਮਿੰਦਰ ਕੌਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਡਾ. ਰਜਨੀਸ਼ ਬਹਾਦਰ ਸਿੰਘ, ਡੀ.ਏ.ਵੀ. ਕਾਲਜ, ਜਲੰਧਰ

ਡਾ. ਕੁਲਵੰਤ ਸਿੰਘ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ


**(ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।)**


**ਚੰਦਾ**

**ਜੀਵਨ ਮੈਂਬਰ** : ₹1500

**ਪੰਜ ਸਾਲਾ** : ₹ 750

**ਪ੍ਰਤਿ ਕਾਪੀ** : ₹ 125

ਚੰਦਾ ਭੇਜਣ ਤੇ ਮਿਲਣ ਦਾ ਪਤਾ :

**ਲਾਇਬ੍ਰੇਰੀਅਨ, ਖ਼ਾਲਸਾ ਕਾਲਜ ਅੰਮ੍ਰਿਤਸਰ**

---

'ਸੰਵਾਦ' ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146 ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ।

# ਸੰਵਾਦ

## ਰਿਸਰਚ ਜਨਰਲ

## (ਛਿਮਾਹੀ ਖੋਜ ਰਸਾਲਾ)

**ਸਾਲ - 02 ਪੁਸਤਕ ਲੜੀ - 03** **ਜਨਵਰੀ - ਜੂਨ 2016**

## ਤਤਕਰਾ

ਸੰਪਾਦਕੀ –ਡਾ. ਮਹਿਲ ਸਿੰਘ 5
- ਪੰਜਾਬੀ ਸਾਹਿਤ : ਵਿਚਾਰਧਾਰਕ ਵਿਕਾਸ-ਪ੍ਰਕ੍ਰਿਆ –ਡਾ. ਰਵਿੰਦਰ ਰਵੀ 6
- ਕਾਲ ਸੰਕੇਤ ਰਹਿਤ ਰਚਨਾਵਾਂ ਵਿਚ ਕਾਲ ਨਿਰਧਾਰਣ ਦੀਆਂ ਸਮੱਸਿਆਵਾਂ –ਡਾ. ਧਰਮ ਸਿੰਘ 18
- ਸਾਹਿਤ ਦਾ ਸਮਾਜ-ਸ਼ਾਸਤਰ : ਸਿੱਧਾਂਤਕ ਤੇ ਵਿਹਾਰਕ ਮਸਲੇ –ਡਾ. ਸੁਰਿੰਦਰ ਕੁਮਾਰ ਦਵੇਸ਼ਵਰ 26
- ਖੋਜ: ਵਿਉਂਤ ਤੇ ਵਿਹਾਰ –ਡਾ. ਮਹਿਲ ਸਿੰਘ 39
- ਖੇਤਰੀ ਖੋਜ ਕਾਰਜ: ਵਿਧੀ, ਸਮੱਸਿਆਵਾਂ ਤੇ ਸਮਾਧਾਨ –ਡਾ. ਪਰਮਜੀਤ ਸਿੰਘ ਢੀਂਗਰਾ 48
- ਸਾਹਿਤ ਅਧਿਐਨ ਦੀ ਉਤਰ-ਸੰਰਚਨਾਵਾਦੀ ਵਿਧੀ –ਡਾ. ਆਤਮ ਸਿੰਘ ਰੰਧਾਵਾ 55
- ਸਭਿਆਚਾਰਕ ਅਧਿਐਨ : ਵਿਧੀ ਅਤੇ ਵਿਚਾਰਧਾਰਾ –ਡਾ. ਗੁਰਮੁਖ ਸਿੰਘ 67
- ਸਾਹਿਤ ਰਚਨਾਵਾਂ ਦੀ ਨਾਰੀਵਾਦੀ ਪੜ੍ਹਤ –ਡਾ. ਪਰਮਿੰਦਰ ਸਿੰਘ 77
- ਖੋਜ ਅਤੇ ਖੋਜ-ਪ੍ਰਬੰਧ ਦੇ ਲੇਖਣ ਦਾ ਵਿਧੀ-ਵਿਗਿਆਨ –ਡਾ. ਭੁਪਿੰਦਰ ਸਿੰਘ 85
- ਸਾਹਿਤ ਰਚਨਾਵਾਂ ਦੀ ਤਕਨੀਕ ਦਾ ਅਧਿਐਨ –ਡਾ. ਹਰਪ੍ਰੀਤ ਕੌਰ 94
- ਸਾਹਿਤ ਅਧਿਐਨ ਦਾ ਅਰਥ ਵਿਗਿਆਨਕ ਸਿੱਧਾਂਤ –ਡਾ. ਮਨਜਿੰਦਰ ਸਿੰਘ 100
- ਸਾਹਿਤ ਅਧਿਐਨ ਦੀ ਅਸਤਿਤ੍ਵਵਾਦੀ ਵਿਧੀ –ਡਾ. ਕੁਲਦੀਪ ਸਿੰਘ ਢਿੱਲੋਂ 122
- ਪੰਜਾਬੀ ਵਿਚ ਪ੍ਰਾਪਤ ਮੁਢਲਾ ਖੋਜ-ਸਾਹਿਤ : ਸੀਮਾ ਤੇ ਸੰਭਾਵਨਾ –ਡਾ. ਹੀਰਾ ਸਿੰਘ 129
- ਸਾਹਿਤ ਅਧਿਐਨ ਦੀ ਮਿਥ-ਵਿਗਿਆਨਕ ਵਿਧੀ –ਡਾ. ਪਰਦੀਪ ਕੌਰ 151
- ਥੀਮ ਵਿਗਿਆਨਕ ਅਧਿਐਨ ਵਿਧੀ –ਡਾ. ਜਸਬੀਰ ਸਿੰਘ 159
- ਸ਼ੈਲੀ ਵਿਗਿਆਨਕ ਅਧਿਐਨ ਵਿਧੀ –ਡਾ. ਮੰਗਤ ਰਾਮ 174
- ਸਾਹਿਤ ਅਧਿਐਨ : ਉਤਰ ਆਧੁਨਿਕਤਾ ਪਰਿਪੇਖ –ਮਨਜੀਤ ਸਿੰਘ ਅਣਖੀ 179
- ਪੰਜਾਬੀ ਸਾਹਿਤ-ਇਤਿਹਾਸ ਵਿਚ ਕਾਲਵੰਡ ਦਾ ਮਸਲਾ : ਪੁਨਰ-ਸੰਵਾਦ –ਡਾ. ਸੁਰਿੰਦਰ ਕੌਰ ਥਿੰਦ 185
- ਖੋਜ-ਪ੍ਰਬੰਧ ਵਿਚ ਨਿਸ਼ਕਰਸ਼ ਦਾ ਮਹੱਤਵ –ਮੇਘਾ ਸਲਵਾਨ 192
- ਸਾਹਿਤ ਅਧਿਐਨ ਦੀ ਉਤਰ-ਬਸਤੀਵਾਦੀ ਪੱਧਤੀ : ਪ੍ਰਮੁੱਖ ਸਰੋਕਾਰ –ਪਲਵਿੰਦਰ ਕੌਰ 198
- ਪੁਸਤਕ ਰਿਵਿਊ 205

ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ ॥

# ਸੰਪਾਦਕੀ

ਇਹ **ਸੰਵਾਦ** ਰਿਸਰਚ ਜਨਰਲ ਦਾ ਤੀਸਰਾ ਅੰਕ ਹੈ। ਇਹ ਅੰਕ ਖੋਜ ਅਤੇ ਆਲੋਚਨਾ ਪ੍ਰਣਾਲੀਆਂ ਨਾਲ ਸੰਬੰਧਿਤ ਹੈ। ਪੰਜਾਬੀ ਆਲੋਚਨਾ ਵਿਚ ਖੋਜ ਅਤੇ ਆਲੋਚਨਾ ਪ੍ਰਣਾਲੀਆਂ ਸੰਬੰਧੀ ਵਧੇਰੇ ਕੰਮ ਬਹੁਤ ਪਹਿਲਾਂ ਆਰੰਭਿਆ ਗਿਆ ਸੀ। ਸਾਡੀਆਂ ਯੂਨੀਵਰਸਿਟੀਆਂ ਦੀ ਸਥਾਪਨਾ ਸਮੇਂ ਅਜਿਹਾ ਹੋਇਆ ਸੀ। ਯੂਨੀਵਰਸਿਟੀ ਵਿਚ ਐਮ.ਏ., ਐਮ.ਫਿਲ. ਅਤੇ ਪੀਐੱਚ.ਡੀ. ਕਲਾਸਾਂ ਦੀਆਂ ਲੋੜਾਂ ਵਜੋਂ ਅਜੇਹਾ ਹੋਣਾ ਸੁਭਾਵਕ ਸੀ। ਇਹ ਮੁੱਲਵਾਨ ਕਾਰਜ ਹੈ/ਸੀ। ਪਰ ਬਾਅਦ ਵਿਚ ਅਜੇਹਾ ਮਿਆਰੀ ਕਾਰਜ ਨਿਰੰਤਰ ਪ੍ਰਵਾਹ ਵਜੋਂ ਜਾਰੀ ਨਾ ਰਹਿ ਸਕਿਆ। ਇਸ ਸੰਬੰਧੀ ਖੜੋਤ ਰੜਕਦੀ ਰਹੀ ਹੈ। ਇਸ ਜਮੂਦ ਨੂੰ ਤੋੜਨ ਲਈ ਇਹ ਅੰਕ ਪੇਸ਼ ਹੈ।

ਖੋਜ-ਵਿਧੀ ਅਤੇ ਆਲੋਚਨਾ ਪ੍ਰਣਾਲੀਆਂ ਦੀ ਨਵੇਂ ਗਿਆਨ ਖੇਤਰ ਵਿਚ ਬਹੁਤ ਮਹੱਤਤਾ ਹੈ। ਹਰ ਰਿਸਰਚ ਡਿਗਰੀ (ਐਮ.ਫਿਲ. ਜਾਂ ਪੀਐੱਚ.ਡੀ.) ਨਾਲ ਜੁੜੇ ਸਿਖਿਆਰਥੀ ਲਈ ਖੋਜ-ਵਿਧੀ ਤੋਂ ਜਾਣੂੰ ਹੋਣਾ ਜ਼ਰੂਰੀ ਹੈ। ਇਸ ਜਾਣਕਾਰੀ ਜਾਂ ਸਿਖਲਾਈ ਬਿਨਾਂ ਕਿਸੇ ਵੀ ਫ਼ੈਕਲਟੀ ਨਾਲ ਸੰਬੰਧਿਤ ਵਿਦਿਆਰਥੀ ਦਾ ਖੋਜ ਕਰ ਸਕਣਾ ਮੁਸ਼ਕਿਲ ਹੈ। ਖੋਜਾਰਥੀ ਨੂੰ ਖੋਜ ਦੇ ਅਨੁਸ਼ਾਸਨ ਦੀ ਸਮਝ ਹੋਣੀ ਨਿਹਾਇਤ ਜ਼ਰੂਰੀ ਹੈ। ਸਮਾਜ ਵਿਚ ਹਰੇਕ ਵਰਤਾਰਾ ਗਤੀ-ਪ੍ਰਗਤੀ ਵਿਚ ਹੈ। ਇਸ ਕਰਕੇ ਹਰ ਖੇਤਰ ਵਿਚ ਨਵੀਨਤਾ ਜਾਂ ਗਤੀਸ਼ੀਲਤਾ ਜਾਰੀ ਰਹਿਣੀ ਅਤੀ ਜ਼ਰੂਰੀ ਹੈ।

ਖੋਜ-ਵਿਧੀ ਦਾ ਆਪਣਾ ਇੱਕ ਨਿਸ਼ਚਿਤ ਵਿਧੀ-ਵਿਧਾਨ ਜਾਂ ਅਨੁਸ਼ਾਸਨ ਹੈ। ਇਸ ਨੂੰ ਆਮ ਕਰਕੇ ਸਰਵਪੱਖੀ ਮਾਨਤਾ ਜਾਂ ਹੁੰਗਾਰਾ ਹੈ। ਵਿਦਿਅਕ ਜਗਤ ਦੀ ਹਰ ਫੈਕਲਟੀ ਦੇ ਵਿਦਿਆਰਥੀ ਨੂੰ ਅਜੇਹੇ ਬੰਧੇਜ਼ ਦਾ ਪਾਬੰਧ ਰਹਿਣਾ ਹੀ ਪੈਂਦਾ ਹੈ। ਇਸ ਦੇ ਮੁਕਾਬਲੇ ਆਲੋਚਨਾ ਪ੍ਰਣਾਲੀਆਂ ਵਿਚ ਬਹੁਤ ਭਿੰਨਤਾ ਹੈ। ਇਨ੍ਹਾਂ ਦੇ ਵੱਖ-ਵੱਖ ਵਿਚਾਰਧਾਰਾਈ ਆਧਾਰ ਹਨ। ਇਹ ਵਿਚਾਰਧਾਰਾਈ ਆਧਾਰ ਸਮਾਜ ਵਿਚਲੀਆਂ ਤਬਦੀਲੀਆਂ ਦੀ ਉਪਜ ਹਨ। ਸਮਾਜ ਦੀ ਤੋਰ ਦੇ ਬਦਲਣ ਨਾਲ ਵਿਚਾਰਧਾਰਾਈ ਪਿੜ ਵੀ ਬਦਲ ਜਾਂਦੇ ਹਨ। ਇਨ੍ਹਾਂ ਦਾ ਇੱਕ ਸਿਰਾ ਸੰਸਾਰ ਪੱਧਰ ਉਤੇ ਵਾਪਰਦੀਆਂ ਸਮਾਜਕ, ਸਭਿਆਚਾਰਕ ਤੇ ਬੌਧਿਕ ਤਬਦੀਲੀਆਂ ਨਾਲ ਵੀ ਵਾ-ਬਾਸਤਾ ਹੁੰਦਾ ਹੈ। ਸਾਡੀਆਂ ਸਾਹਿਤਕ ਆਲੋਚਨਾ ਪ੍ਰਣਾਲੀਆਂ ਦੇ ਕਈ ਨਮੂਨੇ ਹਨ। ਮਾਰਕਸਵਾਦ, ਨਵ-ਮਾਰਕਸਵਾਦ, ਸੰਰਚਨਾਵਾਦ, ਵਿਡੰਵਨਾਵਾਦ, ਰੂਪਵਾਦ, ਮਾਣਸ-ਵਿਗਿਆਨ, ਸੁਹਜ-ਸ਼ਾਸਤਰ ਤੇ ਉਤਰ-ਆਧੁਨਿਕਤਾਵਾਦ ਸਾਹਿਤ ਨੂੰ ਪਰਖਣ ਦੇ ਕਈ ਝਰੋਖੇ ਹਨ। ਇਨ੍ਹਾਂ ਸਭ ਨੂੰ ਇੱਕ ਇਤਿਹਾਸਕ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸੋਵੀਅਤ ਸੰਘ ਦੇ ਇਨਕਲਾਬ ਤੋਂ ਬਾਅਦ ਮਾਰਕਸਵਾਦੀ ਵਿਚਾਰਧਾਰਾ ਬਲ ਫੜ੍ਹਦੀ ਹੈ। ਨਾਲ ਹੀ ਇਸ ਦੇ ਪ੍ਰਤੀਕਰਮ ਵਜੋਂ ਰੂਪਵਾਦ ਤੇ ਸੰਰਚਨਾਵਾਦ ਦਾ ਉਭਾਰ ਆਉਂਦਾ ਹੈ। ਉਤਰ-ਆਧੁਨਿਕਤਾਵਾਦ ਨੂੰ ਸੋਵੀਅਤ ਸੰਘ ਦੇ ਸਮਾਜਵਾਦੀ ਪਤਨ ਨਾਲ ਤਬਦੀਲ ਹੋਏ ਸਮਾਜਕ ਸਰੋਕਾਰਾਂ ਦੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ। ਵਿਚਾਰਧਾਰਾਈ ਦ੍ਰਿਸ਼ਟੀਆਂ ਦੇ ਆਧਾਰ ਗਲੋਬਲੀ ਸਰੋਕਾਰਾਂ ਨਾਲ ਜੁੜੇ ਨਜ਼ਰ ਆਉਂਦੇ ਹਨ। ਖੋਜਾਰਥੀ ਨੂੰ ਅਜੇਹੇ ਵਿਭਿੰਨ ਪੱਖਾਂ ਦੀ ਸਮਝ ਹੋਣੀ ਚਾਹੀਦੀ ਹੈ। ਜੇ ਅਜੇਹਾ ਨਹੀਂ ਤਾਂ ਜਾਣਕਾਰੀ ਜ਼ਰੂਰ ਹੋਵੇ। ਸਾਡੀਆਂ ਆਲੋਚਨਾ ਪ੍ਰਣਾਲੀਆਂ ਵਿਚ ਤਬਦੀਲੀਆਂ ਦੇ ਆਧਾਰ ਬਹੁਤ ਸਪੱਸ਼ਟ ਹਨ। ਹਰ ਖੋਜਾਰਥੀ ਲਈ ਅਜੇਹੇ ਸਰੋਕਾਰਾਂ ਨਾਲ ਜੁੜਨਾ ਜ਼ਰੂਰੀ ਹੈ।

ਇਸ ਅੰਕ ਵਿਚ ਖੋਜ-ਵਿਧੀ ਤੇ ਵੱਖ-ਵੱਖ ਆਲੋਚਨਾ ਪ੍ਰਣਾਲੀਆਂ ਸੰਬੰਧੀ ਸ਼ਾਮਿਲ ਖੋਜ-ਪੱਤਰਾਂ ਵਿਚ ਵੰਨਗੀ ਵੀ ਹੈ ਤੇ ਤਾਜ਼ਗੀ ਵੀ। ਪਰ ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਵਿਚ ਸਭ ਕੁਝ ਵੱਖਰਾ ਤੇ ਅਨੋਖਾ ਹੀ ਹੋਵੇ। ਇਨ੍ਹਾਂ ਵਿਚ ਆਪਣੀ ਪਰੰਪਰਾ ਨਾਲ ਸੰਵਾਦ ਦੇ ਲਹਿਜ਼ੇ ਤੋਂ ਕੁਝ ਅੱਗੇ ਕਹਿਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਸੰਪਾਦਕੀ ਫਰਜ਼ ਵਜੋਂ ਪਾਠਕ ਨੂੰ ਖੋਜ ਜਰਨਲ ਸੰਬੰਧੀ ਅਜੇਹਾ ਦੱਸਣਾ ਤਾਂ ਜ਼ਰੂਰੀ ਹੈ, ਪਰ ਇਸ ਸੰਬੰਧੀ ਵਿਸ਼ਵਾਸ ਤਾਂ ਪਾਠਕਾਂ ਨੂੰ ਖ਼ੁਦ ਖੋਜ-ਜਨਰਲ (**ਸੰਵਾਦ**) ਪੜ੍ਹਨ ਉਪਰੰਤ ਹੀ ਆਉਣਾ ਹੈ।

—ਡਾ. ਮਹਿਲ ਸਿੰਘ

# ਪੰਜਾਬੀ ਸਾਹਿਤ : ਵਿਚਾਰਧਾਰਕ ਵਿਕਾਸ-ਪ੍ਰਕ੍ਰਿਆ

—ਡਾ. ਰਵਿੰਦਰ ਰਵੀ*

ਵਿਚਾਰਧਾਰਾ ਸਮਾਜਕ ਵਿਕਾਸ ਦੀ ਪ੍ਰਕ੍ਰਿਆ ਦਾ ਇੱਕ ਅਨਿੱਖੜ ਅੰਗ ਹੈ। ਕੁਦਰਤ ਨਾਲ ਆਪਣੇ ਸਾਂਝੇ ਅਤੇ ਸਮੂਹਕ ਸੰਘਰਸ਼ ਦੇ ਅਨੁਭਵ ਨੂੰ ਹਰ ਮਨੁੱਖੀ ਸਮੂਹ, ਚੇਤਨਾ ਦੇ ਤਤਕਾਲੀਨ ਮੁਹਾਵਰੇ ਅਤੇ ਆਪਣੇ ਵਿਕਾਸ ਦੀ ਇਤਿਹਾਸਕ ਪੱਧਰ ਅਨੁਸਾਰ; ਜੀਵਨ-ਕੀਮਤਾਂ, ਜ਼ਿੰਦਗੀ ਅਤੇ ਕੁਦਰਤ ਬਾਰੇ ਆਪਣੀ ਸਮਝ ਦਾ ਇੱਕ ਤਰਤੀਬ-ਬੱਧ ਸੰਗਠਤ ਰੂਪ ਵਿਚ ਸਿਰਜਦਾ ਹੈ ਜਿਹੜਾ ਵਿਚਾਰਧਾਰਾ ਵੱਲੋਂ ਸਮਾਜ ਦੇ ਅਮਲੀ ਪਿੜ ਵਿਚ ਨਿਰੰਤਰ ਪ੍ਰਵਾਹਮਾਨ ਰਹਿੰਦਾ ਹੈ। ਇਸੇ ਲਈ ਹਰ ਵਿਅਕਤੀ ਅਤੇ ਵਿਅਕਤੀ-ਸਮੂਹ ਆਪਣੀ ਸਮਾਜਕ ਹੋਂਦ ਸਦਕਾ ਸੁਚੇਤ ਜਾਂ ਅਚੇਤ ਰੂਪ ਵਿਚ ਕਿਸੇ ਨਾ ਕਿਸੇ ਪੱਧਰ ਅਤੇ ਕਿਸਮ ਦੀ ਵਿਚਾਰਧਾਰਾ ਦਾ ਸੰਵਾਹਕ ਹੁੰਦਾ ਹੈ। ਵਿਚਾਰਧਾਰਾ, ਇਉਂ, ਮਨੁੱਖ ਦੀ ਸਮਾਜਕ-ਇਤਿਹਾਸਕ ਹੋਂਦ-ਵਿਧੀ ਦਾ ਇੱਕ ਕੁਦਰਤੀ ਸਿੱਟਾ ਅਤੇ ਅਨਿੱਖੜ ਅੰਗ ਹੁੰਦੀ ਹੈ। ਵਿਚਾਰਧਾਰਾ ਇੱਕ ਪਾਸੇ ਸਮਾਜ ਦੇ ਪਦਾਰਥਕ ਅਧਾਰਾਂ ਦਾ ਸਿੱਟਾ ਹੁੰਦੀ ਹੈ ਪਰ ਨਾਲ ਹੀ ਇਹ ਸਮਾਜ ਦੀ ਨੀਂਹ ਤੇ ਮੋੜਵਾਂ ਅਸਰ ਕਰਨ ਵਾਲੀ ਬੜੀ ਕਾਰਗਰ ਸ਼ਕਤੀ ਵੀ ਹੁੰਦੀ ਹੈ। ਵਿਚਾਰਧਾਰਾ ਅਤੇ ਸਮਾਜਕ ਵਿਕਾਸ-ਪ੍ਰਕ੍ਰਿਆ ਦੀ ਇਸ ਡਾਇਲੈਕਟਿਕਸ ਦੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਸਾਹਿਤ ਵਿਚ ਵਿਚਾਧਾਰਕ ਵਿਕਾਸ ਦੀ ਪ੍ਰਕ੍ਰਿਆ ਦੇ ਅਧਿਐਨ ਤੋਂ ਬਹੁਤ ਰੌਚਕ ਅਤੇ ਵਿਲੱਖਣ ਸਿੱਟੇ ਪ੍ਰਾਪਤ ਹੁੰਦੇ ਹਨ। ਮੱਧਕਾਲੀਨ ਪੰਜਾਬ ਦੀਆਂ ਆਰਥਿਕ, ਰਾਜਨੀਤਕ ਪਰਿਸਥਿਤੀਆਂ ਅਤੇ ਇਸ ਕਾਲ ਦੇ ਸਾਹਿਤ ਦੇ ਵਿਚਾਰਧਾਰਕ ਸੁਭਾਅ ਦਾ ਆਪਸੀ ਰਿਸ਼ਤਾ ਬੜਾ ਵਿਲੱਖਣ ਅਤੇ ਜਟਿਲ ਨਜ਼ਰ ਆਉਂਦਾ ਹੈ।

ਭਾਰਤ ਦੇ ਵੱਖ-ਵੱਖ ਖੇਤਰੀ ਸਭਿਆਚਾਰਾਂ ਦਾ ਸੁਤੰਤਰ ਅਤੇ ਸਥੂਲ ਵਿਕਾਸ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਕਾਸ ਨਾਲ ਹੀ ਜੁੜਿਆ ਹੋਇਆ ਹੈ। ਨੌਵੀਂ-ਦਸਵੀਂ ਸਦੀ ਤੋਂ ਲਗਭਗ ਸ਼ੁਰੂ ਹੋਈ ਇਹ ਪ੍ਰਕ੍ਰਿਆ ਹੀ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਸਾਹਿਤ-ਸਿਰਜਨਾ ਦੇ ਇਤਿਹਾਸ ਦਾ ਵੀ ਆਰੰਭ ਹੈ। ਮੱਧ-ਕਾਲੀਨ ਭਾਰਤ ਦੇ ਇਸ ਇਤਿਹਾਸਕ ਦੌਰ ਵਿਚ ਵਿਚਾਰਧਾਰਕ ਸੰਘਰਸ਼ ਦੀ ਵਿਕਾਸ-ਪ੍ਰਕ੍ਰਿਆ ਪ੍ਰਮੁੱਖ ਰੂਪ ਵਿਚ ਸਾਹਿਤ, ਧਰਮ ਅਤੇ ਰਾਜਨੀਤੀ ਉੱਤੇ ਹੀ ਅਧਾਰਤ ਸੀ। ਚਲੀ ਆ ਰਹੀ ਪੈਦਾਵਰ ਦੀ ਏਸ਼ੀਆਈ ਵਿਧੀ ਉੱਪਰ ਅਧਾਰਤ ਨੀਂਹ ਅਤੇ ਪਰਉਸਾਰ ਦੀ ਸਾਮੰਤਵਾਦੀ ਸਮਾਜਕ-ਆਰਥਕ ਬਣਤਰ ਸਭਿਆਚਾਰਕ ਖੇਤਰ ਵਿਚ ਇਨ੍ਹਾਂ ਤਿੰਨਾਂ ਮਾਧਿਅਮਾਂ ਰਾਹੀਂ ਹੀ ਆਪਣਾ ਵਿਚਾਰਧਾਰਕ ਪੈਂਤੜਾ ਪ੍ਰਗਟ ਕਰਦੀ ਸੀ। ਇਸ ਬਣਤਰ ਦਾ ਵਿਚਾਰਧਾਰਕ ਰੂਪ ਭਾਵੇਂ ਪੁਰਾਣੇ ਸੰਸਕਾਰਾਂ, ਰਸਮਾਂ-ਰਿਵਾਜਾਂ, ਵਿਸ਼ਵਾਸਾਂ ਅਤੇ ਜੀਵਨ-ਕੀਮਤਾਂ ਰਾਹੀਂ ਵੀ ਪ੍ਰਗਟ ਹੁੰਦਾ ਸੀ ਪਰੰਤੂ ਧਰਮ, ਰਾਜਨੀਤੀ ਅਤੇ ਸਾਹਿਤ ਅਜਿਹੇ ਪ੍ਰਗਟਾ ਦੇ ਅਧਿਕ ਸਰਗਰਮ, ਸਥੂਲ ਅਤੇ ਪ੍ਰਭਾਵਸ਼ਾਲੀ ਮਾਧਿਅਮ ਸਨ।

ਮੱਧਕਾਲੀਨ ਪੰਜਾਬ ਵਿਚ ਭਾਰੂ ਸਮੁੱਚੀ ਸਿੱਖ ਲਹਿਰ ਨੇ ਇਨ੍ਹਾਂ ਤਿੰਨਾਂ ਮਾਧਿਅਮਾਂ ਨੂੰ ਲੋਕ-ਹਿਤ ਦੀ ਦ੍ਰਿਸ਼ਟੀ ਤੋਂ ਉਪਰੰਤ ਪਤਨਮਈ ਸਾਮੰਤਕ ਬਣਤਰ ਵਿਰੁੱਧ ਆਵਾਜ਼ ਉਠਾਉਣ ਲਈ ਸਫ਼ਲ ਹਥਿਆਰ ਵਜੋਂ ਵਰਤਿਆ। ਚੇਤਨਾ ਦੇ ਧਾਰਮਿਕ ਮੁਹਾਵਰੇ ਅਤੇ ਹੋਰ ਇਤਿਹਾਸਕ ਸੀਮਾਵਾਂ ਦੇ ਬਾਵਜੂਦ ਸਮੁੱਚੀ ਗੁਰਬਾਣੀ ਅਤੇ ਸਿੱਖ ਲਹਿਰ ਆਪਣੀ ਵਿਚਾਰਧਾਰਾ ਅਤੇ ਆਪਣੇ ਅਮਲ ਵਿਚ ਸਥਾਪਤ ਸਾਮੰਤਕ ਬਣਤਰ ਦੇ ਹਰ ਅੰਗ ਦੇ ਵਿਰੋਧ ਵਿਚ ਉਸਾਰੂ ਸਮਾਜਕ ਮਨੁੱਖੀ ਪੈਂਤੜੇ ਦੀਆਂ ਕੀਮਤਾਂ ਉੱਤੇ ਅਧਾਰਤ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਰਾਹੀਂ ਲੋਕ-ਹਿਤ ਦੇ ਮੁਹਾਜ਼ ਨੂੰ ਸਿਰਜਨ

* ਸਾਬਕਾ ਪ੍ਰੋਫ਼ੈਸਰ (ਮਰਹੂਮ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਲਈ ਤਤਪਰ ਅਤੇ ਕ੍ਰਿਆਸ਼ੀਲ ਰਹੀ। ਇਸੇ ਲਈ ਪਰਉਸਾਰ ਦੀ ਪੱਧਰ ’ਤੇ ਵਿਚਾਰਧਾਰਕ ਸੰਘਰਸ਼ ਵਿਚ ਲੋਕ-ਹਿਤ ਦੀ ਵਿਚਾਰਧਾਰਾ ਨੂੰ ਭਾਰੂ ਧਿਰ ਵਜੋਂ ਸਥਾਪਤ ਰੱਖਣ ਲਈ ਸਿੱਖ ਗੁਰੂਆਂ ਨੇ ਨਿਰੰਤਰ ਬਲਦੀਆਂ ਪਰਿਸਥਿਤੀਆਂ ਅਨੁਸਾਰ ਇਨ੍ਹਾਂ ਤਿੰਨਾਂ ਮਾਧਿਅਮਾਂ ਦਾ ਬੜੀ ਸਫਲਤਾ ਨਾਲ ਪ੍ਰਯੋਗ ਕੀਤਾ। ਉਨ੍ਹਾਂ ਤੋਂ ਬਾਅਦ ਵੀ ਲਗਭਗ ਰਣਜੀਤ ਸਿੰਘ ਦੇ ਤਾਕਤ ਵਿਚ ਆਉਣ ਤਕ ਲੋਕ-ਹਿਤ ਦੀ ਇਹੋ ਵਿਚਾਰਧਾਰਾ ਭਾਰੂ ਰਹੀ।

ਇਵੇਂ ਹੀ ਇਸ ਕਾਲ ਦੇ ਸੂਫ਼ੀ ਕਵੀਆਂ ਅਤੇ ਰਾਜ-ਸੱਤਾ ਉਤੇ ਕਾਬਜ਼ ਜਮਾਤ ਦਾ ਸਾਂਝਾ ਧਾਰਮਿਕ ਅਧਾਰ ਤਾਂ ਭਾਵੇ ਇਸਲਾਮ ਹੀ ਸੀ ਪਰੰਤੂ ਇਨ੍ਹਾਂ ਕਵੀਆਂ ਨੇ ਇਸਲਾਮ ਨੂੰ ਹਾਕਮ ਜਮਾਤਾਂ ਦੇ ਬੁਲਾਰੇ ਜਾਂ ਰਾਖੇ ਵਜੋਂ ਨਹੀਂ ਅਪਣਾਇਆ। ਸਗੋਂ ਚੇਤਨਾ ਦੇ ਧਾਰਮਿਕ ਅਤੇ ਅਨੁਭਵੀ ਮੁਹਾਵਰੇ ਰਾਹੀਂ ਇਸ ਦੇ ਲੋਕ-ਹਿਤੀ ਮਨੁੱਖੀ ਸਮਾਜਕ ਪੈਂਤੜੇ ਨੂੰ ਹੀ ਸਥਾਪਤ ਕਰਨ ਦਾ ਯਤਨ ਕੀਤਾ ਜਿਹੜਾ ਪਰਉਸਾਰ ਦੀ ਪੱਧਰ ’ਤੇ ਹਾਕਮ ਜਮਾਤ ਦੀ ਵਿਚਾਰਧਾਰਾ ਅਤੇ ਸਥਾਪਤ ਜੀਵਨ-ਕੀਮਤਾਂ ਦਾ ਹੀ ਵਿਰੋਧ ਸੀ।

ਸੂਫ਼ੀ ਕਾਵਿ ਦੇ ਨਾਲ ਹੀ ਇਸ ਕਾਲ ਵਿਚ ਮੁਢਲੇ ਦੌਰ ਦਾ ਕਿੱਸਾ-ਕਾਵਿ ਵੀ ਪ੍ਰਮੁੱਖ ਤੌਰ ’ਤੇ ਇਸ਼ਕ ਦੇ ਬੁਨਿਆਦੀ ਮਨੁੱਖੀ ਜਜ਼ਬੇ ਦੇ ਮੁਹਾਵਰੇ ਰਾਹੀਂ ਸਾਮੰਤਵਾਦੀ ਆਰਥਿਕ ਢਾਂਚੇ ’ਤੇ ਉੱਸਰੀ ਰਹਿਤਲ ਦੇ ਵਿਰੋਧੀ ਜਜ਼ਬੇ ਦੀ ਹੀ ਸਥਾਪਨਾ ਕਰਦਾ ਹੈ।

ਇਸੇ ਕਾਲ ਦੇ ਅੰਤਰਗਤ ਵਾਰ-ਕਾਵਿ ਦੀਆਂ ਪ੍ਰਮੁੱਖ ਰਚਨਾਵਾਂ (ਚੰਡੀ ਦੀ ਵਾਰ, ਨਜ਼ਾਬਤ ਦੀ ਵਾਰ) ਆਪਣੇ ਸਾਮੰਤਕ ਖ਼ਾਸੇ ਅਰਥਾਤ ਵਿਅਕਤੀਗਤ ਸੂਰਮਗਤੀ, ਨੈਤਿਕ ਮਹਾਨਤਾ ਜਾਂ ਅਧਿਆਤਮਕ ਉੱਤਮਤਾ ਆਦਿ ਦੀਆਂ ਸੀਮਤ ਭਾਵਨਾਵਾਂ ਨੂੰ ਤਿਆਗ ਕੇ ਮਨੁੱਖ/ਸਮਾਜ ਵਿਰੋਧੀ ਅਤਿਆਚਾਰੀ ਸ਼ਕਤੀਆਂ ਦੇ ਵਿਨਾਸ਼ ਅਤੇ ਸਮੂਹ ਦੀ ਪ੍ਰਮੁੱਖਤਾ ਨੂੰ ਪ੍ਰਗਟ ਕਰਨ ਵਾਲੇ ਦੇਸ਼-ਭਗਤੀ ਵਰਗੇ ਅਜਿਹੇ ਆਦਰਸ਼ਾਂ ਦੀ ਸਥਾਪਨਾ ਕਰਦੀਆਂ ਹਨ ਜਿਨ੍ਹਾਂ ਦਾ ਸੁਭਾਅ ਸਥਾਪਤ ਸਾਂਸਕ੍ਰਿਤਕ ਅਤੇ ਵਿਚਾਰਧਾਰਕ ਬਣਤਰ ਦਾ ਵਿਰੋਧੀ ਸੀ।

ਇਉਂ, ਕੁਲ ਮਿਲਾ ਕੇ ਪੰਜਾਬ ਦੇ ਇਤਿਹਾਸ ਦਾ ਇਹ ਇੱਕ ਅਜਿਹਾ ਦੌਰ ਹੈ ਜਿਸ ਵਿਚ ਸਮਾਜ ਦੀ ਫ਼ਿਊਡਲ ਨੀਂਹ ਦੇ ਬਾਵਜੂਦ ਸਮਾਜਕ ਸਾਰ ਦੇ ਮੁਕਾਬਲਤਨ ਇਨਕਲਾਬੀ ਸੁਭਾਅ ਕਾਰਣ ਧਰਮ, ਸਾਹਿਤ ਅਤੇ ਬਾਅਦ ਵਿਚ ਰਾਜਨੀਤੀ ਦਾ ਵਿਚਾਰਧਾਰਕ ਰੂਪ ਸਥਾਪਤ ਸਮਾਜਕ ਬਣਤਰ ਦੇ ਵਿਰੁੱਧ ਲੋਕ-ਮੁਹਾਜ਼ ਦੇ ਇਨਕਲਾਬੀ ਪੈਂਤੜੇ ਵਾਲਾ ਰਿਹਾ। ਪੰਜਾਬੀ ਦੀ ਪਰੰਪਰਾਗਤ ਸਾਹਿਤ-ਆਲੋਚਨਾ ਨੇ ਹੁਣ ਤਕ ਸਾਡੇ ਮੱਧਕਾਲੀਨ ਸਾਹਿਤ ਦਾ ਬਹੁਤ ਅਧਿਐਨ ਇਸ ਦੇ ਸਰਲ ਅਰਥ ਜਾਂ ਬਾਹਰੀ ਮੁਹਾਵਰੇ ਨੂੰ ਹੀ ਬਣਾ ਕੇ ਕੀਤਾ ਹੈ। ਸਿੱਟੇ ਵਜੋਂ, ਗੁਰਬਾਣੀ ਅਤੇ ਸੂਫ਼ੀ ਕਾਵਿ ਨੂੰ ਨਿਰੋਲ ਧਾਰਮਿਕ ਰਹੱਸਵਾਦੀ ਅਰਥਾਂ ਤੱਕ ਅਤੇ ਕਿੱਸਾ-ਕਾਵਿ ਅਤੇ ਵਾਰ-ਕਾਵਿ ਨੂੰ ਕ੍ਰਮਵਾਰ ‘ਇਸ਼ਕ’ ਅਤੇ ‘ਸਾਹਸਪੂਰਣ’ ਕਾਰਨਾਮਿਆਂ ਤਕ ਹੀ ਘਟਾ ਲਿਆ ਗਿਆ ਹੈ। ਅਜਿਹੇ ਪਰੰਪਰਾਗਤ ਅਧਿਐਨ ਵਿਚ ਮੱਧਕਾਲੀਨ ਪੰਜਾਬੀ ਸਾਹਿਤ ਨਾਲ ਬੜਾ ਸਤਹੀ ਅਤੇ ਸਿੱਧਾ ਸੰਬੰਧ ਜੋੜਨ ਦਾ ਯਤਨ ਹੀ ਭਾਰੂ ਰਿਹਾ ਹੈ। ਮੱਧਕਾਲੀਨ ਪੰਜਾਬ ਦੇ ਇਤਿਹਾਸ ਦੀਆਂ ਡੂੰਘੀਆਂ ਪਰਤਾਂ, ਵਿਰੋਧਾਂ ਅਤੇ ਵਿਕਾਸ-ਪ੍ਰਕ੍ਰਿਆ ਦੀ ਮੌਲਿਕਤਾ ਦਾ ਕੋਈ ਗੰਭੀਰ ਅਧਿਐਨ ਸੰਭਵ ਨਹੀਂ ਹੋਇਆ। ਇਸੇ ਕਾਰਣ ਉਪਰੋਕਤ ਸਾਹਿਤ ਦੇ ਸਹੀ ਸਾਰ, ਇਸ ਦੀ ਲੁਕਵੀਂ ਵਸਤੂ ਜਾਂ ਸਰਲ ਅਰਥ ਤੋਂ ਪਾਰ ਸਮਾਜਕ ਮਨੁੱਖੀ ਅਸਲੇ ਅਨੁਸਾਰ ਇਨ੍ਹਾਂ ਕਾਵਿ-ਧਾਰਾਵਾਂ ਦਾ ਸੁਭਾਅ ਨਿਸ਼ਚਿਤ ਨਹੀਂ ਹੋ ਸਕਿਆ।

ਮੱਧਕਾਲੀਨ ਪੰਜਾਬ ਦੇ ਇਤਿਹਾਸ ਦੀ ਸਭ ਤੋਂ ਵੱਧ ਮੌਲਿਕਤਾ ਅਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਲਗਭਗ ਦੋ ਢਾਈ ਸੌ ਸਾਲ ਜਿੱਥੇ ਪੰਜਾਬ ਦੀ ਸਮਾਜਕ ਆਰਥਿਕ ਬਣਤਰ ਆਪਣੀ ਨੀਂਹ ਦੀ ਪੱਧਰ ’ਤੇ ਇਸਲਾਮਕ ਸਾਮੰਤਵਾਦੀ ਤਾਨਾਸ਼ਾਹੀ ਵਾਲੀ ਸੀ ਉੱਥੇ ਇਸ ਸਥਾਪਤੀ ਦੇ ਵਿਰੋਧ ਵਿਚ ਪਰਉਸਾਰ ਦੀ ਪੱਧਰ ਉੱਤੇ ਲੋਕ ਹਿਤ ਦੀ ਉਸਾਰੂ ਵਿਚਾਰਧਾਰਾ ਹੀ ਧਰਮ, ਸਾਹਿਤ

ਅਤੇ ਰਾਜਨੀਤੀ ਵਿਚ ਭਾਰੂ ਰਹੀ। ਗੁਰਬਾਣੀ ਅਤੇ ਸਿੱਖ ਲਹਿਰ ਆਪਣੀਆਂ ਇਤਿਹਾਸਕ ਸੀਮਾਵਾਂ ਦੇ ਬਾਵਜੂਦ ਉਸ ਦੌਰ ਵਿਚ ਅਜਿਹੇ ਇਨਕਲਾਬੀ ਵਿਚਾਰਧਾਰਕ ਮੁਹਾਜ਼ ਦੀ ਸਿਰਜਨਾ ਕਰ ਸਕੀਆਂ ਜਿਸ ਦੇ ਸਾਮ੍ਹਣੇ ਹਾਕਮ ਜਮਾਤਾਂ ਦੀ ਵਿਚਾਰਧਾਰਾ ਭਾਰੂ ਧਿਰ ਵਜੋਂ ਨਹੀਂ ਉਭਰ ਸਕੀ। ਪੰਜਾਂਬ ਵਿਚ ਲੋਕ-ਹਿਤ ਦੀ ਇਨਕਲਾਬੀ ਵਿਚਾਰਧਾਰਾ ਦਾ ਸਮਾਜ ਦੇ ਵਿਚਾਰਧਾਰਕ ਮੁਹਾਜ਼ ਤੇ ਸਾਡੇ ਸਾਹਿਤ ਅਤੇ ਧਰਮ ਦਾ ਰੋਲ ਬੜੀ ਵੱਖਰੀ ਕਿਸਮ ਦਾ ਅਤੇ ਗੁੰਝਲਦਾਰ ਹੈ।

ਰਣਜੀਤ ਸਿੰਘ ਦੁਆਰਾ ਸਥਾਪਤ ਸਾਮੰਤਕ ਰਾਜ (Feudal State), ਪੈਦਾਵਾਰ ਦੀ ਏਸ਼ੀਆਈ ਵਿਧੀ ਦੇ ਅਰਥਾਂ ਵਿਚ ਹੀ, ਨੇ ਆਪਣੇ ਤੋਂ ਪਹਿਲਾਂ ਦੇ ਪੰਜਾਬ ਦੀ ਨੀਂਹ ਅਤੇ ਪਰਉਸਾਰ ਵਿਚਲੇ ਉਪਰੋਕਤ ਅਮਲ ਨੂੰ ਬਿਲਕੁਲ ਉਲਟ ਦਿਸ਼ਾ ਵਲ ਮੋੜਾ ਦਿੱਤਾ। ਸਾਮੰਤਵਾਦੀ ਆਰਥਿਕ, ਰਾਜਨੀਤਕ, ਸਮਾਜਕ ਅਤੇ ਵਿਚਾਰਧਾਰਕ ਬਣਤਰ ਦੇ ਵਿਰੁੱਧ ਲੰਬੇ ਸੰਘਰਸ਼ ਦੇ ਬਾਵਜੂਦ ਆਰਥਿਕ ਰਿਸ਼ਤਿਆਂ ਵਿਚ ਤਬਦੀਲੀ ਨਾ ਲਿਆ ਸਕਣ ਅਤੇ ਆਦਰਸ਼ਵਾਦੀ ਵਿਸ਼ਵ-ਦ੍ਰਿਸ਼ਟੀਕੋਣ ਦੀ ਵਲਗਣ ਵਿਚ ਹੀ ਫਸੇ ਰਹਿ ਜਾਣ ਦੀਆਂ ਇਤਿਹਾਸਕ ਸੀਮਾਵਾਂ ਕਾਰਣ ਸਿੱਖ ਲਹਿਰ ਨੇ ਆਖਿਰ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿਚ ਸਾਮੰਤਕ ਸਮਾਜਕ ਬਣਤਰ ਦੇ ਸੁਭਾਅ ਵਾਲੇ ਰਾਜ ਦੀ ਮੁੜ ਸਥਾਪਤੀ ਸਿੱਖ ਲਹਿਰ ਦੇ ਸਾਮੰਤੀਕਰਣ/ਜਮਾਤੀਕਰਣ ਦਾ ਪਹਿਲਾ ਅਤੇ ਬੁਨਿਆਦੀ ਕਾਰਨ ਬਣੀ। ਸਾਧਾਰਣ ਜਨਤਾ ਅਤੇ ਰਾਜ-ਸੱਤਾਧਾਰੀ ਸਰਦਾਰਾਂ ਵਿਚ ਉਹੋ ਪੁਰਾਣਾ ਪਾੜਾ ਮੁੜ ਬਣਿਆ ਅਤੇ ਵਧਦਾ ਰਿਹਾ। ਇਸੇ ਕਾਰਣ ਆਰਥਿਕ ਅਸਮਾਨਤਾ ਅਤੇ ਜਾਤ-ਪਾਤ, ਜਿਸ ਉਤੇ ਸਿੱਖ-ਲਹਿਰ ਨੇ ਭਰਪੂਰ ਵਿਚਾਰਧਾਰਕ ਹਮਲਾ ਕੀਤਾ ਸੀ, ਮੁੜ ਆਪਣੇ ਬ੍ਰਾਹਮਣਕ ਰੂਪ ਵਿਚ ਸਿੱਖ ਲਹਿਰ ਦੇ ਇਸ ਦੌਰ ਦਾ ਫ਼ੈਸਲਾਕੁਨ ਹਿੱਸਾ ਬਣ ਗਈ।

ਅਜਿਹੀ ਅਸਮਾਨਤਾ ਅਤੇ ਇਸ ਉਤੇ ਉਸਰੀਆਂ ਜੀਵਨ-ਕੀਮਤਾਂ ਵਿਰੁੱਧ ਕਿਸੇ ਲੋਕ-ਮੁਹਾਜ਼ ਨੂੰ ਮੁੜ ਜਾਰੀ ਰਖਣਾ ਜਾਂ ਉਸਾਰਨਾ ਨਾ ਤਾਂ ਸੱਤਾਧਾਰੀ ਸਰਦਾਰਾਂ ਦਾ ਕੋਈ ਟੀਚਾ ਰਿਹਾ ਅਤੇ ਨਾ ਹੀ ਅਜਿਹੇ ਮੁਹਾਜ਼ ਨੂੰ ਕੋਈ ਹੋਰ ਆਗੂ ਪ੍ਰਾਪਤ ਹੋ ਸਕਿਆ। ਸਿੱਖ ਲਹਿਰ ਦੇ ਅਸਲੀ ਅਤੇ ਮੁਢਲੇ ਦੌਰ ਦੇ ਸਮਾਜਕ ਆਦਰਸ਼ਾਂ ਨੂੰ ਇਤਿਹਾਸਕ ਵੇਗ ਦੀ ਉਸਾਰੀ ਦੇ ਇਸ ਨਵੇਂ ਅਗਲੇ ਪੜਾ ਅਨੁਕੂਲ ਰੂਪਾਂਤਰਤ ਕਰਨ ਦੀ ਥਾਂ ਇਨ੍ਹਾਂ ਨੂੰ ਬ੍ਰਾਹਮਣਕ ਰਹੁ-ਰੀਤਾਂ ਭਰਪੂਰ ਸੰਸਥਾਗਤ ਰੂਪ ਦਿੱਤਾ ਗਿਆ। ਜਿਹੜਾ ਪਹਿਲੇ ਵਾਂਗ ਸਿੱਖ-ਲਹਿਰ ਦੇ ਅਗੋਂ ਨਿਰੰਤਰ ਗੁਣਾਤਮਕ ਵਿਕਾਸ ਦੀ ਥਾਂ ਨਿਰੰਤਰ ਪਤਨ ਦਾ ਕਾਰਣ ਬਣਿਆ; ਭਾਵੇਂ ਪੂਰੀ ਇੱਕ ਸਦੀ ਦੀ ਨਿਰੰਤਰ ਉਥਲ-ਪੁਥਲ, ਸੰਘਰਸ਼ ਅਤੇ ਤਬਾਹੀ ਤੋਂ ਬਾਅਦ ਰਣਜੀਤ ਸਿੰਘ ਕਾਲ ਸਾਮੰਤਵਾਦੀ ਬਣਤਰ ਅਤੇ ਪਰਉਸਾਰ ਦੀ ਮੁੜ ਸਥਾਪਨਾ ਦੇ ਬਾਵਜੂਦ ਮੁਕਾਬਲਤਨ ਸ਼ਾਂਤੀ, ਖ਼ੁਸ਼ਹਾਲੀ, ਧਾਰਮਿਕ ਸਹਿਣਸ਼ੀਲਤਾ ਅਤੇ ਰਾਹਤ ਦਾ ਸਮਾਂ ਸੀ। ਦੂਸਰੇ, ਕਿਸੇ ਲੋਕ-ਮੁਹਾਜ਼ ਦੀ ਅਣਹੋਂਦ ਨੇ ਪਰਉਸਾਰ ਦੇ ਸਾਰੇ ਵਿਚਾਰਧਾਰਕ ਅਮਲ ਨੂੰ ਲੋਕ-ਹਿਤ ਦੀ ਦਿਸ਼ਾ ਤੋਂ ਮੁੜ ਕੇ ਵਿਰੋਧੀ ਜਮਾਤ ਦੇ ਪੈਂਤੜੇ ਵਿਚ ਬਦਲ ਦਿੱਤਾ।

ਨਤੀਜੇ ਵਜੋਂ, ਇਹ ਪਹਿਲਾ ਦੌਰ ਸੀ ਜਿਸ ਵਿਚ ਲੋਕ-ਹਿਤ ਦੀ ਵਿਚਾਰਧਾਰਾ ਦਾ ਕੋਈ ਵੀ ਵਾਲੀ-ਵਾਰਿਸ ਨਾ ਰਿਹਾ। ਇਸ ਕਰਕੇ ਸਾਹਿਤ ਅਤੇ ਧਰਮ; ਲੋਕ ਜੀਵਨ ਅਤੇ ਜਮਾਤੀ ਸੰਘਰਸ਼ ਦੀ ਲੜਾਈ ਨੂੰ ਪਰਉਸਾਰ ਦੀ ਪੱਧਰ ’ਤੇ ਲੜਨ ਦੇ ਅਮਲ ਤੋਂ ਟੁੱਟ ਜਾਂਦੇ ਹਨ। ਇਹੋ ਕਾਰਣ ਹੈ ਕਿ ਇਸ ਕਾਲ ਵਿਚ ਲੋਕ-ਹਿਤ ਦੇ ਵਿਚਾਰਧਾਰਕ ਪੈਂਤੜੇ ਦੀ ਕੋਈ ਉਚ-ਪੱਧਤੀ ਰਚਨਾ ਪ੍ਰਾਪਤ ਨਹੀਂ ਹੁੰਦੀ। ਕੇਵਲ ਸ਼ਾਹ ਮੁਹੰਮਦ ਹੀ ਅਜਿਹਾ ਇੱਕੋ ਇੱਕ ਕਵੀ ਹੈ ਜਿਹੜਾ ਇਤਿਹਾਸ ਅਤੇ ਲੋਕ-ਹਿਤ ਦੇ ਦ੍ਰਿਸ਼ਟੀਕੋਣ ਤੋਂ ਇਸ ਕਾਲ ਦੇ ਦੁਖਾਂਤ ਨੂੰ ਪੇਸ਼ ਕਰ ਸਕਿਆ ਹੈ।

ਪੰਜਾਬ ਦੇ ਅੰਗ੍ਰੇਜ਼ਾਂ ਅਧੀਨ ਆ ਜਾਣ ਤੋਂ ਬਾਅਦ ਉਪਰੋਕਤ ਸਥਿਤੀ ਆਪਣੇ ਨਵੇਂ ਬਰਜੁਆ ਉਸਾਰ ਰਾਹੀਂ ਕਾਇਮ ਰਹੀ। ਪੰਜਾਬ ਦੀ ਸਾਮੰਤਕ ਸਮਾਜਕ-ਆਰਥਿਕ ਬਣਤਰ ਵਿਕਸਿਤ ਸਾਮਰਾਜ ਦੀ ਮਾਰ ਨਾਲ ਖੇਰੂੰ ਖੇਰੂੰ ਹੋ ਕੇ ਆਪਣੀ ਹੋਂਦ ਨੂੰ ਬਰਕਰਾਰ ਰਖਣ ਲਈ ਆਰਥਿਕ, ਸਿਆਸੀ,

ਵਿਚਾਰਧਾਰਕ ਅਤੇ ਮਾਨਸਕ ਪੱਖੋਂ ਇਸਦੇ ਅਧੀਨ ਹੋ ਕੇ ਵਹਿ ਤੁਰੀ। ਸਥਾਨਕ ਸਾਮੰਤਕ ਬਣਤਰ ਆਪਣੇ ਇਤਿਹਾਸਕ ਵਿਕਾਸ ਦੇ ਸਿੱਟੇ ਵਜੋਂ ਪ੍ਰੌੜ੍ਹ ਹੋ ਕੇ ਅਗਲੇ ਬੁਰਜੁਆ ਪੜਾਅ ਵਿਚ ਦਾਖ਼ਲ ਨਹੀਂ ਹੋਈ। ਸਗੋਂ ਬਰਤਾਨਵੀ ਸਾਮਰਾਜ ਇਸਦੇ ਵਿਗਠਨ ਦਾ ਅਧਾਰ ਬਣਿਆ। ਸਾਮਰਾਜ ਦੇ ਆਪਣੇ ਸੁਭਾ, ਇਤਿਹਾਸਕ ਅਮਲ ਅਤੇ ਲੋੜ ਨੇ ਇੱਕ ਪਾਸੇ ਚਲੀ ਆ ਰਹੀ ਸਥਾਨਕ ਸਾਮੰਤਕ ਬਣਤਰ ਨੂੰ ਵਿਗਠਿਤ ਕੀਤਾ ਅਤੇ ਦੂਸਰੇ ਪਾਸੇ ਸਥਾਨਕ ਬੁਰਜੁਆਜ਼ੀ ਨੂੰ ਵੀ ਉਸਾਰਿਆ। ਬੁਰਜੁਆ ਬਣ ਰਹੀ ਪੰਜਾਬ ਦੀ ਸਾਮੰਤਕ ਜਮਾਤ ਦਾ ਬਰਤਾਨਵੀ ਸਾਮਰਾਜ ਵਿਰੁੱਧ ਕੋਈ ਮੁਹਾਜ਼ ਨਹੀਂ ਸੀ।

ਇਸ ਦੇ ਬਾਵਜੂਦ ਉੱਠ ਰਹੀ ਹਿੰਦੂ ਜਾਂ ਥੋੜ੍ਹੀ ਬਹੁਤ ਮੁਸਲਿਮ ਬੁਰਜੁਆਜ਼ੀ ਵਾਂਗ ਹੀ ਬੁਰਜੁਆ ਬਣ ਰਹੀ ਸਿੱਖ ਸਾਮੰਤਕ/ਵਪਾਰਕ ਜਮਾਤ ਆਪਣੀ ਸੁਤੰਤਰ ਅਤੇ ਵੱਖਰੀ ਹਸਤੀ ਕਾਇਮ ਕਰਨ ਦੇ ਯਤਨ ਵਿਚ ਸੀ। ਬਾਕੀ ਦੀਆਂ ਬੁਰਜੁਆਜ਼ੀਆਂ ਵਾਂਗ ਸਿੱਖ ਬੁਰਜੁਆ ਜਮਾਤ ਵੀ ਧਰਮ ਦੀ ਵਲਗਣ ਅਤੇ ਇਸ ਦੇ ਵਿਚਾਰਧਾਰਕ ਅਧਾਰ ਉੱਤੇ ਆਪਣੀ ਸੁਤੰਤਰ ਹੋਂਦ ਸਥਾਪਤ ਕਰਨ ਲਈ ਯਤਨਸ਼ੀਲ ਹੋਈ। ਵਿਸ਼ੇਸ਼ ਇਤਿਹਾਸਕ, ਸਾਂਸਕ੍ਰਿਤਕ, ਆਰਥਿਕ ਅਤੇ ਸਿਆਸੀ ਸਥਿਤੀ ਕਾਰਣ ਭਾਰਤ ਵਿਚ ਬੁਰਜੁਆਜੀ ਦਾ ਜਨਮ ਅਤੇ ਵਿਕਾਸ ਵੱਖ-ਵੱਖ ਧਾਰਮਿਕ ਧੜਿਆਂ ਦੇ ਰੂਪ ਵਿਚ ਹੀ ਹੋਇਆ। ਇਸ ਵਿਚ ਹਿੰਦੂ ਵਰਗ, ਜਿਹੜਾ ਪਹਿਲਾਂ ਹੀ ਵਪਾਰ ਨਾਲ ਸੰਬੰਧਿਤ ਸੀ, ਆਰਥਕ, ਰਾਜ-ਪ੍ਰਬੰਧਕ, ਵਿਦਿਅਕ ਆਦਿ ਹਰ ਖੇਤਰ ਵਿਚ ਤਾਕਤਵਰ ਬੁਰਜੁਆ ਜਮਾਤ ਵਜੋਂ ਉਭਰਿਆ। ਇਉਂ, ਸਥਾਨਕ ਬੁਰਜੁਆ ਜਮਾਤ ਨੇ ਆਪਣੇ ਜਮਾਤੀ ਹਿਤਾਂ ਅਨੁਸਾਰ ਧਰਮ ਅਧਾਰਤ ਵਲਗਣ ਨੂੰ ਸੁਤੰਤਰ ਹੋਂਦ ਕਾਇਮ ਕਰਨ ਦਾ ਸਾਧਨ ਬਣਾਇਆ। ਮਜ਼ਹਬੀ ਧੜਿਆਂ ਵਜੋਂ ਉੱਸਰੇ ਹਿੰਦੂ ਸਿੱਖ ਬੁਰਜੁਆ ਧੜਿਆਂ ਨੇ ਧਾਰਮਿਕ ਜਜ਼ਬੇ ਨੂੰ ਆਪਣੇ ਵਿਚਾਰਧਾਰਕ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਆਪਣੇ ਜਮਾਤੀ ਹਿਤਾਂ ਅਤੇ ਆਪਣੀ ਸੁਤੰਤਰ ਹੋਂਦ ਦੀ ਉਸਾਰੀ ਲਈ ਧਰਮ ਨੂੰ ਆਪਣੇ ਜਮਾਤੀ ਪੈਂਤੜੇ ਦਾ ਰੂਪ ਦੇਣਾ ਸ਼ੁਰੂ ਕੀਤਾ।

ਇਉਂ, 19ਵੀਂ ਸਦੀ ਦੇ ਅੰਤਲੇ ਦਹਾਕਿਆਂ ਦੀ ਸਾਰੀ ਧਾਰਮਿਕ ਪੁਨਰ ਸੁਰਜੀਤੀ ਧਰਮ ਦੇ ਰੂਪ ਵਿਚ ਉਠਦੀ ਬੁਰਜਆਜ਼ੀ ਦਾ ਬੜਾ ਵੱਡਾ ਕਾਰਗਰ ਵਿਚਾਰਧਾਰਕ ਹਥਿਆਰ ਬਣੀ। ਉੱਭਰ ਰਹੀ ਇਸ ਨਵੀਂ ਜਮਾਤ ਅਤੇ ਉਸ ਅਨੁਕੂਲ ਸਮਾਜਕ ਵੇਗ ਦੀ ਉਸਾਰੀ ਦੇ ਸ਼ੁਰੂ ਹੋਣ ਨਾਲ ਜ਼ਰੂਰੀ ਸੀ ਕਿ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਆਪਣੇ ਜਮਾਤੀ ਪੈਂਤੜੇ ਜਾਂ ਆਪਣੀ ਵਿਚਾਰਧਾਰਾ ਨੂੰ ਸਥਾਪਤ ਕਰਨ ਦੇ ਯਤਨ ਕਰਦੀ। ਇਹੋ ਕਾਰਣ ਸੀ ਕਿ ਬੁਰਜੁਆ ਬਣ ਰਹੀ ਸਿੱਖ ਸਾਮੰਤਕ ਜਮਾਤ ਨੇ ਆਪਣੀ ਇਤਿਹਾਸਕ ਤੌਰ 'ਤੇ ਵਿਗਠਿਤ ਹੋ ਰਹੀ ਫ਼ਿਊਡਲ ਹੋਂਦ ਦੇ ਇਹਸਾਸ ਨੂੰ ਜਿਸ ਵਿਚਾਰਧਾਰਕ ਪੈਂਤੜੇ ਰਾਹੀਂ ਪੇਸ਼ ਕੀਤਾ ਉਹ 'ਸਿੱਖ ਅਤੇ ਸਿੱਖੀ ਖ਼ਤਰੇ ਵਿਚ' ਹੋਣ ਦਾ ਨਾਅਰਾ ਸੀ। ਸਿੱਖ ਅਤੇ ਸਿੱਖੀ ਬਚਾਉਣ ਦੇ ਇਹ ਸਾਰੇ ਹੀਲੇ, ਅਸਲ ਵਿਚ, ਆਪਣੀ ਜਮਾਤੀ ਸਮਾਜਕ ਹੋਂਦ ਨੂੰ ਸੁਰੱਖਿਅਤ ਅਤੇ ਅੱਡਰੀ ਰਖਣ ਦੇ ਯਤਨ ਸਨ ਅਤੇ ਦੂਸਰੇ ਪਾਸੇ, ਧਰਮ ਨੂੰ ਆਪਣੀ ਬਣ ਰਹੀ ਨਵੀਂ ਜਮਾਤੀ ਬਣਤਰ (ਬੁਰਜੁਆ) ਅਨੁਸਾਰ ਢਾਲ ਕੇ ਇਸ ਨੂੰ ਜਮਾਤੀ ਪੈਂਤੜੇ ਅਤੇ ਵਿਚਾਰਧਾਰਾ ਵਜੋਂ ਵਰਤਣ ਦੀ ਕੋਸ਼ਿਸ਼ ਸੀ। ਸਿੰਘ ਸਭਾ ਅਤੇ ਚੀਫ਼ ਖ਼ਾਲਸਾ ਦੀਵਾਨ ਉਠਦੀ ਬੁਰਜੁਆਜੀ ਦੀਆਂ ਵਿਚਾਰਧਾਰਕ ਸੰਸਥਾਵਾਂ ਹੀ ਸਨ ਜਿਨ੍ਹਾਂ ਦੇ ਮਾਧਿਅਮ ਰਾਹੀਂ ਉਹ ਸਮਾਜਕ, ਵਿਦਿਅਕ, ਆਰਥਿਕ, ਧਾਰਮਿਕ, ਰਾਜਨੀਤਕ ਅਤੇ ਸਾਂਸਕ੍ਰਿਤਕ ਖੇਤਰਾਂ ਵਿਚ ਆਪਣੇ ਪੈਰ ਪੱਕੇ ਕਰ ਰਹੀ ਸੀ। ਉਠਦੀ ਬੁਰਜੁਆਜੀ ਨੇ ਸਮਾਜਕ ਵਿਕਾਸ ਦੇ ਅਗਲੇ ਵਿਕਸਿਤ ਪੜਾ ਨਾਲ ਸੰਬੰਧਿਤ ਆਪਣੀ ਨਵੀਂ ਜੀਵਨ-ਵਿਧੀ ਨੂੰ ਸਥਾਪਤ ਕਰਨਾ ਸੀ, ਜਿਸ ਕਰਕੇ ਫ਼ਿਊਡਲ ਕੀਮਤਾਂ ਅਤੇ ਬਣਤਰ ਨਾਲੋਂ ਪਹਿਲੇ ਦੌਰ ਵਿਚ ਇਨ੍ਹਾਂ ਦਾ ਅਧਿਕ ਉੱਨਤ, ਮੋਕਲੇ ਅਤੇ ਪ੍ਰੌੜ੍ਹ ਹੋਣਾ ਸੁਭਾਵਕ ਸੀ।

ਨਤੀਜੇ ਵਜੋਂ, ਉਠਦੀ ਬੁਰਜੁਆਜ਼ੀ ਦਾ ਇਤਿਹਾਸਕ ਪ੍ਰਸੰਗ ਵਿਚ ਇਹ ਰੋਲ ਮੁਢਲੇ ਦੌਰ ਵਿਚ ਉਸਰਿਆ ਹੋਣਾ ਵੀ ਕੁਦਰਤੀ ਸੀ। ਉਸ ਨੇ ਪੰਜਾਬੀ ਜ਼ਬਾਨ, ਜਿਸ ਨੂੰ ਫ਼ਿਊਡਲ ਹੋ ਚੁੱਕੀ ਸਿੱਖੀ ਨੇ

ਤਿਆਗ ਦਿੱਤਾ ਸੀ, ਨੂੰ ਮੁੜ ਅਪਣਾ ਕੇ ਸਿੱਖੀ ਦੀ ਵਿਆਖਿਆ ਆਪਣੇ ਜਮਾਤੀ ਹਿਤਾਂ ਅਨੁਸਰ ਕਰਦਿਆਂ, ਪੰਜਾਬੀ ਸੰਸਕ੍ਰਿਤੀ ਦੀ ਪ੍ਰਫੁੱਲਤਾ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪੰਜਾਬੀ ਸਾਹਿਤ ਦੀ ਸਿਰਜਨਾ ਦਾ ਇੱਕ ਇਤਿਹਾਸਕ ਦੌਰ ਆਰੰਭ ਕੀਤਾ। ਭਾਈ ਵੀਰ ਸਿੰਘ ਇਸ ਉੱਠਦੀ ਬੁਰਜੁਆਜ਼ੀ ਦਾ ਸਭ ਤੋਂ ਵੱਡਾ ਅਤੇ ਸਫ਼ਲ ਵਿਚਾਰਧਾਰਕ ਸੀ। ਪਰੰਪਰਾਗਤ ਮੁੱਲਾਂਕਣ ਭਾਈ ਵੀਰ ਸਿੰਘ ਨੂੰ ਸਿੱਖ ਕਵੀ ਅਤੇ ਸਿੱਖੀ ਦਾ ਇੱਕ ਬਹੁਤ ਵੱਡਾ ਬੁਲਾਰਾ ਮੰਨਦਾ ਹੈ ਜਦੋਂ ਕਿ ਭਾਈ ਵੀਰ ਸਿੰਘ ਦੀ ਸਿੱਖੀ ਅਤੇ ਗੁਰੂਆਂ ਦੁਆਰਾ ਪ੍ਰਚਲਿਤ ਅਤੇ ਪ੍ਰਸਾਰਿਤ ਸਿੱਖੀ ਅਤੇ ਸਮੁੱਚੀ ਮੱਧਕਾਲੀਨ ਸਿੱਖ ਲਹਿਰ ਵਿਚ ਬੜਾ ਗੰਭੀਰ ਵਿਚਾਰਧਾਰਕ ਅੰਤਰ ਹੈ। ਗੁਰੂਆਂ ਦਾ ਸਿੱਖ-ਸਿਧਾਂਤ ਅਤੇ ਸਿੱਖ-ਲਹਿਰ ਚੇਤਨਾ ਦੇ ਧਾਰਮਿਕ ਮੁਹਾਵਰੇ ਅਤੇ ਹੋਰ ਇਤਿਹਾਸਕ ਸੀਮਾਵਾਂ ਦੇ ਬਾਵਜੂਦ ਵਿਚਾਰਧਾਰਾ ਅਤੇ ਅਮਲ ਦੇ ਪੱਖ ਤੋਂ ਅਜਿਹੀਆਂ ਸਮਾਜਕ ਮਨੁੱਖੀ ਕੀਮਤਾਂ ਅਤੇ ਕਦਰਾਂ ਦੀ ਸਥਾਪਨਾ ਲਈ ਸੰਘਰਸ਼ਸ਼ੀਲ ਰਹੇ ਜਿਹੜੀਆਂ ਸਮਾਜਕ-ਇਤਿਹਾਸਕ ਤੌਰ ਦੇ ਅਨੁਕੂਲ ਲੋਕ-ਹਿਤੀ ਪੈਂਤੜੇ ਦੁਆਰਾ ਸਦੀਵੀਂ ਸੁਭਾਅ ਦੀਆਂ ਧਾਰਣੀ ਹਨ। ਇਸ ਦੇ ਉਲਟ, ਬੁਰਜੁਆ ਹੋ ਰਹੀ ਫ਼ਿਊਡਲ ਸਿੱਖੀ ਦੇ ਬੁਲਾਰਿਆਂ ਅਤੇ ਸਿੰਘ ਸਭਾ, ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਰਾਹੀਂ ਪ੍ਰਚਾਰੀ ਅਤੇ ਸਥਾਪਤ ਕੀਤੀ ਜਾਣ ਵਾਲੀ ਸਿੱਖੀ ਇਨ੍ਹਾਂ ਦੇ ਜਮਾਤੀ ਹਿਤਾਂ ਅਨੁਕੂਲ, ਗੁਰਬਾਣੀ ਦੇ ਵਿਚਾਰਧਾਰਕ ਅਸਲੇ ਦੀ ਥਾਂ ਉਸ ਦੇ ਸਰਲ ਅਰਥਾਂ ਅਤੇ ਇਨਕਲਾਬੀ ਅਮਲ ਦੀ ਥਾਂ ਕੇਵਲ ਸੰਸਥਾਗਤ ਰਹੁ-ਰੀਤਾਂ ਤਕ ਹੀ ਸੀਮਤ ਸੀ।

ਇਸੇ ਕਾਰਣ ਇਹ ਸਿੱਖੀ ਮੱਧਕਾਲੀਨ ਇਤਿਹਾਸਕ ਪ੍ਰਸੰਗ ਵਿਚ ਗੁਰੂਆਂ ਦੀ ਸਿੱਖੀ ਦੇ ਇਨਕਲਾਬੀ ਸੁਭਾਅ ਵਾਲੀ ਵਿਚਾਰਧਾਰਾ ਅਤੇ ਅਮਲ ਤੋਂ ਵਾਂਝੀ ਹੈ। ਸਿੱਖ ਮਤ ਅਤੇ ਸਿੱਖ ਲਹਿਰ ਦੇ ਸਾਮੰਤੀਕਰਣ (feudalisation) ਦਾ ਜਿਹੜਾ ਅਮਲ ਰਣਜੀਤ ਸਿੰਘ ਦੇ ਰਾਜ ਸਮੇਂ ਸ਼ੁਰੂ ਹੋਇਆ, ਇਸ ਦੌਰ ਵਿਚ ਇੰਨੀ ਸਫਲਤਾ, ਵਿਸ਼ਾਲਤਾ ਅਤੇ ਗੰਭੀਰ ਰੂਪ ਵਿਚ ਪੰਜਾਬੀ ਜਨ-ਜੀਵਨ, ਸਿੱਖ ਮਤ ਅਤੇ ਉਸ ਨਾਲ ਸੰਬੰਧਿਤ ਸੰਸਥਾਵਾਂ ਦੇ ਹਰ ਅੰਗ ਉਤੇ ਭਾਰੂ ਹੋਇਆ ਕਿ ਆਉਣ ਵਾਲੇ ਸਮੇਂ ਵਿਚ ਹਮੇਸ਼ਾਂ ਲਈ ਸਿੱਖ ਮਤ, ਸਿੱਖ ਰਵਾਇਤਾਂ, ਸਿੱਖ ਇਤਿਹਾਸ ਅਤੇ ਸਿੱਖ ਲਹਿਰ ਫ਼ਿਊਡਲ ਅਤੇ ਬੁਰਜ਼ੁਆ ਜਮਾਤ ਦੇ ਬੁਲਾਰੇ ਵਜੋਂ ਸਥਾਪਿਤ ਹੋ ਗਏ ਅਤੇ ਇਸ ਨੂੰ ਇਨ੍ਹਾਂ ਜਮਾਤਾਂ ਦੀ ਦ੍ਰਿਸ਼ਟੀ ਤੋਂ ਵਿਆਖਿਆਉਣ, ਗ੍ਰਹਿਣ ਕਰਨ ਅਤੇ ਪ੍ਰਚਾਰਨ ਦੀ ਪਰੰਪਰਾ ਇੱਕੋ ਇੱਕ ਪਰੰਪਰਾ ਬਣ ਕੇ ਰਹਿ ਗਈ ਜਿਹੜੀ ਅੱਜ ਤਕ, ਜਦੋਂ ਕਿ ਹੁਣ ਇਸ ਦਾ ਸੁਭਾਅ ਸ਼ਹਿਰੀ ਅਤੇ ਪੇਂਡੂ ਬੁਰਜੁਆਜ਼ੀ ਦੇ ਜਮਾਤੀ ਹਿਤਾਂ ਦਾ ਰੂਪ ਧਾਰਣ ਕਰ ਗਿਆ ਹੈ, ਵੀ ਉਵੇਂ ਦੀ ਉਵੇਂ ਭਾਰੂ ਹੈ। ਭਾਵੇਂ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਨੇ ਇਸ ਦੌਰ ਵਿਚ ਪੰਜਾਬੀ ਸੰਸਕ੍ਰਿਤੀ, ਸਾਹਿਤ ਅਤੇ ਭਾਸ਼ਾ ਦੇ ਆਧੁਨਿਕ ਵਿਕਾਸ ਵਿਚ ਮਹੱਤਵਪੂਰਣ ਇਤਿਹਾਸਕ ਭੂਮਿਕਾ ਨਿਭਾਈ ਹੈ। ਇਸ ਪੱਖ ਤੋਂ ਇਨ੍ਹਾਂ ਦੇ ਯੋਗਦਾਨ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਪਰ ਇਹ ਸਾਰਾ ਯੋਗਦਾਨ ਬੁਰਜੁਆ ਹੋ ਰਹੀ ਫ਼ਿਊਡਲ ਸਿੱਖੀ ਦੇ ਜਮਾਤੀ ਪੈਂਤੜੇ ਦੇ ਸੁਭਾਅ ਦਾ ਧਾਰਣੀ ਹੈ ਅਤੇ ਸਾਡੇ ਹਥਲੇ ਪ੍ਰਸੰਗ ਵਿਚ ਇਹੋ ਨੁਕਤਾ ਬੁਨਿਆਦੀ ਅਤੇ ਫ਼ੈਸਲਾਕੁਲ ਹੈ।

ਇਉਂ, ਸਮੁੱਚੇ ਤੌਰ 'ਤੇ ਇਸ ਦੌਰ ਵਿਚ ਉਠਦੀ ਬੁਰਜੁਆਜ਼ੀ ਦੀ ਵਿਚਾਰਧਾਰਾ ਹੀ ਭਾਰੂ ਰਹੀ। ਕਿਉਂਕਿ ਨਾ ਤਾ ਇਸ ਜਮਾਤ ਦਾ ਸਾਮਰਾਜ ਵਿਰੁੱਧ ਕੋਈ ਮੁਹਾਜ਼ ਸੀ ਅਤੇ ਨਾ ਹੀ ਦਬੇ-ਪਿਸੇ ਅਤੇ ਲੁੱਟੇ ਜਾ ਰਿਹੇ ਕਿਸਾਨ-ਕਾਮਿਆਂ ਦੀ ਲਹਿਰ ਦੀ ਹੋਂਦ ਸੀ ਜਿਹੜੀ ਉਠਦੀ ਬੁਰਜੁਆਜ਼ੀ ਜਾਂ ਬਰਤਾਨਵੀ ਸਾਮਰਾਜ ਵਿਰੁੱਧ ਕੋਈ ਮੁਹਾਜ਼ ਬਣਾਉਂਦੀ। ਸਿੱਖ ਫ਼ਿਊਡਲ ਜਮਾਤ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਵਿਦੇਸ਼ੀ ਰਾਜ-ਸੱਤਾ ਦੇ ਪੱਖ-ਪੂਰਕ ਅਤੇ ਸਹਾਇਕ ਵਜੋਂ ਉਸ ਦੇ ਰੁਖ ਵਗਣ ਲਗ ਪਈ ਸੀ। ਇਹੋ ਕਾਰਣ ਹੈ ਕਿ ਇਸ ਦੌਰ ਵਿਚ ਸਾਹਿਤ ਅਤੇ ਧਰਮ ਇੱਕੋ ਜਮਾਤ ਦੀ ਵਿਚਾਰਧਾਰਾ ਨੂੰ ਪ੍ਰਗਟ ਕਰਨ ਦੇ ਸਾਧਨ ਬਣੇ। ਲੋਕ-ਹਿਤ ਦੇ ਵਿਚਾਰਧਾਰਕ ਪੈਂਤੜੇ ਦੀ ਅਣਹੋਂਦ ਹੋਣ ਕਾਰਣ ਇਸ ਕਾਲ ਦੀ ਵਿਚਾਰਧਾਰਕ ਪ੍ਰਭੁਤਾ ਹੀ ਕਾਇਮ ਰਹੀ।

ਵਿਚਾਰਧਾਰਕ ਪਰਉਸਾਰ ਦੀ ਇਹ ਇਕ-ਪਾਸੜ ਸਥਿਤੀ ਆਪਣਾ ਨਵਾਂ ਅਤੇ ਗੁੰਝਲਦਾਰ ਰੂਪ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਇਖ਼ਤਿਆਰ ਕਰਨਾ ਆਰੰਭ ਕਰਦੀ ਹੈ। ਸਾਮਰਾਜ ਦੀ ਅੰਨ੍ਹੀ ਲੁੱਟ-ਖਸੁੱਟ ਨੇ ਇਸ ਵੇਲੇ ਤਕ ਕਿਸਾਨ-ਕਿਰਤੀਆਂ ਦੀ ਹਾਲਤ ਬਿਲਕੁਲ ਨਿਘਾਰ ਦਿੱਤੀ ਸੀ ਅਤੇ ਦੂਜੇ ਪਾਸੇ ਕੌਮੀ ਆਜ਼ਾਦੀ ਦੀ ਲਹਿਰ ਦੇ ਰੂਪ ਵਿਚ ਭਾਰਤੀ ਬੁਰਜੁਆਜ਼ੀ ਨੇ ਬਰਤਾਨਵੀ ਸਾਮਰਾਜ ਵਿਰੁੱਧ ਆਪਣਾ ਮੁਹਾਜ਼ ਬਣਾ ਲਿਆ ਸੀ। ਇਹ ਸਮਾਂ ਸੀ ਜਦੋਂ ਲੋਕ-ਹਿਤ ਦੀ ਵਿਚਾਰਧਾਰਾ, ਇੱਕ ਖ਼ਾਸ ਰੂਪ ਵਿਚ ਆਜ਼ਾਦੀ ਦੀ ਲੜਾਈ ਦਾ ਹਿੱਸਾ ਬਣ ਕੇ ਉਭਰਨੀ ਸ਼ੁਰੂ ਹੋਈ। ਆਜ਼ਾਦੀ ਦੀ ਸਾਰੀ ਲੜਾਈ ਦੌਰਾਨ ਸਾਮਰਾਜ ਦੇ ਵਿਰੁੱਧ ਅਨੇਕਾਂ ਲਹਿਰਾਂ ਲੋਕ-ਮੁਹਾਜ਼ ਦੇ ਰੂਪ ਵਿਚ ਪੈਦਾ ਹੋਈਆਂ ਜਿਨ੍ਹਾਂ ਦਾ ਸਰਵੇਖਣ ਇਥੇ ਬੇਲੋੜਾ ਹੋਵੇਗਾ। ਪਰੰਤੂ ਸਾਂਸਕ੍ਰਿਤਕ ਅਤੇ ਵਿਚਾਰਧਾਰਕ ਖੇਤਰ ਉਤੇ ਸਮੁੱਚੇ ਤੌਰ ’ਤੇ ਆਜ਼ਾਦੀ ਦੀ ਇਸ ਲੜਾਈ ਦੇ ਪਏ ਪ੍ਰਭਾਵ ਨੂੰ ਸਮਝਣ ਲਈ ਇਸ ਦੇ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ।

ਆਪਣੀ ਦਿੱਖ ਦੀ ਪੱਧਰ ’ਤੇ ਆਜ਼ਾਦੀ ਦੀ ਇਹ ਲੜਾਈ ਵਿਸ਼ਾਲ ਜਨਤਕ ਉਭਾਰ ਅਤੇ ਹਰ ਵਰਗ ਦੇ ਜਨ ਸਾਧਾਰਣ ਦੀ ਭਰਪੂਰ ਜਜ਼ਬਾਤੀ ਸ਼ਮੂਲੀਅਤ ਦੇ ਪੱਖ ਤੋਂ ਲੋਕਾਂ ਦੀ ਸਹੀ ਆਜ਼ਾਦੀ ਦੀ ਲੜਾਈ ਦੇ ਮੁਹਾਵਰੇ ਦਾ ਰੂਪ ਧਾਰਣ ਕਰਦੀ ਹੈ। ਲੜਾਈ ਦੇ ਇਸ ਪੱਖ ਵਿਚ ਸਾਮਰਾਜ ਵਿਰੁੱਧ ਜਨਤਕ ਮੁਹਾਜ਼ ਪੈਦਾ ਹੋਣ ਦੇ ਅਮਲ ਵਿਚ ਹੀ ਮਾਰਕਸਵਾਦੀ/ਸਮਾਜਵਾਦੀ/ਪ੍ਰਗਤੀਵਾਦੀ ਅਤੇ ਜਮਹੂਰੀ ਕਦਰਾਂ-ਕੀਮਤਾਂ ਦੇ ਨਾਲ ਮਜ਼ਦੂਰ-ਕਿਸਾਨਾਂ ਦੀ ਲਾਮਬੰਦ ਜਮਾਤ, ਇਨਕਲਾਬੀ ਵਿਚਾਰਧਾਰਾ, ਰਾਜਨੀਤੀ ਅਤੇ ਜੀਵਨ-ਕੀਮਤਾਂ ਦੀ ਇੱਕ ਨਵੀਂ ਇਤਿਹਾਸਕ ਜਮਾਤੀ ਧਿਰ ਹੋਂਦ ਵਿਚ ਆ ਸਕੀ। ਇਸ ਨੇ ਭਾਰਤ ਦੇ ਆਰਥਿਕ, ਰਾਜਨੀਤਕ, ਸਾਂਸਕ੍ਰਿਤਕ ਅਤੇ ਵਿਚਾਰਧਾਰਕ ਖੇਤਰਾਂ ਵਿਚ ਗੁਣਾਤਮਕ ਪਰਿਵਰਤਨਾਂ ਦੇ ਵਿਸ਼ਾਲ ਰਾਹ ਖੋਲ੍ਹੇ। ਨਿਰਸੰਦੇਹ, ਸਾਮਰਾਜ ਤੋਂ ਮੁਕਤੀ ਪ੍ਰਾਪਤ ਕਰਨ ਤੋਂ ਛੁੱਟ, ਤਤ-ਕਾਲੀਨ ਪਰਿਸਥਿਤੀਆਂ ਦੇ ਨਾਲ ਨਾਲ ਸਾਡੇ ਸਮਾਜਕ ਸਾਂਸਕ੍ਰਿਤਕ ਜੀਵਨ ਦੇ ਭਵਿੱਖ ਲਈ ਆਜ਼ਾਦੀ ਦੀ ਇਸ ਲੜਾਈ ਦੀ ਦੇਣ ਇਤਿਹਾਸਕ ਅਤੇ ਫ਼ੈਸਲਾਕੁਨ ਰਹੀ। ਪਰ ਦੂਸਰੇ ਪਾਸੇ, ਇਸ ਵਿਸ਼ਾਲ ਜਨਤਕ ਉਭਾਰ ਦੀ ਅਗਵਾਈ ਕੌਮੀ ਬੁਰਜਆਜ਼ੀ ਦੇ ਹੱਥਾਂ ਵਿਚ ਰਹੀ ਜਿਸ ਨੇ ਇਸ ਸਮੁੱਚੇ ਉਭਾਰ ਦੀ ਦਿਸ਼ਾ ਨੂੰ ਕੇਵਲ ਸਾਮਰਾਜ ਵਿਰੋਧੀ ਰਖਦਿਆਂ ਆਖ਼ਿਰ ਵਿਚ ਆਪਣੀ ਹੀ ਜਮਾਤੀ ਰਾਜ-ਸੱਤਾ ਨੂੰ ਸਥਾਪਿਤ ਕੀਤਾ। ਖੱਬੇ ਪੱਖੀ ਲਹਿਰ, ਵਿਚਾਰਧਾਰਾ, ਇਸ ਨਾਲ ਸੰਬੰਧਿਤ ਜਮਾਤ ਅਤੇ ਇਸ ਦੀ ਸਹੀ ਅਗਵਾਈ ਦੀਆਂ ਅਨੇਕਾਂ ਸੀਮਾਵਾਂ ਅਤੇ ਹੋਰ ਬਹੁਤ ਸਾਰੇ ਇਤਿਹਾਸਕ ਕਾਰਣਾਂ ਕਰਕੇ ਸਾਮਰਾਜ ਵਿਰੋਧੀ ਇਸ ਜੰਗ ਨੂੰ ਨਾਲੋਂ ਨਾਲ ਜਮਾਤੀ ਜੰਗ ਦਾ ਇਨਕਲਾਬੀ ਰੂਪ ਨਹੀਂ ਦਿੱਤਾ ਜਾ ਸਕਿਆ। ਨਤੀਜੇ ਵਜੋਂ, ਆਜ਼ਾਦੀ ਦੀ ਇਸ ਲੜਾਈ ਨੇ ਇਨਕਲਾਬੀ ਭੂਮਿਕਾ ਨਿਭਾਈ ਪ੍ਰੰਤੂ ਉਪਰੋਕਤ ਅਤੇ ਹੋਰ ਬਹੁਤ ਸਾਰੇ ਕਾਰਣਾਂ ਕਰਕੇ ਆਪਣੇ ਅਸਲੇ ਵਿਚ ਇਹ ਲੜਾਈ ਜਮਾਤੀ ਆਜ਼ਾਦੀ ਦੀ ਇਨਕਲਾਬੀ ਲੜਾਈ ਨਹੀਂ ਬਣ ਸਕੀ।

ਜਿਹਾ ਕਿ ਉੱਪਰ ਸੰਕੇਤ ਕੀਤਾ ਜਾ ਚੁੱਕਾ ਹੈ, ਭਾਰਤੀ ਸਮਾਜ ਦੇ ਹਰ ਖੇਤਰ ਵਿਚ ਕੌਮੀ ਆਜ਼ਾਦੀ ਦੀ ਇਸ ਲਹਿਰ ਦਾ ਬੜਾ ਡੂੰਘਾ ਗੁਣਾਤਮਕ ਪਰਿਵਰਤਨ ਲਿਆਉਣ ਵਾਲਾ ਪ੍ਰਭਾਵ ਪਿਆ। ਪਰ ਇਸ ਜੰਗ ਦੀ ਦਿੱਖ ਜਾ ਮੁਹਾਵਰੇ ਅਤੇ ਇਸ ਦੇ ਅਸਲੇ ਵਿਚਲੇ ਉਪਰੋਕਤ ਅੰਤਰ ਨੇ ਸਾਂਸਕ੍ਰਿਤ ਅਤੇ ਵਿਚਾਰਧਾਰਕ ਖੇਤਰ ਦੇ ਹਰ ਅੰਗ ਵਿਚ ਵੀ ਅਜਿਹਾ ਹੀ ਪਾੜਾ ਬਣਾਈ ਰਖਿਆ। ਜਿਵੇਂ ਕਿ ਇਸ ਦੇ ਪ੍ਰਭਾਵ ਅਧੀਨ ਪ੍ਰਗਤੀਵਾਦੀ, ਸਮਾਜਵਾਦੀ, ਜਮਹੂਰੀ ਵਿਚਾਰਧਾਰਾ, ਕਦਰਾਂ-ਕੀਮਤਾਂ ਅਤੇ ਲਹਿਰਾਂ ਦੀ ਬਾਹਰਲੀ ਦਿੱਖ, ਮੁਹਾਵਰਾ ਜਾਂ ਸ਼ਬਦਾਵਲੀ ਹੀ ਪ੍ਰਗਤੀਵਾਦੀ ਜਾਂ ਜਮਹੂਰੀ ਹੈ; ਆਪਣੇ ਅਸਲੇ ਵਿਚ ਇਹ ਫ਼ਿਊਡਲ ਅਤੇ ਬੁਰਜੁਆ ਦ੍ਰਿਸ਼ਟੀਕੋਣਾਂ ਦੇ ਪ੍ਰਭਾਵ ਤੋਂ ਪੂਰੀ ਮੁਕਤ ਨਹੀਂ ਭਾਵੇਂ ਉਸ ਵੇਲੇ ਦੀਆਂ ਪਰਿਸਥਿਤੀਆਂ ਅਨੁਕੂਲ ਇਨ੍ਹਾਂ ਦੀ ਭੂਮਿਕਾ ਉਸਾਰੂ ਵੀ ਸੀ। ਪਰ ਫਿਰ ਵੀ ਇਸ ਮੁਹਾਜ਼ ਨੇ ਲੋਕ-ਹਿਤ ਦੀ ਵਿਚਾਰਧਾਰਾ ਲਈ ਵਿਸ਼ਾਲ ਰਾਹ ਖੋਲ੍ਹਿਆ ਅਤੇ ਕਿਸਾਨ-ਮਜ਼ਦੂਰ ਸ੍ਰੇਣੀਆਂ ਨੂੰ ਲਾਮਬੰਦ ਕਰਨ ਦੇ ਨਾਲ-ਨਾਲ ਜਮਾਤੀ ਚੇਤਨਤਾ ਅਤੇ ਸਮਾਜਵਾਦੀ ਸੂਝ ਦੀ

ਚਿੰਗਾਰੀ ਨੂੰ ਵੀ ਭੜਕਾਇਆ। ਮਾਰਕਸਵਾਦ ਇਨ੍ਹਾਂ ਜਮਾਤਾਂ ਦੀ ਵਿਚਾਰਧਾਰਕ ਨੀਂਹ ਦੇ ਨਾਲ-ਨਾਲ ਇੱਕ ਵਿਗਿਆਨਕ ਜੀਵਨ-ਦ੍ਰਿਸ਼ਟੀਕੋਣ ਵਜੋਂ ਉਭਰਿਆ।

ਇਸ ਪਿਛੋਕੜ ਵਿਚ ਰਚੇ ਗਏ ਪੰਜਾਬੀ ਸਾਹਿਤ ਦੇ ਵਿਚਾਰਧਾਰਕ ਸੁਭਾਅ ਦੀਆਂ ਵੀ ਇਸੇ ਕਰਕੇ ਪ੍ਰਮੁੱਖ ਪਰਤਾਂ ਹਨ। ਇੱਕ ਤਾਂ ਇਹ ਕਿ ਆਜ਼ਾਦੀ ਦੀ ਤਹਰੀਕ ਨਾਲ ਉਭਰੇ ਲੋਕ-ਮੁਹਾਜ਼ ਦੇ ਭਾਰੂ ਹੋਣ ਕਾਰਨ ਇਨ੍ਹਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਮੁਹਾਵਰਾ ਜਾਂ ਸ਼ਬਦਾਵਲੀ ਲੋਕ-ਹਿਤ-ਮੁਖੀ, ਮਨੁੱਖਵਾਦੀ, ਉਸਾਰੂ ਅਤੇ ਧਰਮ-ਨਿਰਪੇਖ (ਸੈਕੂਲਰ) ਹੈ ਪਰ ਦੂਜੇ ਪਾਸੇ, ਇਨ੍ਹਾਂ ਦੀ ਵਸਤੂ ਅਸਲੋਂ ਹੀ ਫ਼ਿਊਡਲ ਜਾਂ ਪੈਟੀ-ਬੁਰਜੁਆ ਅਤੇ ਆਪਣੇ ਅੰਤਿਮ ਰੂਪ ਵਿਚ ਪ੍ਰਤਿਗਾਮੀ ਹੈ। ਨਾਨਕ ਸਿੰਘ ਦੇ ਆਦਰਸ਼-ਵਾਦੀ, ਰੋਮਾਂਚਿਕ, ਮਨੁੱਖਵਾਦੀ, ਸੁਧਾਰਵਾਦੀ ਮੁਹਾਵਰੇ ਦੀ ਵਸਤੂ ਪੈਟੀ-ਬੁਰਜੁਆ ਦੀ ਇਤਿਹਾਸਕ ਸੀਮਾ ਨੂੰ ਪਾਰ ਨਹੀਂ ਕਰ ਸਕੀ। ਗੁਰਬਖ਼ਸ਼ ਸਿੰਘ ਦੀ ਸਮਾਜਵਾਦੀ-ਪ੍ਰਗਤੀਵਾਦੀ ਸ਼ਬਦਾਵਲੀ ਦੀ ਵਸਤੂ ਆਪਣੇ ਅੰਤਿਮ ਰੂਪ ਵਿਚ ਪੈਟੀ ਬੁਰਜੁਆ ਪੈਂਤੜੇ ਦੇ ਨਾਲ ਨਾਲ ਫ਼ਿਊਡਲ ਪਲੈਟੋਨਿਕ ਖ਼ਾਸੇ ਤੋਂ ਅੱਗੇ ਨਹੀਂ ਵਧ ਸਕੀ। ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਕਾਵਿ-ਧਾਰਾ ਦੇ ਇਸ਼ਕ ਦਾ ਸੰਕਲਪ ਜਾਂ ਅਖੌਤੀ ਪ੍ਰਗਤੀਵਾਦ ਫ਼ਿਊਡਲ ਅਤੇ ਪੈਟੀ ਬੁਰਜੁਆ ਕੀਮਤਾਂ ਅਤੇ ਵਿਸ਼ਵਾਸ਼ਾਂ ਤੋਂ ਅੱਗੇ ਵਿਕਸਿਤ ਨਹੀਂ ਹੋ ਸਕਿਆ। ਲੋਕ-ਹਿਤ, ਸਮਾਜਵਾਦ, ਪ੍ਰਗਤੀਵਾਦ ਨੂੰ ਇਨ੍ਹਾਂ ਲੇਖਕਾਂ ਦੀ ਦੇਣ ਬਾਰੇ ਹੁਣ ਤਕ, ਮੁੱਖ ਰੂਪ ਵਿਚ, ਕੇਵਲ ਇਨ੍ਹਾਂ ਦੀਆਂ ਰਚਨਾਵਾਂ ਦੀ ਅਜਿਹੀ ਸ਼ਬਦਾਵਲੀ ਜਾਂ ਮੁਹਾਵਰੇ ਨੂੰ ਹੀ ਮੁੱਲਾਂਕਣ ਦਾ ਆਧਾਰ ਬਣਾਇਆ ਗਿਆ ਹੈ। ਭਾਵੇਂ ਇਸ ਮੁਹਾਵਰੇ/ਸ਼ਬਦਾਵਲੀ ਦਾ ਤਤਕਾਲੀਨ ਪ੍ਰਸੰਗ ਵਿਚ ਮੁਢਲਾ ਇਤਿਹਾਸਕ ਉਸਾਰੂ ਰੋਲ ਵੀ ਸੀ। ਪਰ ਇਨ੍ਹਾਂ ਵਿਚਲੀ ਵਸਤੂ ਦੇ ਸੁਭਾਅ ਦੀ ਅਸਲੀਅਤ ਨੂੰ ਨਾਂ ਮਾਤਰ ਹੀ ਘੋਖਿਆ ਪੜਤਾਲਿਆ ਗਿਆ ਹੈ। ਸਮੁੱਚੇ ਤੌਰ ’ਤੇ ਆਜ਼ਾਦੀ ਪ੍ਰਾਪਤ ਕਰਨ ਤਕ ਪ੍ਰਗਤੀਵਾਦੀ ਲਹਿਰ, ਮਾਰਕਸਵਾਦੀ ਵਿਚਾਰਧਾਰਾ, ਲੋਕ-ਲਹਿਰਾਂ ਅਤੇ ਆਮ ਜਨਤਕ ਉਭਾਰ ਦੇ ਬਾਵਜੂਦ ਵਿਚਾਰਧਾਰਕ ਪਰਉਸਾਰ ਵਿਚ ਲੋਕ-ਹਿਤ ਦਾ ਇਨਕਲਾਬੀ ਵਿਚਾਰਧਾਰਕ ਪੈਂਤੜਾ ਨਾ ਤਾਂ ਠੋਸ ਸਿੱਧਾਂਤਕ ਅਧਾਰ ’ਤੇ ਖੜ੍ਹਾ ਹੋ ਸਕਿਆ ਅਤੇ ਨਾ ਹੀ ਆਜ਼ਾਦੀ ਦੀ ਲਹਿਰ ਤੋਂ ਉਤਪੰਨ ਹੋਏ ਲੋਕ-ਹਿਤੀ ਮੁਹਾਵਰੇ ਨੂੰ ਇਨਕਲਾਬੀ ਵਸਤੂ ਦੇ ਸਕਿਆ। ਵਿਚਾਰਧਾਰਕ ਸੰਘਰਸ਼ ਦੀ ਅਗਵਾਈ ਮੁੱਖ ਤੌਰ ’ਤੇ ਪੈਟੀ ਬੁਰਜੁਆ ਦੇ ਹੱਥਾਂ ਵਿਚ ਹੋਣ ਕਰਕੇ ਇਸ ਦੀ ਵਸਤੂ ਇਸ ਜਮਾਤ ਦੀਆਂ ਇਤਿਹਾਸਕ ਸੀਮਾਵਾਂ ਤੋਂ ਅੱਗੇ ਨਹੀਂ ਵਧ ਸਕੀ। ਨਾ ਹੀ ਇਹ ਸਾਹਿਤਕਾਰ ਜਾਂ ਸਿੱਧਾਂਤਕਾਰ ਆਪਣੇ ਆਪ ਨੂੰ ਸ਼੍ਰੇਣੀ-ਮੁਕਤ ਕਰ ਸਕੇ। ਇਨਕਲਾਬ ਦੇ ਰੁਖ ਹੋਏ ਸਮਾਜਕ ਸਾਰ ਅਨੁਕੂਲ ਇਨਕਲਾਬੀ ਵਿਚਾਰਧਾਰਕ ਪਰਉਸਾਰ ਦੀ ਸਿਰਜਨਾ ਵਿਚ ਉਨ੍ਹਾਂ ਦੀ ਕੋਈ ਫ਼ੈਸਲਾਕੁਨ ਬੁਨਿਆਦੀ ਦੇਣ ਨਹੀਂ ਹੈ। ਲਗਭਗ 1800 ਈਸਵੀਂ ਤੋਂ ਬਾਅਦ ਇਹ ਪਹਿਲਾ ਦੌਰ ਸੀ ਜਿਸ ਵਿਚ ਲੋਕ-ਹਿਤ ਦੇ ਪੈਂਤੜੇ ਦੀ ਵਿਚਾਰਧਾਰਾ ਦਾ ਮੁਹਾਵਰਾ ਭਾਰੂ ਧਿਰ ਵਜੋਂ ਬੱਝਾ ਭਾਵੇਂ ਇਸ ਪਾਸ ਕੇਵਲ ਅਜਿਹਾ ਮੁਹਾਵਰਾ ਜਾਂ ਸ਼ਬਦਾਵਲੀ ਮਾਤਰ ਹੀ ਸੀ। ਇਸ ਦੀ ਵਸਤੂ ਲੋਕ-ਹਿਤ ਦੇ ਇਨਕਲਾਬੀ ਪੈਂਤੜੇ ਵਾਲੀ ਨਹੀਂ ਸੀ।

ਇਹ ਜ਼ਿੰਮੇਵਾਰੀ ਮਾਰਕਸਵਾਦੀ ਚਿੰਤਕਾਂ ਉਤੇ ਸੀ ਕਿ ਉਹ ਵਿਚਾਰਧਾਰਕ ਪਰਉਸਾਰ ਵਿਚ ਇਸ ਸ਼ਬਦਾਵਲੀ ਨੂੰ ਠੋਸ ਇਨਕਲਾਬੀ ਵਸਤੂ ਦੇਂਦੇ। ਪਰੰਤੂ ਇਤਿਹਾਸਕ ਸਥਿਤੀ ਦੇ ਅਨੇਕਾਂ ਕਾਰਣਾਂ ਕਰਕੇ ਪੰਜਾਬ ਵਿਚ ਅਜਿਹਾ ਕੇਵਲ ਸਾਹਿਤ ਦੇ ਖੇਤਰ ਵਿਚ ਕੁਝ ਇੱਕ ਲੇਖਕ ਜਾਂ ਕੇਵਲ ਕੁਝ ਇੱਕ ਲਿਖਤਾਂ ਵਿਚ ਹੀ ਸੰਭਵ ਹੋ ਸਕਿਆ। ਸਾਹਿਤ ਤੋਂ ਬਾਹਰ ਗਿਆਨ ਦੇ ਕਿਸੇ ਹੋਰ ਖੇਤਰ ਇਤਿਹਾਸ, ਸਮਾਜ-ਸ਼ਾਸਤਰ, ਅਰਥ-ਸ਼ਾਸਤਰ ਵਿਚ ਮਾਰਕਸਵਾਦੀ ਵਿਗਿਆਨ ’ਤੇ ਅਧਾਰਤ ਲੋਕ-ਹਿਤੀ ਇਨਕਲਾਬੀ ਪੈਂਤੜੇ ਤੋਂ ਉੱਕਾ ਹੀ ਕੋਈ ਕੰਮ ਨਹੀਂ ਹੋ ਸਕਿਆ। ਬਰਤਾਨਵੀ ਸਾਮਰਾਜ ਰਾਹੀਂ ਵਿਕਸਿਤ ਕੀਤੀ ਗਈ ਵਿੱਦਿਆ-ਪ੍ਰਣਾਲੀ, ਪੈਟੀ ਬੁਰਜੁਆ ਜਮਾਤੀ ਚੇਤਨਾ ਅਤੇ ਬੁਰਜੁਆ ਜੀਵਨ-ਕੀਮਤਾਂ ਦੇ ਤਿੱਖੇ ਹਮਲੇ ਕਾਰਣ ਇਨ੍ਹਾਂ ਖੇਤਰਾਂ ਦੇ ਬੁੱਧੀ-ਜੀਵੀ ਬੁਰਜੁਆ ਸੋਚ-ਚੌਖਟੇ ਵਿਚੋਂ

ਨਿਕਲ ਹੀ ਨਹੀਂ ਸਕੇ। ਨਤੀਜੇ ਵਜੋਂ, ਆਜ਼ਾਦੀ ਮਿਲਣ ਤਕ ਲੋਕ-ਹਿਤ ਦੇ ਵਿਚਾਰਧਾਰਕ ਮੁਹਾਵਰੇ ਦੇ ਭਾਰੂ ਰਹਿਣ ਦੇ ਬਾਵਜੂਦ ਇਨ੍ਹਾਂ ਦੀ ਵਸਤੂ ਇਨਕਲਾਬੀ ਪੈਂਤੜੇ ਦੀ ਨਾ ਬਣ ਸਕੀ। ਇਉਂ, ਇਸ ਕਾਲ ਦੇ ਵਿਚਾਰਧਾਰਕ ਸੰਘਰਸ਼ ਵਿਚ ਪ੍ਰਮੁੱਖ ਤੌਰ 'ਤੇ ਫ਼ਿਊਡਲ/ਬੁਰਜੁਆਜ਼ੀ ਨੇ ਮਜ਼੍ਹਬੀ ਤਅੱਸਬ ਦੇ ਮੁਹਾਜ਼ ਨੂੰ ਏਨਾਂ ਪ੍ਰਮੁੱਖ ਬਣਾਇਆ ਕਿ ਅਜ਼ਾਦੀ ਦੀ ਲੜਾਈ ਨਾਲ ਆਉਣ ਵਾਲੇ ਸੰਭਵ ਸਮਾਜਕ ਪਰਿਵਰਤਨਾਂ ਵਿਚ ਇਹ ਬੜੀ ਵੱਡੀ ਰੁਕਾਵਟ ਬਣਿਆ। ਇਸ ਨੇ ਸਾਂਸਕ੍ਰਿਤਕ ਖੇਤਰ ਵਿਚਲੀ ਸਾਮੰਤਕ ਬਣਤਰ ਵਿਚ ਅਗਲੇ ਪੜਾ ਦੀ ਹੋਣ ਵਾਲੀ ਗੁਣਾਤਮਕ ਤਬਦੀਲੀ ਦੇ ਅਮਲ ਨੂੰ ਵੀ ਪੂਰੀ ਤਰ੍ਹਾਂ ਸਿਰੇ ਨਾ ਚੜ੍ਹਨ ਦਿੱਤਾ।

ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਵਿਚਾਰਧਰਕ ਪਰਉਸਾਰ ਦੇ ਸੁਭਾਅ ਤੇ ਵਿਕਾਸ ਦੀ ਰੂਪ-ਰੇਖਾ ਬੜੀ ਸਪਸ਼ਟ ਅਤੇ ਸਿੱਧੀ ਹੈ। ਆਜ਼ਾਦੀ ਦੀ ਲੜਾਈ ਵਿਚ ਬਣਿਆ ਮੁਹਾਜ਼ ਖ਼ਤਮ ਹੁੰਦਿਆਂ ਹੀ ਲੋਕ-ਹਿਤ ਦਾ ਕੋਈ ਇਨਕਲਾਬੀ ਮੁਹਾਜ਼ ਨਾਂ ਉਸਰ ਸਕਿਆ। ਬੁਰਜੁਆਜ਼ੀ ਰਾਹੀਂ ਆਰਥਿਕ ਵਿਕਾਸ ਨੂੰ ਪੂੰਜੀਵਾਦੀ ਲੀਹਾਂ 'ਤੇ ਪਾਉਣ ਦਾ, ਇਨਕਲਾਬੀ ਜਨਤਕ ਮੁਹਾਜ਼ ਦੇ ਰੂਪ ਵਿਚ ਕੋਈ ਵਿਰੋਧ ਨਾ ਹੋਇਆ ਅਤੇ ਨਾ ਹੀ ਇਸ ਵਿਰੁੱਧ ਨਿਰੰਤਰ ਰਾਜਨੀਤਕ ਘੋਲ ਆਰੰਭ ਹੋ ਸਕੇ। ਆਜ਼ਾਦੀ ਤੋਂ ਮਿਲੀ ਮੁਢਲੀ ਰਾਹਤ, ਸ਼ਾਂਤੀ, ਅਤੇ ਅਜ਼ਾਦੀ ਦੀ ਲੜਾਈ ਵਿਚ ਬਣੇ ਬੁਰਜੁਆਜ਼ੀ ਦੇ ਦੇਸ਼-ਭਗਤੀ ਦੇ ਬਿੰਬ ਨੇ ਲੋਕਾਂ ਨੂੰ ਇੱਕ ਲੰਬੇ ਭੁਲੇਖੇ ਦਾ ਸ਼ਿਕਾਰ ਬਣਾਇਆ। ਖੱਬੇ ਪੱਖੀ ਲਹਿਰਾਂ ਇਸ ਸਥਿਤੀ ਦਾ ਨਾ ਤਾ ਸਹੀ ਜਾਇਜ਼ਾ ਲੈ ਸਕੀਆਂ ਅਤੇ ਨਾ ਹੀ ਪੂੰਜੀਵਾਦੀ ਵਿਕਾਸ-ਮਾਰਗ 'ਤੇ ਪਈ ਦੇਸ਼ ਦੀ ਆਰਥਿਕਤਾ ਨੂੰ ਮੋੜਾ ਦੇਣ ਲਈ ਲੋਕਾਂ ਨੂੰ ਲਾਮਬੰਦ ਕਰ ਸਕੀਆਂ। ਆਰਥਿਕਤਾ ਦੇ ਪੂੰਜੀਵਾਦੀ ਰਾਹ 'ਤੇ ਚਲ ਪੈਣ ਕਾਰਣ ਪਰਉਸਾਰ ਨਾਲ ਸੰਬੰਧਿਤ ਵਿਦਿਅਕ, ਰਾਜ-ਪ੍ਰਬੰਧਕ ਅਤੇ ਜੀਵਨ-ਕੀਮਤਾਂ ਦੇ ਸਾਰੇ ਖੇਤਰਾਂ ਵਿਚ ਬੁਰਜੁਆ ਝੁਕਾਵਾਂ ਨੇ ਹੌਲੀ-ਹੌਲੀ ਘਰ ਕਰਨਾ ਸ਼ੁਰੂ ਕਰ ਦਿੱਤਾ। ਮਨੁੱਖੀ ਜੀਵਨ-ਮਨੋਰਥ ਪੈਸੇ 'ਤੇ ਅਧਾਰਤ ਹੋਣ ਕਾਰਣ ਨਿਜੀ ਜਾਇਦਾਦ ਦੀ ਲਾਲਸਾ ਜਿਥੇ ਆਰਥਿਕ ਖੇਤਰ ਵਿਚ ਵਧੀ ਉਥੇ ਕੈਰੀਅਰਇਜ਼ਮ ਅਤੇ ਲੀਡਰਸ਼ਿਪ ਦੀ ਭੁੱਖ ਦੇ ਰੂਪ ਵਿਚ ਉਸ ਦਾ ਪ੍ਰਗਟਾ ਜੀਵਨ-ਦ੍ਰਿਸ਼ਟੀਕੋਣ ਦਾ ਅੰਗ ਬਣ ਕੇ ਹੋਣ ਲੱਗ ਪਿਆ।

ਪੰਜਾਬ ਦੀਆਂ ਵਿਸ਼ੇਸ਼ ਪਰਿਸਥਿਤੀਆਂ ਵਿਚ ਇਸ ਸਾਰੇ ਅਮਲ ਦੀ ਰਫ਼ਤਾਰ ਬਹੁਤ ਤੇਜ਼ ਰਹੀ। ਵਿਸ਼ੇਸ਼ ਕਰਕੇ ਪੰਜਾਬ ਦੀ ਪੇਂਡੂ ਅਤੇ ਸ਼ਹਿਰੀ ਮੱਧ-ਸ਼੍ਰੇਣੀ ਸਿਫ਼ਤੀ ਅਤੇ ਗਿਣਤੀ ਦੇ ਦੋਵਾਂ ਪੱਖਾਂ ਤੋਂ ਬਹੁਤ ਵਧੀ। ਆਪਣੇ ਜਮਾਤੀ ਖ਼ਾਸੇ ਵਜੋਂ ਮੱਧ-ਸ਼ੇਣੀ ਕਿਸੇ ਇਨਕਲਾਬੀ ਚੜ੍ਹਤ ਵੇਲੇ ਲੋਕ-ਹਿਤ ਦੇ ਪੈਂਤੜੇ ਦਾ ਜਾਮਾ ਪਹਿਨ ਲੈਂਦੀ ਹੈ ਪਰ ਲੋਕ-ਮੁਹਾਜ਼ ਦੀ ਅਣਹੋਂਦ ਵਿਚ ਇਹ ਬੁਰਜੁਆ ਪ੍ਰਵ੍ਰਿਤੀਆਂ ਨਾਲ ਗ੍ਰਸੀ ਜਾਂਦੀ ਹੈ। ਇਹੋ ਕਾਰਨ ਸੀ ਕਿ ਲੋਕ-ਹਿਤ ਦਾ ਮੁਹਾਵਰਾ ਅਪਣਾਉਣ ਵਾਲੀ ਇਹੋ ਮੱਧ-ਸ਼ੇਣੀ 1960 ਤੋਂ ਬਾਦ ਆਪਣੇ ਬੁਰਜੁਆ ਵਿਚਾਰਧਾਰਕ ਪੈਂਤੜੇ ਨੂੰ ਸਾਹਿਤ ਦੇ ਮਾਧਿਅਮ ਰਾਹੀਂ ਪ੍ਰਗਟ ਕਰਨਾ ਸ਼ੁਰੂ ਕਰ ਦੇਂਦੀ ਹੈ। ਇਸ ਦੇ ਨਾਲ ਹੀ ਪੂੰਜੀਵਾਦੀ ਵਿਵਸਥਾ ਦੇ ਹੌਲੀ-ਹੌਲੀ ਪੈਰ ਜਮਾਉਣ ਅਤੇ ਵਿਕਸਿਤ ਹੋਣ ਨਾਲ ਮਾਸ ਮੀਡੀਆ ਰਾਹੀਂ ਬੁਰਜੁਆ ਵਿਚਾਰਧਾਰਾ ਦਾ ਤਿੱਖਾ ਹਮਲਾ ਵੀ ਅਚੇਤ ਰੂਪ ਵਿਚ ਲੋਕਾਂ ਅਤੇ ਖ਼ਾਸ ਤੌਰ ਤੇ ਇਸ ਮੱਧ-ਸ਼ੇਣੀ ਦੀ ਸਮੁੱਚੀ ਚੇਤਨਤਾ ਨੂੰ ਇਕਾਨੋਮਿਜ਼ਮ, ਕਨਜ਼ਿਊਮਰਇਜ਼ਮ, ਕੈਰੀਅਰਇਜ਼ਮ, ਵਿਅਕਤੀਵਾਦ ਆਦਿ ਪ੍ਰਵ੍ਰਿਤੀਆਂ ਨਾਲ ਗ੍ਰਸ ਲੈਣ ਦਾ ਅਮਲ ਸ਼ੁਰੂ ਕਰਦਾ ਹੈ।

ਦੂਜੇ ਪਾਸੇ, ਮਾਰਕਸਵਾਦੀ ਚਿੰਤਕ, ਆਲੋਚਕ ਜਾਂ ਸਾਹਿਤਕਾਰ ਜਿਨ੍ਹਾਂ ਨੇ ਇਨਕਲਾਬੀ ਚੇਤਨਾ ਦੀ ਸਿਰਜਨਾ ਲਈ ਸੰਸਕ੍ਰਿਤੀ ਦੇ ਹਰ ਖੇਤਰ ਵਿਚ ਵਿਚਾਰਧਾਰਕ ਲੜਾਈ ਆਰੰਭ ਕਰਨੀ ਸੀ, ਉਹ ਨਾ ਤਾਂ ਮਾਰਕਸਵਾਦ ਨੂੰ ਵਿਗਿਆਨ ਵਜੋਂ ਵਰ ਸਕੇ ਅਤੇ ਨਾ ਹੀ ਫ਼ਿਊਡਲ ਚੇਤਨਾ ਨਾਲੋਂ ਪੂਰੀ ਤਰ੍ਹਾਂ ਨਾਲ ਟੁੱਟ ਸਕੇ। ਇਸੇ ਲਈ ਕਬੀਲਾ ਰਾਜਨੀਤੀ ਅਤੇ ਗੁੱਟਬੰਦੀ ਦਾ ਸ਼ਿਕਾਰ ਰਹਿਣ ਕਰਕੇ, ਆਪਣੇ ਸਾਂਸਕ੍ਰਿਤਕ ਵਿਰਸੇ ਨੂੰ ਸਮਕਾਲੀ ਯਥਾਰਥ ਦੇ ਪ੍ਰਗਟਾ ਲਈ ਮਾਧਿਅਮ ਨਾ ਬਣਾ

ਸਕਣ ਕਰਕੇ, ਇਨਕਲਾਬੀ ਚੇਤਨਾ ਦੀ ਉਸਾਰੀ ਲਈ ਪੰਜਾਬੀ ਦੀਆਂ ਵਿਸ਼ੇਸ਼ ਪਰਿਸਥਿਤੀਆਂ ਅਨੁਕੂਲ ਮੌਲਿਕ ਮਾਡਲ ਨਾ ਸਿਰਜਨ ਕਰਕੇ, ਸਾਹਿਤ -ਆਲੋਚਨਾ ਲਈ ਮਾਰਕਸਵਾਦੀ ਸੁਹਜ-ਸ਼ਾਸਤਰ ਦੀਆਂ ਬਹੁਪੱਖੀ ਸੰਭਾਵਨਾਵਾਂ ਨੂੰ ਉਜਾਗਰ ਨਾ ਕਰ ਸਕਣ ਕਰਕੇ, ਨਿਜੀ ਜਾਇਦਾਦ ਦੀ ਭਾਵਨਾ ਨੂੰ ਸਸਤੀ ਪ੍ਰਸਿੱਧੀ ਅਤੇ ਬੌਧਿਕ ਲੀਡਰਸ਼ਿਪ ਦੀ ਸਥਾਪਤੀ ਵਜੋਂ ਅਪਣਾਉਂਣ ਕਰਕੇ ਅਰਥ-ਸ਼ਾਸਤ੍ਰ, ਸਮਾਜ-ਸ਼ਾਸਤਰ ਜਾਂ ਇਤਿਹਾਸ ਆਦਿ ਗਿਆਨ ਦੇ ਕਿਸੇ ਖੇਤਰ ਵਿਚ ਆਪਣੀ ਵਿਚਾਰਧਾਰਕ ਸਰਦਾਰੀ ਨਾ ਬਣਾ ਸਕੇ।

ਪਰ ਸਾਹਿਤ-ਸਿਰਜਨਾ ਦੇ ਖੇਤਰ ਵਿਚ ਸਥਿਤੀ ਕੁਝ ਵਿਲੱਖਣ ਅਤੇ ਰੋਚਕ ਰਹੀ ਹੈ। ਆਜ਼ਾਦੀ ਦੀ ਇਸ ਲੜਾਈ ਵਿਚ ਬਣੇ ਲੋਕ-ਮੁਹਾਜ਼ ਨੇ ਸਿਰਜਨਾਤਮਕ ਸਾਹਿਤ ਵਿਚ ਲੋਕ-ਹਿਤ ਦੇ ਮੁਹਾਵਰੇ ਦੀ ਸਰਦਾਰੀ ਬਣਾਈ ਰਖੀ, ਭਾਵੇਂ ਇਸ ਮੁਹਾਵਰੇ ਦੀ ਵਸਤੂ ਵੀ ਸਹੀ ਇਨਕਲਾਬੀ ਵਿਚਾਰਧਾਰਾ ਦੀ ਵਸਤੂ ਨਹੀਂ ਸੀ। ਪਰ ਬਾਅਦ ਵਿਚ ਕਿਸੇ ਲੋਕ-ਮੁਹਾਜ਼ ਦੀ ਅਣਹੋਂਦ ਕਾਰਣ ਜਿੱਥੇ ਇਹ ਮੁਹਾਵਰਾ ਇੱਕ ਪੱਖੀ ਹੋਣ ਕਰਕੇ ਖੋਖਲਾ ਅਤੇ ਜਮੂਦ ਦੀ ਦਸ਼ਾ ਨੂੰ ਪਹੁੰਚ ਗਿਆ ਉਥੇ, ਦੂਸਰੇ ਪਾਸੇ, ਬੁਰਜੁਆ ਮਾਨਸਿਕ ਪ੍ਰਵਿਰਤੀ ਵੀ ਹੌਲੀ-ਹੌਲੀ ਭਾਰੂ ਹੋਣ ਲੱਗ ਪਈਆਂ। ਇਨ੍ਹਾਂ ਦਾ ਪ੍ਰਗਟਾ ਸ਼ਹਿਰੀ ਮੱਧ-ਸ੍ਰੇਣੀ ਦੇ ਸਿਰਜਨਾਤਮਕ ਲੇਖਕਾਂ ਦੀਆਂ ਰਚਨਾਵਾਂ ਵਿਚ ਲਗਭਗ 1960 ਤੋਂ ਹੀ ਹੋਣਾ ਆਰੰਭ ਹੋ ਜਾਂਦਾ ਹੈ। ਇਸ ਤੋਂ ਬਾਅਦ ਸਿਰਜਨਾਤਮਕ ਸਾਹਿਤ ਵਿਚਾਰ-ਧਾਰਕ ਪੱਖ ਤੋਂ ਨਿਰੰਤਰ ਦੋ ਪ੍ਰਮੁੱਖ ਝੁਕਾਵਾਂ ਵਿਚ ਵੰਡਿਆ ਤੁਰਿਆ ਆ ਰਿਹਾ ਹੈ। ਜਿਥੇ ਸ਼ਹਿਰੀ ਮੱਧ-ਸ਼੍ਰੇਣੀ ਬੁਰਜੁਆ ਉਸਾਰ ਅਤੇ ਮਾਨਸਿਕ ਝੁਕਾਵਾਂ ਨੂੰ ਆਪਣੇ ਅਨੁਭਵ ਦਾ ਪ੍ਰਮੁੱਖ ਅਧਾਰ ਬਣਾ ਕੇ ਸਾਹਿਤ ਰਚਨਾ ਕਰ ਰਹੀ ਹੈ ਉਥੇ ਪੇਂਡੂ ਮੱਧ-ਸ਼੍ਰੇਣੀ ਦੇ ਲੇਖਕ ਮੁੱਖ ਰੂਪ ਵਿਚ ਲੋਕ ਹਿਤ ਦੇ ਇਨਕਲਾਬੀ ਪੈਂਤੜੇ ਦੇ ਨਜ਼ਦੀਕ ਰਹਿ ਕੇ ਸਿਰਜਨਾ ਕਰਦੇ ਆ ਰਹੇ ਹਨ। ਉਹ ਸਮਾਜ ਦੀ ਨੀਂਹ ਵਿਚਲੇ ਵਿਰੋਧਾਂ ਦੇ ਅਧਿਕ ਨੇੜੇ ਹੋਣ ਅਤੇ ਲੋਕਾਂ ਨਾਲੋਂ ਟੁੱਟੇ ਨਾ ਹੋਣ ਕਾਰਣ ਇਸ ਵਿਚਾਰਧਾਰਕ ਪੈਂਤੜੇ ਨੂੰ ਨਾਲ ਲੈ ਕੇ ਤੁਰਨ ਵਿਚ ਕਾਮਯਾਬ ਰਹੇ ਹਨ। ਇਉਂ, ਇਸ ਦੌਰ ਵਿਚ ਵਿਚਾਰਧਾਰਕ ਸੰਘਰਸ਼ ਸਪਸ਼ਟ ਰੂਪ ਵਿਚ ਕਿਸਾਨ-ਮਜ਼ਦੂਰ ਜਮਾਤ ਦੇ ਦ੍ਰਿਸ਼ਟੀਕੋਣ ਤੋਂ ਮਾਰਕਸਵਾਦੀ-ਇਨਕਲਾਬੀ ਸੋਚ ਅਤੇ ਬੁਰਜੁਆ ਬਣਤਰ ਵਿਚਕਾਰ ਉਜਾਗਰ ਹੋਇਆ ਹੈ। ਪਰ ਫ਼ੈਸਲਾਕੁਨ ਰੂਪ ਵਿਚ ਅਜੇ ਕੋਈ ਵੀ ਧਿਰ ਭਾਰੂ ਨਹੀਂ ਹੋ ਸਕੀ। ਸਗੋਂ ਲੋਕ-ਲਹਿਰਾਂ ਦੇ ਉਤਰਾ-ਚੜਾਅ ਅਨੁਸਾਰ ਇਨ੍ਹਾਂ ਵਿਚਲਾ ਸੰਤੁਲਨ ਬਦਲਦਾ ਰਹਿੰਦਾ ਹੈ। ਮਿਸਾਲ ਵਜੋਂ, ਨਕਸਲਬਾੜੀ ਲਹਿਰ ਦੇ ਚੜਾਅ ਅਤੇ ਉਤਰਾ ਤੋਂ ਬਾਅਦ ਸਿਰਜਨਾਤਮਕ ਸਾਹਿਤ ਵਿਚ ਇਨ੍ਹਾਂ ਦੇ ਵਿਚਾਰ-ਧਾਰਕ ਪੈਂਤੜਿਆਂ ਦੀ ਸਥਿਤੀ ਵਿਚਲੇ ਪਰਿਵਰਤਨ ਨੂੰ ਵੇਖਿਆ ਜਾ ਸਕਦਾ ਹੈ।

ਰੌਚਕ ਤੱਤ ਇਹ ਹੈ ਕਿ ਵਿਚਾਰਧਾਰਕ ਮੁਹਾਜ਼ 'ਤੇ ਦੋ ਵਿਰੋਧੀ ਧਿਰਾਂ ਦਾ ਇਹ ਸੰਘਰਸ਼ ਪੰਜਾਬ ਦੇ ਸਮੁੱਚੇ ਸਾਂਸਕ੍ਰਿਤਕ ਪਰਉਸਾਰ ਵਿਚੋਂ ਕੇਵਲ ਸਾਹਿਤ ਦੇ ਖੇਤਰ ਵਿਚ ਹੀ ਇਤਨਾ ਸਪਸ਼ਟ ਅਤੇ ਮੁਕਾਬਲਤਨ ਤਿੱਖੇ ਰੂਪ ਵਿਚ ਵਿਕਸਿਤ ਹੋ ਸਕਿਆ ਹੈ। ਇਸ ਵਿਚ ਮਾਰਕਸਵਾਦੀ ਇਨਕਲਾਬੀ ਵਿਚਾਰਧਾਰਕ ਮੁਹਾਜ਼ ਗੁਣਾਤਮਕ ਪੱਖੋਂ ਆਪਣੀ ਵਸਤੂ ਵਿਚ ਕਿਤਨਾ ਪ੍ਰੌੜ੍ਹ ਅਤੇ ਵਿਕਸਿਤ ਹੈ, ਇਹ ਪ੍ਰਸ਼ਨ ਵੱਖਰਾ ਹੈ। ਪੰਜਾਬ ਵਿਚ ਰਾਜਸੀ ਖੇਤਰ ਤੋਂ ਬਾਹਰ ਮਾਰਕਸਵਾਦੀ ਦ੍ਰਿਸ਼ਟੀਕੋਣ ਦੀ ਅਜੇ ਤਕ ਜਿੰਨੀ (ਜਿਹੋ ਜਿਹੀ) ਵੀ ਚਰਚਾ ਹੋਈ ਹੈ ਉਹ ਪ੍ਰਮੁੱਖ ਤੌਰ 'ਤੇ ਸਾਹਿਤ ਅਤੇ ਸਾਹਿਤਕਾਰਾਂ ਦੇ ਮਾਧਿਅਮ ਰਾਹੀਂ ਹੀ ਹੋ ਸਕੀ ਹੈ। ਸਮਾਜ-ਸ਼ਾਸਤ੍ਰ, ਅਰਥ-ਸ਼ਾਸਤ੍ਰ, ਅਤੇ ਇਤਿਹਾਸ ਦੇ ਖੇਤਰਾਂ, ਜਿਨ੍ਹਾਂ ਵਿਚੋਂ ਵਿਕਸਿਤ ਮਾਰਕਸਵਾਦੀ ਵਿਚਾਰਧਾਰਕ ਮੁਹਾਜ਼ ਨੇ ਖੜ੍ਹੇ ਹੋਣਾ ਸੀ, ਵਿਚ ਇਸ ਦ੍ਰਿਸ਼ਟੀਕੋਣ ਅਨੁਸਾਰ ਨਾ ਮਾਤਰ ਕੰਮ ਹੀ ਹੋਇਆ ਹੈ। ਇਨ੍ਹਾਂ ਖੇਤਰਾਂ ਵਿਚ ਪਰੰਪਰਾਵਾਦੀ ਢੰਗ ਨਾਲ ਬੁਰਜੁਆ ਹਿਤਾਂ ਦੀ ਪੂਰਤੀ ਕਰਨ ਵਾਲਾ ਬਸਤੀਵਾਦੀ ਪੈਂਤੜਾ ਹੀ ਮੁੱਖ ਰੂਪ ਵਿਚ ਕਾਰਜਸ਼ੀਲ ਹੈ। ਮਾਰਕਸਵਾਦੀ ਵਿਚਾਰਧਾਰਕ ਮੁਹਾਜ਼ ਦੇ ਅਸਲੀ ਖੇਤਰ ਤਾਂ ਗਿਆਨ ਦੀਆਂ ਇਹੋ ਸ਼ਖਾਵਾਂ ਹਨ ਜਿਥੇ ਇਸ ਦੀ ਪ੍ਰਮੁੱਖਤਾ ਸਥਾਪਤ ਕਰਨ ਵਲ ਮਾਰਕਸਵਾਦੀ ਚਿੰਤਕਾਂ ਨੂੰ ਫ਼ੌਰੀ ਧਿਆਨ ਦੇਣ ਦੀ ਲੋੜ ਹੈ।

ਪੰਜਾਬ ਵਿਚ ਮਾਰਕਸਵਾਦ ਦੇ ਵਿਚਾਰਧਾਰਕ ਪੱਖ ਤੋਂ ਪਛੜੇ ਹੋਏ ਹੋਣ ਦਾ ਸ਼ਾਇਦ ਇੱਕ ਕਾਰਣ ਇਹ ਵੀ ਹੈ ਕਿ ਇਸ ਦਾ ਪ੍ਰਚਾਰ ਮੁੱਖ ਰੂਪ ਵਿਚ ਸਾਹਿਤ ਅਤੇ ਸਾਹਿਤਕਾਰਾਂ ਦੁਆਰਾਂ ਹੀ ਹੋਇਆ ਹੈ।

ਸਾਹਿਤ ਆਲੋਚਨਾ ਦੇ ਖੇਤਰ ਵਿਚ ਵਿਚਾਰਧਾਰਕ ਵਿਕਾਸ-ਪ੍ਰਕ੍ਰਿਆ ਦਾ ਸੁਭਾਅ ਵੱਖਰੇ ਲੱਛਣਾਂ ਦਾ ਧਾਰਣੀ ਹੈ। ਪੰਜਾਬੀ ਆਲੋਚਨਾ ਦੇ ਮੁਢਲੇ ਰੂਪ ਦਾ ਆਰੰਭ ਇਸ ਸਦੀ ਦੇ ਪਹਿਲੇ ਦਹਾਕਿਆਂ ਤੋਂ ਪੱਛਮੀ ਸਾਹਿਤ, ਵਿਸ਼ੇਸ਼ ਕਰਕੇ ਅੰਗ੍ਰੇਜ਼ੀ ਸਾਹਿਤ ਦੇ ਪ੍ਰਭਾਵ ਅਧੀਨ ਮੁੱਖ ਤੌਰ ਦੇ ਸ਼ਹਿਰੀ ਮੱਧ-ਸ਼੍ਰੇਣੀ ਰਾਹੀਂ ਹੋਇਆ। ਨਤੀਜੇ ਵਜੋਂ, ਇਸ ਜਮਾਤ ਦੀਆਂ ਇਤਿਹਾਸਕ ਸੀਮਾਵਾਂ ਕਾਰਣ ਇਨ੍ਹਾਂ ਦੀ ਸਾਹਿਤ-ਆਲੋਚਨਾ ਦਾ ਮੂਲ ਅਧਾਰ ਅਤੇ ਸੁਭਾਅ ਆਦਰਸ਼ਵਾਦੀ ਅਤੇ ਰੁਮਾਂਚਕ ਹੀ ਹੈ। ਪਰੰਪਰਾਵਾਦੀ ਅਧਿਆਪਕਾਂ ਰਾਹੀਂ ਕੀਤੀ ਅਖੌਤੀ ਆਲੋਚਨਾ ਸਮੁੱਚੇ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਦੀ ਅਸਲੀ ਵਸਤੂ ਪਛਾਣਨ ਤੋਂ ਅਸਮਰਥ ਰਹੀ। ਕੇਵਲ ਸਾਹਿਤ ਦੇ ਸਰਲ ਅਰਥ ਜਾਂ ਬਾਹਰਲੇ ਮੁਹਾਵਰੇ ਤਕ ਸੀਮਿਤ ਹੋਣ ਕਾਰਣ ਇਹ ਆਲੋਚਨਾ, ਉਸ ਵਿਚਲੇ ਮਨੁੱਖੀ-ਸਮਾਜਕ ਅਸਲੇ ਦੇ ਵਿਚਾਰਧਾਰਕ ਪੈਂਤੜੇ ਨੂੰ ਪਕੜਨ ਦੇ ਯੋਗ ਨਹੀਂ ਸੀ। ਸਿੱਟੇ ਵਜੋਂ, ਇਨ੍ਹਾਂ ਰਾਹੀਂ ਕੀਤੀ ਸਾਹਿਤ ਦੀ ਸਾਰੀ ਵਿਆਖਿਆ ਸਾਹਿਤਕ ਕਿਰਤ ਦੇ ਮੁਹਾਵਰੇ ਜਾਂ ਉਸ ਦੇ ਸਰਲ ਅਰਥ ਦਾ ਸਾਰ ਮਾਤਰ ਹੈ। ਆਪਣੀ ਜਮਾਤੀ ਚੇਤਨਾ ਦੀਆਂ ਇਤਿਹਾਸਕ ਸੀਮਾਵਾਂ ਵਿਚ ਰਹਿੰਦਿਆਂ ਉਹ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਦੀ ਵਿਆਖਿਆ ਫ਼ਿਊਡਲ/ਬੁਰਜੁਆ ਸਮਾਜਕ-ਆਰਥਿਕ ਬਣਤਰ ਅਤੇ ਇਸ ਦੀਆਂ ਜੀਵਨ-ਕੀਮਤਾਂ ਅਨੁਸਾਰ ਅੰਤਿਮ ਰੂਪ ਵਿਚ ਕੇਵਲ ਆਪਣੇ ਜਮਾਤੀ ਹਿਤਾਂ ਅਨੁਕੂਲ ਹੀ ਕਰ ਸਕੀ ਹੈ। ਗੁਰਬਾਣੀ, ਸੂਫ਼ੀ-ਕਾਵਿ, ਕਿੱਸਾ-ਕਾਵਿ, ਸੰਬੰਧੀ ਬਹੁਤੀ ਵਿਆਖਿਆ ਇਸੇ ਤਰ੍ਹਾਂ ਦੀ ਪਹੁੰਚ ਦਾ ਉਦਾਹਰਣ ਹੈ। ਇਨ੍ਹਾਂ ਲਈ ਆਲੋਚਨਾ ਨਾ ਤਾਂ ਗਿਆਨ ਦੀ ਕੋਈ ਸੁਤੰਤਰ ਸ਼ਾਖਾ ਹੈ ਅਤੇ ਨਾ ਹੀ ਸੁਚੇਤ ਰੂਪ ਵਿਚ ਕੋਈ ਵਿਚਾਰਧਾਰਕ ਮਸਲਾ।

ਆਜ਼ਾਦੀ ਦੇ ਮੁਹਾਜ਼ ਰਾਹੀਂ ਉਭਰੇ ਲੋਕ-ਹਿਤ ਦੇ ਪੈਂਤੜੇ ਅਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਦੇ ਪ੍ਰਵੇਸ਼ ਨਾਲ ਸਮੁੱਚੇ ਵਾਤਾਵਰਣ ਵਾਂਗ ਆਲੋਚਨਾ ਦੇ ਖੇਤਰ ਵਿਚ ਵੀ ਪ੍ਰਗਤੀਵਾਦੀ/ਮਾਰਕਸਵਾਦੀ ਆਲੋਚਨਾ ਦਾ ਮੁੱਢ ਬੱਝਦਾ ਹੈ। ਹੋਰ ਖੇਤਰਾਂ ਵਾਂਗ, ਜਿਨ੍ਹਾਂ ਦਾ ਵਿਸਤਾਰ ਸਾਹਿਤ ਵਿਸ਼ਲੇਸ਼ਣ ਉੱਪਰ ਕੀਤਾ ਗਿਆ ਹੈ, ਇਸ ਆਲੋਚਨਾ ਦਾ ਕੇਵਲ ਮੁਹਾਵਰਾ ਜਾਂ ਇਸ ਦੀ ਸ਼ਬਦਾਵਲੀ ਹੀ ਪ੍ਰਮੁੱਖ ਰੂਪ ਵਿਚ ਮਾਰਕਸਵਾਦੀ ਸੀ। ਇਸ ਦੀ ਵਸਤੂ ਮੂਲ ਰੂਪ ਵਿਚ ਅਕਾਦਮਿਕ ਜਾਂ ਪ੍ਰਭਾਵਵਾਦੀ ਕਿਸਮ ਦੀ ਆਲੋਚਨਾ ਵਾਂਗ ਆਦਰਸ਼ਵਾਦੀ ਅਤੇ ਰੋਮਾਂਚਕ ਹੀ ਰਹੀ। ਇਹ ਆਲੋਚਨਾ ਵੀ ਸਮਾਜਕ-ਇਤਿਹਾਸਕ ਪ੍ਰਸੰਗ ਦੇ ਸਤਹੀ ਜ਼ਿਕਰ (ਨਤੀਜੇ ਵਜੋਂ; ਜ਼ਿਆਦਾਤਰ ਸਹੀ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਗ਼ਲਤ) ਅਤੇ ਮਾਰਕਸਵਾਦੀ ਸ਼ਬਦਾਵਲੀ ਦੇ ਪ੍ਰਯੋਗ ਤਕ ਹੀ ਸੀਮਿਤ ਸੀ। ਹੋਰ ਖੇਤਰਾਂ ਵਾਂਗ ਇਸ ਆਲੋਚਨਾ (ਕੇਵਲ ਇੱਕ ਦੋ ਆਲੋਚਕਾਂ ਤੋਂ ਛੁੱਟ) ਨੇ ਵੀ ਮਾਰਕਸਵਾਦ ਨੂੰ ਇੱਕ ਵਿਗਿਆਨ ਵਜੋਂ ਗ੍ਰਹਿਣ ਕਰਨ ਦੀ ਥਾਂ ਅਧਿਕਤਰ ਕੇਵਲ ਵਸਤੂ ਰਹਿਤ ਮੁਹਾਵਰੇ ਵਜੋਂ ਅਪਣਾਇਆ। ਇਸੇ ਕਰਕੇ ਮਾਰਕਸਵਾਦੀ ਸੁਹਜ-ਸ਼ਾਸਤਰ ਦੀਆਂ ਵਿਸ਼ਾਲ ਸੰਭਾਵਨਾਵਾਂ, ਨਵੀਂਆਂ, ਪ੍ਰਾਪਤੀਆਂ ਅਤੇ ਉਸ ਦੇ ਸਿੱਧਾਂਤਕ ਅਧਾਰਾਂ ਨੂੰ ਸਥਾਪਤ ਕਰਨ ਦੀ ਗੱਲ ਤਾਂ ਇੱਕ ਪਾਸੇ ਰਹੀ ਇਹ ਆਲੋਚਨਾ ਇਨ੍ਹਾਂ ਗੱਲਾਂ ਨੂੰ ਨਾਲ ਲੈ ਕੇ ਵੀ ਨਹੀਂ ਤੁਰ ਸਕੀ। ਜਿਵੇਂ ਉੱਪਰ ਕਿਹਾ ਗਿਆ ਹੈ, ਆਜ਼ਾਦੀ ਦੇ ਮੁਹਾਜ਼ ਤੋਂ ਬਣੇ ਲੋਕ-ਹਿਤ ਦੇ ਵਿਚਾਰਧਾਰਕ ਮੁਹਾਵਰੇ ਦੀ ਵਸਤੂ ਸਹੀ ਅਤੇ ਸੰਪੂਰਣ ਅਰਥਾਂ ਵਿਚ ਇਨਕਲਾਬੀ ਨਾ ਹੋਣ ਕਰਕੇ ਸੰਸਕ੍ਰਿਤੀ ਦੇ ਬਾਕੀ ਖੇਤਰਾਂ ਅਤੇ ਸਿਰਜਨਾਤਮਕ ਸਾਹਿਤ ਵਾਂਗ ਆਜ਼ਾਦੀ ਤੋਂ ਬਾਅਦ ਉਸਰੀ ਬੁਰਜੁਆ ਬਣਤਰ ਨੇ ਹੌਲੀ-ਹੌਲੀ ਆਲੋਚਨਾ ਦੇ ਇਸ ਮੁਹਾਵਰੇ ਨੂੰ ਵੀ ਨਿਰਜਿੰਦ ਕਰਕੇ ਜਮੂਦ ਦੀ ਦਸ਼ਾ ਵਿਚ ਲੈ ਆਂਦਾ ਅਤੇ ਬੁਰਜੁਆ ਦ੍ਰਿਸ਼ਟੀਕੋਣਾਂ ਦਾ ਉਭਾਰ ਪ੍ਰਤੱਖ ਹੋਣ ਲੱਗ ਪਿਆ। ਇਸ ਦਾ ਦੂਜਾ ਕਾਰਣ ਮਾਰਕਸਵਾਦੀ ਚਿੰਤਕਾਂ ਦੀਆਂ ਉਹ ਕਮਜ਼ੋਰੀਆਂ ਅਤੇ ਉਕਾਈਆਂ ਸਨ ਜਿਨ੍ਹਾਂ ਦਾ ਉਲੇਖ ਅਸੀਂ ਉੱਪਰ ਕਰ ਆਏ ਹਾਂ।

ਜਿਥੇ ਸਿਰਜਨਾਤਮਕ ਸਾਹਿਤ ਵਿਚ ਇਹ ਉਭਾਰ 1960 ਤੋਂ ਬਾਅਦ ਹੀ ਆਰੰਭ ਹੋ ਜਾਂਦਾ ਹੈ, ਉਥੇ ਆਲੋਚਨਾ ਦੇ ਖੇਤਰ ਵਿਚ ਇਹ ਝੁਕਾਓ ਬਹੁਤਾ ਉਭਰ ਕੇ 1970 ਦੇ ਨੇੜੇ-ਤੇੜੇ ਹੀ ਆਉਂਦਾ ਹੈ, ਭਾਵੇਂ ਇਸ ਦੇ ਬੀਜ ਪ੍ਰਗਤੀਵਾਦੀ ਆਲੋਚਨਾ ਵਿਚ ਹੀ ਸਨ ਅਤੇ ਕੁਝ ਸੰਕੇਤ 1960 ਤੋਂ ਹੀ ਮਿਲਣੇ ਆਰੰਭ ਹੋ ਜਾਂਦੇ ਹਨ। ਆਲੋਚਨਾ ਦੇ ਖੇਤਰ ਵਿਚ ਅਜਿਹੇ ਉਭਾਰ ਦਾ ਇੱਕ ਕਾਰਣ ਇਹ ਵੀ ਸੀ ਕਿ ਜਿਥੇ ਮੁਢਲੀ ਆਲੋਚਨਾ ਮੁੱਖ ਰੂਪ ਵਿਚ ਪੇਂਡੂ ਸ਼ਹਿਰੀ ਮੱਧ-ਸ਼੍ਰੇਣੀ ਰਾਹੀਂ ਕੀਤੀ ਗਈ ਸੀ ਉਥੇ 1970 ਤਕ ਪਹੁੰਚਦਿਆਂ ਸਾਡੇ ਬਸਤੀਵਾਦੀ ਵਿਦਿਅਕ ਢਾਂਚੇ, ਯੂਨੀਵਰਸਿਟੀਆਂ ਵਿਚ ਐਮ. ਏ. ਪੰਜਾਬੀ ਦੀ ਪੜ੍ਹਾਈ ਆਦਿ ਕਾਰਨਾਂ ਨੇ ਯੂਨੀਵਰਸਿਟੀ ਅਧਿਆਪਕਾਂ ਦਾ ਇੱਕ ਅਜਿਹਾ ਵਿਸ਼ੇਸ਼ ਵਰਗ (Elite) ਪੈਦਾ ਕਰ ਦਿੱਤਾ ਜਿਹੜਾ ਮੁੱਖ ਰੂਪ ਵਿਚ ਹੁਣ ਤਕ ਉਤਲੀ ਸ਼ਹਿਰੀ ਮੱਧ-ਸ਼੍ਰੇਣੀ ਦਾ ਹਿੱਸਾ ਬਣ ਚੁੱਕਾ ਸੀ ਅਤੇ ਇਸਦਾ ਆਪਣੇ ਵਿਰਸੇ, ਪਰੰਪਰਾ ਜਾਂ ਲੋਕ-ਜੀਵਨ ਨਾਲ ਕੋਈ ਸੰਬੰਧ ਨਹੀਂ ਸੀ। ਆਪਣੀ ਗ਼ੁਲਾਮਾਨਾ ਜ਼ਹਿਨੀਅਤ ਦੀ ਮਾਰ ਥੱਲੇ ਇਹ ਵਰਗ ਮੁੱਖ ਤੌਰ ਤੇ ਪੱਛਮੀ ਬੁਰਜੁਆ ਵਿਚਾਰਧਾਰਕ ਝੁਕਾਵਾਂ ਅਤੇ ਪਰੰਪਰਾਵਾਂ ਨੂੰ ਅੰਧਾਧੁੰਦ ਅਪਣਾਉਣ ਦੇ ਆਹਰ ਵਿਚ ਰਿਹਾ। ਪੱਛਮੀ ਚਿੰਤਨ ਦੀਆਂ ਪ੍ਰਵ੍ਰਿਤੀਆਂ ਨੂੰ ਇਉਂ ਅਪਣਾਉਣ ਵਿਚ ਇੱਕ ਤਾਂ ਉਹ ਸਾਂਸਕ੍ਰਿਤਕ ਮੁਹਾਜ 'ਤੇ ਆਪਣੇ ਛੁੱਟਪੁਣੇ ਦੇ ਇਹਸਾਸ ਤੋਂ ਬਚਣ ਦਾ ਗ਼ਲਤ ਹੱਲ ਲੱਭਦਾ ਰਿਹਾ ਅਤੇ ਦੂਸਰੇ, ਉਹ ਸਾਂਸਕ੍ਰਿਤਕ ਪੱਖੋਂ ਪਛੜੇ ਲੋਕਾਂ ਵਿਚ ਆਪਣੀ ਬੌਧਿਕ ਉੱਚਤਾ ਅਤੇ ਉੱਤਮਤਾ ਦਾ ਢੌਂਗ ਸਥਾਪਤ ਕਰਨ ਦਾ ਯਤਨ ਆਰੰਭ ਕਰਦਾ ਹੈ।

ਤੀਸਰੇ, ਇਹ ਵਿਸ਼ੇਸ਼ ਵਰਗ ਆਪਣੇ ਆਦਰਸ਼ਵਾਦੀ, ਬੁਰਜੁਆ ਦ੍ਰਿਸ਼ਟੀਕੋਣ ਵਿਚੋਂ ਪੰਜਾਬੀ ਸੰਸਕ੍ਰਿਤੀ ਦੀ ਮੌਲਿਕਤਾ ਦੇ ਪ੍ਰਸੰਗ ਵਿਚ ਕਿਸੇ ਨਵੀਂ ਆਲੋਚਨਾ-ਦ੍ਰਿਸ਼ਟੀ ਨੂੰ ਸਿਰਜ ਸਕਣ ਤੋਂ ਅਸਮਰਥ ਸੀ। ਇਸ ਲਈ ਕੇਵਲ ਪੱਛਮ ਵਿਚ ਪ੍ਰਚਲਿਤ ਜਾਂ ਵੇਲਾ ਵਿਹਾ ਚੁੱਕੀਆਂ ਆਲੋਚਨਾ-ਪ੍ਰਣਾਲੀਆਂ ਦੇ ਸਹਾਰੇ ਉਸ ਨੇ ਆਪਣਾ ਉਪਰੋਕਤ ਮੰਤਵ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਇਉਂ, ਮੁੱਖ ਰੂਪ ਵਿਚ ਲਗਭਗ 1970 ਤੋਂ ਇਸ ਵਿਸ਼ੇਸ਼ ਵਰਗ ਰਾਹੀਂ ਪੱਛਮੀ ਆਲੋਚਨਾ-ਪ੍ਰਣਾਲੀਆਂ ਦੀ ਚਰਚਾ ਅਤੇ ਉਨ੍ਹਾਂ ਨੂੰ ਸਥਾਪਤ ਕਰਨ ਦੇ ਯਤਨ ਜਾਰੀ ਹਨ। ਇਹ ਯਤਨ ਆਪਣੇ ਆਪ ਵਿਚ ਇੱਕ ਵਿਚਾਰਧਾਰਕ ਪ੍ਰਵ੍ਰਿਤੀ ਅਤੇ ਧਿਰ ਦੀ ਪ੍ਰਤਿਨਿਧਤਾ ਕਰਦੇ ਹਨ। ਇਸ ਲਈ ਇਨ੍ਹਾਂ ਦੇ ਸਾਰ ਅਤੇ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ। ਉਂਝ, ਇਸ ਵਿਸ਼ੇਸ਼ ਵਰਗ ਤੋਂ ਬਾਹਰ ਹੁਣ ਵੀ ਸਾਹਿਤ ਦੀ ਵਿਆਖਿਆ ਅਤੇ ਸਮਝ ਦਾ ਮੁੱਖ ਮੁਹਾਵਰਾ ਸਮਾਜਕ-ਇਤਿਹਾਸਕ-ਚੇਤਨਾਮੁਖੀ ਹੀ ਹੈ, ਪਰ ਇਸ ਮੁਹਾਵਰੇ ਦੀ ਵਸਤੂ ਅਜੇ ਤਕ ਸੰਪੂਰਣ ਅਤੇ ਵਿਗਿਆਨਕ ਰੂਪ ਵਿਚ ਮਾਰਕਸਵਾਦੀ ਨਹੀਂ ਬਣ ਸਕੀ।

ਸਾਹਿਤ-ਆਲੋਚਨਾ ਦੇ ਵਿਚਾਰਧਾਰਕ ਮੁਹਾਜ਼ 'ਤੇ ਇਨ੍ਹਾਂ ਬੁਰਜੁਆ ਪੱਛਮੀ ਆਲੋਚਨਾ-ਪ੍ਰਣਾਲੀਆਂ ਨੂੰ ਇਸ ਵਿਸ਼ੇਸ਼ ਵਰਗ ਨੇ ਜਿਵੇਂ ਪੇਸ਼ ਕੀਤਾ ਹੈ ਉਸ ਦੇ ਵੀ ਕੁਝ ਇੱਕ ਮਹੱਤਵਪੂਰਣ ਪੱਖ ਹਨ ਜਿਨ੍ਹਾਂ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ। ਪਹਿਲਾ ਰੋਚਕ ਤੱਥ ਇਹ ਹੈ ਕਿ ਊਨਾਂ ਪ੍ਰਣਾਲੀਆਂ ਦੇ ਕੁਝ ਇੱਕ ਸੰਕਲਪਾਂ ਨੂੰ ਸਾਡੇ ਇਨ੍ਹਾਂ ਆਲੋਚਕਾਂ ਨੇ ਜਿਉਂ ਦਾ ਤਿਉਂ ਗ੍ਰਹਿਣ ਕਰਕੇ ਆਪਣੇ ਮੌਲਿਕ ਕਾਵਿ-ਸਿਧਾਂਤਾਂ ਜਾਂ ਆਲੋਚਨਾ-ਸੰਕਲਪਾਂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿਤੇ ਸੰਕੇਤ ਵਜੋਂ ਵੀ ਇਹ ਸਵੀਕਾਰ ਨਹੀਂ ਕੀਤਾ ਗਿਆ ਕਿ ਪੇਸ਼ ਕੀਤੀ ਜਾ ਰਹੀ ਤਕਨੀਕੀ ਸ਼ਬਦਾਵਲੀ ਜਾਂ ਸੰਕਲਪ ਕਿਸ ਪੱਛਮੀ ਆਲੋਚਕ ਜਾਂ ਆਲੋਚਨਾ-ਪ੍ਰਣਾਲੀ ਤੋਂ ਲਿਆ ਜਾ ਰਿਹਾ ਹੈ। ਸਗੋਂ ਆਪਣਾ ਸੰਕਲਪ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਿਆਂ ਹਰ ਕਿਸਮ ਦੀ ਸਾਹਿਤਕ ਨੈਤਿਕਤਾ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ। ਇਨ੍ਹਾਂ ਦੇ ਉਦਾਹਰਣ ਵੱਖ-ਵੱਖ ਪੱਛਮੀ ਆਲੋਚਨਾ-ਪ੍ਰਣਾਲੀਆਂ ਦੇ ਆਲੋਚਨਾਤਕ ਮੁੱਲਾਂਕਣ ਸਮੇਂ ਦਿੱਤੇ ਜਾ ਸਕਦੇ ਹਨ। ਦੂਸਰੇ, ਇਨ੍ਹਾਂ ਆਲੋਚਨਾ-ਪ੍ਰਣਾਲੀਆਂ ਦੇ ਸਹੀ ਸਾਰ ਸੁਭਾਅ ਅਤੇ ਸੰਕਲਪਾਂ ਦੀ ਅਸਲੀਅਤ ਨੂੰ ਅਧਿਕ ਤਰੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਫ਼ੌਰੀ ਅਤੇ ਘਟੀਆ ਪ੍ਰਸਿੱਧੀ ਦੀ ਝਾਕ ਪਿੱਛੇ ਇਨ੍ਹਾਂ ਪ੍ਰਣਾਲੀਆਂ ਦੇ ਸਤਹੀ ਅਤੇ ਅਧੂਰੇ ਗਿਆਨ ਨੂੰ ਹੀ ਚਰਚਾ ਦਾ ਅਧਾਰ ਬਣਾਇਆ ਗਿਆ ਹੈ। ਕਿਸੇ ਆਲੋਚਕ ਜਾਂ ਆਲੋਚਨਾ-ਪ੍ਰਣਾਲੀ ਦੇ ਸਮੁੱਚੇ ਪ੍ਰਸੰਗ ਨੂੰ ਸਮਝਣ ਅਤੇ ਉਸ ਦੇ ਸਹੀ

ਅਧਿਐਨ ਤੋਂ ਬਿਨਾਂ ਹੀ ਕਿਸੇ ਇੱਕ ਅੱਧ ਰਚਨਾ ਜਾਂ ਸੰਕਲਪ ਦੇ ਸਹਾਰੇ ਹੀ ਸਮੁਚੀ ਪ੍ਰਣਾਲੀ ਜਾਂ ਲੇਖਕ ਦੇ ਸਿੱਧਾਂਤਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਨਤੀਜੇ ਵਜੋਂ, ਇਨ੍ਹਾਂ ਬਾਰੇ ਸਹੀ ਤੱਥਗਤ ਗਿਆਨ ਅਤੇ ਮੁਢਲੀ ਜਾਣਕਾਰੀ ਵੀ ਪ੍ਰਾਪਤ ਨਹੀਂ ਹੁੰਦੀ। ਓਪਰਾ ਗਿਆਨ ਹੋਣ ਕਾਰਣ ਇਨ੍ਹਾਂ ਪ੍ਰਣਾਲੀਆਂ ਅਤੇ ਸੰਕਲਪਾਂ ਦੇ ਸਹੀ ਅਰਥਾਂ ਅਤੇ ਉੱਦੇਸ਼ਾਂ ਦਾ ਬਹੁਤ ਥਾਵਾਂ ’ਤੇ ਅਨਰਥ ਕਰ ਦਿੱਤਾ ਗਿਆ ਹੈ। ਇਸ ਦੀ ਇੱਕ ਮਿਸਾਲ ਅਸੀਂ ਰੋਲਾਂ ਬਾਰਤ ਬਾਰੇ ‘ਸੇਧ’ (ਅਕਤੂਬਰ, 1972 ਅਤੇ ਜਨਵਰੀ, ਸਤੰਬਰ 1975) ਵਿਚ ਛਪੇ ਆਪਣੇ ਲੇਖਾਂ ਵਿਚ ਦਿੱਤੀ ਹੈ। ਤੀਸਰੇ, ਇਨ੍ਹਾਂ ਪ੍ਰਣਾਲੀਆਂ ਅਤੇ ਸੰਕਲਪਾਂ ਪਿਛੇ ਕੰਮ ਕਰ ਰਹੇ ਸੰਬੰਧਿਤ ਜੀਵਨ-ਦ੍ਰਿਸ਼ਟੀਕੋਣਾਂ ਜਾਂ ਉਨ੍ਹਾਂ ਦੇ ਵਿਚਾਰਧਾਰਕ ਸੁਭਾਅ ਨੂੰ ਸਮਝਣ ਸਮਝਾਉਣ ਦਾ ਜਾਣ-ਬੁੱਝ ਕੇ ਕੋਈ ਯਤਨ ਨਹੀਂ ਕੀਤਾ ਗਿਆ। ਸਗੋਂ ਇਨ੍ਹਾਂ ਨੂੰ ਜੀਵਨ-ਕੀਮਤਾਂ ਜਾਂ ਦ੍ਰਿਸ਼ਟੀਕੋਣਾਂ ਤੋਂ ਮੁਕਤ ਕਰਾਰ ਦੇ ਕੇ ਇੱਕ ਰਹੱਸਮਈ ਅਸਥੂਲ ਸਥਿਤੀ ਵਜੋਂ ਉਸਾਰਨ ਦੀ ਪ੍ਰਵਿਰਤੀ ਹੀ ਪ੍ਰਧਾਨ ਹੈ। ਚੌਥੇ, ਇਹ ਵਿਸ਼ੇਸ਼ ਬੌਧਿਕ ਵਰਗ (Intellectual elite) ਆਪਣੀ ਸੰਸਕ੍ਰਿਤੀ ਨੂੰ ਪਛੜੀ ਹੋਈ ਸਮਝ ਕੇ ਪੰਜਾਬ ਦੀ ਵਿਸ਼ੇਸ਼ ਸਾਂਸਕ੍ਰਿਤਕ ਉਸਾਰੀ ਅਨੁਸਾਰ ਇਨ੍ਹਾਂ ਪ੍ਰਣਾਲੀਆਂ ਜਾਂ ਸੰਕਲਪਾਂ ਨੂੰ ਢਾਲਣ ਲਈ ਬਿਲਕੁਲ ਯਤਨਸ਼ੀਲ ਨਹੀਂ।

ਇਨ੍ਹਾਂ ਪਾਸ ਆਪਣੇ ਵਿਰਸੇ ਦੇ ਸਾਰ ਅਤੇ ਸੁਭਾਅ ਅਨੁਕੂਲ ਕਿਸੇ ਮੌਲਿਕ ਆਲੋਚਨਾ-ਮਾਡਲ ਨੂੰ ਉਸਾਰਨ ਦੀ ਨਾ ਤਾਂ ਸਮਰਥਾ ਹੀ ਹੈ ਅਤੇ ਨਾ ਕੋਸ਼ਿਸ਼। ਪੰਜਵੇਂ, ਇਨ੍ਹਾਂ ਪ੍ਰਣਾਲੀਆਂ ਜਾਂ ਸੰਕਲਪਾਂ ਆਦਿ ਦਾ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਆਲੋਚਨਾਤਮਕ ਮੁੱਲਾਂਕਣ ਕਰਨ ਦਾ ਉਪਰਾਲਾ ਨਹੀਂ ਕੀਤਾ ਗਿਆ। ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਨ੍ਹਾਂ ਪੱਛਮੀ ਮਾਡਲਾਂ ਦੀ ਸਾਰਥਕਤਾ ਜਾਂ ਢੁਕਵੇਂਪਣ ਨੂੰ ਅੰਕਿਤ ਕਰਨ ਦੀ ਚੇਤਨਾ ਇਨ੍ਹਾਂ ਪਾਸ ਨਹੀਂ ਹੈ। ਛੇਵਾਂ, ਮਹੱਤਵਪੂਰਣ ਪੱਖ ਇਹ ਹੈ ਕਿ ਇਨ੍ਹਾਂ ਆਲੋਚਨਾ-ਪ੍ਰਣਾਲੀਆਂ ਦਾ ਸੁਭਾਅ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਪੂਰਣ ਰੂਪ ਵਿਚ ਵਿਰੋਧੀ ਹੈ। ਪੰਜਾਬ ਦੇ ਸਾਂਸਕ੍ਰਿਤਕ ਸਾਹਿਤਕ ਖੇਤਰ ਵਿਚ ਭਾਰੂ ਮਾਰਕਸਵਾਦੀ ਮੁਹਾਵਰੇ ਵਿਰੁੱਧ ਵਿਚਾਰਧਾਰਕ ਮੁਹਾਜ਼ ਖੜ੍ਹਾ ਕਰਨ ਦੀ ਇੱਕ ਚੇਤਨ ਕੋਸ਼ਿਸ਼ ਵਿਚ ਕੇਵਲ ਮੁਢਲੇ ਅਤੇ ਸਨਾਤਨੀ ਮਾਰਕਸਵਾਦੀ ਸੰਕਲਪਾਂ ਅਤੇ ਉਨ੍ਹਾਂ ਦੀ ਗ਼ਲਤ ਵਿਆਖਿਆ ਰਾਹੀਂ ਮਾਰਕਸਵਾਦ ਦੇ ਮੁਕਾਬਲੇ ’ਤੇ ਇਨ੍ਹਾਂ ਪ੍ਰਣਾਲੀਆਂ ਅਤੇ ਸੰਕਲਪਾਂ ਨੂੰ ਅਧਿਕ ਢੁਕਵੇਂ, ਸਹੀ ਅਤੇ ਵਿਗਿਆਨਕ ਸਿੱਧ ਕਰਨ ਦੀ ਦਿਸ਼ਾ ਨੂੰ ਅਪਣਾਇਆ ਗਿਆ। ਇਉਂ, ਸਮੁੱਚੇ ਅਮਲ ਵਿਚ ਮਾਰਕਸਵਾਦ ਵਿਰੋਧੀ ਸੁਰ ਨੂੰ ਉਭਾਰ ਕੇ ਪੇਸ਼ ਕਰਨ ਦੀ ਰੁਚੀ ਵੇਖੀ ਜਾ ਸਕਦੀ ਹੈ।

ਸੱਤਵੇਂ, ਪੱਛਮ ਦੀਆਂ ਇਨ੍ਹਾਂ ਨਵੀਨ ਆਲੋਚਨਾ-ਪ੍ਰਣਾਲੀਆਂ ਵਿਚੋਂ ਕਿਸੇ ਇੱਕ ਨੂੰ ਪੰਜਾਬੀ ਸਾਹਿਤ ਦੀ ਕਿਸੇ ਇੱਕ ਕਿਰਤ, ਲੇਖਕ ਜਾਂ ਧਾਰਾ ਉਤੇ ਸੰਪੂਰਣ ਰੂਪ ਵਿਚ ਲਾਗੂ ਕਰਨ ਦਾ ਵੀ ਕੋਈ ਪ੍ਰਮਾਣ ਨਹੀਂ ਮਿਲਦਾ ਜ਼ਿਆਦਾਤਰ ਕਿਸੇ ਆਲੋਚਨਾ-ਪ੍ਰਣਾਲੀ ਦੇ ਕੇਵਲ ਇੱਕ ਅੱਧ ਅੰਗ ਜਾਂ ਸੰਕਲਪ ਨੂੰ ਹੀ ਆਪਣੀ ਨਿੱਜੀ ਪ੍ਰਤਿਕਰਮ ਜਾਂ ਰਚਨਾ ਅਤੇ ਲੇਖਕ ਬਾਰੇ ਆਪਣੇ ਅਨੁਭਵੀ ਗਿਆਨ ਨੂੰ ਵਿਵੇਕਮਈ ਅਤੇ ਆਲੋਚਨਾਤਮਕ ਬਣਾਉਣ ਲਈ ਵਰਤੇ ਜਾਣ ਦੇ ਉਦਾਹਰਣ ਮਿਲਦੇ ਹਨ। ਇਸੇ ਲਈ ਅਜਿਹੀ ਆਲੋਚਨਾ ਦਾ ਸੁਭਾਅ ਅੰਤਿਮ ਰੂਪ ਵਿਚ ਫਿਰ ਅੰਤਰਮੁਖੀ ਹੀ ਰਹਿ ਜਾਂਦਾ ਹੈ। ਜੇ ਕਿਸੇ ਇੱਕ ਆਲੋਚਨਾ ਵਿਧੀ ਨੂੰ ਸੰਪੂਰਣ ਰੂਪ ਵਿਚ ਲਾਗੂ ਕੀਤਾ ਜਾਵੇ ਤਾਂ ਉਸ ਦੇ ਸਿੱਟਿਆਂ ਦਾ ਟਾਕਰਾ ਕਿਸੇ ਹੋਰ ਵਿਧੀ ਤੋਂ ਪ੍ਰਾਪਤ ਹੋਣ ਵਾਲੇ ਸਿੱਟਿਆਂ ਨਾਲ ਕੀਤੇ ਜਾਣ ਦੀ ਸੰਭਾਵਨਾ ਬਣ ਸਕਦੀ ਹੈ। ਅਜਿਹਾ ਹੋਣ ਨਾਲ ਵੱਖ-ਵੱਖ ਆਲੋਚਨਾ-ਵਿਧੀਆਂ ਦੀ ਸਾਰਥਕਤਾ ਅਤੇ ਸਮਰਥਾ ਦਾ ਗੰਭੀਰ ਅਧਿਐਨ ਹੋ ਸਕਦਾ ਹੈ। ਪੱਛਮ ਵਿਚ ਹਰ ਨਵੀਂ ਵਿਧੀ ਦੇ ਵਿਕਸਿਤ ਹੋਣ ਨਾਲ ਕਿਸੇ ਇੱਕ ਸਮੁੱਚੇ ਸਾਹਿਤ ਦੀ ਵਿਆਖਿਆ ਨਵੇਂ ਸਿਰੇ ਤੋਂ ਕਰਨ ਦੀ ਪ੍ਰਵਿਰਤੀ ਆਮ ਹੈ। ਪਰੰਤੂ ਪੰਜਾਬੀ ਵਿਚ ਸਾਹਿਤ ਦੇ ਇੱਕ ਅਤਿ ਸੀਮਿਤ ਖੇਤਰ ਤਕ ਹੀ ਇਨ੍ਹਾਂ ਵਿਧੀਆਂ ਦਾ ਆਂਸ਼ਕ ਰੂਪ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਤੀਜੇ ਵਜੋਂ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਕਿਸੇ ਗੰਭੀਰ ਸੰਵਾਦ ਦੀ ਸੰਭਾਵਨਾ ਉਤਪੰਨ ਨਹੀਂ ਹੋ ਸਕੀ।

ਪਿਛਲੇ ਪੰਜ ਸੱਤ ਵਰ੍ਹਿਆਂ ਵਿਚ ਇਸ ਵਿਚਾਰ-ਧਾਰਕ ਵਿਕਾਸ-ਪ੍ਰਕ੍ਰਿਆ ਦੇ ਸੁਭਾਅ ਵਿਚ ਗੁਣਾਤਮਕ ਪਰਿਵਰਤਨ ਵਾਪਰਿਆ ਹੈ ਜਿਸ ਦਾ ਵਿਸ਼ਲੇਸ਼ਣ ਇੱਕ ਲੰਬੀ ਚੌੜੀ ਵਿਆਖਿਆ ਦੀ ਮੰਗ ਕਰਦਾ ਹੈ।

# ਕਾਲ ਸੰਕੇਤ ਰਹਿਤ ਰਚਨਾਵਾਂ ਵਿਚ ਕਾਲ ਨਿਰਧਾਰਣ ਦੀਆਂ ਸਮੱਸਿਆਵਾਂ

—ਡਾ. ਧਰਮ ਸਿੰਘ*

ਰੈਨੇਵੈਲਕ ਅਤੇ ਆਸਟਿਨ ਵਾਰੇਨ ਨੇ ਆਪਣੀ ਜਗਤ ਪ੍ਰਸਿੱਧ ਪੁਸਤਕ Theory of Literature ਵਿਚ ਦੱਸਿਆ ਹੈ ਕਿ ਵਿਦਵਤਾਪੂਰਣ ਕੰਮਾਂ ਵਿਚੋਂ ਇੱਕ, ਸਭ ਤੋਂ ਪਹਿਲਾ ਕੰਮ ਸਾਮੱਗਰੀ ਨੂੰ ਇੱਕਤਰ ਕਰਨਾ ਅਤੇ ਨਾਲ ਹੀ ਕਰਤ੍ਰਿਤਵ, ਪ੍ਰਮਾਣਿਕਤਾ ਅਤੇ ਰਚਨਾ ਕਾਲ ਨਿਰਧਾਰਣ ਕਰਨਾ ਹੁੰਦਾ ਹੈ। ਇਹ ਕੰਮ ਇਸ ਲਈ ਜ਼ਰੂਰੀ ਹੁੰਦਾ ਹੈ ਕਿਉਂਕਿ ਇਸ ਵਿਚ ਪ੍ਰਾਪਤ ਸਾਰੇ ਤੱਥ ਇੱਕ ਦੂਜੇ ਨਾਲ ਜੁੜੇ ਵੀ ਹੋਏ ਹੁੰਦੇ ਹਨ ਅਤੇ ਇੱਕ ਦੂਜੇ ਦੇ ਪੂਰਕ ਵੀ। ਕਰਤ੍ਰਿਤਵ, ਪ੍ਰਮਾਣਿਕਤਾ ਅਤੇ ਰਚਨਾਕਾਲ ਦੇ ਨਿਰਧਾਰਣ ਦੀ ਸਮੱਸਿਆ, ਬੇਸ਼ੱਕ ਆਧੁਨਿਕ ਸਾਹਿਤ ਵਿਚ ਬਹੁਤੀ ਗੰਭੀਰ ਨਹੀਂ ਪਰ ਮੱਧਕਾਲੀ ਸਾਹਿਤ ਵਿਚ ਇਹ ਬੇਹੱਦ ਉਲਝੀ ਹੋਈ ਹੈ। ਮੱਧਕਾਲੀ ਰਚਨਾਵਾਂ ਵਿਚ ਲੇਖਕਾਂ ਵੱਲੋਂ ਆਪਣਾ ਨਾਮ ਨਾ ਦੇਣਾ, ਰਚਨਾ ਕਾਲ ਅੰਕਿਤ ਨ ਕਰਨਾ, ਆਪਣੀ ਰਚਨਾ ਨੂੰ ਵਧੇਰੇ ਪ੍ਰਮਾਣਿਕ ਜਾਂ ਮਕਬੂਲ ਬਣਾਉਣ ਲਈ ਕਿਸੇ ਪ੍ਰਸਿੱਧ ਵਿਅਕਤੀ ਨਾਲ ਮਨਸੂਬ ਕਰ ਦੇਣਾ ਆਦਿ, ਅਜਿਹੀਆਂ ਵਿਧੀਗਤ ਸਮੱਸਿਆਵਾਂ ਹਨ ਜਿਨ੍ਹਾਂ ਦਾ ਨਿਪਟਾਰਾ ਅੱਜ ਬੇਹੱਦ ਮੁਸ਼ਕਿਲ ਬਣਿਆ ਹੋਇਆ ਹੈ। ਇਹ ਸਾਰੀਆਂ ਸਮੱਸਿਆਵਾਂ ਆਪੋ-ਆਪਣੇ ਥਾਂ ਗੰਭੀਰ ਚਿੰਤਨ ਦੀ ਮੰਗ ਕਰਦੀਆਂ ਹਨ, ਪਰ ਹਥਲੇ ਖੋਜ-ਪੱਤਰ ਵਿਚ ਅਸੀਂ ਸਿਰਫ਼ ਇੱਕ ਸਮੱਸਿਆ ਦੇ ਇੱਕ ਹੀ ਪਹਿਲੂ ਬਾਰੇ ਵਿਚਾਰ ਕਰ ਸਕਾਂਗੇ ਅਤੇ ਇਹ ਸਮੱਸਿਆ ਹੈ ਮੱਧਕਾਲੀ ਗ੍ਰੰਥਾਂ ਵਿਚ ਕਾਲ ਨਿਰਧਾਰਣ ਦੀ ਸਮੱਸਿਆ। ਰਚਨਾਕਾਲ ਦੀ ਦ੍ਰਿਸ਼ਟੀ ਤੋਂ ਪ੍ਰਾਪਤ ਗ੍ਰੰਥਾਂ ਨੂੰ ਅਸੀਂ ਮੋਟੇ ਤੌਰ ’ਤੇ ਦੋ ਭਾਗਾਂ ਵਿਚ ਵੰਡ ਸਕਦੇ ਹਾਂ:

(ੳ) ਕਾਲ ਸੰਕੇਤ ਵਾਲੀਆਂ ਰਚਨਾਵਾਂ।

(ਅ) ਕਾਲ ਸੰਕੇਤ ਰਹਿਤ ਰਚਨਾਵਾਂ।

ਖੋਜ ਦਾ ਇੱਕ ਮੁੱਢਲਾ ਅਸੂਲ ਹੈ ਕਿ ਕਿਸੇ ਵੀ ਧਾਰਣਾ, ਮਨੌਤ ਜਾਂ ਤੱਥ ਦੀ ਪੜਤਾਲ ਕੀਤੇ ਬਿਨਾਂ ਪ੍ਰਵਾਨ ਨ ਕਰਨਾ। ਖੋਜਾਰਥੀ ਦਾ ਪਹਿਲਾ ਗੁਣ ਸ਼ੰਕਾਲੂ ਹੋਣਾ ਹੈ। ਸੋ ਜਿਥੇ ਰਚਨਾਕਾਲ ਦਿੱਤਾ ਵੀ ਹੋਇਆ ਹੋਵੇ, ਉਸ ਦੀ ਪਰਖ ਵੀ ਜ਼ਰੂਰੀ ਹੈ ਕਿਉਂਕਿ ਕਈ ਵਾਰ ਦਿੱਤੀ ਸੂਚਨਾ ਗੁਮਰਾਹਕੁੰਨ ਹੁੰਦੀ ਹੈ। ਜਿਨ੍ਹਾਂ ਰਚਨਾਵਾਂ ਵਿਚ ਕੋਈ ਜ਼ਾਹਰਾ ਕਾਲ ਸੰਕੇਤ ਨਹੀਂ ਹੁੰਦਾ, ਉਨ੍ਹਾਂ ਵਿਚ ਕਾਲ ਨਿਰਧਾਰਣ ਦੀ ਸਮੱਸਿਆ ਵਧੇਰੇ ਸੰਜੀਦਾ ਹੈ ਅਤੇ ਪੇਚੀਦਾ ਵੀ।

ਜਦ ਕਿਸੇ ਗ੍ਰੰਥ ਵਿਚੋਂ ਕੋਈ ਸਪੱਸ਼ਟ ਸੰਕੇਤ, ਪਹਿਲੀ ਨਜ਼ਰੇ, ਨਾ ਲੱਭੇ ਤਾਂ ਖੋਜਕਾਰ ਨੂੰ ਉਸ ਦੇ ਅੰਦਰੋਂ ਹੀ ਅਜਿਹੇ ਸੁਰਾਗ ਲੱਭਣੇ ਪੈਂਦੇ ਹਨ ਜਿਨ੍ਹਾਂ ਦੇ ਸਹਾਰੇ ਕਿਸੇ ਨਤੀਜੇ ਉੱਪਰ ਪਹੁੰਚਿਆ ਜਾ ਸਕਦਾ ਹੋਵੇ। ਆਮ ਕਰਕੇ ਕਾਲ ਸੂਚਕ ਸੰਕੇਤ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:-

1. ਸਮਕਾਲੀ ਹਾਕਮ ਵੱਲ ਸੰਕੇਤ: ਹਾਕਮ ਦਾ ਨਾਂ, ਉਸ ਦੇ ਰਾਜ ਕਾਲ ਵਿਚ ਅਮਨ ਚੈਨ ਦੀ ਸਥਿਤੀ, ਉਸ ਦੇ ਰਾਜ ਕਾਲ ਦੀ ਅਵਧੀ ਅਥਵਾ ਚਲ ਰਿਹਾ ਸਾਲ ਆਦਿ।
2. ਕਿਸੇ ਅਹਿਮ ਵਿਅਕਤੀ ਦਾ ਜਨਮ ਜਾਂ ਦੇਹਾਂਤ, ਕਿਸੇ ਘਟਨਾ/ਦੁਰਘਟਨਾ (ਕਾਲ, ਸੋਕਾ, ਹੜ੍ਹ, ਮਹਾਂਮਾਰੀ, ਭੂਚਾਲ ਆਦਿ) ਵੱਲ ਸੰਕੇਤ।
3. ਮੌਖਿਕ ਰਵਾਇਤਾਂ: ਲੇਖਕ ਜਾਂ ਗ੍ਰੰਥ (ਰਚਨਾ) ਸੰਬੰਧੀ।

* ਪ੍ਰੋਫ਼ੈਸਰ ਅਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

4. ਕਿਸੇ ਪਿਛਲੇਰੇ ਲੇਖਕ ਦੀ ਗੁਆਹੀ/ਕਥਨ।

5. ਕਿਸੇ ਦੂਜੀ ਜ਼ੁਬਾਨ ਦੇ ਤਜ਼ਕਰਿਆਂ/ਸਾਹਿਤ-ਇਤਿਹਾਸਾਂ ਜਾਂ ਗ੍ਰੰਥਾਂ ਵਿਚ ਜ਼ਿਕਰ।

ਪੰਜਾਬ ਦੇ ਇਤਿਹਾਸ ਅਤੇ ਸਾਹਿਤ ਦਾ ਆਪਸ ਵਿਚ ਨਹੁੰ-ਮਾਸ ਵਾਲਾ ਰਿਸ਼ਤਾ ਰਿਹਾ ਹੈ। ਇਤਿਹਾਸ ਨੇ ਏਥੋਂ ਦੇ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਸਾਹਿਤ ਨੇ ਇਤਿਹਾਸ ਦੀਆਂ ਰੌਆਂ ਨੂੰ ਮੋੜਨ ਜਾਂ ਪ੍ਰਚੰਡ ਕਰਨ ਵਿਚ ਆਪਣੀ ਭੂਮਿਕਾ ਨਿਭਾਈ ਹੈ। ਪੂਰਵ ਨਾਨਕ-ਕਾਲ ਦੀਆਂ ਵਾਰਾਂ ਤੋਂ ਲੈ ਕੇ ਅੱਜ ਤਕ ਰਚਿਆ ਗਿਆ ਸਮਸਤ ਬੀਰ ਕਾਵਿ, ਕਿਸੇ ਨ ਕਿਸੇ ਰੂਪ ਵਿਚ, ਇਤਿਹਾਸ ਦੇ ਬਿੰਬ ਆਪਣੇ ਆਪ ਵਿਚ ਸੰਭਾਲੀ ਬੈਠਾ ਹੈ। ਕਿਸੇ ਵੀ ਹਾਕਮ ਅਥਵਾ ਅਹਿਮ ਰਾਜਨੀਤਿਕ ਸਮਕਾਲੀ ਵੱਲ ਸੰਕੇਤ ਅਜਿਹਾ ਸੁਰਾਗ ਹੈ ਜਿਸ ਦੇ ਆਧਾਰ 'ਤੇ ਰਚਨਾ ਦਾ ਰਚਨਾ ਕਾਲ ਨਿਰਧਾਰਿਤ ਕਰਨਾ ਸੌਖਾ ਹੋ ਜਾਂਦਾ ਹੈ ਕਿਉਂਕਿ ਇਤਿਹਾਸ ਦੀਆਂ ਪੁਸਤਕਾਂ ਵਿਚ ਉਸ ਹੁਕਮਰਾਨ ਬਾਰੇ ਕਾਫ਼ੀ ਤੱਥ ਇਕੱਤ੍ਰਿਤ ਹੋਏ ਮਿਲ ਜਾਂਦੇ ਹਨ, ਖ਼ਾਸ ਕਰਕੇ ਉਸਦੇ ਜਨਮ, ਗੱਦੀਨਸ਼ੀਨ ਹੋਣ, ਉਸ ਦੀਆਂ ਜਿੱਤਾਂ/ਹਾਰਾਂ, ਮੁੱਖ ਘਟਨਾਵਾਂ ਅਤੇ ਦੇਹਾਂਤ ਆਦਿ ਦੇ ਸੰਨ ਸੰਮਤ। ਪੰਜਾਬੀ ਸਾਹਿਤ ਦੇ ਮੱਧਕਾਲੀ ਇਤਿਹਾਸ ਉੱਪਰ ਨਜ਼ਰ ਮਾਰੀਏ ਤਾਂ ਸਾਨੂੰ ਇਹ ਸੁਰਾਗ/ਸੰਕੇਤ ਇਤਿਹਾਸਕ ਤੱਥ ਲੱਭਣ ਵਿਚ ਕਾਫੀ ਸਹਾਇਤਾ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤਕ ਦੇ ਚੋਣਵੇਂ ਸੰਤਾਂ ਭਗਤਾਂ ਅਤੇ ਮਹਾਂਪੁਰਸ਼ਾ ਦੀ ਬਾਣੀ ਸੰਕਲਿਤ ਹੈ। ਬੇਸ਼ੱਕ ਬਾਣੀਕਾਰਾਂ ਦਾ ਮੂਲ ਆਸ਼ਾ ਇਤਿਹਾਸ ਚਿੱਤਰਣ ਨਹੀਂ, ਪਰ ਉਹ ਤਤਕਾਲੀ ਇਤਿਹਾਸਕ ਘਟਨਾਵਾਂ ਤੋਂ ਅਭਿੱਜ ਵੀ ਨਹੀਂ ਰਹੇ। ਏਸੇ ਲਈ ਇਸ ਮਹਾਨ ਗ੍ਰੰਥ ਵਿਚ ਇਤਿਹਾਸ ਦੀਆਂ ਧੁਨੀਆਂ ਅਤੇ ਪ੍ਰਤਿਧੁਨੀਆਂ ਸਪੱਸ਼ਟ ਸੁਣਾਈ ਦਿੰਦੀਆਂ ਹਨ। ਇਸ ਗ੍ਰੰਥ ਵਿਚਲੇ ਇਤਿਹਾਸਕ ਅੰਸ਼ਾਂ ਦੀ ਗੱਲ ਕਰਦਿਆਂ ਡਾ. ਕਿਰਪਾਲ ਸਿੰਘ ਨੇ ਲਿਖਿਆ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਤਿਹਾਸ ਨੂੰ ਵਿਸ਼ੇਸ਼ ਕਰਕੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇੱਕ ਉਹ ਇਤਿਹਾਸ ਹੈ ਜਿਸ ਦੇ ਹਵਾਲੇ, ਘਟਨਾਵਾਂ ਬਾਰੇ ਬਾਣੀ ਵਿਚ ਸਿੱਧਾ ਜ਼ਿਕਰ ਆਉਂਦਾ ਹੈ ਜਿਵੇਂ ਬਾਬਰ ਦੇ ਹਮਲਿਆਂ ਦਾ ਕਥਨ, ਪਾਣੀਪਤ ਦੀ ਪਹਿਲੀ ਲੜਾਈ, ਸ੍ਰੀ ਗੁਰੂ ਅਰਜਨ ਦੇਵ ਜੀ ਉੱਤੇ ਸੁਲਹੀ ਖਾਂ ਦੇ ਹਮਲੇ ਦਾ ਕਥਨ ਆਦਿ ਅਤੇ ਇਸ ਤੋਂ ਇਲਾਵਾ ਗੁਰਬਾਣੀ ਵਿਚ ਕਈ ਅਲੰਕਾਰ ਅਤੇ ਰੂਪਕ ਵਰਤੇ ਗਏ ਹਨ ਜਿਨ੍ਹਾਂ ਤੋਂ ਇਤਿਹਾਸਕ ਦਿਸ਼ਾਵਾਂ ਦਾ ਪਤਾ ਲੱਗਦਾ ਹੈ। ਇਹੋ ਜਿਹੇ ਸੰਕੇਤਾਂ ਨੂੰ ਅਸੀਂ ਅਸਪੱਸ਼ਟ ਇਤਿਹਾਸ ਕਹਿ ਸਕਦੇ ਹਾਂ, ਭਗਤ ਨਾਮਦੇਵ, ਭਗਤ ਕਬੀਰ ਅਤੇ ਹੋਰਨਾਂ ਭਗਤ ਕਵੀਆਂ ਨੂੰ ਤਤਕਾਲੀ ਹਾਕਮਾਂ ਦੇ ਜਿਸ ਤਰ੍ਹਾਂ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ, ਉਸ ਦੇ ਸਾਫ ਸੰਕੇਤ ਉਨ੍ਹਾਂ ਦੀ ਬਾਣੀ ਵਿਚ ਉਪਲਬਧ ਹਨ।

ਪੰਜਾਬੀ ਵਾਰ ਕਾਵਿ ਵਿਚ ਨਿਆਮਤ ਖਾਂ ਜਾਨ ਦੀ ਪਉੜੀ **ਦੀਵਾਨ ਅਲਿਫ ਖਾਂ ਕੀ** ਜਾਂ **ਦੀਵਾਨ ਅਲਿਫ਼ ਖਾਂ ਦੀ ਵਾਰ** ਇੱਕ ਪ੍ਰਸਿੱਧ ਰਚਨਾ ਹੈ। ਵਿਦਵਾਨਾਂ ਨੇ ਕਵੀ ਜਾਨ ਦਾ ਕਾਰਜ ਕਾਲ 1614-1664 ਈ. (1671-1721 ਬਿ.) ਮੰਨਿਆ ਹੈ। ਇਹ ਇੱਕ ਇਤਿਹਾਸਗਤ ਰਚਨਾ ਹੈ ਜਿਸ ਵਿਚ ਕਵੀ ਨੇ ਆਪਣੇ ਖਾਨਦਾਨ, ਵਿਸ਼ੇਸ਼ ਕਰਕੇ ਆਪਣੇ ਪਿਤਾ ਦੀਵਾਨ ਅਲਿਫ਼ ਖਾਂ ਦਾ ਜੀਵਨ ਬਿਰਤਾਂਤ ਕਾਨੀ-ਬੱਧ ਕੀਤਾ ਹੈ। ਇਸ ਵਾਰ ਵਿਚ ਆਏ ਇੱਕ ਸੰਕੇਤ ਅਨੁਸਾਰ ਇਹ ਜਹਾਂਗੀਰ ਕਾਲ ਦੀ ਰਚਨਾ ਹੈ। ਪੰਜਾਬ ਦੇ ਇੱਕ ਹਿੱਸੇ ਵਿਚ ਉੱਠ ਰਹੀ ਬਗਾਵਤ ਨੂੰ ਕੁਚਲਣ ਲਈ ਬਾਦਸ਼ਾਹ ਜਹਾਂਗੀਰ ਨੇ ਦੀਵਾਨ ਅਲਿਫ ਖਾਂ ਨੂੰ ਫੌਜ ਦਾ ਮੁਖੀ ਥਾਪ ਕੇ ਫੌਜਕਸ਼ੀ ਲਈ ਤੋਰਿਆ ਕਿਉਂਕਿ ਉਹ ਇਸ ਤੋਂ ਪਹਿਲੋਂ ਅਜਿਹੀਆਂ ਤਿੰਨ ਬਗਾਵਤਾਂ ਨਾਲ ਨਜਿੱਠ ਚੁੱਕਾ ਸੀ ਪਰ ਇਸ ਵਾਰ ਆਲਿਫ ਖਾਂ ਦੁਸ਼ਮਣਾਂ ਨਾਲ ਲੜਦਾ ਵੀਰਗਤੀ ਨੂੰ ਪ੍ਰਾਪਤ ਹੋਇਆ। ਅਜਿਹੇ ਸੂਰਬੀਰ ਬਾਰੇ ਵਾਰ ਲਿਖੀ ਜਾਣੀ ਬੜੀ ਸੁਭਾਵਿਕ ਸੀ। ਏਸੇ ਲਈ ਕਵੀ ਨਿਆਮਤ ਖਾਂ ਜਾਨ ਨੇ ਇਸ ਯੁੱਧ ਕਥਾ ਨੂੰ ਕਾਨੀ-ਬੱਧ ਕੀਤਾ ਹੈ ਜਿਸ ਵਿਚ ਉਹ ਜਹਾਂਗੀਰ ਵੱਲ ਇਸ਼ਾਰਾ ਕਰਦਿਆਂ ਲਿਖਦਾ ਹੈ:-

ਜਹਾਂਗੀਰ ਅਕਬਰ ਸੰਦਾ, ਦਿੱਲੀ ਸੁਲਤਾਨਾ।

ਚਾਰ ਚੱਕ ਨਵ ਖੰਡ ਵਿਚ, ਫਿਰਵਾਈ ਆਣਾ।
ਸੱਤਾਂ ਦੀਪਾਂ ਉਪਰੋਂ, ਤਪਿਉ ਜਿਉ ਭਾਣਾ।
ਤਿਨ ਥਿਰ ਥਾਪਿਆ, ਅਲਿਫ ਖਾਂ ਟਿੱਕਾ ਚੌਹਾਣਾ।[3]

ਅਹਿਮਦ ਗੁੱਜਰ ਦੀ **ਹੀਰ** ਪੰਜਾਬੀ ਦਾ ਇੱਕ ਮਹੱਤਵਪੂਰਨ ਕਿੱਸਾ ਹੈ। ਇਸ ਦਾ ਕੋਈ ਖਰੜਾ ਅਜਿਹਾ ਨਹੀਂ ਮਿਲਦਾ ਜਿਸ ਉੱਪਰ ਸੰਨ ਸੰਮਤ ਹੋਵੇ ਪਰ ਇਸ ਦੀ ਅੰਦਰੂਨੀ ਗੁਆਹੀ ਸਾਨੂੰ ਕਿਸੇ ਸਿੱਟੇ ਉੱਪਰ ਜ਼ਰੂਰ ਪਹੁੰਚਾਉਂਦੀ ਹੈ। ਰਚਨਾ ਕਾਲ ਦੀਆਂ ਸੂਚਕ ਉਕਤੀਆਂ ਇਹ ਹਨ:

ਸੰਨ ਬੀਸ ਤੇ ਚਾਰ ਔਰੰਗਸ਼ਾਹੀ।
ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।[4]

ਔਰੰਗ ਸ਼ਾਹੀ ਤੋਂ ਭਾਵ ਔਰੰਗਜ਼ੇਬ ਦੀ ਬਾਦਸ਼ਾਹਤ ਹੈ। ਔਰੰਗਜ਼ੇਬ ਦਾ ਰਾਜ 1658 ਈ. ਤੋਂ ਸ਼ੁਰੂ ਹੁੰਦਾ ਹੈ ਅਤੇ ਜਦ ਅਹਿਮਦ ਗੁੱਜਰ ਨੇ ਆਪਣੀ **ਹੀਰ** ਖ਼ਤਮ ਕੀਤੀ ਤਾਂ ਉਸ ਵੇਲੇ ਉਸ ਦਾ ਰਾਜ ਚੌਵੀਵੇਂ ਸਾਲ ਚੱਲ ਰਿਹਾ ਸੀ। ਇਸ ਦਾ ਭਾਵ ਇਹ ਹੋਇਆ ਕਿ ਇਸ ਦਾ ਰਚਨਾਕਾਲ 1682 ਈ. (1658+24) ਹੈ। ਇਹ ਕਿੱਸਾ ਆਪਣੇ ਤਤਕਾਲੀ ਰਾਜਸੀ, ਧਾਰਮਿਕ, ਸਮਾਜਿਕ ਅਰਥਾਤ ਹਰ ਤਰ੍ਹਾਂ ਦੇ ਜੀਵਨ ਉੱਪਰ ਰੌਸ਼ਨੀ ਵੀ ਪਾਉਂਦਾ ਹੈ। ਔਰੰਗਜ਼ੇਬ ਇਤਿਹਾਸ ਵਿਚ ਇੱਕ ਤੁਅੱਸਬੀ, ਤੰਗਦਿਲ ਅਤੇ ਜ਼ਾਲਮ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਹੈ ਜਿਸ ਦੀਆਂ ਨੀਤੀਆਂ ਨੇ ਸਾਰੇ ਸਮਾਜ ਵਿਚ ਇੱਕ ਤਰ੍ਹਾਂ ਨਾਲ ਅਰਾਜਕਤਾ ਵਾਲਾ ਮਾਹੌਲ ਪੈਦਾ ਕਰ ਰੱਖਿਆ ਸੀ। ਅਜਿਹਾ ਮਾਹੌਲ ਕਿੱਸੇ ਦੇ ਅੰਤ ਵਿਚ ਆਈਆਂ ਸਤਰਾਂ ਨਾਲ ਐਨ ਮੇਲ ਖਾਂਦਾ ਹੈ।

ਸਿੱਖ ਸਾਹਿਤ ਵਿਚ ਦਰਸ਼ਨ ਭਗਤ ਦੀ **ਵਾਰ ਸ੍ਰੀ ਅੰਮ੍ਰਿਤਸਰ** ਬਹੁਤ ਪ੍ਰਸਿੱਧ ਰਹੀ ਹੈ। ਇਸ ਬਾਰੇ ਦੱਸਿਆ ਜਾਂਦਾ ਹੈ ਕਿ ਇਹ ਸੇਵਾ ਪੰਥ ਦੇ ਬਾਨੀ ਭਾਈ ਕਨ੍ਹਈਆ ਜੀ ਦੇ ਸ਼ਿਸ਼ ਭਾਈ ਸਹਿਜ ਰਾਮ ਦੀ ਲਿਖੀ ਹੋਈ ਹੈ ਜੋ ਇਸ ਦਾ ਜੋਟੀਦਾਰ ਸੀ ਅਤੇ ਗੁਰੂ ਘਰ ਦਾ ਅਨਿੰਨ ਭਗਤ ਸੀ। **ਵਾਰ ਸ੍ਰੀ ਅੰਮ੍ਰਿਤਸਰ**, ਮੁਗਲ ਸੈਨਾ ਅਤੇ ਸਿੱਖਾਂ ਵਿਚਕਾਰ ਅੰਮ੍ਰਿਤਸਰ ਵਿਖੇ ਹੋਏ ਇੱਕ ਟਾਕਰੇ ਬਾਰੇ ਹੈ ਜੋ 29 ਮਾਰਚ, 1709 ਈ. ਨੂੰ ਹੋਇਆ ਅਤੇ ਇਹ ਸਮਾਂ ਔਰੰਗਜ਼ੇਬ ਦੀ ਮੌਤ (1707 ਈ.) ਤੋਂ ਪਿਛੋਂ ਦਾ ਹੈ। ਲੜਾਈ ਦਾ ਕਾਰਣ ਕੁਝ ਵੀ ਰਿਹਾ ਹੋਵੇ, ਸਾਡੇ ਲਈ ਮਹੱਤਵਪੂਰਨ ਗੱਲ ਇਹ ਹੈ ਕਿ ਵਾਰ ਵਿਚ ਸੰਨ ਸੰਮਤ ਦੇ ਨਾਲ ਸਮਕਾਲੀ ਹਾਕਮ (ਬਹਾਦਰ ਸ਼ਾਹ) ਵੱਲ ਸੰਕੇਤ ਵੀ ਹਨ। ਸੰਨ ਸੰਮਤ ਅਤੇ ਸੰਕੇਤ ਰਲ ਕੇ ਇਤਿਹਾਸਕ ਯਥਾਰਥ ਦੀ ਨਿਸ਼ਾਨਦੇਹੀ ਕਰਦੇ ਹਨ:

ਅਵਲ ਨਾਮ ਸੱਚੇ ਸਾਹਿਬ ਕਾ, ਜਿਨ ਇਹ ਬਣਤ ਬਣਾਈ।
ਸੰਮਤ ਸਤਾਰਾਂ ਸੌ ਛਿਆਹਠਿ, ਰਾਜ ਬਹਾਦਰ ਸ਼ਾਹੀ।
ਚੱਕ ਗੁਰੂ ਕਾ ਘਰ ਨਾਨਕ ਦਾ, ਦਿਨ ਦਿਨ ਕਲਾ ਸਵਾਈ।
ਦਰਸ਼ਨ ਹੁਕਮ ਰੱਬ ਕੇ ਤਾਮਸ ਉੱਠੀ, ਕਿਉ ਨਰ ਮੇਟੀ ਜਾਈ।[5]

**ਕਥਾ ਕਾਨ੍ਹ ਗੁਜਰੀ ਕੀ** ਕ੍ਰਿਤ ਦਾਨਾ ਕਵੀ ਵੀ ਮਿਲਦੀ ਹੈ ਜੋ ਬਹਾਦੁਰ ਸ਼ਾਹ ਤੋਂ ਪਿਛੋਂ ਫਰੁੱਖਸੀਅਰ ਦੇ ਜ਼ਮਾਨੇ ਵਿਚ ਲਿਖੀ ਗਈ। ਇਹ ਫਰੁੱਖ਼ਸੀਅਰ ਦਿੱਲੀ ਦਾ ਉਹ ਬਾਦਸ਼ਾਹ ਹੈ ਜਿਸ ਦੇ ਹੁਕਮ 'ਤੇ ਬੰਦਾ ਸਿੰਘ ਬਹਾਦਰ, ਉਸਦੇ ਮਾਸੂਮ ਪੁੱਤਰ ਅਜੈ ਸਿੰਘ ਅਤੇ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਫੜੇ ਗਏ ਸੈਂਕੜੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ। **ਕਥਾ ਕਾਨ੍ਹ ਗੁਜਰੀ ਕੀ** ਦੀਆਂ ਪ੍ਰਸੰਗਮੂਲਕ ਉਕਤੀਆਂ ਇਹ ਹਨ:

ਅਲਫ ਏਕ ਸਹੀ ਕਰ ਜਾਣੈ ਮੇਖਾਕਾਰ ਪਛਾਣੇ।
ਤੇ ਤੇ ਵੇਪਰ ਸਹੀ ਗਨਈ ਮਨ ਨੂੰ ਰਖ ਟਿਕਾਣੇ।
ਸੇ ਸਾਬਤ ਦਿਲ ਰਖ ਹਮੇਸ਼ਾਂ, ਗਮੀ ਨ ਏਤ ਜ਼ਮਾਨੇ।
ਜੀ ਪਰ ਵਾਰੇ ਫਰਕਸੇਹ ਦੇ ਅੰਦਰ ਕਿਸਾ ਕਥਿਆ ਦਾਨੇ।[6]

ਸਮਕਾਲੀ ਹਾਕਮ ਅਥਵਾ ਰਾਜਨੀਤਕ ਸੰਕੇਤਾਂ ਕਰਕੇ ਖੋਜ ਜਗਤ ਵਿਚ ਕਈ ਵਾਰੀ ਬਣੀਆਂ ਧਾਰਨਾਵਾਂ ਨੂੰ ਚੁਣੌਤੀ ਵੀ ਮਿਲਦੀ ਰਹੀ ਹੈ, ਉਦਾਹਰਣ ਵਜੋਂ ਇਹ ਵਿਵਾਦ ਅਜੇ ਤਕ ਵੀ ਚਲਦਾ ਆ ਰਿਹਾ ਹੈ ਕਿ ਸੱਯਦ ਹਾਸ਼ਮ ਸ਼ਾਹ ਅਠਾਰ੍ਹਵੀਂ ਸਦੀ ਦਾ ਕਵੀ ਹੈ ਜਾਂ ਉਨੀਵੀਂ ਸਦੀ ਦਾ ? ਰਾਜਨੀਤਕ ਸੰਕੇਤ ਅਠਾਰ੍ਹਵੀਂ ਸਦੀ ਦੇ ਹਾਲਾਤ ਵੱਲ ਸੰਕੇਤ ਕਰਦੇ ਹਨ ਜਦ ਕਿ ਕਈ ਸਾਹਿਤ ਇਤਿਹਾਸਕਾਰ ਉਸਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਕਹਿਣ ਤੱਕ ਵੀ ਜਾਂਦੇ ਹਨ। ਮਹਾਰਾਜੇ ਦਾ ਸਮਕਾਲੀ ਤਾਂ ਲਗਭਗ ਸਾਰੇ ਹੀ ਮੰਨਦੇ ਹਨ। ਉਸਦੇ **ਕਿੱਸਾ ਸ਼ੀਰੀਂ ਫਰਹਾਦ** ਵਿਚ ਅਜਿਹੇ ਸੰਕੇਤ ਹਨ:

ਕਹੁ ਹੁਣ ਹਾਲ ਹਕੀਕਤ ਹਾਸ਼ਮ,
ਹੁਣ ਦਿਆਂ ਬਾਦਸ਼ਾਹਾਂ ਦੀ।
ਜ਼ੁਲਮੋਂ ਕੂਕ ਗਈ ਆਸਮਾਨੀ,
ਦੁਖੀਆਂ ਰੇਸ਼ ਦਿਲਾਂ ਦੀ ।37।
ਜ਼ਾਲਮ ਚੋਰ ਪਲੀਤ ਜ਼ਨਾਹੀ,
ਖੌਫ ਖੁਦਾਓਂ ਕੋਰੇ।
ਆਦਮੀਆਂ ਦੀ ਸੂਰਤ ਦਿੱਸਦੇ
ਰਾਕਸ਼ ਆਦਮ ਖੋਰੇ ।38।
ਬਸ ਹੁਣ ਹੋਰ ਨਹੀਂ ਮੈਂ ਕਹਿੰਦਾ
ਖੂਬ ਇਹੋ ਚੁੱਪ ਰਹਿਣਾ।
ਇਹ ਗੱਲ ਨਹੀਂ ਫ਼ਕੀਰਾਂ ਲਾਇਕ
ਬੁਰਾ ਕਿਸੇ ਨੂੰ ਕਹਿਣਾ ।39।[7]

ਇਨ੍ਹਾਂ ਸਤਰਾਂ ਵਿਚ ਦੁਖੀਆਂ, ਜ਼ਾਲਮ, ਚੋਰ, ਪਲੀਤ ਅਤੇ ਜੱਨਾਹੀ ਆਦਿ ਕਠੋਰ ਸ਼ਬਦ ਹਾਸ਼ਮ ਨੇ ਉਸ ਵੇਲੇ ਦੇ ਸੂਬੇਦਾਰਾਂ ਜਾਂ ਬਾਦਸ਼ਾਹਾਂ ਲਈ ਵਰਤੇ ਹਨ ਜੋ ਖ਼ੁਦਾ ਦੇ ਖੌਫ ਤੋਂ ਕੋਰੇ ਹਨ। ਅਠਾਰ੍ਹਵੀਂ ਸਦੀ ਪੰਜਾਬ ਦੇ ਇਤਿਹਾਸ ਵਿਚ ਮੁਗ਼ਲ ਰਾਜ ਦੀ ਅਧੋਗਤੀ ਵਜੋਂ ਜਾਣੀ ਜਾਂਦੀ ਹੈ ਜਿਸ ਵਿਚ ਨਾਦਰਸ਼ਾਹੀ ਲੁੱਟ ਅਤੇ ਕਤਲੋਗਾਰਤ, ਜ਼ਕਰੀਆਂ ਖਾਂ, ਲਖਤਪਤਰਾਏ, ਮੀਰ ਮੰਨੂ ਦੇ ਜ਼ੁਲਮ ਅਤੇ ਅਹਿਮਦ ਸ਼ਾਹ ਅਬਦਾਲੀ ਆਦਿ ਦੇ ਹਮਲੇ ਹੋਏ। ਜੋ ਸਾਹਿਤ ਇਤਿਹਾਸਕਾਰ ਹਾਸ਼ਮ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਮੰਨਦੇ ਹਨ, ਕੀ ਇਹ ਉਪਰੋਕਤ ਸਤਰਾਂ ਵੱਲ ਗਹੁ ਕਰਨਗੇ ? ਕੀ ਮਹਾਰਾਜਾ ਰਣਜੀਤ ਸਿੰਘ ਜਾਂ ਉਸਦੇ ਅਹਿਲਕਾਰ ਅਜਿਹੇ ਨਿਰਦਈ ਸਨ ? ਅਸੀਂ ਜਾਣਦੇ ਹਾਂ ਕਿ ਅਜਿਹਾ ਨਹੀਂ ਸੀ। ਇਸ ਦੇ ਉਲਟ ਰਣਜੀਤ ਸਿੰਘ ਦੀ ਇਨਸਾਫ਼-ਪਸੰਦੀ, ਸਮਦਰਸ਼ਤਾ ਅਤੇ ਪਰਜਾ ਪਾਲਕੀ ਬਾਰੇ ਕਈ ਕੁਝ ਪੜ੍ਹਨ ਨੂੰ ਮਿਲ ਜਾਂਦਾ ਹੈ। ਜੇ ਮਹਾਰਾਜੇ ਦਾ ਇਤਿਹਾਸ ਬਿੰਬ, ਕਾਵਿ-ਬਿੰਬ ਅਤੇ ਲੋਕਯਾਨਿਕ ਬਿੰਬ ਮਿਲਾ ਕੇ ਵੇਖੇ ਜਾਣ ਤਾਂ ਵੀ ਉਪਰੋਕਤ ਸੰਕੇਤਾਂ ਦੀ ਨਫੀ ਹੁੰਦੀ ਹੈ, ਅਲੱਬਤਾ ਇਹ ਅਠਾਰ੍ਹਵੀਂ ਸਦੀ ਦੇ ਵਰਤਾਰੇ ਬਾਰੇ ਸੌ ਫੀਸਦੀ ਸੱਚ ਹਨ। **ਕਿੱਸਾ ਸ਼ੀਰੀ ਫਰਹਾਦ** ਵਿਚ ਬਾਗੀਆਂ/ ਮੁਜ਼ਰਮਾਂ ਲਈ ਜੋ ਸਜ਼ਾਵਾਂ ਤਜ਼ਵੀਜ਼ ਕੀਤੀਆਂ ਜਾਂਦੀਆਂ ਸਨ, ਉਹ ਵੀ ਮੁਗਲ ਦੌਰ ਦੀਆਂ ਹਨ, ਮਹਾਰਾਜਾ ਰਣਜੀਤ ਸਿੰਘ ਨੇ ਤਾਂ ਸਗੋਂ ਇਨ੍ਹਾਂ ਸਜ਼ਾਵਾਂ ਵਿਚੋਂ ਬਹੁਤੀਆਂ ਬੰਦ ਕਰ ਦਿੱਤੀਆਂ ਸਨ। ਸਾਰੀ ਚਰਚਾ ਦਾ ਤਾਤਪਰਜ ਇਹ ਕਿ ਉਕਤ ਕਿੱਸੇ ਵਿਚਲੇ ਰਾਜਨੀਤਕ ਸੰਕੇਤ ਹਾਸ਼ਮ ਨੂੰ ਅਠਾਰ੍ਹਵੀਂ ਸਦੀ ਦਾ ਕਵੀ ਸਾਬਤ ਕਰਦੇ ਹਨ, ਉਨੀਵੀਂ ਸਦੀ ਦਾ ਨਹੀਂ। ਉਨੀਵੀਂ ਸਦੀ ਦੇ ਆਰੰਭਲੇ ਸਾਲਾਂ ਵਿਚ ਉਹ ਜਿਊਂਦਾ ਤਾਂ ਰਿਹਾ ਹੋਵੇਗਾ ਪਰ ਕਾਵਿ ਰਚਨਾ ਦਾ ਆਪਣਾ ਬਹੁਤਾ ਕੰਮ ਉਸਨੇ 18ਵੀਂ ਸਦੀ ਦੇ ਦੂਜੇ ਅੱਧ ਵਿਚ ਮੁਕਾ ਲਿਆ ਹੋਵੇਗਾ। ਕਹਿਣ ਦੀ ਲੋੜ ਨਹੀਂ ਕਿ ਸਮਕਾਲੀ ਹਾਕਮ ਵੱਲ ਸੰਕੇਤ ਕਿਸੇ ਰਚਨਾ ਦਾ ਰਚਨਾ ਕਾਲ ਨਿਰਧਾਰਣ ਵਿਚ ਕਿੰਨੇ ਸਹਾਈ ਹੁੰਦੇ ਹਨ।

ਅਠਾਰ੍ਹਵੀਂ ਸਦੀ ਵਿਚ ਲਿਖੀ ਗਈ ਪੰਜਾਬੀ ਦੀ ਹਰਮਨ ਪਿਆਰੀ ਰਚਨਾ **ਹੀਰ ਵਾਰਿਸ** ਵਿਚ ਪ੍ਰਾਪਤ ਸੰਕੇਤਾਂ ਦਾ ਉਪਰੋਕਤ ਸੰਕੇਤਾਂ ਨਾਲ ਟਾਕਰਾ ਕਰਕੇ ਵੇਖਿਆ ਜਾਵੇ ਤਾਂ ਸਾਡੀ ਧਾਰਣਾ ਨੂੰ ਹੋਰ ਬਲ ਮਿਲੇਗਾ। ਵਾਰਿਸ ਸ਼ਾਹ ਨੇ ਆਪਣਾ ਕਿੱਸਾ ਯਾਰਾਂ ਸੌ ਅੱਸੀ ਹਿਜਰੀ ਜਾਂ ਅਠਾਰਾਂ ਸੌ ਤੇਈ ਬਿਕਰਮੀ (1766 ਈ.) ਵਿਚ ਲਿਖਿਆ। ਇਹ ਸਮਾਂ ਜੁਗਗਰਦੀ ਅਤੇ ਅਰਾਜਕਤਾ ਦਾ ਸਮਾਂ ਹੈ। ਇਸ ਸਮੇਂ ਕੇਂਦਰੀ ਮੁਗਲ ਹਕੂਮਤ ਕਮਜ਼ੋਰ ਪੈ ਚੁੱਕੀ ਸੀ ਜਿਸ ਕਰਕੇ ਪੰਜਾਬ ਉੱਪਰ ਬਾਹਰੋਂ ਲਗਾਤਾਰ ਹਮਲੇ ਹੋ ਰਹੇ ਸਨ ਅਤੇ ਵਿਦੇਸ਼ੀ ਹਾਕਮ ਜੀਅ ਭਰ ਕੇ ਇਸ ਨੂੰ ਲੁੱਟ ਅਤੇ ਕੁੱਟ ਰਹੇ ਸਨ। ਸਥਾਨਕ ਅਮੀਰ ਵਜ਼ੀਰ ਬਾਗੀ ਹੋ ਰਹੇ ਸਨ ਅਤੇ ਤਾਕਤ ਦੀ ਜੰਗ ਵਿਚ ਹਰ ਪਾਸੇ ਬਦਅਮਨੀ ਅਤੇ ਇੰਤਸ਼ਾਰ ਫੈਲ ਰਿਹਾ ਸੀ। ਦੋਵੇਂ ਵਡੇ ਘਲੂਘਾਰੇ ਵੀ ਏਸੇ ਸਦੀ ਵਿਚ ਵਾਪਰੇ। ਵਾਰਿਸ ਸ਼ਾਹ ਦੇ ਕਿੱਸੇ ਵਿਚ ਦਿੱਤੇ ਹੋਏ ਸੰਨ ਸੰਮਤ ਨੂੰ ਜੇਕਰ ਅਣਡਿੱਠ ਵੀ ਕਰ ਦੇਈਏ ਤਾਂ ਵੀ ਹੀਰ ਦੇ ਅਠਾਰ੍ਹਵੀਂ ਸਦੀ ਵਿਚ ਰਚੇ ਜਾਣ ਸੰਬੰਧੀ ਕੋਈ ਸ਼ੰਕਾ ਬਾਕੀ ਨਹੀਂ ਰਹਿ ਜਾਂਦੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ **ਹੀਰ ਵਾਰਿਸ** ਵਿਚਲੀ ਤ੍ਰਾਸਦਿਕ ਸੰਵੇਦਨਾ ਨੂੰ ਹੋਰ ਸੰਘਣਾ ਬਣਾਉਣ ਵਿਚ ਤਤਕਾਲੀ ਪਰਿਸਥਿਤੀਆਂ ਦਾ ਵੀ ਭਾਰੀ ਅਮਲ ਦਖ਼ਲ ਹੈ। **ਹੀਰ ਵਾਰਿਸ** ਵਿਚ ਜਿਨ੍ਹਾਂ ਇਤਿਹਾਸਕ ਵਿਅਕਤੀਆਂ ਦਾ ਜ਼ਿਕਰ ਆਇਆ ਹੈ, ਉਹ ਹਨ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ, ਅਦੀਨਾ ਬੇਗ ਅਤੇ ਸ਼ਾਹ ਨਵਾਜ਼ ਆਦਿ।[8] ਬੁਲੇ ਸ਼ਾਹ ਦੀਆਂ ਕਾਫੀਆਂ ਵਿਚ ਵੀ ਬਦਅਮਨੀ ਦੀ ਏਹੋ ਸੁਰ "ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ" ਜਾਂ "ਦਰ ਖੁਲਾ ਹਸ਼ਰ ਅਜ਼ਾਬ ਦਾ, ਬੁਰਾ ਹਾਲ ਹੋਇਆ ਪੰਜਾਬ ਦਾ" ਵਰਗੀਆਂ ਉਕਤੀਆਂ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ। ਬੁਲੇ ਸ਼ਾਹ ਦੀ ਬੇਬਾਕੀ, ਸ਼ਰਾਅ ਤੋਂ ਨਾਬਰੀ, ਮੁੱਲਾਵਾਂ ਜਾਂ ਧਾਰਮਿਕ ਆਗੂਆਂ ਨੂੰ ਲਾਹਨਤਾਂ ਏਸੇ ਹੀ ਸੰਦਰਭ ਵਿਚ ਸਮਝੀਆਂ ਜਾ ਸਕਦੀਆਂ ਹਨ। ਮੁਮਕਿਨ ਹੈ ਕਿ ਜੇ ਰਾਜ ਦੀ ਪਕੜ ਮਜਬੂਤ ਹੁੰਦੀ ਤਾਂ ਬੁੱਲੇ ਸ਼ਾਹ ਅਜਿਹੀਆਂ ਖੁੱਲ੍ਹਾਂ ਲੈਣ ਤੋਂ ਪਹਿਲੇ ਸੌ ਵਾਰੀ ਸੋਚਦਾ। ਬਹਰਹਾਲ, ਸਾਡਾ ਮੰਤਵ ਕੇਵਲ ਏਹੋ ਸਾਬਤ ਕਰਨਾ ਹੈ ਕਿ ਇਤਿਹਾਸਕ ਯਥਾਰਥ ਹਰ ਰਚਨਾ ਵਿਚ ਤਾਣੇ ਪੇਟੇ ਦੀ ਤਰ੍ਹਾਂ ਸਮਾਇਆ ਹੋਇਆ ਹੁੰਦਾ ਹੈ। ਅਠਾਰ੍ਹਵੀਂ ਸਦੀ ਵਿਚ ਵਾਰਾਂ ਅਤੇ ਜੰਗਨਾਮਿਆਂ ਦੇ ਰੂਪ ਵਿਚ ਬੀਰ ਕਾਵਿ ਦਾ ਭਰਪੂਰ ਮਾਤ੍ਰਾ ਵਿਚ ਮਿਲਣਾ ਏਸੇ ਹਕੀਕਤ ਨੂੰ ਬਿਆਨ ਕਰਦਾ ਹੈ। ਅੱਜਕਲ੍ਹ ਇਤਿਹਾਸ ਦੀ ਖੋਜ ਵਿਚ ਜਿਹੜਾ ਪਿਛਲੇ 35-40 ਸਾਲਾਂ ਤੋਂ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ, ਉਹ ਸਾਹਿਤ ਦੇ ਰਾਹੀਂ ਇਤਿਹਾਸ ਦੀ ਪੁਨਰ-ਉਸਾਰੀ ਜਾਂ ਪੁਨਰ-ਲੇਖਣ (Reconstruction of History Through Literature) ਹੈ ਇਤਿਹਾਸ ਦੇ ਦੂਜੇ ਸਰੋਤਾਂ ਨਾਲੋਂ ਸਾਹਿਤਕ ਸਰੋਤ ਆਮ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਵਧੇਰੇ ਸ਼ਿੱਦਤ ਨਾਲ ਬਿਆਨ ਕਰਦੇ ਹਨ, ਅਜਿਹਾ ਕਹਿਣ ਵਿਚ ਸਾਨੂੰ ਕੋਈ ਅਤਿਕਥਨੀ ਨਹੀਂ ਲੱਗਦੀ।

ਉਨੀਵੀਂ ਸਦੀ ਦੇ ਸਾਹਿਤ ਅਤੇ ਇਤਿਹਾਸ ਉੱਪਰ ਵੀ ਜੇਕਰ ਨਜ਼ਰ ਮਾਰੀਏ ਤਾਂ ਸਾਨੂੰ ਏਹੋ ਵਰਤਾਰਾ ਵੇਖਣ ਨੂੰ ਮਿਲਦਾ ਹੈ। ਇਹ ਸਮਾਂ ਪੰਜਾਬ ਦੇ ਇਤਿਹਾਸ ਵਿਚ, ਖ਼ਾਸ ਕਰਕੇ ਪਹਿਲੇ ਅੱਧ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਕਰਕੇ ਜਾਣਿਆ ਜਾਂਦਾ ਹੈ। ਉਸ ਨੇ ਸਹਿਜੇ-ਸਹਿਜੇ ਵਧੇਰੀਆਂ ਸਿੱਖ ਮਿਸਲਾਂ ਉੱਪਰ ਆਪਣਾ ਅਧਿਕਾਰ ਸਥਾਪਿਤ ਕਰਕੇ ਉਨ੍ਹਾਂ ਨੂੰ ਇੱਕ ਇਕਾਈ ਵਿਚ ਪ੍ਰੋਣ ਦਾ ਯਤਨ ਕੀਤਾ। ਉਹ ਜਿਵੇਂ-ਜਿਵੇਂ ਮੱਲਾਂ ਮਾਰ ਕੇ ਅਮਨ ਕਾਨੂੰਨ ਦੀ ਹਾਲਤ ਵੱਲ ਧਿਆਨ ਦੇ ਰਿਹਾ ਸੀ, ਉਸ ਦੀਆਂ ਸੁਰਾਂ ਸਾਨੂੰ ਇਸ ਵੇਲੇ ਦੇ ਸਾਹਿਤ ਵਿਚੋਂ ਵੀ ਮਿਲ ਜਾਂਦੀਆਂ ਹਨ। ਉਦਾਹਰਣ ਵਜੋਂ ਕਵੀ ਸੌਂਧਾ ਆਪਣੇ ਕਿੱਸੇ 'ਹਾਤਮਨਾਮਾ' ਦੇ ਆਰੰਭ ਵਿਚ ਲਿਖਦਾ ਹੈ:-

ਰਣਜੀਤ ਸਿੰਘ ਕੇ ਰਾਜ ਮਹਿ, ਭਾਖਾ ਕੀਨੀ ਏਹਿ।
ਹੇ ਗਣੇਸ਼ ਮਮ ਰਿਦੇ ਮਹਿ, ਬੁਧਿ ਚੌਗੁਨੀ ਦੇਹਿ।
ਰਣਜੀਤ ਸਿੰਘ ਭੂਪਾਲ ਕੀ, ਅਸਥਿਰ ਹੋਵੇ ਰਾਜ।
ਇਹ ਹੈ ਭਾਵਨੀ ਦਾਸ ਕੀ, ਸਵਰਹਿ ਤਾ ਕੇ ਕਾਜ।

ਜਬ ਲੌ ਅਸਥਿਰ ਜਗਤ ਮਹਿ, ਗੰਗ ਜਮਨ ਨੋ ਨੀਰ।
ਤਬ ਲੌ ਤਾ ਕੇ ਰਾਜ ਕੋ, ਰਾਖੇ ਸ੍ਰੀ ਰਘੁਬੀਰ।[9]

ਇਨ੍ਹਾਂ ਸਤਰਾਂ ਤੋਂ ਸਪੱਸ਼ਟ ਹੈ ਕਿ ਕਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਦੀ ਸਲਾਮਤੀ ਲਈ ਦੁਆ ਦੇ ਰਿਹਾ ਹੈ। ਇਸ ਦਾ ਅਰਥ ਇਹ ਹੈ ਕਿ ਮਹਾਰਾਜਾ ਰਾਜ ਵਿਸਤਾਰ ਨਾਲ-ਨਾਲ ਸੁਸ਼ਾਸਨ ਵੱਲ ਵੀ ਧਿਆਨ ਦੇ ਰਿਹਾ ਸੀ ਜਿਸ ਕਰਕੇ ਅਮਨ ਕਾਨੂੰਨ ਦੀ ਸਥਿਤੀ ਕਾਫ਼ੀ ਤਸੱਲੀਬਖ਼ਸ਼ ਹੋ ਚੁੱਕੀ ਸੀ। ਚੋਰਾਂ, ਧਾੜਵੀਆਂ ਅਤੇ, ਹੋਰ ਅਪਰਾਧੀਆਂ ਨੂੰ ਉਸਨੇ ਖ਼ੂਬ ਨੱਥ ਪਾ ਲਈ ਸੀ ਅਤੇ ਹਰ ਪਾਸੇ ਸੁਖ-ਸ਼ਾਂਤੀ ਪੱਸਰੀ ਹੋਈ ਸੀ। ਕਵੀ ਸੌਂਧਾ **ਹਾਤਮਨਾਮਾ** ਵਿਚ ਹੀ ਅੱਗੇ ਜਾ ਕੇ ਲਿਖਦਾ ਹੈ:

ਰਣਜੀਤ ਸਿੰਘ ਕੇ ਰਾਜ ਮਹਿ, ਜੈਸੇ ਆਵਹਿ ਜਾਹਿ।
ਚੋਰ ਧਾੜਵੀ ਦੂਰ ਰਹੇ, ਕੋਈ ਬੁਲਾਵੇ ਨਾਹਿ।
ਐਸੇ ਸਤਿਆਵਾਨ ਕਾ, ਜੁਗ ਜੁਗ ਹੋਵੇ ਰਾਜ।
ਜੀਅ ਘਾਤ ਹੋਵੇ ਨਹੀਂ, ਐਸਾ ਨੀਚ ਅਕਾਜ।[10]

ਇਤਫਾਕ-ਵੱਸ ਇਸ ਰਚਨਾ ਦਾ ਕਾਲ ਕਵੀ ਨੇ ਆਪ ਹੀ 1807-08 ਈ. ਦਿੱਤਾ ਹੋਇਆ ਹੈ। ਹੁਣ ਜੇ ਉਪਰੋਕਤ ਸੰਕੇਤਾਂ ਵਿਚਲੇ ਭਾਵ ਨੂੰ ਦਿੱਤੇ ਸੰਨ ਸੰਮਤ ਨਾਲ ਰਲਾ ਕੇ ਵੇਖੀਏ ਤਾਂ ਵਰਣਿਤ ਪਰਿਸਥਿਤੀਆਂ ਉਸ ਵੇਲੇ ਦੇ ਐਨ ਅਨੁਕੂਲ ਸਿੱਧ ਹੁੰਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਨੇ 1799 ਈ. ਵਿਚ ਪੰਜਾਬ ਦੀ ਉਸ ਵੇਲੇ ਦੀ ਰਾਜਧਾਨੀ ਲਾਹੌਰ ਉੱਪਰ ਕਬਜ਼ਾ ਕਰਕੇ ਆਪਣੀ ਬਾਦਸ਼ਾਹਤ ਦਾ ਐਲਾਨ ਕਰ ਦਿੱਤਾ ਸੀ। ਅੱਠਾਂ ਨੌਆਂ ਸਾਲਾਂ ਵਿਚ ਉਸਨੇ ਜਿੱਤੇ ਹੋਏ ਇਲਾਕਿਆਂ ਨੂੰ ਸੰਗਠਿਤ ਕਰਕੇ ਉਸ ਨੇ ਰਾਜ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾ ਲਿਆ ਸੀ। ਇਸ ਕਰਕੇ ਹਰ ਪਾਸੇ ਅਮਨ ਚੈਨ ਪਸਰ ਰਿਹਾ ਸੀ। ਸੋ ਸਿੱਧ ਹੋਇਆ ਕਿ **ਹਾਤਮਨਾਮਾ** ਵਿਚ ਆਏ ਸੰਕੇਤ ਅਤੇ ਦਿੱਤਾ ਗਿਆ ਸੰਮਤ ਇੱਕ ਦੂਜੇ ਨਾਲ ਮੇਲ ਹੀ ਨਹੀਂ ਖਾਂਦੇ, ਸਗੋਂ ਇੱਕ ਦੂਜੇ ਦੇ ਪੂਰਕ ਵੀ ਬਣ ਨਿਬੜਦੇ ਹਨ।

ਏਸੇ ਦੌਰ ਦਾ ਇੱਕ ਹੋਰ, ਵਡ-ਆਕਾਰੀ ਕਵੀ ਮੌਲਵੀ ਅਹਿਮਦਯਾਰ ਹੋ ਗੁਜ਼ਰਿਆ ਹੈ ਅਤੇ ਉਸਨੇ ਵੀ **ਹਾਤਮਨਾਮਾ** (1820 ਈ.) ਵਿਚ ਲਿਖਿਆ ਹੈ। ਇਸ ਦੀਆਂ ਕੁਝ ਸਤਰਾਂ ਵਿਚ ਉਹ ਸਮਕਾਲੀ ਹਾਕਮ ਵੱਲ ਸੰਕੇਤ ਕਰਦਾ ਲਿਖਦਾ ਹੈ:

ਇਹ ਤਹਿਹੀਰ ਜੋ ਮੈਂ ਲਿਖੀ,
ਮਿਹਨਤ ਕਿਸੇ ਘਰ ਦੀ।
ਖਾਹਿਸ਼ ਦੀ ਫੁਰਮਾਇਸ਼ ਹੋਈ,
ਰਾਜੇ ਬਖਤਾਵਰ ਦੀ।
ਹਾਤਮ ਦਾ ਕੋਈ ਕਿੱਸਾ ਸੁਣ ਕੇ,
ਹਾਤਮ ਦੇ ਰਾਹ ਚੱਲੇ।
ਥੋੜਾ ਬਹੁਤਾ ਨਾਮ ਖੁਦਾ ਦੇ,
ਦੇਵੇ ਜੋ ਕੁਝ ਪੱਲੇ।
ਅਟਕੋਂ ਤੇ ਮੁਲਤਾਨੋਂ ਚੜ੍ਹਦੇ,
ਤਾ ਜਮਨਾ ਧਾਏ।
ਤਾ ਤੇ ਰਾਜ ਰਣਜੀਤ ਸਿੰਘ ਦੇ,
ਜਾ ਲਿਖ ਕੀਤੀ ਆਹੇ।[11]

ਇਹ ਜ਼ਾਹਰ ਹੈ ਕਿ ਮੌਲਵੀ ਅਹਿਮਦਯਾਰ ਦੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਬਾਰੇ ਰਾਇ ਚੰਗੀ ਹੈ ਅਤੇ ਇਹ ਕਵੀ ਸੌਂਧਾ ਦੀ ਰਾਇ ਨਾਲ ਮਿਲਦੀ ਜੁਲਦੀ ਹੈ। ਇਸ ਸਮੇਂ ਤਕ ਭਾਵ

1820 ਈ. ਤਕ ਉਹ ਅਟਕ, ਮੁਲਤਾਨ, ਕਸੂਰ ਅਤੇ ਅੰਮ੍ਰਿਤਸਰ ਆਦਿ ਇਲਾਕੇ ਜਿੱਤ ਚੁੱਕਾ ਸੀ। ਕਹਿਣ ਦੀ ਲੋੜ ਨਹੀਂ ਕਿ ਹਰ ਜਾਗਰੂਕ ਲੇਖਕ ਦੀਆਂ ਟਿੱਪਣੀਆਂ ਜਾਂ ਸੰਕੇਤ ਬਹੁਤੀ ਵਾਰੀ ਸਮਕਾਲੀ ਹਾਲਾਤ ਦਾ ਯਥਾਰਥ ਹੀ ਪੇਸ਼ ਕਰਦੇ ਹਨ।

ਪੰਜਾਬੀ ਕਵਿਤਾ ਦੇ ਇਤਿਹਾਸ ਉੱਪਰ ਜੇਕਰ ਝਾਤੀ ਮਾਰੀ ਜਾਵੇ ਤਾਂ ਵਿਦਵਾਨਾਂ ਦੀਆਂ ਕਈ ਧਾਰਨਾਵਾਂ, ਉਨ੍ਹਾਂ ਦੇ ਅਵਚੇਤਨ ਵਿਚ ਪਸਰ ਰਹੀ, ਇਤਿਹਾਸ-ਚੇਤਨਾ ਦਾ ਸਿੱਟਾ ਹੀ ਹੁੰਦੀਆਂ ਹਨ। ਮਿਸਾਲ ਵਜੋਂ ਬਾਬਾ ਫਰੀਦ ਬਾਰੇ ਇਹ ਧਾਰਣਾ ਪਾਈ ਜਾਂਦੀ ਹੈ ਕਿ ਉਹ ਪਹਿਲੇ ਪੜਾਅ ਦਾ ਸੂਫ਼ੀ ਪ੍ਰਤੀਤ ਹੁੰਦੀਆਂ ਹਨ। ਹੁਣ ਸੁਆਲ ਹੈ ਕਿ ਪਹਿਲੇ ਪੜਾਅ ਦਾ ਹੀ ਕਿਉਂ ? ਇਸ ਦਾ ਜੁਆਬ ਸਾਨੂੰ ਫਰੀਦ ਬਾਣੀ ਵਿਚੋਂ ਪ੍ਰਾਪਤ ਸ਼ਰਾਅ-ਨਮਾਜ਼ ਦੀ ਪਾਬੰਦੀ ਵਾਲੀਆਂ ਉਕਤੀਆਂ ਵਿਚੋਂ ਮਿਲ ਜਾਂਦਾ ਹੈ। ਬਾਬਾ ਫ਼ਰੀਦ ਦਾ ਕਾਰਜ ਕਾਲ, ਦਰਅਸਲ, ਉਹ ਜ਼ਮਾਨਾ ਹੈ ਜਦ ਭਾਰਤੀ ਉਪ ਮਹਾਂਦੀਪ ਵਿਚ ਇਸਲਾਮ ਦੀਆਂ ਜੜ੍ਹਾਂ ਪੱਕੀਆਂ ਹੋ ਰਹੀਆਂ ਸਨ। ਇਤਿਹਾਸ ਦੇ ਉਸ ਬਿੰਦੂ ਉੱਪਰ ਸ਼ਰਾਅ ਤੋਂ ਖੁੱਲ੍ਹਾਂ ਲੈਣੀਆਂ ਜਾਂ ਨਾਬਰੀ ਦੇ ਤੇਵਰ ਵਿਖਾਉਂਦੇ ਸੰਭਵ ਵੀ ਨਹੀਂ ਸਨ। ਬਾਬਾ ਫ਼ਰੀਦ ਚਾਹ ਕੇ ਵੀ ਅਜਿਹਾ ਨਹੀਂ ਸੀ ਕਰ ਸਕਦਾ। ਮਰਯਾਦਾ ਵਿਚ ਕਿਸੇ ਵੀ ਤਰ੍ਹਾਂ ਦੀ ਢਿੱਲ ਜਾਂ ਲਚਕ ਇਸਲਾਮ ਤੋਂ ਨਾਬਰੀ ਮੰਨੀ ਜਾਣੀ ਸੀ ਜਿਸ ਕਰਕੇ ਹੋਰ ਤਰ੍ਹਾਂ ਦੀਆਂ ਸਮੱਸਿਆਵਾਂ ਖੜੀਆਂ ਹੋ ਜਾਣੀਆਂ ਸਨ। ਹੁਣ ਰਤਾ ਅਗਾਂਹ ਆ ਕੇ ਸ਼ਾਹ ਹੁਸੈਨ ਦੀਆਂ ਕਾਫੀਆਂ ਦਾ ਮਿਜਾਜ਼ ਵੀ ਵੇਖ ਲਈਏ। ਸ਼ਾਹ ਹੁਸੈਨ ਵਿਚ ਪ੍ਰੇਮ ਦੀ ਤੀਬਰਤਾ ਹੈ, ਵਿਛੋੜੇ ਦੀ ਕਸਕ ਹੈ, ਵਸਲ ਦੀ ਤਾਂਘ ਹੈ। ਇਸ ਤੋਂ ਬਿਨਾਂ ਉਸਦੀਆਂ ਕਾਫੀਆਂ ਉੱਪਰ ਭਗਤੀ ਲਹਿਰ ਅਤੇ ਭਗਤੀ ਕਾਵਿ ਦਾ ਵਿਆਪਕ ਅਸਰ ਹੈ। ਇਹ ਅਸਰ ਕਈਆਂ ਰੰਗਾਂ ਅਤੇ ਰੂਪਾਂ ਵਿਚ ਹੈ। ਗੁਰਬਾਣੀ ਦਾ ਅਸਰ ਤਾਂ ਵਿਚਾਰਾਂ, ਸ਼ਬਦਾਂ ਅਤੇ ਵਾਕੰਸ਼ਾਂ ਦੇ ਰੂਪ ਵਿਚ ਕਾਫ਼ੀ ਜ਼ਿਆਦਾ ਹੈ।[12] ਸਿਖ ਇਤਿਹਾਸਕ ਗ੍ਰੰਥਾਂ ਅਤੇ ਰਵਾਇਤਾਂ ਵਿਚ ਇਹ ਰਵਾਇਤ ਵੀ ਮਿਲਦੀ ਹੈ ਕਿ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋ ਰਹੀ ਸੀ ਤਾਂ ਚਾਰ ਭਗਤ; ਸਾਧੂ ਜਨ, ਪੀਲੂ, ਕਾਨ੍ਹਾ ਅਤੇ ਸ਼ਾਹ ਹੁਸੈਨ ਆਪੋ ਆਪਣੀ ਬਾਣੀ/ਕਲਾਮ ਇਸ ਗ੍ਰੰਥ ਵਿਚ ਦਰਜ ਕਰਵਾਉਣ ਆਏ ਸਨ, ਇਹ ਗੱਲ ਵੱਖਰੀ ਹੈ ਕਿ ਦਰਜ ਨਾ ਹੋ ਸਕੀ। ਪ੍ਰਸ਼ਨ ਇਹ ਕਿ ਗੁਰੂ ਨਾਨਕ ਕਾਲ ਦੇ ਕਵੀਆਂ, ਵਿਸ਼ੇਸ਼ ਕਰਕੇ ਅੰਨਧਰਮੀ ਭਗਤ ਕਵੀਆਂ ਉੱਤੇ, ਜੇ ਗੁਰਬਾਣੀ ਦਾ ਪ੍ਰਭਾਵ ਹੈ ਤਾਂ ਕਿਉਂ ਹੈ ? ਇਸ ਪ੍ਰਸ਼ਨ ਦਾ ਉੱਤਰ ਵੀ ਸਾਨੂੰ ਉਸ ਵੇਲੇ ਦੇ ਇਤਿਹਾਸਕ ਯਥਾਰਥ ਵਿਚੋਂ ਮਿਲ ਜਾਂਦਾ ਹੈ। ਸ਼ਾਹ ਹੁਸੈਨ ਦਾ ਜ਼ਮਾਨਾ ਅਕਬਰ ਦਾ ਜ਼ਮਾਨਾ ਹੈ ਜਿਸ ਵਿਚ ਧਾਰਮਿਕ ਸਹਿਣਸ਼ੀਲਤਾ, ਮਹਾਂਪੁਰਖਾਂ ਵਿਚਕਾਰ ਵਿਚਾਰ ਗੋਸ਼ਟੀਆਂ ਦਾ ਪ੍ਰਚਲਨ ਅਤੇ ਤਬਕਾਤੀ ਨੇੜਤਾ ਹੈ। ਅਕਬਰ ਆਪ ਵੀ ਸੁਲ੍ਹਾਕੁਲ ਹੁਕਮਰਾਨ ਸੀ ਅਤੇ ਉਸ ਨੇ ਆਪਣਾ ਇੱਕ ਨਵਾਂ ਧਰਮ ਦੀਨਿ ਇਲਾਹੀ ਵੀ ਪ੍ਰਚਲਿਤ ਕਰਨ ਦਾ ਯਤਨ ਕੀਤਾ। ਇਸ ਸਾਰੀ ਚਰਚਾ ਦਾ ਸਾਰੰਸ਼ ਇਹ ਹੈ ਕਿ ਇਸ ਵੇਲੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਪੱਧਰ ’ਤੇ ਸਮਾਜ ਦੇ ਸਾਰੇ ਵਰਗਾਂ ਜਾਤੀਆਂ ਅਤੇ ਫਿਰਕਿਆਂ ਵਿਚ ਸਹਿਯੋਗ ਅਤੇ ਇਕ-ਦੂਜੇ ਪ੍ਰਤਿ ਆਦਰ ਭਾਵ ਸੀ। ਏਸੇ ਲਈ ਇਸ ਕਾਲ ਖੰਡ ਦੀ ਕਵਿਤਾ ਵਿਚ ਸਭਿਆਚਾਰਕ ਸਾਂਝ, ਧਾਰਮਿਕ ਸਮਨਵੈ ਅਤੇ ਸੰਵਾਦ ਨਜ਼ਰੀ ਪੈਂਦਾ ਹੈ। ਕਿਸੇ ਵੀ ਰਚਨਾਕਾਰ ਦੀ ਰਚਨਾ ਵਿਚ ਉਸ ਦੇ ਤਖ਼ਲੁੱਸ, ਉਪ ਨਾਮ ਜਾਂ ਪੂਰਾ ਨਾਂ, ਉਸ ਦਾ ਪਿੰਡ ਪੀੜ੍ਹ, ਮਾਤਾ-ਪਿਤਾ ਦਾ ਨਾਂ, ਗੁਰੂ/ਅਧਿਆਪਕ ਦਾ ਨਾਂ, ਰਚਨਾ ਸਥਲ, ਰਚਨਾ-ਪ੍ਰਯੋਜਨ, ਰਚਨਾ-ਕਾਲ ਅਤੇ ਹੋਰ ਸਵੈਜੀਵਨਕ ਸੰਕੇਤ ਬਹੁਤਾ ਕਰਕੇ “ਪੁਸ਼ਪਿਕਾ” ਵਾਲੇ ਭਾਗ ਵਿਚ ਮਿਲਦੇ ਹਨ। ਪੁਸ਼ਪ ਦਾ ਅਰਥ ਫੁੱਲ ਹੈ ਅਤੇ ਆਖਰੀ ਅਵਸਥਾ ਫਲ (ਮਹਾਤਮ ਆਦਿ) ਦੀ ਹੁੰਦੀ ਹੈ। ਸੋ ਪੁਸ਼ਪਿਕਾ ਗ੍ਰੰਥ ਦਾ ਸਮਾਪਤੀ ਤੋਂ ਥੋੜ੍ਹਾ ਪਹਿਲੋਂ ਦਾ ਭਾਗ ਕਿਹਾ ਜਾ ਸਕਦਾ ਹੈ। ਲੇਖਕ ਦੇ ਨਿਜੀ ਵੇਰਵੇ ‘ਕਲਾਮ ਸ਼ਾਇਰ’, ‘ਕਵਿਓ ਵਾਚ’ ਜਾਂ ‘ਮਕੂਲਾ ਸ਼ਾਇਰ’ ਵਿਚ ਵੀ ਦਿੱਤੇ ਹੁੰਦੇ ਹਨ। ਇੰਜ ਪੁਸ਼ਪਿਕਾ ਗ੍ਰੰਥ ਦਾ ਉਹ ਭਾਗ ਹੁੰਦਾ ਹੈ ਜਿਸ ਵਿਚ ਉਸ ਰਚਨਾ ਵਿਸ਼ੇਸ਼ ਬਾਰੇ ਬੜੀ ਠੋਸ ਅਤੇ ਸੰਖੇਪ ਜਾਣਕਾਰੀ

ਮੁਹੱਈਆ ਕਰਵਾਈ ਗਈ ਹੁੰਦੀ ਹੈ ਪਰ ਇਹ ਵੀ ਗੱਲ ਪੱਕੀ ਹੈ ਕਿ ਕੇਵਲ ਅਜਿਹੀ ਜਾਣਕਾਰੀ ਉੱਪਰ ਹੀ ਨਿਰਭਰ ਨ ਰਿਹਾ ਜਾਵੇ, ਸਗੋਂ ਇਸ ਵਿਚ ਦਿੱਤੇ ਤੱਥਾਂ ਨੂੰ ਸਾਰੀ ਰਚਨਾ ਵਿਚ ਵਿਆਪਿਤ ਤੱਥਾਂ ਨਾਲ ਮੇਲ ਕੇ ਇਨ੍ਹਾਂ ਦੀ ਭਰੋਸੇਯੋਗਤਾ ਸਾਬਤ ਕਰ ਲਈ ਜਾਵੇ। ਜੇਕਰ 'ਪੁਸ਼ਪਿਕਾ' ਅਤੇ ਬਾਕੀ ਸੂਚਨਾਵਾਂ ਵਿਚ ਮਿਲਦੇ ਤੱਥਾਂ ਵਿਚ ਸਮਾਨਤਾ ਹੈ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਗ੍ਰੰਥ ਦੀ ਸੰਰਚਨਾ ਨੂੰ ਸਮਝਣ ਵਿਚ ਵੀ ਪੁਸ਼ਪਿਕਾ ਮਹੱਤਵਪੂਰਨ ਹੈ।[13] ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਾਲ ਸੰਕੇਤ ਰਹਿਤ ਰਚਨਾਵਾਂ ਵਿਚ ਵੀ ਕਾਲ ਸੰਕੇਤ, ਕਿਸੇ ਨ ਕਿਸੇ ਰੂਪ ਵਿਚ, ਮਿਲ ਜਾਂਦੇ ਹਨ। ਲੋੜ ਕੇਵਲ ਗਹਿਰਾਈ ਜਾਂ ਬਾਰੀਕੀ ਨਾਲ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਕਿਸੇ ਸਿੱਟੇ ਉੱਪਰ ਪਹੁੰਚਣ ਦੀ ਹੈ।

## ਹਵਾਲੇ ਤੇ ਟਿੱਪਣੀਆਂ

1. One of the first tasks of scholarship is the assembly of its materials, the careful undoing of the effects of time, the examinations as to authorship, authenticity and date.
2. **ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਭਿੰਨ ਪਾਸਾਰ** (ਸੰਪਾ. ਰਵਿੰਦਰ ਸਿੰਘ ਭੱਠਲ ਅਤੇ ਸੁਰਜੀਤ ਸਿੰਘ) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2005, ਪੰਨਾ 80.
3. **ਪੰਜਾਬੀ ਵਾਰਾਂ** (ਸੰਪਾ. ਪਿਆਰਾ ਸਿੰਘ ਪਦਮ), ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1980, ਪੰਨਾ 193.
4. **ਹੀਰ ਅਹਿਮਦ** (ਸੰਪਾ. ਸ.ਸ. ਪਦਮ) ਪੰਜਾਬੀ ਸਾਹਿਤ ਸਭਾ ਬਰਨਾਲਾ, ਮਾਰਚ 1960, ਪੰਨਾ 285.
5. **ਦਰਸ਼ਨ ਭਗਤ** (ਸੰਪਾ. ਪਿਆਰਾ ਸਿੰਘ ਪਦਮ) ਕਲਮ ਮੰਦਰ ਲੋਅਰਮਾਲ, ਪਟਿਆਲਾ, 1971, ਪੰਨਾ 71.
6. **ਸਾਡਾ ਹੱਥਲਿਖਤ ਪੰਜਾਬੀ ਸਾਹਿਤ** (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968, ਪੰਨਾ 37.
7. **ਹਾਸ਼ਮ ਰਚਨਾਵਲੀ** (ਸੰਪਾ. ਪਿਆਰਾ ਸਿੰਘ ਪਦਮ) ਕਲਮ ਮੰਦਿਰ, ਲੋਅਰਮਾਲ, ਪਟਿਆਲਾ, ਦੂਜੀ ਵਾਰ, 1969, ਪੰਨਾ 131.
8. ਵਧੇਰੇ ਵੇਰਵੇ ਲਈ ਵੇਖੋ ਮੁਹੰਮਦ ਅਸਲਮ ਦਾ ਲੇਖ "ਹੀਰ ਵਾਰਿਸ ਵਿਚ ਅਠਾਰ੍ਹਵੀ ਸਦੀ ਦੇ ਪੰਜਾਬ ਦਾ ਇਤਿਹਾਸ", '**ਖੋਜ ਦਰਪਣ**, ਅੰਕ 14, ਜੁਲਾਈ 1980, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨੇ 28-38.
9. **ਹਾਤਮਨਾਮਾ**, ਕ੍ਰਿਤ ਕਵੀ ਸੌਂਧਾ (ਸੰਪਾ. ਧਰਮ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1982, ਪੰਨਾ 43.
10. **ਉਹੀ**, ਪੰਨਾ 208.
11. **ਹਾਤਮਨਾਮਾ** (ਫ਼ਾਰਸੀ ਅੱਖਰ), ਪੰਨਾ 253.
12. ਵੇਖੋ **ਸ਼ਾਹ ਹੁਸੈਨ: ਜੀਵਨ ਤੇ ਰਚਨਾ** (ਸੰਪਾ. ਜੀਤ ਸਿੰਘ ਸੀਤਲ) ਵਿਚ ਜੀਤ ਸਿੰਘ ਸੀਤਲ ਦਾ ਲੇਖ, "ਸ਼ਾਹ ਹੁਸੈਨ ਅਤੇ ਗੁਰਬਾਣੀ", ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨੇ, 147-159.
13. ਵਧੇਰੇ ਵਿਸਤਾਰ ਲਈ ਵੇਖੋ ਧਰਮ ਸਿੰਘ ਦਾ ਲੇਖ, "ਸਾਹਿਤਕ ਖੋਜ ਵਿਚ ਪੁਸ਼ਪਿਕਾ ਦਾ ਮਹੱਤਵ, **ਖੋਜ ਦਰਪਣ**, ਅੰਕ 32, ਜੁਲਾਈ 1989-1993, ਪੰਨੇ 5-14.

# ਸਾਹਿਤ ਦਾ ਸਮਾਜ-ਸ਼ਾਸਤਰ : ਸਿੱਧਾਂਤਕ ਤੇ ਵਿਹਾਰਕ ਮਸਲੇ

—ਡਾ. ਸੁਰਿੰਦਰ ਕੁਮਾਰ ਦਵੇਸ਼ਵਰ*

ਸਾਹਿਤ ਜਾਂ ਕਲਾ ਦੀ ਸਿਰਜਣਾ ਅਜਿਹੀ ਪ੍ਰਕਿਰਿਆ ਹੈ ਜਿਹੜੀ ਇੱਕ ਪਾਸੇ ਆਪਣੇ ਭੂਮੀਗਤ ਆਧਾਰਾਂ ਅਤੇ ਭੌਤਿਕ-ਇਤਿਹਾਸਕ ਆਧਾਰਾਂ ਨਾਲ ਜੁੜੀ ਹੁੰਦੀ ਹੈ, ਦੂਜੇ ਪਾਸੇ ਇਨ੍ਹਾਂ ਆਧਾਰਾਂ ਦੇ ਅਨੁਭਵ ਦੀ ਪ੍ਰਗਟਾ ਵਿਧੀ ਪ੍ਰਾਕ੍ਰਿਤਕ ਵਿਗਿਆਨਾਂ ਦੀ ਤੱਥਮੂਲਕ-ਪ੍ਰਮਾਣਿਕ ਤੇ ਬਾਹਰਮੁਖੀ ਵਿਧੀ ਤੋਂ ਵੱਖਰੀ ਹੈ। ਸਾਹਿਤਕਾਰ/ਕਲਾਕਾਰ ਅਸਲ ਸੰਸਾਰ ਦਾ ਸੰਵੇਦਨਾਤਮਕ ਪ੍ਰਤੱਖੀਕਰਣ ਬਿੰਬਾਂ ਦੀ ਭਾਸ਼ਾ ਰਾਹੀਂ ਸੰਚਾਰਤ ਕਰਦਾ ਹੈ। ਇਹ ਬਿੰਬ ਉਸਦੇ ਮੂਨ ਅਨੁਭਵ ਉਤੇ ਆਧਾਰਿਤ ਹੁੰਦੇ ਹੋਏ ਆਪਣੇ ਸਿਰਜਣਾਤਮਕ ਅਮਲ ਵਿਚ ਭਿੰਨ ਰੂਪਾਂ ਵਿਚ ਦ੍ਰਿਸ਼ਮਾਨ ਹੁੰਦੇ ਹਨ। ਇੱਕ ਰੂਪ ਮਨੋ-ਕਲਪਿਤ ਘਾੜਤਾਂ ਦਾ ਹੈ ਜਿਹੜਾ ਗ਼ੈਰ-ਮੁਮਕਿਨ ਹੋਣ ਦੇ ਬਾਵਜੂਦ ਪ੍ਰਾਚੀਨ ਸਮਾਜਾਂ ਦੀ ਸਾਂਝੀ-ਮਾਨਸਿਕਤਾ ਦੀ ਸਿਰਜਣਾ ਹੈ। ਇਨ੍ਹਾਂ ਦਾ ਆਧਾਰ ਉਨ੍ਹਾਂ ਦੇ ਨਿਤ-ਦਿਹਾੜੀ ਦੇ ਪ੍ਰਾਕਿਰਤੀ ਅਤੇ ਦੂਸਰੇ ਸਮਾਜਾਂ ਵਿਰੁੱਧ ਸਮੂਹਿਕ ਘੋਲਾਂ ਵਿਚੋਂ ਗ੍ਰਹਿਣ ਚੇਤਨਾ ਦਾ ਪੁਨਰ-ਸਿਰਜਤ ਰੂਪ ਹੈ ਜਿਹੜਾ ਮਨੁੱਖ ਦੇ ਆਪਣੀਆਂ ਫੌਰੀ ਲੋੜਾਂ, ਸੁਪਨਿਆਂ ਅਤੇ ਕਲਪਿਤ ਕਲਾਵਾਂ ਦੀ ਪੂਰਤੀ ਦੀਆਂ ਤੀਬਰ ਤਾਂਘਾਂ (urges) ਦੇ ਪ੍ਰਗਟਾ ਦਾ ਮਾਧਿਅਮ ਬਣਿਆ। ਵਾਸਤਵ ਵਿਚ ਇਹੀ ਪ੍ਰਗਟਾ ਮਾਡਲ ਸਿਰਜਣਾਤਮਕ ਕਲਾਵਾਂ ਦਾ ਤਰਕੀ (logical) ਆਧਾਰ ਹੈ। ਇਹ ਦਿਖ ਰੂਪ ਵਿਚ ਭਾਵੇਂ ਭ੍ਰਾਤੀਆਂ ਜਾਂ ਗ਼ੈਰ-ਮੁਮਕਿਨ ਘਾੜਤਾਂ ਦਾ ਸੰਸਾਰ ਪ੍ਰਤੀਤ ਹੁੰਦਾ ਹੈ ਪਰੰਤੂ ਆਪਣੇ ਸਾਰ ਵਿਚ ਇਹ ਉਨ੍ਹਾਂ ਦੀ ਚੇਤਨਾ ਦੀ ਵਾਸਤਵਿਕਤਾ ਦਾ ਚਿਹਨੀਕਰਨ ਕਰਦਾ ਹੈ ਜਿਸ ਨੇ ਮਨੁੱਖੀ ਸਮਾਜ ਵਿਚ ਉਨ੍ਹਾਂ ਸਮਿਆਂ ਦੀ ਸਾਂਝ ਅਤੇ ਸਮੂਹਿਕ ਘੋਲਾਂ ਦੇ ਉਦਮ ਅਤੇ ਉਤਸ਼ਾਹ ਨੂੰ ਮੰਤਕੀ (Logical) ਮਜ਼ਬੂਤੀ ਬਖ਼ਸ਼ੀ। ਮੁੱਢਲੇ ਸਮਾਜਾਂ ਵਿਚ ਮਿੱਥਕ ਸਿਰਜਨਾਵਾਂ ਨੂੰ ਇਸੇ ਪ੍ਰਵਰਗ ਵਿਚ ਰੱਖਿਆ ਜਾ ਸਕਦਾ ਹੈ ਅਤੇ ਇਨ੍ਹਾਂ ਦੇ ਅਧਿਐਨ ਰਾਹੀਂ ਅਸੀਂ ਉਸ ਸਮੇਂ ਦੇ ਮਨੁੱਖ ਦੀ ਚੇਤਨਾਂ ਅਤੇ ਉਸ ਦੀ ਸਮਾਜਿਕ ਸਭਿਆਚਾਰਕ ਬਣਤਰਾਂ ਦੇ ਸਰੂਪ ਤੇ ਸੁਭਾਅ ਨੂੰ ਸਮਝ ਸਕਦੇ ਹਾਂ।

ਜਿਉਂ-ਜਿਉਂ ਮਨੁੱਖੀ ਚੇਤਨਾ ਅਮਲ ਤੇ ਅਨੁਭਵ ਦੀ ਸੰਵਾਦੀ ਪ੍ਰਕਿਰਿਆ ਰਾਹੀਂ ਪ੍ਰੌੜ ਹੋ ਕੇ ਪ੍ਰਵਾਹਵਾਨ ਹੁੰਦੀ ਗਈ ਤਿਉਂ-ਤਿਉਂ ਸਾਹਿਤ ਦੇ ਪੁਰਾਣੇ ਰੂਪਾਂ ਵਿਚ ਬਦਲਾਅ ਹੁੰਦਾ ਗਿਆ। ਕਾਲ ਤੇ ਸਥਿਤੀਆਂ ਦੀਆਂ ਨਵੀਆਂ ਲੋੜਾਂ, ਦਬਾਵਾਂ ਅਤੇ ਮਜ਼ਬੂਰੀਆਂ ਦੇ ਨਵੇਂ ਪ੍ਰਸੰਗਾਂ ਦੇ ਫਲਸਰੂਪ ਸਾਹਿਤਕ ਰੂਪਾਂ ਵਿਚ ਬਦਲਾਅ ਆਉਣ ਲੱਗੇ। ਬਰਾਬਰੀ 'ਤੇ ਆਧਾਰਤ ਆਦਿ ਸਮਾਜਾਂ ਵਿਚ ਪੈਦਾ ਹੋਏ ਜਮਾਤੀ-ਪਾੜਿਆਂ ਨੇ ਮਿੱਥਕ ਰੂਪਾਂ ਦੇ ਨਾਲ-ਨਾਲ ਵਿਰਲੀ ਸੰਭਾਵਨਾ ਵਾਲੀ ਸਿਰਜਣਾ ਵੀ ਪ੍ਰਗਟ ਹੋਣ ਲੱਗੀ । ਸਿੱਟੇ ਵਜੋਂ ਸਾਹਿਤ ਦੇ ਪ੍ਰਕਿਰਤੀ, ਪ੍ਰਕਿਰਿਆ ਅਤੇ ਪ੍ਰਕਾਰਜ ਦੇ ਤਿੰਨੋਂ ਪਾਸਾਰਾਂ ਦੇ ਪ੍ਰਸੰਗ ਵਿਚ ਨਵੇਂ ਸਾਹਿਤਕ ਰੂਪ ਹੋਂਦ ਵਿਚ ਆਏ। ਅਵਤਾਰ, ਪੈਗੰਬਰ, ਯੋਧਾ, ਭਗਤ, ਮਹਾਰਾਜਾ ਇਸ ਸਾਹਿਤ ਦੇ ਨਾਇਕ ਬਣਨ ਲਗੇ ਜਿਹਨਾਂ ਨੇ ਵਾਸਤਵ ਵਿਚ ਹਾਕਮਾਂ/ਕੁਲੀਨਾਂ ਅਤੇ ਮਤਹਿਤ/ਕਾਮਿਆਂ ਵਿਚਕਾਰ ਭੌਤਿਕ ਰਿਸ਼ਤੇ ਨੂੰ ਭਗਵਾਨ ਅਤੇ ਭਗਤ ਦੇ ਅਧਿਆਤਮਕੀ ਰਿਸ਼ਤੇ ਵਿਚ ਸਥਾਪਤ ਕੀਤਾ। ਮਹਾਂਕਾਵਿ ਅਜਿਹੇ ਸਮੇਂ ਦੇ ਸਾਹਿਤ ਦਾ ਉਤਕ੍ਰਿਸ਼ਟ ਰੂਪ ਬਣਿਆ। ਮੱਧਕਾਲੀ ਸ਼੍ਰੇਣੀ ਸਮਾਜਾਂ ਵਿਚ ਇਹ ਰੁਮਾਂਸ ਵਿਚ ਰੂਪਾਂਤਿਤ ਹੋਇਆ ਜਿਹੜਾ ਉਦਾਤ ਨਾਲੋਂ ਅਦਭੁਤ ਦੇ ਭਾਵ ਉੱਪਰ ਜ਼ਿਆਦਾ ਕੇਂਦਰਿਤ ਸੀ। ਰਾਜੇ-ਮਹਾਰਾਜੇ, ਜਗੀਰਦਾਰ, ਸ਼ਾਹੂਕਾਰ ਅਤੇ

* ਸਾਬਕਾ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਧਾਰਮਿਕ ਆਗੂ ਉਹ ਮਨੁੱਖ ਸਨ ਜਿਹੜੇ ਅਜਿਹੇ ਸਾਹਿਤ ਵਿਚ ਵਧਾ-ਚੜ੍ਹਾ ਦੇ ਪੇਸ਼ ਕੀਤੇ ਗਏ।

ਕੁਲੀਨ ਮੁਖੀ ਸਾਹਿਤ ਦੇ ਸਮਵਿੱਥ ਮੱਧਕਾਲ ਦੌਰਾਨ ਅਜਿਹਾ ਲੋਕ-ਸਾਹਿਤ ਵੀ ਸਾਹਮਣੇ ਆਇਆ ਜਿਹੜਾ ਕਾਮਿਆਂ ਦੀ ਬੌਧਿਕ ਸੂਝ, ਜਿਸਮਾਨੀ ਤਾਕਤ ਅਤੇ ਉਨ੍ਹਾਂ ਦੇ ਅਸਾਧਾਰਨ ਕਾਰਜਾਂ ਦੇ ਸੰਬੰਧਾਂ ਰਾਹੀਂ ਉਨ੍ਹਾਂ ਦੀਆਂ ਆਕਾਂਖਿਆਵਾਂ ਅਤੇ ਸਮੱਸਿਆਵਾਂ ਦੇ ਵਿਰੇਚਨ ਦੇ ਨਾਲ-ਨਾਲ ਉਨ੍ਹਾਂ ਦੇ ਮੰਨੋਰੰਜਨ ਦਾ ਜ਼ਰੀਆ ਬਣਿਆ। ਮੁੱਖ ਗੱਲ ਇਹ ਹੈ ਕਿ ਇਹ ਸਾਹਿਤ ਆਲੌਕਿਕ ਜਾਂ ਅਸਾਧਾਰਨ ਸ਼ਕਤੀਆਂ ਰੱਖਣ ਵਾਲੇ ਮਨੁੱਖ ਨਾਲ ਸੰਬੰਧਿਤ ਤਾਂ ਜ਼ਰੂਰ ਹੈ ਪਰੰਤੂ ਆਪਣੇ ਸਾਰ ਰੂਪ ਵਿਚ ਇਹ ਉਨ੍ਹਾਂ ਸਮਿਆਂ ਦੀ ਜੁਗ ਚੇਤਨਾਂ ਨੂੰ ਆਪਣੇ ਸਮਾਜਕ ਤੇ ਇਤਿਹਾਸਕ ਪ੍ਰਸੰਗਾਂ ਵਿਚ ਆਏ ਚੇਤਨਾ ਦੇ ਗੁਣਾਤਮਕ ਪਰਿਵਰਤਨ ਦਾ ਬੋਧ ਵੀ ਕਰਵਾਉਂਦਾ ਹੈ।

ਇਸੇ ਤਰ੍ਹਾਂ ਆਧੁਨਿਕ ਕਾਲ ਦੇ ਨਵੇਂ ਗਿਆਨਮੂਲਕ, ਵਿਗਿਆਨਵਾਦ ਅਤੇ ਤਕਨਾਲੋਜੀ ਦੇ ਫਲਸਰੂਪ ਜੋ ਸਨਅਤੀ ਇਨਕਲਾਬ ਆਇਆ ਉਸਨੇ ਮਨੁੱਖ ਦੇ ਵਿਚਾਰਾਂ, ਵਿਹਾਰਾਂ ਅਤੇ ਵਰਤਾਰਿਆਂ ਦੀ ਸਮਝ ਲਈ ਯਥਾਰਥ-ਬੋਧ ਦੀ ਵਿਗਿਆਨਕ ਵਿਧੀ ਅਤੇ ਦ੍ਰਿਸ਼ਟੀ ਨੇ ਮਾਨਵੀ ਹੋਂਦ, ਮਾਨਵੀ ਚਿੰਤਨ ਤੇ ਮਾਨਵੀ ਮੁੱਲਾਂ ਅਤੇ ਵਿਹਾਰਾਂ ਨੂੰ ਹੀ ਪੁਨਰ-ਪਰਿਭਾਸ਼ਤ ਨਹੀਂ ਕੀਤਾ ਸਗੋਂ ਪਦਾਰਥਕ ਤੇ ਸਿਰਜਣਾਤਮਕ ਉਤਪਾਦਨ ਨੂੰ ਵੀ ਨਵੇਂ ਪਾਸਾਰ ਮੁਹੱਈਆਂ ਕੀਤੇ। ਸਮਾਜਿਕ, ਆਰਥਿਕ ਤੇ ਰਾਜਸੀ ਬਣਤਰ ਦੇ ਸੁਭਾਅ ਬਦਲਣ ਲਗੇ। ਅਜਿਹੇ ਕ੍ਰਾਂਤੀਕਾਰੀ ਪਰਿਵਰਤਨ ਨੇ ਆਧੁਨਿਕ ਸੰਵੇਦਨਾ ਨੂੰ ਜਨਮ ਦਿੱਤਾ, ਜਿਸਦੇ ਪ੍ਰਗਟਾਅ ਲਈ ਸਾਹਿਤਕ ਰੂਪਾਂ ਵਿਚ ਨਵੇਂ ਪ੍ਰਯੋਗ ਹੋਏ। ਵਸਤ, ਵਿਧੀ ਅਤੇ ਦ੍ਰਿਸ਼ਟੀ ਪੱਖੋਂ ਆਧੁਨਿਕ ਸਾਹਿਤ ਪੈਦਾ ਹੋਇਆ ਜਿਹੜਾ ਆਪਣੇ ਸੁਭਾਅ ਵਿਚ ਯਥਾਰਥਵਾਦੀ ਸੀ।

ਮਾਨਵੀ ਸਮਾਜ ਦੇ ਵਿਕਾਸ ਦਾ ਇਤਿਹਾਸਕ ਵਹਾਅ ਭਿੰਨ-ਭਿੰਨ ਕਾਲਾਂ ਵਿਚ ਇਕਸਾਰ ਨਹੀਂ ਰਿਹਾ। ਸਪਸ਼ਟ ਹੈ ਕਿ ਵਿਕਾਸ ਦੇ ਅਜਿਹੇ ਵਹਾਅ ਵਿਚ ਸੋਚਣ, ਸਮਝਣ, ਵਿਉਂਤਣ ਅਤੇ ਸੰਕਲਪਾਂ ਦੇ ਰੂਪ ਵਿਚ ਪੇਸ਼ ਕਰਨ ਦੀ ਦਿਮਾਗੀ ਚੇਤਨਾ ਵੀ ਸਮੇਂ ਅਤੇ ਸਥਾਨ ਦੀ ਸਾਪੇਖਤਾ ਵਿਚ ਨਿਰੰਤਰ ਗਤੀਸ਼ੀਲ ਰਹੀ। ਸਾਹਿਤ ਕਿਉਂਕਿ ਚੇਤਨਾ ਦਾ ਹੀ ਇੱਕ ਸੁਭਾਵਿਕ-ਪ੍ਰਗਟਾ ਰੂਪ ਹੈ, ਇਸੇ ਲਈ ਸਾਹਿਤ ਦਾ ਵਹਾਅ ਵੀ ਬਹੁਤ ਗਤੀਸ਼ੀਲ ਰਿਹਾ ਹੈ। ਚੇਤਨਾ ਦਾ ਸੁਭਾਅ ਇੱਕੋ ਵੇਲੇ ਵਿਅਕਤੀਗਤ ਵੀ ਹੈ ਅਤੇ ਸਮੂਹਿਕ ਤੇ ਅਰਜਿਤ ਵੀ। ਵਿਅਕਤੀ ਤੇ ਸਮੂਹ ਚੇਤਨਾ ਦੇ ਅਮਲ ਆਪਣੀ ਸੰਬਾਦੀ, ਵਿਵਾਦੀ ਅਤੇ ਬਹੁ-ਧਿਰੀ ਪ੍ਰਕਿਰਿਆ ਹੈ ਜਿਸ ਦੇ ਫਲਸਰੂਪ ਇੱਕੋ ਕਾਲ ਤੇ ਸਥਾਨ ਵਿਚ ਇਹ ਇੱਕ ਦੂਜੇ ਦੇ ਭੇੜ ਵਿਚ ਹੁੰਦੀ ਹੈ ਅਤੇ ਇੱਕ ਦੂਜੇ ਨਾਲ ਸਾਂਝ ਅਤੇ ਸਹਿਮਤੀ ਵਿਚ ਵੀ। ਇਸ ਤਰ੍ਹਾਂ ਜੁਗ ਚੇਤਨਾ ਦਾ ਸਮੂਹਿਕ ਰੂਪ ਭਾਵੇਂ ਆਪਣੇ ਸਮੇਂ ਅਤੇ ਸਥਾਨ ਦਾ ਪ੍ਰਭਾਵੀ/ਪ੍ਰਭੁਤਵ (dominating) ਵਾਲਾ ਪ੍ਰਗਟਾ ਮੁਹਾਵਰਾ ਤਾਂ ਹੁੰਦਾ ਹੈ ਪਰੰਤੂ ਆਪਣੇ ਜਾਤੀ-ਜਮਾਤੀ ਵਿਤਕਰਿਆਂ ਦਾ ਦਬਾਅ ਅਤੇ ਦਰਦ ਝੱਲ ਰਹੀ ਵਿਅਕਤੀਗਤ ਚੇਤਨਾ ਵੀ ਅਜਿਹੀ ਕਰੁਣਾਮਈ ਅਤੇ ਦਮਨਮਈ ਦਸ਼ਾ ਵਿਰੁੱਧ ਆਪਣੀ ਧੁਨ ਅਲਾਪਦੀ ਹੈ, ਜਿਹੜੀ ਜੁਗ-ਚੇਤਨਾ ਦੀ ਦਿਖ ਰੱਖਦੀ ਹੋਈ ਆਪਣੇ ਸਾਰ ਵਿਚ ਉਸਦਾ ਵਿਦ੍ਰੋਹੀ ਪ੍ਰਵਚਨ ਸਿਰਜਦੀ ਹੈ। ਪੰਜਾਬੀ ਸਾਹਿਤ ਦੇ ਮੱਧਕਾਲ ਦਾ ਸਮੁੱਚਾ ਕਾਵਿ-ਪ੍ਰਵਚਨ ਇਸ ਦਾ ਠੋਸ ਪ੍ਰਮਾਣ ਹੈ। ਇਸ ਦਾ ਸਮਾਂ ਰੂੜ੍ਹੀਵਾਦੀ ਜਗੀਰਦਾਰੀ ਵਿਵਸਥਾ ਦਾ ਹੈ। ਪੂਰੇ ਸਮਾਜ ਦਾ ਬੁਨਿਆਦੀ ਖ਼ਾਸਾ ਪਿਤਰਕ, ਸੱਤਰੀਕ੍ਰਿਤ (stratified), ਸੱਤਾਵਾਦੀ, ਜਾਤੀ-ਜਮਾਤੀ ਸੰਸਕ੍ਰਿਤੀ ਵਾਲਾ ਹੈ ਜਿਸ ਵਿਚ ਵਿਅਕਤੀਗਤ ਆਜ਼ਾਦੀ, ਉਸ ਦੀ ਨਿੱਜੀ ਪਛਾਣ ਅਤੇ ਹੋਂਦ ਦੇ ਹੋਰ ਅਨੇਕ ਪਹਿਲੂ ਹਾਸ਼ੀਆਕ੍ਰਿਤ ਹਨ। ਸੂਫ਼ੀ ਕਾਵਿ, ਭਗਤੀ ਕਾਵਿ ਅਤੇ ਗੁਰਮਤਿ ਕਾਵਿ ਦਾ ਸਮੁੱਚਾ ਪਰਾਭੌਤਿਕੀ ਪ੍ਰਵਚਨ ਅਸਲ ਵਿਚ ਇਸ ਦਾ ਪ੍ਰਗਟਾ-ਮਾਧਿਅਮ ਹੈ। ਆਪਣੇ ਸਾਰ ਵਿਚ ਇਸ ਵਿਚੋਂ ਭੌਤਿਕ ਅਤੇ ਸਮਾਜਿਕ ਜੀਵਨ ਦੀਆਂ ਦੁਸ਼ਵਾਰੀਆਂ, ਦੁਰਬਲਤਾਵਾਂ ਅਤੇ ਦਲਿਦਰਗੀ ਆਦਿ ਪ੍ਰਤੀ ਵਿਦ੍ਰੋਹੀ ਸੁਰ ਦੀਆਂ ਸੰਕੇਤਕ ਰਮਜ਼ਾਂ ਅਤੇ ਵਿਅੰਗਮਈ ਧੁਨੀਆਂ ਨਿਰੰਤਰ ਤੇ ਸਪਸ਼ਟ ਰੂਪ ਵਿਚ ਸੁਣਾਈ ਦਿੰਦੀਆਂ ਹਨ। ਅਜਿਹੀਆਂ

ਸੁਰ-ਧੁਨੀਆਂ ਸਿਰਫ ਵਸਤ ਜਾਂ ਥੀਮਕ ਪਾਸਾਰਾਂ ਵਿਚ ਹੀ ਨਹੀਂ ਸਗੋਂ ਇਹ ਕਾਵਿ ਦੇ ਪ੍ਰਗਟਾ ਰੂਪਾਂ ਵਿਚਲੇ ਅੰਦਰੂਨੀ ਬਦਲਾਵਾਂ ਵਿਚ ਵੀ ਸਮੋਈਆਂ ਹੋਈਆਂ ਹਨ। ਸਪਸ਼ਟ ਹੈ ਕਿ ਚੇਤਨਾ ਅਤੇ ਚੇਤਨਾ ਦੇ ਰੂਪ ਹਕੀਕਤਾਂ ਵਿਚ ਕਾਰਜ/ਅਮਲ ਦੇ ਹੀ ਦਿਮਾਗੀ ਰੂਪ ਹਨ। ਕਾਰਜ/ਅਮਲ ਵਿੱਚੋਂ ਪੈਦਾ ਹੋ ਕੇ ਕਾਰਜ ਉਤੇ ਪਰਤਵਾਂ ਪ੍ਰਭਾਵ ਪਾਉਂਦੇ ਹਨ। ਕਾਰਜਾਂ ਦੀ ਕਿਰਿਆ ਪ੍ਰਣਾਲੀ ਪਦਾਰਥਕ ਅਤੇ ਸਮਾਜਕ ਧਰਾਤਲਾਂ ਨਾਲ ਜੁੜੀ ਹੈ। ਇਸ ਲਈ ਪਦਾਰਥਕ ਅਤੇ ਸਮਾਜਿਕ ਕਰਮ-ਖੇਤਰ, ਕਾਰਜਾਂ ਰਾਹੀਂ ਚੇਤਨਾ ਅਤੇ ਇਸ ਦੀਆਂ ਸਾਹਿਤਕ ਤੇ ਸਭਿਆਚਾਰਕ ਸਿਰਜਨਾਵਾਂ ਨਾਲ ਜੁੜ ਜਾਂਦਾ ਹੈ। ਇਉਂ ਸਾਹਿਤ ਤੇ ਚੇਤਨਾ ਵਿਚਕਾਰ ਅਨਿੱਖੜ ਸੰਬੰਧ ਹੈ ਪਰੰਤੂ ਇਹ ਸੰਬੰਧ ਸਰਲ, ਸਾਵਾਂ, ਸਰਵਾਂਗਸਮੀ, ਸਥਿਰ ਜਾਂ ਇਕਹਿਰੇ ਸੁਭਾਅ ਵਾਲਾ ਨਹੀਂ ਸਗੋਂ ਸੰਬਾਦੀ, ਵਿਵਾਦੀ, ਦੁਅੰਦਾਤਮਕ, ਜਟਿਲ ਅਤੇ ਗਤੀਸ਼ੀਲ ਸੁਭਾਅ ਅਤੇ ਪ੍ਰਭਾਵ ਵਾਲਾ ਹੈ। ਸਾਹਿਤਕ ਸਿਰਜਣਾ ਵਿਚ ਜਿਥੇ ਇਸ ਦੇ ਸੰਰਚਨਾਤਮਕ ਅਮਲ, ਪਾਠਕ ਅਤੇ ਸਮਾਜ-ਸਭਿਆਚਾਰਕ ਪ੍ਰਬੰਧਾਂ ਦੀ ਭੂਮਿਕਾ ਹੈ ਉਥੇ ਉਸ ਦੀ ਉਤਪਾਦਨ, ਵਿਤਰਣ ਅਤੇ ਵਿਚਾਰਧਾਰਕ ਭੂਮਿਕਾ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸਾਹਿਤ ਦਾ ਸਮਾਜ-ਸ਼ਾਸਤਰ ਸਾਹਿਤਕ ਅਮਲ ਦੀ ਜਿਹੜੀ ਪ੍ਰਕਿਰਿਆ ਨਾਲ ਜੁੜਿਆ ਹੈ। ਇਸ ਲਈ ਇਹ ਆਪਣੇ ਸੁਭਾਅ ਵਿਚ ਬਹੁਤ ਜਟਿਲ ਹੈ। ਇੱਕ ਪ੍ਰਸ਼ਨ/ਮਸਲਾ ਹੈ ਜਿਹੜਾ ਸਾਹਿਤ ਤੇ ਸਮਾਜ-ਸ਼ਾਸਤਰ ਨੂੰ ਸੰਬੋਧਿਤ ਹੈ ਕਿ ਕੀ ਸਾਹਿਤ ਨੂੰ ਸਮਾਜ-ਸ਼ਾਸਤਰ ਦੀ ਸ੍ਰੋਤ ਸਮੱਗਰੀ ਲਈ ਵਰਤਿਆ ਜਾਵੇ ਜਾਂ ਸਾਹਿਤਕ ਅਮਲ ਦੀ ਸਮੁੱਚੀ ਪ੍ਰਕਿਰਿਆ ਨੂੰ ਸਮਾਜ-ਸ਼ਾਸਤਰੀ ਆਧਾਰਾਂ ਉਤੇ ਖੋਲਿਆ ਜਾਵੇ ਜਾਂ ਸਾਹਿਤ ਨੂੰ ਮੁੱਲਾਂ ਤੇ ਵਿਚਾਰਧਾਰਾ ਦੇ ਹਥਿਆਰ ਵਜੋਂ ਜਾਂ ਸੱਤਾਧਾਰੀ ਧਿਰ ਦੇ ਜ਼ੋਰਾਵਰੀ ਦੇ ਸਹਿਮਤੀ ਪ੍ਰਵਚਨ (hegemonial discourse) ਵਜੋਂ ਜਾਂ ਸਾਹਿਤ ਦੀ ਖ਼ੁਦਮੁਖਤਾਰ ਹੋਂਦ ਮੰਨ ਕੇ ਇਸਦੇ ਸਮਾਜ-ਸ਼ਾਸਤਰੀ ਪੱਖਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਵੇ ? ਇਉਂ ਸਾਹਿਤ ਦਾ ਸਮਾਜ-ਸ਼ਾਸਤਰੀ ਚਿੰਤਨ ਅਜਿਹੇ ਪ੍ਰਮੁੱਖ ਸਿੱਧਾਂਤਕ ਤੇ ਵਿਹਾਰਕ ਮਸਲਿਆਂ ਦੇ ਆਹਮਣੇ-ਸਾਹਮਣੇ ਹੈ, ਜਿਸ ਬਾਰੇ ਡੂੰਘੀ ਖੋਜ ਅਤੇ ਗੰਭੀਰ ਅੰਤਰ-ਅਨੁਸ਼ਾਸਨੀ ਵਿਵੇਚਨੀ ਵਿਧੀ ਦੀ ਲੋੜ ਹੈ। ਹੁਣ ਤੱਕ ਦੇ ਅਜਿਹੇ ਚਿੰਤਨ ਵਿਚ ਜੋ ਪ੍ਰਮੁੱਖ ਰੁਝਾਨ ਅਤੇ ਵਿਦਵਾਨਾਂ ਦੇ ਮੱਤ ਸਾਹਮਣੇ ਆਏ ਹਨ, ਉਨ੍ਹਾਂ ਨੂੰ ਆਪਣੇ ਅਧਿਐਨ ਦੀ ਸੌਖ ਲਈ ਹੇਠ ਲਿਖੀਆਂ ਕੋਟੀਆਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ:

1. ਯਥਾਰਵਾਦੀ ਚਿੰਤਨ
2. ਮਾਰਕਸਵਾਦੀ-ਨਵ-ਮਾਰਕਸਵਾਦੀ ਚਿੰਤਨ
3. ਉਤਰ ਸੰਰਚਨਾਵਾਦੀ ਅਤੇ ਉਤਰ ਬਸਤੀਵਾਦੀ ਚਿੰਤਨ
4. ਪਾਠਕ/ਪਾਠਣ ਅਤੇ ਉਤਪਾਦਨ/ਵਿਤਰਣ ਕੇਂਦਰ ਚਿੰਤਨ

ਸਾਹਿਤ ਤੇ ਸਮਾਜ-ਸ਼ਾਸਤਰੀ ਅਧਿਐਨ ਦੇ ਆਦਿ-ਬਿੰਦੂ ਭਾਵੇਂ ਪਲੈਟੋ ਅਤੇ ਅਰਸਤੂ ਦੀਆਂ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਬਾਰੇ ਅਨੁਕਰਣ ਅਤੇ ਪੁਨਰ ਸਿਰਜਨ ਵਾਲੀ ਵਿਆਖਿਆ ਵਿਚੋਂ ਪ੍ਰਾਪਤ ਹੁੰਦੇ ਹਨ, ਪ੍ਰੰਤੂ ਅਨੁਕਰਣ ਵਿਆਖਿਆ ਇੱਕ ਤਰਫੀ ਅਤੇ ਸਥਿਰ ਪ੍ਰਤਿਬਿੰਬ ਵਾਲੀ ਹੈ। ਅਰਸਤੂ ਦੇ ਸਾਹਿਤ ਦੀ ਪ੍ਰਕਿਰਤੀ ਬਾਰੇ ਕੀਤੇ ਇਸ ਕਥਨ ਦੀ ਸਚਾਈ ਨੂੰ ਅੱਜ ਤੱਕ ਦੀ ਸਾਹਿਤ ਦੀ ਆਲੋਚਨਾ ਨੇ ਵੀ ਸਵੀਕਾਰਿਆ ਹੈ, ਜਿਸ ਵਿਚ ਉਸ ਨੇ ਸਾਹਿਤਕ ਰਚਨਾ ਵਿਚ ਪੇਸ਼ ਯਥਾਰਥ ਨੂੰ 'ਹੈ' ਨਾਲੋਂ 'ਸੰਭਾਵੀ ਹੈ' (probable) ਵੱਧ ਮੰਨਿਆ ਹੈ। ਸੰਭਾਵੀ ਯਥਾਰਥ ਨੂੰ ਉਸ ਨੇ ਯਥਾਰਥ ਦਾ ਉਹ ਅਨੁਮਾਨਤ (assumption) ਸੱਚ ਮੰਨਿਆ ਜਿਹੜਾ ਪ੍ਰਾਪਤ ਸਥਿਤੀਆਂ ਵਿਚਲੇ ਅੰਤਰ-ਵਿਰੋਧਾਂ ਅਤੇ ਅੰਤਰ ਕਿਰਿਆਵਾਂ ਦੇ ਸੰਘਰਸ਼ੀ ਅਮਲ ਵਿਚੋਂ ਆਪਣਾ ਨਵਾਂ ਤੇ ਸਾਰਥਕ ਰੂਪ ਗ੍ਰਹਿਣ ਕਰਨ ਦੀ ਨਿਆਂਸ਼ੀਲ ਸੰਭਾਵਨਾ ਜਗਾਉਂਦਾ ਹੈ। ਪਰੰਤੂ ਅਜਿਹੀ ਪਛਾਣ ਸਜਗ ਤੇ ਸੂਝਵਾਨ ਸਾਹਿਤਕਾਰ ਦੀ ਸੂਖ਼ਮ-ਦਰਸ਼ੀ ਤੇ ਬਾਰੀਕ (minute and microscopic) ਮਹਾਂ ਦ੍ਰਿਸ਼ਟੀ (vision) ਹੀ ਕਰ ਸਕਦੀ ਹੈ। ਪਲੈਟੋ ਤੋਂ ਅਗਲੇਰੇ ਸਮਿਆਂ ਵਿਚ ਸਮੇਤ/ਪੁਰਾਤਨ ਭਾਰਤੀ ਸਾਹਿਤ ਦੇ ਪ੍ਰਸੰਗ

ਵਿਚ ਸਾਹਿਤ ਦੀ ਸਿਰਜਣਾ ਨੂੰ 'ਪੈਗੰਬਰੀ ਪ੍ਰਵਚਨ', 'ਦੈਵੀ ਪ੍ਰੇਰਨਾ', 'ਰੱਬੀ ਇਲਹਾਮ' ਜਾਂ 'ਖਸਮ ਕੀ ਬਾਣੀ' ਆਦਿ ਦੇ ਆਧਾਰਾਂ ਨਾਲ ਜੋੜਿਆ ਗਿਆ ਜਿਨ੍ਹਾਂ ਦਾ ਮੁੱਖ ਪ੍ਰਯੋਜਨ ਮਨੁੱਖ ਦੇ ਹੋਂਦਗਤ ਪ੍ਰਸ਼ਨਾਂ ਨੂੰ ਅਧਿਆਤਮਕੀ ਅਮਲ ਅਤੇ ਵਿਸ਼ਵਾਸ ਨਾਲ ਸੁਲਝਾਉਣਾ ਸੀ ਅਤੇ ਆਪਣੇ ਨੈਤਿਕ ਤੇ ਸਦਾਚਾਰਕ ਮੁੱਲਾਂ ਦੇ ਪ੍ਰਵਚਨ ਰਾਹੀਂ ਸੱਚੇ/ਸੁੱਚੇ ਮਨੁੱਖ ਦੀ ਉਸਾਰੀ ਕਰਨੀ ਸੀ, ਦੂਜੇ ਪਾਸੇ ਜਮਾਤੀ ਸਮਾਜਾਂ ਦੇ ਹਿੱਤਾਂ ਦੀ ਰਾਖੀ।

ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਭੌਤਿਕਵਾਦੀ ਦਾਰਸ਼ਨਿਕਾਂ ਦੇ ਪਦਾਰਥ ਦੀ ਪ੍ਰਮੁੱਖਤਾ ਦੇ ਸਿੱਧਾਂਤ ਅਤੇ ਚੇਤਨਾ ਦੀ ਪਦਾਰਥ ਦੁਆਰਾ ਨਿਰਮਾਣਤਾ ਅਤੇ ਪਦਾਰਥ ਦੇ ਵਿਕਾਸ ਦੇ ਨਿਯਮਾਂ ਦੀ ਤਲਾਸ਼; ਪ੍ਰਕਿਰਤਕ ਤੇ ਜੀਵ-ਵਿਗਿਆਨੀਆਂ ਦੀਆਂ ਖੋਜਾਂ ਅਤੇ ਮਨ/ਚੇਤਨ-ਅਵਚੇਤਨ ਆਦਿ ਦੇ ਰਹੱਸਾਂ ਦੀ ਮਨੋਵਿਗਿਆਨਕ ਪਛਾਣ ਆਦਿ ਨੇ ਮਨੁੱਖ ਦੇ ਪੂਰਵਲੇ ਗਿਆਨ ਤੇ ਵਿਸ਼ਵਾਸ ਦੇ ਮਿੱਥਕੀ ਪ੍ਰਬੰਧਾਂ, ਮੁੱਲਾਂ, ਆਦਰਸ਼ਾਂ ਅਤੇ ਮਾਨਵੀ ਹੋਂਦ ਨਾਲ ਸੰਬੰਧਿਤ ਉਸਦੇ ਭਾਵ-ਜਗਤ ਅਤੇ ਵਿਚਾਰ-ਜਗਤ ਦੇ ਸੰਰਚਨਾਤਮਕ ਮਾਡਲਾਂ ਨੂੰ ਯਥਾਰਥਬੱਧ ਕਰਨ ਦੀ ਵਿਗਿਆਨਕ ਵਿਧੀ ਰਾਹੀਂ ਪੁਨਰ ਸਥਾਪਤ ਕੀਤਾ ਅਤੇ ਮਨੁੱਖੀ ਗਿਆਨ, ਵਿਹਾਰ ਅਤੇ ਸਭਿਆਚਾਰਕ ਸਿਰਜਣਾਵਾਂ ਦੇ ਸਮੂਹ ਅਮਲਾਂ, ਪ੍ਰਬੰਧਾਂ ਅਤੇ ਧਾਰਨਾਵਾਂ ਦੇ ਅਧਿਐਨ ਲਈ ਵਿਗਿਆਨਕ ਵਿਧੀ ਦਾ ਪ੍ਰਚਲਨ ਕੀਤਾ। ਪ੍ਰਮਾਣਵਾਦੀ ਨਿਸ਼ਚੇਵਾਦ (positivism) ਨੇ ਕਿਸੇ ਵੀ ਵਸਤ /ਵਰਤਾਰੇ/ਵਿਚਾਰ ਜਾਂ ਹਸਤੀ ਦੀ ਹੋਂਦ ਨੂੰ ਤਾਂ ਹੀ ਸਵੀਕਾਰਿਆ ਜੇ ਉਸ ਦੀ ਪ੍ਰਮਾਣਕਤਾ ਸਿੱਧ ਹੋਈ ਹੋਵੇ। ਕਾਮਤੇ ਨੇ ਕਿਹਾ, "ਜਿਵੇਂ ਭੌਤਿਕ ਸੰਸਾਰ ਵਿਚ ਖਿੱਚ-ਸ਼ਕਤੀ (gravity) ਕਾਰਜ ਕਰਦੀ ਹੈ, ਉਸੇ ਤਰ੍ਹਾਂ ਸਮਾਜ ਦੀ ਆਪਣੀ ਨਿਯਮ-ਪ੍ਰਣਾਲੀ ਹੈ।"

ਨਵੇਂ ਗਿਆਨਵਾਦ (enlightenments) ਨੇ ਯਥਾਰਥ ਦੇ ਸੰਕਲਪ ਨੂੰ ਅਧਿਆਤਮਕੀ ਸਰੂਪ ਵਿਚੋਂ ਬਾਹਰ ਕੱਢ ਕੇ ਇਸ ਨੂੰ ਭੌਤਿਕਵਾਦੀ ਆਧਾਰ ਮੁਹੱਈਆ ਕੀਤਾ ਅਤੇ ਆਪਣੀ ਦ੍ਰਿਸ਼ਟੀ ਅਤੇ ਵਿਧੀ ਰਾਹੀਂ ਪ੍ਰਮਾਣਕਿਤਾ ਬਣਾਈ। ਸਾਹਿਤਕ ਅਤੇ ਸਭਿਆਚਾਰਕ ਸਿਰਜਣਾਵਾਂ ਨੂੰ ਸਮਾਜ ਦੀ ਸਾਪੇਖਤਾ ਵਿਚ ਦੇਖਣ/ਸਮਝਣ ਦੇ ਇਸ ਨਵੇਂ ਵਿਖਿਆਨ ਨੇ ਸਾਹਿਤ ਸਿਰਜਣ ਅਤੇ ਇਸਦੇ ਅਧਿਐਨ ਦੀ ਯਥਾਰਥਵਾਦੀ ਪੱਧਤੀ ਅਤੇ ਦ੍ਰਿਸ਼ਟੀ ਨੂੰ ਵਿਕਸਤ ਕੀਤਾ। ਇਸ ਦੇ ਆਧਾਰ 'ਤੇ ਹੀ ਸਾਹਿਤ ਦੇ ਸਮਾਜ ਸ਼ਾਸਤਰੀ ਅਧਿਐਨ ਦਾ ਵਿਧੀਬਧ ਕਾਰਜ ਆਰੰਭ ਹੋਇਆ। ਜਰਮਨ ਦਾਰਸ਼ਨਿਕ ਅਤੇ ਸਾਹਿਤ ਆਲੋਚਕ ਜੇ. ਸੀ. ਹਰਦਰ (J.C. Herder 1744-1803) ਨੇ ਇਤਿਹਾਸ ਅਤੇ ਸਭਿਆਚਾਰ ਦਾ ਅਧਿਐਨ ਨਵੇਂ ਗਿਆਨਵਾਦ (enlightenment) ਦੀ ਪਹੁੰਚ-ਦ੍ਰਿਸ਼ਟੀ ਰਾਹੀਂ ਕਰਨ ਦਾ ਯਤਨ ਕੀਤਾ। ਮਦਾਮ ਸਤੇਲ (1766-1817) ਫਰਾਂਸੀਸੀ ਮਹਿਲਾ ਸਾਹਿਤ ਚਿੰਤਕ ਸੀ ਜਿਸਨੇ ਆਪਣੀ ਪੁਸਤਕ **ਸਮਾਜਿਕ ਸੰਸਥਾਵਾਂ ਨਾਲ ਸਾਹਿਤ ਦੇ ਸੰਬੰਧਾਂ 'ਤੇ ਵਿਚਾਰ** ਵਿਚ ਪਹਿਲੀ ਵਾਰ ਸਾਹਿਤ ਦੇ ਭੌਤਿਕ ਆਧਾਰਾਂ, ਸਮਾਜਿਕ ਅਸਤਿਤਵ, ਸਮਾਜਿਕ ਸੰਸਥਾਵਾਂ ਅਤੇ ਉਨ੍ਹਾਂ ਦੀ ਕਿਰਿਆ-ਪ੍ਰਕਿਰਿਆ ਬਾਰੇ ਵਿਧੀਬਧ ਢੰਗ ਨਾਲ ਵਿਚਾਰ ਕੀਤਾ। ਸਾਹਿਤ ਦੇ ਸਮਾਜ-ਸ਼ਾਸਤਰ ਦੇ ਪ੍ਰਸੰਗ ਵਿਚ ਉਸ ਦੇ ਨੁਕਤੇ ਵਿਚਾਰਨਯੋਗ ਹਨ:

1. ਸਾਹਿਤ ਉਤੇ ਪ੍ਰਾਕ੍ਰਿਤਕ ਪਰਿਵੇਸ਼ ਅਤੇ ਨਸਲ ਦੇ ਪ੍ਰਭਾਵ ਦਾ ਵਿਸ਼ਲੇਸ਼ਣ;
2. ਉਸਨੇ ਸਮਾਜਿਕ ਤਬਦੀਲੀ ਨੂੰ ਸਾਹਿਤ ਨਾਲ ਜੋੜਿਆ;
3. ਸਾਹਿਤ ਤੇ ਰਾਜਨੀਤੀ ਦੇ ਸੰਬੰਧਾਂ ਦੀ ਵਕਾਲਤ ਕਰਦੇ ਹੋਏ ਸਾਹਿਤ ਵਿਚ ਨਿਆਂ ਅਤੇ ਸੁਤੰਤਰਤਾ ਲਈ ਚਲ ਰਹੇ ਅੰਦੋਲਨਾਂ ਦੇ ਚਿਤ੍ਰਣ ਨੂੰ ਜ਼ਰੂਰੀ ਮੰਨਿਆ।
4. ਨਾਵਲ ਦੇ ਉਦੈ ਦੇ ਪ੍ਰੇਰਕਾ ਨੂੰ ਉਸਨੇ ਮੱਧ ਵਰਗ ਦੀ ਹੋਂਦ, ਸਮਾਜ ਵਿਚ ਨਾਰੀ ਦੀ ਸਥਿਤੀ ਵਿਚਲੇ ਬਦਲਾਓ ਅਤੇ ਆਧੁਨਿਕ ਜੁਗ ਵਿਚ ਵਿਕਸਤ ਹੋਈ ਯਥਾਰਥਵਾਦੀ ਦ੍ਰਿਸ਼ਟੀ ਨੂੰ ਮੰਨਿਆ।

ਮਦਾਮ ਸਤੇਲ ਦੇ ਇਨ੍ਹਾਂ ਵਿਚਾਰਾਂ ਦਾ ਪ੍ਰਭਾਵ Ian Watt ਦੀ ਪ੍ਰਸਿੱਧ ਪੁਸਤਕ **The Rise of Novel** ਵਿਚ ਸਪੱਸ਼ਟ ਦਿਖਾਈ ਦਿੰਦਾ ਹੈ। ਸਾਹਿਤ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਕ ਆਧਾਰਾਂ ਬਾਰੇ ਈਪਲੀਤ ਤੇਨ (Itioppolyte Taine, 1828-1893) ਦਾ ਕਾਰਜ ਮਹੱਤਵਪੂਰਨ ਹੈ। ਉਸਨੇ ਮਦਾਨ ਸਤੇਲ ਦੇ ਰਾਸ਼ਟਰੀ ਚਰਿੱਤਰ (national character) ਤੋਂ ਜੁਗ-ਚੇਤਨ (soul of time) ਦਾ ਸੰਕਲਪ ਲਿਆ ਅਤੇ ਕਿਸੇ ਵੀ ਕਿਰਤ ਦੇ ਪਰਿਵੇਸ਼ ਮੂਲਕ ਅਧਿਐਨ ਲਈ ਤਿੰਨ ਮੁੱਖ ਤੱਤਾਂ-ਨਸਲ (race), ਮਾਹੌਲ (millieu) ਅਤੇ ਯੁਗਕਾਲ (moment) ਨੂੰ ਜੋੜਿਆ। ਇਥੇ ਇਹ ਦਸਣਾ ਬਣਦਾ ਹੈ ਕਿ ਤੇਨ ਨੇ ਫਰਾਂਸੀਸੀ ਸ਼ਬਦ ਦਾ ਅੰਗਰੇਜ਼ੀ ਸਮਰੂਪ race ਲਿਆ ਜਿਸ ਨੂੰ ਅਸੀਂ ਨਸਲ ਦੇ ਅਰਥਾਂ ਵਿਚ ਗ੍ਰਹਿਣ ਕੀਤਾ। ਵਾਸਤਵ ਵਿਚ ਤੇਨ ਨੇ ਇਸ ਨੂੰ 'ਸਮੂਹਿਕ ਸਭਿਆਚਾਰਕ ਧਾਰਣਾ' (collective cultural disposition) ਦੇ ਅਰਥਾਂ ਵਿਚ ਵਰਤਿਆ ਸੀ ਜਿਹੜਾ ਵਿਸ਼ਵ ਸਮਾਜ ਤੇ ਸਭਿਆਚਾਰ ਦੇ ਹਰੇਕ ਵਿਅਕਤੀ ਅੰਦਰ ਜਮਾਂਦਰੂ/ਆਂਤਰਿਕ ਰੂਪ ਵਿਚ ਬੈਠਿਆ ਹੁੰਦਾ ਹੈ, ਬਗ਼ੈਰ ਉਸਦੇ ਗਿਆਨ ਅਤੇ ਸਹਿਮਤੀ ਦੇ ਉਸਨੂੰ ਕਾਬੂ ਵਿਚ ਰੱਖਣਾ ਹੈ। ਮਾਹੌਲ (millieu) ਅਜਿਹੇ ਇਕੱਤ੍ਰਤ ਅਨੁਭਵ ਨੂੰ ਜਾਂ ਤਾਂ ਤੋੜਦਾ-ਮਰੋੜਦਾ (distortion) ਹੈ ਜਾਂ ਉਸ ਦਾ ਰੂਪਾਂਤਰਣ/ਵਿਕਾਸ ਕਰਦਾ ਹੈ। ਕਾਲ/ਯੁੱਗ (moment) ਜਿਸ ਨੂੰ epoch ਵੀ ਲਿਖਿਆ ਜਾਂਦਾ ਹੈ, ਵਿਅਕਤੀ ਦੇ ਉਹ ਅਨੁਭਵ ਹਨ ਜਿਹੜੇ ਉਹ ਆਪਣੇ ਸਮੇਂ/ਕਾਲ ਦੇ ਪ੍ਰਸੰਗ ਵਿਚ ਬਾਹਰੀ ਯਥਾਰਥ ਨਾਲ ਆਪਣੀ ਅੰਤਰ-ਕਿਰਿਆ-ਪ੍ਰਤਿਕਿਰਿਆ ਵਿਚੋਂ ਗਤੀਮਾਤਰ ਜਾਂ ਸੰਵੇਗ ਰੂਪ ਵਿਚ ਗ੍ਰਹਿਣ ਕਰਦਾ ਹੈ। ਇਹ ਇੱਕ ਤਰ੍ਹਾਂ ਕਾਲ ਜੁਗ-ਚੇਤਨਾ ਹੈ। ਤੇਨ ਨੇ ਪਹਿਲੇ ਦੋ ਤੱਤਾਂ ਨੂੰ ਸਥਿਰ ਅਤੇ ਨਿਸ਼ਚਿਤ ਕਿਹਾ। ਇਉਂ ਤੇਨ ਦੀ ਸਾਹਿਤ ਦੇ ਸਮਾਜ ਸ਼ਾਸਤਰ ਪ੍ਰਤਿ ਪਹੁੰਚ-ਵਿਧੀ ਅਤੇ ਦ੍ਰਿਸ਼ਟੀ ਇਤਿਹਾਸਵਾਦੀ ਹੈ ਜਿਹੜੀ ਸਾਹਿਤ ਨੂੰ ਵਿਸ਼ੇਸ਼ ਕਾਲ ਦੇ ਇਤਿਹਾਸ ਅਤੇ ਸਭਿਆਚਾਰਕ ਪਰਿਵੇਸ਼ ਨਾਲ ਅੰਤਰ-ਸੰਬੰਧਿਤ ਕਰਦੀ ਹੈ। ਇਸੇ ਆਧਾਰ 'ਤੇ ਉਹ ਆਪਣੀ ਪੁਸਤਕ **History of English Literature** ਵਿਚ ਨਾਵਲ ਨੂੰ ਉਦਯੋਗਿਕ ਸਮਾਜ ਦੀ ਪ੍ਰਮੁੱਖ ਰੂਪ-ਵਿਧਾ ਮੰਨਦਾ ਹੈ। ਪਰੰਤੂ ਤੇਨ ਦੇ ਇਸ ਸਿੱਧਾਂਤ ਦਾ ਵਿਰੋਧ ਇਸ ਗੱਲ ਕਰਕੇ ਹੋਇਆ ਕਿ ਇਹ ਆਪਣੇ ਸੁਭਾਅ 'ਚ ਮਕਾਨਕੀ, ਸਰਲੀਕ੍ਰਿਤ ਅਤੇ ਸਤੱਈ ਹੈ ਜਿਸ ਵਿਚ ਸਾਹਿਤ ਦੀ ਭੂਮਿਕਾ, ਵਿਅਕਤੀ ਪ੍ਰਤਿਭਾ ਅਤੇ ਉਸ ਦਾ ਮਿਜਾਜ਼ ਗ਼ੈਰ-ਹਾਜ਼ਰ ਹੋਇਆ ਹੈ। ਇਨ੍ਹਾਂ ਕਮਜ਼ੋਰੀਆਂ ਦੇ ਬਾਵਜੂਦ ਤੇਨ ਦੀ ਸਾਹਿਤ/ਕਲਾ ਨੂੰ ਮਨੁੱਖ ਦੀ ਮਾਨਸਿਕਤਾ ਨਾਲ ਜੋੜਨ ਅਤੇ ਮਾਨਸਿਕਤਾ ਨੂੰ ਉਸ ਦੀਆਂ ਸਮਾਜ-ਸਭਿਆਚਾਰਕ ਪਰਿਸਥਿਤੀਆਂ ਨਾਲ ਜੋੜਨ ਦੀ ਵਿਆਖਿਆ ਨੇ ਸਮਾਜ-ਸ਼ਾਸਤਰ ਦੀ ਸਿੱਧਾਂਤਕਾਰੀ ਦੇ ਇਤਿਹਾਸ ਵਿਚ ਆਪਣਾ ਯੋਗਦਾਨ ਪਾਇਆ।

### ਮਾਰਕਸਵਾਦੀ/ਨਵ-ਮਾਰਕਸਵਾਦੀ ਚਿੰਤਨ

ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਦਾਰਸ਼ਨਿਕ ਸਮਾਜ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਾਹਿਤ ਅਤੇ ਕਲਾ ਵਿਚ ਵੀ ਆਪਣੀ ਦਿਲਚਸਪੀ ਦਿਖਾਈ। ਭਾਵੇਂ ਉਨ੍ਹਾਂ ਨੇ ਸਾਹਿਤ ਦੇ ਸੁਹਜ-ਸ਼ਾਸਤਰ ਅਤੇ ਸਮਾਜ-ਸ਼ਾਸਤਰ ਦੇ ਮਸਲਿਆਂ ਬਾਰੇ ਵਿਧੀਬੱਧ ਢੰਗ ਨਾਲ ਨਹੀਂ ਲਿਖਿਆ ਪਰੰਤੂ ਸਾਹਿਤ ਅਤੇ ਕਲਾ ਦੇ ਬੁਨਿਆਦੀ ਮਸਲਿਆਂ ਬਾਰੇ ਉਨ੍ਹਾਂ ਦੀਆਂ ਧਾਰਨਾਵਾਂ ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਸਾਹਿਤ ਦਾ ਮਾਰਕਸਵਾਦੀ ਸਮਾਜ-ਸ਼ਾਸਤਰ ਉਸਾਰਣ ਵਿਚ ਬੁਨਿਆਦੀ ਭੂਮਿਕਾ ਨਿਭਾਉਣ ਵਾਲੀਆਂ ਹਨ। ਉਨ੍ਹਾਂ ਨੇ ਸਾਹਿਤ ਅਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਆਧਾਰ ਅਤੇ ਉਸ ਦੇ ਮਕਾਨਕੀ ਰੂਪ ਵਿਚ ਹੀ ਨਹੀਂ ਸਵੀਕਾਰ ਕੀਤਾ ਸਗੋਂ ਸਾਹਿਤ ਦੀ ਆਪਣੀ ਵਿਸ਼ਿਸ਼ਟ ਭੂਮਿਕਾ ਦੇ ਮਹੱਤਵ ਨੂੰ ਵੀ ਦ੍ਰਿੜ ਕਰਵਾਇਆ। ਚੇਤਨਾ ਦੇ ਵਿਭਿੰਨ ਰੂਪਾਂ ਵਿਚ ਪ੍ਰਗਟ ਹੋਈਆਂ ਆਪਣੀਆਂ ਵਿਚਾਰਧਾਰਾਈ ਅਤੇ ਸਮਾਜਕ ਸਿਰਜਣਾਵਾਂ ਬਾਰੇ ਕਾਰਲ ਦੀ ਵਿਆਖਿਆ ਨੂੰ ਸਮਝਣ ਲਈ ਸਾਨੂੰ ਉਸ ਦੇ **A Contribute to the Critique of Political Economy** ਵਿਚ ਦਰਜ

ਉਸ ਬੁਨਿਆਦੀ ਆਧਾਰ ਸੂਤਰ ਦਾ ਉਲੇਖ ਕਰਨਾ ਹੋਵੇਗਾ ਜਿਸ ਦੇ ਅੰਤਰਗਤ ਉਸ ਨੇ ਆਪਣੀਆਂ ਬੁਨਿਆਦੀ ਧਾਰਨਾਵਾਂ ਪ੍ਰਸਤੁਤ ਕੀਤੀਆਂ :

–ਸਾਹਿਤ/ਕਲਾ ਵਿਚਾਰਧਾਰਾ ਇੱਕ ਰੂਪ ਹੈ; ਇਹ ਸਮਾਜ ਦੇ ਆਰਥਕ, ਭੌਤਿਕ ਜੀਵਨ ਵਿਚੋਂ ਉਤਪੰਨ ਅਤੇ ਉਸ ਉੱਤੇ ਆਧਾਰਿਤ ਹੈ;

–ਆਰਥਿਕ ਆਧਾਰ ਵਿਚ ਆਉਂਦੀਆਂ ਤਬਦੀਲੀਆਂ ਥੋੜ੍ਹੇ ਜਾਂ ਬਹੁਤੇ ਸਮੇਂ ਵਿਚ ਸਮੁੱਚੇ ਤੇ ਭਾਰੀ ਉਪਰਾਲੇ ਢਾਂਚੇ ਵਿਚ ਵੀ ਤਬਦੀਲੀਆਂ ਲਿਆਉਂਦੀਆਂ ਹਨ;

–ਅਜਿਹੇ ਰੂਪਾਂਤਰ/ਤਬਦੀਲੀਆਂ ਦਾ ਅਧਿਐਨ ਕਰਦੇ ਸਮੇਂ ਇਹ ਵੀ ਜ਼ਰੂਰੀ ਹੈ ਕਿ ਉਤਪਾਦਨ ਦੀਆਂ ਆਰਥਿਕ ਹਾਲਤਾਂ ਵਿਚ ਪਦਾਰਥਕ ਰੂਪਾਂਤਰ (ਜਿਸ ਦਾ ਭੌਤਿਕ ਵਿਗਿਆਨਾਂ ਵਾਂਗ ਹੀ ਸਹੀ ਨਿਰਣਾ ਕੀਤਾ ਜਾ ਸਕਦਾ ਹੈ) ਅਤੇ ਵਿਚਾਰ ਦੇ ਰੂਪਾਂ ਤੇ ਰੂਪਾਂਤਰ ਵਿਚਲੇ ਫ਼ਰਜ਼ ਨੂੰ ਧਿਆਨ ਵਿਚ ਰੱਖਿਆ ਜਾਵੇ।

ਇਸੇ ਆਧਾਰ 'ਤੇ ਉਨ੍ਹਾਂ ਦੇ ਸਾਹਿਤ/ਕਲਾ ਦੀ ਪ੍ਰਕਿਰਤੀ ਅਤੇ ਇਨ੍ਹਾਂ ਨਾਲ ਜੁੜੇ ਹੋਰ ਸੁਹਜਾਤਮਕ/ਸਿਰਜਣਾਤਮਕ ਤੇ ਸਮਾਜਿਕ ਸੰਬੰਧਾਂ ਦੇ ਪ੍ਰਸ਼ਨਾਂ ਦਾ ਉੱਤਰ ਦਿੱਤਾ।

ਸਾਹਿਤ ਤੇ ਸਮਾਜਕਤਾ ਬਾਰੇ ਉਨ੍ਹਾਂ ਦੀ ਸਪਸ਼ਟ ਧਾਰਣਾ ਹੈ ਕਿ ਕਲਾਤਮਕ ਸਿਰਜਣਸ਼ੀਲਤਾ ਸਮਾਜਕ ਵਿਕਾਸ ਦੇ ਆਮ ਨੇਮਾਂ ਦੇ ਅਧੀਨ ਹੈ ਪਰ ਚੇਤੰਨਤਾ ਦਾ ਇੱਕ ਵਿਸ਼ੇਸ਼ ਰੂਪ ਹੋਣ ਕਰਕੇ ਇਸ ਦੇ ਨਿਵੇਕਲੇ ਲੱਛਣ ਅਤੇ ਵਿਸ਼ੇਸ਼ ਰੂਪ-ਵਿਧਾਨ ਹਨ। ਦੂਜਾ ਉਨ੍ਹਾਂ ਨੇ ਇਸ ਗੱਲੋਂ ਵੀ ਸੁਚੇਤ ਕੀਤਾ ਕਿ ਇਨ੍ਹਾਂ ਦੋਹਾਂ ਦੇ ਵਿਚਕਾਰ ਆਪਸੀ ਸੰਬੰਧ-ਅਨੁਕਰਣਕ ਨਹੀਂ ਸਗੋਂ ਇਸ ਦੇ ਉਭਾਰ ਦੇ ਦੌਰ ਸਮਾਜਕ ਗਤੀ ਨਾਲ ਮੇਲ ਨਹੀਂ ਖਾਂਦੇ, ਨਾ ਹੀ ਇਸ ਦੀਆਂ ਕੁਝ ਸਿਖਰਾਂ ਕਿਸੇ ਵੀ ਤਰ੍ਹਾਂ ਸਮਾਜ ਦੇ ਵਿਆਪਕ ਵਿਕਾਸ ਦੀਆਂ ਅਨੁਸਾਰੀ ਹਨ। ਸਾਹਿਤ ਤੇ ਕਲਾ ਦੇ ਰੂਪਾਂ ਨੂੰ ਵੀ ਉਨ੍ਹਾਂ ਨੇ ਪਦਾਰਥਕ ਜਗਤ ਅਤੇ ਮਨੁੱਖੀ ਸਮਾਜਾਂ ਤੇ ਗਤੀਸ਼ੀਲ ਅਤੇ ਵਿਕਸਤ ਹੋਣ ਵਾਂਗ ਪਰਿਵਰਤਸ਼ੀਲ ਮੰਨਿਆ। ਇਸ ਸਿੱਧਾਂਤ ਤੇ ਕਲਾ ਦੇ ਮੂਲ, ਸਾਰੰਸ਼, ਸਮਾਜਕ ਭੂਮਿਕਾ ਅਤੇ ਇਨ੍ਹਾਂ ਦੇ ਵਿਕਾਸ ਦੇ ਅੰਦਰੂਨੀ ਨੇਮਾਂ ਆਦਿ ਨੂੰ ਸਮਾਜ-ਪ੍ਰਬੰਧ ਦਾ ਵਿਸ਼ਲੇਸ਼ਣ ਕਰਕੇ ਹੀ ਸਮਝਿਆ ਜਾ ਸਕਦਾ ਹੈ। ਇੱਕ ਹੋਰ ਮਹੱਤਵਪੂਰਨ ਨੁਕਤਾ ਜਿਹੜਾ ਇਨ੍ਹਾਂ ਚਿੰਤਕਾਂ ਨੇ ਆਪਣੇ ਆਰੰਭ ਵਿਚ ਹੀ ਸਪਸ਼ਟ ਕੀਤਾ ਪ੍ਰੰਤੂ ਬਾਅਦ ਦੇ ਬਹੁਤੇ ਕਲਾਸੀਕਲ ਮਾਰਕਸਵਾਦੀ ਇਸ ਬਾਰੇ ਟੱਪਲਾ ਖਾਂਦੇ ਰਹੇ, ਉਹ ਹੈ ਕਿ ਉਨ੍ਹਾਂ ਨੇ ਸਾਹਿਤ ਅਤੇ ਚੇਤਨਾ ਦੇ ਆਪਣੇ ਆਰਥਿਕ ਪ੍ਰਬੰਧ ਨਾਲ ਆਧਾਰਿਤ ਹੋਣ ਦੇ ਮਕਾਨਕੀ ਰੂਪ ਦੀ ਕਦੇ ਵੀ ਵਕਾਲਤ ਨਹੀਂ ਕੀਤੀ। ਸਗੋਂ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਆਰਥਿਕਤਾ ਇੱਕ ਨਿਰਣਾਇਕ ਤੱਤ ਹੋਣ ਦੇ ਬਾਵਜੂਦ ਉਸਾਰ ਦੇ ਵਿਭਿੰਨ ਚੇਤਨਾਗਤ ਰੂਪਾਂ ਵਿਚ ਆਪਸੀ ਸੰਬਾਦ ਦੀ ਕਿਰਿਆ-ਪ੍ਰਕਿਰਿਆ ਵੀ ਚਲਦੀ ਰਹਿੰਦੀ ਹੈ। ਦੂਜੇ ਅਰਥਾਂ ਵਿਚ ਇਹ ਆਰਥਕ-ਭੌਤਿਕ ਧਰਾਤਲ ਨੂੰ ਵੀ ਆਪਣੀ ਕਿਰਿਆ-ਪ੍ਰਕਿਰਿਆ ਦੀ ਪਕੜ ਵਿਚ ਲੈ ਲੈਂਦੇ ਹਨ। ਇਉਂ, ਆਧਾਰ ਤੇ ਉਸਾਰ ਦੀ ਪ੍ਰਕਿਰਿਆ ਵਿਚ ਆਰਥਕ ਆਧਾਰ ਅਤੇ ਕਾਰਣ ਹੀ ਸਕ੍ਰਿਆ ਹੋਣ, ਅੰਤ ਉਸਾਰ ਦੇ ਸਾਰੇ ਰੂਪ ਨਿਸਕ੍ਰਿਆ ਰੂਪ ਵਿਚ ਪ੍ਰਭਾਵ ਗ੍ਰਹਿਣ ਕਰ ਰਹੇ ਹੋਣ। ਅਜਿਹਾ ਨਹੀਂ ਹੈ ਕਿ ਇਹ ਦੋਵੇਂ ਧਰਾਤਲ ਇੱਕ ਦੂਜੇ ਨਾਲ ਸਕ੍ਰਿਆਸ਼ੀਲ ਸੰਬੰਧਾਂ 'ਚ ਬੱਝੇ ਹੁੰਦੇ ਹਨ। ਇਉਂ ਉਨ੍ਹਾਂ ਨੇ ਆਪਣੀ ਸਿਧਾਂਤਕਾਰੀ ਦੇ ਆਰੰਭ ਵਿਚ ਹੀ ਇਨ੍ਹਾਂ ਵਿਚਲੇ ਸੰਬਾਦੀ, ਵਿਵਾਦੀ, ਦੁਵੰਦਾਤਮਕ ਅਤੇ ਗਤੀਸ਼ੀਲ ਸੰਬੰਧਾਂ ਦੀ ਵਿਆਖਿਆ ਕੀਤੀ। ਇਸੇ ਤਰ੍ਹਾਂ ਸਾਹਿਤ ਵਿਚ ਯਥਾਰਥਵਾਦ ਦੀ ਵਿਆਖਿਆ ਕਰਦੇ ਏਂਗਲਜ ਨੇ ਲਿਖਿਆ ਹੈ ਕਿ 'ਯਥਾਰਥਵਾਦ ਦਾ ਸਹੀ ਅਰਥ ਸੱਚੀ ਜਾਣਕਾਰੀ ਤੋਂ ਇਲਾਵਾ ਪ੍ਰਕ੍ਰਿਤਿਕ ਪਰਿਸਥਿਤੀਆਂ ਵਿਚ ਪ੍ਰਤੀਨਿੱਧ ਪਾਤਰਾਂ ਦਾ ਸੱਚਾ ਚਿਤ੍ਰਣ ਹੈ।' ਇਸ ਦੇ ਨਾਲ ਹੀ ਉਨ੍ਹਾਂ ਨੇ ਵਿਚਾਰਧਾਰਾ ਤੇ ਉਦੇਸ਼ ਦੇ ਖੁੱਲ੍ਹੇ ਪ੍ਰਚਾਰ ਵਿਰੁੱਧ ਵੀ ਇਹ ਸੁਚੇਤ ਕੀਤਾ ਕਿ ਸਾਹਿਤ ਅਤੇ ਕਲਾ ਵਿਚ ਇਹ ਪਰਿਸਥਿਤੀਆਂ ਅਤੇ ਕਾਰਜਾਂ ਵਿਚੋਂ ਆਪ ਪ੍ਰਗਟ ਹੋਣੇ ਚਾਹੀਦੇ ਹਨ, ਜਿਵੇਂ ਫੁੱਲ ਵਿਚੋਂ ਖੁਸ਼ਬੂ।

ਉਨ੍ਹਾਂ ਨੇ ਸਿਰਜਣਾਤਮਕ ਲੇਖਕ ਨੂੰ ਕ੍ਰਿਟੀਕ ਵਜੋਂ ਮਾਨਤਾ ਦੇ ਕੇ ਸਾਹਿਤ ਦੀ ਸਮਾਜ-ਸ਼ਾਸਤਰੀ ਸਿਧਾਂਤਕਾਰੀ ਦੀ ਠੋਸ ਨੀਂਹ ਰੱਖੀ ਅਤੇ ਮਨੁੱਖੀ ਚਿੰਤਨ ਦੀ ਪ੍ਰਕਿਰਤੀ ਸੰਬੰਧੀ ਆਪਣੇ ਦਵੰਦਾਤਮਕ ਚਿੰਤਕਾਂ ਅਤੇ ਵਿਦਵਾਨਾਂ ਨੇ ਸਾਹਿਤ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਕ ਅਤੇ ਵਿਹਾਰਕ ਮਸਲਿਆਂ ਨੂੰ ਮਾਰਕਸਵਾਦ ਦੀ ਦਵੰਦਵਾਦੀ-ਭੌਤਿਕਵਾਦੀ ਵਿਧੀ ਤੋਂ ਸਮਝਣ ਅਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਨੇ ਇਸ ਵਿਆਖਿਆ ਨੂੰ ਮਕਾਨਕੀ ਰੂਪ ਵਿਚ ਸਮਝਿਆ ਅਤੇ ਬਹੁਤਿਆਂ ਨੇ ਇਨ੍ਹਾਂ ਬੁਨਿਆਦੀ ਧਾਰਨਾਵਾਂ ਨੂੰ ਹੋਰ ਵਿਸਤਾਰ ਦਿੱਤਾ।

ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਸਾਹਿਤ ਦੇ ਸਮਾਜ-ਸ਼ਾਸਤਰ ਬਾਰੇ ਪਲੈਖ਼ਾਨੋਵ ਨੇ ਆਦਿ ਕਬੀਲਾ ਸਮਾਜਾਂ ਦੇ ਪ੍ਰਸੰਗ ਵਿਚ ਲੋਕਾਂ ਦੇ ਸੁਹਜਬੋਧ ਨੂੰ ਉਨ੍ਹਾਂ ਦੇ ਵਿਸ਼ੇਸ਼ ਵਾਤਾਵਰਣ ਦੀ ਉਪਜ ਦੇ ਨਾਲ-ਨਾਲ ਉਨ੍ਹਾਂ ਲਈ ਉਨ੍ਹਾਂ ਦੀ ਉਪਯੋਗਤਾ ਨਾਲ ਜੋੜਿਆ। **Undressed Letters** ਅਤੇ **Art and Social Life** ਵਿਚ ਉਸ ਨੇ ਸਾਹਿਤ/ਕਲਾ ਦੇ ਸੁਹਜਬੋਧ, ਸਮਾਜ-ਇਤਿਹਾਸਕ ਸੰਬੰਧਾਂ, ਸਾਹਿਤ/ਕਲਾ ਦੀ ਸਿਰਜਣਾਤਮਕ ਪ੍ਰਕਿਰਿਆ ਅਤੇ ਭੂਮਿਕਾ ਆਦਿ ਦੇ ਪ੍ਰਸ਼ਨਾਂ ਨੂੰ ਪਦਾਰਥਕ ਨਿਯਮਾਂ ਨਾਲ ਜੋੜ ਕੇ ਸਮਝਿਆ ਅਤੇ ਸਾਹਿਤ ਤੇ ਕਲਾ ਨੂੰ ਸਮਝਣ ਲਈ ਉਸ ਨੇ ਵਿਸ਼ੇਸ਼ ਦੇਸ਼-ਕਾਲ ਦੇ ਇਤਿਹਾਸ ਅਤੇ ਉਸ ਦੇ ਸਮਾਜਿਕ ਸੰਗਠਨਾਂ ਦੇ ਅਧਿਐਨ ਨੂੰ ਲਾਜ਼ਮੀ ਮੰਨਿਆ। ਉਸ ਦਾ ਪ੍ਰਸਿੱਧ ਸੂਤਰ ਹੈ ਕਿ 'ਕਲਾ ਉਸ ਬਿੰਦੂ ਤੋਂ ਆਰੰਭ ਹੁੰਦੀ ਹੈ ਜਿੱਥੇ ਮਨੁੱਖ ਆਪਣੇ ਪਰਿਵੇਸ਼ ਦੇ ਪ੍ਰਭਾਵ ਵਸ ਆਪਣੇ ਦੁਆਰਾ ਅਨੁਭੂਤ ਭਾਵਾਂ ਅਤੇ ਵਿਚਾਰਾਂ ਨੂੰ ਨਵੇਂ ਸਿਰੇ ਤੋਂ ਆਪਣੇ ਮਨ ਵਿਚ ਜਗਾਉਂਦਾ ਹੈ ਅਤੇ ਉਨ੍ਹਾਂ ਨੂੰ ਬਿੰਬ ਰੂਪ ਵਿਚ ਅਭਿਵਿਅਕਤ ਕਰਦਾ ਹੈ।' ਇਸ ਸੂਤਰ ਰਾਹੀਂ ਪਲੈਖ਼ਾਨੋਵ ਦੇ ਕਲਾ/ਸਾਹਿਤ ਦੇ ਸਮਾਜਿਕ ਸੁਭਾਅ, ਵਿਧੀ, ਦ੍ਰਿਸ਼ਟੀ ਅਤੇ ਧਾਰਨਾਵਾਂ ਨੂੰ ਸਮਝਿਆ ਜਾ ਸਕਦਾ ਹੈ। ਉਸ ਦੇ ਚਿੰਤਨ ਦੀ ਕਮਜ਼ੋਰੀ ਇਸ ਗੱਲ ਵਿਚ ਹੈ ਕਿ ਉਹ ਬਹੁਤੀ ਵਾਰੀ ਮਾਰਕਸਵਾਦੀ ਧਾਰਨਾਵਾਂ ਦੀ ਮਕਾਨਕੀ ਵਰਤੋਂ ਕਰਦਾ ਹੋਇਆ ਇਸ ਦੀ ਇੱਕ-ਤਰਫ਼ੀ ਵਿਆਖਿਆ ਕਰਦਾ ਹੈ। ਪਰੰਤੂ ਇਸ ਦੇ ਬਾਵਜੂਦ ਉਸ ਨੇ ਸਾਹਿਤ ਦੇ ਸੁਹਜ-ਸ਼ਾਸਤਰੀ ਅਧਿਐਨ ਨੂੰ ਆਪਣੇ ਭੌਤਿਕਵਾਦ ਨਾਲ ਜੋੜਿਆ।

ਜਾਰਜ ਲੂਕਾਚ ਇਸੇ ਪਰਿਪਾਟੀ ਦਾ ਅਗਲਾ ਸਾਹਿਤ ਚਿੰਤਕ ਹੈ ਜਿਸ ਨੇ ਸਾਹਿਤ ਦੇ ਸਮਾਜ ਸ਼ਾਸਤਰ ਦੇ ਸਿਧਾਂਤਾਂ ਨੂੰ ਵੱਧ ਵਿਸਤ੍ਰਿਤ ਰੂਪ ਵਿਚ ਖੋਲਿਆ। ਉਸ ਦੇ ਸਾਹਤਿਕ ਰੂਪਾਂ ਦੇ ਨਿਰਧਾਰਣ ਨੂੰ ਉਨ੍ਹਾਂ ਦੇ ਸਮਾਜ-ਸਭਿਆਚਾਰਕ ਆਧਾਰਾਂ ਨਾਲ ਸੰਬੰਧਿਤ ਕੀਤਾ ਅਤੇ ਇਸੇ ਨੂੰ ਸਾਹਿਤਕਾਰ/ਕਲਾਕਾਰ ਅਤੇ ਪਾਠਕ ਵਿਚਕਾਰ ਵਾਸਤਵ ਸੰਬੰਧਾਂ ਦਾ ਸੱਚਾ ਸੂਤਰ ਮੰਨਿਆ। ਜਦੋਂ ਉਸਨੇ ਨਾਵਲ ਨੂੰ ਪੂੰਜੀਵਾਦ ਦੇ ਮਹਾਂਕਵਿ ਵਜੋਂ ਪਰਿਭਾਸ਼ਤ ਕੀਤਾ ਤਾਂ ਉਸ ਨੇ ਇਸਨੂੰ ਵਿਵਸਥਾ ਵਿਚਲੇ ਜੀਵਨ ਦੀ ਸਾਰਥਕਤਾ ਦੀ ਸਰਵਵਿਆਪਕਤਾ ਦੇ ਨਸ਼ਟ ਹੋਣ ਦੇ ਤੱਥ ਨਾਲ ਜੋੜਿਆ ਅਤੇ ਨਾਵਲ ਦੇ ਅੰਦਰੂਨੀ ਸੰਗਠਨ ਦੇ ਤਨਾਅਮਈ ਤੱਤਾਂ ਦੀ ਪਛਾਣ ਵੀ ਇਸੇ ਸਮੱਸਿਆ ਦੇ ਪ੍ਰਸੰਗ ਵਿਚ ਕਰਵਾਈ। ਜੀਵਨ ਦੀ ਬੇਸੁਰਤਾ ਅਤੇ ਅਸੰਗਤੀਆਂ ਵਿਚੋਂ ਹੋਈ ਸਾਹਿਤ ਦੀ ਉਸਾਰੀ ਵਿਚ ਉਸ ਨੇ ਅਜਿਹੀ ਬੇਸੁਰਤੀ ਦੀ ਪਛਾਣ ਲੱਭਣ ਉੱਤੇ ਜ਼ੋਰ ਦਿੰਦਿਆਂ ਇਹ ਮੰਨਿਆ ਕਿ "ਕਿਸੇ ਦਿਖ ਉਦੇਸ਼ ਦੀ ਗ਼ੈਰਹਾਜ਼ਰੀ ਅਤੇ ਸਮੁੱਚਤਾ ਦੇ ਪ੍ਰਸੰਗ ਵਿਚ ਹੀ ਇਸ ਵਿਚਲੀ ਜੀਵਨ ਨੂੰ ਸੇਧ ਦੇਣ ਵਾਲੀ ਘਾਟ, ਇਸ ਦੇ ਸਭ ਤੋਂ ਪਹਿਲੇ ਬੁਨਿਆਦੀ ਤੱਤ ਅਤੇ ਇਸ ਵਿਚਲੇ ਪਾਤਰ ਅਤੇ ਘਟਨਾਵਾਂ ਦਾ ਸੰਗਠਨੀ ਤੱਤ ਬਣਨਗੇ।"

ਸਾਹਿਤ ਦੇ ਸਮਾਜ-ਸ਼ਾਸਤਰੀ ਪ੍ਰਸੰਗ ਵਿਚ ਜਾਰਜ ਲੂਕਾਚ ਦੀਆਂ ਧਾਰਨਾਵਾਂ ਨੂੰ ਸੰਖੇਪ ਤੇ ਸੂਤ੍ਰਿਕ ਰੂਪ ਵਿਚ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :

1. ਆਪਣੇ ਆਰੰਭਲੇ ਪੜਾਅ ਵਿਚ ਲੂਕਾਚ ਵਿਸ਼ੇਸ਼ ਤੌਰ 'ਤੇ ਜਦੋਂ ਉਸਨੇ **The Story of Novel** ਪੁਸਤਕ ਲਿਖੀ (1914-15) ਅਤੇ ਛਪਾਈ (1916), ਉਹ ਬੌਧਿਕ ਅਨੁਸ਼ਾਸ਼ਨਾਂ

ਰਾਹੀਂ ਗ੍ਰਹਿਣ ਚਿੰਤਨੀ ਅਨੁਭਵ ਜਿਹੜਾ ਆਪਣੇ ਸੁਭਾਅ ਵਿਚ ਪ੍ਰਤੱਖਵਾਦੀ (positivism) ਅਤੇ ਪ੍ਰਭਾਵਵਾਦੀ ਸੀ, (emprical) ਤੋਂ ਪ੍ਰਭਾਵਿਤ ਸੀ। ਦੂਜਾ ਉਸ ਕੋਲ ਪਹਿਲੇ ਵਿਸ਼ਵ ਯੁੱਧ ਕਾਰਣ ਪੈਦਾ ਹੋਈ ਨਿਰਾਸ਼ਾ, ਭੈਅ, ਅਸੁਰੱਖਿਆ ਅਤੇ ਦੂਜੀਆਂ ਸਮੱਸਿਆਵਾਂ ਦਾ ਕੋਈ ਉਚਿੱਤ ਹੱਲ ਲੱਭਣ ਦਾ ਕੋਈ ਸਿੱਧਾਂਤਕ ਜਾਂ ਦਾਰਸ਼ਨਿਕ ਮਾਡਲ ਨਹੀਂ ਸੀ ਜਿਹੜਾ 1917 ਦੀ ਰੂਸੀ ਕਰਾਂਤੀ ਵਿਚੋਂ ਉਸ ਨੂੰ ਪ੍ਰਾਪਤ ਹੋਇਆ। ਇਸ ਲਈ ਉਸ ਨੇ ਆਪਣੀ ਪੁਸਤਕ ਦੇ ਸਿਧਾਂਤੀਕਰਨ ਦੀ ਕਮਜ਼ੋਰੀ ਨੂੰ ਇਸ ਦੀ ਸਹਿਜ ਚੇਤਨਾ (intutive consciousness) ਦੀ ਵਿਧੀ ਵਿਚ ਵੇਖਿਆ।

2. ਉਸ ਨੇ ਸਾਹਿਤਕ ਕਿਰਤ ਦੀ ਕਲਾਤਮਕ ਸਮੁੱਚਤਾ ਨੂੰ ਮਹੱਤਵਪੂਰਨ ਸਮਾਜਕ ਤੱਤਾਂ ਦੀ ਪੇਸ਼ਕਾਰੀ ਨਾਲ ਜੋੜਦੇ ਹੋਏ ਪ੍ਰਤੀਨਿਧਤਾ (type) ਦੀ ਧਾਰਣਾ ਪ੍ਰਸਤੁਤ ਕੀਤੀ ਅਤੇ ਇਸ ਨੂੰ ਵਿਅਕਤੀਗਤ ਜਾਂ ਸਥਿਤੀਗਤ ਔਸਤ ਗੁਣ ਹੋਣ ਦੀ ਥਾਂ ਮਾਨਵੀ ਤੇ ਸਮਾਜਿਕ ਦ੍ਰਿਸ਼ਟੀ ਤੋਂ ਉਨ੍ਹਾਂ ਸਾਰੇ ਨਿਰਧਾਰਨ ਤੱਤਾਂ, ਉਨ੍ਹਾਂ ਵਿਚਲੀਆਂ ਉੱਚਤਮ ਵਿਕਾਸ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦੇ ਸਮੂਰਤਨ ਨਾਲ ਜੋੜਿਆ।
3. ਉਸ ਨੇ ਸਾਹਿਤ/ਕਲਾ ਦੇ ਮੰਤਵ ਦੀ ਪ੍ਰਾਥਮਿਕਤਾ ਉਸ ਦੀ ਸਮਾਜਕ ਉਪਯੋਗਤਾ ਦੀ ਥਾਂ ਉਸ ਦੀ ਕਲਾਤਮਕ ਸਮੁੱਚਤਾ ਵਿਚ ਲੱਭੀ। ਉਸ ਨੇ ਸਾਰੀਆਂ ਮਹਾਨ ਕਲਾਵਾਂ ਦਾ ਉਦੇਸ਼ ਯਥਾਰਥ ਦੀ ਉਸ ਤਸਵੀਰੀ ਪ੍ਰਸਤੁਤੀ ਨੂੰ ਮੰਨਿਆ ਜਿਹੜੀ ਪ੍ਰਤੱਖ (appearance) ਅਤੇ ਯਥਾਰਥ (reality) ਵਿਸ਼ੇਸ਼ ਤੇ ਸਮਾਨਯ ਤਤਕਾਲੀ (immediate) ਅਤੇ ਸੰਕਲਪਾਤਮਕ ਆਦਿ ਨੂੰ ਮਿਲਾ ਕੇ ਉਨ੍ਹਾਂ ਦੇ ਠੋਸ ਤੇ ਗਤੀਸ਼ੀਲ ਪ੍ਰਸੰਗ ਵਿਚ ਇਸ ਤਰ੍ਹਾਂ ਦਾ ਹੱਲ ਪੇਸ਼ ਕਰਨ ਦੇ ਸਮਰੱਥ ਹੋਵੇ ਅਤੇ ਕਲਾ ਕਿਰਤ ਦੇ ਰੂਪ ਵਿਚ ਤੁਰੰਤ ਸੰਪੂਰਨਤਾ ਗ੍ਰਹਿਣ ਕਰੇ।
4. ਉਸ ਨੇ ਆਧੁਨਿਕਤਾਵਾਦ, ਆਲੋਚਨਾਤਮਕ ਯਥਾਰਥ, ਸਮਾਜਵਾਦੀ ਯਥਾਰਥ ਵਰਗੀਆਂ ਪੱਧਤੀਆਂ ਦੀ ਵਿਆਖਿਆ ਉਨ੍ਹਾਂ ਦੇ ਸਾਹਿਤਕ ਪਾਠਾਂ ਦੇ ਪ੍ਰਸੰਗ ਵਿਚ ਕੀਤੀ ਅਤੇ ਆਧੁਨਿਕਤਾਵਾਦੀਆਂ ਦੀਆਂ ਉਨ੍ਹਾਂ ਧਾਰਨਾਵਾਂ ਦਾ ਵਿਰੋਧ ਕੀਤਾ ਜਿਹੜੀ ਆਮ ਮਨੁੱਖ ਨੂੰ ਉਸ ਦੀ ਇਕੱਲਤਾ, ਭੈਅ, ਅਸੁੱਰਖਿਆ ਅਤੇ ਅਇਤਿਹਾਸਕ (ahistorical) ਦੇ ਰੂਪਾਂ ਵਿਚ ਚਿਤਵੀ ਹੈ। ਉਸ ਨੇ ਆਲੋਚਨਾਤਮਕ ਯਥਾਰਥਵਾਦ ਦੀ ਜੀਵੰਤ ਪਰੰਪਰਾ ਦੀ ਪ੍ਰਸ਼ੰਸ਼ਾ ਕੀਤੀ ਜਿਸਨੇ ਸਮਾਜਵਾਦੀ ਵਿਕਾਸ ਦੇ ਜਟਿਲ ਰਾਹਾਂ ਦੇ ਸੰਗਠਨ ਵਿਚ ਭੂਮਿਕਾ ਨਿਭਾਈ ਅਤੇ ਸਮਾਜਵਾਦੀ ਯਥਾਰਥ ਦੀ ਵਕਾਲਤ ਕੀਤੀ, ਪਰੰਤੂ ਸਟਾਲਿਨਵਾਦ ਦੀਆਂ ਸਖ਼ਤ ਨੀਤੀਆਂ ਦਾ ਵਿਰੋਧ ਵੀ ਕੀਤਾ।
5. ਉਸ ਨੇ ਸਮੂਹ ਸਾਹਿਤ ਨੂੰ ਕਿਸੇ ਵਿਸ਼ੇਸ਼ ਵਰਗ ਅਤੇ ਕਿਸੇ ਵਿਸ਼ੇਸ਼-ਦ੍ਰਿਸ਼ਟੀ ਦੇ ਨਜ਼ਰੀਏ ਤੋਂ ਲਿਖਿਆ ਮੰਨਿਆ।

ਇਉਂ ਜਾਰਜ ਲੂਕਾਚ ਨੇ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀ ਦੇ ਪ੍ਰਸੰਗ ਵਿਚ ਯਥਾਰਥਵਾਦ ਤੋਂ ਲੈ ਕੇ ਇਸ ਦੇ ਸਾਹਿਤਕ ਸਿਰਜਣਾਤਮਕ ਅਮਲ, ਸਾਹਿਤਕ ਰੂਪਾਂ ਤੋਂ ਉਨ੍ਹਾਂ ਦੇ ਅੰਦਰੂਨੀ ਤੱਤਾਂ ਦੇ ਨਿਰਧਾਰਨੀ ਸਮਾਜ-ਇਤਿਹਾਸਕ ਆਧਾਰਾਂ ਦੀ ਪਛਾਣ, ਸਾਹਿਤ ਅਤੇ ਲੇਖਕ ਦੀ ਭੂਮਿਕਾ, ਬੁਰਜੂਆਜ਼ੀ ਵੀ ਕੀਤੀ ਅਤੇ ਇਨ੍ਹਾਂ ਨੂੰ ਵਿਸਤਾਰ ਵੀ ਦਿੱਤਾ ਜਿਹੜਾ ਸਮਾਜ ਦੇ ਸਮਾਜ-ਸ਼ਾਸਤਰੀ ਵਿਵੇਚਨ ਵਿਚ ਅਤਿ ਸਹਾਈ ਹੋਇਆ।

ਸਾਹਿਤ ਦੇ ਸਮਾਜ-ਸ਼ਾਸਤਰ ਦੇ ਬੁਨਿਆਦੀ ਮਸਲਿਆਂ ਦੀ ਗੰਭੀਰਤਾ ਨੂੰ ਲੂਸੀਆ ਗੋਲਡਮਾਨ ਨੇ ਗੰਭੀਰਤਾ ਨਾਲ ਖੋਲਣ ਦਾ ਯਤਨ ਕੀਤਾ। ਉਸ ਨੇ ਸਾਹਿਤਕ ਅਤੇ ਸਭਿਆਚਾਰ ਸਿਰਜਣਾਵਾਂ ਦੇ ਪਾਠਾਂ ਵਿਚੋਂ ਆਪਣੀ ਅੰਤਰ-ਅਨੁਸ਼ਾਸਨੀ ਚਿੰਤਨ-ਦ੍ਰਿਸ਼ਟੀ ਦੁਆਰਾ ਸਾਹਿਤ ਅਤੇ ਸਭਿਆਚਾਰ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਾਂ ਨੂੰ ਹੋਰ ਸੰਪੰਨ ਅਤੇ ਵਿਹਾਰਕ ਰੂਪ ਵਿਚ ਅਪਣਾਉਣਯੋਗ

ਬਣਾਇਆ। ਉਸ ਦੀ ਵਿਆਪਕ ਵਿਧੀ ਅਤੇ ਦ੍ਰਿਸ਼ਟੀ ਦਾ ਆਧਾਰ ਇਤਿਹਾਸਕ ਸਮਾਜ-ਸ਼ਾਸਤਰੀ ਹੈ। ਇੱਕ ਪਾਸੇ ਉਹ ਚੇਤਨਾ ਦੇ ਤੱਥਾਂ ਦੇ ਅਧਿਐਨ ਨਾਲ ਜੁੜਿਆ ਹੈ, ਦੂਜੇ ਪਾਸੇ ਉਹ ਸਾਹਿਤ-ਸਭਿਆਚਾਰ ਦੇ ਸਮਾਜ-ਸ਼ਾਸਤਰ ਦੀ ਉਸਾਰੀ ਇਨ੍ਹਾਂ ਦੇ ਪਾਠ-ਮੂਲਕ ਅਧਿਐਨ ਰਾਹੀਂ ਕਰਦਾ ਹੈ। ਉਸ ਦੇ ਇਸ ਅਧਿਐਨ ਦੀ ਪਹੁੰਚ ਦ੍ਰਿਸ਼ਟੀ ਦੀ ਵੱਡੀ ਖ਼ੂਬੀ ਇਹ ਹੈ ਕਿ ਉਹ ਮਾਰਕਸ ਤੇ ਲੂਕਾਚ ਦੇ ਨਾਲ-ਨਾਲ ਦੁਰਖ਼ੀਮ ਦੀ 'ਸਮੂਹਿਕ ਚੇਤਨਾ' ਦੇ ਸੰਕਲਪ ਨੂੰ ਜਮਾਤੀ ਚੇਤਨਾ ਦੇ ਸੰਕਲਪ ਨਾਲ ਜੋੜਦਾ ਹੋਇਆ ਸਾਹਿਤਕ ਰਚਨਾ ਅਤੇ ਸਮਾਜਿਕ ਜਮਾਤਾਂ ਦਰਮਿਆਨ ਵਿਸ਼ਵ-ਦ੍ਰਿਸ਼ਟੀ ਨੂੰ ਇਸਦਾ ਮਾਧਿਅਮ (mediating agency) ਮੰਨਦਾ ਹੈ, ਜਿਹੜੀ ਕਿਸੇ ਸਮਾਜਕ ਜਮਾਤ ਦੇ ਮੈਂਬਰਾਂ ਨੂੰ ਇੱਕ ਦੂਜੇ ਨਾਲ ਜੋੜਦੀ ਹੈ। ਇਸੇ ਵਿਚਾਰ ਨੂੰ ਉਸਨੇ ਆਪਣੇ ਉਤਪਤੀ ਮੂਲਕ ਸੰਰਚਨਾਵਾਦ (genitive structuralism) ਵਿਚ ਹੋਰ ਵਿਸਤਾਰ ਦਿੱਤਾ। **Towards of Sociology of the Novel** ਵਿਚ ਉਸਨੇ ਇਸ ਦੀ ਵਿਆਖਿਆ ਕੀਤੀ ਕਿ ਸਮਾਜਿਕ ਜ਼ਿੰਦਗੀ ਅਤੇ ਸਾਹਿਤਕ ਸਿਰਜਣਾ ਵਿਚਕਾਰ ਮੂਲ ਸੰਬੰਧ ਮਾਨਵੀ ਯਥਾਰਥ ਦੇ ਇਨ੍ਹਾਂ ਦੋਹਾਂ ਖੇਤਰਾਂ ਦੀ ਵਸਤ ਨਾਲ ਸੰਬੰਧਿਤ ਨਹੀਂ, ਸਗੋਂ ਮਾਨਸਿਕ ਸੰਰਚਨਾਵਾਂ ਨਾਲ ਸੰਬੰਧਿਤ ਹਨ। ਉਸਨੇ ਮਾਨਸਿਕ ਸੰਰਚਨਾਵਾਂ ਨੂੰ ਸਮਾਜਕ ਵਰਤਾਰਾ ਮੰਨਿਆ। ਉਸਨੇ ਨਾਵਲ ਦੇ ਰੂਪ ਤੇ ਮੁੱਲਾਂ ਨੂੰ ਮਾਰਕਸਵਾਦ ਦੇ ਆਰਥਕਤਾਵਾਦ ਨਾਲ ਜੋੜਦਿਆਂ ਇਸ ਨੂੰ ਸਮਾਜਿਕ ਉਪਜ ਵਜੋਂ ਪਰਿਭਾਸ਼ਿਤ ਕੀਤਾ। ਇਸੇ ਤਰ੍ਹਾਂ ਉਸਨੇ ਵਿਸ਼ਵ-ਦ੍ਰਿਸ਼ਟੀ ਨੂੰ ਵਿਸ਼ੇਸ਼ ਕਾਲ ਦੇ ਇੱਕ ਵਰਗ ਦੇ ਵਿਚਾਰਾਂ, ਅਨੁਭੂਤੀਆਂ ਅਤੇ ਵਿਹਾਰਾਂ ਦੀ ਸਮੱਗਰਤਾ ਨੂੰ ਪ੍ਰਗਟ ਕਰਨ ਵਾਲੀ ਮੰਨਿਆ ਅਤੇ ਨਵੇਂ ਕਾਲ-ਖੰਡ ਦੀਆਂ ਵਿਸ਼ੇਸ਼ ਸਥਿਤੀਆਂ, ਪਰਿਸਥਿਤੀਆਂ, ਲੋੜਾਂ ਅਤੇ ਦਬਾਵਾਂ ਦੇ ਪ੍ਰਭਾਵ ਵਿਚ ਇਸ ਨੂੰ ਪਰਿਵਰਤਨਸ਼ੀਲ ਕਿਹਾ। ਆਪਣੀ ਪੁਸਤਕ **Methods in the Sociology of Literature** ਦੀ ਪ੍ਰਸਤਾਵਨਾ ਵਿਚ ਉਸ ਨੇ ਮਾਰਕਸਵਾਦੀ ਸਾਹਿਤਕ ਸਮਾਜ ਸ਼ਾਸਤਰ ਦੀਆਂ ਹੇਠ ਲਿਖੀਆਂ ਧਾਰਨਾਵਾਂ ਵਿਚ ਵਿਸ਼ਵਾਸ਼ ਪ੍ਰਗਟਾਇਆ :

1. ਸਾਹਿਤਕ ਕਿਰਤ ਸਮੂਹਿਕ ਚੇਤਨਾ ਦਾ ਕੇਵਲ ਪ੍ਰਤਿਬਿੰਬਨ ਨਹੀਂ; ਸਗੋਂ ਇਹ ਸੰਭਾਵੀ ਤੇ ਸਿਰਜਣ ਚੇਤਨਾ ਹੈ।
2. ਸਮੂਹਿਕ ਵਿਚਾਰਧਾਰਾ ਤੇ ਸਿਰਜਣਾ ਵਿਚਲਾ ਸੰਬੰਧ ਵਸਤੂ ਦੀ ਸਮਾਨਤਾ 'ਚ ਨਹੀਂ, ਸਗੋਂ ਸੰਰਚਨਾਵਾਂ ਦੀ ਪੁਸ਼ਟੀ/ਸਮੁੱਚਤਾ 'ਚ ਹੈ।
3. ਇੱਕ ਵਿਅਕਤੀ ਕੋਈ ਵਿਸ਼ਵ-ਦ੍ਰਿਸ਼ਟੀ ਨਹੀਂ ਸਿਰਜ ਸਕਦਾ। ਇਹ ਇੱਕ ਗਰੁੱਪ ਦੁਆਰਾ ਸਿਰਜੀ ਜਾ ਸਕਦੀ ਹੈ। ਮਨੁੱਖ ਕੇਵਲ ਕਲਪਨਾ ਦੇ ਖੇਤਰ ਵਿਚ ਇਸ ਦੀ ਸੁਰ ਬਦਲ ਸਕਦਾ ਹੈ।
4. ਸਮੂਹਿਕ ਚੇਤਨਾ ਕੋਈ ਠੋਸ ਯਥਾਰਥ ਨਹੀਂ ਸਗੋਂ ਮਨੁੱਖਾਂ ਦੇ ਵਿਹਾਰ ਵਿਚ ਸੰਕੇਤਕ ਰੂਪ ਵਿਚ ਪ੍ਰਗਟ ਹੁੰਦੀ ਹੈ।

ਉਸ ਦੀ ਪੱਧਤੀ ਦੀ ਕਮਜ਼ੋਰੀ ਰਚਨਾ ਦੀ ਸੰਰਚਨਾਤਮਕ ਏਕਤਾ ਅਤੇ ਸੁਸੰਗਤੀ ਉੱਤੇ ਜ਼ੋਰ ਹੈ ਜਿਸ ਵਿਚ ਉਹ ਆਂਤਰਿਕ ਸੰਸਾਰ ਦੀ ਵਿਵਿਧਤਾ, ਸੰਪੂਰਨਤਾ ਅਤੇ ਜਟਿਲਤਾ ਨੂੰ ਨਜ਼ਰ-ਅੰਦਾਜ਼ ਕਰਦਾ ਹੈ। ਦੂਜਾ ਉਹ ਆਰਥਿਕ ਆਧਾਰ ਨੂੰ ਕਿਸੇ ਸਾਹਿਤ ਦੇ ਰਚਨਾ ਵਿਚ ਸਿੱਧਾ ਦਾਖਲ ਹੋਇਆ ਵੇਖਦਾ ਹੈ ਤੇ ਪਰਉਸਾਰ ਅਤੇ ਸਮਾਜ ਵਿਚਕਾਰਲੀ ਮਧਿਅਸਥਤਾ ਨੂੰ ਅੱਖੋਂ ਪਰੋਖੇ ਕਰਦਾ ਹੈ। ਇਨ੍ਹਾਂ ਕਮਜ਼ੋਰੀਆਂ ਦੇ ਬਾਵਜੂਦ ਸਾਹਿਤ ਦੇ ਸਮਾਜ-ਸ਼ਾਸਤਰੀ ਸਿੱਧਾਂਤ ਦੀ ਉਸਾਰੀ ਵਿਚ ਗੋਲਡਮਾਨ ਨੇ ਨਿੱਠ ਕੇ ਕਾਰਜ ਕੀਤਾ।

ਸਾਹਿਤ ਦੇ ਮਾਰਕਸਵਾਦੀ ਸਮਾਜ ਸ਼ਾਸਤਰ ਵਿਚ ਰੇਮੰਡ ਵਿਲਿਅਮਸ ਨੇ ਨਵੇਂ ਪਾਸਾਰ ਜੋੜੇ। ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਅਧਿਐਨ ਉਸਨੇ ਹੇਠ ਲਿਖੇ ਪੱਖਾਂ ਉੱਤੇ ਕਰਨ ਲਈ ਜ਼ੋਰ ਦਿੱਤਾ :

1. ਕਲਾ/ਸਾਹਿਤ ਦੀਆਂ ਸਮਾਜਿਕ ਹਾਲਤਾਂ

2. ਕਲਾ/ਸਾਹਿਤ ਕ੍ਰਿਤੀਆਂ ਵਿਚਲੀ ਸਮਾਜਿਕ ਵਸਤ, ਸੰਗਠਨ ਤੇ ਸੁਹਜ-ਸ਼ਾਸਤਰ ਪੱਖ
3. ਕਲਾ ਸਾਹਿਤ ਵਿਚ ਸਮਾਜਿਕ ਸੰਬੰਧ
4. ਵਾਸਤਵਿਕ ਚੇਤਨਾ ਅਤੇ ਸੰਭਵ ਚੇਤਨਾ ਵਿਚਕਾਰ ਨਿਖੇੜ

ਉਸ ਨੇ ਸੰਭਾਵੀ ਚੇਤਨਾ ਨੂੰ ਮਹਾਨ ਸਾਹਿਤ ਦੀ ਵਸਤ, ਸੰਗਠਨ, ਸੁਹਜਾਤਮਕ ਮੁੱਲਾਂ ਅਤੇ ਸੰਰਚਨਾਤਮਕ ਜੁਗਤਾਂ ਤੱਕ ਦਾ ਨਿਰਧਾਰਕ ਤੱਤ ਮੰਨਿਆ ਅਤੇ ਸਾਹਿਤਕ ਰੂਪਾਂ ਦੇ ਸੰਗਠਨ ਨੂੰ ਉਸ ਦੀਆਂ ਇਤਿਹਾਸਕ ਸਥਿਤੀਆਂ ਦੇ ਪ੍ਰਸੰਗ ਵਿਚ ਸਮਝੇ ਜਾਣ 'ਤੇ ਜ਼ੋਰ ਦਿੱਤਾ ਅਤੇ ਇੱਕ ਧਿਰੀ determination ਵਿੱਚ ਉਤਪਾਦਨੀ ਸ਼ਕਤੀਆਂ ਨੂੰ ਨਾ ਸਮਝਣ ਦੀ ਗੱਲ ਕਹੀ। ਮਾਰਕਸਵਾਦੀ ਚਿੰਤਨ ਵਿਚ ਆਰਥਿਕਤਾਵਾਦ ਦੀ ਆਧਾਰੀ ਨਿਸ਼ਚਿਤਤਾ ਦੇ ਸੰਕਲਪ ਨੂੰ ਉਸ ਨੇ ਵਿਆਪਕ ਅਰਥਾਂ ਵਿਚ ਖੋਲਦਿਆਂ ਇਸ ਨੂੰ ਸੀਮਾਵਾਂ ਦਾ ਚੌਖਟਾ ਨਹੀਂ, ਸਗੋਂ ਦਬਾਵਾਂ ਦੇ ਸੰਘਰਸ਼ ਤੇ ਸਰਗਰਮੀ ਜਾਂ ਅਮਲ ਨਾਲ ਜੋੜਿਆ। ਉਸਨੇ ਮਾਰਕਸਵਾਦ ਦੇ ਆਧਾਰ 'ਤੇ ਪਰਉਸਾਰ ਦੇ ਆਪਸੀ ਸੰਬੰਧਾਂ ਦੀ ਥਾਂ ਸਮਾਜਿਕ ਸਮੁੱਚਤਾ ਦੀ ਧਾਰਣਾ ਪੇਸ਼ ਕੀਤੀ। ਉਸ ਨੇ ਕਲਾ ਯਥਾਰਥ ਨੂੰ ਪ੍ਰਤੀਨਿੱਧ ਰੂਪ ਵਿਚ ਪ੍ਰਤੀਬਿੰਬਤ ਕਰਦੀ ਹੈ, ਦੀ ਸਥਾਪਤ ਧਾਰਣਾ ਦੀ ਸੀਮਾਂ ਨੂੰ ਪਛਾਣਦਿਆਂ ਲਿਖਿਆ ਕਿ 'ਪ੍ਰਤਿਰੂਪਨ (typification) ਅਤੇ ਅਨੁਰੂਪਕ (homology) ਦੋਵੇਂ ਸਮਾਜਿਕ ਸਮੁੱਚਤਾ ਦੀ ਚੁਣਨਯੋਗ ਪ੍ਰਚੰਡਤਾ ਵਾਲੇ ਰੂਪਾਂ ਦੀ ਸੰਕੇਤਕ ਚਿਤਰਕਾਰੀ ਕਰਦੇ ਹਨ। ਇਹ ਸਿਰਫ ਸਤਹ (surface) ਜਾਂ ਦਿੱਖ (appearance) ਹੀ ਨਹੀਂ ਜੋ ਕਲਾ 'ਚ ਪ੍ਰਤਿਬਿੰਬਤ ਹੁੰਦੀ ਹੈ ਸਗੋਂ ਇਸ ਵਿਚ ਉਹ ਵਿਆਪਤ ਜਾਂ ਵਿਆਪਕ ਯਥਾਰਥ ਜਿਹੜੀ ਅੰਤਰੀਵੀ ਪ੍ਰਕਿਰਿਆ ਹੈ, ਪਿੱਛੇ ਰਹਿ ਜਾਂਦੀ ਹੈ। ਇਸ ਦੇ ਸਮਾਧਾਨ ਲਈ ਉਸਨੇ ਮਧਿਅਸਥਤਾ ਦੇ ਸੰਕਲਪ ਉੱਤੇ ਜ਼ੋਰ ਦਿੱਤਾ।' ਮਧਿਅਸਥਤਾ ਤੋਂ ਉਸਦਾ ਭਾਵ ਉਹ ਚੇਤਨ ਅਮਲ ਹੈ ਜਿਹੜਾ ਪ੍ਰਚਲਿਤ ਸਾਮਨਯ ਭਾਵ, ਵਿਰੋਧਭਾਵਾਂ ਜਾਂ ਅਜਨਬੀਆਂ ਵਿਚਕਾਰ ਵਿਚੋਲਗੀ, ਸਮਝੌਤਾ ਤੇ ਵਿਆਖਿਆ ਦਾ ਕਾਰਜ ਕਰਦੀ ਹੈ। ਉਸਨੇ ਸਾਹਿਤਕਾਰ ਦੀ ਵਿਚਾਰਧਾਰਕ ਪ੍ਰਤਿਬੱਧਤਾ/ਪੱਖਪਾਤ ਦੇ ਪ੍ਰਸ਼ਨ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਲੇਖਕ ਦੀ ਇਸ ਪ੍ਰਤਿਬੱਧਤਾ ਨੂੰ ਸਮਾਜਿਕ ਯਥਾਰਥ ਨਾਲ ਸੰਬੰਧਿਤ ਹੋਣ ਉਤੇ ਜ਼ੋਰ ਦਿੱਤਾ। ਗ੍ਰਾਮਸੀ ਦੇ ਸਰਦਾਰੀ/ਚੌਧਰ (hegemony) ਵਾਲੇ ਵਿਚਾਰ ਵਿਚ ਵਿਸ਼ਵਾਸ਼ ਪ੍ਰਗਟਾਇਆ ਕਿ ਹਰ ਉੱਭਰ ਰਹੀ ਜਮਾਤ ਇੱਕ ਪਾਸੇ ਆਰਥਿਕ, ਰਾਜਸੀ ਤੇ ਮਿਲਟਰੀ ਦੇ ਬਲਬੂਤੇ 'ਤੇ ਅਤੇ ਦੂਜੇ ਪਾਸੇ ਉਹ ਆਪਣੇ ਸਭਿਆਚਾਰਕ ਪ੍ਰਵੇਸ਼ ਦੇ ਪ੍ਰਬਲ ਕਾਰਜਾਂ ਰਾਹੀਂ ਹਰ ਕਿਸਮ ਦੇ ਇਨਕਲਾਬ ਨੂੰ ਪਿੱਛੇ ਧਕੇਲ ਦਿੰਦੇ ਹਨ। ਧੌਂਸ ਤੇ ਪਖੰਡ ਦੀਆਂ ਵਿਰੋਧੀ ਜੁਗਤਾਂ-ਸੰਤੁਲਨ ਤੇ ਸਹਿਮਤੀ ਅਤੇ ਜ਼ੋਰਾਵਰੀ ਤੇ ਰਾਜ ਸੱਤਾ ਰਾਹੀਂ ਸ਼ਕਤੀ ਤੇ ਸਹਿਮਤੀ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵੀ ਕਰਦੀ ਹੈ। ਗ੍ਰਾਮਸੀ ਦੀ ਇਸੇ ਧਾਰਣਾ ਨੂੰ ਵਿਹਾਰਕ ਰੂਪ ਵਿਚ ਉਸ ਨੇ ਸਭਿਆਚਾਰਕ ਵਿਸ਼ਲੇਸ਼ਣ ਵਿਚ hegemony ਦੇ ਰੂਪਾਂ/ਜੁਗਤਾਂ ਨੂੰ ਸਮਝਣ ਲਈ ਵਰਤਿਆ। ਵਿਲਿਅਮ ਦੀ ਵੱਡੀ ਪ੍ਰਾਪਤੀ 'ਸਿਧਾਂਤਕ ਸੰਘਰਸ਼ ਦੀ ਚੇਤਨਾ' ਜਿਸ ਦੀ ਸਿਰਜਣਾ ਵਿਚ ਸੰਸਕ੍ਰਿਤੀ ਦੀਆਂ ਸਿਰਜਣਾਵਾਂ, ਇਨ੍ਹਾਂ ਸਿਰਜਣਾਂ ਵਿਚ ਸਮਾਜਿਕ-ਇਤਿਹਾਸਕ ਯਥਾਰਥ ਦੀ ਭੂਮਿਕਾ ਅਤੇ ਇਨ੍ਹਾਂ ਦੋਹਾਂ ਦੇ ਸੰਬਾਦੀ-ਦੁਅੰਦਾਤਮਕ ਸੰਬੰਧਾਂ ਵਿਚੋਂ ਸਮੂਹਿਕ ਚੇਤਨਾ ਦੀ ਉਸਾਰੀ ਅਤੇ ਇਸ ਦੇ ਪ੍ਰਗਟਾਵੇ ਵਿਚੋਂ ਉਨ੍ਹਾਂ ਦੇ ਵਾਸਤਵਿਕ ਯਥਾਰਥ ਤੱਕ ਪਹੁੰਚਣ ਦੀ ਅਧਿਐਨ ਵਿਧੀ ਦੇ ਅਮਲ ਨੇ ਸਾਹਿਤ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਕ ਤੇ ਵਿਹਾਰਕ ਆਧਾਰਾਂ ਨੂੰ ਹੋਰ ਸਪਸ਼ਟਤਾ ਪ੍ਰਦਾਨ ਕੀਤੀ। ਉਸ ਦੀ ਅਧਿਐਨ ਵਿਧੀ ਅਤੇ ਦ੍ਰਿਸ਼ਟੀ ਦੀਆਂ ਦਾਰਸ਼ਨਿਕ ਤੇ ਵਿਚਾਰਧਾਰਕ ਕਮਜ਼ੋਰੀਆਂ ਵੱਲ ਟੈਰੀ ਈਗਲਟਨ ਨੇ ਧਿਆਨ ਦਿਵਾਇਆ। ਸਭਿਆਚਾਰ ਦੀ ਭੂਮਿਕਾ ਬਾਰੇ ਉਹ ਆਦਰਸ਼ਵਾਦੀ ਹੈ ਪਰੰਤੂ ਉਹ ਸਭਿਆਚਾਰ ਅਤੇ ਸਭਿਆਚਾਰਕ ਰੂਪਾਂ ਦਾ ਅਧਿਐਨ ਪਦਾਰਥਕ-ਇਤਿਹਾਸਕ ਦ੍ਰਿਸ਼ਟੀ ਰਾਹੀਂ ਕਰਦਾ ਹੈ। ਦੂਜੇ ਉਸ ਦਾ ਸਭਿਆਚਾਰਕ ਅਤੇ ਇਸ ਦੇ ਰੂਪਾਂ ਦੀ ਪਹੁੰਚ-ਦ੍ਰਿਸ਼ਟੀ ਪੱਛਮੀ ਸਮਾਜ ਤੱਕ ਸੀਮਤ ਹੈ। ਇਸ ਲਈ ਇਹ ਇੱਕ-ਪੱਖੀ ਹੈ।

ਟੈਰੀ ਈਗਲਟਨ, ਮਿਸ਼ੇਲ ਜੇਰਾਫ਼ਾ, ਫਰੈਡ੍ਰਿਕ ਜੇਮਸਨ ਅਤੇ ਫਰੈਂਕਫਰਟ ਸਕੂਲ ਆਫ਼ ਸੋਸ਼ਿਆਲਜੀ ਨੇ ਸਾਹਿਤ ਦੇ ਮਾਰਕਸਵਾਦੀ ਸਮਾਜ ਸ਼ਾਸਤਰ ਦੇ ਸਿੱਧਾਂਤਕ ਤੇ ਵਿਹਾਰਕ ਆਧਾਰਾਂ ਵਿਚ ਜ਼ਿਆਦਾ ਪੁਖ਼ਤਗੀ ਲਿਆਂਦੀ। ਟੈਰੀ ਈਗਲਟਨ ਨੇ ਸਾਹਿਤ ਤੇ ਇਤਿਹਾਸ, ਲੇਖਕ ਦੀ ਪ੍ਰਤਿਬੱਧਤਾ, ਰੂਪ-ਵਸਤੂ ਦੇ ਸੰਬੰਧ, ਵਿਚਾਰਧਾਰਾ ਆਦਿ ਬਾਰੇ ਆਪਣੇ ਆਲੋਚਨਾਤਮਕ ਵਿਚਾਰ ਪੇਸ਼ ਕੀਤੇ। ਉਸ ਨੇ ਹਰ ਕਲਾ ਉੱਤੇ ਆਪਣੇ ਜੁਗ ਦੀ ਅਮਿੱਟ ਛਾਪ ਨੂੰ ਸਵੀਕਾਰਿਆ। ਸਾਹਿਤ/ਕਲਾ ਨੂੰ ਇਤਿਹਾਸ ਦਾ ਰੂਪ ਬਦਲਣ ਵਾਲੇ ਕਾਰਗਰ ਤੇ ਇੱਕੋ-ਇੱਕ ਹਥਿਆਰ ਹੋਣ ਦੀ ਥਾਂ ਅਜਿਹੀ ਤਬਦੀਲੀ ਵਿਚ ਇੱਕ ਸਰਗਰਮੀ ਤੱਤ ਵਜੋਂ ਸਵੀਕਾਰ ਕੀਤਾ। ਇਸੇ ਤਰ੍ਹਾਂ ਉਸਨੇ ਨਿੱਧੜ ਮਾਰਕਸਵਾਦੀਆਂ ਦੀ ਸਾਹਿਤ ਨੂੰ ਨਿਰੋਲ ਵਿਚਾਰਧਾਰਾ ਤੀਕ ਘਟਾਉਣ ਦੀ ਥਾਂ ਇਸ ਦੀ ਪ੍ਰਸੰਗਿਕ ਵਿਆਖਿਆ ਨੂੰ ਸਾਹਿਤ/ਕਲਾ ਦੇ ਸਾਰ ਵਿਚ ਹੋਣ ਦੀ ਥਾਂ ਇਸ ਦੇ ਰੂਪਾਂ ਵਿਚ ਸਮਾਈ ਹੋਣ ਦਾ ਤਰਕ ਪੇਸ਼ ਕੀਤਾ। ਇਸਦੇ ਨਾਲ-ਨਾਲ ਉਸਨੇ ਸਾਹਿਤ ਕ੍ਰਿਤ, ਸਾਹਿਤ ਆਲੋਚਨਾ ਅਤੇ ਵਿਚਾਰਧਾਰਾ ਬਾਰੇ ਵੀ ਆਪਣੀਆਂ ਧਾਰਨਾਵਾਂ ਨੂੰ ਸਪਸ਼ਟ ਕੀਤਾ। ਉਸ ਨੇ ਇਹ ਵੀ ਸੁਚੇਤ ਕੀਤਾ ਕਿ ਸਾਹਿਤ ਆਲੋਚਨਾ ਸਿਰਫ ਸਾਹਿਤਕ ਰੂਪਾਂ ਦੇ ਨਿਯਮਾਂ ਜਾਂ ਵਿਚਾਰਧਾਰਾ ਦੇ ਸਿੱਧਾਂਤ ਨਾਲ ਹੀ ਸਰੋਕਾਰ ਨਹੀਂ ਰੱਖਦੀ ਸਗੋਂ ਸਾਹਿਤ ਰੂਪ ਵਿਚ ਇਹ ਵਿਚਾਰਧਾਰਕ ਪ੍ਰਵਚਨਾ ਦੇ ਨਿਰਮਾਣ ਦੇ ਨਿਯਮਾਂ ਨਾਲ ਵੀ ਸਰੋਕਾਰ ਰੱਖਦੀ ਹੈ। ਉਸ ਨੇ ਸਾਹਿਤ/ਕਲਾ ਅਤੇ ਯਥਾਰਥ ਨੂੰ ਵਿਸ਼ੇਸ਼ ਵਿਧੀ ਤੇ ਵਿਸ਼ੇਸ਼ ਰੂਪ ਰਾਹੀਂ ਰੂਪਾਂਤ੍ਰਣ ਕਰਨ ਦਾ ਨਾਂ ਦਿੱਤਾ। ਸਪਸ਼ਟ ਹੈ ਕਿ ਸਾਹਿਤ ਦੀ ਵਸਤ ਸਮਾਜਿਕ ਵਸਤ ਹੈ ਜਿਸ ਉੱਤੇ ਉਸਦੇ ਵਿਸ਼ੇਸ਼ ਜੁਗ ਦਾ ਡੂੰਘਾ ਪ੍ਰਭਾਵ ਹੈ। ਇਸਦੀ ਸਮਝ ਸਮਾਜ-ਸ਼ਾਸਤਰ ਰਾਹੀਂ ਹੀ ਹੋ ਸਕਦੀ ਹੈ ਅਤੇ ਸਾਹਿਤ/ਕਲਾ ਵਿਚ ਰੂਪਾਂਤਰਿਤ ਇਸ ਵਸਤ ਅਤੇ ਉਸ ਜੁਗ ਦੀਆਂ ਸਮਾਜ ਸ਼ਾਸਤ੍ਰੀ ਬਣਤਰਾਂ ਰਾਹੀਂ ਵੀ। ਇਉਂ ਇਹ ਅਧਿਐਨ ਇੱਕ-ਦੂਜੇ ਦੀ ਸਮਝ ਨੂੰ ਪੂਰਕਤਾ ਪ੍ਰਦਾਨ ਕਰਦਾ ਹੈ। ਇਸੇ ਧਾਰਣਾ ਦੀ ਪੁਸ਼ਟੀ ਮਿਸ਼ੇਲ ਜੇਰਾਫ਼ਾ ਦੀ ਪੁਸਤਕ **Fictions-The Novel and Social Reality** ਦੇ ਉਸ ਕਥਨ ਵਿਚੋਂ ਹੁੰਦੀ ਹੈ ਜਿਥੇ ਉਸਨੇ ਨਾਵਲ ਨੂੰ ਸਮਾਜਿਕ ਸੰਸਥਾ ਅਤੇ ਸਾਹਿਤਕ ਰੂਪ ਦੇ ਅਰਥਾਂ ਵਿਚ ਸਵੀਕਾਰਿਆ ਅਤੇ ਕਿਹਾ ਕਿ ਭਾਵੇਂ ਨਾਵਲ ਹੋਂਦ ਦਾ ਆਦਰਸ਼ੀਕਰਣ ਕਰ ਰਿਹਾ ਹੋਵੇ ਜਾਂ ਉਸ ਦੀਆਂ ਅੰਦਰੂਨੀ ਪ੍ਰੇਰਨਾਵਾਂ/ਉਤੇਜਨਾਵਾਂ ਦਾ ਪ੍ਰਗਟਾਅ, ਇਹ ਆਪਣੇ ਬੁਨਿਆਦੀ ਇਤਿਹਾਸਕ-ਸਮਾਜਿਕ ਸੁਭਾਅ ਨੂੰ ਹਮੇਸ਼ਾ ਕਾਇਮ ਰੱਖਦਾ ਹੈ।

ਫਰੈਡਰਿਕ ਜੇਮਸਨ ਭਾਵੇਂ ਹੀਗਲ ਅਤੇ ਸਾਰਤ੍ਰ ਦੇ ਵਿਚਾਰਾਂ ਤੋਂ ਪ੍ਰਭਾਵਿਤ ਸੀ ਪਰੰਤੂ ਉਸ ਨੇ ਸਾਹਿਤ ਦੇ ਦੁਅੰਦਾਤਮਕ ਸਿੱਧਾਂਤ ਨੂੰ ਮੰਨਦਿਆਂ ਸਾਹਿਤਕ-ਕਿਰਤ ਦੇ ਵਿਵੇਚਨ ਨੂੰ ਵਿਆਪਕ ਸਮਾਜਿਕ ਸੰਗਠਨ ਤੋਂ ਵੱਖਰਿਆਂ ਕਰਨ ਨੂੰ ਨਕਾਰਿਆ, ਕਿਉਂਕਿ ਹਰ ਲੇਖਕ ਆਪਣੇ ਸਮਾਜ ਦਾ ਅੰਗ ਹੈ। ਉਸ ਨੇ ਕਿਸੇ ਸਾਹਿਤਕ ਕਿਰਤ ਵਿਚਲੇ ਅਨੁਭਵ ਦੇ ਹਾਵੀ ਪ੍ਰਵਰਗ (domainant catagory of experience) ਨੂੰ ਹੀ ਉਸ ਦੀ ਲਿਖਤੀ ਪ੍ਰਕਿਰਿਆ ਮੰਨਿਆ। ਉਸਦੀ ਚਿੰਤਨ ਦੇ ਖੇਤਰ ਵਿਚ ਵੱਡੀ ਪ੍ਰਾਪਤੀ ਰਾਜਸੀ ਅਵਚੇਤਨ (Political Unconscious) ਦੀ ਪਛਾਣ ਕਰਵਾਉਣ ਵਿਚ ਹੈ, ਜਿਸ ਨੂੰ ਫਰਾਇਡ ਦੇ ਵਿਅਕਤੀਗਤ ਪੱਧਰ ਤੋਂ ਚੁੱਕ ਇਸ ਨੂੰ ਸਮੂਹਿਕ ਪੱਧਰ ਦਾ ਦਰਜਾ ਦਿੱਤਾ ਅਤੇ ਇਸ ਨੂੰ ਕਰਾਂਤੀ ਦੇ ਦਮਨ ਦਾ ਵਿਚਾਰਧਾਰਕ ਹਥਿਆਰ ਮੰਨਿਆ। ਇਸੇ ਲਈ ਉਸਨੇ ਕਿਸੇ ਸਾਹਿਤਕ ਰਚਨਾ ਵਿਸ਼ੇਸ਼ ਕਰਕੇ ਨਾਵਲ ਵਿਚ ਉਸ ਗ਼ੈਰ ਹਾਜ਼ਰ ਕਾਰਣ ਕਰਾਂਤੀ ਦੇ ਨਾ ਹੋਣ ਦੀ ਪਹਿਚਾਣ ਦੇ ਅਧਿਐਨ ਉਤੇ ਜ਼ੋਰ ਦਿੱਤਾ। ਉਸਦੀ ਆਲੋਚਨਾਤਮਕ ਵਿਧੀ ਦੇ ਤਿੰਨ ਦਿਸਹੱਦੇ (horizones) ਹਨ-ਸਰਵ ਵਿਆਖਿਆ ਦਾ ਵਿਸ਼ਲੇਸ਼ਣ, ਸਮਾਜਿਕ ਪ੍ਰਵਚਨ ਦਾ ਵਿਸ਼ਲੇਸ਼ਣ ਅਤੇ ਇਤਿਹਾਸਕ ਪੜ੍ਹਤ ਦੇ ਜੁਗੀ ਧਰਾਤਲ ਦਾ ਵਿਸ਼ਲੇਸ਼ਣ। ਇਉਂ ਫਰੈਡਰਿਕ ਜੇਮਸਨ ਨੇ ਸਾਹਿਤ ਦੀ ਸਮਾਜ ਸ਼ਾਸਤਰੀ ਅਧਿਐਨ ਵਿਧੀ ਵਿਚ ਰਾਜਸੀ ਪ੍ਰਵਚਨ ਦੇ ਸੰਕਲਪ ਨੂੰ ਜੋੜ ਕੇ ਇਸ ਅਧਿਐਨ ਨੂੰ ਵੱਧ ਸੰਪੰਨ ਅਤੇ ਵਿਹਾਰਕ ਬਣਾਇਆ।

ਫਰੈਂਕਫਰਟ ਸਕੂਲ ਆਫ਼ ਸੋਸ਼ਿਆਲੋਜੀ ਮਾਰਕਸਵਾਦੀ ਅਤੇ ਮਨੋਵਿਗਿਆਨ ਵਿਚੋਂ ਆਪਣੀਆਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਦੀ ਹੋਈ ਸਾਹਿਤ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਕ ਆਧਾਰਾਂ ਦੀ ਵਿਆਖਿਆ ਕਰਦੀ ਹੈ। ਲਿਓ ਲਾਵੇਂਥਲ (Leo Lawenthal) ਇਸ ਸਕੂਲ ਦਾ ਅਜਿਹਾ ਚਿੰਤਕ ਸੀ ਜਿਸਨੇ ਆਪਣੇ ਪੁਰਾਤਨ ਤੇ ਆਧੁਨਿਕ ਜਰਮਨ ਤੇ ਯੂਰਪੀ ਸਾਹਿਤ ਦੇ ਸਮਾਜ ਸ਼ਾਸਤਰੀ ਅਧਿਐਨ-ਵਿਸ਼ਲੇਸ਼ਣ ਰਾਹੀਂ ਸਾਹਿਤ ਦੇ ਸੁਹਜਾਤਮਕ ਅਨੁਭਵ ਨੂੰ ਜੋੜਨ ਦੀ ਕੋਸ਼ਿਸ਼ ਕੀਤੀ। ਕਿਸੇ ਵੀ ਕਾਲ ਦੇ ਮਨੁੱਖੀ ਸੁਭਾਅ, ਅਨੁਭਵ ਅਤੇ ਤਾਂਘਾਂ ਆਦਿ ਜਿਹੜੀਆਂ ਉਸਦੇ ਇਤਿਹਾਸਕ ਪ੍ਰਸੰਗਾਂ ਤੋਂ ਪ੍ਰਭਾਵਿਤ ਹੋਈਆਂ, ਬਾਰੇ ਜਾਣਨ ਦਾ ਇਹ ਪ੍ਰਮਾਣਿਕ ਜ਼ਰੀਆ ਹੈ। ਉਸਨੇ ਸਾਹਿਤ ਵਿਚ ਭਾਰੂ ਧਿਰ ਦੀ ਆਵਾਜ਼ ਦੇ ਨਾਲ-ਨਾਲ ਹਾਰੂ ਧਿਰ ਦੀ ਉਸ ਆਵਾਜ਼ ਨੂੰ ਪਛਾਨਣ ਉੱਤੇ ਵੀ ਜ਼ੋਰ ਦਿੱਤਾ ਜਿਹੜੀ ਜਿੱਤ ਦੀ ਇੱਛਾ ਰੱਖਣ ਵਾਲੇ ਦੀ ਆਵਾਜ਼ ਹੁੰਦੀ ਹੈ। ਸਾਹਿਤ ਰਾਹੀਂ ਪੂੰਜੀਵਾਦੀ ਸਮਾਜ ਦੇ ਅੰਤਰ-ਵਿਰੋਧਾਂ ਨੂੰ ਸਮਝਣਾ, ਸਾਹਿਤ ਨੂੰ ਵਿਚਾਰਧਾਰਾ ਦੇ ਰੂਪ ਵਿਚ ਗ੍ਰਹਿਣ ਕਰਨ, ਸਮੂਹਿਕ ਚੇਤਨਾ ਤੇ ਵਿਅਕਤੀਗਤ ਚੇਤਨਾ ਦੇ ਰੂਪ ਵਿਚਲੇ ਸੰਬੰਧਾਂ ਦੀ ਪਰਖ, ਸਮਾਜ ਵਿਚਲੀ ਵਰਗ ਚੇਤਨਾ ਆਦਿ ਦੇ ਵਿਵੇਚਨ ਰਾਹੀਂ ਸਮਾਜਿਕ ਮਨੋਵਿਗਿਆਨ ਤੀਕ ਪਹੁੰਚ ਬਣਾਉਣ ਦੇ ਤਰਕ ਦੀ ਉਸਾਰੀ ਕੀਤੀ। ਸਾਹਿਤ ਦੇ ਸਮਾਜ ਸ਼ਾਸਤਰੀ ਅਧਿਐਨ ਵਿਚ ਉਸਦੀ ਦੇਣ ਇਸ ਗੱਲ ਵਿਚ ਹੈ ਕਿ ਸਾਹਿਤ ਦੀ ਹੋਂਦ ਤੋਂ ਲੈ ਕੇ ਇਸਦੀ ਪ੍ਰਕਿਰਿਆ, ਪ੍ਰਯੋਜਨ, ਵਿਚਾਰਧਾਰਾ, ਵਿਅਕਤੀਗਤ ਚੇਤਨਾ, ਸਮੂਹਿਕ ਚੇਤਨਾ, ਰੂਪ ਤੇ ਵਸਤੂ ਦੇ ਸੰਬੰਧ ਆਦਿ ਦੇ ਪ੍ਰਸ਼ਨਾਂ ਅਤੇ ਸੰਕਲਪਾਂ ਨੂੰ ਉਨ੍ਹਾਂ ਦੇ ਸਮਾਜਿਕ-ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਸੋਚਣ-ਸਮਝਾਉਣ ਦੀ ਪਰੰਪਰਾ ਨੂੰ ਹੋਰ ਮਜਬੂਤ ਕੀਤਾ।

### ਉਤਰ-ਸੰਰਚਨਾਵਾਦੀ ਅਤੇ ਉਤਰ-ਬਸਤੀਵਾਦੀ ਚਿੰਤਨ

ਇਹ ਦੋਵੇਂ ਚਿੰਤਨ ਵਿਧੀਆਂ ਤੇ ਦ੍ਰਿਸ਼ਟੀਆਂ ਅਰਥ ਤੇ ਮੁੱਲਾਂ ਦੇ ਫਲਸਫ਼ੇ ਨੂੰ ਨਵੇਂ ਦ੍ਰਿਸ਼ਟੀਕੋਣਾਂ ਤੋਂ ਵੇਖਦਿਆਂ ਮਨੁੱਖੀ ਸੋਚ, ਮਨੋਵਿਗਿਆਨ, ਵਿਹਾਰ ਅਤੇ ਉਸਦੀਆਂ ਸਮੂਹ ਭਾਸ਼ਾਈ, ਸਮਾਜਕ ਤੇ ਸਭਿਆਚਾਰਕ ਸਿਰਜਣਾਵਾਂ ਨੂੰ ਪੁਨਰ-ਪਰਿਭਾਸ਼ਤ ਕਰਦੀਆਂ ਹਨ। ਉਤਰ-ਸੰਰਚਨਾਵਾਦੀ ਚਿੰਤਕਾਂ ਨੇ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿਚਲੇ ਅਰਥ ਦੇ ਨਿਸ਼ਚਿਤ ਆਰੋਪਨ ਨੂੰ ਤੋੜਿਆ ਅਤੇ ਇਸ ਦੇ ਪਿਛੋਕੜ ਨੂੰ ਖੋਲਣ ਦਾ ਯਤਨ ਕੀਤਾ। ਉਨ੍ਹਾਂ ਦੀ ਇਹ ਧਾਰਣਾ ਕਿ ਪਾਠ ਕਦੇ ਵੀ ਸਵੈ-ਆਧਾਰੀ ਅਤੇ ਆਤਮ ਨਿਰਭਰ ਨਹੀਂ ਹੁੰਦਾ, ਸਗੋਂ ਇਹ ਇਤਿਹਾਸ ਧੁਰੀ ਅਤੇ ਸਭਿਆਚਾਰ ਦੇ ਅੰਤਰੀਵ ਵਿਚ ਹੈ, ਰਾਹੀਂ ਸੰਰਚਨਵਾਦੀਆਂ/ਰੂਪਵਾਦੀਆਂ ਦੇ ਇਨ੍ਹਾਂ ਪਾਠਾਂ ਦੇ ਖ਼ੁਦਮੁਖਤਾਰੀ ਦੇ ਸੰਕਲਪ ਨੂੰ ਸੱਟ ਮਾਰੀ, ਕਿਉਂਕਿ ਇਹ ਮੱਤ ਜੀਵਨ ਤੇ ਸਭਿਆਚਾਰ ਤੋਂ ਵੱਖਰਾ ਨਹੀਂ; ਸਗੋਂ ਸਮਾਜਿਕ ਪ੍ਰਕਿਰਿਆ ਦਾ ਅੰਗ ਹੈ ਇਸੇ ਲਈ ਇਹ ਸਿੱਧਾਂਤ ਵਿਆਪਕ ਰੂਪ ਵਿਚ ਵਰਤਮਾਨ ਜੁਗ ਦੇ ਮਾਨਵੀ ਸੰਕਟ ਨਾਲ ਨਜਿੱਠਣ ਦਾ ਹੀ ਜਤਨ ਹੈ। ਉਤਰ ਸੰਰਚਨਵਾਦੀ ਚਿੰਤਕ ਜਿਸ ਵਿਚ ਮਿਸ਼ੇਲ ਫੂਕੋ ਅਤੇ ਯੱਕ ਲਾਕਾਂ ਆਦਿ ਨੇ ਸੱਤਾ ਦੀ ਸਰਦਾਰੀ ਅਤੇ ਸਤਰੀਕਰਨ ਵਾਲੇ ਪ੍ਰਵਚਨ ਜਿਹੜੇ ਇੱਕ-ਧਿਰੀ ਤੇ ਇੱਕ ਰੂਪੀ ਹਨ, ਉੱਤੇ ਆਪਣਾ ਬੌਧਿਕ ਹਮਲਾ ਕਰਦੇ ਹੋਏ ਬਹੁ-ਰੂਪਤਾਵਾਂ, ਵਿਭਿੰਨਤਾਵਾਂ ਅਤੇ ਵਿਵਿਧਤਾਵਾਂ ਵਾਲੇ ਪ੍ਰਵਚਨਾਂ ਦੀ ਵਕਾਲਤ ਕੀਤੀ, ਜਿਨ੍ਹਾਂ ਦੇ ਕੇਂਦਰ ਵਿਚ ਅਦਰ (other) ਸੀ। ਯੱਕ ਲਾਕਾਂ ਨੇ ਸਾਹਿਤ ਅਤੇ ਮਨੋਵਿਸ਼ਲੇਸ਼ਣ ਦੀ ਇੱਕ ਪੱਖੀ ਧਾਰਣਾ ਨੂੰ ਬਦਲਦੇ ਹੋਏ ਅਵਚੇਤਨੀ ਭਾਸ਼ਾ ਵਾਂਗ ਸੰਚਾਰਨ ਦੀ ਧਾਰਣਾ ਪ੍ਰਸਤੁਤ ਕੀਤੀ।

ਉਤਰ-ਬਸਤੀਵਾਦੀ ਸਿੱਧਾਂਤ ਬਸਤੀਵਾਦੀ ਨਸਲ ਦੇ ਪ੍ਰਸ਼ਨ ਉੱਤੇ ਕੇਂਦਰਿਤ ਹੈ। ਇਹ ਸਿੱਧਾਂਤ ਬਸਤੀਵਾਦੀ ਤਾਕਤਾਂ ਦੇ ਨਸਲੀ ਨਜ਼ਰੀਏ ਨੂੰ ਆਪਣੀ ਵਿਧੀ ਤੇ ਦ੍ਰਿਸ਼ਟੀ ਰਾਹੀਂ ਪ੍ਰਸਤੁਤ ਕਰਨ, ਪ੍ਰਤੀਬਿੰਬਤ ਕਰਨ ਅਤੇ ਅਸਵੀਕਾਰ ਕਰਨ ਦੇ ਯੋਗ ਬਣਾਉਂਦਾ ਹੈ। ਇਹ ਸਿੱਧਾਂਤ ਇੱਕ ਤਰ੍ਹਾਂ ਨਾਲ ਬਸਤੀਵਾਦੀ ਪ੍ਰਵਚਨ ਦਾ ਪ੍ਰਤਿ-ਉੱਤਰ ਸਿਰਜਦਾ ਹੈ। ਉਨ੍ਹਾਂ ਦੀਆਂ ਸਭਿਆਚਾਰਕ ਰੀਤੀਆਂ,

ਵਿਆਖਿਆਵਾਂ, ਪੜਤਾਲਾਂ ਦੀ ਸਭਿਆਚਾਰਕ ਕ੍ਰੀਟੀਕ ਪੇਸ਼ ਕਰਦਾ ਹੈ, ਸੱਤਾ ਦੀ ਜ਼ੋਰਾਵਰੀ ਵਾਲੇ ਬਸਤੀਵਾਦੀ ਪ੍ਰਵਚਨ ਨੂੰ ਦੇਸੀ ਸਭਿਆਚਾਰਕ ਬਣਤਰਾਂ, ਪ੍ਰਵਚਨਾਂ ਅਤੇ ਵਿਹਾਰਾਂ ਵਿਚਲੇ ਉਭਰਵੇਂ ਅਤੇ ਉਪਯੋਗੀ ਪੱਖਾਂ ਦੀ ਪਛਾਣ ਰਾਹੀਂ ਕੱਟਦਾ ਹੈ ਜਿਹੜੇ ਬਸਤੀਵਾਦੀ ਨਸਲ, ਗਿਆਨ ਪ੍ਰਬੰਧ ਅਤੇ ਉਸਦੇ ਮਹਾਂ ਬਿਰਤਾਂਤਾਂ ਦੀ ਗੌਰਵਤਾ ਤੇ ਉਤਕ੍ਰਿਸ਼ਟਤਾ ਨੂੰ ਸਿੱਧ ਕਰਦਾ ਹੈ। ਇਉਂ, ਇਨ੍ਹਾਂ ਸਿਧਾਂਤਕਾਰਾਂ ਨੇ ਕੌਮੀ ਸਾਹਿਤ, ਕੌਮੀ ਸਭਿਆਚਾਰ, ਕੌਮੀ ਗਿਆਨ ਪ੍ਰਬੰਧ ਅਤੇ ਕੌਮੀ ਚੇਤਨਾ ਉੱਤੇ ਜ਼ੋਰ ਦਿੰਦੇ ਹੋਏ ਬਸਤੀਵਾਦੀ ਪ੍ਰਭਾਵਾਂ ਨੂੰ ਖੋਰਾ ਲਾਇਆ। ਇਨ੍ਹਾਂ ਨੇ ਸਾਹਿਤ ਦੀ ਸਮਾਜ-ਸ਼ਾਸਤਰੀ ਅਧਿਐਨ ਵਿਧੀ ਵਿਚ ਪੁਰਾਤਨ ਸਾਹਿਤ ਕੌਮੀ ਤੇ ਸਭਿਆਚਾਰਕ ਸਿਰਜਣਾਵਾਂ ਵਿਚੋਂ ਉਸ ਸਾਂਝੀ ਤੇ ਸਮੂਹਿਕ ਆਤਮਾ (ethos) ਦੀ ਪਛਾਣ ਕਰਾਉਣ ਦੀ ਅੰਤਰ-ਦ੍ਰਿਸ਼ਟੀ ਬਖ਼ਸ਼ੀ ਜਿਹੜੀ ਸਮਾਜਿਕ ਸਾਰਥਕਤਾ ਦੇ ਨਾਲ-ਨਾਲ ਸੁਹਜਾਤਮਕ ਸਾਰਥਕਤਾ ਵੀ ਰੱਖਦੀ ਹੈ।

ਸਾਹਿਤ ਦੇ ਸਮਾਜ-ਸ਼ਾਸਤਰ ਨੇ ਪਾਠਕ/ਪੜਣ, ਲੇਖਕ/ਲੇਖਣੀ ਅਤੇ ਪ੍ਰਕਾਸ਼ਨ/ਵਿਤਰਣ ਆਦਿ ਦੇ ਮਸਲਿਆਂ ਨੂੰ ਮੰਡੀ-ਮੀਡੀਆਂ ਸਭਿਆਚਾਰ ਦੇ ਪ੍ਰਸੰਗ ਵਿਚ ਲੇਖਕ, ਕਿਰਤ ਅਤੇ ਪ੍ਰਕਾਸ਼ਕ ਆਦਿ ਦੇ ਵਸਤ-ਮੁੱਲ ਦੇ ਨਜ਼ਰੀਏ ਤੋਂ ਸਮਝੇ ਜਾਣ ਵਾਲੇ ਆਰਥਿਕ ਪੱਖਾਂ ਨੂੰ ਆਪਣੇ ਵਿਸ਼ਾ-ਖੇਤਰ ਵਿਚ ਸ਼ਾਮਲ ਕੀਤਾ। ਅਜਿਹੇ ਚਿੰਤਕਾਂ ਨੇ ਸਨਅਤੀ ਸਭਿਆਚਾਰ ਦੀ ਸਭਿਆਚਾਰਕ ਸਨਅਤ ਦੀ ਅੰਤਰ-ਸੰਬੰਧਤਾ ਅਤੇ ਅੰਤਰ-ਟਕਰਾਵਾਂ ਦੀ ਸਾਹਿਤਕ ਅਤੇ ਸਮਾਜਿਕ ਵਿਆਖਿਆ ਕੀਤੀ।

ਸਾਰ ਰੂਪ ਵਿਚ ਸਾਹਿਤ ਦੇ ਸਮਾਜ-ਸ਼ਾਸਤਰ ਦੇ ਸਿੱਧਾਂਤਕ ਤੇ ਵਿਹਾਰਕ ਮਸਲੇ ਇੱਕ-ਪੱਖੀ ਜਾਂ ਸਰਲ ਸੁਭਾਅ ਵਾਲੇ ਨਹੀਂ। ਇਹ ਨਾ ਤਾਂ ਸਾਹਿਤ ਦੁਆਰਾ ਕਿਸੇ ਸਮਾਜ ਦੇ ਸੰਬੰਧਾਂ ਅਤੇ ਸੰਸਥਾਵਾਂ ਦੇ ਸੱਚ ਨੂੰ ਲੱਭਣ ਜਾਂ ਇਸ ਨੂੰ ਵਿਚਾਰਧਾਰਕ ਰੂਪ ਵਿਚ ਪ੍ਰਭਾਵਿਤ ਕਰਨ ਨਾਲ ਜੁੜੇ ਹਨ ਅਤੇ ਨਾ ਹੀ ਕੇਵਲ ਸਮਾਜ-ਸ਼ਾਸਤਰ ਦੁਆਰਾ ਕਿਸੇ ਸਾਹਿਤਕ ਰੂਪ-ਵਸਤ ਦੇ ਨਿਰਮਾਣਕਾਰੀ ਤੱਤਾਂ ਦੀ ਨਿਰਣਾਇਕ ਭੂਮਿਕਾ ਦੀ ਸਮਝ ਤੀਕ ਸੀਮਿਤ ਹਨ। ਇਹ ਤਾਂ ਵਾਸਤਵ ਵਿਚ ਜਿੱਥੇ ਸਾਹਿਤ ਦੇ ਸੁਹਜਾਤਮਕ ਮੁੱਲਾਂ ਤੋਂ ਲੈ ਕੇ ਵਿਅਕਤੀਗਤ ਤੇ ਸਮਾਜਿਕ-ਮਾਨਸਿਕਤਾ, ਸਮਾਜਿਕ-ਸਾਹਿਤਕ ਤੇ ਅਧਿਆਤਮਕ ਸਰੋਕਾਰਾਂ ਦੀਆਂ ਪਰੰਪਰਾ ਤੱਕ ਦੇ ਇਤਿਹਾਸ, ਭਾਸ਼ਾ ਵਿਗਿਆਨ, ਵਿਚਾਰਧਾਰਾਈ ਅਤੇ ਦਾਰਸ਼ਨਿਕ ਸੰਕਲਪਾਂ ਦੀ ਸੋਝੀ ਤੇ ਪ੍ਰਭਾਵ ਦੇ ਪਾਸਾਰ ਤੱਕ ਪਸਰੇ ਹਨ, ਉੱਥੇ ਇਹ ਮੰਡੀ-ਮੀਡੀਆ ਸਭਿਆਚਾਰ ਦੇ ਵਸਤੂ-ਮੁੱਲ ਤੋਂ ਵੀ ਪ੍ਰਭਾਵਿਤ ਹਨ। ਇਨ੍ਹਾਂ ਦਾ ਅਧਿਐਨ ਗਿਆਨ ਦੇ ਕਿਸੇ ਇਕਹਿਰੇ ਗਿਆਨ-ਪ੍ਰਬੰਧ ਰਾਹੀਂ ਸੰਭਵ ਨਹੀਂ, ਇਸ ਲਈ ਬਹੁ-ਅਨੁਸ਼ਾਸਨੀ ਅਧਿਐਨ ਦ੍ਰਿਸ਼ਟੀ ਤੇ ਵਿਧੀ ਕਾਰਗਰ ਹੋਵੇਗੀ।

# ਖੋਜ: ਵਿਉਂਤ ਤੇ ਵਿਹਾਰ

—ਡਾ. ਮਹਿਲ ਸਿੰਘ*

ਖੋਜ ਤੋਂ ਭਾਵ ਕਿਸੇ ਲੱਭਤ ਜਾਂ ਨਵੀਂ ਪੇਸ਼ਕਾਰੀ ਤੋਂ ਹੈ। ਪੰਜਾਬ ਤੇ ਪੰਜਾਬੀ ਵਿਚ ਖੋਜ ਸ਼ਬਦ ਕਦੀ 'ਖੋਜੀ' ਜਾਂ 'ਖੋਜੇ' ਲਈ ਵਰਤਿਆ ਜਾਂਦਾ ਸੀ। ਕੋਈ ਚੀਜ਼ ਚੋਰੀ ਹੋਣ ਸੰਬੰਧੀ ਚੋਰ ਦੀ ਪੈੜਚਾਲ ਜਾਂ ਖੁਰਾ ਲੱਭਣ ਵਾਲੇ ਨੂੰ ਖੋਜੀ ਕਿਹਾ ਜਾਂਦਾ ਸੀ। ਅੱਜ-ਕੱਲ੍ਹ 'ਖੋਜ' ਸ਼ਬਦ ਨੂੰ ਨਵੀਂ ਜਾਣਕਾਰੀ ਜਾਂ ਨਵੇਂ ਗਿਆਨ ਤੇ ਰਚਨਾਤਮਕ ਸੰਕਲਪ ਵਜੋਂ ਵਰਤਿਆ ਜਾਂਦਾ ਹੈ। ਇਹ ਅੰਗਰੇਜ਼ੀ ਸ਼ਬਦ Research ਦਾ ਪਰਾਇ ਹੈ। Re-search ਤੋਂ ਭਾਵ ਕਿਸੇ ਚੀਜ਼ ਨੂੰ ਨੀਝ ਨਾਲ ਮੁੜ ਜਾਂਚਣ ਤੋਂ ਹੈ। ਡਾ. ਦਵਿੰਦਰ ਸਿੰਘ ਵਿਦਿਆਰਥੀ ਅਨੁਸਾਰ "ਹਿੰਦੀ-ਸੰਸਕ੍ਰਿਤ ਵਿਚ ਪ੍ਰਚਲਿਤ ਸ਼ਬਦ 'ਅਨੁਸੰਧਾਨ' (ਸੋਚ-ਵਿਚਾਰ ਕਰਨ).. ਅਤੇ 'ਗਵੇਸ਼ਣਾ' (ਛਾਣ-ਬੀਨ ਕਰਨਾ) ਵੀ ਖੋਜ ਦਾ ਹੀ ਸਮ-ਅਰਥਕ ਹੈ।"[1] ਖੋਜ ਇੱਕ ਵਿਸ਼ੇਸ਼ ਪੜ੍ਹਤ ਦਾ ਆਲੋਚਨਾਤਮਕ ਖੇਤਰ ਵੀ ਹੈ। ਉੱਚ-ਵਿੱਦਿਆ ਦੇ ਗਿਆਨ ਖੇਤਰ ਵਿਚ ਖੋਜ ਦਾ ਖ਼ਾਸ ਮਹੱਤਵ ਹੈ। ਖੋਜ ਗਿਆਨ ਦਾ ਨਵਾਂ ਸੰਗਠਨ ਹੈ। ਇਸ ਖੇਤਰ ਦੇ ਅਧਿਐਨ ਦਾ ਆਪਣਾ ਇੱਕ ਵਿਸ਼ੇਸ਼ ਵਿਧੀ-ਵਿਗਿਆਨ ਹੈ, ਜਿਸ ਦੀ ਪਾਲਣਾ ਬਿਨਾਂ 'ਖੋਜ-ਨਿਬੰਧ' ਜਾਂ 'ਖੋਜ-ਪ੍ਰਬੰਧ' ਦੀ ਹੋਂਦ ਸੰਭਵ ਨਹੀਂ ਹੈ। ਵਿਗਿਆਨ ਸ਼ਬਦ Science ਸ਼ਬਦ ਦਾ ਪੰਜਾਬੀ ਰੂਪ ਹੈ। ਹਰਿਕ੍ਰਿਸ਼ਨ ਰਾਵਤ ਅਨੁਸਾਰ:

> Science ਸ਼ਬਦ ਲਾਤੀਨੀ ਭਾਸ਼ਾ ਦੇ Scientia ਤੋਂ ਬਣਿਆ ਹੈ ਜਿਸ ਦਾ ਅਰਥ ਹੈ ਜਾਣਨਾ (To Know)[2]

'ਵਿਗਿਆਨ' ਸ਼ਬਦ ਦਾ ਭਾਵ ਵਿਸ਼ਿਸ਼ਟ ਗਿਆਨ ਤੋਂ ਹੈ। ਇਹ ਸ਼ਬਦ ਵਿਸ਼ੇਸ਼ ਕਿਸਮ ਦੇ ਵਿਧੀ-ਪੂਰਬਕ ਗਿਆਨ ਦਾ ਲਖਾਇਕ ਹੈ। ਅਜਿਹੇ ਮਾਡਲ ਜਾਂ ਤਰੀਕੇ ਨੂੰ ਸਮੂਹ ਸਾਂਝਾ ਹੁੰਗਾਰਾ ਹੁੰਦਾ ਹੈ। ਖੋਜ ਰਾਹੀਂ ਕੀਤੀਆਂ ਗਈਆਂ ਨਵੀਆਂ ਲੱਭਤਾਂ ਹੀ ਵਿਕਾਸ ਦਾ ਜਰੀਆ ਸਿੱਧ ਹੁੰਦੀਆਂ ਹਨ। ਇਹ ਲੱਭਤਾਂ ਸਮਾਜ ਦੇ ਹਰ ਖੇਤਰ ਲਈ ਜ਼ਰੂਰੀ ਹਨ। ਗੁਰੂ ਨਾਨਕ ਦੇਵ ਜੀ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"[3] ਦੇ ਸੰਵਾਦ ਰਾਹੀਂ ਸਦਾ ਖੋਜ ਵਿਚ ਰਹਿਣ ਲਈ ਪ੍ਰੇਰਿਤ ਕਰਦੇ ਹਨ। ਅਜਿਹੀ ਰੁਚੀ ਮਨੁੱਖ ਵਿਚ ਸੁਭਾਵਕ ਵੀ ਹੈ ਤੇ ਕੁਦਰਤੀ ਵੀ।

ਖੋਜ ਬਹੁਪੱਖੀ ਵਰਤਾਰਾ ਹੈ। ਇਸ ਵਿਚ ਨਵੇਂ ਸ੍ਰੋਤਾਂ (ਤੱਥਾਂ ਜਾਂ ਤੱਤਾਂ) ਦੀ ਭਾਲ ਕੀਤੀ ਜਾਂਦੀ ਹੈ। ਕਿਤੇ ਕਿਸੇ ਵਿਸ਼ੇਸ਼ ਡੈਟੇ ਜਾਂ ਤੱਥਾਂ ਨੂੰ ਲੈ ਕੇ ਨਵੇਂ ਸੱਚ ਸਥਾਪਤ ਵੀ ਕੀਤੇ ਜਾਂਦੇ ਹਨ। ਇਹ ਇੱਕ ਬਹੁ-ਮੰਤਵੀ ਰੁਝਾਣ ਹੈ। ਇਹ ਤੱਥ-ਮੂਲਕ ਵੀ ਹੋ ਸਕਦੀ ਹੈ ਤੇ ਸੱਚ-ਮੂਲਕ ਵੀ। ਇਹ ਸਮੱਸਿਆ-ਮੂਲਕ ਵਿਸ਼ਿਆਂ ਦੇ ਹੱਲ ਦਾ ਰੁਝਾਣ ਵੀ ਹੈ। ਖੋਜ ਦੇ ਹਰ ਵਿਸ਼ੇ ਨੇ ਕਿਸ ਵਿਸ਼ੇਸ਼ ਪ੍ਰਸੰਗਕਤਾ ਵੱਲ ਵਧਣਾ ਹੁੰਦਾ ਹੈ। ਇਹ ਇੱਕ ਬਹੁ-ਦਿਸ਼ਾਵੀਂ ਤੇ ਬਹੁ-ਪੱਖੀ ਖੁੱਲ੍ਹਾ ਸੰਸਾਰ ਹੈ। ਇਸ ਵਿਚ ਹਰੇਕ ਖੋਜਾਰਥੀ ਦੀ ਆਪਣੀ ਯੋਗਤਾ ਮੁਤਾਬਕ ਆਪਣੇ ਵਿਸ਼ੇ/ਖੇਤਰ ਆਪਣੀ ਕਮਾਈ ਹੁੰਦੀ ਹੈ। ਇਹ ਕਮਾਈ ਜ਼ਰੂਰ ਹੀ ਕਿਸੇ ਸਮਾਜਕ ਪ੍ਰਸੰਗ, ਸੰਦਰਭ ਤੇ ਉਦੇਸ਼ ਮਹੱਤਵ ਨਾਲ ਜੁੜੀ ਹੁੰਦੀ ਹੈ।

ਖੋਜ ਤੇ ਆਲੋਚਨਾ ਦੋਵੇਂ ਰਚਨਾਤਿਮਕ ਕਾਰਜ ਹਨ। ਇਨ੍ਹਾਂ ਵਿਚ ਸਹਿਜ ਨਿਖੇੜਾ ਤਾਂ ਹੈ ਪਰ ਵਿਸ਼ੇਸ਼ ਨਿਖੇੜਾ ਮੁਸ਼ਕਲ ਹੈ। ਖੋਜ ਇੱਕ ਮੁੱਢਲਾ ਵਰਤਾਰਾ ਹੈ। ਆਲੋਚਨਾ ਇੱਕ ਤਰ੍ਹਾਂ ਨਾਲ ਕਿਸੇ ਵਰਤਾਰੇ ਨੂੰ ਸਮਝਣ, ਸੰਵਾਰਨ ਤੇ ਸ਼ਿੰਗਾਰਨ ਵਾਲੀ ਨੀਝ ਹੈ। ਖੋਜ ਨਵੀਂ ਲੱਭਤ ਦਾ ਖੇਤਰ ਹੈ।

* ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਆਲੋਚਨਾ ਕਿਸੇ ਚੀਜ਼ ਨੂੰ ਵੇਖਣ/ਪਰਖਣ ਦਾ ਇੱਕ ਵਿਦਿਅਕ ਅਨੁਸ਼ਾਸਨ ਹੈ। ਕਿਸੇ ਵਿਸ਼ੇਸ਼ ਅਧਿਐਨ ਵਿਧੀ ਜਾਂ ਆਲੋਚਨਾ ਪ੍ਰਣਾਲੀ ਰਾਹੀਂ ਕਿਸੇ ਵਿਸ਼ੇ ਬਾਰੇ ਕੁਝ ਨਵਾਂ ਕਹਿਣ ਦੀ ਕੋਸ਼ਿਸ ਕੀਤੀ ਜਾਂਦੀ ਹੈ। ਡਾ. ਪਿਆਰ ਸਿੰਘ ਅਨੁਸਾਰ:

> ਆਲੋਚਨਾ ਦਾ ਮਨੋਰਥ ਸਾਹਿਤਕ ਰਚਨਾ ਦੀ ਚੀਰ-ਫਾੜ ਕਰਕੇ, ਉਸ ਦੇ ਗੁਣ ਦੋਸ਼ ਦੱਸ ਕੇ, ਉਸ ਨੂੰ ਪਾਠਕ ਦੀ ਸਮਝ ਗੋਚਰਾ ਕਰਨਾ ਤੇ ਰਚਨਹਾਰ ਨੂੰ ਆਪਣੀ ਰਚਨਾ ਸੁਧਾਰਣ ਲਈ ਰਾਹ ਦਿਖਾਣਾ ਹੈ।[4]

ਇਸ ਤਰ੍ਹਾਂ ਅਜਿਹਾ ਕਾਰਜ ਵੀ ਨਵੀਂ ਖੋਜ ਦਾ ਹੀ ਰੂਪ ਮੰਨਿਆ ਜਾਂਦਾ ਹੈ। ਹਰ ਨਵੀਂ ਲੱਭਤ ਨੂੰ ਵੀ ਕਿਸੇ ਆਲੋਚਨਾਤਮਕ ਨਜ਼ਰ ਨਾਲ ਹੀ ਵੇਖਿਆ ਜਾਂਦਾ ਹੈ। ਅਜਿਹੀ ਨਜ਼ਰ ਤਹਿਤ ਹੀ ਉਸ ਦੀ ਮਹੱਤਤਾ ਜਾਂ ਸਾਰਥਕਤਾ ਦਰਸਾਈ ਜਾਂਦੀ ਹੈ। ਆਲੋਚਨਾ ਇੱਕ ਤਰ੍ਹਾਂ ਨਾਲ ਖੋਜ ਦਾ ਹੀ ਇੱਕ ਰੂਪ ਹੈ। ਆਮ ਕਰਕੇ ਅਸੀਂ ਨਵੀਂ ਖੋਜ ਜਾਂ ਨਵੇਂ ਆਲੋਚਨਾਤਮਕ ਕਾਰਜ ਨੂੰ ਖੋਜ-ਨਿਬੰਧ ਜਾਂ ਖੋਜ-ਪ੍ਰਬੰਧ ਦਾ ਹੀ ਨਾਮ ਦੇਂਦੇ ਹਾਂ। ਖੋਜ ਤੇ ਆਲੋਚਨਾ ਦੋਵੇਂ ਸ਼ਬਦ ਆਪਣੇ ਤੱਤ-ਸਾਰ ਵਜੋਂ ਕਿਸੇ ਨਵੀਨਤਾ (ਲੱਭਤ) ਦੇ ਲਖਾਇਕ ਹਨ। ਇਨ੍ਹਾਂ ਦੇ ਸ਼ਬਦੀ ਅਰਥਾਂ ਵਿਚ ਤਾਂ ਭਿੰਨ-ਭੇਦ ਹੈ ਪਰ ਤੱਤ-ਸਾਰ ਵਿਚ ਸਾਮਾਨਤਾ ਹੈ।

ਖੋਜ ਦਾ ਸਫ਼ਰ ਸਿਖਾਂਦਰੂ ਤੋਂ ਸਿਖਿਆਰਥੀ (ਖੋਜਾਰਥੀ) ਬਣਨ ਦਾ ਹੈ। ਇਹ ਅਣਜਾਣਤਾ ਤੋਂ ਜਾਣਨ, ਸਮਝਣ ਤੇ ਗਿਆਨ ਦਾ ਰਾਹ ਹੈ। ਇਸ ਲਈ ਸਿਖਲਾਈ ਦੇਣੀ ਵੀ ਜ਼ਰੂਰੀ ਹੈ। ਇਸ ਸੰਬੰਧੀ ਵਿਦਿਆਰਥੀ/ਸਿਖਿਆਰਥੀ ਨੂੰ ਅਗਾਂਊ ਤਕਨੀਕੀ ਜਾਣਕਾਰੀ ਦੇਣੀ ਲਾਜ਼ਮੀ ਹੈ। ਪੀਐੱਚ.ਡੀ. ਲਈ ਤਾਂ ਕੋਰਸ ਵਰਕ ਦੀ ਸੁਵਿਧਾ ਪਹਿਲਾਂ ਹੀ ਹੈ। ਐੱਮ. ਫਿਲ. ਪੱਧਰ ’ਤੇ ਵੀ ਕਲਾਸ-ਰੂਮ ਸਟੱਡੀ ਵਿਚ ਅਜਿਹੀ ਸਿਖਿਆ-ਦੀਖਿਆ ਦਾ ਪ੍ਰਬੰਧ ਹੈ। ਪਰ ਐੱਮ. ਐੱਸਸੀ. ਵਿਚ ਵੀ ਅਜਿਹੀ ਸੰਭਾਵਨਾ ਹੋਣੀ ਚਾਹੀਦੀ ਹੈ। ਇਸ ਨਾਲ ਇੱਕ ਤਾਂ ਖੋਜ ਦੇ ਸਮੁੱਚੇ ਨਕਸ਼-ਨੁਹਾਰ ਵਿਚ ਇਕਸਾਰਤਾ ਆ ਜਾਂਦੀ ਹੈ। ਦੂਜਾ ਵਿਦਿਆਰਥੀ ਮਨ ਦੀ ਬਿਰਤੀ ਵੀ ਖੋਜ ਸੰਬੰਧੀ ਵਧੇਰੇ ਚੇਤਨ ਤੇ ਪ੍ਰੌੜ ਹੋ ਜਾਂਦੀ ਹੈ। ਸਭ ਤੋਂ ਪਹਿਲਾਂ ਸਿਖਿਆਰਥੀ ਨੇ ਆਪਣੇ ਖੋਜ ਦੇ ਖੇਤਰ ਸੰਬੰਧੀ ਵਿਸ਼ੇ ਦੀ ਚੋਣ ਕਰਨੀ ਹੁੰਦੀ ਹੈ। ਸਾਡੀਆਂ ਆਮ ਪ੍ਰਚੱਲਿਤ ਮਾਸਟਰ ਡਿਗਰੀਆਂ ਦੇ ਨਿਸ਼ਚਤ ਸਿਲੇਬਸ ਹਨ। ਇਹ ਹਰੇਕ ਲਈ ਪੜ੍ਹਨੇ ਲਾਜ਼ਮੀ ਹੁੰਦੇ ਹਨ। ਪਰ ਖੋਜ ਦੇ ਖੇਤਰ (ਖੋਜ-ਨਿਬੰਧ, ਖੋਜ-ਪ੍ਰਬੰਧ, ਸ਼ੋਧ-ਪ੍ਰਬੰਧ) ਲਈ ਖੋਜ-ਕਰਤਾ ਆਪਣਾ ਵਿਸ਼ਾ ਜਾਂ ਖੇਤਰ ਆਪ ਚੁਣਦਾ ਹੈ। ਇਸ ਵਿਚ ਨਿਗਰਾਨ ਜਾਂ ਅਧਿਆਪਕ ਦਾ ਦਖ਼ਲ ਇੱਕ ਰਾਹ-ਦਸੇਰੇ ਵਾਂਗ ਹੁੰਦਾ ਹੈ। ਅਧਿਆਪਕ ਨੇ ਇੱਕ ਨਜ਼ਰੀਆ ਦੇਣ ਵਿਚ ਸਹਾਇਕ ਵਜੋਂ ਰੋਲ ਅਦਾ ਕਰਨਾ ਹੁੰਦਾ ਹੈ। ਕਿਸੇ ਟੌਪਿਕ ਜਾਂ ਵਿਸ਼ੇ ਸੰਬੰਧੀ ਦੁਰੱਸਤੀ ਜਾਂ ਸੋਧ/ਸੁਧਾਈ ਤਾਂ ਨਿਗਰਾਨ ਬਿਨਾਂ ਸੰਭਵ ਨਹੀਂ ਹੈ। ਇਸ ਰੋਲ ਦੀ ਆਪਣੀ ਵਿਸ਼ੇਸ਼ ਮਹੱਤਤਾ ਵੀ ਹੈ ਤੇ ਸੀਮਾ ਵੀ। ਖੋਜ ਅਸਲ ਵਿਚ ਖੋਜਾਰਥੀ ਦੀ ਨਿੱਜੀ ਕਮਾਈ ਹੈ। ਇਸੇ ਕਰਕੇ ਰਸੂਲ ਹਮਜ਼ਾਤੋਵ ਨੌਜਵਾਨ ਲੇਖਕਾਂ ਜਾਂ ਖੋਜੀਆਂ ਨੂੰ ਇਹ ਸਲਾਹ ਦੇਂਦਾ ਹੈ, “ਇਹ ਨਾ ਕਹੋ’: ਮੈਨੂੰ ਵਿਸ਼ਾ ਦੱਸੋ।” ‘ਸਗੋਂ ਇਹ ਕਹੋ’: “ਮੈਨੂੰ ਅੱਖਾਂ ਦਿਉ।”[5] ਇਸ ਕਰਕੇ ਖ਼ਾਸ ਮਹੱਤਵ ਖੋਜਾਰਥੀ ਦੇ ਨਜ਼ਰੀਏ ਦਾ ਹੈ। ਖੋਜਾਰਥੀਆਂ ਲਈ ਪਾਠ ਜਾਂ ਵਿਸ਼ਾ ਤਾਂ ਇੱਕ ਵੀ ਹੋ ਸਕਦਾ ਹੈ ਪਰ ਇਸ ਦੇ ਅਧਿਐਨ ਸੰਬੰਧੀ ਵੱਖਰੇ-ਵੱਖਰੇ ਨਿਭਾਅ ਹੀ ਖੋਜ ਵਿਚ ਵੱਖਰਾ ਵਿਸ਼ੇਸ਼ ਰੰਗ ਭਰਦੇ ਹਨ। ਖੋਜ-ਕਰਤਾ ਦੀ ਆਪਣੀ ਦਿਲਚਸਪੀ ਜਾਂ ਮਰਜ਼ੀ ਦੇ ਖੇਤਰ ਸੰਬੰਧੀ ਮੂਲ ਭਾਵਨਾ ਜਾਂ ਮੌਲਿਕਤਾ ਕਾਇਮ ਰਹਿਣੀ ਚਾਹੀਦੀ ਹੈ। ਇਸ ਨਾਲ ਖੋਜ-ਕਰਤਾ ਦਾ ਆਪਣੇ ਖੇਤਰ ਨਾਲ ਵਿਸ਼ੇਸ਼ ਲਗਾਵ ਹੋਵੇਗਾ। ਇਸ ਨਾਲ ਵਧੇਰੇ ਚੰਗੇ ਸਿੱਟੇ ਨਿਕਲਣ ਦੀ ਆਸ ਬੱਝਦੀ ਹੈ। ਪਰ ਇਸ ਕਾਰਜ ਵਿਚ ਨਿਗਰਾਨ ਦੁਆਰਾ ਕਰਵਾਈ ਮਿਹਨਤ ਦਾ ਵੱਡਾ ਰੋਲ ਹੁੰਦਾ ਹੈ। ਇਸ ਸੰਬੰਧੀ ਨਿਗਰਾਨ ਦਾ ਫਰਜ਼ ਤੇ ਧਰਮ ਸੁਝਾਅ ਤੇ ਸੇਧ ਰੂਪੀ ਹੀ ਹੋਣਾ ਚਾਹੀਦਾ ਹੈ। ਅਧਿਆਪਕ ਜਾਂ ਨਿਗਰਾਨ ਦੇ ਕਰੜੇ ਅਨੁਸ਼ਾਸਨ ਤਹਿਤ ਹੀ ਖੋਜਾਰਥੀ ਨੇ ਮਿਹਨਤ ਕਰਨੀ ਹੁੰਦੀ ਹੈ। ਇਸ ਕਰਕੇ ਖੋਜ

ਵਿਚ ਗੁਰੂ ਦੇ ਡਿਸਪਲਨ ਦਾ ਬੰਧੇਜ਼ ਬਹੁਤ ਕਾਰਗਰ ਸਿੱਧ ਹੁੰਦਾ ਹੈ। ਖੋਜ ਲਈ ਕਿਵੇਂ ਵੀ ਸੌਖ ਵਾਜਬ ਨਹੀਂ ਹੈ। ਇਹ ਔਖੀ ਘਾਟੀ ਚੜ੍ਹਨ ਸਾਮਾਨ ਹੈ। ਇਹ ਰਾਹ ਮੁਰਸ਼ਦ ਦੀ ਨਿਗਰਾਨੀ ਤੇ ਮਦਦ ਦੁਆਰਾ ਹੀ ਤਹਿ ਹੁੰਦਾ ਹੈ। ਨਵੇਂ ਸਿਖਿਆਰਥੀ ਲਈ ਵਿਸ਼ੇ ਚੋਣ ਸੰਬੰਧੀ ਅਨਜਾਣਤਾ ਹੋਣੀ ਸੁਭਾਵਿਕ ਹੈ। ਇਸ ਲਈ ਨਿਗਰਾਨ/ਗਾਈਡ ਦੀ ਸਲਾਹ ਦਾ ਆਪਣਾ ਵਿਸ਼ੇਸ਼ ਮਹੱਤਵ ਬਣਦਾ ਹੈ। ਸੁਲਤਾਨ ਬਾਹੂ ਅਨੁਸਾਰ:

ਮੀਮ-ਮੁਰਸ਼ਦ ਵਾਂਗ ਸੁਨਿਆਰਾ ਹੋਵੇ ਜੇੜ੍ਹਾ ਘੱਤ ਕੁਠਾਲੀ ਗਾਲੇ ਹੂ,
ਜਦ ਕੁਠਾਲੀਓਂ ਬਾਹਰ ਕੱਢੇ ਬੁੰਦੇ ਘੜੇ ਜਾਂ ਵਾਲੇ ਹੂ।[6]

ਖੋਜ ਸੰਬੰਧੀ ਤਕਨੀਕੀ ਤੇ ਸੁਚੱਜੀ ਅਗਵਾਈ ਬਿਨਾਂ ਕਿਵੇਂ ਵੀ ਸਾਰਥਕ ਸਿੱਟੇ ਸੰਭਵ ਨਹੀਂ ਹਨ। ਖੋਜ ਕੋਈ ਸਬੱਬੀ (By chance) ਮਿਲ ਗਿਆ ਕਾਰਜ ਨਹੀਂ ਹੈ। ਇਹ ਗੁਰੂ-ਚੇਲੇ ਦੀ ਦੀਰਘ ਵਿਚਾਰ-ਪ੍ਰਕਿਰਿਆ ਰਾਹੀਂ ਚੁਣਿਆ ਖੇਤਰ (By Choice) ਹੈ। ਇਸ ਕਰਕੇ ਇਸ ਸੰਬੰਧੀ ਵਿਸ਼ੇ ਦੀ ਗਲਤ ਚੋਣ ਜਾਂ ਵਿਸ਼ਲੇਸ਼ਣ ਸੰਬੰਧੀ ਕਿਸੇ ਲਾਪਰਵਾਹੀ ਨੂੰ ਕੋਈ ਥਾਂ ਨਹੀਂ ਹੈ।

ਸਭ ਤੋਂ ਪਹਿਲਾਂ ਖੋਜਾਰਥੀ ਨੇ ਆਪਣੀ ਖੋਜ ਸੰਬੰਧੀ ਵਿਸ਼ੇਸ਼ ਡਿਜ਼ਾਇਨ ਤਿਆਰ ਕਰਨਾ ਹੁੰਦਾ ਹੈ। ਡਿਜ਼ਾਇਨ ਹੀ ਖੋਜ ਦਾ ਬਹੁਪੱਖੀ ਤੇ ਬਹੁ-ਪਰਤੀ ਚੌਖਟਾ ਹੁੰਦਾ ਹੈ। ਬੀ.ਐਸ. ਫਿਲਿਪਸ ਅਨੁਸਾਰ,

"ਰਿਸਰਚ ਡਿਜ਼ਾਇਨ ਤੱਥਾਂ ਦਾ ਸੰਕਲਨ, ਪਰਿਮਾਪਣ ਅਤੇ ਵਿਸ਼ਲੇਸ਼ਣ ਹਿੱਤ ਬਣਾਇਆ ਗਿਆ ਇੱਕ ਨਕਸ਼ਾ (Blue Print) ਹੁੰਦਾ ਹੈ।"[7]

ਕਿਸੇ ਇਮਾਰਤ ਲਈ ਜਿਵੇਂ ਕਿਸੇ ਆਰਕੀਟੈਕਟ ਦਾ ਨਕਸ਼ਾ ਜ਼ਰੂਰੀ ਹੁੰਦਾ ਹੈ, ਤਿਵੇਂ ਹੀ ਖੋਜ ਵਿਚ ਡਿਜ਼ਾਇਨ ਦਾ ਮਹੱਤਵ ਹੈ। ਖੋਜ ਡਿਜ਼ਾਇਨ ਵੀ ਅਧਿਆਪਕ, ਡਿਜ਼ਾਇਨਿੰਗ ਜਾਂ ਤਕਨੀਕੀ ਕਮੇਟੀ ਦੀ ਨਿਗਰਾਨੀ ਬਿਨਾਂ ਸੰਭਵ ਨਹੀਂ ਹੈ। ਹਰ ਸਿਖਿਆਰਥੀ ਨੂੰ ਆਪਣੇ ਵਿਸ਼ੇ ਖੇਤਰ ਵਿਚ ਪਹਿਲਾਂ ਹੋਏ ਕੰਮ ਤੋਂ ਜਾਣੂ ਹੋਣਾ ਜ਼ਰੂਰੀ ਹੈ। ਇਸ ਲਈ ਪਹਿਲਾਂ ਹੋਏ ਕੰਮ ਦਾ ਸਰਵੇਖਣ ਜਾਂ ਮੁਲਾਂਕਣ ਕਰਨਾ ਲਾਜ਼ਮੀ ਹੈ। ਅਜਿਹਾ ਸਰਵੇਖਣ ਖੋਜ ਡਿਜ਼ਾਇਨ ਦਾ ਹਿੱਸਾ ਵੀ ਹੋ ਸਕਦਾ ਹੈ। ਇਹ ਅਗਾਂਊ ਤੇ ਵੱਖਰੀ ਜਾਣਕਾਰੀ ਲਈ ਖੋਜਾਰਥੀ ਕੋਲ ਵੱਖਰੇ ਫੀਲਡ-ਵਰਕ ਵਜੋਂ ਵੀ ਹੋ ਸਕਦਾ ਹੈ। ਅਜਿਹੇ ਪੜਤਾਲ ਤੋਂ ਭਲੀ-ਭਾਂਤ ਸਪੱਸ਼ਟ ਹੋ ਜਾਵੇਗਾ ਕਿ ਪਹਿਲਾਂ ਕਿਸ ਤਰ੍ਹਾਂ ਦਾ ਅਤੇ ਕਿੰਨਾ ਕੰਮ ਹੋ ਚੁੱਕਾ ਹੈ। ਅਜਿਹੇ ਸਰਵੇਖਣ ਨਾਲ ਖੋਜਾਰਥੀ ਦਾ ਮਸਤਕ ਆਪਣੇ ਵਿਸ਼ੇ ਪ੍ਰਤੀ ਵਧੇਰੇ ਸਪੱਸ਼ਟ, ਸਾਫ਼ ਤੇ ਸੇਧਤ ਹੋ ਜਾਵੇਗਾ।

ਖੋਜ ਵਿਚ ਹੋਰਨਾਂ ਦੇ ਹਵਾਲਿਆਂ ਦੀ ਲੋੜ ਰਹਿੰਦੀ ਹੈ। ਪਰ ਹਵਾਲਿਆਂ ਦੀ ਵਰਤੋਂ ਵਾਧੂ ਭਰਮਾਰ ਵਜੋਂ ਨਾ ਕੀਤੀ ਜਾਵੇ। ਇਹ ਸਹਿਜ ਤੇ ਸੁਭਾਵਕ ਰੂਪ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ। ਕਈ ਵਾਰ ਖੋਜਾਰਥੀ ਕਿਸੇ ਖ਼ਾਸ ਸੰਕਲਪ ਜਾਂ ਪ੍ਰਸੰਗ ਦੀ ਵਿਆਖਿਆ ਲਈ ਵੱਖ-ਵੱਖ ਪਰਿਭਾਸ਼ਾਵਾਂ ਦੀ ਲੰਮੀ ਲੜੀ ਦੇਣ ਲੱਗ ਪੈਂਦਾ ਹੈ। ਇਸ ਨਾਲ ਧੁੰਦਲਾਪਣ ਤੇ ਅਕਾਊਪਣ ਹੋਣ ਲੱਗਦਾ ਹੈ। ਇਹ ਗਿਣਤੀ ਕਿਵੇਂ ਵੀ ਕਿਸੇ ਇੱਕ ਪ੍ਰਸੰਗ ਲਈ ਤਿੰਨ-ਚਾਰ ਪਰਿਭਾਸ਼ਾ (ਹਵਾਲਿਆਂ) ਤੱਕ ਹੀ ਸੀਮਿਤ ਰਹਿਣੀ ਚਾਹੀਦੀ ਹੈ। ਇਨ੍ਹਾਂ ਵਿਚ ਵੀ ਦੁਹਰਾਓ ਦੀ ਥਾਂ ਵੱਖਰੇ-ਵੱਖਰੇ ਪੱਖਾਂ ਦੀ ਸਪੱਸ਼ਟਤਾ ਜ਼ਰੂਰੀ ਹੈ। ਇਹ ਹਵਾਲੇ ਕੇਵਲ ਇੱਕ-ਦੂਜੇ ਨੂੰ ਰੱਦਣ ਜਾਂ ਕੱਟਣ ਲਈ ਹੀ ਨਾ ਹੋਣ, ਸਗੋਂ ਇਨ੍ਹਾਂ ਦੀ ਸਥਿਤੀ ਸੰਵਾਦ ਵਾਲੀ ਹੋਣੀ ਚਾਹੀਦੀ ਹੈ। ਗਿਆਨ ਦੀ ਦੁਨੀਆਂ ਨਾ ਨਿੰਦਾ ਦੀ ਹੈ, ਨਾ ਹੀ ਪ੍ਰਸ਼ੰਸਾ ਦੀ। ਖੋਜ ਵਿਚ ਵਿਸ਼ੇਸ਼ਣੀ (ਜਿਵੇਂ ਚੰਗਾ, ਉੱਤਮ, ਵਧੀਆ) ਸ਼ਬਦਾਂ ਦੀ ਮਨਾਹੀ ਹੈ। ਇਸ ਵਿਚ ਨਿੱਜੀ ਭਾਵਾਂ ਜਾਂ ਭਾਵੁਕਤਾ ਨੂੰ ਕੋਈ ਥਾਂ ਨਹੀਂ ਹੈ। ਇਹ (ਖੋਜ) ਵਿਸ਼ਲੇਸ਼ਣੀ ਜਾਂ ਵਿਸ਼ਲੇਸ਼ਣ ਦੀ ਦੁਨੀਆਂ ਹੈ। ਗੁਰੂ ਨਾਨਕ ਦੇਵ ਜੀ "ਖੋਜੀ ਉਪਜੈ ਬਾਦੀ ਬਿਨਸੈ"[8] ਰਾਹੀਂ ਖੋਜ ਨੂੰ ਨਵੀਂ ਉਪਜ (ਸਿਰਜਣਾ) ਮੰਨਦੇ ਹਨ। ਇਸ ਦੇ ਮੁਕਾਬਲੇ ਝਗੜਾਲੂ ਨੂੰ ਅਰਥਹੀਣ ਕਿਹਾ ਗਿਆ ਹੈ। ਇਹ ਸੰਵਾਦ (ਸੰਵਾਦ-ਭਵ) ਦਾ ਸੰਸਾਰ ਹੈ। ਸੰਵਾਦ-ਭਵ ਤਰਕਪੱਧਤੀ ਅਧੀਨ ਵੀ ਰੌਸ਼ਨੀ ਨੂੰ ਮੁਖ਼ਾਤਬ ਹੁੰਦਾ ਹੈ।

ਕਿਸੇ ਵੀ ਥੀਸਿਸ ਦਾ ਇਕਸਾਰਤਾ ਤਹਿਤ ਸੂਤਰਬੱਧ ਹੋਣਾ ਲਾਜ਼ਮੀ ਹੈ। 'ਆਦਿਕਾ' ਤੇ 'ਅੰਤਿਕਾ' ਤੱਕ ਥੀਸਿਸ ਵਿਚ ਅੰਦਰੂਨੀ ਇਕਸਾਰਤਾ ਬਣੀ ਰਹਿਣੀ ਲਾਜ਼ਮੀ ਹੈ। ਥੀਸਿਸ ਦੀ ਰੂਪ-ਰੇਖਾ, ਵਿਉਂਤ ਜਾਂ ਡਿਜ਼ਾਇਨ ਦਾ ਇੱਕ ਨਿਸ਼ਚਿਤ ਵਿਧੀ-ਵਿਧਾਨ ਹੁੰਦਾ ਹੈ। ਆਦਿਕਾ ਜਾਂ ਭੂਮਿਕਾ ਤੋਂ ਅੱਗੇ ਲੜੀਬੱਧ ਰੂਪ ਵਿਚ ਅਧਿਆਇ ਰੂਪੀ ਸਨਾਪਸਿਸ ਹੁੰਦੇ ਹਨ। ਅਖ਼ੀਰ ਵਿਚ ਥੀਸਿਸ ਦਾ ਨਿਚੋੜ, ਸਥਾਪਨਾਵਾਂ ਤੇ ਸਿੱਟੇ ਸ਼ਾਮਿਲ ਕੀਤੇ ਜਾਂਦੇ ਹਨ। ਸਮੁੱਚਾ ਥੀਸਿਸ ਪੌੜੀ-ਦਰ-ਪੌੜੀ ਇੱਕ ਲੜੀ ਵਿਚ ਬੱਧਾ ਹੁੰਦਾ ਹੈ। ਇਸ ਵਿਚ ਨਾ ਦੁਹਰਾਓ ਹੋਵੇ, ਨਾ ਹੀ ਫਾਲਤੂ ਜਾਂ ਅਰਥਹੀਣ ਵਾਕਾਂ ਦਾ ਦਖ਼ਲ। ਕਈ ਵਾਰ ਵਾਕ ਗੁੰਝਲਾਂ ਭਰਪੂਰ ਹੁੰਦੇ ਹਨ। ਬਹੁਤੀ ਵਾਰ ਵਾਕ ਬਣਤਰ ਵੀ ਕਈ ਪੱਖਾਂ ਤੋਂ ਉਲਝੀ ਹੋਈ ਹੁੰਦੀ ਹੈ। ਇਸ ਕਾਰਣ ਸਪੱਸ਼ਟਤਾ ਘੱਟ ਜਾਂਦੀ ਹੈ। ਖੋਜੀ ਨੇ ਅੰਤਿਮ ਫੈਸਲੇ ਜਾਂ ਨਿਰਣੇ ਨਹੀਂ, ਆਪਣੀ ਰਾਏ ਦੇਣੀ ਹੁੰਦੀ ਹੈ। ਇਹ ਰਾਏ ਇੱਕ ਥੀਸਿਜ਼ ਵਜੋਂ ਉਭਰਨੀ ਚਾਹੀਦੀ ਹੈ। ਇਹ ਸਮੁੱਚੇ ਖੋਜ-ਪ੍ਰਬੰਧ ਦੀ ਸਤਹ 'ਤੇ ਤੈਰਦੀ ਨਹੀਂ, ਬਲਕਿ ਵਿਚ ਸਮਾਈ ਹੋਣੀ ਚਾਹੀਦੀ ਹੈ। ਪ੍ਰੋਫ਼ੈਸਰ ਜੋਗਿੰਦਰ ਸਿੰਘ ਰਾਹੀ ਅਨੁਸਾਰ "ਪੰਜਾਬੀ ਦੇ ਬਹੁਤ ਸਾਰੇ ਸ਼ੋਧ-ਪ੍ਰਬੰਧ ਨਿਰਣਾਮੁਖੀ ਸੋਚ ਦੇ ਸ਼ਿਕਾਰ ਹਨ। ਇਨ੍ਹਾਂ ਵਿਚ ਹੋਰ ਕਈ ਕੁਝ ਹੈ, ਪਰ ਪ੍ਰਬੰਧ ਲੱਭਣਾ ਕਠਿਨ ਹੈ।"[9] ਇਹ ਇੱਕ ਮੁਹਾਰਤ ਕਲਾ ਹੈ, ਜੋ ਲੰਮੇ ਅਭਿਆਸ ਜਾਂ ਤਜ਼ੁਰਬੇ ਨਾਲ ਹਾਸਿਲ ਹੁੰਦੀ ਹੈ। ਕਈ ਵਾਰ ਸ਼ਬਦ ਜੋੜਾਂ ਵਿਚ ਇਕਸਾਰਤਾ ਦੀ ਘਾਟ ਹੁੰਦੀ ਹੈ। ਇਨਸਾਈਕਲੋਪੀਡੀਆ ਜਾਂ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸਟੈਂਡਰਡ ਸ਼ਬਦ-ਜੋੜਾਂ ਨੂੰ ਅਪਨਾਉਣਾ ਚਾਹੀਦਾ ਹੈ। ਆਲੋਚਨਾ ਸੰਕਲਪ/ਸੰਕਲਪਾਂ ਦੀ ਭਾਸ਼ਾ ਹੈ। ਇਹ ਭਾਸ਼ਾ ਆਮ ਬੋਲਚਾਲ ਦੀ ਭਾਸ਼ਾ ਨਾਲੋਂ ਭਾਰੀ ਜਾਂ ਔਖੀ ਤਾਂ ਹੁੰਦੀ ਹੈ ਪਰ ਇਸ ਦਾ ਸੰਰਚਨਾਤਮਕ ਮੁਹਾਵਰਾ ਸੌਖਾ ਤੇ ਛੋਟੇ-ਛੋਟੇ ਵਾਕਾਂ ਵਾਲਾ ਹੋ ਸਕਦਾ ਹੈ। ਸਾਡੀ ਜ਼ਿਆਦਾਤਰ ਆਲੋਚਨਾ ਦੀ ਭਾਸ਼ਾ ਵਿਚ ਲੰਮੀ ਵਾਕ-ਬਣਤਰ ਤੇ ਔਖੀ ਜੁਗਲਬੰਦੀ ਹੈ। ਅਜਿਹੇ ਵਿਹਾਰ ਵਿਚ ਵਿਚਾਰਾਂ ਦੀ ਸਪੱਸ਼ਟਤਾ ਗੁੰਮ-ਗੁਆਚ ਜਾਂਦੀ ਹੈ। ਵਾਕਾਂ ਦੀਆਂ ਗੁੰਝਲਾਂ ਤੇ ਲਮਕਾ-ਲਟਕਾ ਨਾਲ 'ਲਿਖੇ ਮੂਸਾ ਪੜ੍ਹੇ ਖ਼ੁਦਾਅ' ਵਾਲੀ ਸਥਿਤੀ ਬਣ ਜਾਂਦੀ ਹੈ। ਇਸ ਕਰਕੇ ਲਿਖਤ ਜਾਂ ਵਾਕ-ਬਣਤਰ ਵਿਚ ਸਰਲਤਾ ਤੇ ਸਪੱਸ਼ਟਤਾ ਹੋਣੀ ਚਾਹੀਦੀ ਹੈ।

ਕਿਸੇ ਵੀ ਖੋਜ-ਕਾਰਜ ਨੂੰ ਅੰਤਿਮ ਸੱਚ ਵਜੋਂ ਮੰਨਣਾ ਮੁਨਾਸਬ ਨਹੀਂ ਹੈ। ਨਾ ਹੀ ਇਸ ਨੂੰ ਅੰਤਿਮ ਸੱਚ ਵਜੋਂ ਪੇਸ਼ ਕਰਨਾ ਚਾਹੀਦਾ ਹੈ। ਹਰ ਸੱਚ ਦੀਆਂ ਆਪਣੀਆਂ ਸਮੇਂ ਤੇ ਸਥਾਨ ਮੁਤਾਬਕ (ਇਤਿਹਾਸਕ) ਸੀਮਾਵਾਂ ਹੁੰਦੀਆਂ ਹਨ। ਹੈਲਨ ਗਾਰਡਨਰ ਅਨੁਸਾਰ:

> ਹਰ ਪੀੜ੍ਹੀ ਕੁਝ ਆਪਣੇ ਸਵਾਲ ਖੜ੍ਹੇ ਕਰਦੀ ਹੈ ਤੇ ਉਨ੍ਹਾਂ ਦਾ ਹੱਲ ਲੱਭਦੀ ਹੈ। ਪਰ ਹਰ ਜਵਾਬ ਦੀ ਮਾਨਤਾ ਕੁਝ ਸਮੇਂ ਤੱਕ ਹੀ ਕਾਇਮ ਰਹਿੰਦੀ ਹੈ।[10]

ਆਲੋਚਕ ਜਾਂ ਖੋਜੀ ਦੀ ਭਾਸ਼ਾ ਅੱਗੇ ਹੋਰ ਸੰਭਾਵਨਾਵਾਂ ਨੂੰ ਸਮੋਅ ਲੈਣ ਵਾਲੀ ਲਚਕੀਲੀ ਪਹੁੰਚ ਵਾਲੀ ਹੋਣੀ ਚਾਹੀਦੀ ਹੈ। ਸਮਾਜ ਵਾਂਗ ਖੋਜ/ਆਲੋਚਨਾ ਵੀ ਇੱਕ ਗਤੀਸ਼ੀਲ ਵਰਤਾਰਾ ਹੈ। ਪ੍ਰੋ. ਮੋਹਨ ਸਿੰਘ ਨੇ ਵੀ "ਦੇਹ ਹਵਾ ਦਾ ਜੀਵਨ ਸਾਨੂੰ, ਸਦਾ ਖੋਜ ਵਿਚ ਰਹੀਏ।"[11] ਰਾਹੀਂ ਖੋਜ ਦੀ ਨਿਰੰਤਰਤਾ ਨੂੰ ਦ੍ਰਿੜ੍ਹ ਕੀਤਾ ਹੈ। ਖੋਜ ਦਾ ਵਰਤਾਰਾ ਅੱਗੇ ਤੋਂ ਅੱਗੇ ਸਮਾਜ-ਇਤਿਹਾਸ ਦੀ ਚਾਲ ਮੁਤਾਬਕ ਚਲਦਾ ਰਹਿੰਦਾ ਹੈ। ਆਲਸਟੇਅਰ ਫ਼ਾਊਲਰ "ਅਜਿਹੇ ਵਰਤਾਰੇ ਨੂੰ ਪ੍ਰਾਣਧਾਰੀ ਜੀਵਾਂ ਦੀ ਤਰ੍ਹਾਂ ਖ਼ਾਸ ਸਮੇਂ, ਸਥਾਨ ਦੀ ਉਪਜ"[12] ਮੰਨਦਾ ਹੈ। ਸਮਾਜ ਦੀ ਚਾਲ ਮੁਤਾਬਕ ਲੇਖਕਾਂ ਤੇ ਆਲੋਚਕਾਂ ਦੀ ਵਿਚਾਰ-ਵਸਤੂ ਹੀ ਨਹੀਂ, ਇਸ ਦੀ ਰੂਪਕੀ ਨੁਹਾਰ (ਡਿਜ਼ਾਇਨਿੰਗ) ਵੀ ਬਦਲ ਜਾਂਦੀ ਹੈ। ਇਸ ਸੰਬੰਧਿਤਾ ਕਰਕੇ ਹੀ ਪ੍ਰੋਫ਼ੈਸਰ ਟ੍ਰਿਲਿੰਗ ਇਸ ਨੂੰ ਸਮਾਜ ਦੇ ਨਾਲ-ਨਾਲ "ਇਤਿਹਾਸਕ ਕਲਾ"[13] ਮੰਨਦਾ ਹੈ। ਹਰ ਆਲੋਚਨਾ ਦ੍ਰਿਸ਼ਟੀ ਸਮਾਜ ਦੇ ਵਿਚਾਰਧਾਰਾਈ ਅਮਲ ਦੇ ਪ੍ਰਗਟਾ ਵਜੋਂ ਹੀ ਸਾਹਮਣੇ ਆਉਂਦੀ ਹੈ। ਸਮਾਜ ਵਿਚ ਇੱਕ ਵੇਲੇ ਵੱਖਰੇ-ਵੱਖਰੇ ਜਾਂ ਇੱਕ-ਦੂਜੇ ਦੇ ਸਮਾਨਾਂਤਰ ਕਈ ਵਿਚਾਰਧਾਰਾਈ ਪ੍ਰਸੰਗ ਚੱਲਦੇ ਰਹਿੰਦੇ ਹਨ, ਜੋ ਆਲੋਚਨਾ ਜਾਂ ਖੋਜ ਵਿਚ ਵੰਨ-ਸੁਵੰਨਤਾ ਦਾ

ਆਧਾਰ ਬਣਦੇ ਹਨ। ਆਲੋਚਨਾ ਦਾ ਖੇਤਰ ਜਗਿਆਸਾ ਤੇ ਨਵੇਂ ਗਿਆਨ ਦਾ ਪਿੜ ਹੈ। ਨਵੇਂ ਆਲੋਚਕ ਅੱਗੇ ਨਵੇਂ ਅਰਥਾਂ ਦੀ ਖੋਜ ਜਾਂ ਭਾਲ ਵਿਚ ਲੱਗੇ ਰਹਿੰਦੇ ਹਨ। ਇਹ ਨਿਰੰਤਰ ਗਤੀਸ਼ੀਲਤਾ ਦਾ ਖੇਤਰ ਹੈ। ਹਰ ਆਲੋਚਨਾਤਮਕ ਕਾਰਜ ਨੂੰ ਚੱਲਦੇ ਪ੍ਰਵਾਹ ਵਿਚ ਇੱਕ ਨਕਸ਼ ਵਜੋਂ ਹੀ ਪੇਸ਼ ਕੀਤਾ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਹਰ ਆਲੋਚਕ ਨੂੰ ਆਪਣੇ ਆਲੋਚਨਾ ਜਾਂ ਖੋਜ ਦੇ ਖੇਤਰ ਦੇ ਇਤਿਹਾਸ ਦੀ ਸਮਝ ਹੋਣੀ ਚਾਹੀਦੀ ਹੈ। ਕਿਉਂਕਿ, ਹਰ ਨਵੀਨਤਾ ਦਾ ਆਪਣੀ ਪਰੰਪਰਾ ਨਾਲ ਰਿਸ਼ਤਾ ਬਣਿਆ ਰਹਿੰਦਾ ਹੈ। ਡਾ. ਕੇਸਰ ਸਿੰਘ ਕੇਸਰ ਅਨੁਸਾਰ:

> ਕੋਈ ਵੀ ਅਧਿਆਪਕ, ਆਲੋਚਕ ਤੇ ਖੋਜੀ ਆਪਣੀ ਖੋਜ ਨੂੰ ਮਨੁੱਖ ਦੀਆਂ ਅਤੀਤਕਾਲੀਨ ਪ੍ਰਾਪਤੀਆਂ ਦੇ ਪ੍ਰਸੰਗ ਵਿਚ ਹੀ ਅੱਗੇ ਤੋਰਦਾ ਹੈ।[14]

ਅਕਸਰ ਹੀ ਕਿਸੇ ਵਰਤਾਰੇ ਦੀ ਖੜੋਤ ਦੀਆਂ ਸੀਮਾਵਾਂ ਵਿਚ ਹੀ ਉਸ ਦੀ ਨਵੀਂ ਤੋਰ ਦੇ ਨਕਸ਼ ਛੁਪੇ ਹੁੰਦੇ ਹਨ। ਲੋਇਨਲ ਟ੍ਰਿਲਿੰਗ ਅਨੁਸਾਰ:

> ਇਹ ਮੰਨ ਲੈਣਾ ਕਿ ਅਸੀਂ ਬਿਲਕੁਲ ਪੂਰਬਲੇ ਮਨੁੱਖਾਂ ਦੀ ਤਰ੍ਹਾਂ ਸੋਚਦੇ ਹਾਂ ਇਹ ਸਾਡਾ ਭਰਮ ਹੈ। ਇਹ ਮੰਨ ਲੈਣਾ ਕਿ ਅਸੀਂ ਉਨ੍ਹਾਂ ਤੋਂ ਬਿਲਕੁਲ ਵੱਖਰੀ ਤਰ੍ਹਾਂ ਸੋਚਦੇ ਹਾਂ, ਵੀ ਸਾਡਾ ਭਰਮ ਹੈ।[15]

ਗਿਆਨ ਖੇਤਰ ਵਿਚ ਪਰੰਪਰਾ ਤੇ ਨਵੀਨਤਾ ਦਾ ਰਿਸ਼ਤਾ ਸੰਵਾਦ ਵਾਲਾ ਹੁੰਦਾ ਹੈ। ਇਸ ਕਰਕੇ ਖੋਜਾਰਥੀ ਕੋਲ ਇਤਿਹਾਸਕ ਨਜ਼ਰੀਆ ਹੋਣਾ ਜ਼ਰੂਰੀ ਹੈ।

ਕਿਸੇ ਨਵੇਂ ਆਲੋਚਕ ਜਾਂ ਖੋਜੀ ਨੂੰ ਆਲੋਚਨਾ ਜਾਂ ਖੋਜ ਦੇ ਸਿੱਧਾਂਤ ਦੀ ਸਮਝ ਹੋਣੀ ਚਾਹੀਦੀ ਹੈ। ਖੋਜਾਰਥੀ ਨੂੰ ਆਪਣੇ ਵਿਸ਼ੇ ਦੀ ਇਤਿਹਾਸਕ, ਸਿੱਧਾਂਤਕ ਤੇ ਪ੍ਰਕਾਰਜੀ (ਅਮਲੀ) ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਸਭ ਪਹਿਲੂ ਇੱਕ ਦੂਜੇ ਦੇ ਪੂਰਕ ਹਨ, ਵਿਰੋਧੀ ਨਹੀਂ। ਰੈਨੇਵੈਲਕ ਤੇ ਆਸਟਿਨ ਵਾਰੇਨ ਦਾ ਸਾਹਿਤ ਦੇ ਪ੍ਰਸੰਗ ਵਿਚ ਕਥਨ ਹੈ:

> ਬਿਨਾਂ ਆਲੋਚਨਾ ਤੇ ਸਾਹਿਤ-ਇਤਿਹਾਸ ਦੇ ਸਾਹਿਤ-ਸਿੱਧਾਂਤ ਦੀ ਜਾਂ ਬਿਨਾਂ ਸਾਹਿਤ-ਸਿੱਧਾਂਤ ਤੇ ਆਲੋਚਨਾ ਦੇ ਸਾਹਿਤ-ਇਤਿਹਾਸ ਦੀ, ਜਾਂ ਬਿਨਾਂ ਸਾਹਿਤ-ਇਤਿਹਾਸ ਅਤੇ ਸਾਹਿਤ-ਸਿੱਧਾਂਤ ਦੇ ਆਲੋਚਨਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ।[16]

ਇਹ ਨਜ਼ਰੀਆ ਖੋਜ ਅਧੀਨ ਹਰ ਵਿਸ਼ੇ ਉੱਤੇ ਲਾਗੂ ਹੁੰਦਾ ਹੈ। ਕਿਸੇ ਖੋਜ-ਕਰਤਾ ਦੇ ਨਜ਼ਰੀਏ ਵਿਚ ਆਪਣੇ ਖੇਤਰ ਦੇ ਸਾਰੇ ਪਹਿਲੂਆਂ ਤੋਂ ਜਾਣੂ ਹੋਣ ਨਾਲ ਹੀ ਇੱਕ ਨਿਖਰਵਾਂ ਸੰਤੁਲਨ ਬਣਦਾ ਹੈ। ਇਸ ਦੀ ਅਣਹੋਂਦ ਬਿਨਾਂ ਉਲਾਰਤਾ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਸਮਾਜ-ਵਿਗਿਆਨ ਦੇ ਕਈ ਵਿਸ਼ੇ ਵਿਸ਼ਵਾਸ ਨਾਲ ਜੁੜੇ ਹੁੰਦੇ ਹਨ। ਮਿਸਾਲ ਵਜੋਂ ਧਰਮ ਅਜਿਹਾ ਇੱਕ ਖੇਤਰ ਹੈ। ਹਰ ਧਰਮ ਪ੍ਰਤੀ ਕਿਸੇ ਖ਼ਾਸ ਵਰਗ ਦੀ ਵਿਸ਼ੇਸ਼ ਸ਼ਰਧਾ ਅਤੇ ਸਤਿਕਾਰ ਭਾਵਨਾ ਜੁੜੀ ਹੁੰਦੀ ਹੈ। ਅਜਿਹੇ ਖੇਤਰ ਦੀ ਚੋਣ ਕਰਦਿਆਂ ਲੋਕਾਈ ਦੀ ਭਾਵਨਾ ਪ੍ਰਤੀ ਵੀ ਸਾਵਧਾਨ ਰਹਿਣ ਦੀ ਲੋੜ ਪੈਂਦੀ ਹੈ। ਅਜਿਹੇ ਵਿਸ਼ਿਆਂ ਪ੍ਰਤੀ ਅਕਸਰ ਹੀ ਵਾਦ-ਵਿਵਾਦ ਉੱਠ ਪੈਂਦੇ ਹਨ। ਇਸ ਕਰਕੇ ਕਿਸੇ ਖ਼ਾਸ ਵਰਗ ਨਾਲ ਟਕਰਾਅ ਜਾਂ ਵਿਰੋਧ ਤੋਂ ਕੰਨੀ ਬਚਾ ਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ। ਸਾਇੰਸ ਦੇ ਖੇਤਰ ਦੀਆਂ ਲੱਭਤਾਂ ਮਨੁੱਖਤਾ ਲਈ ਨਾ ਤਾਂ ਵਿਨਾਸ਼ਕਾਰੀ ਸਿੱਧ ਹੋਣ ਅਤੇ ਨਾ ਹੀ ਇਨ੍ਹਾਂ ਨੂੰ ਅਜਿਹੇ ਰੂਪ ਵਿਚ ਵਰਤੇ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ। ਇਸ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਅਤੇ ਹੋਰ ਨਾਂਹਵਾਚੀ ਪੱਖਾਂ ਤੋਂ ਵੀ ਨਾਲ-ਨਾਲ ਸੁਚੇਤ ਕੀਤਾ ਜਾਵੇ। ਇਸ ਨਾਲ ਮਨੁੱਖ-ਮਾਰੂ ਪੱਖਾਂ ਲਈ ਮੌਕੇ ਸਿਰ ਠੀਕ ਉਪਾਅ ਕੀਤੇ ਜਾ ਸਕਣਗੇ। ਸਾਇੰਸ ਦੇ ਖੇਤਰ ਵਿਚ ਖੋਜਾਰਥੀ ਦੀ ਆਪਣੀ ਵਿਸ਼ੇ-ਚੋਣ ਤਾਂ ਹੁੰਦੀ ਹੈ ਪਰ ਇਸ ਦੇ ਸਿੱਟਿਆਂ ਜਾਂ ਪ੍ਰਭਾਵਾਂ ਬਾਰੇ ਖੋਜੀ ਦੀ ਮਨ-ਮਰਜ਼ੀ ਮੁਤਾਬਕ ਸਿੱਟੇ ਨਿਕਲਣੇ ਮੁਸ਼ਕਿਲ ਹਨ। ਸਾਇੰਸ ਤੇ ਮੈਡੀਕਲ ਸਾਇੰਸ ਦੇ ਨਤੀਜੇ ਸੰਭਾਵੀ ਵੀ ਹੋ ਸਕਦੇ ਹਨ, ਵੱਖਰੇ ਜਾਂ ਉੱਲਟ ਦਿਸ਼ਾਵੀ ਵੀ। ਸਾਇੰਸੀ ਤੱਤਾਂ ਦੀ ਕਿਰਿਆ ਜਾਂ

ਅੰਤਰ-ਕਿਰਿਆ ਦਾ ਆਪਣਾ ਅੰਦਰੂਨੀ ਨੇਮ-ਕਰਮ ਹੈ। ਇਸ ਦੇ ਸਿੱਟੇ ਕੇਵਲ ਖੋਜਾਰਥੀ ਜਾਂ ਸਾਇੰਸਦਾਨ ਦੀ ਚੋਣ 'ਤੇ ਨਿਰਭਰ ਨਹੀਂ ਹਨ। ਇਹ ਇੱਕ ਲੰਮਾ ਤੇ ਆਪ-ਮੁਹਾਰਾ ਪ੍ਰਯੋਗੀ ਵਹਿਣ ਹੈ। ਅਜਿਹੇ ਵਹਿਣ ਵਿਚ ਥੀਸਿਸ ਐਂਟੀ-ਥੀਸਿਸ ਵੀ ਹੋ ਸਕਦਾ ਹੈ। ਪਰ ਇਸ ਐਂਟੀ-ਥੀਸਿਸ ਦੇ ਤੱਥਾਂ ਜਾਂ ਤੱਤਾਂ ਦਾ ਅੱਗੇ ਫਿਰ ਸਾਰਥਕ ਸਿੱਟਿਆਂ ਲਈ ਆਪਣਾ ਮਹੱਤਵ ਬਣਦਾ ਹੈ।

ਖੋਜਾਰਥੀ ਦਾ ਆਪਣੇ ਵਿਸ਼ੇ ਪ੍ਰਤੀ ਉਸਾਰੂ ਤੇ ਸਕਾਰਾਤਮਕ ਨਜ਼ਰੀਆ ਹੋਣਾ ਚਾਹੀਦਾ ਹੈ। ਭਾਵ ਐਸੀ ਵਿਸ਼ੇ-ਚੋਣ ਕੀਤੀ ਜਾਵੇ ਜਿਸ ਵਿਚ ਕੁਝ ਦੱਸਣ/ਖੋਜਣ ਦੀ ਸੰਭਾਵਨਾ ਹੋਵੇ। ਕਈ ਵਾਰ ਅਜਿਹਾ ਵਿਸ਼ਾ ਚੁਣ ਲਿਆ ਜਾਂਦਾ ਹੈ ਤੇ ਫਿਰ ਉਸ ਪ੍ਰਤੀ ਖੋਜਾਰਥੀ ਦੀ ਨਾਂਹਵਾਚਕ ਸੁਰ ਭਾਰੂ ਹੋ ਜਾਂਦੀ ਹੈ। ਅਰਥਾਤ ਘਾਟਾਂ-ਕਮਜ਼ੋਰੀਆਂ ਦੱਸਣ ਸੰਬੰਧੀ ਹੀ ਸਾਰਾ ਜ਼ੋਰ ਲਗਾਇਆ ਹੁੰਦਾ ਹੈ। ਇਸ ਕਰਕੇ ਆਪਣੇ ਵਿਸ਼ੇ ਪ੍ਰਤੀ ਹਾਂ-ਵਾਚੀ ਪਹੁੰਚ ਅਪਨਾਉਣੀ ਜ਼ਰੂਰੀ ਹੈ। ਰਸੂਲ ਹਮਜ਼ਾਤੋਵ ਮੁਤਾਬਕ:

> ਪਾਠਕ ਨੂੰ ਇਹ ਦੱਸੋ ਕਿ ਕਿਤਾਬ ਵਿਚ ਕੀ ਹੈ, ਨਾ ਕਿ ਇਹ ਕਿ ਕਿਤਾਬ ਵਿਚ ਕੀ ਨਹੀਂ।[17]

ਮਿਸਾਲ ਵਜੋਂ ਜੇ ਕੋਈ ਸਿਖਿਆਰਥੀ 'ਨਾਨਕ ਸਿੰਘ ਦੇ ਨਾਵਲਾਂ ਵਿਚ ਆਂਚਲਿਕਤਾ' ਦਾ ਵਿਸ਼ਾ ਚੁਣ ਲੈਂਦਾ ਹੈ। ਫਿਰ ਇਹ ਸਿੱਧ ਕਰਦਾ ਹੈ ਕਿ ਨਾਨਕ ਸਿੰਘ ਦੇ ਸਮੁੱਚੇ ਨਾਵਲਾਂ ਵਿਚ ਤਾਂ ਆਂਚਲਿਕਤਾ ਦਾ ਪ੍ਰਸੰਗ ਹੀ ਨਹੀਂ ਹੈ। ਜੇ ਕੋਈ ਵਿਦਿਆਰਥੀ ਕਿਸੇ ਫਸਲ ਜਾਂ ਇਸ ਦੀ ਨਵੀਂ ਕਿਸਮ ਸੰਬੰਧੀ ਖੋਜ ਦਾ ਕੋਈ ਵਿਸ਼ਾ ਚੁਣਦਾ ਹੈ ਪਰ ਸਿੱਟਾ ਇਹ ਕੱਢਦਾ ਹੈ ਕਿ ਇਸ ਲਈ ਪੰਜਾਬ ਦੀ ਜ਼ਮੀਨ 'ਤੇ ਪੌਣ-ਪਾਣੀ ਢੁੱਕਵਾਂ ਨਹੀਂ ਹੈ। ਸਵਾਲ ਪੈਦਾ ਹੁੰਦਾ ਹੈ ਕਿ ਫਿਰ ਅਜਿਹਾ ਵਿਸ਼ਾ ਕਿਉਂ ਚੁਣਿਆ ? ਇਸ ਕਰਕੇ ਉਹ ਵਿਸ਼ਾ ਲਿਆ ਜਾਵੇ ਜਿਸ ਵਿਚ ਆਪਣੇ ਮੰਤਵ ਲਈ ਗੱਲ ਤੋਰਨ/ਵਿਚਾਰਨ ਦੀ ਅੱਗੇ ਕੋਈ ਸੰਭਾਵਨਾ ਹੋਵੇ।

ਖੋਜ ਦਾ ਇੱਕ ਗਲੋਬਲੀ (ਅੰਤਰ-ਰਾਸ਼ਟਰੀ) ਮਹੱਤਵ ਹੁੰਦਾ ਹੈ ਤੇ ਦੂਜਾ ਖੇਤਰੀ। ਹਰ ਚੀਜ਼ ਹਰ ਜਗ੍ਹਾ ਢੁੱਕਵੀਂ ਹੋਣੀ ਸੰਭਵ ਨਹੀਂ ਹੈ। ਇਸ ਕਰਕੇ ਖੋਜਾਰਥੀ ਦਾ ਅੰਤਰ-ਰਾਸ਼ਟਰੀ ਨਜ਼ਰ ਤਹਿਤ ਆਪਣੀਆਂ ਖੇਤਰੀ ਲੋੜਾਂ, ਸੰਭਾਵਨਾਵਾਂ ਤੇ ਸੀਮਾਵਾਂ ਨੂੰ ਮੁਖ਼ਾਤਬ ਹੋਣਾ ਜ਼ਰੂਰੀ ਹੈ। ਮਿਸਾਲ ਵਜੋਂ ਖੋਜਾਰਥੀ ਦਾ ਵਿਸ਼ਾ ਬੌਟਨੀ ਜਾਂ ਬਾਇਓ-ਟੈਕਨਾਲੋਜੀ ਦੇ ਖੇਤਰ ਨਾਲ ਹੈ, ਤਾਂ ਸਭ ਤੋਂ ਪਹਿਲਾਂ ਕਿਸੇ ਪੌਦੇ ਲਈ ਢੁੱਕਵੀਂ ਜ਼ਮੀਨ ਤੇ ਫਿਰ ਉਸ ਪੌਦੇ ਦੇ ਮਹੱਤਵ ਨੂੰ ਵੇਖਿਆ ਜਾਵੇਗਾ। ਪੰਜਾਬ ਦੀ ਮਿੱਟੀ, ਰੁੱਤਾਂ ਤੇ ਜਲਵਾਯੂ ਦੇ ਸੰਦਰਭ ਵਿਚ ਖੋਜਾਰਥੀ ਦੀ ਇੱਕ ਵਿਸ਼ੇਸ਼ ਜ਼ਿੰਮੇਵਾਰੀ ਤੇ ਦਿਸ਼ਾ ਨਿਰਧਾਰਤ ਹੋ ਜਾਂਦੀ ਹੈ। ਕਿਸ ਪੌਦੇ ਜਾਂ ਫਸਲ ਨੂੰ ਪੰਜਾਬ ਦੀਆਂ ਰੁੱਤਾਂ ਦੇ ਲੰਮੇ ਅੰਤਰਾਲ ਵਿਚ ਪਰਖਣਾ ਲਾਜ਼ਮੀ ਹੈ। ਖੋਜ ਇੱਕ ਵਿਆਪਕ ਤੇ ਸਹਿਜਭਾਵੀ ਪ੍ਰਯੋਗੀ ਵਰਤਾਰਾ ਹੈ। ਇਹ 'ਮਾਰਾ ਅੱਡੀ ਤੇ ਛੜੱਪ ਵਿਹੜੇ ਤੇਰੇ' ਦੀ ਤਰ੍ਹਾਂ ਕੋਈ ਕਾਹਲ ਕਦਮੀ ਦਾ ਕਾਰਜ ਨਹੀਂ ਹੈ। ਖੋਜ ਕਿਸੇ ਕੱਚੇ ਮਸਾਲੇ ਤੋਂ ਬਣਾਇਆ ਪੱਕਾ ਜਾਂ ਵਰਤਣਯੋਗ ਮਾਲ (ਵਸਤ) ਹੈ। ਇਹ ਇੱਕ ਲੰਮਾ ਕਾਰਜ-ਅਮਲ ਹੈ। ਇਸ ਨੇ ਲੰਮੇ ਪ੍ਰਵਾਹ ਵਿਚ ਵੱਖ-ਵੱਖ ਜੁਗਤਾਂ/ਤਰੀਕਿਆਂ ਵਿਚੋਂ ਗੁਜ਼ਰਨਾ ਹੁੰਦਾ ਹੈ। ਇਹ ਇੱਕ ਤਰ੍ਹਾਂ ਨਾਲ ਰੌਹ (ਗੰਨੇ ਦਾ ਰਸ) ਤੋਂ ਗੁੜ ਬਨਾਉਣ ਵਰਗਾ ਵਰਤਾਰਾ ਹੈ।* ਗੁੜ ਤੋਂ ਫਿਰ ਖੰਡ ਵੀ ਬਣਦੀ ਹੈ ਤੇ ਹੋਰ ਖਾਦ-ਪਦਾਰਥ ਵੀ। ਇਹ ਸ਼ਰਾਬ (ਸ਼ਰਾਰਤੀ ਪਾਣੀ) ਰੂਪੀ ਨਸ਼ੇ ਬਨਾਉਣ ਦੇ ਵੀ ਕੰਮ ਆਉਂਦਾ ਹੈ। ਖੋਜ ਦੁਆਰਾ ਕਿਸੇ ਲੱਭਤ ਨੂੰ ਕਿਵੇਂ ਤੇ ਕਿੰਜ ਵਰਤਣਾ ਹੈ, ਇਹ ਇੱਕ ਸਮਾਜਕ ਉਦੇਸ਼ ਤਹਿਤ ਨੈਤਿਕ ਜ਼ੁੰਮੇਵਾਰੀ ਵਾਲਾ ਪੱਖ ਹੈ।

---

* ਗੰਨਾ ਬੀਜਣ ਲਈ ਪਹਿਲਾਂ ਖੇਤ ਦੀ ਚੋਣ ਕੀਤੀ ਜਾਂਦੀ ਹੈ। ਇਸ ਉਪਰੰਤ ਢੁੱਕਵੇਂ ਮੌਸਮ ਤੇ ਜ਼ਮੀਨ ਦੇ ਵਤਰ ਮੁਤਾਬਕ ਬਿਜਾਈ ਕੀਤੀ ਜਾਂਦੀ ਹੈ। ਕਮਾਦ (ਗੰਨੇ) ਦੀ ਫ਼ਸਲ ਨੌਂ-ਦੱਸ ਮਹੀਨੇ ਵਿਚ (ਵਿਸ਼ੇਸ਼ ਦੇਖਭਾਲ ਨਾਲ) ਤਿਆਰ ਹੋ ਜਾਂਦੀ ਹੈ। ਗੰਨੇ ਨੂੰ ਵੇਲਣੇ ਵਿਚ ਪੀੜ ਕੇ ਰਸ (ਰੌਹ) ਕੱਢਿਆ ਜਾਂਦਾ ਹੈ। ਰਸ ਨੂੰ ਕੜਾਹੇ ਵਿਚ ਉਬਾਲਿਆ (ਕਾੜ੍ਹਿਆ) ਜਾਂਦਾ ਹੈ। ਗੁੜ ਬਣ ਜਾਣ ਉਪਰੰਤ ਇਸ ਨੂੰ ਬਾਹਰ ਲੱਕੜ ਨੇ ਗੰਡ (ਵੱਡੇ ਭਾਂਡੇ) ਵਿਚ ਪਲਟ ਲਿਆ ਜਾਂਦਾ ਹੈ।

ਅਜੋਕੇ ਸਮਿਆਂ ਵਿਚ ਪਾਣੀ ਅਤੇ ਪ੍ਰਦੂਸ਼ਣ ਦੇ ਸੰਕਟ ਵਜੋਂ ਕਈ ਪੌਦੇ ਢੁੱਕਵੇਂ ਨਹੀਂ ਹਨ। ਫਿਰ ਖੇਤਰੀ ਸੀਮਾਵਾਂ ਹੋਰ ਵੀ ਹਨ। ਮਾਲਵੇ, ਮਾਝੇ ਤੇ ਦੁਆਬੇ ਦੀਆਂ ਜ਼ਮੀਨੀ ਹਕੀਕਤਾਂ ਵਿਚ ਵੀ ਵੱਡਾ ਫ਼ਰਕ ਹੈ। ਪਹਿਲਾਂ ਅਜਿਹੀਆਂ ਹਕੀਕਤਾਂ ਨੂੰ ਸਮਝਣਾ ਜ਼ਰੂਰੀ ਹੈ। ਕਿਸੇ ਜ਼ਮੀਨ ਵਿਚ ਕੀ ਹੈ ਤੇ ਕੀ ਨਹੀਂ ਹੈ ? ਕਿੱਥੇ ਕੀ ਹੋ (ਉਪਜ) ਸਕਦਾ ਹੈ ਅਤੇ ਕੀ ਨਹੀਂ ? ਇਹ ਕੇਵਲ ਕਲਾਜ਼ ਜਾਂ ਦੀਵਾਰਾਂ ਅੰਦਰਲੀ ਪ੍ਰਯੋਗਸ਼ਾਲਾ ਤੱਕ ਸੀਮਿਤ ਰਹਿਣ ਵਾਲਾ ਖੇਤਰ ਨਹੀਂ ਹੈ। ਇਸ ਵਿਚ ਬਾਹਰੀ ਅਰਥਾਤ ਖੇਤਰੀ ਪ੍ਰਯੋਗਾਂ ਦੀ ਵੱਡੀ ਲੋੜ ਹੁੰਦੀ ਹੈ। ਕਿੱਥੇ ਕਿਹੜੀ ਫਸਲ, ਕਿਹੜੀਆਂ ਸਬਜ਼ੀਆਂ, ਕਿਹੜਾ ਬਾਗ ਠੀਕ ਤੇ ਲਾਹੇਵੰਦ ਹੈ, ਇਸ ਸੰਬੰਧੀ ਪਹਿਲਾਂ ਜ਼ਮੀਨ ਦੀਆਂ ਕਿਸਮਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਖੇਤਰੀ ਵੰਨਗੀਆਂ ਦੇ ਮੱਦੇ-ਨਜ਼ਰ ਹੀ ਫਸਲਾਂ ਤੇ ਬਾਗਬਾਨੀ ਦੀਆਂ ਕਿਸਮਾਂ ਦੀ ਰਿਸਰਚ ਲਈ ਸਿਫ਼ਾਰਸ਼ ਕੀਤੀ ਜਾ ਸਕਦੀ ਹੈ। ਕਿਸੇ ਖੇਤਰ ਵਿਚ ਮੌਸਮ ਤੇ ਵਾਤਾਵਰਣ ਸੰਬੰਧੀ ਵਾਪਰ ਰਹੀਆਂ ਤਬਦੀਲੀਆਂ ਖੋਜਾਰਥੀ ਲਈ ਇੱਕ ਹੋਰ ਧਿਆਨ ਗੋਚਰਾ ਮਹੱਤਵਪੂਰਨ ਪੱਖ ਹੈ। ਪਹਿਲੀ ਗੱਲ ਖੋਜ ਸੰਬੰਧੀ ਕਿਸੇ ਚੀਜ਼ ਦੀ ਉਪਜ ਲਈ ਠੀਕ ਵਾਤਾਵਰਣ ਜਾਂ ਹਾਲਾਤਾਂ ਦੀ ਹੈ। ਇਸ ਤੋਂ ਜ਼ਰੂਰੀ ਗੱਲ ਉਸ ਚੀਜ਼ ਦੇ ਯੋਗਦਾਨ ਅਤੇ ਮਹੱਤਵ ਦੀ ਹੈ। ਮਿਸਾਲ ਵਜੋਂ ਪੰਜਾਬ ਵਿਚ ਸਫ਼ੈਦੇ ਦਾ ਦਰਖ਼ਤ ਕਦੀ ਵਪਾਰਕ ਨੁਕਤੇ ਤੋਂ ਲਾਹੇਵੰਦ ਮੰਨਿਆ ਜਾਂਦਾ ਸੀ। ਇਸ ਲਈ ਸਾਡੀ ਜ਼ਮੀਨ ਵੀ ਢੁਕਵੀਂ ਸੀ। ਪਰ ਜ਼ਮੀਨ ਦੇ ਅਜੋਕੇ ਪਾਣੀ ਸੰਕਟ ਕਾਰਣ ਹੁਣ ਇਹ ਲਗਾਉਣਾ ਠੀਕ ਨਹੀਂ ਹੈ। ਇਸ ਕਰਕੇ ਨਿੱਜੀ ਨਾਲੋਂ ਪੰਜਾਬ ਦੇ ਵੱਡੇ ਹਿੱਤ (ਪਾਣੀ ਸੰਕਟ) ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।

ਸਾਇੰਸ ਸੰਬੰਧੀ ਖੋਜ ਦਾ ਮੁੱਖ ਉਦੇਸ਼ ਸਮਾਜ ਲਈ ਕਲਿਆਣਕਾਰੀ ਤੇ ਲਾਭਕਾਰੀ ਹੋਣ ਵਿਚ ਹੈ। ਜਦ ਕਿ ਸਮਾਜ-ਵਿਗਿਆਨ ਦੇ ਵਿਸ਼ਿਆਂ ਵਿਚ ਖੋਜ ਦਾ ਮੰਤਵ ਗਿਆਨ ਦੇ ਨਵੇਂ ਝਰੋਖਿਆਂ ਤੋਂ ਹੈ। ਖੋਜ ਦੇ ਸਾਇੰਸੀ ਖੇਤਰ ਸਭਿਅਤਾ ਮੁੱਖੀ ਹੁੰਦੇ ਹਨ। ਅਰਥਾਤ ਕਈ ਨਵੀਆਂ ਲੱਭਤਾਂ ਦਾ ਸੰਬੰਧ ਨਵੀਆਂ ਚੀਜ਼ਾਂ-ਵਸਤਾਂ ਜਾਂ ਅਜਿਹੀ ਕਿਸੇ ਨਵੀਂ ਤਕਨੀਕ ਨਾਲ ਹੁੰਦਾ ਹੈ। ਇਸ ਨਾਲ ਕਿਸੇ ਵੀ ਸਭਿਅਤਾ ਵਿਚ ਨਵੇਂ ਸੰਦ-ਸਾਧਨ ਸ਼ਾਮਿਲ ਹੁੰਦੇ ਰਹਿੰਦੇ ਹਨ। ਇਹ ਸਭਿਅਤਾ ਦੇ ਵਿਕਾਸ ਦਾ ਆਧਾਰ ਬਣਦੇ ਹਨ। ਪਰ ਕੁਝ ਖੇਤਰ ਕੇਵਲ ਸਮਾਜ-ਸਭਿਆਚਾਰ ਨਾਲ ਜੁੜੇ ਹੁੰਦੇ ਹਨ। ਮਿਸਾਲ ਵਜੋਂ ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਜਾਂ ਕਿਸੇ ਹੋਰ ਧਾਰਮਿਕ ਖੇਤਰ ਨਾਲ ਜੁੜੀ ਖੋਜ ਦਾ ਸੰਬੰਧ ਸਮਝ ਦੇ ਕਿਸੇ ਨਵੇਂ ਝਰੋਖੇ ਨਾਲ ਹੋਵੇਗਾ। ਇਸ ਨੂੰ ਅਸੀਂ ਆਪਣੀ ਸਭਿਆਚਾਰਕ ਅਮੀਰੀ ਵਿਚ ਰੱਖ ਕੇ ਵੇਖਾਂਗੇ। ਉਂਜ ਹਰ ਖੋਜ ਸਮਾਜ ਵਿਚ ਕਿਸੇ ਨਾ ਕਿਸੇ ਪੱਖ ਤੋਂ ਆਪਣਾ ਯੋਗਦਾਨ ਪਾਉਂਦੀ ਹੈ। ਖੋਜ ਇੱਕ ਸਮਾਜਕ ਜ਼ਿੰਮੇਵਾਰੀ ਹੈ। ਇਹ ਕੇਵਲ ਆਪਣੀ ਮਰਜ਼ੀ ਅਨੁਸਾਰ ਸਰਪਟ ਦੌੜਨ ਵਾਲਾ ਕੋਈ ਬੇਲਗ਼ਾਮ ਘੋੜਾ ਨਹੀਂ ਹੈ। ਖੋਜ ਦਾ ਮਤਲਬ ਕੇਵਲ ਡਿਗਰੀ ਲੈਣਾ ਹੀ ਨਹੀਂ ਹੈ, ਸਗੋਂ ਕਿਸੇ ਜ਼ਿੰਮੇਵਾਰੀ ਤੇ ਜਵਾਬਦੇਹੀ ਤਹਿਤ ਆਪਣੀ ਸਮਾਜ ਪ੍ਰਤੀ ਕਿਸੇ ਵਚਨਬੱਧਤਾ ਨੂੰ ਮੁਖ਼ਾਤਬ ਹੋਣਾ ਹੈ।

ਹਰ ਖੋਜ ਨਵੇਂ ਗਿਆਨ ਦੀ ਢੂੰਡਭਾਲ ਦਾ ਖੇਤਰ ਹੈ। ਇਸ ਦਾ ਪੰਥ ਜਗਿਆਸਾ ਦੀ ਨਿਰੰਤਰਤਾ ਨਾਲ ਤਹਿ ਹੁੰਦਾ ਹੈ। ਇਸ ਵਿਚ ਖੋਜੀ ਦੀ ਇਮਾਨਦਾਰੀ ਦਾ ਵਿਸ਼ੇਸ਼ ਮਹੱਤਵ ਹੈ। ਖੋਜਾਰਥੀ ਕਿਸੇ ਹੋਰ ਨੂੰ ਨਹੀਂ, ਖ਼ੁਦ ਨੂੰ ਵੀ ਜਵਾਬਦੇਹ ਹੈ। ਖੋਜ ਵਿਚ ਹੋਰਨਾਂ ਦੀ ਵਰਤੀ ਗਈ ਸਮੱਗਰੀ ਦਾ ਹਵਾਲਿਆਂ ਸਹਿਤ ਪੂਰਾ ਜ਼ਿਕਰ ਹੋਣਾ ਚਾਹੀਦਾ ਹੈ। ਕਿਸੇ ਦੂਜੇ ਦੇ ਵਿਚਾਰਾਂ, ਤੱਥਾਂ, ਹਵਾਲਿਆਂ ਨੂੰ ਛੁਪਾਉਣ ਜਾਂ ਆਪਣੇ ਨਾਮ 'ਤੇ ਵਰਤਣਾ ਇੱਕ ਵੱਡਾ ਖੋਜ-ਦੋਸ਼ ਮੰਨਿਆ ਜਾਵੇਗਾ। ਇਸ ਕਰਕੇ ਖੋਜਾਰਥੀ ਨੇ ਇੱਕ ਨੈਤਿਕ ਮੁੱਲ-ਵਿਧਾਨ ਦੇ ਬੰਧੇਜ ਵਿਚ ਰਹਿਣਾ ਹੁੰਦਾ ਹੈ। ਖੋਜ-ਕਾਰਜ ਇੱਕ ਵਿਸ਼ੇਸ਼ ਮਾਣ-ਮਰਯਾਦਾ ਦਾ ਖੇਤਰ ਹੈ। ਇਸ ਦੀ ਕਿਵੇਂ ਵੀ ਉਲੰਘਣਾ ਨਾ ਕੀਤੀ ਜਾਵੇ। ਇਸ ਉਲੰਘਣਾ ਦੀ ਰੋਕ ਵਜੋਂ ਅੱਜ ਕਲ੍ਹ ਖੋਜਾਰਥੀ ਨੂੰ ਕੰਪਿਊਟਰ ਦੇ ਵਿਸ਼ੇਸ਼ ਸਾਫ਼ਟਵੇਅਰ ਦੁਆਰਾ ਆਪਣੀ ਖੋਜ ਦੇ ਮੌਲਿਕ ਹੋਣ ਦਾ ਸਰਟੀਫ਼ਿਕੇਟ ਵੀ ਨਾਲ ਦਰਜ ਕਰਵਾਉਣਾ ਪੈਂਦਾ ਹੈ। ਇਹ ਸਾਰੀਆਂ ਯੰਤਰੀ (ਤਕਨੀਕੀ) ਕਿਸਮ ਦੀਆਂ ਪਾਬੰਦੀਆਂ ਅਸਲ ਵਿਚ ਖੋਜ ਵਿਚ ਪਏ ਰਲੇ ਜਾਂ

ਨਕਲ ਦੀ ਰੋਕਥਾਮ ਵਜੋਂ ਆ ਰਹੀਆਂ ਹਨ। ਹਰ ਪੱਧਰ ਦੇ ਖੋਜ-ਕਾਰਜ ਨੂੰ ਅੰਤਿਮ ਰੂਪ ਵਿਚ ਪੇਸ਼ ਕਰਨ ਤੋਂ ਪਹਿਲਾਂ ਮਾਹਿਰ ਕਮੇਟੀ ਅੱਗੇ ਰੱਖਣਾ ਜ਼ਰੂਰੀ ਹੈ। ਹਰ ਵਿਭਾਗ ਜਾਂ ਵਿਸ਼ੇ-ਖੇਤਰ ਦੀ ਇੱਕ ਤਕਨੀਕੀ ਕਿਸਮ ਦੀ ਪਰਖ ਕਮੇਟੀ ਹੋਣੀ ਚਾਹੀਦੀ ਹੈ। ਅਜਿਹੀ ਕਮੇਟੀ ਦੁਆਰਾ ਸੁਝਾਈਆਂ ਗਈਆਂ ਸੋਧਾਂ ਦੀ ਸੋਧ ਸਮੇਤ ਹੀ ਖੋਜ-ਕਾਰਜ ਅੰਤਿਮ ਰੂਪ ਵਿਚ ਪੇਸ਼ ਕੀਤੇ ਜਾਣ ਦੀ ਸ਼ਰਤ ਹੋਵੇ। ਫਿਰ ਖੋਜ-ਕਾਰਜ ਨੂੰ ਅੰਤਿਮ ਵਾਈਵੇ ਲਈ ਪੇਸ਼ ਕੀਤਾ ਜਾਵੇ। ਇਸ ਨਾਲ ਖੋਜ ਦੀ ਗੁਣਵੱਤਾ ਵੱਧੇਗੀ। ਖੋਜ ਕੋਈ ਆਮ ਡਿਗਰੀ ਨਹੀਂ ਹੈ। ਇਹ ਹੋਰ ਉੱਚ ਜਾਂ ਵਧੀਕ ਯੋਗਤਾ ਦੀ ਮੁਹਾਰਤ ਵਾਲੀ ਡਿਗਰੀ ਹੈ। ਇਹ ਹਰ ਹਾਲਤ ਵਿਚ ਖ਼ਾਲਸ ਕਿਸਮ ਦੇ ਵਧੀਕ-ਗਿਆਨ ਨੂੰ ਹੀ ਸਮਰਪਤ ਹੋਣੀ ਚਾਹੀਦੀ ਹੈ।

## ਹਵਾਲੇ ਤੇ ਟਿੱਪਣੀਆਂ


1. **ਪੰਜਾਬੀ ਵਿਚ ਖੋਜ ਸੰਭਾਵਨਾ ਤੇ ਸੇਧ** (ਸੰਪਾ. ਗੁਰਮੁਖ ਸਿੰਘ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1979, ਪੰ. 20
2. **ਸਮਾਜਿਕ ਸ਼ੋਧ ਕੀ ਵਿਧੀਆਂ**, ਰਾਵਤ ਪਬਲੀਕੇਸ਼ਨ, ਜੈਪੁਰ, 2013, ਪੰ. 5
3. ਧਨਾਸਰੀ ਮ: 1, **ਆਦਿ ਗ੍ਰੰਥ**, ਪੰ. 661
4. ਡਾ. ਪਿਆਰ ਸਿੰਘ, **ਖੋਜ: ਸਿੱਧਾਂਤ ਤੇ ਵਿਵਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 4
5. ਰਸੂਲ ਹਮਜ਼ਾਤੋਵ, 'ਵਿਸ਼ਿਆਂ ਬਾਰੇ', **ਮੇਰਾ ਦਾਗਿਸਤਾਨ**, ਪ੍ਰਗਤੀ ਪ੍ਰਕਾਸ਼ਨ, 1975, ਪੰ. 94
6. **ਸੁਲਤਾਨ ਬਾਹੂ** (ਸੰਪਾ. ਉਜਾਗਰ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 107
7. ਉਧਰਿਤ, ਹਰਿਕ੍ਰਿਸ਼ਣ ਰਾਵਤ, **ਸਮਾਜਿਕ ਸ਼ੋਧ ਕੀ ਵਿਧੀਆਂ**, ਪੰ. 134
8. ਰਾਗ ਮਲਾਰ ਮ: 1, **ਆਦਿ ਗ੍ਰੰਥ**, ਪੰ. 1255
9. ਪ੍ਰੋ. ਜੋਗਿੰਦਰ ਸਿੰਘ ਰਾਹੀ, ਐਮ.ਫਿਲ. ਅਤੇ ਪੀਐੱਚ.ਡੀ. ਦਾ ਮੰਤਵ ਤੇ ਆਦਰਸ਼, **ਖੋਜ ਦਰਪਣ**, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1979, ਪੰ. 13
10. Helen Gardner, 'Each generation asks its own questions and find its own answers, and the final test of the validity of those answers, can only be time' —**The Business of Criticism**, Oxford University Press, London, 1955, p.51.
11. ਮੋਹਨ ਸਿੰਘ, **ਸਾਵੇ ਪੱਤਰ**, ਨਿਊ ਬੁੱਕ ਕੰਪਨੀ, ਜਲੰਧਰ, 1991, ਪੰ. 73
12. Alastrair Fowler, 'Geners, like biological species, have a relatively circumscribed existence in space and time.' "The Life and Death of Literary Forms"- **New Direction in Literary History** (Ed. Ralph Chohen) Routledge & Kegen Paul, London, 1974, p. 85
13. 'Literature is an historical art'—Lionell Trilling, "The Sense of Past", **Twentieth Century Criticism—The Major Statements** (Eds. Handy and Westbook), Light and Life Publishers, New Delhi, 1974, p.368
14. ਡਾ. ਕੇਸਰ ਸਿੰਘ, **ਖੋਜ ਚਿੰਤਨ**, (ਸੰਪਾ. ਡਾ. ਜਸਬੀਰ ਕੇਸਰ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰ. 13

15. 'Lionell Trilling, 'To suppose that we think like men of another time is as much of an illusion as to suppose that we can think in a wholly different way'— "The Sense of the Past" Twentieth Century Criticism— **The Major Statements** (Eds. Handy and Westbook), Light and Life Publishers, New Delhi, 1974, p.369
16. ਰੈਨੇਵੈਲਕ ਤੇ ਆਸਟਿਨ ਵਾਰੇਨ, **ਸਾਹਿਤ ਸਿੱਧਾਂਤ**, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, ਮਿਤੀਹੀਣ, ਪੰ. 152
17. ਰਸੂਲ ਹਮਜ਼ਾਤੋਵ, 'ਸ਼ੰਕੇ', **ਮੇਰਾ ਦਾਗਿਸਤਾਨ**, ਪੰ. 313

# ਖੇਤਰੀ ਖੋਜ ਕਾਰਜ: ਵਿਧੀ, ਸਮੱਸਿਆਵਾਂ ਤੇ ਸਮਾਧਾਨ

—ਡਾ. ਪਰਮਜੀਤ ਸਿੰਘ ਢੀਂਗਰਾ*

ਖੋਜ ਕਾਰਜ ਨੂੰ ਦੋ ਹਿਸਿਆਂ ਵਿਚ ਵੰਡਿਆ ਜਾਂਦਾ ਹੈ। ਪਹਿਲਾ ਹੈ ਲਾਇਬ੍ਰੇਰੀ ਆਧਾਰਤ ਖੋਜ। ਲਾਇਬ੍ਰੇਰੀ ਖੋਜ ਦਾ ਮਹੱਤਵਪੂਰਨ ਸਥਲ ਹੈ ਜਿਥੋਂ ਅਸੀਂ ਖੋਜ ਕਾਰਜ ਲਈ ਚੁਣੇ ਵਿਸ਼ੇ ਨਾਲ ਸੰਬੰਧਿਤ ਸ੍ਰੋਤ ਸਾਮੱਗਰੀ ਤੋਂ ਲੈ ਕੇ ਪਹਿਲਾਂ ਹੋ ਚੁੱਕੇ ਖੋਜ ਕਾਰਜਾਂ ਤੱਕ ਦਾ ਅਧਿਐਨ/ਨਿਰੀਖਣ ਕਰ ਸਕਦੇ ਹਾਂ। ਦੂਸਰਾ ਹੈ ਜੋ ਖੇਤਰੀ ਕਾਰਜ ਨਾਲ ਸੰਬੰਧਿਤ ਹੈ। ਖੇਤਰੀ ਕਾਰਜ ਤੋਂ ਭਾਵ ਹੈ ਸੰਬੰਧਿਤ ਵਿਸ਼ੇ ਲਈ ਖੋਜ ਆਧਾਰਤ ਸਾਮੱਗਰੀ ਦੀ ਪ੍ਰਾਪਤੀ ਲਈ ਨਿਸਚਤ ਖਿੱਤੇ ਵਿਚ ਜਾ ਕੇ ਸਾਮੱਗਰੀ ਇਕੱਤਰ ਕਰਨੀ। ਆਮ ਤੌਰ ’ਤੇ ਲੋਕਧਾਰਾ ਅਤੇ ਭਾਸ਼ਾ ਨਾਲ ਸੰਬੰਧਿਤ ਸਾਮੱਗਰੀ ਦੇ ਸੰਕਲਨ ਲਈ ਇਹ ਵਿਧੀ ਵਰਤੀ ਜਾਂਦੀ ਹੈ। ਸਮਾਜਕ ਵਿਗਿਆਨਾਂ ਵਿਚ ਇਹ ਬੜੀ ਜਾਣੀ ਪਛਾਣੀ ਅਤੇ ਕਾਰਗਰ ਵਿਧੀ ਹੈ। ਅੱਜ ਕੱਲ ਕਬਾਇਲੀ ਖੇਤਰਾਂ ਦੇ ਲੋਕ ਸਾਹਿਤ, ਭਾਸ਼ਾ ਨਾਲ ਸੰਬੰਧਿਤ ਸਾਮੱਗਰੀ ਦੇ ਸੰਕਲਨ ਲਈ ਇਹ ਵਿਧੀ ਵਰਤੀ ਜਾਂਦੀ ਹੈ। ਸਮਾਜਕ ਵਿਗਿਆਨਾਂ ਵਿਚ ਇਹ ਬੜੀ ਜਾਣੀ ਪਛਾਣੀ ਅਤੇ ਕਾਰਗਰ ਵਿਧੀ ਹੈ। ਅੱਜ ਕੱਲ ਕਬਾਇਲੀ ਖੇਤਰਾਂ ਦੇ ਲੋਕ ਸਾਹਿਤ, ਭਾਸ਼ਾ ਅਤੇ ਸਭਿਆਚਾਰਕ ਖੋਜਾਂ ਲਈ ਵੀ ਇਹ ਵਿਧੀ ਨੂੰ ਵਰਤਿਆ ਜਾ ਰਿਹਾ ਹੈ। ਡਾ. ਵਿਜਯ ਪਾਲ ਸਿੰਘ ਖੇਤਰੀ ਕਾਰਜ ਦੀ ਪਰਿਭਾਸ਼ਾ ਦੇਂਦੇ ਹੋਏ ਲਿਖਦੇ ਹਨ :

> ਖੇਤਰੀ ਕਾਰਜ ਤੋਂ ਭਾਵ ਹੈ ਕਿ ਇੱਕ ਖੇਤਰ ਵਿਸ਼ੇਸ਼ ਨੂੰ ਚੁਣ ਕੇ ਉਹਦੇ ਸਾਹਿਤਕਾਰਾਂ, ਸਾਹਿਤਕ ਧਾਰਾਵਾਂ, ਉਹਦੇ ਲੋਕ ਸਾਹਿਤ ਜਾਂ ਬੋਲੀ ਰੂਪ ਦਾ ਸਰਵੇਖਣ ਅਤੇ ਵਰਣਨ ਕਰਨਾ। ਖੇਤਰ ਅਸਲ ਵਿਚ ਵਿਸ਼ੇ ਦੀ ਸੀਮਾ ਨੂੰ ਨਿਸਚਿਤ ਕਰਨ ਦਾ ਘਟਕ ਹੈ। ਉਂਜ ਸਾਹਿਤ ਅਤੇ ਭਾਸ਼ਾ ਦੀ ਸੀਮਾ ਇਕੋ ਹੁੰਦੀ ਹੈ। ਉਦਾਹਰਣ ਲਈ ਹਿੰਦੀ ਭਾਸ਼ਾ ਦਾ ਜੋ ਖੇਤਰ ਹੈ ਉਹੀ ਉਹਦੇ ਸਾਹਿਤ ਦਾ ਵੀ ਖੇਤਰ ਹੈ। ਪਰ ਕਦੇ ਕਦੇ ਭਾਸ਼ਾ ਅਤੇ ਸਾਹਿਤ ਦੋਵੇਂ ਹੀ ਆਪਣੀ ਆਪਣੀ ਸੀਮਾ ਦਾ ਉਲੰਘਣ ਕਰਕੇ ਹੋਰ ਭਾਸ਼ਾਵਾਂ ਅਤੇ ਸਾਹਿਤਾਂ ਦੇ ਖੇਤਰਾਂ ਵਿਚ ਘੁਸ ਪੈਠ ਕਰ ਜਾਂਦੇ ਹਨ। ਇਸ ਸਥਿਤੀ ਵਿਚ ਹੋਰ ਭਾਸ਼ਾ ਖੇਤਰਾਂ ਵਿਚ ਬਣਨ ਵਾਲਾ ਇੱਕ ਭਾਸ਼ਾ ਟਾਪੂ ਵੀ ਅਧਿਐਨ ਲਈ ਚੁਣਿਆ ਜਾ ਸਕਦਾ ਹੈ।[1]

ਖੇਤਰੀ ਕਾਰਜ ਬੜਾ ਬਿਖੜਾ ਪੈਂਡਾ ਹੈ। ਆਮ ਖੋਜੀ ਲਈ ਇਸ ਪੰਧ ’ਤੇ ਚੱਲਣਾ ਬੜਾ ਕਠਿਨ ਕਾਰਜ ਹੈ। ਇਸ ਲਈ ਸਭ ਤੋਂ ਵੱਡੀ ਲੋੜ ਟਰੇਨਿੰਗ ਦੀ ਹੈ। ਖੇਤਰੀ ਕਾਰਜ ਨੂੰ ਪੌੜੀ ਪ੍ਰਬੰਧ ਵਾਂਗ ਸਿਰੇ ਚਾੜ੍ਹਨ ਲਈ ਖੋਜੀ ਕੋਲ ਵਿਸ਼ੇਸ਼ ਮੁਹਾਰਤ ਹੋਣੀ ਚਾਹੀਦੀ ਹੈ। ਇਸ ਮੁਹਾਰਤ ਤੋਂ ਬਿਨ੍ਹਾਂ ਖੋਜੀ ਖੋਜ ਲਈ ਨਿਰਧਾਰਤ ਸਾਮੱਗਰੀ ਇਕੱਤਰ ਨਹੀਂ ਕਰ ਸਕਦਾ ਤੇ ਨਾ ਹੀ ਮਨ-ਇਛਿਤ ਨਤੀਜੇ ਪ੍ਰਾਪਤ ਕਰ ਸਕਦਾ ਹੈ। ਏਸੇ ਲਈ ਅੱਜ ਕੱਲ੍ਹ ਵਿਸ਼ੇਸ਼ ਮੁਹਾਰਤ ’ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਜੋ ਨਿਸਚਿਤ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਖੇਤਰੀ ਕਾਰਜ ਵਿਚ ਰੁੱਝੇ ਖੋਜੀ ਦਾ ਸਾਮੱਗਰੀ ਸੰਕਲਨ ਇਸ ਗੱਲ ’ਤੇ ਵੀ ਨਿਰਭਰ ਕਰਦਾ ਹੈ ਕਿ ਉਹ ਸਾਮੱਗਰੀ ਸੰਕਲਨ ਲਈ ਉਚਿਤ ਵਿਧੀਆਂ ਵਰਤ ਰਿਹਾ ਹੈ ਕਿ ਨਹੀਂ। ਕੀ ਉਹ ਉਸ ਖੇਤਰ ਤੋਂ ਪੂਰੀ ਤਰ੍ਹਾਂ ਵਾਕਫ ਹੈ ? ਕੀ ਉਸ ਕੋਲ ਖੇਤਰ ਦੀ ਲੋੜੀਂਦੀ ਜਾਣਕਾਰੀ ਹੈ ? ਕੀ ਉਹ ਸਾਮੱਗਰੀ ਪ੍ਰਾਪਤੀ ਲਈ ਸਪਸ਼ਟ ਹੈ ? ਕੀ ਉਹ ਉਨ੍ਹਾਂ ਸਿਟਿਆਂ ਪ੍ਰਤੀ ਆਸਵੰਦ ਹੈ ? ਜੋ ਉਹਨੇ ਪਰਿਕਲਪਨਾ ਵੇਲੇ ਚਿਤਵੇ ਸਨ ? ਅਜਿਹੇ ਕਿੰਨੇ ਹੀ ਸੁਆਲਾਂ ਨਾਲ ਜੂਝ ਕੇ ਹੀ ਉਹ ਖੇਤਰੀ

* ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਮੁਕਤਸਰ।

ਕਾਰਜ ਵਿਚੋਂ ਸਾਮੱਗਰੀ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ।

ਵੱਖ-ਵੱਖ ਪ੍ਰਕਾਰ ਦੇ ਖੇਤਰੀ ਕਾਰਜਾਂ ਲਈ ਵੱਖ-ਵੱਖ ਪ੍ਰਕਾਰ ਦੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ। ਲੋਕ ਸਾਹਿਤ ਅਤੇ ਭਾਸ਼ਾ ਦੇ ਸੰਬੰਧ ਵਿਚ ਜਿਹੜੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

ੳ. ਖੇਤਰ ਦੀ ਡੂੰਘੀ ਜਾਣ ਪਛਾਣ (Observation)
ਅ. ਮੁਲਕਾਤਾਂ (Interview)
ੲ. ਗਰੁੱਪ ਸੈਸ਼ਨ (Group Session)
ਸ. ਨਮੂਨੇ ਲੈਣਾ (Sampling)
ਹ. ਨਿੱਜੀ ਚਿੱਠੀ ਪੱਤਰ (Personal Correspondence)
ਕ. ਪ੍ਰਸ਼ਨਾਵਲੀ (Questionnaire)
ਖ. ਸਾਰਣੀ (Schedule)
ਗ. ਡਾਇਰੀ (Diary)
ਘ. ਚਿਤਰਾਵਲੀ (PLIM)
ਙ. ਟੇਪ ਰਿਕਾਰਡਰ/ਕੈਮਰਾ

ੳ. ਖੇਤਰ ਦੀ ਡੂੰਘੀ ਜਾਣ ਪਛਾਣ (Observation): ਖੇਤਰੀ ਕਾਰਜ ਦੀ ਸਭ ਤੋਂ ਪਹਿਲੀ ਸ਼ਰਤ ਇਹ ਹੈ ਕਿ ਜਿਸ ਖੇਤਰ ਵਿਚ ਖੋਜ ਕਰਨੀ ਹੈ ਉਸ ਦਾ ਮੁੱਢਲਾ ਸਰਵੇਖਣ ਕਰਕੇ ਉਹਦੇ ਬਾਰੇ ਆਪਣੀ ਸਮਝ ਕਾਇਮ ਕੀਤੀ ਜਾਵੇ। ਖੋਜੀ ਨੂੰ ਮੁੱਢਲੇ ਰੂਪ ਵਿਚ ਉਸ ਖੇਤਰ ਨਾਲ ਸੰਬੰਧਿਤ ਮਿਲਦੀ ਲਿਖਤੀ ਸਾਮੱਗਰੀ ਦੀ ਘੋਖ ਪੜਤਾਲ ਕਰਨੀ ਚਾਹੀਦੀ ਹੈ। ਜੇਕਰ ਲਿਖਤੀ ਸਾਮੱਗਰੀ ਦੀ ਅਣਹੋਂਦ ਹੋਵੇ ਤਾਂ ਖੇਤਰ ਦੇ ਲੋਕਾਂ ਅਥਵਾ ਸਿਆਣਿਆਂ ਕੋਲ ਜਾ ਕੇ ਖੇਤਰ ਦੀ ਮੁੱਢਲੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਇਹ ਨਾ ਉਸਨੂੰ ਖੋਜ ਵਿਚ ਸਹਾਇਕ ਹੋਵੇਗੀ ਸਗੋਂ ਖੋਜ ਦੀ ਬਰੀਕ ਬੀਨੀ ਲਈ ਮਦਦ ਵੀ ਦੇਵੇਗੀ ਅਤੇ ਉਦੇਸ਼ਾਂ ਪ੍ਰਤੀ ਸੇਧਿਤ ਵੀ ਕਰੇਗੀ। ਫਰਜ਼ ਕਰੋ ਜੇ ਖੋਜੀ ਨੇ ਮਾਲਵੇ ਦੇ ਲੋਕ ਸਾਹਿਤ ਜਾਂ ਲੋਕ ਰੂਪਾਂ ਬਾਰੇ ਕੋਈ ਸਮੱਗਰੀ ਇਕੱਤਰ ਕਰਨੀ ਹੈ ਤਾਂ ਉਸਨੂੰ ਉਨ੍ਹਾਂ ਲੋਕਾਂ ਤੱਕ ਪਹੁੰਚ ਕਰਨੀ ਪਏਗੀ ਜੋ ਲੋਕ ਸਾਹਿਤ ਨੂੰ ਮੌਖਿਕ ਰੂਪ ਵਿਚ ਸੰਭਾਲੀ ਬੈਠੇ ਹਨ। ਏਵੇਂ ਹੀ ਜੇ ਉਸਨੇ ਭਾਸ਼ਾ ਦੇ ਕਿਸੇ ਰੂਪ ਅਥਵਾ ਕਿਸੇ ਖਿੱਤੇ ਵਿਸ਼ੇਸ਼ ਦੀ ਬੋਲੀ 'ਤੇ ਖੋਜ ਕਰਨੀ ਹੈ ਤਾਂ ਉਸਨੂੰ ਉਸ ਬੋਲੀ ਬਾਰੇ ਪਹਿਲਾਂ ਤਾਂ ਸਿੱਧਾਂਤਕ ਜਾਣਕਾਰੀ ਲੈਣੀ ਪਏਗੀ ਫਿਰ ਸੂਚਕਾਂ ਨੂੰ ਮਿਲ ਕੇ ਬੋਲੀ ਦੇ ਵਿਹਾਰਕ ਉਚਾਰਨ ਦੇ ਰੂਪ ਇਕੱਤਰ ਕਰਨੇ ਪੈਣਗੇ। ਇਸ ਇਕੱਤਰੀਕਰਨ ਲਈ ਉਹਨੂੰ ਬੜੀ ਸਾਵਧਾਨੀ ਵੀ ਵਰਤਣੀ ਪਏਗੀ ਤਾਂ ਕਿ ਉਹ ਲੋੜੀਂਦੀ ਸਾਮੱਗਰੀ ਤੱਥਾਂ ਸਹਿਤ ਇਕੱਤਰ ਕਰ ਸਕੇ।

ਅ. ਮੁਲਾਕਾਤਾਂ (Interview) : ਸਮੱਗਰੀ ਪ੍ਰਾਪਤੀ ਦੇ ਉਦੇਸ਼ ਲਈ ਮੁਲਾਕਾਤਾਂ ਦੀ ਵਿਧੀ ਬੜੀ ਕਾਰਗਰ ਹੈ। ਗਹਿਰੀ ਜਾਣ ਪਛਾਣ ਅਤੇ ਡੂੰਘੀ ਜਾਣਕਾਰੀ ਲਈ ਇਹ ਬੜਾ ਉਚਿਤ ਸੰਦ ਹੈ। ਇਸ ਦੀ ਸਮੱਸਿਆ ਇਹ ਹੈ ਕਿ ਸਭ ਤੋਂ ਪਹਿਲਾਂ ਅਜਿਹੇ ਸੂਚਕਾ ਦੀ ਭਾਲ ਕੀਤੀ ਜਾਂਦੀ ਹੈ ਜੋ ਮੁਲਾਕਾਤ ਸਮੇਂ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾ ਸਕੇ। ਉਸਨੂੰ ਵਿਸ਼ਵਾਸ ਵਿਚ ਲੈਣਾ ਵੀ ਬਹੁਤ ਜ਼ਰੂਰੀ ਹੈ ਜੇ ਮੁਲਾਕਾਤੀ ਤੇ ਸੂਚਕ ਦੋਵੇਂ ਸੂਝ ਬੂਝ ਵਾਲੇ ਹੋਣ ਤਾਂ ਇਸ ਤੋਂ ਪ੍ਰਾਪਤ ਜਾਣਕਾਰੀ ਬੜੀ ਲਾਹੇਵੰਦ ਸਾਬਤ ਹੋ ਸਕਦੀ ਹੈ। ਜੇ ਸੂਚਕ ਦਾ ਹੁੰਗਾਰਾ ਮੱਠਾ ਜਾਪੇ ਤਾਂ ਇੱਕ ਤੋਂ ਵਧੇਰੇ ਸੂਚਕਾਂ ਦੀ ਢੂੰਡ ਕੀਤੀ ਜਾ ਸਕਦੀ ਹੈ। ਆਮ ਤੌਰ 'ਤੇ ਅਜਿਹੀ ਜਾਣਕਾਰੀ ਭਾਵੇਂ ਤੱਥ ਭਰਪੂਰ ਨਹੀਂ ਹੁੰਦੀ ਹੈ ਤੇ ਨਾ ਹੀ ਇਸ 'ਤੇ ਬਹੁਤੀ ਟੇਕ ਰਖੀ ਜਾ ਸਕਦੀ ਹੈ ਪਰ ਇਸ ਤੋਂ ਮਿਲੀ ਜਾਣਕਾਰੀ ਖੋਜ ਵਿਚ ਸਹਾਇਕ ਜ਼ਰੂਰ ਹੋ ਸਕਦੀ ਹੈ। ਮੁਲਾਕਾਤ ਲਈ

ਪਹਿਲਾਂ ਕੁਝ ਪ੍ਰਸ਼ਨ ਜ਼ਰੂਰ ਤਿਆਰ ਕੀਤੇ ਜਾ ਸਕਦੇ ਹਨ ਤਾਂ ਜੋ ਉਤਰਦਾਤੇ ਕੋਲੋਂ ਠੀਕ ਉੱਤਰ ਪ੍ਰਾਪਤ ਹੋ ਸਕਣ। ਕਈ ਵਾਰ ਉੱਤਰਦਾਤਾ ਮੁਲਾਕਾਤ ਵੇਲੇ ਕੁਝ ਗੱਲਾਂ ਛੁਪਾ ਵੀ ਜਾਂਦਾ ਹੈ ਪਰ ਇਹ ਮੁਲਾਕਾਤੀ 'ਤੇ ਨਿਰਭਰ ਹੈ ਕਿ ਉਹ ਉਸ ਕੋਲੋਂ ਜਾਣਕਾਰੀ ਪ੍ਰਾਪਤ ਕਰਨ ਲਈ ਉਸਨੂੰ ਕਿੰਨਾ ਕੁ ਵਿਸਾਹ ਵਿਚ ਲੈਂਦਾ ਹੈ। ਪ੍ਰਸ਼ਨਾਂ ਦੀ ਤਿਆਰੀ ਵੇਲੇ ਇਸ ਗੱਲ ਦਾ ਧਿਆਨ ਰਖਿਆ ਜਾਣਾ ਜ਼ਰੂਰੀ ਹੈ ਕਿ ਉਹ ਸਟੀਕ ਹੋਣ, ਦੂਸਰਾ ਉਨ੍ਹਾਂ 'ਚ ਕੋਈ ਅਜਿਹੀ ਗੱਲ ਨਾ ਹੋਵੇ ਜਿਸ ਦਾ ਉੱਤਰ ਦੇਣ ਲਈ ਉੱਤਰਦਾਤਾ ਝਿਜਕ ਜਾਵੇ। ਪ੍ਰਸ਼ਨਾਂ ਦੀ ਪੱਧਰ 'ਤੇ ਭਾਸ਼ਾ ਉੱਤਰਦਾਤਿਆਂ ਦੀ ਉਮਰ, ਵਿਦਿਆ, ਕਿੱਤਾ, ਸਮਾਜਕ ਸਥਿਤੀ, ਰੁੱਤਬੇ ਮੁਤਾਬਕ ਹੋਣੀ ਚਾਹੀਦੀ ਹੈ।

ੲ. ਗਰੁੱਪ ਸੈਸ਼ਨ (Group Session) : ਜਦੋਂ ਖੇਤਰ ਵਿਚੋਂ ਸਮੱਗਰੀ ਪ੍ਰਾਪਤ ਕਰਨੀ ਹੈ ਤਾਂ ਗਰੁੱਪ ਸੈਸ਼ਨ ਦੀ ਵਿਧੀ ਸਾਡੀ ਬੜੀ ਮਦਦ ਕਰ ਸਕਦੀ ਹੈ। ਗਰੁੱਪ ਸੈਸ਼ਨ ਵਿਚ ਨਿਯਮਤ ਨਿਰੀਖਣ ਦਾ ਪ੍ਰਭਾਵ ਘੱਟ ਕੀਤਾ ਜਾ ਸਕਦਾ ਹੈ। ਗਰੁੱਪ ਸੈਸ਼ਨ ਵਿਚ ਇੱਕ ਪ੍ਰਕਾਰ ਦੀ ਜਾਣਕਾਰੀ ਦੀਆਂ ਵਿਭਿੰਨ ਦਿਸ਼ਾਵਾਂ ਦਾ ਪਤਾ ਲਗ ਸਕਦਾ ਹੈ। ਇਨ੍ਹਾਂ ਦਿਸ਼ਾਵਾਂ ਤੋਂ ਤੱਥ ਪ੍ਰਾਪਤੀ ਸੌਖੀ ਹੋ ਸਕਦੀ ਹੈ ਦੂਸਰਾ ਇੱਕ ਜਾਣਕਾਰੀ ਬਾਰੇ ਰਾਏ ਪੱਕੀ ਕੀਤੀ ਜਾ ਸਕਦੀ ਹੈ। ਸਿਧੀ ਸ਼ਮੂਲੀਅਤ ਨਾਲ ਸੂਚਕਾਂ ਵਿਚ ਵਿਸ਼ਵਾਸ਼ ਵੀ ਪੈਦਾ ਕੀਤਾ ਜਾ ਸਕਦਾ ਹੈ। ਮਸਲਨ ਜੇ ਅਸੀਂ ਕਿਸੇ ਖਿੱਤੇ ਵਿਸ਼ੇਸ਼ ਵਿਚੋਂ ਕੋਈ ਲੋਕ ਕਥਾ ਬਾਰੇ ਇਕੱਤਰੀਕਰਨ ਕਰਨਾ ਹੈ ਤਾਂ ਵਿਭਿੰਨ ਲੋਕਾਂ ਦਾ ਉਸ ਕਥਾ ਨੂੰ ਸੁਣਾਉਣ/ਦਸਣ ਦਾ ਲਹਿਜਾ ਜਾਂ ਜਾਣਕਾਰੀ ਭਿੰਨ-ਭਿੰਨ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ ਖੋਜ-ਕਾਰਜ ਵਿਚ ਵਿਭਿੰਨਤਾ ਆ ਸਕਦੀ ਹੈ ਜਿਸ ਨਾਲ ਖੋਜ ਹੋਰ ਡੂੰਘੇਰੀ ਹੋ ਸਕਦੀ ਹੈ। ਪਿੰਡਾਂ ਵਿਚਲੀਆਂ ਸੱਥਾਂ ਇੱਕ ਤਰ੍ਹਾਂ ਨਾਲ ਗਰੁੱਪ ਸੈਸ਼ਨ ਦੇ ਰੂਪ ਹਨ ਜਿਥੋਂ ਕਈ ਪ੍ਰਕਾਰ ਦੀ ਜਾਣਕਾਰੀ ਮਿਲ ਸਕਦੀ ਹੈ।

ਸ. ਨਮੂਨੇ ਲੈਣਾ (Sampling) : ਨਮੂਨੇ ਲੈਣ ਤੋਂ ਭਾਵ ਹੈ ਕਿ ਜਦੋਂ ਅਸੀਂ ਖੇਤਰੀ ਕਾਰਜ ਦੇ ਪ੍ਰੋਜੈਕਟ ਨੂੰ ਵਿਓਂਤਣਾ ਹੈ ਤਾਂ ਪਹਿਲਾਂ ਕੁਝ ਨਮੂਨੇ ਚੁਣਨੇ ਪੈਣਗੇ। ਨਮੂਨੇ ਲੈਣ ਦਾ ਮਕਸਦ ਇਹ ਹੈ ਕਿ ਉਨ੍ਹਾਂ ਤੋਂ ਅਸੀਂ ਖੋਜ ਦੀ ਦਿਸ਼ਾ ਤਹਿ ਕਰ ਸਕੀਏ। ਨਮੂਨਿਆਂ ਬਾਰੇ ਪਾਰਸਨਜ਼ ਲਿਖਦਾ ਹੈ :

ਖੋਜ ਦੀਆਂ ਪ੍ਰਾਪਤੀਆਂ ਦੀ ਉਚਿਤਤਾ ਪ੍ਰਮੁੱਖ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਚਿਤ ਨਮੂਨੇ ਪ੍ਰਾਪਤ ਕੀਤੇ ਜਾਣ। ਵਧੀਆ ਗੱਲ ਤਾਂ ਇਹ ਹੈ ਕਿ ਇੱਕ ਤਰ੍ਹਾਂ ਦੇ ਸੂਚਕਾਂ ਕੋਲੋ ਵਿਭਿੰਨ ਕਿਸਮਾਂ ਦੇ ਨਮੂਨੇ ਲਏ ਜਾਣ ਜੋ ਕੇ ਸਮੁੱਚੀ ਖੋਜ ਲਈ ਸਹਾਇਕ ਹੋ ਸਕਣ।[2]

ਇਨ੍ਹਾਂ ਨਮੂਨਿਆਂ ਬਾਰੇ ਇਹ ਵੀ ਜ਼ਰੂਰੀ ਹੈ ਕਿ ਇਹ ਇੱਕੋ ਜਿੰਨੀ ਮਾਤਰਾ ਵਿਚ ਇਕੱਤਰ ਕੀਤੇ ਜਾਣ। ਖ਼ਾਸ ਕਰ ਜੇ ਭਾਸ਼ਾਵਾਂ ਬਾਰੇ ਖੋਜ ਸਮੱਗਰੀ ਇਕੱਤਰ ਕਰਨੀ ਹੋਵੇ ਤਾਂ ਉਚਾਰਨ ਦੇ ਵਿਭਿੰਨ ਨਮੂਨੇ ਇਕੱਤਰ ਕੀਤੇ ਜਾ ਸਕਦੇ ਹਨ। ਉਨ੍ਹਾਂ ਵਿਚਲੀ ਉਚਾਰਨ ਭਿੰਨਤਾ ਰਾਹੀਂ ਅਸੀਂ ਨਿਸਚਿਤ ਤਬਦੀਲੀ ਦੇ ਸਿੱਟੇ ਕੱਢ ਸਕਦੇ ਹਾਂ।

ਪਾਰਸਨਜ਼ ਨੇ ਤਿੰਨ ਪ੍ਰਕਾਰ ਦੇ ਨਮੂਨਿਆਂ ਦੀ ਗੱਲ ਕੀਤੀ ਹੈ :

i. ਅਟਕਲ ਪੱਚੂ ਨਮੂਨਾ ਚੋਣ (Random Sampling)
ii. ਗਰੁੱਪ ਨਮੂਨਾ ਚੋਣ (Stratification)
iii. ਕੋਟਾ ਨਮੂਨਾ ਚੋਣ (Quota Sampling)

i. ਅਟਕਲ ਪੱਚੂ ਨਮੂਨਾ ਚੋਣ: ਇਹ ਸਭ ਤੋਂ ਸੌਖਾ ਢੰਗ ਹੈ ਪਰ ਇਸ ਰਾਹੀਂ ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਬਹੁਤ ਕਾਰਗਰ ਨਹੀਂ ਹੋ ਸਕਦੀ। ਜੇ ਅਸੀਂ ਇਸ ਵਿਧੀ ਰਾਹੀਂ ਕੁਝ ਕੁ ਸੂਚਕਾਂ ਕੋਲੋਂ ਅੱਟਕਲਪੱਚੂ ਢੰਗ ਨਾਲ ਨਮੂਨੇ ਇਕੱਤਰ ਕਰ ਲੈਂਦੇ ਹਾਂ ਤਾਂ ਉਹ ਖੋਜ ਨੂੰ ਸੇਧਿਤ

ਨਹੀਂ ਕਰ ਸਕਦੇ। ਉਲਟਾ ਗੁੰਝਲਾਂ ਪੈਦਾ ਕਰ ਸਕਦੇ ਹਨ। ਇਸ ਨਾਲ ਇਹ ਵੀ ਹੁੰਦਾ ਹੈ ਕਿ ਜਿਹੜੇ ਸੂਚਕ ਹਨ ਉਹ ਜ਼ਰੂਰੀ ਨਹੀਂ ਇੱਕੋ ਜਿਹੀ ਮਾਤਰਾ ਵਿਚ ਉਚਿਤ ਜਾਣਕਾਰੀ ਦੇ ਸਕਣ। ਇਸ ਲਈ ਇਹ ਵਿਧੀ ਬਹੁਤੇ ਭਰੋਸੇ ਵਾਲੀ ਨਹੀਂ।[3]

ii. ਗਰੁੱਪ ਨਮੂਨਾ ਚੋਣ : ਗਰੁੱਪ ਨਮੂਨਾ ਚੋਣ ਵਿਚ ਅਧਿਐਨ ਵਿਧੀ ਅਨੁਸਾਰ ਗਰੁੱਪ ਬਣਾ ਲਏ ਜਾਂਦੇ ਹਨ। ਮਸਲਨ ਉਮਰ ਗਰੁੱਪ, ਕਿੱਤਾ ਗਰੁੱਪ, ਵਿਦਿਅਕ ਯੋਗਤਾ ਗਰੁੱਪ ਆਦਿ। ਇਸ ਤਰ੍ਹਾਂ ਦੇ ਸੂਚਕਾਂ ਨੂੰ ਪ੍ਰਤੀਨਿਧਤਾ ਮਿਲ ਜਾਂਦੀ ਹੈ ਜਿਸ ਨਾਲ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਪਰ ਇੱਥੇ ਵੀ ਗਰੁੱਪ ਬਣਾਉਣ ਲਈ ਤਰਕ ਤੋਂ ਕੰਮ ਲੈਣਾ ਪਏਗਾ ਤਾਂ ਕਿ ਇਕੱਤਰ ਸਮੱਗਰੀ 'ਤੇ ਕੋਈ ਕਿੰਤੂ ਪਰੰਤੂ ਨਾ ਹੋ ਸਕੇ।

iii. ਕੋਟਾ ਨਮੂਨਾ ਚੋਣ : ਕੋਟਾ ਨਮੂਨਾ ਚੋਣ ਲਈ ਸਭ ਤੋਂ ਜ਼ਰੂਰੀ ਹੈ ਕਿ ਸੂਚਕਾਂ ਦੇ ਅਜਿਹੇ ਗਰੁੱਪ ਬਣਾ ਲਏ ਜਾਣ ਜੋ ਵਿਭਿੰਨਤਾ ਵਾਲੀ ਬਹੁਮੁੱਲੀ ਸਮੱਗਰੀ ਦੇ ਸਕਣ। ਜੇ ਅਸੀਂ ਉਮਰ ਗਰੁੱਪ ਵਿਚ ਬਰਾਬਰ ਦੇ ਔਰਤਾਂ ਪੁਰਸ਼ਾਂ ਨੂੰ ਉਮਰਾਂ ਦੇ ਹਿਸਾਬ ਨਾਲ ਵੰਡ ਕੇ ਗਰੁੱਪ ਬਣਾ ਕੇ ਉਨ੍ਹਾਂ ਨਾਲ ਮੁਲਾਕਾਤਾਂ ਕਰੀਏ ਤਾਂ ਇਸ ਤਰ੍ਹਾਂ ਅਸੀਂ ਕਾਫੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਪਰ ਇਨ੍ਹਾਂ ਦੀ ਚੋਣ ਵੇਲੇ ਸਮਾਜ ਦੇ ਹਰ ਤਬਕੇ, ਹਰ ਆਮਦਨੀ, ਹਰ ਵਿਦਿਅਕ ਯੋਗਤਾ ਵਾਲੇ ਘਟਕਾਂ ਦਾ ਵੀ ਧਿਆਨ ਰੱਖਣਾ ਪਏਗਾ। ਇਸ ਦਾ ਭਾਵ ਸਿਰਫ਼ ਏਨਾ ਹੈ ਕਿ ਮੁਲਾਕਾਤਾਂ ਕਰਨ ਸਮੇਂ ਤੁਸੀਂ ਹਰ ਉਮਰ, ਪੱਧਰ ਅਤੇ ਯੋਗਤਾ ਵਾਲੇ ਸੂਚਕਾਂ ਨੂੰ ਮਿਲੋਂ ਤਾਂ ਜੋ ਉਨ੍ਹਾਂ ਦੀ ਸਮੁੱਚੀ ਪ੍ਰਤੀਨਿਧਤਾ ਹੋ ਸਕੇ। ਦੋਹਾਂ ਲਿੰਗਾਂ ਨੂੰ ਬਰਾਬਰ ਦੇ ਅਨੁਪਾਤ ਨਾਲ ਹਿੱਸੇਦਾਰੀ ਮਿਲ ਸਕੇ। ਇਸ ਨਾਲ ਖੋਜ ਵਿਚ ਪੁਖਤਾ ਨਤੀਜੇ ਨਿਕਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ।[4]

ਹ. ਨਿੱਜੀ ਚਿੱਠੀ-ਪੱਤਰ (Personal Correspondence): ਆਮ ਤੌਰ 'ਤੇ ਨਿੱਜੀ ਚਿੱਠੀ-ਪੱਤਰ ਦੀ ਵਿਧੀ ਰਾਹੀਂ ਵੀ ਲੋੜੀਂਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਖੋਜ ਦਾ ਵਿਸ਼ਾ, ਮੰਤਵ ਅਤੇ ਸੰਖੇਪ ਜਾਣਕਾਰੀ ਚਿੱਠੀ ਰਾਹੀਂ ਵਾਕਫਾਂ ਨੂੰ ਭੇਜ ਕੇ ਜਾਣਕਾਰੀ ਪ੍ਰਾਪਤ ਕਰਨ ਦਾ ਜਤਨ ਕੀਤਾ ਜਾ ਸਕਦਾ ਹੈ। ਇਸ ਵਿਚ ਸੰਦੇਹ ਜ਼ਰੂਰ ਹੁੰਦਾ ਹੈ ਕਿ ਕਿੰਨੇ ਕੁ ਸੂਚਕ ਇਸਨੂੰ ਗੰਭੀਰਤਾ ਨਾਲ ਲੈ ਕੇ ਉੱਤਰ ਦੇਣਗੇ। ਇਸ ਬਾਰੇ ਅੱਜ ਕੱਲ ਈ-ਮੇਲ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਕੁਝ ਲੋਕ ਖੁੱਲ੍ਹੇ ਰੂਪ ਵਿਚ ਫੇਸ-ਬੁੱਕ 'ਤੇ ਵੀ ਜਾਣਕਾਰੀ ਪਾ ਦੇਂਦੇ ਹਨ ਤਾਂ ਜੋ ਉਨ੍ਹਾਂ ਨਾਲ ਜੁੜੇ ਵਿਅਕਤੀ ਇਸ ਬਾਰੇ ਜਾਣਕਾਰੀ ਦੇ ਸਕਣ। ਕੁਝ ਖੋਜੀਆਂ ਨੇ ਇੱਕ ਨਵਾਂ ਤਰੀਕਾ ਲਭਾ ਲਿਆ ਹੈ ਜੇ ਉਨ੍ਹਾਂ ਨੇ ਕੋਈ ਜਾਣਕਾਰੀ ਕਿਸੇ ਸੰਸਥਾ ਤੋਂ ਲੈਣੀ ਹੈ ਤਾਂ ਉਹ ਆਰ.ਟੀ.ਆਈ. ਦੀ ਪ੍ਰਕਿਰਿਆਂ ਰਾਹੀਂ ਵੀ ਪ੍ਰਾਪਤ ਕਰ ਲੈਂਦੇ ਹਨ। ਇਸ ਤਰ੍ਹਾਂ ਪ੍ਰਾਪਤ ਜਾਣਕਾਰੀ ਨੂੰ ਖੋਜ ਲਈ ਵਰਤਿਆ ਜਾ ਸਕਦਾ ਹੈ।

ਕ. ਪ੍ਰਸ਼ਨਾਵਲੀ (Questionnaire) : ਪ੍ਰਸ਼ਨਾਵਲੀ ਖੋਜ ਵਿਸ਼ੇ ਨਾਲ ਸੰਬੰਧਿਤ ਸੂਚਨਾ ਹਾਸਲ ਕਰਨ ਲਈ ਤਿਆਰ ਕੀਤੇ ਗਏ ਪ੍ਰਸ਼ਨਾਂ ਦਾ ਸੰਗ੍ਰਹਿ ਹੁੰਦੀ ਹੈ। ਇਸ ਨੂੰ ਤਿਆਰ ਕਰਨ ਲਈ ਬੜੀ ਮਿਹਨਤ ਦਰਕਾਰ ਹੁੰਦੀ ਹੈ। ਇਸ ਵਿਚ ਪ੍ਰਸ਼ਨ ਬਣਾਉਣ ਲਈ ਹਰ ਪੱਖ ਦਾ ਧਿਆਨ ਰੱਖਿਆ ਜਾਂਦਾ ਹੈ। ਪ੍ਰਸ਼ਨਾਂ ਨੂੰ ਸਰਲ, ਸਿੱਧੇ, ਤੇ ਸੂਚਨਾ ਪ੍ਰਦਾਨ ਕਰਨ ਵਾਲੇ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ। ਗੁੰਝਲਦਾਰ, ਦੋਹਰੇ ਭਾਵਾਂ ਵਾਲੇ ਅਤੇ ਕਿਸੇ ਨੂੰ ਠੇਸ ਪਹੁੰਚਾਉਣ ਵਾਲੇ ਜਾਂ ਜਾਤੀਗਤ ਤੇ ਧਰਮ ਵਰਗੇ ਸੰਵੇਦਨਸ਼ੀਲ ਮੁੱਦਿਆਂ ਨੂੰ ਭੜਕਾਉਣ ਵਾਲੇ ਪ੍ਰਸ਼ਨਾਂ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਨ੍ਹਾਂ ਦੀ ਭਾਸ਼ਾ ਸਰਲ ਤੇ ਆਮ ਬੋਲ-ਚਾਲ ਵਾਲੀ ਹੁੰਦੀ ਹੈ। ਖੋਜ ਵਿਸ਼ੇ ਦੀ ਜਾਣਕਾਰੀ ਨਾਲ ਸੰਬੰਧਿਤ ਪ੍ਰਸ਼ਨਾਵਲੀ ਨੂੰ ਪਹਿਲਾਂ ਕੁਝ ਸੂਚਕਾਂ 'ਤੇ ਪਰਖਿਆ ਜਾਂਦਾ ਹੈ। ਇਸ ਤੋਂ ਭਾਵ ਹੁੰਦਾ ਹੈ ਕਿ ਉੱਤਰਦਾਤਿਆਂ ਦੇ ਰੁਖ ਨੂੰ ਪਛਾਣਿਆ ਜਾਵੇ, ਦੂਜਾ

ਮੁੱਢਲੀ ਜਾਣਕਾਰੀ ਲੈ ਲਈ ਜਾਵੇ ਤੀਸਰਾ ਇਹ ਵੇਖ ਲਿਆ ਜਾਵੇ ਕਿ ਕਿਸੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਸੂਚਕਾਂ ਨੂੰ ਕੋਈ ਝਿਜਕ ਜਾਂ ਪਰੇਸ਼ਾਨੀ ਤਾਂ ਨਹੀਂ। ਇਸ ਪਰਖ ਤੋਂ ਗ਼ੈਰ ਜ਼ਰੂਰੀ ਪ੍ਰਸ਼ਨ ਜਾਂ ਔਖ ਵਾਲੇ ਪ੍ਰਸ਼ਨ ਕੱਢੇ ਜਾ ਸਕਦੇ ਹਨ। ਦੂਸਰਾ ਮੁੱਢਲੀ ਜਾਣਕਾਰੀ ਪ੍ਰਾਪਤ ਹੋਣ ਤੋਂ ਬਾਅਦ ਵਿਸਤ੍ਰਿਤ ਪ੍ਰਸ਼ਨਾਵਲੀ ਤਿਆਰ ਕੀਤੀ ਜਾ ਸਕਦੀ ਹੈ। ਖੇਤਰੀ ਖੋਜ ਦਾ ਇਹ ਸਭ ਤੋਂ ਮਹੱਤਵਪੂਰਨ ਸੰਦ ਹੈ। ਖੇਤਰੀ ਖੋਜ ਦਾ ਸਾਰਾ ਦਾਰੋਮਦਾਰ ਤੇ ਸਿੱਟੇ ਇਸ 'ਤੇ ਨਿਰਭਰ ਕਰਦੇ ਹਨ। ਇਸ ਲਈ ਇਸ ਦੀ ਤਿਆਰੀ ਅਤੇ ਪਰਖ 'ਤੇ ਵਿਸ਼ੇਸ਼ ਧਿਆਨ ਫੋਕਸ ਕੀਤਾ ਜਾਂਦਾ ਹੈ। ਭਾਸ਼ਾਵਾਂ ਦੇ ਖੇਤਰ ਵਿਚ ਪ੍ਰਸ਼ਨਾਵਲੀ ਬੈਂਕ ਤਿਆਰ ਕੀਤੇ ਗਏ ਹਨ ਤਾਂ ਜੋ ਖੋਜੀ ਨੂੰ ਮਾਡਲ ਚੇਤਨਾ ਤੇ ਸੇਧ ਪ੍ਰਾਪਤ ਹੋ ਸਕੇ। ਅਜਿਹਾ ਇੱਕ ਮਹੱਤਵਪੂਰਨ ਪ੍ਰਸ਼ਨਾਵਲੀ ਬੈਂਕ ਭਾਰਤੀ ਭਾਸ਼ਾ ਸੰਸਥਾਨ ਮੈਸੂਰ ਨੇ ਤਿਆਰ ਕੀਤਾ ਹੈ।[5]

ਖ. ਸਾਰਣੀ (Schedule): ਇਹ ਪ੍ਰਸ਼ਨਾਵਲੀ ਵਰਗਾ ਹੀ ਖੇਤਰੀ ਖੋਜ ਸੰਦ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਇਹ ਪ੍ਰਸ਼ਨਾਵਲੀ ਦੇ ਮੁਕਾਬਲੇ ਵਧੇਰੇ ਵਿਸਤ੍ਰਿਤ ਸੁਭਾਅ ਵਾਲਾ ਹੁੰਦਾ ਹੈ। ਇਸ ਵਿਚ ਜਾਣਕਾਰੀ ਪ੍ਰਾਪਤ ਕਰਨ ਲਈ ਕਈ ਖੰਡ ਬਣਾਏ ਜਾਂਦੇ ਹਨ ਅਤੇ ਖੰਡਾਂ ਨੂੰ ਅੱਗੋਂ ਉੱਪ ਖੰਡ ਵਿਚ ਵੰਡਿਆ ਜਾਂਦਾ ਹੈ, ਇਨ੍ਹਾਂ ਵਿਚ ਹਾਂ ਜਾਂ ਨਾਂ ਵਾਲੇ ਖੰਡ ਵੀ ਬਣਾਏ ਜਾਂਦੇ ਹਨ। ਇਸ ਨਾਲ ਉੱਤਰ ਦਾਤਾ ਥੋੜ੍ਹੇ ਸਮੇਂ ਵਿਚ ਵਧੇਰੇ ਜਾਣਕਾਰੀ ਦੇਣ ਦੇ ਸਮਰੱਥ ਹੋ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਆਮ ਕਰਕੇ ਵੱਡੇ-ਵੱਡੇ ਸਰਵੇਖਣਾਂ ਵਿਚ ਕੀਤੀ ਜਾਂਦੀ ਹੈ। ਇਨ੍ਹਾਂ ਦਾ ਘੇਰਾ ਵਿਸਤ੍ਰਿਤ ਕੀਤਾ ਜਾ ਸਕਦਾ ਹੈ। ਇਸ ਦੀ ਉਚਿਤਤਾ ਬਾਰੇ ਡਾ. ਪਿਆਰ ਸਿੰਘ ਲਿਖਦੇ ਹਨ :

ਯਤਨ ਠੋਸ, ਪਰਿਮਾਣਾਤਮਕ (Quantilative) ਤੇ ਵਸਤੂਨਿਸ਼ਠ ਆਧਾਰ ਸਮੱਗਰੀ ਇਕੱਤਰ ਕਰਨ ਦਾ ਹੁੰਦਾ ਹੈ। ਜਿਵੇਂ ਕਿਸੇ ਪਰਿਵਾਰ ਦੇ ਜੀਅ, ਉਨ੍ਹਾਂ ਦੀ ਆਯੂ, ਉਨ੍ਹਾਂ ਦੇ ਕਿੱਤੇ, ਪ੍ਰਤੀ ਜੀਅ ਆਮਦਨੀ, ਖੁਰਾਕ 'ਤੇ ਕੀਤਾ ਖਰਚ, ਜੀਅ ਪ੍ਰਚਾਵੇ ਲਈ ਵਰਤੀ ਗਈ ਰਕਮ ਆਦਿ ਜਾਂ ਫਿਰ ਭਾਸ਼ਾ ਸੰਬੰਧੀ ਖੋਜ ਹੋਣ ਦੀ ਸੂਰਤ ਵਿਚ ਬੋਲਚਾਲ ਦੀ ਭਾਸ਼ਾ, ਚਿੱਠੀ ਪੱਤਰ ਦੀ ਭਾਸ਼ਾ, ਦੂਜੀ ਭਾਸ਼ਾ ਆਦਿ ਬਾਰੇ ਜਾਣਕਾਰੀ ਲਈ ਜਾਂਦੀ ਹੈ।[6]

ਸਾਰਣੀ ਆਮ ਤੌਰ 'ਤੇ ਤਿੰਨ ਤਰ੍ਹਾਂ ਦੀ ਮੰਨੀ ਜਾਂਦੀ ਹੈ- ਪਹਿਲੀ-ਪ੍ਰਤੱਖਣ ਅਤੇ ਮੁਲਾਕਾਤ ਦੇ ਸਹਾਇਕ ਸੰਦ ਵਜੋਂ ਵਰਤੀ ਜਾਂਦੀ ਹੈ ਜਿਸਨੂੰ ਨਿਰੀਖਣ ਸਾਰਣੀ (Observation Schedule), ਦੂਸਰੀ ਨੂੰ ਦਸਤਾਵੇਜੀ ਸਾਰਣੀ (Document Schedule) ਅਤੇ ਤੀਸਰੀ ਨੂੰ ਸੰਸਥਾਨਕ ਸਾਰਣੀ (Instititional Schedule) ਕਿਹਾ ਜਾਂਦਾ ਹੈ।

ਗ. ਡਾਇਰੀ (Diary): ਖੇਤਰੀ ਕਾਰਜ ਸਮੇਂ ਨਿਰੀਖਣ ਵੇਲੇ ਅੱਖਾਂ ਸਾਹਮਣੇ ਏਨਾ ਕੁਝ ਵਾਪਰਦਾ ਹੈ ਕਿ ਸਾਰੇ ਕੁਝ ਨੂੰ ਸਾਂਭਣਾ ਅਤੇ ਸਮੇਟਣਾ ਔਖਾ ਹੁੰਦਾ ਹੈ। ਇਸ ਲਈ ਡਾਇਰੀ ਇੱਕ ਚੰਗਾ ਸੰਦ ਹੈ। ਜੋ ਕੁਝ ਅਨੁਭਵ ਹੋ ਰਿਹਾ ਹੈ ਉਸਨੂੰ ਸੰਖੇਪ ਰੂਪ ਵਿਚ ਡਾਇਰੀ ਵਿਚ ਨੋਟ ਕਰਨਾ ਲਾਹੇਵੰਦ ਹੈ। ਦੂਸਰੀ ਗੱਲ, ਜੋ ਕੁਝ ਡਾਇਰੀ ਵਿਚ ਨੋਟ ਕੀਤਾ ਜਾਂਦਾ ਹੈ ਉਹ ਤਰਤੀਬਵਾਰ ਹੁੰਦਾ ਹੈ। ਇਸ ਲਈ ਇਹ ਇੱਕ ਸਹਾਇਕ ਦਾ ਕੰਮ ਕਰਦਾ ਹੈ। ਡਾਇਰੀ ਵਿਚ ਨੋਟ ਕਰਨ ਦੇ ਨਾਲ-ਨਾਲ ਮੌਕੇ 'ਤੇ ਫੁਰੀਆਂ ਟਿੱਪਣੀਆਂ, ਵਿਚਾਰ ਵੀ ਨੋਟ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਇਹ ਇੱਕ ਦਸਤਾਵੇਜੀ ਰੂਪ ਧਾਰ ਜਾਂਦੀ ਹੈ। ਇਹਦੀ ਕਦੇ ਵੀ ਵਰਤੋਂ ਕੀਤੀ ਜਾ ਸਕਦੀ ਹੈ।

ਘ. ਚਿਤਰਾਵਲੀ (PLIM) : ਖੇਤਰੀ ਖੋਜ ਵਿਚ ਸਮੱਗਰੀ ਦੇ ਇਕੱਤਰੀਕਰਨ ਲਈ ਕਈ ਪ੍ਰਕਾਰ ਦੇ ਸਹਾਇਕ ਸੰਦਾਂ ਦੀ ਲੋੜ ਪੈਂਦੀ ਹੈ। ਇਨ੍ਹਾਂ ਵਿਚੋਂ ਹੀ ਇੱਕ ਪਲਿਮ ਅਥਵਾ ਪਿਕਟੋਰੀਅਲ ਲਿੰਗੁਇਸਟਿਕ ਇੰਟਰਵਿਊ ਮਟੀਰੀਅਲ ਹੈ। ਇਸ ਦੀ ਵਰਤੋਂ ਭਾਸ਼ਾ ਅਤੇ ਸਭਿਆਚਾਰੀਕਰਨ ਦੇ ਖੇਤਰ ਵਿਚ ਹੁੰਦੀ ਹੈ। ਮਸਲਨ ਇੱਕ ਸਮੁਦਾਏ ਵਿਚ ਆ ਕੇ ਵਸੇ ਕਿਸੇ ਦੂਸਰੇ ਸੁਮਦਾਏ ਦੇ ਸਭਿਆਚਾਰੀਕਰਨ ਦੇ ਅਧਿਐਨ ਸਮੇਂ ਉਸਨੂੰ ਪ੍ਰਭਾਵੀ ਸਮੁਦਾਏ ਦੇ ਮੇਲੇ, ਤਿਓਹਾਰਾਂ, ਧਾਰਮਿਕ,

ਸਮਾਜਕ ਰਹੁਰੀਤਾਂ ਆਦਿ ਦੇ ਚਿੱਤਰ ਦਿਖਾ ਕੇ ਪੁਛਿਆ ਜਾਂਦਾ ਹੈ ਕਿ ਇੱਕ ਤਾਂ ਉਹ ਇਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਕੀ ਕਹਿੰਦੇ ਹਨ ਦੂਸਰਾ ਇਨ੍ਹਾਂ ਨੂੰ ਮਨਾਉਂਦੇ ਹਨ ਕਿ ਨਹੀਂ ਜੇ ਮਨਾਉਂਦੇ ਹਨ ਤਾਂ ਕਿਸ ਹੱਦ ਤੱਕ। ਇੰਜ ਇਹ ਇੱਕ ਵਧੀਆ ਸੰਦ ਵਜੋ ਖੇਤਰੀ ਕਾਰਜ ਵਿਚ ਕੰਮ ਕਰਦਾ ਹੈ।

ੜ. ਟੇਪ ਰਿਕਾਰਡਰ/ਕੈਮਰਾ : ਲੋਕਧਾਰਾ, ਭਾਸ਼ਾ ਤੇ ਸਭਿਆਚਾਰ ਦੇ ਖੇਤਰ ਵਿਚ ਖੋਜ ਵੇਲੇ ਟੇਪ ਰਿਕਾਰਡਰ ਅਤੇ ਕੈਮਰੇ ਦੀ ਸਯੋਗ ਵਰਤੋਂ ਕੀਤੀ ਜਾ ਸਕਦੀ ਹੈ। ਇਹ ਚਿੱਤਰ ਤੇ ਰਿਕਾਰਡਿੰਗ ਖੋਜ ਦੀ ਡੂੰਘੇਰੀ ਸਮਝ ਵਿਚ ਮਦਦ ਕਰਦੇ ਹਨ। ਟੇਪ ਰਿਕਾਰਡਰ ਦੀ ਮਦਦ ਨਾਲ ਭਾਸ਼ਾਵਾਂ ਦੇ ਉਚਾਰਨ ਨੋਟ ਕੀਤੇ ਜਾ ਸਕਦੇ ਹਨ। ਕੈਮਰੇ ਰਾਹੀਂ ਵਿਭਿੰਨ ਰਹੁਰੀਤਾਂ, ਰਸਮਾਂ ਨੂੰ ਵਿਹਾਰਕ ਤੌਰ 'ਤੇ ਸਾਂਭਿਆ ਜਾ ਸਕਦਾ ਹੈ। ਇੰਜ ਇਹ ਵੀ ਸਹਾਇਕ ਸੰਦਾਂ ਵਜੋਂ ਵਰਦੇ ਜਾਂਦੇ ਹਨ।

ਸਮੱਸਿਆਵਾਂ ਤੇ ਸਮਾਧਾਨ : ਖੇਤਰੀ ਖੋਜ ਕਾਰਜ ਸਮੇਂ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਲ ਵਿਚ ਖੇਤਰੀ ਕਾਰਜ ਲਈ ਖੋਜ ਦੀ ਮੁਹਾਰਤਾ ਵੱਡਾ ਰੋਲ ਅਦਾ ਕਰਦੀ ਹੈ। ਅਨਾੜੀ ਖੋਜੀ ਖੇਤਰੀ ਕਾਰਜ ਕਰਨ ਦੇ ਸਮਰੱਥ ਨਹੀਂ ਹੁੰਦਾ। ਖੇਤਰੀ ਕਾਰਜ ਲਈ ਸਭ ਤੋਂ ਵੱਡੀ ਸਮੱਸਿਆ ਖੇਤਰ ਦੀ ਚੋਣ ਦੀ ਹੈ। ਜੇਕਰ ਖੋਜੀ ਖੇਤਰ ਦਾ ਵਸਨੀਕ ਹੋਵੇ ਤਾਂ ਉਹ ਸਹਿਜੇ ਖੇਤਰ ਦਾ ਜਾਣਕਾਰ ਹੁੰਦਾ ਹੈ। ਜੇਕਰ ਬਾਹਰੀ ਖੇਤਰ ਦਾ ਹੋਵੇ ਤਾਂ ਉਹਦੇ ਲਈ ਪੈਰ-ਪੈਰ 'ਤੇ ਮੁਸ਼ਕਲਾਂ ਹੋ ਸਕਦੀਆਂ ਹਨ। ਹਰ ਖੇਤਰ ਵਿਚ ਸੂਚਕਾਂ ਨੂੰ ਵਿਸ਼ਵਾਸ ਵਿਚ ਲੈਣਾ ਵੀ ਵੱਡੀ ਸਮੱਸਿਆ ਹੈ। ਕਈ ਵਾਰ ਸੂਚਕ ਜਾਣਕਾਰੀ ਦੇਣ ਤੋਂ ਕੰਨੀ ਕਤਰਾਉਂਦੇ ਹਨ। ਇਸ ਲਈ ਬੜੇ ਸੰਜਮ ਅਤੇ ਯੋਜਨਾਬੱਧ ਤਰੀਕੇ ਨਾਲ ਖੇਤਰ ਵਿਚ ਵਿਚਰਨਾ ਪੈਂਦਾ ਹੈ। ਇਸਦੇ ਸੂਚਕਾਂ ਦੀ ਚੋਣ ਅਤੇ ਉਨ੍ਹਾਂ ਦੀ ਪਰਖ ਲਈ ਵੀ ਬਹੁਤ ਹੀ ਸੂਝ-ਸਮਝ ਅਤੇ ਵਿਧੀ ਨਾਲ ਕੰਮ ਕਰਨ ਦੀ ਲੋੜ ਹੁੰਦੀ ਹੈ। ਖੇਤਰ ਬਾਰੇ ਜਾਣਕਾਰੀ ਹਾਸਲ ਕਰਨਾ ਵੀ ਸਮੱਸਿਆਂ ਦਾ ਹੀ ਪਹਿਲੂ ਹੈ। ਜਾਣਕਾਰੀ ਤੋਂ ਬਿਨ੍ਹਾਂ ਤਾਂ ਖੋਜ ਆਰੰਭੀ ਹੀ ਨਹੀਂ ਜਾ ਸਕਦੀ ਜੇਕਰ ਕਿਸੇ ਅਜਿਹੇ ਸਮੁਦਾਏ 'ਤੇ ਕੰਮ ਕਰਨਾ ਹੋਵੇ ਜੋ ਬਾਹਰੋਂ ਆ ਕੇ ਵਸਿਆ ਹੋਵੇ ਤਾਂ ਉਹਦੇ ਬਾਰੇ ਜਾਣਕਾਰੀ ਇਕੱਤਰ ਕਰਨੀ ਹੋਰ ਵੀ ਕਠਿਨ ਕੰਮ ਹੈ। ਖੇਤਰੀ-ਕਾਰਜ ਵਿਚ ਸਹਾਇਕ ਸੰਦਾਂ ਦਾ ਅਹਿਮ ਰੋਲ ਹੁੰਦਾ ਹੈ। ਇਸ ਲਈ ਖੋਜੀ ਨੂੰ ਇਨ੍ਹਾਂ ਦੀ ਯੋਗ ਵਰਤੋਂ ਵਿਚ ਮਾਹਰ ਹੋਣਾ ਚਾਹੀਦਾ ਹੈ। ਜੇ ਸਾਰੀ ਗੱਲ ਨੂੰ ਇੰਜ ਕਹੀਏ ਕਿ ਖੋਜ-ਕਾਰਜ ਆਪਣੇ ਆਪ ਇੱਕ ਸਮੱਸਿਆ ਹੈ ਪਰ ਇਸ ਦਾ ਸਮਾਧਾਨ ਵੀ ਇਹਦੇ ਵਿਚ ਹੀ ਹੈ। ਜਿਉਂ-ਜਿਉਂ ਖੋਜੀ ਪੜਾਅ 'ਤੇ ਅੱਗੇ ਵੱਧਦਾ ਹੈ ਤਿਓਂ-ਤਿਓਂ ਸਮੱਸਿਆਵਾਂ ਦਾ ਹੱਲ ਵੀ ਸਾਹਮਣੇ ਨਜ਼ਰ ਆ ਜਾਂਦਾ ਹੈ। ਲੋੜ ਤਕਨੀਕ ਦੀ ਵਰਤੋਂ ਅਤੇ ਖੋਜ ਵਿਧੀ ਵਿਚ ਮੁਹਾਰਤ ਦੀ ਹੈ। ਬਾਰਜ਼ੂਨ ਤੇ ਗਰਾਫ਼ ਦਾ ਕਥਨ ਬੜਾ ਮੁਲਵਾਨ ਹੈ :

> The difficulties are inseparable from research. They illustrate the several truth that reading, writing and thinking are the three activities of research. As a student naively but truthfully remarked in discussing the matter in an examination, "thinking about one's subject should be a frequent process, whether or not one is reading or writing.[7]

ਅੱਜ ਖੇਤਰੀ-ਖੋਜ ਲਈ ਨਵੇਂ-ਨਵੇਂ ਸੰਦ ਬਣਾਏ ਜਾ ਰਹੇ ਹਨ। ਇਸ ਨਾਲ ਖੋਜ-ਵਿਧੀ ਵਿਚ ਵਿਸਥਾਰ ਹੋਇਆ ਹੈ। ਪਹਿਲਾਂ ਵਧੇਰੇ ਖੇਤਰੀ ਕਾਰਜ ਸਮਾਜਕ ਵਿਗਿਆਨਾਂ ਤੱਕ ਸੀਮਤ ਸਨ ਪਰ ਅੱਜ ਸਾਹਿਤ, ਸਭਿਆਚਾਰ, ਭਾਸ਼ਾ ਤੇ ਲੋਕਧਾਰਾ ਦੇ ਖੇਤਰ ਵਿਚ ਖੇਤਰੀ ਕਾਰਜਾਂ ਦਾ ਰੁਝਾਣ ਵਧਿਆ ਹੈ। ਪੰਜਾਬੀ ਵਿਚ ਦਰਵਾਜ਼ਿਆਂ, ਲੋਕ ਕਥਾਵਾਂ, ਖੇਤੀ ਸੰਦਾਂ, ਉਪ ਭਾਸ਼ਾਵਾਂ, ਕਬੀਲਿਆਂ ਦੀ ਭਾਸ਼ਾ ਤੇ ਸਭਿਆਚਾਰ ਆਦਿ 'ਤੇ ਕਈ ਖੇਤਰੀ ਕਾਰਜ ਹੋ ਚੁੱਕੇ ਹਨ। ਇਹ ਜ਼ਰੂਰ ਹੈ ਕਿ ਖੇਤਰੀ ਕਾਰਜਾਂ ਸਮੇਂ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਖੋਜੀ ਦੀ ਇਸ ਵਿਚ ਮੁਹਾਰਤ ਹਰ

ਸਮੱਸਿਆ ਨੂੰ ਨਜਿੱਠ ਲੈਂਦੀ ਹੈ। ਲੋੜ ਇਸ ਗੱਲ ਦੀ ਹੈ ਕਰਮੱਠ, ਸਹਿਣਸ਼ੀਲ ਤੇ ਲਗਨ ਵਾਲੇ ਖੋਜੀਆਂ ਦੀ ਜੋ ਮਨ ਤੇ ਸੋਚ ਪੱਖੋਂ ਖੋਜ ਦੇ ਪਾਂਧੀ ਹੋਣ।

## ਹਵਾਲੇ ਤੇ ਟਿੱਪਣੀਆਂ

1) ਵਿਜਯਪਾਲ ਸਿੰਘ, **ਹਿੰਦੀ ਅਨੁਸੰਸਾਨ**, ਪੰਨਾ-93.

2) The usefulness of the findings of his research will depend largely on the extent to which the sample is genuinely representative. Ideally the sample should contain various types in the same proportion as they occur in the total number under investigation.
C.J.Parsons, **Thesis and Project work**, p.39.

3) The value if this method is that each person in the sampling population stands an equal chance of being selected. However, it follows from this that random sampling does not ensure that the various types of persons in the population will be presented proportionately.
**Ibid.**, np.40.

4) With this method the population is stratified according to sex, age, class etc., and a sample from each sub-group is taken….One problem is that interviewers often station than selves in place where they are unlikely to encounter people representative of their sub-group.
**Ibid.**, p.41.

5) **Questionnaires Bank for Sociolinguistic Survey in India**, p.1.

6) ਪਿਆਰ ਸਿੰਘ, **ਖੋਜ: ਸਿੱਧਾਂਤ ਅਤੇ ਵਿਵਹਾਰ**, ਪੰਨਾ-64.

7) Jacques Brazun, Henry F Graff, **The Modern Researcher**, p.22.

# ਸਾਹਿਤ ਅਧਿਐਨ ਦੀ ਉਤਰ-ਸੰਰਚਨਾਵਾਦੀ ਵਿਧੀ

—ਡਾ. ਆਤਮ ਸਿੰਘ ਰੰਧਾਵਾ*

ਸਮੇਂ-ਸਮੇਂ ਸਾਹਿਤ ਅਧਿਐਨ ਦੀਆਂ ਵੱਖੋ-ਵੱਖ ਅਧਿਐਨ ਤਕਨੀਕਾਂ/ਵਿਧੀਆਂ (Techniques of Study/Approaches) ਸਾਹਮਣੇ ਆਉਂਦੀਆਂ ਰਹੀਆਂ ਹਨ। ਇਹ ਵਿਧੀਆਂ ਉਸ ਬੋਧ ਦੀ ਉਪਜ ਹਨ ਜੋ ਬਦਲਦੀਆਂ ਇਤਿਹਾਸਕ-ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਵਿਚੋਂ ਮਨੁੱਖ ਨੂੰ ਸਮੇਂ-ਸਮੇਂ ਪ੍ਰਾਪਤ ਹੁੰਦਾ ਹੈ। ਇਨ੍ਹਾਂ ਤਕਨੀਕਾਂ ਜਾਂ ਵਿਧੀਆਂ ਨੇ ਇਤਿਹਾਸ ਦੇ ਵਿਭਿੰਨ ਪੜਾਵਾਂ- ਮੱਧਕਾਲ, ਆਧੁਨਿਕ ਤੇ ਉਤਰ-ਆਧੁਨਿਕ 'ਤੇ ਇੱਕ ਵਿਕਾਸ ਦੇ ਰੂਪ ਵਿਚ ਸਾਹਿਤ ਨੂੰ ਸਮਝਣ- ਸਮਝਾਣ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਉਤਰ-ਸੰਰਚਨਾਵਾਦੀ ਵਿਧੀ ਨੂੰ ਸਮਝਣ ਤੋਂ ਪਹਿਲਾਂ ਇਸੇ ਵਿਕਾਸ ਵਿਚ ਹੀ ਸਮਝਣ-ਸਮਝਾਉਣ ਦੇ ਬਦਲਦੇ ਪਰਿਪੇਖ ਨੂੰ ਸਮਝ ਲੈਣਾ ਚਾਹੀਦਾ ਹੈ।

ਪਰੰਪਰਾਗਤ ਸਮਿਆਂ ਜਾਂ ਮੱਧਕਾਲ ਵਿਚ ਸਮਝਣ-ਸਮਝਾਣ ਦਾ ਰਸਤਾ (Approach) ਲੋਕਬੋਧ ਤੇ ਵਿਸ਼ਵਾਸ਼ 'ਤੇ ਆਧਾਰਿਤ ਸੀ। ਮੱਧਕਾਲ ਨੂੰ ਅਸੀਂ ਕੁਦਰਤ ਆਧਾਰਿਤ, ਖੇਤੀ ਆਧਾਰਿਤ, ਜੀਵ-ਊਰਜਾ ਆਧਾਰਿਤ ਤੇ ਵਸਤ-ਵਟਾਂਦਰੇ ਆਧਾਰਿਤ ਜਾਗੀਰਦਾਰੀ ਸਮਾਜ ਵਜੋਂ ਸਮਝਦੇ ਹਾਂ। ਉਸ ਵੇਲੇ ਮਨੁੱਖ ਕੋਲ ਜਿਹੜੀ ਸਮਝ ਆਉਂਦੀ ਹੈ, ਉਹ ਲੋਕਬੋਧ ਤੇ ਵਿਸ਼ਵਾਸ਼ 'ਤੇ ਆਧਾਰਿਤ ਹੈ। ਇਸ ਦੇ ਕੇਂਦਰ ਵਿਚ ਰੱਬ/ਧਰਮ/ਦੈਵੀ ਸ਼ਕਤੀ ਹੈ। ਇਸ ਵੇਲੇ ਗਿਆਨ ਦੀ ਪ੍ਰਾਪਤੀ ਇਲਹਾਮ ਰਾਹੀਂ ਹੋਣ ਦਾ ਵਿਸ਼ਵਾਸ਼ ਹੈ। ਇਹਲੌਕਿਕ ਜਗਤ ਝੂਠ ਅਤੇ ਪਾਰਲੌਕਿਕ ਜਗਤ ਹੀ ਸੱਚ ਹੈ। ਮਨੁੱਖ ਦੀ ਮੁਕਤੀ ਤੇ ਦੁੱਖ-ਸੁੱਖ ਪੈਗੰਬਰੀ ਯਤਨਾਂ, ਇਲਹਾਮੀ ਗਿਆਨ ਤੇ ਤਪ ਸਾਧਨਾ ਨਾਲ ਜੁੜੇ ਹਨ। ਇਨ੍ਹਾਂ ਵੇਲਿਆਂ ਵਿਚ ਸੋਚ ਵਿਸ਼ਵਾਸ਼ ਆਧਾਰਿਤ ਹੋਣ ਕਾਰਨ ਉਧਲੇ-ਗੁਧਲੇ ਨਿਯਮਾਂ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਉੱਤੇ ਕਿੰਤੂ-ਪ੍ਰੰਤੂ ਕਰਨ ਦੀ ਕੋਈ ਗੁਜਾਇਸ਼ ਨਹੀਂ। ਅਜਿਹੀ ਸੋਚ ਪ੍ਰਮਾਣਿਕਤਾ ਦੇ ਸਰੋਤ ਵਜੋਂ ਧਾਰਮਿਕ ਸਥਾਨ (ਚਰਚ/ਮੰਦਰ ਆਦਿ) ਤੇ ਧਾਰਮਿਕ ਲਿਖਤਾਂ ਨੂੰ ਪਰਮ ਸੱਤ ਕਰਕੇ ਮੰਨ ਲੈਂਦੀ ਹੈ।

ਆਧੁਨਿਕ ਕਾਲ ਨੂੰ ਅਸੀਂ ਵਿਭਿੰਨ ਖੋਜਾਂ ਰਾਹੀਂ ਬਦਲਾਅ (ਇੰਜਣ-ਊਰਜਾ ਸ਼ਕਤੀ) ਮਸ਼ੀਨੀਕਰਨ/ਉਦਯੋਗੀਕਰਨ ਆਧਾਰਿਤ, ਵਿਗਿਆਨਕ ਯੁੱਗ ਆਧਾਰਿਤ ਪੂੰਜੀਵਾਦੀ ਸਮਾਜ ਵਜੋਂ ਸਮਝਦੇ ਹਾਂ, ਜਿਸ ਦੇ ਕੇਂਦਰ ਵਿਚ ਮਨੁੱਖ ਹੈ। ਇਹਲੌਕਿਕ ਜਗਤ ਹੀ ਸੱਚ ਹੈ। ਮਨੁੱਖ ਦੀ ਸਮਝ ਗਿਆਨ, ਪ੍ਰਤੱਖ ਅਨੁਭਵ, ਕਾਰਨ-ਕਾਰਜ ਤੇ ਤਰਕ ਵਿਧੀਆਂ ਰਾਹੀਂ ਨੇਮਬੱਧ, ਨਿਆਇਸ਼ੀਲ ਤੇ ਵਿਸ਼ਲੇਸ਼ਣੀ ਅਤੇ ਇੱਕ ਸੰਪੂਰਨ ਦ੍ਰਿਸ਼ਟੀਕੋਣ ਵਜੋਂ ਪਰਿਭਾਸ਼ਤ ਹੁੰਦੀ ਹੈ। ਮਨੁੱਖ ਦੀ ਮੁਕਤੀ ਤੇ ਦੁੱਖ-ਸੁੱਖ, ਮਨੁੱਖੀ ਚੇਤਨਾ/ਯਤਨਾਂ ਨਾਲ ਜੁੜੇ ਹਨ। ਇਸ ਸਮੇਂ ਪ੍ਰਮਾਣਿਕਤਾ ਦੇ ਸਰੋਤ ਯੂਨੀਵਰਸਿਟੀਆਂ/ ਸਕਾਲਰ/ਲੈਬਜ਼/ਵਿਗਿਆਨਕ ਖੋਜ-ਪ੍ਰਬੰਧ ਨੂੰ ਮੰਨਿਆਂ ਜਾਂਦਾ ਹੈ। ਸੋ ਆਧੁਨਿਕ ਵਿਆਖਿਆ- ਸਾਸ਼ਤਰ ਵੀ ਉਪਰੋਕਤ ਦ੍ਰਿਸ਼ਟੀਕੋਣ ਤੋਂ ਹੀ ਵਿਕਸਤ ਹੁੰਦੇ ਹਨ ਜਿਨ੍ਹਾਂ ਵਿਚ ਅਟੱਲ, ਸੰਪੂਰਨ ਤੇ ਅੰਤਮ ਨਿਰਣਿਆਂ ਨੂੰ ਵਿਗਿਆਨਕ ਤਰਕ, ਵਿਸ਼ਲੇਸ਼ਣ ਤੇ ਨਿਯਮਬੱਧਤਾ ਨਾਲ ਤਲਾਸ਼ਣ ਦੀ ਕਾਰਜ-ਵਿਧੀ ਕਾਰਜਸ਼ੀਲ ਹੁੰਦੀ ਹੈ। ਇਸ ਤੋਂ ਬਾਅਦ ਦੇ ਸਮੇਂ ਨੂੰ ਉਤਰ-ਆਧੁਨਿਕ ਸਮੇਂ ਵਜੋਂ ਪਛਾਣਿਆ ਗਿਆ ਹੈ।

ਉਤਰ-ਆਧੁਨਿਕ ਪਰਿਪੇਖ ਆਧੁਨਿਕਤਾਵਾਦ ਦੀ ਏਕਾਧਿਕਾਰਵਾਦੀ ਰੁਚੀ ਤੇ ਅੰਤਮ

* ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ।

ਨਿਰਣਿਆਂ ਨੂੰ ਅਟੱਲ ਮੰਨਣ ਵਾਲੇ ਰਵੱਈਏ ਦਾ ਪ੍ਰਤੀਰੋਧ ਸਿਰਜਦਾ ਹੈ। ਜਾਨਣ ਦੇ ਇਕੋ ਇੱਕ ਰਾਹ ਦੀ ਥਾਂ ਅਨੇਕ ਵੱਖਰੇ-ਵੱਖਰੇ ਰਾਹਾਂ ਦੀ ਵਕਾਲਤ ਕਰਦਾ ਹੈ। ਇਸ ਵਿਚ ਬਹੁਲਤਾਵਾਦੀ ਸੰਵਾਦ ਨੂੰ ਥਾਂ ਮਿਲਦੀ ਹੈ ਤੇ ਸੰਪੂਰਨ ਦੀ ਥਾਂ ਸਾਪੇਖਕ ਦ੍ਰਿਸ਼ਟੀਕੋਣ ਸਾਹਮਣੇ ਆਉਂਦੇ ਹਨ। ਆਧੁਨਿਕਵਾਦ ਦੇ ਮਸ਼ੀਨੀਕਰਨ, ਉਦਯੋਗੀਕਰਨ, ਪੂੰਜੀ ਤੇ ਵਿਗਿਆਨਕ ਤਰਕ ਆਧਾਰਿਤ ਸਮਾਜ ਤੋਂ ਅੱਗੇ ਕੰਪਿਊਟਰਾਈਜ਼ਡ ਸਮਾਜ ਨਿਰਮਤ ਹੁੰਦਾ ਹੈ। ਸਾਡੀ ਸਮਾਜਿਕ ਅਵਸਥਾ ਸੂਚਨਾ ਤਕਨਾਲੌਜੀ, ਕੰਪਿਊਟਰ ਤੇ ਸੋਸ਼ਲ ਮੀਡੀਏ ਦੇ ਯੁੱਗ ਵਿਚ ਪ੍ਰਵੇਸ਼ ਕਰਦੀ ਹੈ, ਜਿਸ ਨਾਲ ਸਮਾਜ ਵਧੇਰੇ ਡੈਮੋਕ੍ਰੇਟਿਕ ਹੋਣ ਲੱਗਦਾ ਹੈ ਅਤੇ ਬਹੁਤੇ ਲੋਕਾਂ ਨੂੰ ਬੋਲਣ ਦੀ ਥਾਂ ਮਿਲਣ ਲੱਗਦੀ ਹੈ। ਵੱਖਰੇ-ਵੱਖਰੇ ਪ੍ਰਵਚਨਾਂ ਨੂੰ ਵੱਖਰੇ-ਵੱਖਰੇ ਰਸਤਿਓਂ ਸਮਝਣ ਦੇ ਯਤਨ ਹੁੰਦੇ ਹਨ। ਪੜ੍ਹਨ-ਪੜ੍ਹਾਉਣ ਦੇ ਢੰਗ ਤਰੀਕੇ ਬਦਲ ਗਏ ਹਨ। ਫੱਟੀਆਂ ਪੋਚਣ, ਸਲੇਟਾਂ, ਕਾਪੀਆਂ, ਟਾਈਪ-ਰਾਈਟਰਾਂ ਤੇ ਲੈਪਟੌਪਾਂ ਤੋਂ ਵੀ ਅੱਗੇ ਬਹੁਤ ਸਾਰੀਆਂ ਡਵਾਈਸਜ਼ ਉਪਲੱਬਦ ਹੋ ਗਈਆਂ ਹਨ ਜੋ ਨਵੀਂ ਪੀੜ੍ਹੀ ਦੇ ਜੀਵਨ ਵਿਹਾਰ ਦਾ ਹਿੱਸਾ ਬਣ ਰਹੀਆਂ ਹਨ। ਈ-ਬੁੱਕਸ, ਈ-ਜਰਨਲਜ਼ ਤੇ ਈ-ਲਾਇਬ੍ਰੇਰੀਆਂ ਦੇ ਇਸ ਦੌਰ ਵਿਚ ਗਿਆਨ ਤੀਕ ਬਹੁ-ਗਿਣਤੀ ਦੀ ਪਹੁੰਚ ਬਣ ਗਈ ਹੈ। ਪ੍ਰਿੰਟ-ਬੁੱਕਸ ਦੇ ਦੌਰ ਵਿਚ ਦੁਨੀਆਂ ਦੀਆਂ ਚਰਚਿਤ ਕਿਤਾਬਾਂ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕਾਂ ਲਈ ਪ੍ਰਾਪਤ ਕਰਨੀਆਂ ਬਹੁਤ ਮੁਸ਼ਕਲ ਸਨ। ਇਨ੍ਹਾਂ ਉੱਪਰ ਚੁਣਿੰਦੇ ਲੋਕ ਕਾਬਜ਼ ਸਨ। ਬਹੁਤੇ ਦੇਸ਼ਾਂ ਵਿਚ ਇਹ ਕਿਤਾਬਾਂ ਪਹੁੰਚਦੀਆਂ ਹੀ ਨਹੀਂ ਸਨ ਜਾਂ ਕਈ ਸਾਲਾਂ ਬਾਅਦ ਦੂਜੇ ਦੇਸ਼ਾਂ ਤੇ ਦੂਜੀਆਂ ਜ਼ੁਬਾਨਾਂ ਵਿਚ ਅਨੁਵਾਦ ਹੋ ਕੇ ਪਹੁੰਚਦੀਆਂ ਸਨ ਪਰ ਅੱਜ ਇਵੇਂ ਨਹੀਂ ਹੈ। ਅੱਜ ਕਿਤਾਬ ਆਪਣੇ ਪ੍ਰਕਾਸ਼ਨ ਤੋਂ ਫੌਰਨ ਬਾਅਦ ਵਰਲਡ-ਵਾਈਡ ਤੁਹਾਡੇ ਤੀਕ ਪਹੁੰਚ ਰਹੀ ਹੈ ਅਤੇ ਵੱਖ-ਵੱਖ ਪੁਜੀਸਨਾਂ ਤੋਂ ਉਸਦਾ ਸੰਵਾਦ ਵੀ ਨਾਲੋਂ-ਨਾਲ ਸਾਹਮਣੇ ਆਉਣ ਲੱਗਦਾ ਹੈ। ਬਹੁਤ ਸਾਰੀਆਂ ਵਿਰੋਧੀ ਸੁਰਾਂ ਵੀ ਅਸਰ-ਅੰਦਾਜ਼ ਹੁੰਦੀਆਂ ਹਨ। ਵੱਖਰੇ-ਵੱਖਰੇ ਪ੍ਰਵਚਨਾਂ ਨੂੰ ਸੁਣਿਆਂ ਅਤੇ ਵਿਭਿੰਨ ਅਪਰੋਚਜ਼ ਜਾਂ ਅਧਿਐਨ ਵਿਧੀਆਂ ਤੋਂ ਜਾਣਿਆਂ ਜਾਣ ਲੱਗਦਾ ਹੈ। ਕੁਲ ਮਿਲਾ ਕੇ ਇੱਕ ਡੈਮੋਕ੍ਰੇਟਿਕ ਮਹੌਲ ਬਣਦਾ ਹੈ ਜਿਸ ਵਿਚ ਸਮਝਣ ਤੇ ਵਿਸ਼ਲੇਸ਼ਣ ਕਰਨ ਦਾ ਸਾਪੇਖ ਤੇ ਬਹੁ-ਮੁਖੀ ਨਜ਼ਰੀਆ ਸਾਹਮਣੇ ਆਉਂਦਾ ਹੈ। ਸੋ ਆਧੁਨਿਕ ਤੋਂ ਉਤਰ-ਆਧੁਨਿਕ ਸ਼ਬਦ ਬਣਨ ਦਾ ਵਰਤਾਰਾ ਸਮੇਂ/ਸਮਾਜ ਦੇ ਬਦਲਾਵ, ਦੂਜਾ ਆਧੁਨਿਕ ਕਾਲ ਤੋਂ ਪਿੱਛੋਂ ਅਤੇ ਤੀਜਾ ਆਧੁਨਿਕਤਾਵਾਦ ਦੇ ਪ੍ਰਤੀਕਰਮ/ਵਿਰੋਧ ਦੀ ਉਪਜ ਹੈ। ਇਸ ਸਮੇਂ ਵਿਚ ਵਿਆਖਿਆ-ਵਿਸ਼ਲੇਸ਼ਣ ਦੀਆਂ ਕਈ ਵਿਧੀਆਂ ਉੱਤਰ ਬਸਤੀਵਾਦੀ, ਨਵ-ਇਤਿਹਾਸਕ, ਸਬਾਲਟਰਨ ਅਧਿਐਨ, ਉਤਰ-ਆਧੁਨਿਕ, ਉਤਰ-ਨਾਰੀਵਾਦੀ, ਨਵ-ਮਾਰਕਸਵਾਦੀ ਤੇ ਉਤਰ-ਸੰਰਚਨਾਵਾਦੀ ਆਦਿ ਸਮਾਨੰਤਰ ਵਿਗਸਦੀਆਂ ਹਨ। ਉਤਰ-ਆਧੁਨਿਕ ਸਮੇਂ ਵਿਚ ਸਾਹਿਤ ਅਧਿਐਨ ਦੇ ਖੇਤਰ ਵਿਚ ਸਭ ਤੋਂ ਵਿਲੱਖਣ ਤੇ ਚਰਚਿਤ ਅਪਰੋਚ ਉਤਰ-ਸੰਰਚਨਾਵਾਦੀ ਵਿਧੀ ਹੈ। ਉਪਰੋਕਤ ਸਾਰੀਆਂ ਵਿਧੀਆਂ ਕਿਤੇ ਨਾ ਕਿਤੇ ਇਸਦੀਆਂ ਅੰਤਰ-ਦ੍ਰਿਸ਼ਟੀਆਂ ਤੇ ਉਪ-ਵਿਧੀਆਂ ਤੋਂ ਪ੍ਰੇਰਿਤ ਹਨ। ਸੋ ਸਾਹਿਤ ਦੀ ਖੋਜ ਤੇ ਅਧਿਐਨ ਦੇ ਖੇਤਰ ਵਿਚ ਉਤਰ-ਸੰਰਚਨਾਦੀ ਵਿਧੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਉਤਰ-ਸੰਰਚਨਾਵਾਦ (Post-structuralism) ਮੁੱਖ ਰੂਪ ਵਿਚ ਮੂਲਵਾਦ-ਵਿਰੋਧੀ ਹੈ। ਪੱਛਮੀ ਸ਼ਬਦ-ਕੇਂਦਰਵਾਦ (Logocentrism) ਨੂੰ ਤੋੜਦਾ ਹੈ। ਸ਼ਬਦ-ਕੇਂਦਰਵਾਦ ਮਤਲਬ ਅਜਿਹਾ ਰਵੱਈਆ ਜਿਸ ਵਿਚ ਕੁਝ ਅੰਤਮ ਚਿਹਨਕ (ਸੋਚ, ਨਿਯਮ, ਰੱਬ, ਵਿਚਾਰ ਆਦਿ ਵਰਗੇ) ਭਾਸ਼ਾ ਦੀ ਖੇਡ ਦੇ ਬਾਹਰ ਮੌਜੂਦ ਹੁੰਦੇ ਹਨ ਤੇ ਸਮੁੱਚੀ ਸੋਚ ਜਾਂ ਭਾਸ਼ਾ ਵਿਚ ਕੇਂਦਰ ਵਜੋਂ ਜਾਂ ਬੁਨਿਆਦ ਦੇ ਤੌਰ 'ਤੇ ਕਾਰਜਸ਼ੀਲ ਹੁੰਦੇ ਹਨ। ਉਤਰ-ਸੰਰਚਨਾਵਾਦ ਦਾ ਸੰਸਥਾਪਕ ਦੇਰੀਦਾ (Jacques Derrida) ਸਮਝਦਾ ਹੈ ਕਿ ਸਮੁੱਚਾ ਪੱਛਮੀ ਚਿੰਤਨ ਸ਼ਬਦ-ਕੇਂਦਰਵਾਦ ਦਾ ਸ਼ਿਕਾਰ ਹੈ, ਮਤਲਬ ਕਿ ਭਾਸ਼ਾ ਤੇ ਵਿਚਾਰ ਕਿਸੇ ਨਾ ਕਿਸੇ ਬਾਹਰਲੀ, ਪੂਰਵ ਨਿਸਚਿਤ ਤੇ ਅੰਤਮ ਸੱਚ ਵਾਲੀ ਧਾਰਨਾ ਦੇ ਗੁਲਾਮ ਹਨ ਜਿਨ੍ਹਾਂ ਨੂੰ ਇਹ ਆਪਣੀ ਪ੍ਰਮਾਣਿਕਤਾ ਲਈ ਵਰਤਦਾ ਹੈ। ਇਹੀ ਹਾਜ਼ਰੀ ਦਾ ਅਧਿਆਤਮ

(Metaphysic of Presence) ਹੈ ਕਿ ਕਿਸੇ ਵੀ ਅਰਥ ਨੂੰ ਸਥਿਰ ਤੇ ਅੰਤਮ ਸਿੱਧ ਕਰਨ ਲਈ ਪੂਰਵ-ਅਰਥ ਮੌਜੂਦ ਰਹਿੰਦੇ ਹਨ। ਇਨ੍ਹਾਂ ਦੀ ਸਹਿਜ ਸੁਭਾਅ ਸਹਾਇਤਾ ਨਾਲ ਅਰਥਾਂ ਨੂੰ ਪ੍ਰਮਾਣਿਕਤਾ ਦਾ ਨਿਸ਼ਚਿਤ ਦਰਜਾ ਦਿੱਤਾ ਜਾਂਦਾ ਹੈ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਉਤਰ-ਸੰਰਚਨਾਵਾਦ ਸ਼ਬਦ ਤੇ ਉਸਦੇ ਅਰਥ, ਟੈਕਸਟ ਤੇ ਉਸਦੇ ਮਾਇਨੇ, ਮਨੁੱਖ ਤੇ ਉਸਦੀ ਪਛਾਣ, ਸਮਾਜਿਕ ਯਥਾਰਥ ਤੇ ਉਸਦੀ ਪੇਸ਼ਕਾਰੀ, ਇਤਿਹਾਸ ਤੇ ਉਸਦੇ ਸੱਚ, ਸੱਚ ਤੇ ਉਸਦੀ ਪ੍ਰਮਾਣਿਕਤਾ ਅਤੇ ਗਿਆਨ ਤੇ ਉਸਦੇ ਸਰੂਪ ਆਦਿ ਬਾਰੇ ਪਰੰਪਰਾ ਜਾਂ ਪ੍ਰਚਲਿਤ ਵਿਚਾਰਾਂ ਤੋਂ ਹੱਟ ਕੇ ਨਵੇਂ ਸਿਰਿਓਂ ਚਰਚਾ ਕਰਦਾ ਹੈ।

ਇਸ ਤੋਂ ਪਹਿਲਾਂ ਸੰਰਚਨਾਵਾਦੀ (Structuralist) ਚਿੰਤਨ ਨੇ ਭਾਸ਼ਾ, ਸਾਹਿਤ ਤੇ ਮਨੁੱਖੀ ਮਨ ਦੇ ਕਾਰਜ ਨੂੰ ਸਮਝਣ ਦੀ ਕੋਸ਼ਿਸ ਕੀਤੀ ਕਿ ਆਖ਼ਰ ਮਨੁੱਖੀ ਮਨ ਵਸਤਾਂ ਜਾਂ ਯਥਾਰਥ ਨੂੰ ਕਿਵੇਂ ਵੇਖਦਾ ਹੈ ? ਇਹ ਯਥਾਰਥ ਅਤੇ ਉਸਦੇ ਬੋਧ ਕਰਨ ਜਾਂ ਵਸਤੂਗਤ ਯਥਾਰਥ ਅਤੇ ਦਿਮਾਗ ਵਿਚਲੀ ਵਿੱਥ ਨੂੰ ਸਮਝਣ ਦਾ ਮਸਲਾ ਹੈ। ਇਸ ਮਸਲੇ ਨੂੰ ਸੌਸਿਊਰ (Ferdinand de Saussure) ਨੇ ਕਾਫ਼ੀ ਹੱਦ ਤਕ ਸਪੱਸ਼ਟ ਕੀਤਾ। ਇਸ ਵਿਚੋਂ ਉਸਦੀਆਂ ਭਾਸ਼ਾ ਸੰਬੰਧੀ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ। ਸਾਡੇ ਤਕ ਯਥਾਰਥ ਦਾ ਗਿਆਨ ਭਾਸ਼ਾ ਜ਼ਰੀਏ ਪਹੁੰਚਣ ਕਰਕੇ ਬੜੇ ਜਟਿਲ ਰੂਪ ਵਿਚ ਪ੍ਰਾਪਤ ਹੁੰਦਾ ਹੈ। ਸੌਸਿਊਰ ਅਨੁਸਾਰ ਭਾਸ਼ਾ ਆਪਹੁਦਰੇ ਚਿਹਨਾਂ ਦਾ ਸਿਸਟਮ ਹੈ। ਭਾਸ਼ਾ ਦੇ ਚਿਹਨ ਕਿਉਂਕਿ ਆਪਹੁਦਰੇ ਹਨ, ਇਸ ਕਰਕੇ ਇਹ ਸ਼ਬਦ ਨੂੰ ਅਰਥ ਨਾਲੋਂ ਵੱਖ ਕਰ ਦਿੰਦੇ ਹਨ। ਸ਼ਬਦ ਯਥਾਰਥ ਦਾ ਸੀਸ਼ਾ ਨਹੀਂ, ਸਗੋਂ ਇਹ ਆਪਣੇ ਨਾਲ ਕਈ ਕੁਝ (ਪਰੰਪਰਾ, ਵਿਵਸਥਾ, ਸੰਬੰਧ, ਵੱਖਰੇਵੇਂ ਆਦਿ) ਲੈ ਕੇ ਆਉਂਦੇ ਹਨ ਤੇ ਯਥਾਰਥ ਭਾਸ਼ਾ ਦੁਆਰਾ ਪੈਦਾ ਤੁਲਨਾ ਤੇ ਵੱਖਰਤਾ ਤੋਂ ਬਣਦਾ ਹੈ। ਭਾਸ਼ਾ ਸੰਬੰਧੀ ਇਹ ਧਾਰਨਾਵਾਂ ਉਸ ਸਮੇਂ ਬੜੀਆਂ ਕ੍ਰਾਂਤੀਕਾਰੀ ਸਿੱਧ ਹੁੰਦੀਆਂ ਹਨ ਤੇ ਇਨ੍ਹਾਂ ਦੇ ਆਧਾਰ 'ਤੇ ਸੰਰਚਨਾਵਾਦ ਸਾਹਮਣੇ ਆਉਂਦਾ ਹੈ।

ਸੰਰਚਨਾਵਾਦ ਨੇ ਸੰਰਚਨਾ ਦੇ ਜਿਸ ਸੰਕਲਪ (ਰਚਨਾ ਤੇ ਅਧਿਐਨ ਲਈ ਰਚਨਾ ਦੀ ਡੂੰਘ ਸੰਰਚਨਾ ਵਿਚ ਕਾਰਜਸ਼ੀਲ ਨੇਮ-ਪ੍ਰਬੰਧਾਂ ਦੀ ਤਲਾਸ਼ ਕਰਨਾ) ਨੂੰ ਪੇਸ਼ ਕੀਤਾ, ਉਤਰ-ਸੰਰਚਨਾਵਾਦੀ ਅਧਿਐਨ, ਇਸਦੀਆਂ ਸਮੁੱਚੀਆਂ ਧਾਰਨਾਵਾਂ ਨੂੰ ਉਲਟਾਅ ਦਿੰਦਾ ਹੈ। ਸੰਰਚਨਾ ਇੱਕ ਪ੍ਰਬੰਧ ਹੈ ਜਿਸ ਵਿਚ ਬਹੁਤ ਸਾਰੇ ਤੱਤ ਹੁੰਦੇ ਹਨ ਜੋ ਆਪਸ ਵਿਚ ਸੰਬੰਧਿਤ ਹੁੰਦੇ ਹੋਏ ਇੱਕ ਦੂਜੇ ਨਾਲ ਜੁੜੇ ਹੁੰਦੇ ਹਨ। ਇਸ ਨਾਲ ਹੀ ਉਸਦਾ ਕੋਈ ਨਿਸਚਿਤ ਰੂਪ ਉਭਰਦਾ ਹੈ ਤੇ ਇਹ ਅੰਤਮ ਸੰਰਚਨਾ ਹੁੰਦੀ ਹੈ। ਇਹ ਛੋਟੀਆਂ ਛੋਟੀਆਂ ਸੰਰਚਨਾਵਾਂ ਵਿਚ ਹੁੰਦੀ ਹੈ, ਇਸੇ ਵਿਚ ਹੀ ਅਰਥ ਹੈ ਜਾਂ ਇਹ ਹੀ ਅਰਥ ਦਾ ਕੇਂਦਰ ਬਣਦੀ ਹੈ ਤੇ ਟੈਕਸਟ ਨੂੰ ਮਾਅਨੇ ਦਿੰਦੀ ਹੈ। ਸਭਿਆਚਾਰਕ ਅਧਿਐਨ ਦੇ ਖੇਤਰ ਵਿਚ ਸੰਰਚਨਾਵਾਦੀ ਕਿਸੇ ਸਭਿਆਚਾਰਕ ਸਥਿਤੀ ਜਾਂ ਪਾਠ ਦੀਆਂ ਉਨ੍ਹਾਂ ਪ੍ਰਮੁੱਖ ਸੰਰਚਨਾਵਾਂ/ਵਿਸ਼ੇਸ਼ਤਾਵਾਂ ਨੂੰ ਖੋਜਦਾ ਹੈ ਜਿਨ੍ਹਾਂ ਨਾਲ ਉਸ ਦੀ ਇਹ ਪਛਾਣ ਬਣਦੀ ਹੈ, ਉਸ ਵਿਚ ਗਤੀਸ਼ੀਲਤਾ ਆਉਂਦੀ ਹੈ ਅਤੇ ਉਸ ਵਿਚ ਸਵੈ-ਅਨੁਸ਼ਾਸਨ ਤੇ ਸੰਪੂਰਨਤਾ ਆਉਂਦੀ ਹੈ। ਕਿਸੇ ਵੀ ਸਭਿਆਚਾਰ ਵਿਚ ਬਾਹਰੀ ਤੌਰ 'ਤੇ ਅਤੇ ਤਹਿ ਵਿਚ ਕਈ ਸੰਰਚਨਾਵਾਂ ਕਾਰਜਸ਼ੀਲ ਹੁੰਦੀਆਂ ਹਨ। ਕਿਸੇ ਸਭਿਆਚਾਰ/ਪਾਠ/ਸਥਿਤੀ/ਰਚਨਾ ਦੇ ਤਹਿ ਥੱਲੇ ਕੰਮ ਕਰਦੀ ਗਰਾਮਰ ਨੂੰ ਪਕੜਨਾ ਜਾਂ ਤਹਿ ਵਿਚ ਕਾਰਜਸ਼ੀਲ ਸੰਰਚਨਾਵਾਂ ਨੂੰ ਬਾਰੀਕੀ ਨਾਲ ਵੇਖਣਾ ਹੀ ਸੰਰਚਾਵਾਦੀ ਨਜ਼ਰੀਆ ਹੈ। ਲੇਵੀ ਸਤਰਾਸ (Claude Levi Strauss) ਇਨ੍ਹਾਂ ਸੰਰਚਨਾਵਾਂ ਨੂੰ ਭਾਸ਼ਾ ਦੀ ਸੰਰਚਨਾ ਵਾਂਗ ਮੰਨਦਾ ਹੈ ਜੋ ਵਿਸ਼ਵ ਵਿਆਪਕ ਹਾਜ਼ਰ ਤੇ ਇਕੋ ਜਿਹਾ ਵਿਧੀ-ਵਿਧਾਨ ਰੱਖਦੀਆਂ ਹਨ। ਹਰ ਪਾਠ/ਸਥਿਤੀ ਸੰਪੂਰਨ ਹੈ, ਆਪਣੇ ਨਿਯਮਾਂ ਵਿਚ ਬੱਝੀ ਹੈ ਤੇ ਨਿਰੰਤਰ ਰੂਪਾਂਤ੍ਰਿਤ ਹੁੰਦੀ ਹੈ। ਚੀਜ਼ਾਂ ਦੇ ਸੰਬੰਧਾਂ, ਵਿਹਾਰਾਂ ਤੇ ਢੰਗ ਤਰੀਕਿਆਂ ਦੇ ਅਰਥ, ਉਨ੍ਹਾਂ ਦਾ ਇੱਕ ਵੱਡੀ ਸੰਰਚਨਾ ਜਿਵੇਂ ਘਰ, ਪਰਿਵਾਰ ਜਾਂ ਸਭਿਆਚਾਰ ਦਾ ਹਿੱਸਾ ਹੋਣ ਵਿਚ ਪਏ ਹਨ ਅਤੇ ਇਹ ਉਦੋਂ ਤਕ ਅਰਥ ਦਿੰਦੇ ਹਨ ਜਦੋਂ ਤਕ ਉਸ ਵੱਡੀ ਸੰਰਚਨਾ ਦਾ

ਭਾਗ ਹੁੰਦੇ ਹਨ। ਇਸੇ ਸੰਰਚਨਾ ਦੀ ਜਾਂਚ ਕਰਨਾ ਸੰਰਚਨਾਵਾਦੀ ਦਾ ਕੰਮ ਹੈ। ਇਉਂ ਇਸਦੇ ਚਿੰਤਕਾਂ ਨੇ ਭਾਸ਼ਾ, ਸਾਹਿਤ ਤੇ ਹੋਰ ਪਾਠਾਂ ਨੂੰ ਇੱਕ ਸਿਸਟਮ ਮੰਨਿਆਂ ਅਤੇ ਇਸਨੂੰ ਵਿਗਿਆਨ ਵਾਂਗ ਇੱਕ ਸਰਬਵਿਆਪਕ ਤੇ ਨਿਰਪੇਖ ਵਿਆਖਿਆ-ਸਾਸ਼ਤਰ ਤੇ ਤੌਰ 'ਤੇ ਵਿਕਸਤ ਕਰਨ ਦਾ ਯਤਨ ਕੀਤਾ ਜੋ ਪਾਠਾਂ/ਸਾਹਿਤ ਜਾਂ ਵਸਤਾਂ/ਯਥਾਰਥ ਦੇ ਨਿਸ਼ਚਿਤ ਮਾਡਲ ਤੇ ਉਨ੍ਹਾਂ ਦੇ ਪਿੱਛੇ ਪਈ ਗਰਾਮਰ ਪੇਸ਼ ਕਰੇ। ਸਾਹਿਤਕ ਪਾਠ ਦੇ ਪ੍ਰਸੰਗ ਵਿਚ ਸੰਰਚਨਾਵਾਦ ਅਨੁਸਾਰ ਸਭ ਕੁਝ 'ਪਾਠ' ਹੈ ਜੋ ਭਾਸ਼ਾ/ਚਿਹਨਾਂ ਦਾ ਬਣਿਆ ਹੋਇਆ ਹੈ ਤੇ ਇਸ ਰਾਹੀਂ ਹੀ ਸਵੈ ਜਾਂ ਵਿਸ਼ਵ ਦੇ ਕਿਸੇ ਪ੍ਰਬੰਧ ਨੂੰ ਸਮਝਣਾ ਜ਼ਰੂਰੀ ਹੈ। ਇਸ ਅਨੁਸਾਰ ਹਰ ਪਾਠ ਵਿਰੋਧੀ-ਜੁੱਟਾਂ (Binary Oppositions) 'ਤੇ ਆਧਾਰਿਤ ਹੈ ਤੇ ਇਹ ਪਾਠ ਵਿਚ ਸੰਕੇਤਬੱਧ (Coding) ਰੂਪ ਵਿਚ ਹੁੰਦੇ ਹਨ। ਇੱਕ ਸੰਰਚਨਾਵਾਦੀ ਪਹਿਲਾਂ ਸਾਹਿਤ ਦੇ ਪਾਠ 'ਚੋਂ ਪ੍ਰਮੁਖ ਇਕਾਈਆਂ ਪਛਾਣ ਕਰਕੇ ਇਨ੍ਹਾਂ ਨੂੰ ਵਿਰੋਧ-ਜੁੱਟਾਂ ਵਿਚ ਵੰਡਦਾ ਹੈ, ਫਿਰ ਇਨ੍ਹਾਂ ਨੂੰ ਡੀਕੋਡ ਕਰਕੇ ਅਰਥ ਨਿਰਧਾਰਤ ਕਰਦਾ ਹੈ। ਉਹ ਰਚਨਾ ਦੀ ਡੂੰਘ ਸੰਰਚਨਾ ਵਿਚ ਪਏ ਉਨ੍ਹਾਂ ਨਿਯਮਾਂ ਦੀ ਤਲਾਸ਼ 'ਚ ਪੈਂਦਾ ਹੈ ਜੋ ਇਸਨੂੰ ਇੱਕ ਨਿਸ਼ਚਿਤ ਪ੍ਰਬੰਧ ਵਿਚ ਬੰਨਦੇ ਹਨ। ਇਸ ਤਰ੍ਹਾਂ ਸੰਰਚਨਾਵਾਦ ਦੇ ਅਨੁਸਾਰ 'ਸੰਰਚਨਾ' ਸੰਕਲਪ ਪੱਧਰ 'ਤੇ ਇੱਕ ਇਕਪਰਤੀ ਤੇ ਬੰਦ ਪ੍ਰਬੰਧ ਹੋ ਨਿਬੜਦਾ ਹੈ।

ਉਤਰ-ਸੰਰਚਨਾਵਾਦੀ ਚਿੰਤਨ ਅਨੁਸਾਰ ਸਾਹਿਤਕ ਪਾਠ, ਅਰਥ ਉਪਾਦਨ ਕਰਨ ਵਾਲੀ ਇੱਕ ਸਿਰਜਣਾ ਹੈ ਜਿਸਦਾ ਕੋਈ ਨਿਸ਼ਚਿਤ/ਬੰਦ ਪ੍ਰਬੰਧ ਨਹੀਂ ਹੈ। ਕੋਈ ਵੀ ਪਾਠ ਆਪਣੇ ਅੰਦਰ ਬਹੁਤ ਸਾਰੇ ਸਮਾਜਕ ਇਤਿਹਾਸਕ ਤੇ ਸਭਿਆਚਾਰਕ ਸੋਮਿਆਂ ਤੋਂ ਬਹੁਤ ਸਾਰੇ ਹਵਾਲੇ ਸਮਾਈ ਬੈਠਾ ਹੁੰਦਾ ਹੈ ਤੇ ਉਹ ਪਾਠ ਨੂੰ ਬਹੁਲਤਾ ਨਾਲ ਭਰਦੇ ਹਨ। ਇਸ ਸਬੰਧੀ ਰੋਲਾਂ ਬਾਰਤ (Roland Barthes) ਨੇ 1970 ਵਿਚ ਪ੍ਰਕਾਸ਼ਿਤ ਪੁਸਤਕ 'S/Z' ਰਾਹੀਂ ਆਪ ਹੀ ਆਪਣੇ ਪਹਿਲੇ ਸੰਰਚਨਾਤਮਕ ਚਿੰਤਨ ਵਿਚ ਕਿਰਤ ਦੀ ਥਾਂ ਪਾਠ ਦੇ ਸੰਕਲਪ ਨੂੰ ਸਾਹਮਣੇ ਲਿਆਂਦਾ, ਜਿਸ ਵਿਚ ਪਾਠ ਕਈ ਅੰਤਰ-ਪਾਠਾਂ ਵਿਚ ਘਿਰਿਆ ਹੋਇਆ ਅਰਥਾਂ ਦੀ ਬਹੁਲਤਾ ਨਾਲ ਭਰਿਆ ਪਿਆ ਹੈ। ਉਹ 'ਲੇਖਕ ਦੀ ਮੌਤ' (Death of the Author), 'ਲਿਖਣਯੋਗ-ਪਾਠ' (Writerly-Text), ਅਤੇ 'ਪੜ੍ਹਨਯੋਗ-ਪਾਠ' (Readerly-Text) ਆਦਿ ਵਰਗੀਆਂ ਜਬਰਦਸਤ ਧਾਰਨਾਵਾਂ ਨਾਲ ਪਰੰਪਰਾਗਤ ਤੇ ਆਧੁਨਿਕ ਏਕਾਧਿਕਾਰਵਾਦੀ ਚਿੰਤਨ ਨੂੰ ਰੱਦ ਕਰ ਦਿੰਦਾ ਹੈ। 'ਲੇਖਕ ਪਾਠ ਰਚਦਾ ਹੈ ਤੇ ਪਾਠਕ ਉਸਨੂੰ ਮੁੜ-ਰਚਦਾ ਹੈ, ਪਾਠਕ ਕੋਈ (ਨਿਸ਼ਕਿਰਿਆਸ਼ੀਲ) ਭੋਗੀ ਨਹੀਂ ਹੈ ਸਗੋਂ ਉਹ ਅਰਥ-ਉਤਪਾਦਕ ਹੈ। ਉਹ ਸੁਚੇਤ ਤੌਰ 'ਤੇ ਆਪਣਾ ਵਿਸ਼ੇਸ਼ ਰੋਲ ਨਿਭਾਉਣ ਵਾਲਾ ਹੈ ਤੇ ਪਾਠ ਨਿਰਮਾਣ ਕਰਨ ਵਾਲਾ ਹੈ। ਅਰਥ-ਸਿਰਜਣ ਜਾਂ ਉਤਪਾਦਨ ਕਿਰਿਆ ਦੌਰਾਨ ਉਹ ਪ੍ਰਮੁੱਖ ਹੁੰਦਾ ਹੈ। ਪੜ੍ਹਤ-ਪ੍ਰਕਿਰਿਆ ਦੌਰਾਨ ਉਹ ਪਾਠ ਨੂੰ ਜਗਾਉਂਦਾ ਹੋਇਆ, ਉਸਨੂੰ ਇੱਕ ਨਵੇਂ ਪਾਠ ਦਾ ਰੂਪ ਦੇ ਦਿੰਦਾ ਹੈ'।[1] ਜੇਕਰ ਕੋਈ ਪਾਠਕ ਜਾਂ ਅਧਿਐਨ ਕਰਤਾ ਕਿਸੇ ਪਾਠ ਵਿਚੋਂ ਲੇਖਕ ਜਾਂ ਉਸ ਪਾਠ ਦੇ ਅੰਤਮ ਤੇ ਨਿਸਚਿਤ ਅਰਥਾਂ ਨੂੰ ਖੋਜਣ ਦਾ ਯਤਨ ਕਰਦਾ ਹੈ ਤਾਂ ਇਹ ਨਿਰਜਿੰਦ ਤੇ ਘਟੀਆਂ ਜਿਹਾ ਕੰਮ ਹੈ। ਇਸ ਨਾਲ ਸਾਹਿਤਕ ਪਾਠ ਦੀ ਵਿਸ਼ਾਲਤਾ ਖ਼ਤਮ ਹੁੰਦੀ ਹੈ। ਅਜਿਹੀ ਸੋਚ 'ਚੋਂ ਹੀ ਰੋਲਾਂ ਬਾਰਤ 'ਲੇਖਕ ਦੀ ਮੌਤ' ਦਾ ਸੰਕਲਪ ਉਸਾਰਦਾ ਹੈ ਤੇ 'ਪਾਠਕ ਦੇ ਜਨਮ' ਦੀ ਗੱਲ ਕਰਦਾ ਹੈ। ਪਾਠ ਤੇ ਪਾਠਕ ਆਪਣੇ ਆਪ ਵਿਚ ਇੱਕ ਅਸਪੱਸ਼ਟ ਕੋਡਾਂ ਤੇ ਅਰਥਾਂ ਦਾ ਸਿਸਟਮ ਹੈ ਤੇ ਪਾਠਕ ਨੀਝ ਨਾਲ ਪਾਠ ਪੜ੍ਹਦਿਆਂ ਇਸੇ ਸਿਸਟਮ 'ਚੋਂ ਅਰਥ ਸਿਰਜਦਾ ਹੈ। ਉਹ ਜਿਉਂ ਜਿਉਂ ਪਾਠ ਪੜ੍ਹਦਾ ਹੈ, ਉਹ ਪਾਠ ਲਿਖਦਾ ਜਾਂਦਾ ਹੈ। ਇਥੇ ਹੀ ਰੋਲਾਂ ਬਾਰਤ 'ਲਿਖਣਯੋਗ ਪਾਠ' ਤੇ 'ਪੜ੍ਹਨਯੋਗ-ਪਾਠ' ਦਾ ਨਿਖੇੜਾ ਕਰਦਾ ਹੈ। ਪੜ੍ਹਨਯੋਗ-ਪਾਠ ਉਹ ਪਾਠ ਹੈ ਜਿਸ 'ਚੋਂ ਪਾਠਕ ਸਿੱਧੇ ਹੀ ਬਣੇ-ਬਣਾਏ ਰੈਡੀਮੇਡ ਅਰਥ ਪ੍ਰਾਪਤ ਕਰਦਾ ਹੈ ਤੇ ਰੋਲਾਂ ਬਾਰਤ ਦੇ ਕਹਿਣ ਅਨੁਸਾਰ 'ਇਹੋ ਜਹੇ ਪਾਠ ਕਿਸੇ ਗੈਰ-ਖੰਡਨੀ ਸਿੱਧਾਂਤ ਦੁਆਰਾ ਕੰਟਰੋਲ ਹੁੰਦੇ ਹਨ'[2] ਤੇ ਇਹ ਉਨ੍ਹਾਂ ਦੀ ਸੁਰੱਖਿਆ ਲਈ ਸਿੱਧਾ ਸੰਦੇਸ਼ ਬਣਦੇ ਹਨ। 'ਇਹ ਕੌਮਨ ਸੂਝ ਜਾਂ ਜਨਮਤ ਨੂੰ ਝਜੋੜਦੇ ਨਹੀਂ ਹਨ'[3] ਤੇ ਇੱਕ ਨਿਸ਼ਚਿਤ ਅੰਤ ਤੇ ਇਕਾਰਥੀ ਅਰਥਾਂ ਵੱਲ ਵੱਧਦੇ ਹਨ। ਇਸਦੇ

ਉੱਲਟ ਲਿਖਣਯੋਗ-ਪਾਠ ਦਾ ਸੁਭਾਅ ਉਤਪਾਦਨੀ ਹੁੰਦਾ ਹੈ। 'ਇਹ ਪਾਠਕ ਨੂੰ ਭੋਗੀ ਨਹੀਂ, ਅਰਥ ਉਤਪਾਦਕ ਬਣਾਉਂਦੇ ਹਨ ਤੇ ਇਹ ਪਾਠ ਦੁਰਲੱਭ ਹਨ ਅਤੇ ਇਨ੍ਹਾਂ ਦੀ ਪੜ੍ਹਤ ਪਾਠਕ ਨੂੰ ਅਜਿਹੇ ਨਵੇਂ ਅਰਥਾਂ ਦੇ ਰੂਬਰੂ ਕਰਦੀ ਹੈ, ਜਿਨ੍ਹਾਂ ਦਾ ਕੋਈ ਅੰਤ ਨਹੀਂ ਹੈ'।[4] ਇਉਂ ਰੋਲਾਂ ਬਾਰਤ ਦੀਆਂ ਇਨ੍ਹਾਂ ਧਾਰਨਾਵਾਂ ਨੇ ਨਿਸ਼ਚਿਤ/ਬੰਦ ਪ੍ਰਬੰਧ ਵਾਲੇ ਵਿਆਖਿਆ ਸ਼ਾਸ਼ਤਰਾਂ ਦੇ ਪਤਨ ਦਾ ਮਸੌਦਾ ਤਿਆਰ ਕੀਤਾ ਅਤੇ ਪਾਠਕ ਆਧਾਰਿਤ ਪਾਠਮੂਲਕ ਵਿਸ਼ਲੇਸ਼ਣ ਦੀ ਅਜਿਹੀ ਪੜ੍ਹਤ-ਵਿਧੀ ਸਾਹਮਣੇ ਲਿਆਂਦੀ, ਜੋ ਪਾਠ ਵਿਚਲੇ ਅਰਥਾਂ ਦੇ ਅਨੇਕਾਂ ਰਹੱਸ ਖੋਲ੍ਹਦੀ ਹੈ।

ਉਤਰ-ਸੰਰਚਨਾਵਾਦੀ ਦ੍ਰਿਸ਼ਟੀ ਤੋਂ ਮਿਸ਼ੇਲ ਫੂਕੋ (Michel Foucault) ਨੇ ਸਮਾਜਕ ਸਿਸਟਮ ਨੂੰ ਸਮਝਦਿਆਂ 'ਪ੍ਰਵਚਨ' (Discourse), 'ਤਾਕਤ' (Power), 'ਗਿਆਨ' (Knowledge), 'ਅਨੁਸ਼ਾਸਨ' (Discipline) ਤੇ 'ਪੈਨਔਪਟਿਕ ਸੁਸਾਇਟੀ (Panoptic Society) ਆਦਿ ਦੇ ਮਹੱਤਵਪੂਰਨ ਸੰਕਲਪ ਪੇਸ਼ ਕੀਤੇ, ਜਿਨ੍ਹਾਂ ਨੇ ਸਮਾਜ, ਪਾਠ, ਭਾਸ਼ਾ ਤੇ ਚਿਹਨ ਦੇ ਬਿਲਕੁਲ ਨਵੇਂ ਪ੍ਰਸੰਗ ਸਾਹਮਣੇ ਲਿਆਂਦੇ। ਫੂਕੋ ਸਮਾਜਕ ਪ੍ਰਕਿਰਿਆ ਵਿਚ 'ਪ੍ਰਵਚਨ' ਦੇ ਰੋਲ ਨੂੰ ਤਲਾਸ਼ਦਾ ਹੈ। ਉਸ ਅਨੁਸਾਰ ਸਮਾਜ 'ਚ ਦੋ ਧਿਰਾਂ ਹਨ, ਇੱਕ ਤਾਕਤਵਰ ਤੇ ਦੂਜੀ ਘੱਟ ਤਾਕਤਵਰ। ਤਾਕਤੀ ਧਿਰ 'ਪ੍ਰਵਚਨ' ਸਿਰਜਣ ਦੀ ਅਧਿਕਾਰਤ ਹੈ। ਉਹ ਪ੍ਰਵਚਨ ਦੇ ਉਸ ਵਿਧੀ-ਵਿਧਾਨ ਨੂੰ ਵੇਖਦਾ ਹੈ ਜਿਸ 'ਚ ਹਰੇਕ ਨੂੰ ਇਹ ਪ੍ਰਵਚਨ ਵਰਤਣ ਦਾ ਹੱਕ ਨਹੀਂ ਜਾਂ ਇਹ ਹੱਕ ਹਾਸਲ ਕਰਨ ਲਈ ਖਾਸ ਮੌਕੇ ਦੀ ਲੋੜ ਹੈ'।[5] ਉਸ ਅਨੁਸਾਰ ਕੋਈ ਵੀ ਪ੍ਰਵਚਨ ਸੱਚਾ-ਝੂਠਾ ਨਹੀਂ ਹੁੰਦਾ, ਤਾਕਤਵਾਰ ਜਾਂ ਘੱਟ ਤਾਕਤਵਰ ਹੁੰਦਾ ਹੈ। ਸਾਧਨ ਸੰਪਨ, ਮੁਹਾਰਤੀ, ਬਾਹੂਬਲੀ, ਖਾਨਦਾਨੀ ਧੌਂਸ, ਸੰਚਾਰ ਸਾਧਨਾਂ 'ਤੇ ਕਾਬਜ਼ ਜਾਂ ਸੱਤਾਵਾਨ ਲੋਕ ਪ੍ਰਵਚਨ ਨੂੰ ਆਮ ਲੋਕਾਂ ਦੀਆਂ ਇੱਛਾਂਵਾਂ/ਅਕਾਂਖਿਆਵਾਂ ਦੇ ਦਮਨ ਲਈ ਵਰਤਦੇ ਹਨ। ਫੂਕੋ ਪ੍ਰਵਚਨ ਨੂੰ ਬਹੁਤ ਸਾਰੇ ਪੱਧਰਾਂ 'ਤੇ ਵਿਚਾਰਦਾ ਹੈ। ਉਸ ਅਨੁਸਾਰ 'ਪ੍ਰਵਚਨ ਤਾਕਤ ਤੇ ਗਿਆਨ ਨੂੰ ਜੋੜਦਾ ਹੈ ਤੇ ਇਸਦੀ ਤਾਕਤ, ਸਾਡੇ ਸਾਹਮਣੇ ਪੇਸ਼ ਹੋਏ ਸੱਚ ਨੂੰ ਸਾਡੇ ਵੱਲੋਂ ਆਸਾਨੀ ਨਾਲ ਮੰਨ ਲੈਣ ਵਿਚੋਂ ਆਉਂਦੀ ਹੈ'।[6] ਤਾਕਤ ਤੇ ਗਿਆਨ ਦਾ ਗਹਿਰਾ ਸੰਬੰਧ ਹੈ ਤੇ ਇਸੇ ਲਈ ਹਰ ਮਨੁੱਖੀ ਸੰਬੰਧ ਇੱਕ ਸੰਘਰਸ਼ ਹੈ ਅਤੇ ਤਾਕਤ ਦਾ ਹੀ ਸਮਝੌਤਾ ਹੈ। ਅਸਲ ਵਿਚ ਸਮਾਜਕ ਪ੍ਰਕਿਰਿਆ 'ਚ ਮਨੁੱਖ ਜਾਂ ਉਸਦੀ ਹੋਂਦ 'ਪ੍ਰਵਚਨ' ਦੁਆਰਾ ਹੀ ਘੜੀ ਜਾਂਦੀ ਹੈ। ਇਥੋਂ ਤਕ ਕਿ ਸੱਚ, ਸਦਾਚਾਰ, ਪ੍ਰਯੋਜਨ, ਵਿਚਾਰ, ਵਿਹਾਰ ਤੇ ਸੁਪਨੇ ਸਭ 'ਪ੍ਰਵਚਨ' ਰਾਹੀਂ ਸਿਰਜੇ ਜਾਂਦੇ ਹਨ। ਇਹ ਸਮੇਂ ਸਮੇਂ ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਕਾਇਮ ਰੱਖਦਾ ਹੈ। ਅਸੀਂ ਸਭ ਇਸ ਨੂੰ ਜਾਇਜ਼ ਵੀ ਮੰਨਦੇ ਹਾਂ ਤੇ ਇਸਦੇ 'ਅਨੁਸ਼ਾਸਨ' 'ਚ ਰਹਿੰਦੇ ਹਾਂ ਜਾਂ ਰਹਿਣਾ ਪੈਂਦਾ ਹੈ। ਹਰੇਕ ਸਮਾਜ ਵਿਚ ਤਾਕਤਵਰ ਧਿਰ ਨੇ ਅਜਿਹੀ ਹੀ ਵਿਵਸਥਾ ਦਾ ਨਿਰਮਾਣ ਕੀਤਾ ਹੋਇਆ ਹੁੰਦਾ ਹੈ, ਇਸਨੂੰ ਫੂਕੋ 'ਪੈਨਔਪਟਿਕ ਸੁਸਾਇਟੀ'[7] ਕਹਿੰਦਾ ਹੈ, ਭਾਵ ਸਾਡਾ ਮਨ, ਭਾਸ਼ਾ, ਵਿਚਾਰ ਤੇ ਵਿਹਾਰ ਸਭ ਉਪਰੋਂ, ਕਿਸੇ ਹੋਰ ਥਾਂ ਤੋਂ ਕੰਟਰੋਲ ਹੁੰਦੇ ਹਨ। ਤਾਕਤ ਦਾ ਬਹੁਤ ਵੱਡਾ ਨੈਟਵਰਕ ਹੁੰਦਾ ਹੈ। ਇਹ ਘਰ-ਪਰਿਵਾਰ, ਸੰਸਥਾਵਾਂ ਤੇ ਸਟੇਟ ਸਭ ਨੂੰ ਆਪਣੇ ਕਲਾਵੇ 'ਚ ਲੈਂਦੀ ਹੈ। ਇਹ ਸਭ ਕੁਝ ਪ੍ਰਵਚਨ ਦੁਆਰਾ ਸਿਰੇ ਚੜ੍ਹਦਾ ਹੈ ਜੋ ਇੱਕ ਆਪਣਾ ਹੀ ਸੰਸਾਰ ਤੇ ਆਪਣਾ ਹੀ ਯਥਾਰਥ ਸਿਰਜਦਾ ਹੈ ਤੇ ਫਿਰ ਸਾਨੂੰ ਉਹੋ ਹੀ ਦਿਖਾਉਂਦਾ ਹੈ। ਇਹ ਗਿਆਨ ਤੇ ਸੱਚ ਨੂੰ ਆਯੋਜਿਤ ਕਰਦਾ ਹੈ ਤੇ ਆਪਣੇ ਬੋਲੇ ਜਾਣ ਵਾਲੀ ਧਿਰ ਦੇ ਪੱਖ 'ਚ ਬੋਲਦਾ ਹੈ। ਇਸ ਤਰ੍ਹਾਂ ਹੀ ਇਹ ਇੱਕ 'ਪਾਵਰ ਸੰਰਚਨਾ' ਘੜ੍ਹਦਾ ਹੈ ਜੋ ਦੂਜੀਆਂ ਘੱਟ ਤਾਕਤਵਰ ਸੰਰਚਨਾਵਾਂ ਨੂੰ ਦਬਾ ਕੇ, ਹਾਸ਼ੀਏ 'ਤੇ ਧੱਕ ਕੇ ਰੱਖਦੀ ਹੈ। ਇਹ ਉਨ੍ਹਾਂ ਦੇ ਨਿੱਕੇ ਨਿੱਕੇ ਕਾਰਜਾਂ/ਸੰਘਰਸ਼ਾਂ ਨੂੰ ਮੌਨ ਕਰਦੀ ਹੈ ਜੋ ਬਾਅਦ ਵਿਚ ਇਤਿਹਾਸ ਦੀਆ ਡੂੰਘੀਆਂ ਤਹਿਆਂ ਵਿਚ ਵਿਚ ਦੱਬ ਜਾਂਦੇ ਹਨ। ਸੋ ਫੂਕੋ ਸਮਾਜਕ ਪ੍ਰਕਿਰਿਆ ਵਿਚ 'ਪ੍ਰਵਚਨ' ਦਾ ਰੋਲ ਹਿੰਸਕ ਮੰਨਦਾ ਹੈ। ਪਾਵਰ ਰਿਲੇਸ਼ਨ ਦੀ ਖੇਡ ਵਿਚ ਅਸੀਂ ਇਸਨੂੰ ਸਹਿਜ ਸੁਭਾਅ ਉਚਿਤ ਠਹਿਰਾਉਂਦੇ ਹਾਂ। ਇੰਝ ਇਨ੍ਹਾਂ ਧਾਰਨਾਵਾਂ ਦੀ ਸਾਂਝ ਉਸੇ 'ਹਾਜ਼ਰੀ ਦੇ ਅਧਿਆਤਮ' ਤੇ 'ਸ਼ਬਦ-ਕੇਂਦਰਤਾਵਾਦ' ਆਦਿ ਦੀਆਂ ਧਾਰਨਾਵਾਂ ਨਾਲ ਬਣਦੀ ਹੈ ਜਿਨ੍ਹਾਂ ਦਾ ਦੇਰੀਦਾ ਵਿਖੰਡਨ

ਕਰਦਾ ਹੈ। ਦੇਰੀਦਾ ਭਾਸ਼ਾ/ਚਿਹਨ ਨੂੰ ਅਸਥਿਰ, ਅੰਤਮ ਚਿਹਨਤ ਤੋਂ ਬਿਨ੍ਹਾਂ ਕਹਿੰਦਾ ਹੈ। ਚਿਹਨ ਦਾ ਚਿਹਨਕ ਅਰਥ ਨੂੰ ਦੂਜੇ ਚਿਹਨਕ ਵਿਚ ਹੀ ਮੁਲਤਵੀ ਕਰਦਾ ਤੇ ਉਸਦੀ ਕਿਸੇ ਅੰਤਮ ਚਿਹਨਤ ਨਾਲ ਏਕਤਾ ਨਹੀਂ ਹੈ। ਉਸਨੇ 'ਚਿਹਨਕ ਤੇ ਚਿਹਨਕ' (Signifier of the Signifier)[8] ਦੀ ਚਰਚਾ ਕਰਦਿਆਂ ਸਿੱਧ ਕੀਤਾ ਕਿ ਜਿਵੇਂ ਅਸੀਂ 'ਚਿਹਨ' ਨੂੰ ਮੰਨਦੇ ਹਾਂ (ਸੌਸਿਊਰ ਦੇ ਆਧਾਰਿਤ) ਇਹ ਉਸ ਤਰਾਂ ਦਾ ਹੈ ਨਹੀਂ। ਚਿਹਨ ਅਰਥ ਨੂੰ ਜਿਨ੍ਹਾਂ ਪ੍ਰਗਟਾਉਂਦਾ ਹੈ, ਉਨ੍ਹਾਂ ਲੁਕਾਉਂਦਾ ਵੀ ਹੈ। ਚਿਹਨਾਂ ਦੇ ਥੱਲੇ ਪੈੜ੍ਹਾਂ (Traces) ਦੇ ਰੂਪ ਵਿਚ/ਅੱਖੋਂ ਪਰੋਖੇ ਵੀ ਅਰਥ ਪਏ ਹੁੰਦੇ ਹਨ ਜੋ ਉਸਦੇ ਪ੍ਰਗਟ ਹੁੰਦੇ ਅਰਥਾਂ ਦੇ ਵਿਰੋਧ 'ਚ ਹੁੰਦੇ ਹਨ ਤੇ ਇਹੀ ਚਿਹਨ ਦਾ ਵਿਰੋਧਾਭਾਸ ਹੈ ਅਤੇ ਪਾਠ ਦਾ ਇੱਕ ਅੰਤਰ-ਵਿਰੋਧ। ਇਥੇ ਹੀ ਵਿਰਚਨਾ ਪਈ ਹੈ।

ਵਿਰਚਨਾ (Deconstruction) ਦਾ ਮਤਲਬ ਹੈ ਕਿ ਕਿਸੇ ਪਾਠ ਵਿਚ ਕਈ ਅੰਤਰ-ਵਿਰੋਧ ਮੌਜੂਦ ਹੁੰਦੇ ਹਨ, ਕਿਉਂਕਿ ਕਿਸੇ ਵੀ ਪਾਠ ਵਿਚ ਐਸੀ ਭਾਵਨਾ ਜਾਂ ਅਰਥ ਲੁਕੇ ਹੁੰਦੇ ਹਨ, ਜੋ ਪ੍ਰਗਟ ਰੂਪ ਦੇ ਵਿਰੋਧ ਵਿਚ ਹੋ ਸਕਦੇ ਹਨ। ਇਸ ਤਰ੍ਹਾਂ ਹਰ ਕਾਰਜ ਆਪਣੇ ਆਪ ਨੂੰ ਵਿਖੰਡਤ ਕਰਦਾ ਹੈ। ਵਿਰਚਨਾ ਉਤਰ-ਸੰਰਚਨਾਵਾਦ ਦਾ ਮੂਲ ਪਰਿਭਾਸ਼ਕ ਸ਼ਬਦ ਹੈ ਤੇ ਇਸਦਾ ਅਰਥ ਬੜਾ ਵਿਸਤ੍ਰਿਤ ਹੈ। ਵਿਰਚਨਾ ਸਮਕਾਲੀ ਫ਼ਿਲਾਸਫ਼ੀ, ਸਾਹਿਤ ਆਲੋਚਨਾ ਤੇ ਸਮਾਜਿਕ ਵਿਗਿਆਨ ਦੇ ਖੇਤਰ 'ਚ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ 'ਚ ਇੱਕ ਵਿਖੰਡਨੀ ਸਿੱਧਾਂਤ ਬਣ ਕੇ ਉਭਰਿਆ ਹੈ ਜੋ ਪੱਛਮੀ ਫ਼ਿਲਾਸਫ਼ੀ, ਇਤਿਹਾਸ ਤੇ ਹੋਰ ਪਾਠਾਂ ਅਤੇ ਭਾਸ਼ਾ ਗਿਆਨ ਨੂੰ ਕੌਮਨ ਸੂਝ ਤੇ ਸੱਤਾਵਾਦੀ ਭਰਮ ਆਧਾਰਿਤ ਉਸਰਿਆ ਸਿੱਧ ਕਰਕੇ ਵਿਸ਼ਵਵਿਆਪੀ ਅਧਿਐਨ ਦੇ ਸਾਰੇ ਮਾਡਲਾਂ 'ਤੇ ਪ੍ਰਸ਼ਨਚਿੰਨ੍ਹ ਲਗਾਉਂਦਾ ਹੈ। ਇਸੇ ਕਰਕੇ ਇਹ ਇਹ ਸਾਹਿਤਕ ਅਤੇ ਸਭਿਆਚਾਰਕ ਸਿਰਜਣਾਵਾਂ ਦੇ ਅਧਿਐਨ ਲਈ ਇੱਕ ਅਜਿਹੇ ਸੰਦ ਦੇ ਤੌਰ 'ਤੇ ਚਰਚਿਤ ਹੈ ਜੋ ਵਧੇਰੇ ਵਾਦ-ਵਿਵਾਦੀ ਹੈ।

ਇਹ ਪਾਠਾਂ ਨੂੰ ਸਮਝਣ ਦੀ ਅਜਿਹੀ ਵਿਧੀ ਹੈ ਜੋ ਲਿਖਤਾਂ (ਫ਼ਿਲਾਸਫ਼ੀ, ਇਤਿਹਾਸ ਤੇ ਸਾਹਿਤਕ ਪਾਠ ਆਦਿ) 'ਚੋਂ ਦੱਬੇ ਜਾਂ ਲੁਕੇ ਅਰਥਾਂ, ਅੰਤਰ-ਵਿਰੋਧਾਂ ਤੇ ਸਵੈ-ਵਿਰੋਧਾਂ ਨੂੰ ਲੱਭਦੀ ਹੈ। ਦੱਬੇ ਅਰਥ ਅਕਸਰ ਪ੍ਰਗਟ ਅਰਥਾਂ ਦੇ ਉਲਟ ਹੁੰਦੇ ਹਨ। ਪਾਠ ਲਿਖਦਿਆਂ ਲੇਖਕ ਕੁਝ ਛੁਪਾਉਣ, ਕੁਝ ਪ੍ਰਗਟਾਉਣ ਦੀ ਕਸ਼ਮਕਸ਼ ਵਿਚ ਅਰਥਾਂ ਨਾਲ ਖੇਡਦਾ ਹੈ। ਇਸ ਖੇਡ 'ਚ ਪਾਠ ਜਿਸਨੂੰ ਦਬਾਉਂਦਾ ਹੈ ਉਸੇ ਨੂੰ ਪ੍ਰਗਟ ਵੀ ਕਰਦਾ ਹੈ। ਲੇਖਕ ਲਿਖਤਾਂ ਵਿਚ ਇੱਛਤ ਅਰਥ ਪ੍ਰਗਟਾਉਣ ਦੇ ਚੱਕਰ 'ਚ ਬਹੁਤ ਸਾਰੇ ਅਰਥ ਦਬਾਉਂਦਾ ਹੈ। ਇਹ ਸਭ ਕੁਝ ਭਾਸ਼ਾ ਰਾਹੀਂ ਸਿਰੇ ਚੜ੍ਹਦਾ ਹੈ ਤੇ ਭਾਸ਼ਾ ਦੇ ਨੇਮਾਂ ਦਾ ਆਪਣਾ ਆਲਮ ਹੈ। ਦੇਰੀਦਾ ਅਨੁਸਾਰ 'ਲੇਖਕ ਭਾਸ਼ਾ ਤੇ ਇੱਕ ਤਰਕ 'ਚ ਲਿਖਦਾ ਹੈ ਜਿਨ੍ਹਾਂ ਦਾ ਇੱਕ ਆਪਣਾ ਢੁੱਕਵਾਂ ਸਿਸਟਮ, ਕਾਇਦਾ-ਕਾਨੂੰਨ ਤੇ ਸਜੀਵਤਾ ਹੁੰਦੀ ਹੈ, ਉਨ੍ਹਾਂ 'ਤੇ ਲੇਖਕ ਦਾ ਪ੍ਰਵਚਨ ਪੂਰੀ ਤਰ੍ਹਾਂ ਹਾਵੀ ਹੋ ਹੀ ਨਹੀਂ ਸਕਦਾ। ਉਹ ਉਨ੍ਹਾਂ ਦੀ ਵਰਤੋਂ ਉਨ੍ਹਾਂ ਦੇ ਹਵਾਲੇ ਹੋ ਕੇ ਕਰਦਾ ਹੈ, ਉਹ ਗੁਜ਼ਾਰੇ ਜੋਗਾ ਤੇ ਇੱਕ ਸੀਮਾ ਤਕ ਇਸਦੇ ਸਿਸਟਮ ਦੁਆਰਾ ਨਿਅੰਤਰਿਤ ਹੁੰਦਾ ਹੈ। ਪੜ੍ਹਨ-ਕਾਰਜ ਨੂੰ ਉਨ੍ਹਾਂ ਖਾਸ ਸੰਬੰਧਾਂ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਜੋ ਲੇਖਕ ਦੀ ਵਰਤੀ ਗਈ ਭਾਸ਼ਾ ਸੰਬੰਧੀ ਹੈ ਤੇ ਜਿਸਦਾ ਲੇਖਕ ਨੂੰ ਵੀ ਨਹੀਂ ਪਤਾ ਹੁੰਦਾ ਕਿ ਉਸ ਭਾਸ਼ਾ ਦੀ ਕਿਸ ਵਿਧੀ-ਵਿਉਂਤ/ਬਣਤਰ 'ਤੇ ਉਸਦਾ ਅਧਿਕਾਰ ਹੈ ਤੇ ਕਿਸ ਉੱਪਰ ਉਸਦਾ ਅਧਿਕਾਰ ਨਹੀਂ ਹੈ, ਜਿਹੜੀ ਭਾਸ਼ਾ ਉਹ ਵਰਤਦਾ ਹੈ'।[9] ਇਉਂ ਪਾਠ ਰਚਦਿਆਂ ਹੀ ਇਸ ਵਿਚ ਵਿਚਰਨਾ ਪ੍ਰਵੇਸ਼ ਕਰ ਜਾਂਦੀ ਹੈ। ਇਹ ਉਸ 'ਤੇ ਕਿਸੇ 'ਹਾਜ਼ਰੀ ਦੇ ਅਧਿਆਤਮ' (Metaphysic of Presence) ਦਾ ਅਸਰ ਹੈ ਤੇ ਦੂਜੇ ਪਾਸੇ ਭਾਸ਼ਾ ਦਾ ਆਲਮ ਹੈ ਕਿ ਇਹ ਅਰਥ ਗੈਰ-ਹਾਜ਼ਰ ਹੋ ਕੇ ਵੀ ਹਾਜ਼ਰ ਰਹਿੰਦੇ ਹਨ। ਲਿਖਤਾਂ ਅੰਤਰ-ਵਿਰੋਧਾਂ ਨਾਲ ਭਰ ਜਾਂਦੀਆਂ ਹਨ। ਵਿਰਚਨਾਤਮਕ ਪੜ੍ਹਤ ਲਿਖਤਾਂ 'ਚੋਂ ਇਨ੍ਹਾਂ ਦੱਬੇ ਜਾਂ ਲੁਕੇ ਅਰਥਾਂ, ਅੰਤਰ-ਵਿਰੋਧਾਂ ਤੇ ਸਵੈ-ਵਿਰੋਧਾਂ ਨੂੰ ਲੱਭਦੀ ਹੈ ਤੇ ਇਹ ਵੇਖਦੀ ਹੈ ਕਿ ਲਿਖਤ, ਜੋ ਗੱਲ ਕਰਨੀ ਚਾਹੁੰਦੀ ਹੈ, ਉਸਨੂੰ ਦਬਾਉਂਦੀ ਕਿਵੇਂ ਹੈ ?

ਦੇਰੀਦਾ ਕਹਿੰਦਾ ਹੈ ਕਿ 'ਪਰੰਪਰਾਗਤ ਦਾਰਸ਼ਨਿਕ ਵਿਰੋਧਤਾਈਆਂ ਵਿਚ ਆਪਸ ਦੀ ਸਾਂਤੀਮਈ ਸਹਿਹੋਂਦ ਨਹੀਂ ਹੁੰਦੀ, ਬਲਕਿ ਇੱਕ ਹਿੰਸਕ ਦਰਜਾਬੰਦੀ (Violent Hierarchy) ਹੁੰਦੀ ਹੈ। ਦੋਨਾਂ 'ਚ ਇੱਕ ਟਰਮ (Axiologically, Logically, etc.) ਦੂਜੀ ਨੂੰ ਨਿਅੰਤਰਿਤ ਕਰਦੀ ਹੈ ਜਾਂ ਆਪਣਾ ਹੱਥ ਉੱਪਰ ਰੱਖਦੀ ਹੈ। ਸਭ ਤੋਂ ਪਹਿਲਾਂ ਵਿਰੋਧੀ ਤੱਤਾਂ ਨੂੰ ਵਿਖੰਡਤ ਕਰਨ ਲਈ, ਝੱਟ ਦੇਣੀ ਦਰਜੇਬੰਦੀ (ਵਿਰੋਧ-ਜੁੱਟਾਂ ਦੀ) ਨੂੰ ਉਲਟਾਉਣਾ ਹੈ'।[10] ਇਹ ਹੀ ਦੇਰੀਦਾ ਦੀ 'Reversal of Hierarchies' ਦੀ ਜੁਗਤ ਹੈ। ਇਉਂ ਕਰਦਿਆਂ ਉਹ ਸਭ ਤੋਂ ਪਹਿਲਾਂ ਉਨ੍ਹਾਂ ਵਿਰੋਧ-ਜੁੱਟਾਂ (Binary Oppositions) ਨੂੰ ਪਲਟਾਉਂਦਾ ਹੈ ਜੋ ਪਾਠ ਵਿਚ ਅਰਥ ਦਾ ਆਧਾਰ ਸਮਝੇ ਜਾਂਦੇ ਹਨ। ਸੰਰਚਨਾਵਾਦ ਪਾਠ 'ਚੋਂ ਜਿਵੇਂ ਵਿਰੋਧੀ-ਜੁੱਟਾਂ ਦੀ ਨਿਸ਼ਾਨਦੇਹੀ ਕਰਦਾ ਸੀ, ਇਨ੍ਹਾਂ ਨੂੰ ਡੀਕੋਡ ਕਰਕੇ ਅਰਥ ਨਿਰਧਾਰਤ ਕਰਦਾ ਸੀ ਅਤੇ ਫਿਰ ਰਚਨਾ ਦੀ ਡੂੰਘ ਸੰਰਚਨਾ/ਨਿਸ਼ਚਿਤ ਪ੍ਰਬੰਧ ਵਿਚ ਪਏ ਨਿਯਮਾਂ ਦੀ ਤਲਾਸ਼ 'ਚ ਪੈਂਦਾ ਹੈ, ਵਿਰਚਨਾ ਵਿਰੋਧ-ਜੁੱਟਾਂ ਦੀ ਤਰਤੀਬ ਨੂੰ ਪਲਟਾਅ ਕੇ ਵੇਖਦਾ ਹੈ ਤੇ ਤਰਤੀਬ ਨੂੰ ਪਲਟਾਉਣਾ ਇਸ ਲਈ ਜ਼ਰੂਰੀ ਹੈ ਕਿ ਇਹ ਪਲਟਾਉਂਦਿਆਂ ਹੀ ਇਨ੍ਹਾਂ ਦੀ ਤਰਜੀਹ ਬਦਲ ਜਾਂਦੀ ਹੈ, ਦਰਜਾ ਬਦਲ ਜਾਂਦਾ ਹੈ, ਇਨ੍ਹਾਂ ਦਾ ਮਕਸਦ ਬਦਲ ਜਾਂਦਾ ਹੈ। ਪ੍ਰਚਲਿਤ ਅਰਥ ਸੰਦੇਹ (Aporia) ਦੇ ਘੇਰੇ ਵਿਚ ਆ ਜਾਂਦੇ ਹਨ। ਪਲਟਾਉਣਾ ਵੀ ਇੱਕ ਖੇਡ ਹੈ, ਇਥੋਂ ਨਵੇਂ ਅਰਥ ਉਜਾਗਰ ਹੁੰਦੇ ਹਨ। ਵਿਰੋਧ-ਜੁੱਟੀ ਇਕਾਈਆਂ (ਬੋਲ/ਲਿਖਤ, ਕੇਂਦਰ/ਵਿਕੇਂਦਰ, ਹਾਜ਼ਰ/ਗੈਰਹਾਜ਼ਰ, ਚੰਗਾ/ਮੰਦਾ, ਪੁੰਨ/ਪਾਪ, ਗੋਰੇ/ਕਾਲੇ, ਮਰਦ/ਔਰਤ, ਉੱਚਾ/ਨੀਵਾਂ, ਸੱਚ/ਝੂਠ, ਚਾਨਣ/ਹਨ੍ਹੇਰ, ਪ੍ਰਕਿਰਤੀ/ਸੰਸਕ੍ਰਿਤੀ, ਦਿਨ/ਰਾਤ, ਤੇ ਸਰੀਰ/ਆਤਮਾਂ)[11] ਵਿਚ ਇੱਕ ਇਕਾਈ ਜਾਂ ਵਿਚਾਰ ਦੂਜੇ ਨੂੰ ਕੱਟਦਾ ਹੈ, ਦਬਾਉਂਦਾ ਹੈ, ਉਸਦਾ ਵਿਰੋਧੀ ਹੈ। ਇਸ 'ਤੇ ਪੂਰਵ ਪ੍ਰਚਲਿਤ ਧਾਰਨਾ ਭਾਰੂ ਹੈ। ਇਉਂ ਇਹ ਤਰਤੀਬ ਹਿੰਸਕ ਕਿਸਮ ਦੀ ਹੈ ਤੇ ਇਨ੍ਹਾਂ ਦੀ ਪਹਿਲ-ਦੂਜ ਬਦਲਣਾ ਵਿਰਚਨਾ ਦਾ ਪਹਿਲਾ ਕੰਮ ਹੈ। ਇਸ ਉਪਰੰਤ ਇਨ੍ਹਾਂ ਵਿਚ 'ਵੱਖਰਤਾ' ਸਥਾਪਤ ਕੀਤੀ ਜਾਂਦੀ ਹੈ ਤੇ ਦਬਾਏ ਗਏ ਅਰਥਾਂ ਨੂੰ ਪ੍ਰਗਟ ਅਰਥਾਂ ਦੇ ਸਾਹਮਣੇ ਰੱਖ ਕੇ ਅੰਤਰ-ਵਿਰੋਧ ਸਾਹਮਣੇ ਲਿਆਂਦੇ ਜਾਂਦੇ ਹਨ। ਇਸ ਨਾਲ ਅਰਥਾਂ ਦਾ ਕੇਂਦਰ/ਨਿਸਚਿਤਤਾ ਟੁੱਟ ਜਾਂਦਾ ਹੈ ਤੇ ਬਹੁ-ਅਰਥਤਾ/ਵਿਕੇਂਦਰਤਾ/ਅਨੇਕਮੁਖਤਾ ਦਾ ਰਾਹ ਖੁੱਲ ਜਾਂਦਾ ਹੈ। ਦੇਰੀਦਾ ਇਸਨੂੰ 'Aporia' ਵੀ ਕਹਿੰਦਾ ਹੈ। ਇਹ ਅਰਥ, ਵਿਰੋਧ-ਜੁੱਟਾਂ ਦੇ ਕਿਸੇ ਵੀ ਇੱਕ ਸ਼ਬਦ ਵਿਚ ਨਹੀਂ ਪਏ, ਸਗੋਂ ਇਨ੍ਹਾਂ ਵਿਰੋਧ-ਜੁੱਟਾਂ ਦੇ ਦੋਵੇਂ ਸ਼ਬਦ ਅਰਥ ਨੂੰ ਦਬਾਉਂਦੇ ਹਨ। ਕੰਮ ਦੇ ਅਰਥ ਤਾਂ ਦੋਨਾਂ ਸ਼ਬਦਾਂ ਦੇ 'ਡਿਫ਼ਰਾਂਸ' (Diffreance) ਵਿਚ ਪਏ ਰਹਿੰਦੇ ਹਨ। ਇਹੀ ਗੱਲ ਫ਼ਿਲਾਸਫ਼ੀ ਜਾਂ ਇਤਿਹਾਸਕ ਲਿਖਤਾਂ ਵਿਚਲੇ ਸੱਚ ਬਾਰੇ ਕੀਤੀ ਜਾ ਸਕਦੀ ਹੈ। ਦੇਰੀਦਾ ਲਈ ਲਿਖਤ ਇੱਕ ਤਰ੍ਹਾਂ ਦੀ ਸਭਿਆਚਾਰਕ ਕਾਰਜਾਂ ਦਾ ਸਰੋਤ ਹੈ ਤੇ ਆਪਣੇ ਅੰਦਰ ਪਏ ਗਿਆਨ/ਸੱਚ ਨੂੰ ਦਬਾਉਣ ਵਾਲੀ ਵੀ ਹੈ। ਪ੍ਰਚਲਿਤ ਸ਼ਕਤੀਸ਼ਾਲੀ ਸੰਰਚਨਾਵਾਂ ਸੱਚ ਨੂੰ ਨੁੱਕਰੇ ਲਾ ਕੇ ਰੱਖਦੀਆਂ ਹਨ। ਸ਼ਬਦ-ਕੇਂਦਰਤਾ ਤੇ ਦਬਾਏ ਹੋਏ ਅਰਥ ਨਾਲ ਹੀ ਸੱਚ ਲਿਖਤ ਦੀ ਕੈਦ ਵਿਚ ਦੱਬਿਆ ਪਿਆ ਹੁੰਦਾ ਹੈ। ਦੱਬੇ ਸੱਚ/ਅਰਥ ਨੂੰ ਬਾਹਰ ਲਿਆਉਣਾ ਹੀ ਵਿਰਚਨਾ ਦਾ ਕੰਮ ਹੈ।

ਅਸਲ ਵਿਚ ਸਾਰਾ ਮਸਲਾ ਚਿਹਨਾਰਥ ਦਾ ਹੈ। ਦੇਰੀਦਾ ਚਿਹਨ ਦੀ ਪਛਾਣ ਨੂੰ 'ਡਿਫ਼ਰਾਂਸ' ਕਾਰਨ ਮੰਨਦਾ ਹੈ ਜੋ 'ਵੱਖਰਤਾ' (to differ) ਤੇ 'ਮੁਲਤਵੀਕਰਨ' (to defffer) ਦੀਆਂ ਦੋ ਕਿਰਿਆਵਾਂ ਨਾਲ ਸੰਬੰਧਿਤ ਹੈ। ਪਹਿਲੀ ਕਿਸੇ ਚੀਜ਼ ਦੇ ਵੱਖਰੇ ਹੋਣ, ਅੰਤਰ ਹੋਣ, ਵਿੱਥ, ਦੂਰ ਜਾਂ ਪ੍ਰਤਿਕੂਲ ਹੋਣ (to differ) ਵਿਚ ਹੈ ; ਭਾਵ ਜੋ ਉਹ ਹੈ, ਕੋਈ ਹੋਰ ਨਹੀਂ ਹੈ ਅਤੇ ਦੂਜੀ ਮੁਲਤਵੀਕਰਨ, ਟਲਣ ਜਾਂ ਟਾਲ-ਮਟੋਲਣ (to postpone or temporization)[12] ਵਿਚ ਹੈ; ਭਾਵ ਚਿਹਨ ਦਾ ਆਪਣੇ ਅਰਥ ਨਿਰੰਤਰ ਅੱਗੇ ਪਾਈ ਜਾਣ 'ਚ ਹੈ, ਅਸਥਿਰ ਹੋ ਜਾਣ 'ਚ ਹੈ। ਇਨ੍ਹਾਂ ਦੋਵਾਂ ਦਾ ਪ੍ਰਸਪਰ ਸੰਬੰਧਾਂ 'ਚ ਸੰਗਮ 'ਡਿਫ਼ਰਾਂਸ' ਹੈ। ਇਸ ਤਰ੍ਹਾਂ ਇਹ ਇੱਕ ਸ਼ਬਦ ਇਕੋ ਵੇਲੇ ਦੂਹਰੇ ਭਾਵ-ਅਰਥਾਂ ਨੂੰ ਸਮਾਉਂਦਾ ਹੈ। ਅਰਥ, ਅੰਤਰਾਂ ਤੇ ਵਿੱਥਾਂ (Spacing) 'ਚੋਂ ਵੀ ਪੈਦਾ ਹੁੰਦੇ ਹਨ ਅਤੇ

ਮੁਲਤਵੀਕਰਨ ਤੇ ਅਸਥਾਈਪਨ (Temporization) 'ਚੋਂ ਵੀ। ਇਥੇ ਕਈ ਤਰ੍ਹਾਂ ਦੀਆਂ ਵਾਫ਼ਰਾਂ ਸ਼ਬਦ ਨੂੰ ਜਾਗ ਲਾ ਕੇ ਬੇਸ਼ੁਮਾਰ ਪੂਰਕ (Supplement) ਪੈਦਾ ਕਰਦੀਆਂ ਹਨ। ਚਿਹਨਕ ਦੀ ਚਿਹਨਤ/ਅਰਥ ਨਾਲ ਏਕਤਾ ਰੱਦ ਹੋ ਜਾਂਦੀ ਹੈ। ਸੋ ਚਿਹਨਕ ਅੱਗੋਂ ਕਿਸੇ ਹੋਰ ਚਿਹਨਕ ਵਿਚ ਹੀ ਮੁਲਤਵੀ ਹੁੰਦਾ ਹੈ, ਕਿਸੇ ਅੰਤਮ ਚਿਹਨਤ ਵਿਚ ਨਹੀਂ। ਸੋ ਭਾਸ਼ਾ ਅਸਥਿਰ ਹੈ ਤੇ ਇਸ ਦਾ ਕੋਈ ਅੰਤਮ ਚਿਹਨਤ ਨਹੀਂ। ਚਿਹਨ ਦੇ ਥੱਲੇ ਗੈਰਹਾਜ਼ਰ ਪੈੜ੍ਹਾਂ (Traces) ਦੇ ਰੂਪ ਵਿਚੋਂ, ਅੱਖੋਂ ਪਰੋਖੇ ਅਰਥ ਪਏ ਹੁੰਦੇ ਹਨ ਜੋ ਉਸਦੇ ਦਿਸਦੇ ਅਰਥ ਦੇ ਵਿਰੋਧ 'ਚ ਹੁੰਦੇ ਹਨ ਤੇ ਇਹੀ ਚਿਹਨ ਦਾ ਵਿਰੋਧਭਾਸ ਹੈ, ਪਾਠ ਵਿਚ ਇੱਕ ਅੰਤਰ-ਵਿਰੋਧ। ਇਹ ਅਸਲ ਵਿਚ ਸੌਸਿਊਰ ਦੇ ਭਾਸ਼ਾ-ਵਿਗਿਆਨ 'ਤੇ ਉਸਦੇ ਸੰਰਚਨਾਵਾਦ ਦੇ ਵਿਰੋਧ ਵਿਚੋਂ ਸਾਹਮਣੇ ਆਉਂਦਾ ਹੈ। ਸੌਸਿਊਰ ਅਨੁਸਾਰ ਭਾਸ਼ਾ ਆਪਹੁਦਰੇ ਚਿਹਨਾਂ ਦਾ ਸਿਸਟਮ ਹੈ। 'ਚਿਹਨ', 'ਚਿਹਨਕ' ਤੇ 'ਚਿਹਨਤ' ਦਾ ਸੁਮੇਲ ਹੈ ਤੇ ਇਹ ਮਿਲ ਕੇ ਇੱਕ ਇਕਾਈ ਦੇ ਰੂਪ ਵਿਚ ਕੋਈ ਨਿਸਚਿਤ ਅਰਥ ਦਿੰਦਾ ਹੈ। ਚਿਹਨ ਤੇ ਅਰਥ ਦਾ ਇਹ ਰਿਸ਼ਤਾ ਆਪਹੁਦਰਾ ਹੈ ਤੇ ਵਿਰੋਧ-ਜੁੱਟਤਾ ਆਧਾਰਿਤ ਹੈ। ਦੇਰੀਦਾ ਇਸਨੂੰ ਨਕਾਰ ਦਿੰਦਾ ਹੈ। ਉਸ ਅਨੁਸਾਰ ਅਰਥ ਨਾ ਹੀ ਚਿਹਨਕ ਤੇ ਚਿਹਨਤ ਦਾ ਸੁਮੇਲ ਹਨ ਤੇ ਨਾ ਹੀ ਇਹ ਵਿਰੋਧ-ਜੁੱਟਾਂ ਦੇ ਕਿਸੇ ਵੀ ਸ਼ਬਦ ਵਿਚ ਪਏ ਹੁੰਦੇ ਹਨ। ਇਨ੍ਹਾਂ ਦੇ ਵਿਰੋਧੀ ਤੱਤ ਦੋ-ਪੱਖੀ ਸਾਂਤ ਸਹਿਹੋਂਦ ਦੀ ਥਾਂ ਇੱਕ ਹਿੰਸਕ ਦਰਜੇਬੰਦੀ ਉਸਾਰਦੇ ਹਨ। ਇਨ੍ਹਾਂ ਵਿਰੋਧ-ਜੁੱਟਾਂ ਦੇ ਦੋਵੇਂ ਹਾਜ਼ਰ ਸ਼ਬਦ ਹੀ ਅਸਲ ਅਰਥ ਨੂੰ ਦਬਾਉਂਦੇ, ਆਪਣਾ ਹੱਥ ਉੱਪਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਕੰਮ ਦੇ ਅਰਥ ਤਾਂ ਦੋਨਾਂ ਸ਼ਬਦਾਂ ਦੇ 'ਡਿਫ਼ਰਾਂਸ' ਵਿਚ ਪਏ ਰਹਿੰਦੇ ਹਨ, ਭਾਵ ਇੱਕ ਦੂਜੇ ਦੀ ਵੱਖਰਤਾ ਜਾਂ ਪ੍ਰਤਿਕੂਲਤਾ 'ਚ ਅਤੇ ਟਲਣ ਵਿਚ ਜਾਂ ਨਿਰੰਤਰ ਅੱਗੇ ਪਈ ਜਾਣ 'ਚ ਹੈ। ਇਸ ਤਰਾਂ ਚਿਹਨ/ਸ਼ਬਦ ਦੀ ਅਰਥ-ਸਿਰਜਣਾ ਦੇ ਕਾਰਜ ਵਿਚ ਇੱਕ ਤਾਂ ਉਸਦੇ ਹਾਜ਼ਰ ਤੱਤਾਂ ਦੀ ਵੱਖਰਤਾ ਕੰਮ ਕਰਦੀ ਹੈ ਤੇ ਦੂਜਾ ਗੈਰਹਾਜ਼ਰ ਤੱਤਾਂ ਦੀ ਵੱਖਰਤਾ ਵੀ ਇਸ ਕਾਰਜ ਵਿਚ ਸ਼ਾਮਲ ਹੁੰਦੀ ਹੈ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਹਾਜ਼ਰ ਜਾਂ ਗੈਰਹਾਜ਼ਰ ਤੱਤਾਂ ਵਿਚ ਹਮੇਸ਼ਾਂ ਇੱਕ ਵਿੱਥ (space) ਹੁੰਦੀ ਹੈ ਜੋ ਅਰਥ ਪ੍ਰਕਿਰਿਆ ਦੌਰਾਨ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਤੇ ਇਹ 'ਟਰੇਸ' ਹੋ ਕੇ ਚਿਹਨ ਨੂੰ ਅੰਤਮ ਹਾਜ਼ਰੀ ਤੋਂ ਤੋੜ ਕੇ ਅਸਥਾਈ ਬਣਾ ਦਿੰਦੀ ਹੈ ਤੇ ਅਰਥ ਮੁਲਤਵੀਕਰਨ ਦੇ ਚੱਕਰ 'ਚ ਪੈ ਜਾਂਦਾ ਹੈ। ਇਥੇ ਅਰਥ ਜਿਨ੍ਹਾਂ ਹਾਜ਼ਰ ਹੁੰਦਾ, ਉਨ੍ਹਾਂ ਹੀ ਇਸ ਤੋਂ ਟਲਿਆ ਗੈਰਹਾਜ਼ਰ 'ਟਰੇਸ' (Trace) ਦੇ ਰੂਪ ਵਿਚ ਵੀ ਹੁੰਦਾ ਤੇ ਨਿਰੰਤਰ ਟਲਣ (Temporization) 'ਚ ਰਹਿੰਦਾ ਹੈ। ਇਸ ਸਪੇਸ (Spacing) ਤੇ ਅਸਥਾਈਪਨ (Temporization) ਦੀ ਦਖ਼ਲਅੰਦਾਜੀ, ਅਰਥ ਦੀ ਹਾਜ਼ਰੀ ਵਿਚ ਗੈਰਹਾਜ਼ਰੀ ਨੂੰ ਅੰਕਿਤ ਕਰਦੀ ਹੈ। ਇਹ ਸਪੇਸ (Spacing) ਤੇ ਅਸਥਾਈਪਨ (Temporization) ਦੀ ਦਖ਼ਲਅੰਦਾਜੀ, ਅਰਥ ਦੀ ਹਾਜ਼ਰੀ ਵਿਚ ਗੈਰਹਾਜ਼ਰੀ ਨੂੰ ਅੰਕਿਤ ਕਰਦੀ ਹੈ। ਇਸੇ ਕਰਕੇ ਦੇਰੀਦਾ 'ਡਿਫ਼ਰਾਂਸ' ਨੂੰ 'temporization' ਤੇ 'spacing' ਦੇ ਤੌਰ ਦੇ ਵੀ ਲੈਂਦਾ ਹੈ।[13] ਇਉਂ 'ਡਿਫ਼ਰਾਂਸ' ਦੇਰੀਦਾ ਦੇ ਕਹਿਣ ਵਾਂਗ ਨਾ ਕੋਈ ਸ਼ਬਦ ਤੇ ਨਾ ਹੀ ਸੰਕਲਪ ਵਜੋਂ ਨਿਰਧਾਰਤ ਹੁੰਦਾ ਹੈ ਬਲਕਿ ਇਹ ਉਪਰੋਕਤ ਬਹੁ-ਮੁਖੀ ਲੱਛਣਾਂ ਵਜੋਂ ਸਮਝ 'ਚ ਆਉਂਦਾ ਹੈ।

ਉਤਰ-ਸੰਰਚਨਾਵਾਦੀ ਪੜ੍ਹਤ, ਦੂਹਰੀ ਪੜ੍ਹਤ ਹੈ। ਅਸਲ ਵਿਚ ਲਿਖਤ ਵਿਚਲੇ ਅੰਤਰ-ਵਿਰੋਧਾਂ ਨੂੰ ਵੱਖਰਿਆਉਣ ਲਈ ਪਾਠ ਨੂੰ ਵੱਖਰੇ ਢੰਗ ਨਾਲ ਪੜ੍ਹਨਾ ਪੈਂਦਾ ਹੈ। ਇਸ ਨਜ਼ਰੀਏ ਤੋਂ ਪਾਠ ਦੇ ਅੰਦਰਲੇ ਤੇ ਬਾਹਰਲੇ ਦੋਨੋ ਵਿਰੋਧੀ ਤੱਤਾਂ 'ਤੇ ਧਿਆਨ ਧਰਿਆ ਜਾਂਦਾ ਹੈ। ਅੰਤਰਮੁਖੀ ਯਤਨ ਵਿਚ ਵਿਰੋਧਤਾਈਆਂ ਦੇ ਆਪਸੀ ਸੰਬੰਧ, ਭਾਵ-ਅਰਥਾਂ ਜਾਂ ਵਿਚਾਰ ਨੂੰ ਸਮਝ ਕੇ, ਪਾਠ ਅੰਦਰ ਕਾਰਜਸ਼ੀਲ ਵਿਚਾਰਧਾਰਾ ਨੂੰ ਵੇਖਿਆ ਜਾਂਦਾ ਹੈ। ਬਾਹਰਮੁਖੀ ਯਤਨ ਵਿਚ ਵਿਰੋਧੀ ਤੱਤਾਂ ਨੂੰ ਯਾਦ ਰੱਖਕੇ, ਉਨ੍ਹਾਂ ਦੀ ਤਰਤੀਬ/ਜੁੱਟ ਸਪੱਸ਼ਟ ਕਰਨੀ ਤੇ ਉਨ੍ਹਾਂ ਆਹਮਣੇ-ਸਾਹਮਣੇ ਰੱਖ ਕੇ ਉਲਟਾਉਣਾ। ਹੁਣ ਨਵੀਂ ਤਰਤੀਬ (ਮਰਦ-ਔਰਤ ਦੀ ਥਾਂ ਔਰਤ-ਮਰਦ) ਤੋਂ ਪਾਠ ਪੜ੍ਹਦਿਆਂ ਅਰਥ ਵੱਲ ਆਇਆ

ਜਾਂਦਾ ਹੈ, ਇਹ ਦੂਹਰੀ ਪੜ੍ਹਤ ਹੈ। ਇਹ ਇਸ ਲਈ ਹੈ ਕਿ ਪ੍ਰਚਲਿਤ ਦਰਜਾਬੰਦੀ (Hierarchy) ਦੀ ਧੌਂਸ ਵਾਲੀ ਬਿਰਤੀ ਦਾ ਪਰਦਾਫਾਸ ਕੀਤਾ ਜਾ ਸਕੇ। ਅਜਿਹਾ ਕਰਦਿਆਂ ਹੀ ਪਾਠ ਵਿਚੋਂ ਅਣਗਿਣਤ ਪੈੜ੍ਹਾਂ, ਵਿੱਥਾਂ (Spaces) ਤੇ ਹਾਜ਼ਰ/ਗੈਰਹਾਜ਼ਰ ਵੇਰਵੇ ਪ੍ਰਗਟ ਹੋਣ ਲੱਗਦੇ ਹਨ ਜੋ ਪਹਿਲੀ ਦਰਜਾਬੰਦੀ ਨੇ ਦਬਾ ਕੇ ਰੱਖੇ ਸਨ ਅਤੇ ਇਹ ਪ੍ਰਗਟ ਹੁੰਦਿਆਂ ਹੀ ਪਰੰਪਰਾਗਤ ਦਰਜਾਬੰਦੀ 'ਚ ਮਿਥੀ ਹੋਈ ਵਿਆਖਿਆ (Misinterpretation) ਜਾਂ ਪ੍ਰਚਲਿਤ ਅਰਥਾਂ ਨੂੰ ਤੋੜ ਦਿੰਦੇ ਹਨ। ਇਥੇ ਅਰਥਾਂ ਪ੍ਰਤਿ ਬੇਵਿਸ਼ਵਾਸੀ (Aporia) ਹੈ। ਹਰ ਅਰਥ ਸੰਦੇਹ ਦੇ ਘੇਰੇ 'ਚ, ਮਤਲਬ ਹਰ ਸਮੇਂ ਕਾਟੇ ਹੇਠ (Under Erasure) ਹੈ। ਇਉਂ ਹਰ ਪਾਠ/ਪੜ੍ਹਤ, ਹਰ ਵਾਰ ਅਧੂਰਾ ਹੁੰਦਾ ਹੈ ਤੇ ਪਹਿਲੇ ਪਾਠ ਦਾ ਪੂਰਕ ਹੀ ਹੁੰਦਾ ਹੈ। ਇਹ ਕਿਸੇ ਪਹਿਲੇ ਪਾਠ 'ਤੇ 'ਪਿਉਂਦ' (Disseminate) ਹੀ ਲਾਈ ਹੁੰਦੀ ਹੈ। ਪਾਠ-ਪੂਰਕ-ਪਾਠ ਦਾ ਸਿਲਸਿਲਾ ਲੰਬਾ ਹੈ, ਇਹ ਕਿਤੇ ਨਹੀਂ ਮੁੱਕਦਾ ਤੇ ਸਾਹਿਤ ਇਸ ਤੋਂ ਵੱਧ ਕੁਝ ਨਹੀਂ। ਇਸੇ ਲਈ ਇਥੇ ਸਾਹਿਤਕ ਆਲੋਚਨਾ ਵੀ ਇੱਕ ਸਾਪੇਖ ਪਾਠ ਹੀ ਹੈ।

ਸੋ ਪੜ੍ਹਤ ਦੇ ਕਾਰਜ ਵਿਚ ਸੰਰਚਨਾਵਾਦੀ ਤੇ ਉਤਰ-ਸੰਰਚਨਾਵਾਦੀ ਵਿਧੀ ਵਿਚ ਸਿੱਧਾ ਨਿਖੇੜ ਪਾਠ ਦੀ ਵਿਆਖਿਆ ਦਾ ਹੈ। ਜੇਕਰ ਕੋਈ ਪਾਠਕ ਜਾਂ ਅਧਿਐਨ ਕਰਤਾ ਪਾਠ ਵਿਚੋਂ ਲੇਖਕ ਦੇ ਨਿਸਚਿਤ ਅਰਥਾਂ ਨੂੰ ਖੋਜਣ ਵੱਲ ਰੁਚਿਤ ਹੈ ਤਾਂ ਇਹ ਨਿਸ਼ਕਿਰਿਆਸ਼ੀਲ ਤੇ ਹੀਣਾ ਜਿਹਾ ਕੰਮ ਹੈ। ਇਉਂ ਕਰਦਾ ਪੱਛਮੀ ਸੰਰਚਨਾਵਦੀ ਜਾਂ ਹੋਰ ਆਧੁਨਿਕਤਾਵਾਦੀ ਏਕਾਧਿਕਾਰਵਾਦੀ ਸਿੱਧਾਂਤ, ਸਾਹਿਤਕ ਪਾਠ ਦੀ ਵਿਸ਼ਾਲਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਖ਼ਰ ਉਹ ਉਸਨੂੰ ਇਕੋ ਇੱਕ ਸਥਿਰ ਅਰਥ ਪ੍ਰਦਾਨ ਕਰਨਾ ਚਾਹੁੰਦਾ ਹੈ, ਜਿਸ ਤਰ੍ਹਾਂ ਆਮ ਬੋਲ ਚਾਲ 'ਚ ਵਾਕਾਂ ਦਾ ਅਰਥ ਨਿਸਚਿਤ ਕੀਤਾ ਜਾਂਦਾ ਹੈ। ਅਜਿਹੇ ਵਾਕ 'ਚ ਵਕਤਾ ਦਾ ਮਨੋਰਥ ਸਪੱਸ਼ਟ ਹੁੰਦਾ ਹੈ ਤੇ ਪਾਠ 'ਚੋਂ ਅਜਿਹਾ ਮਨੋਰਥ ਜਾਂ ਅਰਥ ਲੱਭਣਾ ਕਿਸੇ 'ਸ਼ਬਦ-ਕੇਂਦਰਤਾ' ਦਾ ਸ਼ਿਕਾਰ ਹੋਣਾ ਹੈ। ਅਜਿਹੇ ਸੁਭਾਅ ਤੋਂ ਮੁਕਤ ਅਧਿਐਨ ਵਿਧੀ ਸਾਹਮਣੇ ਲਿਆਉਣਾ, ਉਤਰ-ਸੰਰਚਨਾਵਾਦ ਦੀ ਮਹੱਤਵਪੂਰਨ ਦੇਣ ਹੈ। ਇਹ ਅਜਿਹੇ ਅੰਤਰ-ਅਨੁਸ਼ਾਸਨੀ ਪਰਿਪੇਖ ਵਜੋਂ ਸਾਹਮਣੇ ਆਉਂਦਾ ਹੈ ਜੋ ਪਾਠਾਂ ਨੂੰ ਬਹੁ-ਅਰਥ ਨਿਰਮਾਣ ਕਰਨ ਵਾਲੀ ਅਜਿਹੀ ਖੁਲ੍ਹੀ ਸਿਰਜਣਾ ਮੰਨਦਾ ਹੈ ਜਿਸਦਾ ਕੋਈ ਨਿਸਚਿਤ ਜਾਂ ਬੰਦ ਪ੍ਰਬੰਧ ਨਹੀਂ। ਪਾਠ ਜਾਂ ਕਿਸੇ ਸੰਰਚਨਾ ਦਾ ਕੋਈ ਇੱਕ ਤੱਤ/ਚਿਹਨ ਕੇਂਦਰੀ ਨਹੀਂ, ਇਸ ਲਈ ਪਾਠ ਦੀ ਕੋਈ ਅੰਤਮ ਵਿਆਖਿਆ ਹੋ ਹੀ ਨਹੀਂ ਸਕਦੀ। ਅਖੌਤੀ ਕੇਂਦਰ ਤੋਂ ਪਰ੍ਹੇ ਵੀ ਬਹੁਤ ਮਹੱਤਵਪੂਰਨ ਤੱਤ ਹੁੰਦੇ ਹਨ ਜੋ ਉਨ੍ਹਾਂ ਦੇ ਵਿਰੁੱਧ ਅਰਥ ਪ੍ਰਗਟ ਕਰਦੇ ਹਨ। 'ਵਿਰਚਨਾ' ਦਾ ਮਤਲਬ ਹੀ ਇਹ ਹੈ। ਹਰ ਕਾਰਜ/ਪਾਠ/ਤੱਤ ਆਪਣੇ ਆਪ ਨੂੰ ਵਿਖੰਡਤ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਪਾਠ ਨੂੰ ਪੜ੍ਹਦਿਆਂ ਪਾਠਕ ਜਾਂ ਆਲੋਚਕ ਸੁਚੇਤ ਤੌਰ 'ਤੇ ਇੱਕ ਨਵੇਂ ਪਾਠ ਦਾ ਨਿਰਮਾਣ ਕਰਦਾ ਜਾਂਦਾ ਹੈ ਤੇ ਪਾਠ ਦੇ ਆਰ ਪਾਰ ਫੈਲੇ ਪਾਠਾਂ (ਅੰਤਰ-ਪਾਠਾਂ) ਨੂੰ ਇਸ ਪ੍ਰਕਿਰਿਆ ਵਿਚ ਸ਼ਾਮਲ ਕਰਦਾ ਜਾਂਦਾ ਹੈ। ਇਉਂ ਅਰਥ-ਪ੍ਰਕਿਰਿਆ ਦੌਰਾਨ ਪਾਠਕ ਹੀ ਪ੍ਰਮੁੱਖ ਹੁੰਦਾ ਹੈ ਅਤੇ ਉਹ ਲੇਖਕ ਤੋਂ ਬਾਅਦ ਪਾਠ ਨੂੰ ਮੁੜ-ਸਿਰਜਦਾ ਹੈ।

ਜਦੋਂ ਉਤਰ-ਸੰਰਚਨਾਵਾਦ ਨੂੰ ਇੱਕ ਵਿਧੀ ਵਾਂਗ ਲਿਆ ਤੇ ਸਮਝਿਆ ਜਾਂਦਾ ਹੈ ਤਾਂ ਸੌਖ ਲਈ ਸਾਹਿਤਕ ਪਾਠ ਦੀ ਵਿਰਚਨਾ ਕਰਨ ਦਾ ਵਿਧੀਵਤ ਢੰਗ-ਤਰੀਕਾ ਅਧਿਐਨ ਅਧੀਨ ਟੈਕਸਟ ਹੀ ਦੱਸਦੀ ਹੈ। ਇਸ ਵਿਚ ਬਹੁਤਾ ਯੋਗਦਾਨ ਪਾਠ ਦੇ ਸੁਭਾਅ ਦਾ ਹੀ ਹੁੰਦਾ ਹੈ ਕਿ ਉਹ ਵਿਸ਼ਲੇਸਣ ਨੂੰ ਕੀ ਦਿਸ਼ਾ ਦਿੰਦਾ ਹੈ! ਇਸ ਤੋਂ ਇਲਾਵਾ ਉਪਰੋਕਤ ਸੰਕਲਪਾਂ ਅਤੇ ਦ੍ਰਿਸ਼ਟੀ ਦੀ ਸੋਝੀ ਨੇ ਅਧਿਐਨ ਕਰਤਾ ਦੀ ਮਹਿਦੂਦ ਚੇਤਨਾ ਆਧਾਰਿਤ ਅਧਿਐਨ ਨੂੰ ਦਿਸ਼ਾ ਦੇਣੀ ਹੈ। ਇਸੇ ਕਰਕੇ ਪਾਠ ਨੂੰ ਵਿਖੰਡਿਤ ਕਰਨ ਦੇ ਕਈ ਢੰਗ-ਤਰੀਕੇ ਸਾਹਮਣੇ ਆਉਂਦੇ ਹਨ। ਫਿਰ ਵੀ ਉਪਰੋਕਤ ਸਮੁੱਚੀ ਚਰਚਾ ਨੂੰ ਧਿਆਨ ਵਿਚ ਰੱਖਦਿਆਂ ਪੰਜਾਬੀ ਪਾਠਾਂ ਨੂੰ ਉਤਰ-ਸੰਰਚਨਾਵਾਦੀ ਵਿਧੀ ਤੋਂ ਸਮਝਣ ਲਈ ਪੜਾਅਵਾਰ ਕੁਝ ਗੱਲਾਂ ਦਾ ਧਿਆਨ ਰੱਖਿਆ ਜਾ ਸਕਦਾ ਹੈ। ਸਭ ਤੋਂ ਪਹਿਲੀ ਗੱਲ ਟੈਕਸਟ ਦੀ

ਚੋਣ ਸਬੰਧੀ ਹੈ। ਕਈਆਂ ਨੇ ਇਹ ਸਮਝ ਰੱਖਿਆ ਹੈ ਕਿ ਉਤਰ-ਸੰਰਚਨਾਵਾਦੀ ਵਿਧੀ ਤੋਂ ਅਜੋਕੇ ਸਮੇਂ ਜਾਂ ਉਤਰ-ਆਧੁਨਿਕ ਸਮੇਂ ਦੀ ਟੈਕਸਟ ਹੀ ਲਈ ਜਾ ਸਕਦੀ ਹੈ ਪਰ ਇਹ ਭਰਮ ਹੈ। ਇਸ ਦ੍ਰਿਸ਼ਟੀ ਤੋਂ ਕਿਸੇ ਵੀ ਸਮੇਂ ਦੇ ਸਾਹਿਤਕ ਪਾਠ ਅਤੇ ਕੋਈ ਵੀ ਵਿਧਾ (ਕਵਿਤਾ, ਨਾਟਕ, ਕਹਾਣੀ ਜਾਂ ਨਾਵਲ ਆਦਿ) ਲਈ ਜਾ ਸਕਦੀ ਹੈ। ਮਿਸਾਲ ਦੇ ਤੌਰ 'ਤੇ ਅਸੀਂ ਮੱਧਕਾਲੀਨ ਪਾਠ, ਰਮਾਇਣ, ਮਹਾਂਭਾਰਤ, ਹੋਰ ਦੰਤ ਕਥਾਵਾਂ, ਕਿੱਸੇ ਜਾਂ ਕੋਈ ਵੀ ਆਧੁਨਿਕ ਟੈਕਸਟ ਲੈ ਸਕਦੇ ਹਾਂ। ਫਿਰ ਪਹਿਲੀ ਪੜ੍ਹਤ ਵਿਚ ਉਸ ਟੈਕਸਟ ਦੇ ਪ੍ਰਚਲਿਤ ਅਰਥ ਸਮਝੇ ਜਾਂਦੇ ਹਨ ਕਿ ਉਹ ਟੈਕਸਟ ਕਹਿੰਦੀ ਕੀ ਹੈ ? ਇਹ ਸਾਧਾਰਨ, ਸੂਝ, ਵਿਆਖਿਆ, ਲੇਖਕ ਦੁਆਰਾ ਜਾਂ ਪੜ੍ਹਨ-ਪੜ੍ਹਾਉਣ 'ਚੋਂ ਗ੍ਰਹਿਣ ਕੀਤੇ ਅਰਥ ਹਨ। ਮਿਸਾਲ ਵਜੋਂ ਅਸੀਂ ਕਿੱਸੇ 'ਪੂਰਨ ਭਗਤ' ਨੂੰ ਕਿਵੇਂ ਲੈਂਦੇ ਹਾਂ ? ਆਮ ਤੌਰ 'ਤੇ ਅਸੀਂ ਸਮਝਦੇ ਹਾਂ ਕਿ ਇਹ ਰਚਨਾ ਸਾਡੇ ਸਦਾਚਾਰ ਤੇ ਕਦਰਾਂ-ਕੀਮਤਾਂ ਨੂੰ ਸਾਂਭਦੀ ਹੈ ਤੇ ਇਸਨੂੰ ਅਸੀਂ ਇੱਕ ਸਭਿਆਚਾਰਕ ਰਚਨਾ ਵਜੋਂ ਗ੍ਰਹਿਣ ਕਰਦੇ ਹਾਂ। 'ਪੂਰਨ' ਇੱਕ ਆਦਰਸ਼/ਸਦਾਚਾਰ ਦਾ ਪ੍ਰਤੀਕ ਹੈ, ਸਾਡਾ ਨਾਇਕ ਹੈ। ਇਸਦੇ ਉਲਟ ਅਸੀਂ 'ਲੂਣਾ' ਨੂੰ ਇੱਕ ਖਲਨਾਇਕ/ਦੁਰਾਚਾਰ ਵਜੋਂ ਅਤੇ 'ਸਲਵਾਨ' ਨੂੰ ਸਾਮੰਤਵਾਦੀ/ਜਗੀਰਵਾਦੀ ਮਰਦ ਦੇ ਅਰਥਾਂ ਵਜੋਂ ਸਮਝਦੇ ਹਾਂ। ਅਗਲੇ ਪੜਾਅ 'ਤੇ ਪਾਠ ਵਿਚਲੇ ਵਿਰੋਧ-ਜੁੱਟਾਂ ਨੂੰ ਪਛਾਣਿਆ ਜਾਂਦਾ ਹੈ। ਇਸ ਵਿਚ ਸਾਨੂੰ ਇੱਕ ਜਾਂ ਇੱਕ ਤੋਂ ਵਧੀਕ ਪ੍ਰਮੁੱਖ ਵਿਰੋਧ-ਜੁੱਟਾਂ ਨੂੰ ਵੇਖਣ ਦੀ ਲੋੜ ਹੈ। ਜਦੋਂ ਅਸੀਂ ਇਹ ਵਿਰੋਧ-ਜੁੱਟਾਂ ਵਾਲਾ ਕਾਰਜ ਮੁਕੰਮਲ ਕਰ ਲੈਂਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਥੋਂ ਇੱਕ ਖਾਸ ਦਰਜਾਬੰਦੀ ਸਾਹਮਣੇ ਆਉਂਦੀ ਹੈ ਜਿਸ ਵਿਚ ਇੱਕ ਧਿਰ ਵਿਸ਼ੇਸ਼ ਤਰ੍ਹਾਂ ਦੀ ਪ੍ਰਾਥਮਿਕਤਾ ਰੱਖਦੀ ਹੈ ਤੇ ਪਾਠ ਦੇ ਅਰਥ, ਇਨ੍ਹਾਂ ਵਿਰੋਧ-ਜੁੱਟਾਂ ਦੇ ਆਪਸੀ ਸੰਬੰਧਾਂ ਵਿਚ ਉਸ ਦੇ ਅਧੀਨ ਵਿਚਰਦੇ ਹਨ। 'ਪੂਰਨ ਭਗਤ' ਵਿਚ ਇਹ ਵਿਰੋਧ-ਜੁੱਟ ਮਰਦ/ਔਰਤ, ਸਦਾਚਾਰ/ਦੁਰਾਚਾਰ, ਪੁੰਨ/ਪਾਪ ਤੇ ਜਤਸਤ/ਕਾਮਨਾ ਆਦਿ ਪ੍ਰਮੁਖ ਹਨ ਅਤੇ ਦਰਜਾਬੰਦੀ 'ਚ ਮਰਦ, ਸਦਾਚਾਰ, ਪੁੰਨ ਜਾਂ ਜਤ-ਸਤ ਨੂੰ ਪਹਿਲ ਹੈ। ਇਹ ਉਸੇ 'ਹਾਜ਼ਰੀ ਦੇ ਅਧਿਆਤਮ' ਜਾਂ 'ਸ਼ਬਦ-ਕੇਂਦਰਵਾਦ' ਦਾ ਸਿੱਟਾ ਹੈ ਜਿਸ ਦੀ ਵਿਸਥਾਰਪੂਰਵਕ ਗੱਲ ਅਸੀਂ ਪਹਿਲਾਂ ਕਰ ਆਏ ਹਾਂ। ਇਸੇ ਕਰਕੇ 'ਪੂਰਨ ਭਗਤ' ਦੇ ਉਪਰੋਕਤ ਵਰਣਨਿਤ ਪ੍ਰਚਲਿਤ ਅਰਥ ਸਾਨੂੰ ਗ੍ਰਹਿਣ ਹੁੰਦੇ ਹਨ ਤੇ ਇਹ ਟੈਕਸਟ ਇੱਕ ਸਦਾਚਾਰਕ/ਸਭਿਆਚਾਰਕ ਟੈਕਸਟ ਵਜੋਂ ਸਮਝੀ ਜਾਂਦੀ ਹੈ। ਹੁਣ ਪਾਠ ਵਿਚੋਂ ਉਹ ਤਰੇੜਾਂ ਲੱਭੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਉਪਰੋਕਤ ਅਰਥ ਅਸਥਿਰ ਜਾਂ ਵਿਕੇਂਦਰਤ ਹੋਣ ਦੀ ਸੰਭਾਵਨਾ ਹੋਵੇ। ਭਾਵ ਪਾਠ ਵਿਚੋਂ ਅੰਤਰ-ਵਿਰੋਧ, ਵਿਰੋਧਭਾਸ, ਵਿਰੋਧਤਾਈਆਂ ਜਾਂ ਤਣਾਓ ਆਦਿ ਲੱਭੇ ਜਾਂਦੇ ਹਨ ਤੇ ਫਿਰ ਇਸ ਗੱਲ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਕਿ ਪਾਠ ਇੱਕ ਧਿਰ ਨੂੰ ਪਹਿਲੇ ਦਰਜੇ ਜਾਂ ਸੁਪੀਰੀਅਰ ਹੋਣ ਦਾ ਕਿਵੇਂ ਤੇ ਕਿਉਂ ਦਾਅਵਾ ਕਰਦਾ ਹੈ ? ਅਜਿਹਾ ਕਰਨ ਲਈ ਪਹਿਲਾਂ ਪਛਾਣੇ ਗਏ ਵਿਰੋਧ-ਜੁੱਟਾਂ ਨੂੰ ਝਟ-ਪੱਟ ਉਲਟਾਅ ਦੇਣਾ ਹੈ। ਮਿਸਾਲ ਵਜੋਂ ਉੱਪਰ ਦੱਸੇ 'ਪੂਰਨ ਭਗਤ' ਵਿਚਲੇ ਵਿਰੋਧ-ਜੁੱਟ ਹੁਣ ਔਰਤ/ਮਰਦ, ਦੁਰਾਚਾਰ/ਸਦਾਚਾਰ, ਪਾਪ/ਪੁੰਨ ਤੇ ਕਾਮਨਾ/ਜਤ-ਸਤ ਆਦਿ ਵਾਂਗ ਵੇਖੇ ਜਾਣਗੇ ਤੇ ਇਸਦੇ ਨਾਲ ਇੱਕ ਨਵੀਂ ਅਰਥਾਂ ਦੀ ਖੇਡ ਸਾਹਮਣੇ ਆਉਂਦੀ ਹੈ। ਹੁਣ ਅਰਥ ਉਹ ਹੈ ਹੀ ਨਹੀਂ ਜਿਵੇਂ ਪਹਿਲੇ ਪਾਠ 'ਚੋਂ ਦਿਸਦੇ ਸਨ। ਇਹ ਦੂਹਰੀ ਪੜ੍ਹਤ ਹੈ। ਇਸ ਗੱਲ ਨੂੰ ਸਮਝਣ ਲਈ ਪਹਿਲਾ ਵਿਰੋਧ-ਜੁੱਟ ਹੀ ਲੈ ਲਓ। ਹੁਣ 'ਮਰਦ' ਦੀ ਥਾਂ 'ਔਰਤ' ਨੂੰ ਪਹਿਲ ਹੈ। ਮਰਦ ਨੂੰ ਪਿਛਾਂਹ ਰੱਖ ਕੇ ਤੇ ਔਰਤ ਨੂੰ ਪਹਿਲ ਦੇ ਕੇ ਜਦ ਪਾਠ ਨੂੰ ਮੁੜ-ਪੜ੍ਹਿਆ ਜਾਂਦਾ ਹੈ ਤਾਂ ਪਾਠ ਨਾਰੀ ਵਿਰੋਧੀ ਪ੍ਰਵਚਨ ਦੇ ਤੌਰ 'ਤੇ ਗ੍ਰਹਿਣ ਹੋਣਾ ਆਰੰਭ ਹੋ ਜਾਂਦਾ ਹੈ। ਹੁਣ ਇਹ ਪਤਾ ਲੱਗਣ ਲੱਗ ਜਾਂਦਾ ਹੈ ਕਿ ਕਿਵੇਂ ਸੁਸਾਇਟੀ ਦੀ ਤਾਕਤਵਰ ਧਿਰ ਜਾਂ ਦਰਜੇਬੰਦੀ ਦਾ ਅਰਥਾਂ ਦਾ ਏਕਾਧਿਕਾਰ ਸ਼ੱਕ ਦੇ ਘੇਰੇ 'ਚ ਆ ਜਾਂਦਾ ਹੈ। ਅਸੀਂ ਇਹ ਵੀ ਵੇਖਦੇ ਹਾਂ ਕਿ ਕਿਵੇਂ ਇੱਕ ਚੀਜ਼ ਦੀ ਪਛਾਣ ਬਣਾਉਣ ਲਈ, ਉਸਦੀ ਵਿਰੋਧੀ ਚੀਜ਼ ਨੂੰ ਵਰਤਿਆ ਜਾਂਦਾ ਹੈ।[14] ਇਉਂ ਜਿਹੜੀ ਟੈਕਸਟ ਨੂੰ ਅਸੀਂ ਇੱਕ ਸਦਾਚਾਰਕ/ਸਭਿਆਚਾਰਕ ਟੈਕਸਟ ਵਜੋਂ ਸਵੀਕਾਰ ਕੀਤਾ ਸੀ ਤੇ

'ਲੂਣਾ' ਨੂੰ ਨਿਰੋਲ ਤ੍ਰਿਸਕਾਰ ਦੀ ਪਾਤਰ/ਖਲਨਾਇਕ ਸਮਝਿਆ ਸੀ, ਉਹ ਅਰਥ ਹੁਣ ਅਸਵੀਕਾਰ ਕਰਨੇ ਪੈਂਦੇ ਹਨ। ਸਾਡੀ ਸੁਸਾਇਟੀ ਸਾਹਮਣੇ ਵੀ ਇਹ ਚੁਣੌਤੀ ਬਣ ਜਾਂਦੀ ਹੈ ਕਿ ਨਾਇਕ ਜਾਂ ਖਲਨਾਇਕ ਕਿਸਨੂੰ ਸਮਝਿਆ ਜਾਵੇ ? ਸ਼ਿਵ ਕੁਮਾਰ ਦੀ ਇਹ ਖਾਸੀਅਤ ਹੈ, ਉਹ ਵਿਰਚਨਾਤਮਕ ਦ੍ਰਿਸ਼ਟੀ ਤੋਂ ਇਸ ਪਾਠ ਦੇ ਪਰੰਪਰਕ ਕੇਂਦਰੀ ਅਰਥ ਨੂੰ ਤੋੜ ਦਿੰਦਾ ਹੈ ਤੇ 'ਲੂਣਾ' ਨੂੰ ਹਾਸ਼ੀਏ ਤੋਂ ਕੇਂਦਰ ਵੱਲ ਲਿਆ ਕੇ ਨਵੇਂ ਅਰਥ ਦਿੰਦਾ ਹੈ। ਇਥੇ ਵੀ ਇੱਕ ਗੱਲ ਇਹ ਵੀ ਧਿਆਨ ਰੱਖਣ ਵਾਲੀ ਹੈ ਕਿ ਵਿਕੇਂਦਰਤ ਕਰਨ ਤੋਂ ਬਾਅਦ ਵੀ ਕੋਈ ਨਵਾਂ ਕੇਂਦਰ ਸਿਰਜਿਆ ਗਿਆ ਹੋ ਸਕਦਾ ਹੈ ਜਿਸਦੇ ਮੁੜ ਵਿਖੰਡਨ ਦੀ ਸੰਭਾਵਨਾ ਹੁੰਦੀ ਹੈ। ਸ਼ਿਵ ਕੁਮਰ ਵਿਰੋਧੀ-ਜੁਟ ਮਰਦ/ਨਾਰੀ ਤੋਂ ਅਰਥ ਨਾਰੀ 'ਤੇ ਟਿਕਾ ਕੇ ਮਰਦ/ਸਲਵਾਨ ਦੇ ਵਿਰੋਧ ਵਿਚੋਂ ਉਸਦੀ ਪਛਾਣ/ਕਿਰਦਾਰ ਉਸਾਰਦਾ ਹੈ, ਇਸ ਤਰ੍ਹਾਂ ਭਾਵੇਂ ਉਹ 'ਲੂਣਾ' ਨੂੰ ਨਵੇਂ ਅਰਥ ਦੇ ਦਿੰਦਾ ਹੈ ਪਰ ਇਸ ਅਰਥ ਨੂੰ ਫਿਰ ਕਿਸੇ ਹੋਰ ਕੇਂਦਰ ਨਾਲ ਜੋੜ ਦਿੰਦਾ ਹੈ। ਇਹ ਕੇਂਦਰ ਫਰਾਇਡਵਾਦ ਤੇ ਆਧੁਨਿਕਤਾਵਾਦੀ ਨਾਰੀਵਾਦ ਦੀ 'ਹਾਜ਼ਰੀ' ਦਾ ਹੈ ਜਿਥੇ ਮਰਦ ਦੇ ਖਿਲਾਫ਼ ਇੱਕ ਤਾਕਤਵਰ ਸੰਰਚਨਾ ਉਸਾਰਨ ਦਾ ਮਸਲਾ ਹੈ। ਇਹ ਸ਼ਿਵ 'ਤੇ ਉਸ ਵੇਲੇ ਦੇ ਵਿਕਸਤ ਗਿਆਨ ਦਾ ਅਚੇਤ-ਸੁਚੇਤ ਪ੍ਰਭਾਵ ਵੀ ਕਹਿ ਸਕਦੇ ਹਾਂ। ਵਿਰਚਨਾ ਨਵੇਂ ਕੇਂਦਰ ਸਿਰਜਣ 'ਚ ਨਹੀਂ ਹੈ, ਇਹ ਤਾਂ ਵਿਰੋਧ-ਜੁੱਟ 'ਚੋਂ ਕਿਸੇ ਵੀ ਵਿਰੋਧੀ ਸ਼ਬਦ/ਤੱਤ ਦਾ ਦਾਬਾ ਨਹੀਂ ਝਲਦੀ। ਕੰਮ ਦੇ ਅਰਥ, ਵਿਰੋਧ-ਜੁੱਟਾਂ ਦੇ ਕਿਸੇ ਵੀ ਸ਼ਬਦ ਵਿਚ ਨਹੀਂ ਪਏ ਸਗੋਂ ਇਨ੍ਹਾਂ ਵਿਰੋਧ-ਜੁੱਟਾਂ ਦੇ ਦੋਵੇਂ ਸ਼ਬਦ ਅਸਲ ਅਰਥ ਨੂੰ ਦਬਾਉਂਦੇ ਹਨ। ਕੰਮ ਦੇ ਅਰਥ ਤਾਂ ਦੋਨਾਂ ਸ਼ਬਦਾਂ ਦੇ 'ਡਿਫ਼ਰਾਂਸ' ਵਿਚ ਪਏ ਰਹਿੰਦੇ ਹਨ। ਇਉਂ 'ਪੂਰਨ ਭਗਤ' ਦਾ 'ਪੂਰਨ' ਹੋਵੇ, 'ਸਲਵਾਨ' ਜਾਂ ਸ਼ਿਵ ਦੀ 'ਲੂਣਾ', ਇਨ੍ਹਾਂ ਦੇ ਅਰਥ ਆਪਸੀ ਵਿਰੋਧਤਾਈਆਂ 'ਚ ਪਏ ਹਨ। ਇੱਕ ਇਕਹਿਰੇ (ਨਾਇਕ/ਖਲਨਾਇਕ) ਨਹੀਂ, ਨਿਰੰਤਰ ਅੱਗੇ ਪਈ ਜਾਣ ਵਾਲੇ ਬਹੁ-ਮੁਖੀ ਪਛਾਣ ਵਾਲੇ ਕਿਰਦਾਰ ਹਨ। ਇਕੋ ਵੇਲੇ ਇਨ੍ਹਾਂ 'ਚੋਂ ਘੱਟੋ-ਘੱਟ ਦੋ ਸੱਚ ਪਛਾਣੇ ਜਾ ਸਕਦੇ ਹਨ ਤੇ ਕਿਹੜਾ ਸੱਚ ਉਨ੍ਹਾਂ ਦਾ ਨੂੰ ਇਹ ਨਿਤਾਰ ਸਕਣਾ ਮੁਸ਼ਕਲ ਹੈ। ਇਉਂ ਹੀ ਦੁਰਾਚਾਰ/ਸਦਾਚਾਰ, ਪਾਪ/ਪੁੰਨ ਤੇ ਕਾਮਨਾ/ਜਤ-ਸਤ ਸਭ ਕੁਝ ਦੇ ਪ੍ਰਚਲਿਤ ਅਰਥ ਕਾਟੇ ਹੇਠ/ਵਿਕੇਂਦਰਤ ਹੋ ਜਾਂਦੇ ਹਨ। ਇਹ ਕਿਸੇ ਨਾ ਕਿਸੇ ਬਾਹਰਲੀ, ਪੂਰਵ ਨਿਸਚਿਤ ਤੇ ਅੰਤਮ ਸੱਚ ਵਾਲੀ ਧਾਰਨਾ ਦੇ ਗੁਲਾਮ ਦਿਸਦੇ ਹਨ ਜਿਨ੍ਹਾਂ ਨੂੰ ਇਹ ਆਪਣੀ ਪ੍ਰਮਾਣਿਕਤਾ ਲਈ ਵਰਤਦੇ ਹਨ। ਅਸਲ ਵਿਚ ਭਾਰਤੀ ਫ਼ਿਲਾਸਫ਼ੀ, ਸਦਾਚਾਰ ਜਾਂ ਸਭਿਆਚਾਰਕ ਗਿਆਨ ਵੀ ਕਿਸੇ ਕੇਂਦਰ ਨਾਲ ਜੁੜਿਆ ਹੈ ਜਾਂ ਦੇਰੀਦਾ ਦੀ ਸ਼ਬਦਾਵਲੀ ਵਿਚ ਪੱਛਮੀ ਚਿੰਤਨ ਵਾਂਗ ਇਹ ਵੀ 'ਮੌਜੂਦਗੀ ਦੇ ਅਧਿਆਤਮ' ਤੇ 'ਸ਼ਬਦ-ਕੇਂਦਰਵਾਦ' ਦੀ ਪਕੜ ਵਿਚ ਹੈ। ਇਸ ਤਰ੍ਹਾਂ ਵਿਸਤ੍ਰਿਤ ਵਿਸ਼ਲੇਸ਼ਣ ਕਰਦਿਆਂ ਪਾਠ ਵਿਚਲੀ ਉਸ ਰਾਜਨੀਤੀ ਨੂੰ ਵੀ ਸਮਝਿਆ ਜਾਂਦਾ ਹੈ ਜਿਸ ਕਰਕੇ ਪਾਠ ਕਿਸੇ ਨਾ ਕਿਸੇ ਪੱਧਰ 'ਤੇ ਤਾਕਤਵਰ ਧਿਰਾਂ ਦਾ ਪੱਖ ਪੂਰਦਾ ਹੈ ਜਾਂ ਪਾਠ ਵਿਚ ਕਿਸਦੀ 'ਮੌਜੂਦਗੀ' ਹੈ ਜੋ ਅਜਿਹੇ ਤੱਥ ਉਤਪੰਨ ਕਰ ਰਹੀ ਹੈ ਅਤੇ ਅਰਥ ਨੂੰ ਕਿਸੇ ਕੇਂਦਰ ਨਾਲ ਜੋੜਦੀ ਜਾਂ ਨਿਰਦੇਸ਼ਨ ਪ੍ਰਾਪਤ ਕਰਦੀ ਹੈ। ਇਉਂ ਇਨ੍ਹਾਂ ਅਰਥਾਂ ਨੂੰ ਉਸ ਕੇਂਦਰ ਦੀ ਕੈਦ ਤੋਂ ਮੁਕਤ ਕਰਕੇ ਨਵੇਂ ਅਰਥ ਸਿਰਜਨਾ ਹੀ ਵਿਰਚਨਾ ਦਾ ਕਾਰਜ ਹੈ। ਸੋ ਇਹ ਅਧਿਐਨ ਵਿਧੀ ਜਟਿਲ ਸਾਹਿਤਕ ਤੇ ਸਭਿਆਚਾਰਕ ਸਿਰਜਣਾਵਾਂ ਦੀਆਂ ਤੈਹਾਂ ਵਿਚ ਪਏ ਅਣ-ਦਿੱਸਦੇ ਅਰਥਾਂ, ਅਨੰਤ ਰਹੱਸਾਂ ਤੇ ਉਨ੍ਹਾਂ ਪਿੱਛੇ ਪਏ ਨੇਮਾਂ ਤੀਕ ਪਹੁੰਚਾਣ ਵਾਲੀ ਵਿਲੱਖਣ ਪੜ੍ਹਤ ਵਿਧੀ ਹੈ। ਸਮਕਾਲੀ ਸਾਹਿਤ ਅਧਿਐਨ ਦੇ ਖੇਤਰ ਵਿਚ ਇਹ ਵਿਧੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

## ਹਵਾਲੇ ਤੇ ਟਿੱਪਣੀਆਂ


1. Hugh M. Davidson, Sign Sence and Roland Barthes, **Literary Criticism-Idea and Act,** Ed. By W.K. Wimsatt, University of California Press, 1974, p.240.

2. Roland Barthes, **S/Z**, Translated by Richard Miller, Blackwell, 2002. p. 156.
3. **Ibid**, p. 156.
4. **Ibid**, p. 4, 5.
5. Michel Foucaul, **Archaeology of Knowledge**, Translated by A.M Sherdam Smith, Routledge, 1989, p. 50.
6. https://www.msu.edu/~comertod/courses/foucault.htm.
7. ਗੋਲ ਕੈਦਖ਼ਾਨੇ ਰੂਪੀ ਸਮਾਜਕ ਵਿਵਸਥਾ ਜੋ ਅਜਿਹੀ ਜੇਲ੍ਹ ਵਾਂਗ ਹੈ ਜੋ ਇੱਕ 'ਕੇਂਦਰ'/ 'ਕੇਂਦਰੀ ਟਾਵਰ' ਤੋਂ ਕੈਦੀਆਂ 'ਤੇ ਉਪਰੋਂ ਨਜ਼ਰਸਾਨੀ ਰੱਖਦੀ ਹੋਵੇ।
8. Jacques Derrida, **Of Grammatology**, Translated by Gayatri Chalravorty Spivak, Hopkins University Press, 1997, p.7.
9. **Ibid**, p. 158.
10. Jacques Derrida, **Positions**, Translated by Alan Bass, The Uni. of Chicago Press, 1981, p. 41.
11. ਇਨ੍ਹਾਂ ਤੋਂ ਇਲਾਵਾ ਵੀ ਬਹੁਤ ਸਾਰੀਆਂ ਵਿਰੋਧ-ਜੁੱਟੀ ਇਕਾਈਆਂ ਹਨ, ਸਪੱਸ਼ਟਤਾ ਲਈ ਸਾਹਿਤਕ ਚਿੰਤਨ ਵਿਚਲੀਆਂ ਪ੍ਰਮੁੱਖ ਇਕਾਈਆਂ ਨੂੰ ਇਥੇ ਦੇਣਾ ਵਾਜ਼ਿਬ ਸਮਝਿਆ ਹੈ।
12. Jacques Derrida, Differance, **Margins of Philosophy**, Translated by Alan Bass (The University of Chicago Press, 1982), p. 9.
13. **Ibid**, p. 9.
14. ਇਥੇ ਪਿਓ-ਪੁੱਤ, ਪੁੰਨ-ਪਾਪ ਜਾਂ ਸੱਚ-ਝੂਠ ਇਕੋ ਵੇਲੇ ਇਕੋ ਜਹੀ ਥਾਂ ਰੱਖਦੇ ਹਨ। ਪੁੱਤ ਜੰਮਿਆਂ ਹੀ ਪਿਓ ਦਾ ਜਨਮ ਹੁੰਦਾ ਅਤੇ ਇਨ੍ਹਾਂ ਦਾ ਇੱਕ ਦੂਜੇ ਵਿਚ ਅਸਤਿਤਵ ਪਿਆ ਹੈ। ਪੁੰਨ ਬਿਨਾਂ ਪਾਪ ਤੇ ਪਾਪ ਬਿਨਾਂ ਪੁੰਨ ਦੇ ਕੀ ਅਰਥ ਹਨ, ਪਾਪ ਦੀ ਹੋਂਦ 'ਚ ਹੀ ਪੁੰਨ ਅਰਥਵਾਨ ਹੈ ਤੇ ਪੁੰਨ ਨੂੰ ਸੁਸਾਇਟੀ 'ਚ ਸਥਾਪਤ ਕਰਨ ਲਈ ਹੀ ਪਾਪ ਤੇ ਪਾਪ ਨਾਲ ਸਬੰਧਿਤ ਚੀਜਾਂ ਨਾਲ ਵਿਰੋਧ ਸਿਰਜਿਆ ਜਾਂਦਾ ਹੈ।

# ਸਭਿਆਚਾਰਕ ਅਧਿਐਨ: ਵਿਧੀ ਅਤੇ ਵਿਚਾਰਧਾਰਾ

—ਡਾ. ਗੁਰਮੁਖ ਸਿੰਘ *

## (1)

ਸਧਾਰਨ ਤੌਰ 'ਤੇ ਸਭਿਆਚਾਰ ਨੂੰ ਰੀਤੀ-ਰਿਵਾਜ਼ਾਂ ਦੇ ਸਮੂਹਿਕ ਰੂਪ ਅਧੀਨ ਪਰਿਭਾਸ਼ਤ ਕੀਤਾ ਜਾਂਦਾ ਹੈ। ਸਭਿਆਚਾਰ ਅਸਲ ਵਿਚ ਜ਼ਿੰਦਗੀ ਜਿਊਣ ਦੇ ਵਿਧੀ-ਵਿਧਾਨ ਤੱਕ ਸੀਮਤ ਵਰਤਾਰਾ ਨਹੀਂ, ਇਹ ਇਸ ਨੂੰ ਲਗਾਤਾਰ ਸਿਰਜਣ ਅਤੇ ਢਾਹੁਣ ਦਾ ਵਰਤਾਰਾ ਵੀ ਹੈ। ਇਹ ਲਗਾਤਾਰ ਜਾਰੀ ਰਹਿਣ ਵਾਲੀ ਪ੍ਰਵਚਨਗਤ ਕਸ਼ਮਕਸ਼ ਹੈ। ਇਸ ਵਿਚ ਜ਼ਿੰਦਗੀ ਨੂੰ ਅਰਥ ਦੇਣ ਦੀ ਪ੍ਰਕਿਰਿਆ ਸਾਧਾਰਨ ਤੋਂ ਸਧਾਰਨ ਖੇਤਰ ਤੋਂ ਲੈ ਕੇ ਸਿਖਰਲੀਆਂ ਰਾਜਨੀਤਿਕ ਬਣਤਰਾਂ ਤੱਕ ਫ਼ੈਲਦੀ ਹੈ। ਇਸ ਵਿਚ ਲਗਾਤਾਰ ਇਹ ਤੋਲ-ਮੋਲ ਚਲਦਾ ਰਹਿੰਦਾ ਹੈ ਕਿ ਕਿਹੜਾ ਅਰਥ/ਵਿਚਾਰ ਜ਼ਿਆਦਾ ਸਹੀ ਹੈ। ਸਭਿਆਚਾਰ ਵਿਚ ਤਮਾਮ ਕਿਸਮ ਦੇ ਅਰਥ ਸ਼ਕਤੀ ਸਬੰਧਾਂ ਦੇ ਅਧੀਨ ਰਹਿੰਦੇ ਹਨ। ਏਲੀਟ/ਪ੍ਰਭਾਵੀ ਸਭਿਆਚਾਰ ਕਿਉਂਕਿ ਇਸ ਗੱਲ ਨੂੰ ਨਿਰਧਾਰਤ ਕਰਦੇ ਹਨ ਕਿ ਕਿਹੜੇ ਮੁੱਦੇ 'ਤੇ ਗੱਲਬਾਤ ਹੋਣੀ ਚਾਹੀਦੀ ਹੈ ਅਤੇ ਕਿਹੜੇ 'ਤੇ ਨਹੀਂ ਹੋਣੀ ਚਾਹੀਦੀ। ਇਸ ਕਾਰਨ ਉਹ ਸਭਿਆਚਾਰ ਵਿਚ ਮੌਜੂਦ ਅਰਥਾਂ ਦੀ ਦਿਸ਼ਾ ਅਤੇ ਦਸ਼ਾ ਨੂੰ ਵੀ ਨਿਰਧਾਰਤ ਕਰਦੇ ਹਨ। ਏਲੀਟ/ਪ੍ਰਭਾਵੀ ਸਭਿਆਚਾਰ ਦੇ ਦਾਬੇ ਦੇ ਕਾਰਨ ਹੀ ਸਭਿਆਚਾਰਕ ਤਾਣੇ-ਬਾਣੇ ਦੇ ਕੁਝ ਹਿੱਸੇ ਜ਼ਿਆਦਾ ਪ੍ਰਤੱਖ ਹੁੰਦੇ ਹਨ ਅਤੇ ਕੁਝ ਘੱਟ ਪ੍ਰਤੱਖ ਹੁੰਦੇ ਹਨ।[1]

ਸਭਿਆਚਾਰ ਕੋਈ ਕੁਦਰਤੀ ਦੇਣ ਨਹੀਂ ਹੈ, ਇਹ ਇੱਕ ਸਿਰਜਤ ਵਰਤਾਰਾ ਹੈ, ਇਸ ਕਾਰਨ ਇਸ ਦੀ ਸਿਰਜਣਾ ਦੇ ਆਰ-ਪਾਰ ਕਾਰਜਸ਼ੀਲ ਪ੍ਰਕਿਰਿਆਵਾਂ ਦੀ ਸਮਝਦਾਰੀ ਲਈ ਇਸ ਨੂੰ ਅਧਿਐਨ ਦੀ ਵਸਤੂ ਬਣਾਇਆ ਜਾਂਦਾ ਹੈ। ਕਿਉਂਕਿ ਇਹ ਸਿਰਜਤ ਹੈ, ਇਸ ਕਾਰਨ ਇਸ ਵਿਚ ਸਿਰਜਣ ਵਾਲੀਆਂ ਧਿਰਾਂ ਦੇ ਹਿੱਤਾਂ ਦੀ ਸ਼ਮੂਲੀਅਤ ਹੁੰਦੀ ਹੈ। ਇਸ ਤਰ੍ਹਾਂ ਹੋਣਾ ਇਸ ਨੂੰ ਸੱਤਾ ਅਤੇ ਸ਼ਕਤੀ ਦੇ ਘੇਰੇ ਦੀ ਵਸਤੂ ਬਣਾਉਂਦਾ ਹੈ। ਕੋਈ ਵੀ ਸਭਿਆਚਾਰਕ ਪ੍ਰਵਚਨ ਮਾਸੂਮ ਨਹੀਂ ਹੁੰਦਾ, ਉਹ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਕਿਸੇ ਇੱਕ ਜਾਂ ਦੂਜੀ ਸੱਤਾਵਾਨ ਧਿਰ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ। ਸਭਿਆਚਾਰਕ ਅਧਿਐਨ ਦਾ ਪ੍ਰਮੁੱਖ ਪ੍ਰਕਾਰਜ ਹਿੱਤਾਂ ਦੀ ਪ੍ਰਕਿਰਿਆ ਤੋਂ ਪਰਦਾ ਉਠਾਉਣਾ ਹੈ। ਸ਼ਕਤੀ-ਸੰਬੰਧ ਕਿਸ ਤਰ੍ਹਾਂ ਸਭਿਆਚਾਰਕ ਬਦਲਾਵਾਂ ਨੂੰ ਸਿਰਜਦੇ ਅਤੇ ਦਿਸ਼ਾ-ਬੱਧ ਕਰਦੇ ਹਨ, ਇਸ ਦੀ ਨਿਸ਼ਾਨਦੇਹੀ ਸਭਿਆਚਾਰਕ ਅਧਿਐਨ ਰਾਹੀਂ ਸੰਭਵ ਹੁੰਦੀ ਹੈ। ਸਭਿਆਚਾਰਕ ਅਧਿਐਨ ਸਮਝਦਾਰੀ ਤੋਂ ਅੱਗੇ ਪ੍ਰਤਿਰੋਧ ਦੀ ਵਿਧੀ ਦਾ ਰੂਪ ਵੀ ਬਣਦੇ ਹਨ।

ਸਭਿਆਚਾਰਕ ਅਧਿਐਨ ਤਿੰਨ ਤਰ੍ਹਾਂ ਦੇ ਪਾਠਾਂ 'ਤੇ ਆਧਾਰਿਤ ਹੈ, ਪਹਿਲੇ ਪਾਠ ਉਹ ਹਨ, ਜਿਹੜੇ ਕਿਸੇ ਇੱਕ ਜਾਂ ਦੂਜੀ ਧਿਰ ਵੱਲੋਂ ਲੋਕ-ਸਮੂਹ ਲਈ ਨਿਰਮਤ ਕੀਤੇ ਗਏ ਹਨ, ਮਿਸਾਲ ਵਜੋਂ ਫ਼ਿਲਮ। ਦੂਜੀ ਤਰ੍ਹਾਂ ਦੇ ਪਾਠ ਕਿਤਾਬ ਕੇਂਦਰਤ ਹਨ, ਹਰ ਤਰ੍ਹਾਂ ਦੀ ਕਿਤਾਬ ਇੱਕ ਸਭਿਆਚਾਰਕ ਵਸਤ ਹੈ। ਲਿਹਾਜ਼ਾ ਉਸ ਨੂੰ ਉਸ ਦੇ ਆਪਣੇ ਸੀਮਤ ਘੇਰੇ ਤੋਂ ਬਾਹਰ ਸਭਿਆਚਾਰਕ ਅਧਿਐਨ ਦੀ ਵਸਤੂ ਬਣਾਇਆ ਜਾ ਸਕਦਾ ਹੈ। ਤੀਜੀ ਤਰ੍ਹਾਂ ਦੇ ਪਾਠ ਜਿਉਈ ਜਾ ਰਹੀ ਜ਼ਿੰਦਗੀ ਦੇ ਹਨ। ਜੀਵਨ ਦੇ ਉਹ ਤਮਾਮ ਰੂਪ ਵਿਚ ਜਿਹੜੇ ਅਮਲੀ ਪੱਧਰ 'ਤੇ ਲੋਕਾਂ ਦੁਆਰਾ ਨਿਭਾਏ ਜਾ ਰਹੇ ਹਨ,

* ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਭਿਆਚਾਰਕ ਅਧਿਐਨ ਦੀ ਵਸਤੂ ਹਨ। ਇਨ੍ਹਾਂ ਤਿੰਨ ਤਰ੍ਹਾਂ ਦੇ ਪਾਠਾਂ ਦੇ ਅਨੁਸਾਰ ਹੀ ਖੋਜ ਦੇ ਸੰਦ ਅਤੇ ਖੋਜ ਦੀ ਵਿਧੀ ਨਿਰਧਾਰਤ ਹੁੰਦੀ ਹੈ।

(2)

ਸਭਿਆਚਾਰਕ ਅਧਿਐਨ ਦੀ ਵਿਧੀ ਅਤੇ ਵਿਚਾਰਧਾਰਾ ਦੇ ਪ੍ਰਸੰਗ ਵਿਚ ਪਹਿਲਾ ਗੌਲਣਯੋਗ ਪਹਿਲੂ ਇਹ ਹੈ ਕਿ ਖੋਜ ਅਤੇ ਖੋਜ-ਵਿਧੀ ਸੱਚ ਨੂੰ ਪੇਸ਼ ਕਰਨ ਦੀ ਹੀ ਕੋਸ਼ਿਸ਼ ਨਹੀਂ ਹੁੰਦੀ, ਇਹ ਉਸ ਨੂੰ ਦਿਸ਼ਾ-ਬੱਧ ਕਰਨ ਦਾ ਯਤਨ ਹੁੰਦਾ ਹੈ। ਜਿਉਂ ਹੀ ਖੋਜ ਅਤੇ ਖੋਜ-ਵਿਧੀ ਦਾ ਤਰੀਕਾ ਅਤੇ ਸੰਦਰਭ ਬਦਲਿਆ ਜਾਂਦਾ ਹੈ, ਤਿਉਂ ਹੀ ਨਾਲ ਹੀ 'ਸੱਚ' ਦਾ ਰੂਪ ਬਦਲ ਜਾਂਦਾ ਹੈ। ਕੋਈ ਵੀ ਖੋਜ-ਵਿਧੀ ਸੰਪੂਰਨ ਰੂਪ ਵਿਚ 'ਨਿਰਪੱਖ' ਨਹੀਂ ਹੁੰਦੀ, ਇਹ ਕਿਸੇ ਖਾਸ ਸਥਿਤੀ, ਖ਼ਾਸ ਸਮਾਜਿਕ ਮਾਨਤਾ ਅਤੇ ਇਤਿਹਾਸਕ ਪੜ੍ਹਾਅ ਦੀ ਅਨੁਸਾਰੀ ਹੁੰਦੀ ਹੈ।[2] ਹਰ ਖੋਜ ਅਤੇ ਖੋਜ-ਵਿਧੀ ਇੱਕ ਖਾਸ ਕਿਸਮ ਦੇ ਵਿਚਾਰਧਾਰਕ ਪ੍ਰਵਚਨ ਦੀ ਸਿਰਜਣਾ ਕਰਦੀ ਹੈ। ਖੋਜ-ਵਿਧੀ ਤੋਂ ਭਾਵ ਇੱਕ ਖਾਸ ਕਿਸਮ ਦੀ ਰਾਜਨੀਤਕ ਦ੍ਰਿਸ਼ਟੀ ਤੋਂ ਹੈ, ਜਿਹੜੀ ਵਿਭਿੰਨ ਸਿੱਧਾਂਤਕ ਪਹੁੰਚਾਂ ਦੀ ਮਦਦ ਨਾਲ ਅਧਿਐਨ ਵਸਤੂ ਨੂੰ ਅਰਥ ਪ੍ਰਦਾਨ ਕਰਦੀ ਹੈ।[3] ਖੋਜ-ਵਿਧੀ ਵਿਚ ਉਹ ਸੰਦ ਅਤੇ ਦਾਰਸ਼ਨਿਕ/ਰਾਜਨੀਤਕ ਪ੍ਰਤਿਬੱਧਤਾ ਸ਼ਾਮਿਲ ਹਨ, ਜਿਹੜੀਆਂ ਸਬੰਧਿਤ ਖੋਜ-ਸਮੱਸਿਆਵਾਂ ਦਾ ਲਾਜ਼ਮੀ ਅੰਗ ਹੁੰਦੀਆਂ ਹਨ।[4] ਇਸ ਕਾਰਨ ਖੋਜ ਅਤੇ ਖੋਜ-ਵਿਧੀ ਨੂੰ ਨਿਰਪੱਖ ਰੂਪ ਵਿਚ ਸੱਚ ਦੀ ਭਾਲ ਦੇ ਰੂਪ ਵਿਚ ਦੇਖਣ ਦੀ ਬਜਾਇ ਇਸ ਤਰ੍ਹਾਂ ਦੇਖਣਾ ਚਾਹੀਦਾ ਹੈ ਕਿ ਇਹ ਸਮਾਜਿਕ ਯਥਾਰਥ ਵਿਚ 'ਸੱਚ'/'ਯਥਾਰਥ' ਦੇ ਰੂਪ ਵਿਸ਼ੇਸ਼ ਦਾ ਨਿਰਮਾਣ ਕਰਦੀ ਹੈ। ਇਹ ਸਮਾਜ-ਸਭਿਆਚਾਰਕ ਪ੍ਰਵਚਨਾਂ ਨੂੰ ਸਿਰਜਣ ਵਾਲੀਆਂ ਹੋਰ ਧਿਰਾਂ ਵਾਂਗ ਹੀ ਇੱਕ ਧਿਰ ਹੈ। ਬੇਸ਼ੱਕ ਇਹ ਧਿਰ ਇਸ ਗੱਲੋਂ ਵਿਲੱਖਣ ਅਤੇ ਅਹਿਮ ਹੈ ਕਿ ਇਹ ਪ੍ਰਭਾਵੀ ਰੂਪ ਵਿਚ ਸਥਾਪਤੀ ਦੇ ਸਮਾਨਾਂਤਰ ਪ੍ਰਤਿਰੋਧ 'ਸੱਚ'/'ਯਥਾਰਥ' ਦੀ ਸਿਰਜਣਾ ਕਰਦੀ ਹੈ।

(3)

ਸਭਿਆਚਾਰਕ ਅਧਿਐਨ ਵਿਧੀ ਦੇ ਦੋ ਪੜਾਅ ਹਨ। ਪਹਿਲਾ ਪੜਾਅ ਸਮੱਗਰੀ ਦੀ ਪਛਾਣ ਦਾ ਹੈ। ਇਸ ਵਿਚ ਸਮੱਗਰੀ ਦੇ ਇਕੱਤਰੀਕਰਨ ਤੋਂ ਲੈ ਕੇ ਪ੍ਰਸ਼ਨਾਵਲੀ ਦੀ ਘਾੜਤ ਅਤੇ ਇਕੱਤਰਤ ਸਮੱਗਰੀ ਨੂੰ ਤਰਤੀਬਬੱਧ ਕਰਨ ਦੀ ਪ੍ਰਕਿਰਿਆ ਸ਼ਾਮਿਲ ਹੈ। ਇਸ ਪੜਾਅ 'ਤੇ ਖੋਜ ਦੇ ਸਮੱਸਿਆਕਾਰ ਨੂੰ ਰੁਖ-ਸਿਰ ਕਰਨ ਦਾ ਕਾਰਜ ਵੀ ਸ਼ਾਮਿਲ ਹੈ। ਖੋਜ ਕਰਤਾ ਨੇ ਕੀ, ਕਿਉਂ ਅਤੇ ਕਿਵੇਂ ਖੋਜਣਾ ਹੈ ਅਤੇ ਉਸ ਦੇ ਵਿਚਾਰਧਾਰਕ ਪ੍ਰੇਰਕ ਕੀ ਹਨ, ਇਸ ਦੀ ਸਮਝ ਖੋਜ-ਸਮੱਸਿਆਕਾਰ ਦੇ ਸੰਕਲਪ ਅਧੀਨ ਨੇਪੜੇ ਚੜ੍ਹਦੀ ਹੈ। ਸਭਿਆਚਾਰਕ ਅਧਿਐਨ ਦਾ ਪਹਿਲਾ ਪੜਾਅ ਕੁਲ ਮਿਲਾ ਕੇ ਜਿਸ ਮੁੱਦੇ, ਜਿਸ ਰੂਪ ਜਾਂ ਜਿਸ ਸਮੱਗਰੀ ਨੂੰ ਅਧਿਐਨ ਦੀ ਵਸਤੂ ਬਣਾਉਂਦਾ ਹੈ, ਉਸ ਦੀ ਪ੍ਰਾਪਤੀ/ਪਛਾਣ ਅਤੇ ਵਿਚਾਰਧਾਰਕ ਸੁਰ ਨਾਲ ਸਬੰਧਿਤ ਹੈ। ਅਧਿਐਨ ਵਿਧੀ ਦਾ ਦੂਸਰਾ ਪੜਾਅ ਖੋਜ-ਵਿਧੀ ਦਾ ਹੈ। ਸਭਿਆਚਾਰਕ ਅਧਿਐਨ ਵਿਧੀ ਦੇ ਇਹ ਦੋਵੇਂ ਪੜਾਅ ਸਮਾਨਾਂਤਰ ਕਾਰਜਸ਼ੀਲ ਹੁੰਦੇ ਹਨ; ਇਨ੍ਹਾਂ ਵਿਚ ਪਹਿਲ-ਦੂਜ ਕਾਰਜ ਦੀ ਹੈ, ਦ੍ਰਿਸ਼ਟੀ ਦੀ ਨਹੀਂ।[5]

ਸਭਿਆਚਾਰਕ ਅਧਿਐਨਾਂ ਵਿਚ ਖੋਜ-ਵਿਧੀ ਦੇ ਪੱਖ ਤੋਂ ਮੁੱਖ ਰੂਪ ਵਿਚ ਤਿੰਨ ਪਹੁੰਚ-ਵਿਧੀਆਂ[6] ਕਾਰਜਸ਼ੀਲ ਹਨ: ਪਹਿਲੀ ਹਰਮਿਨਿਊਏਟਿਕ ਪਹੁੰਚ-ਵਿਧੀ (Hermeneutic methodological approach) ਹੈ। ਇਸ ਦਾ ਕੇਂਦਰੀ ਉਦੇਸ਼ ਅਮਲੀ ਜਿਉਣ ਅਨੁਭਵਾਂ ਦੀ ਪ੍ਰਮਾਣਿਕ ਸਮਝ ਨਾਲ ਜੁੜਿਆ ਹੋਇਆ ਹੈ। ਦੂਸਰੀ ਉੱਤਰ-ਸੰਰਚਨਾਵਾਦੀ ਪਹੁੰਚ-ਵਿਧੀ (Poststructuralist methodological approach ) ਹੈ। ਇਸ ਦਾ ਮੁੱਖ ਉਦੇਸ਼ ਉਨ੍ਹਾਂ ਸਮਾਜਿਕ ਪ੍ਰਵਚਨਾਂ ਨੂੰ ਨਸ਼ਰ ਕਰਨਾ ਹੈ, ਜਿਹੜੇ ਸਮੂਹ ਵਿਸ਼ੇਸ਼ ਦੁਆਰਾ ਯਥਾਰਥ ਨੂੰ ਗ੍ਰਹਿਣ ਕਰਨ ਦੀ

ਪ੍ਰਕਿਰਿਆ ਵਿਚ ਦਖ਼ਲ-ਅੰਦਾਜ਼ੀ ਕਰਦੇ ਹਨ। ਤੀਸਰੀ ਵਿਧੀ ਸੰਦਰਭਗਤ ਪਹੁੰਚ-ਵਿਧੀ (Contextualist methodological approach) ਹੈ। ਇਸ ਦਾ ਕੇਂਦਰੀ ਨੁਕਤਾ ਅਧਿਐਨ ਦੀ ਵਸਤੂ ਦੇ ਪਿਛੋਕੜ ਵਿਚ ਕਾਰਜਸ਼ੀਲ ਸਮਾਜਕ, ਆਰਥਕ ਅਤੇ ਰਾਜਨੀਤਕ ਪਰਿਸਥਿਤੀਆਂ ਦੀ ਸਮਝਦਾਰੀ ਪੇਸ਼ ਕਰਨਾ ਹੈ।

**(4)**

ਵਿਸ਼ਵੀਕਰਨ, ਵਿਕਸਤ ਤਕਨੀਕ ਅਤੇ ਸਾਈਬਰਸਪੇਸ ਦੀ ਪ੍ਰਭੂਸੱਤਾ ਨੇ ਵਿਭਿੰਨ ਕਿਸਮ ਦੀਆਂ ਹੱਦਬੰਦੀਆਂ ਨੂੰ ਕਮਜ਼ੋਰ ਕਰ ਦਿੱਤਾ ਹੈ। ਹੱਦਬੰਦੀਆਂ ਦੇ ਕਮਜ਼ੋਰ ਹੋਣ ਦੀ ਪ੍ਰਕਿਰਿਆ ਰਾਸ਼ਟਰਾਂ ਤੋਂ ਲੈ ਕੇ ਵਿਭਿੰਨ ਗਿਆਨ ਅਨੁਸ਼ਾਸਨਾਂ ਤੱਕ ਫ਼ੈਲੀ ਹੋਈ ਹੈ। ਇਸ ਨੇ ਸਮਕਾਲੀ ਜੀਵਨ ਦੀਆਂ ਜੀਵੰਤ, ਮਾਧਿਅਸਥ, ਧਾਰਮਿਕ, ਨਸਲੀ, ਜੈਂਡਰਡ, ਆਰਥਿਕ ਅਤੇ ਰਾਜਨੀਤਿਕ ਪਰਤਾਂ ਵਿਚਲੇ ਅੰਤਰ-ਕਾਰਜੀ ਸੰਬੰਧਾਂ ਦੇ ਅਧਿਐਨ ਦੀ ਲੋੜ ਨੂੰ ਪੈਦਾ ਕੀਤਾ ਹੈ।[7] ਨਵੀਂ ਸਥਿਤੀ/ਸੰਦਰਭ ਨੇ ਅਜਿਹੀ ਅੰਤਰ-ਅਨੁਸ਼ਾਸਨੀ ਪਹੁੰਚ ਨੂੰ ਜਨਮ ਦਿੱਤਾ ਹੈ, ਜਿਸ ਵਿਚ ਵਿਭਿੰਨ ਅਨੁਸ਼ਾਸ਼ਨ ਇੱਕ ਦੂਜੇ ਨਾਲ ਅੰਤਰ-ਸੰਬੰਧਿਤ ਹੋਂਦ ਵਿਚ ਬੱਝ ਗਏ ਹਨ। ਇੱਕ ਇਸ ਤਰ੍ਹਾਂ ਦੀ ਖੋਜ-ਵਿਧੀ ਦੀ ਤਲਾਸ਼ ਜਾਰੀ ਹੈ, ਜਿਸ ਦੇ ਹਵਾਲੇ ਸਮਕਾਲੀ ਜੀਵਨ ਯਥਾਰਥ ਅਤੇ ਮਾਨਵੀ ਸਿਰਜਣਾਵਾਂ ਦੀਆਂ ਵਿਭਿੰਨ ਪਰ ਅੰਤਰ-ਸੰਬੰਧਿਤ ਸਮੀਕਰਨਾਂ ਦੀ ਥਾਹ ਪਾਈ ਜਾ ਸਕਦੀ ਹੈ। ਸਮਕਾਲੀ ਸਭਿਆਚਾਰਕ ਅਧਿਐਨ ਵਿਧੀ ਇਸ ਦਿਸ਼ਾ ਵੱਲ ਅਹਿਮ ਕਦਮ ਹੈ। ਕਰਿਸ ਬਾਕਰ (Chris Barker) ਦਾ ਕਥਨ ਹੈ:

> ਸਭਿਆਚਾਰਕ ਅਧਿਐਨ ਨੂੰ ਅੰਤਰ-ਅਨੁਸ਼ਾਸਨੀ ਅਤੇ ਉੱਤਰ-ਅਨੁਸ਼ਾਸਨੀ ਵਰਤਾਰੇ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਹ ਵਰਤਾਰਾ ਸਭਿਆਚਾਰ ਦੇ ਨਿਰਮਾਣ, ਇਸ ਦੇ ਉਪਭੋਗ ਅਤੇ ਇਸ ਵਿਚ ਅਰਥ-ਸਿਰਜਣ ਦੀਆਂ ਪਰਤਾਂ ਫ਼ਰੋਲਣ ਨਾਲ ਬਾਵਸਤਾ ਹੈ। 'ਸਭਿਆਚਾਰਕ ਅਧਿਐਨ' ਦਾ ਅਜਿਹਾ ਕੋਈ ਸਿੱਧਾ ਅਨੁਸ਼ਾਸਨੀ ਰੂਪ ਮੌਜੂਦ ਨਹੀਂ ਹੈ ਕਿ ਜਿਸ ਵੱਲ ਇਸ਼ਾਰਾ ਕਰਕੇ ਇਹ ਕਿਹਾ ਜਾ ਸਕੇ ਕਿ ਇਹ ਸਭਿਆਚਾਰਕ ਅਧਿਐਨ ਹੈ। ਇਸ ਨੂੰ ਅਸਲ ਵਿਚ ਸਭਿਆਚਾਰਕ ਅਧਿਐਨ ਵਿਚਲੀਆਂ ਭਾਸ਼ਾਈ ਕਿਰਿਆਵਾਂ ਰਾਹੀਂ ਘੜਿਆ ਗਿਆ ਹੈ। ਇਸ ਦਾ ਆਧਾਰ ਉਹ ਸਿੱਧਾਂਤਕ ਮਦਾਂ ਹਨ ਜਿਨ੍ਹਾਂ ਨੂੰ ਸਭਿਆਚਾਰਕ ਅਧਿਐਨ ਕਰਤਾਵਾਂ ਨੇ ਉਨ੍ਹਾਂ ਅਧਿਐਨਾਂ ਵਿਚ ਵਰਤਿਆ ਹੈ, ਜਿਨ੍ਹਾਂ ਨੂੰ ਉਹ ਸਭਿਆਚਾਰਕ ਅਧਿਐਨ ਆਖਦੇ ਹਨ।........ ਸਭਿਆਚਾਰਕ ਅਧਿਐਨ ਨੂੰ ਪ੍ਰਵਚਨਾਤਮਕ ਬਣਤਰਾਂ ਦੇ ਰੂਪ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ; ਵਿਚਾਰਾਂ, ਚਿੰਨ੍ਹਾਂ ਅਤੇ ਪ੍ਰਕਿਰਿਆਵਾਂ ਦੇ ਅਜਿਹੇ ਸਮੂਹ ਵਜੋਂ ਜਿਹੜਾ ਵਿਸ਼ੇਸ਼ ਮੁੱਦੇ, ਸਮਾਜਕ ਕਾਰ-ਵਿਹਾਰ ਜਾਂ ਸੰਸਥਾਗਤ ਪ੍ਰਬੰਧ ਬਾਬਤ ਸੋਚਣ, ਸਮਝਣ ਦੀਆਂ ਵਿਧੀਆਂ ਪ੍ਰਦਾਨ ਕਰਦਾ ਹੈ।[8]

ਸਭਿਆਚਾਰਕ ਅਧਿਐਨ ਕਿਉਂਕਿ ਇੱਕ ਅੰਤਰ-ਅਨੁਸ਼ਾਸਨੀ ਵਰਤਾਰਾ ਹੈ, ਇਸ ਕਾਰਨ ਇਸ ਦੇ ਸਿੱਧਾਂਤਕ ਆਧਾਰ ਅਤੇ ਅਧਿਐਨ ਢੰਗ ਵਿਭਿੰਨ ਅਨੁਸ਼ਾਸ਼ਨਾਂ ਨਾਲ ਸੰਬੰਧਿਤ ਹਨ। ਮੀਡੀਆ ਅਧਿਐਨ, ਸਭਿਆਚਾਰਕ ਮਾਨਵ-ਵਿਗਿਆਨ, ਸਮਾਜ-ਸ਼ਾਸਤਰ, ਸਾਹਿਤ-ਸਿਧਾਂਤ, ਪ੍ਰਵਚਨ ਅਧਿਐਨ, ਪਾਪੂਲਰ ਸਭਿਆਚਾਰਕ ਅਧਿਐਨ, ਸਰੋਤ ਅਧਿਐਨ ਅਜਿਹੇ ਅਨੁਸ਼ਾਸਨ ਹਨ, ਜਿਨ੍ਹਾਂ ਤੋਂ ਪ੍ਰਾਪਤ ਵਿਧੀਆਂ ਸਭਿਆਚਾਰਕ ਅਧਿਐਨਾਂ ਨਾਲ ਵਰਤੀਆਂ ਜਾਂਦੀਆਂ ਹਨ। ਇਹ ਵਿਧੀਆਂ ਅੱਗੋਂ ਵਿਭਿੰਨ ਕਿਸਮ ਦੀਆਂ ਸਿਧਾਂਤਕਾਰੀਆਂ ਨਾਲ ਜੁੜ ਕੇ ਕਾਰਜਸ਼ੀਲ ਹੁੰਦੀਆਂ ਹਨ। ਸਭਿਆਚਾਰਕ ਅਧਿਐਨ ਵਿਧੀਆਂ ਦਾ ਵਿਭਿੰਨ ਸਿੱਧਾਂਤਕ ਪਹੁੰਚਾਂ ਨਾਲ ਜੁੜਨ ਦਾ ਪ੍ਰਕਾਰਜ ਸਭਿਆਚਾਰਕ ਵਰਤਾਰਿਆਂ ਦੀ 'ਰਾਜਨੀਤਕ ਪੜ੍ਹਤ' ਤਿਆਰ ਕਰਨਾ ਹੈ। ਅਜਿਹੀ ਪੜ੍ਹਤ ਜਿਸ ਦੇ ਹਵਾਲੇ ਇਹ ਨਿੱਤਰ ਕੇ ਸਾਹਮਣੇ ਆ ਸਕੇ ਕਿ ਪਛਾਣ ਦੇ ਨਸਲੀ, ਧਾਰਮਿਕ, ਜੈਂਡਲ, ਲਿੰਗਕ,

ਰਾਸ਼ਟਰੀ ਸੰਦਰਭ ਕਿਸ ਤਰ੍ਹਾਂ ਆਇਦ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਿਸ ਤਰੀਕੇ ਗ਼ਾਲਿਬ ਸੰਰਚਨਾਵਾਂ ਦੁਆਰਾ ਵਰਤਿਆ ਜਾਂਦਾ ਹੈ। ਇਸ ਪੁਣ-ਛਾਣ ਨਾਲ ਅੰਤਿਮ ਰੂਪ ਵਿਚ ਗ਼ਾਲਿਬ ਸੰਰਚਨਾਵਾਂ ਦੀ ਨਿਸ਼ਾਨਦੇਹੀ ਸੰਭਵ ਹੁੰਦੀ ਹੈ।

ਸਭਿਆਚਾਰਕ ਅਧਿਐਨ ਇਹ ਮੰਨ ਕੇ ਚਲਦੇ ਹਨ ਕਿ ਸਭਿਆਚਾਰਕ ਕਲਾਵਾਂ/ਰੂਪਾਂ ਨੂੰ ਮਹਿਜ ਸੁਹਜ-ਘੇਰੇ ਵਿਚ ਨਹੀਂ ਪੜ੍ਹਿਆ ਜਾ ਸਕਦਾ, ਇਨ੍ਹਾਂ ਨੂੰ ਇਨ੍ਹਾਂ ਦੇ ਸਿਰਜਣ, ਸੰਚਾਰਨ ਅਤੇ ਗ੍ਰਹਿਣ ਕਰਨ ਦੇ ਸੁਹਜਾਤਮਕ, ਰਾਜਨੀਤਕ ਅਤੇ ਆਰਥਿਕ ਸੰਦਰਭ ਵਿਚ ਹੀ ਪੜ੍ਹਿਆ ਜਾ ਸਕਦਾ ਹੈ। ਸਭਿਆਚਾਰਕ ਅਧਿਐਨ ਦੀ ਵਿਧੀ ਅਨੁਸਾਰ ਕੋਈ ਵੀ ਕਲਾ-ਰੂਪ ਜਾਂ ਵਰਤਾਰਾ ਆਪਣੇ ਆਪ ਵਿਚ ਹੀ ਸਾਰਾ ਕੁਝ ਨਹੀਂ ਹੁੰਦਾ, ਉਸ ਨੂੰ ਕਿਸੇ ਖਲਾਅ ਨੇ ਨਹੀਂ ਸਗੋਂ ਇੱਕ ਸਮਾਜ-ਸਭਿਆਚਾਰਕ ਸੰਦਰਭ ਨੇ ਜਨਮ ਦਿੱਤਾ ਹੁੰਦਾ ਹੈ, ਲਿਹਾਜ਼ਾ ਉਸ ਨੂੰ ਉਸ ਦੇ ਸੰਦਰਭ ਨਾਲੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਰਿਚਰਡ ਜੌਨਸਨ (Richard Johnson) ਦਾ ਕਥਨ ਉਲੇਖਯੋਗ ਹੈ :

> 'The text' is no longer studied for its own sake, nor even for the social effects it may be thought to produce, but rather for the subjective or cultural forms which it realizes and makes available.[9]

ਸਭਿਆਚਾਰਕ ਸਿਰਜਣਾਵਾਂ ਦੀ ਵਿਸ਼ਾਲਤਾ ਅਤੇ ਇਨ੍ਹਾਂ ਦੇ ਸੰਦਰਭਾਂ ਦੀ ਅਨੇਕਤਾ ਨੇ ਸਭਿਆਚਾਰਕ ਅਧਿਐਨ ਵਿਧੀ ਨੂੰ ਵਿਭਿੰਨ ਸਿਧਾਂਤਕਾਰੀਆਂ/ਪਹੁੰਚਾਂ ਦੇ ਨਾਲ ਸੰਵਾਦ ਵਿਚ ਪਾਇਆ ਹੈ। ਸਭਿਆਚਾਰਕ ਅਧਿਐਨ ਵਿਧੀ ਨੇ ਅੰਤਰ-ਅਨੁਸ਼ਾਸਨੀ ਪਹੁੰਚ ਨੂੰ ਸਾਕਾਰ ਹੀ ਨਹੀਂ ਸਗੋਂ ਪਹਿਲਾਂ ਪ੍ਰਾਪਤ ਖੋਜ-ਵਿਧੀਆਂ ਨੂੰ ਸਮੱਸਿਆਕਾਰ ਦੇ ਰੂਪ ਵਿਚ ਵੀ ਪਰਿਵਰਤਤ ਕੀਤਾ ਹੈ। ਮਿਸਾਲ ਵਜੋਂ ਲੰਮਾ ਸਮਾਂ ਪ੍ਰਚਲਿੱਤ ਰਹੀ ਇਹ ਧਾਰਨਾ ਕਿ ਪਦਾਰਥਕ ਸਥਿਤੀਆਂ ਜੀਵਨ ਦੀਆਂ ਮੂਲ ਨਿਰਧਾਰਕ ਹਨ, ਹੁਣ ਸਭਿਆਚਾਰਕ ਅਧਿਐਨ ਦੇ ਸਨਮੁੱਖ ਇਹ ਧਾਰਨਾ ਕਿ ਪਦਾਰਥਕ ਸਥਿਤੀਆਂ ਜੀਵਨ ਦੀਆਂ ਮੂਲ ਨਿਰਧਾਰਕ ਹਨ, ਹੁਣ ਸਭਿਆਚਾਰਕ ਅਧਿਐਨ ਦੇ ਸਨਮੁੱਖ ਇਹ ਧਾਰਨਾ ਰੂਪ ਵਟਾ ਗਈ ਹੈ। ਇਹ ਨਹੀਂ ਕਿ ਸਭਿਆਚਾਰਕ ਅਧਿਐਨ ਵਿਧੀ ਨੇ ਪਦਾਰਥਕ ਸੰਦਰਭ ਨੂੰ ਗ਼ੈਰਹਾਜ਼ਰ ਕਰ ਦਿੱਤਾ ਹੈ, ਸਗੋਂ ਇਸ ਨੇ ਨਵੇਂ ਪ੍ਰਸ਼ਨ ਦੇ ਨਾਲ ਕਿ ਕੀ ਪਦਾਰਥਕ ਸਥਿਤੀਆਂ ਨੂੰ ਭਾਸ਼ਾ ਅਤੇ ਸਭਿਆਚਾਰ ਤਾਂ ਨਿਰਧਾਰਤ ਨਹੀਂ ਕਰਦੇ, ਸਮੱਸਿਆਕਾਰ ਵਿਚ ਰੂਪਾਂਤਰਿਤ ਕਰ ਦਿੱਤਾ ਹੈ।

## (5)

1950ਵਿਆਂ ਅਤੇ 60ਵਿਆਂ ਵਿਚ ਅਮਰੀਕਾ ਅਤੇ ਬਰਤਾਨੀਆਂ ਵਿਚ ਪਾਪੂਲਰ ਸਭਿਆਚਾਰ ਨੂੰ ਇੱਕ ਗੰਭੀਰ ਅਧਿਐਨ ਦੀ ਵਸਤੂ ਖ਼ਿਆਲ ਕੀਤਾ ਗਿਆ ਸੀ। ਇਸ ਪਿੱਛੇ ਧਾਰਨਾ ਇਹ ਸੀ ਕਿ ਉਹ ਤਮਾਮ ਕਲਾ ਰੂਪ ਜਿਨ੍ਹਾਂ ਨੂੰ ਲੋਕਾਈ ਪਸੰਦ ਕਰਦੀ ਹੈ ਅਤੇ ਜਿਨ੍ਹਾਂ ਰਾਹੀਂ ਅਰਥਾਂ ਦੀ ਸਿਰਜਣਾ ਕਰਦੀ ਹੈ, ਉਹ ਲਾਜ਼ਮੀ ਰੂਪ ਵਿਚ ਅਹਿਮ ਹਨ।[10] ਪਾਪੂਲਰ ਸਭਿਆਚਾਰ ਦਾ ਅਕਾਦਮਿਕ ਜਗਤ ਵਿਚ ਪ੍ਰਵੇਸ਼ ਹੀ ਸਭਿਆਚਾਰਕ ਅਧਿਐਨਾਂ ਦੀ ਨੀਂਹ ਬਣਿਆ ਸੀ। ਸਭਿਆਚਾਰਕ ਅਧਿਐਨ ਦੇ ਆਰੰਭਲੇ ਦੌਰ ਵਿਚ ਪਾਪੂਲਰ ਸਭਿਆਚਾਰ ਬਾਬਤ ਦੋ ਤਰ੍ਹਾਂ ਦੀਆਂ ਰਾਵਾਂ ਪ੍ਰਚਲਿਤ ਸਨ, ਪਹਿਲੀ ਇਹ ਕਿ ਇਸ ਨਾਲ ਸਾਧਾਰਨ ਜਨ-ਮਾਨਸ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਵਿਧੀ ਮਿਲੀ ਹੈ ਅਤੇ ਇਸ ਨਾਲ ਵਿਚਾਰ-ਪ੍ਰਗਟਾਵੇ ਦਾ ਲੋਕਤੰਤਰੀਕਰਨ ਹੋਇਆ ਹੈ। ਦੂਸਰੀ ਇਸ ਦੇ ਬਿਲਕੁਲ ਵਿਪਰੀਤ ਇਹ ਕਿ ਇਸ ਨੇ ਤਮਾਮ ਕਿਸਮ ਦੇ ਪ੍ਰਤਿਰੋਧਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਇੱਕ ਲੋਕ-ਵਿਰੋਧੀ ਜਨ-ਸਮੂਹ ਦੀ ਸਿਰਜਣਾ ਕੀਤੀ ਹੈ। ਸਭਿਆਚਾਰਕ ਅਧਿਐਨ ਇਨ੍ਹਾਂ ਦੋਵਾਂ ਦ੍ਰਿਸ਼ਟੀਆਂ ਦੇ ਵਿਚ-ਵਿਚਕਾਰ ਪਾਪੂਲਰ ਸਭਿਆਚਾਰ ਦੇ ਲੋਕ-ਹਿੱਤੀ ਅਤੇ ਲੋਕ-ਵਿਰੋਧੀ ਪ੍ਰਕਰਣਾਂ ਦੀ ਸਮਝਦਾਰੀ ਨਾਲ ਸ਼ੁਰੂ ਹੁੰਦੇ ਹਨ।

ਪਾਪੂਲਰ ਸਭਿਆਚਾਰ ਦੇ ਸਮਾਨਾਂਤਰ ਹਾਸ਼ੀਆਗਤ ਧਿਰਾਂ ਦੀ ਹੋਂਦ-ਵਿਧੀ ਨੂੰ ਟਟੋਲਣ ਦੀ

ਪ੍ਰਕਿਰਿਆ ਸਭਿਆਚਾਰਕ ਅਧਿਐਨਾਂ ਦਾ ਦੂਸਰਾ ਅਹਿਮ ਪ੍ਰੇਰਕ ਬਣੀ ਸੀ। 1960ਵਿਆਂ ਦੇ ਦਹਾਕੇ ਦੌਰਾਨ ਉੱਤਰ-ਬਸਤੀਵਾਦੀ ਦੌਰ ਦੇ ਵਿਭਿੰਨ ਸਮੂਹਾਂ ਵੱਲੋਂ ਅਕਾਦਮਿਕ ਜਗਤ 'ਤੇ ਇਸ ਤਰ੍ਹਾਂ ਦਾ ਕਿੰਤੂ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਜਾਂ ਤਾਂ ਪੇਸ਼ਕਾਰੀ ਦਿੱਤੀ ਹੀ ਨਹੀਂ ਜਾਂਦੀ ਤੇ ਜੇ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਇਸ ਤਰੀਕੇ ਦਿਸ਼ਾ-ਬੱਧ ਕੀਤਾ ਜਾਂਦਾ ਹੈ ਕਿ ਉਹ ਲੇਖਕ/ਚਿੰਤਨ ਦੀਆਂ ਪਹਿਲਾਂ ਮੌਜੂਦ ਧਾਰਨਾਵਾਂ/ਸੰਕਲਪਨਾਵਾਂ/ਵਿਚਾਰਧਾਰਕ ਪਹੁੰਚਾਂ ਨੂੰ ਪੱਕਿਆਂ ਕਰਦੀ ਹੈ। ਬਸਤੀਵਾਦ, ਮਾਰਕਸਵਾਦ ਜਾਂ ਨਾਰੀਵਾਦ ਜਿਹੀਆਂ ਵਿਚਾਰਧਾਰਕ ਸੰਕਲਪਨਾਵਾਂ ਹਾਸ਼ੀਆਗਤ ਧਿਰਾਂ ਨੂੰ ਅਰਥ ਦਿੱਤੇ ਜਾਣ ਦੀ ਪ੍ਰਕਿਰਿਆ ਮੌਜੂਦ ਹੈ।[11] ਵਿਚਾਰ-ਦ੍ਰਿਸ਼ਟੀਆਂ ਦੀ ਪ੍ਰਭੂਸੱਤਾ ਸਾਹਮਣੇ ਹਾਸ਼ੀਆਗਤ ਧਿਰਾਂ ਦਾ ਪ੍ਰਮਾਣਿਕ ਸਵੈ ਦੂਸਰੇ ਸਥਾਨ 'ਤੇ ਚਲਿਆ ਜਾਂਦਾ ਹੈ। ਸਭਿਆਚਾਰਕ ਅਧਿਐਨ ਇਸ ਪਰੰਪਰਾ ਨੂੰ ਨਵੇਂ ਸਿਰਿਓਂ ਵਿਉਂਤਣ ਦੀ ਤਜ਼ਵੀਜ ਅਧੀਨ ਕਾਰਜਸ਼ੀਲ ਹੁੰਦੇ ਹਨ। ਇਹ ਲੋਕਾਂ ਦੇ ਜੀਵੰਤ ਅਨੁਭਵ (lived experience) ਦੇ ਪ੍ਰਤਿ ਬੇਹੱਦ ਸੰਵੇਦਨਸ਼ੀਲ ਰਹਿਣ ਦੀ ਪ੍ਰਤਿਬੱਧਤਾ ਜ਼ਾਹਰ ਕਰਦੇ ਹਨ। ਬੇਸ਼ੱਕ ਵਿਚਾਰਧਾਰਾ ਜਾਂ ਕਿਸੇ ਸਿੱਧਾਂਤ ਵਿਸ਼ੇਸ਼ ਦਾ ਪਹਿਲੂ ਸਭਿਆਚਾਰਕ ਅਧਿਐਨਾਂ ਵਿਚ ਵੀ ਕੇਂਦਰੀ ਬਣਿਆ ਰਹਿੰਦਾ ਹੈ, ਪਰ ਏਥੇ ਪਹਿਲ ਵਿਚਾਰਧਾਰਾ ਜਾਂ ਸਿੱਧਾਂਤ ਵਿਸ਼ੇਸ਼ ਦੀ ਥਾਂ ਉਸ ਧਿਰ ਵਿਸ਼ੇਸ਼ ਨੂੰ ਮਿਲਦੀ ਹੈ, ਜਿਹੜੀ ਅਧਿਐਨ ਦਾ ਕੇਂਦਰ ਹੈ।

ਬਰਤਾਨੀਆਂ ਵਿਚ ਰਿਚਰਡ ਹੌਗਰਟ (Richarad Hoggart) ਦੀ ਕਿਤਾਬ **Uses of Literacy**, ਰੇਮੰਡ ਵਿਲੀਅਮ (Raymond William) ਦੀ **Cultural and Society** ਅਤੇ E.P. Thompson ਦੀ **Making of the English working class** ਸਭਿਆਚਾਰਕ ਅਧਿਐਨਾਂ ਦੇ ਆਰੰਭ ਵਿਚ ਮੁੱਢਲੀ ਪਰ ਬੇਹੱਦ ਅਹਿਮ ਭੂਮਿਕਾ ਅਦਾ ਕਰਦੀਆਂ ਹਨ। 1970ਵਿਆਂ ਵਿਚ ਸਥਾਪਿਤ ਹੋਇਆ 'ਬਰਮਿੰਘਮ ਸੈਂਟਰ ਫ਼ਾਰ ਕੰਟੈਂਪਰੇਰੀ ਕਲਚਰਲ ਸਟੱਡੀਜ਼' ਸੰਸਥਾਗਤ ਪੱਧਰ 'ਤੇ ਸਭਿਆਚਾਰਕ ਅਧਿਐਨਾਂ ਦਾ ਆਰੰਭ ਸੀ। 1973 ਵਿਚ ਛਪਿਆ ਸਟੂਅਰਟ ਹਾਲ ਦਾ ਲੇਖ 'Encoding/Decoding' ਸਭਿਆਚਾਰਕ ਅਧਿਐਨ ਦੇ ਮੀਡੀਆ ਪਾਸਾਰ ਨੂੰ ਅਗ੍ਰਭੂਮਿਤ ਕਰਦਾ ਹੈ। 1980 ਵਿਚ ਛਪਿਆ ਉਸ ਦਾ ਲੇਖ 'Cultural Studies: Two Paradigms' ਅੱਗੋਂ ਸਭਿਆਚਾਰਕ ਅਧਿਐਨ ਦੀ ਹੋਂਦ-ਵਿਧੀ ਨੂੰ ਵਿਚਾਰਧਾਰਕ ਪੱਖ ਤੋਂ ਵਿਸਥਾਰ ਦਿੰਦਾ ਹੈ। ਸਟੂਅਰਟ ਹਾਲ ਇਸ ਲੇਖ ਰਾਹੀਂ ਇਹ ਧਾਰਨਾ ਪੇਸ਼ ਕਰਦਾ ਹੈ ਕਿ ਸਭਿਆਚਾਰਕ ਬਣਤਰਾਂ ਗ਼ਾਲਿਬ ਬਣਤਰਾਂ ਦੇ ਅਧੀਨ ਹਨ ਅਤੇ ਸੱਤਾ ਨੂੰ ਠੀਕ, ਉਚਿਤ ਅਤੇ ਲਾਜ਼ਮੀ ਰੂਪ ਵਿਚ ਮੌਜੂਦ ਰਹਿਣ ਵਾਲੇ ਪ੍ਰਬੰਧ ਵਜੋਂ ਸਥਾਪਿਤ ਕਰਦੀਆਂ ਹਨ।

## (6)

ਸਭਿਆਚਾਰਕ ਅਧਿਐਨ ਦਾ ਕੇਂਦਰੀ ਨੁਕਤਾ ਸਭਿਆਚਾਰ ਦੀ ਸਿਰਜਣਾ ਅਤੇ ਉਸ ਦੇ ਉਪਭੋਗ ਦੇ ਵਿਭਿੰਨ ਮਰਹਲਿਆਂ ਦੀ ਤਲਾਸ਼ ਦਾ ਹੈ। ਇਹ ਤਲਾਸ਼ ਅੱਗੋਂ ਵਿਚਾਰਧਾਰਾ, ਪਛਾਣ ਅਤੇ ਸ਼ਕਤੀ-ਸੰਬੰਧਾਂ ਦੀ ਅੰਤਰ-ਸੰਬੰਧਿਤ ਹੋਂਦ ਦੁਆਲੇ ਕੇਂਦਰਤ ਹੁੰਦੀ ਹੈ। ਸਭਿਆਚਾਰ ਵਿਚ ਜੋ ਸਾਧਾਰਨ ਨਜ਼ਰ ਆਉਂਦਾ ਹੈ, ਉਹ ਸਹਿਜ ਅਤੇ ਸੁਤੰਤਰ ਨਹੀਂ, ਉਸ ਨੂੰ ਕਿਸੇ ਨਾ ਕਿਸੇ ਪ੍ਰਵਚਨ ਦੁਆਰਾ ਘੜਿਆ ਗਿਆ ਹੈ। ਸਾਧਾਰਨ ਨਜ਼ਰ ਆਉਣ ਵਾਲੇ ਵਰਤਾਰਿਆਂ ਪਿੱਛੇ ਕਾਰਜਸ਼ੀਲ ਸੱਤਾ-ਤੰਤਰ ਦੀ ਸਮਝ ਦੇਣਾ ਅਤੇ ਉਸ ਨੂੰ ਸਾਪ੍ਰਤੱਖ ਕਰਨਾ ਸਭਿਆਚਾਰਕ ਅਧਿਐਨਾਂ ਦਾ ਮੁੱਖ ਉਦੇਸ਼ ਹੈ। ਸਭਿਆਚਾਰਕ ਅਧਿਐਨ ਅਰਥਾਂ ਦੇ ਸਿਰਜਣ ਦੀ ਪ੍ਰਕਿਰਿਆ ਦੇ ਸਮਾਨਾਂਤਰ ਉਨ੍ਹਾਂ ਪ੍ਰਵਚਨਾਂ ਦੀ ਥਾਹ ਪਾਉਣ ਨਾਲ ਬਾਵਸਤਾ ਹਨ, ਜਿਨ੍ਹਾਂ ਦੇ ਕਾਰਨ ਵਸਤਾਂ/ਵਰਤਾਰੇ ਖ਼ਾਸ ਕਿਸਮ ਦੇ ਅਰਥਾਂ ਰਾਹੀਂ ਪਛਾਣ ਦੀ ਸਿਆਸਤ ਕਰਦੇ ਹਨ। ਸਭਿਆਚਾਰ ਦੇ ਵਿਭਿੰਨ ਰੂਪਾਂ ਦਾ ਇੱਕ ਖਾਸ ਸੰਦਰਭ ਹੁੰਦਾ ਹੈ। ਹਰ ਸਭਿਆਚਾਰਕ ਵਰਤਾਰਾ ਇਸ ਸੰਦਰਭ ਵਿਚ ਹੀ ਪ੍ਰਵਾਨ ਚੜ੍ਹਦਾ ਹੈ ਅਤੇ

ਇਸ ਦਾ ਅਧਿਐਨ ਵੀ ਇਸੇ ਸੰਦਰਭ ਦੇ ਹਵਾਲੇ ਕੀਤਾ ਜਾ ਸਕਦਾ ਹੈ।

ਸਭਿਆਚਾਰਕ ਸਿਰਜਣਾਵਾਂ ਦੇ ਸੰਦਰਭ ਨੂੰ Stuart Hall ਨੇ 'the circuit of culture'[12] ਦੀ ਸੰਕਲਪਨਾ ਰਾਹੀਂ ਪੇਸ਼ ਕੀਤਾ ਹੈ। ਇਸ ਸੰਕਲਪਨਾ ਅਧੀਨ ਸਟੂਅਰਟ ਹਾਲ ਨੇ ਸਭਿਆਚਾਰ ਸਿਰਜਣਾਵਾਂ ਦੀਆਂ ਚਾਰ ਪਰਤਾਂ ਦਾ ਵਰਣਨ ਕੀਤਾ ਹੈ: ਪੇਸ਼ਕਾਰੀ (Representation), ਪਛਾਣ (Identity), ਨਿਰਮਾਣ (Production), ਉਪਭੋਗ (Consumption) ਅਤੇ ਪ੍ਰਬੰਧਨ (Regulation)। ਪਹਿਲੀ ਪਰਤ ਪੇਸ਼ਕਾਰੀ ਦੀ ਹੈ, ਇਸ ਅਧੀਨ ਕੋਈ ਸਭਿਆਚਾਰਕ ਸਿਰਜਣਾ ਲੋਕ-ਸਮੂਹ ਦੇ ਸਾਪ੍ਰਤੱਖ ਹੁੰਦੀ ਹੈ, ਸਾਪ੍ਰਤੱਖ ਹੋਣ ਦੀ ਪ੍ਰਕਿਰਿਆ ਭਾਸ਼ਾਈ ਵੀ ਹੋ ਸਕਦੀ ਹੈ ਅਤੇ ਦ੍ਰਿਸ਼ਾਤਮਕ ਵੀ; ਇਸ ਦਾ ਸਤਹੀ ਮਕਸਦ ਜਾਣਕਾਰੀ/ਗਿਆਨ/ਮਨੋਰੰਜਨ ਹੋ ਸਕਦਾ ਹੈ। ਦੂਸਰੀ ਪਰਤ ਪਛਾਣ ਦੀ ਸਿਰਜਣਾ ਨਾਲ ਸਬੰਧਿਤ ਹੈ; ਇਸ ਪਰਤ ਅਧੀਨ ਸਭਿਆਚਾਰਕ ਸਿਰਜਣਾਵਾਂ ਇੱਕ ਖਾਸ ਕਿਸਮ ਦੀ ਪੁਰਸ਼/ਔਰਤ ਹੋਂਦ ਨੂੰ ਖ਼ਾਸ ਕਿਸਮ ਦੇ ਮੁੱਲ-ਪ੍ਰਬੰਧ ਨਾਲ ਜੋੜ ਕੇ ਸਿਰਜਿਆ ਜਾਂਦਾ ਹੈ।

ਤੀਜੀ ਪਰਤ ਨਿਰਮਾਣ ਦੇ ਸੰਦਰਭ ਦੀ ਹੈ। ਇਹ ਉਨ੍ਹਾਂ ਤਮਾਮ ਧਿਰਾਂ/ਪ੍ਰਕਿਰਿਆਵਾਂ ਵੱਲ ਸੰਕੇਤ ਕਰਦੀ ਹੈ, ਜਿਹੜੀਆਂ ਸਭਿਆਚਾਰਕ ਸਿਰਜਣਾਵਾਂ ਦੇ ਨਿਰਮਾਣ ਪਿੱਛੇ ਕਾਰਜਸ਼ੀਲ ਰਹਿੰਦੀਆਂ ਹਨ। ਨਿਰਮਾਣ ਸੰਦਰਭ ਦੀ ਪੁਣ-ਛਾਣ ਸਭਿਆਚਾਰਕ ਸਿਰਜਣਾਵਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਆਰਥਿਕ ਅਤੇ ਰਾਜਨੀਤਕ ਹਿੱਤਾਂ ਦੀ ਨਿਸ਼ਾਨਦੇਹੀ ਸੰਭਵ ਕਰਦੀ ਹੈ। ਸਭਿਆਚਾਰਕ ਸਿਰਜਣਾਵਾਂ ਦੀ ਚੌਥੀ ਪਰਤ ਉਪਭੋਗ ਦੀ ਪ੍ਰਕਿਰਿਆ ਨਾਲ ਸੰਬੰਧਿਤ ਹੈ। ਇਸ ਪਰਤ ਦਾ ਸੰਬੰਧ ਉਨ੍ਹਾਂ ਸਥਿਤੀਆਂ ਅਤੇ ਮਨੋ-ਸੰਕਲਪਨਾਵਾਂ ਨਾਲ ਹੈ, ਜਿਨ੍ਹਾਂ ਵਿਚ ਲੋਕਾਈ ਸਭਿਆਚਾਰਕ ਸਿਰਜਣਾਵਾਂ ਦਾ ਉਪਭੋਗ ਕਰਦੀ ਹੈ। ਇਸ ਪਰਤ ਦੀ ਤਲਾਸ਼ ਇਹ ਦੱਸ ਪਾਉਂਦੀ ਹੈ ਕਿ ਲੋਕ ਕਿਸੇ ਖ਼ਾਸ ਸਭਿਆਚਾਰਕ ਕਿਰਤ ਨੂੰ ਕਿਉਂ ਦੇਖਦੇ/ਪੜ੍ਹਦੇ/ਭੋਗਦੇ ਹਨ। ਸਭਿਆਚਾਰਕ ਸਿਰਜਣਾਵਾਂ ਦੀ ਪੰਜਵੀਂ ਪਰਤ ਇਨ੍ਹਾਂ ਦੇ ਪ੍ਰਬੰਧਨ ਦੀ ਹੈ। ਇਸ ਪਰਤ ਦਾ ਅਧਿਐਨ ਉਨ੍ਹਾਂ ਧਿਰਾਂ ਅਤੇ ਸਥਿਤੀਆਂ ਦੀ ਪਛਾਣ ਕਰਵਾਉਂਦਾ ਹੈ ਜਿਹੜੀਆਂ ਕਿਸੇ ਸਭਿਆਚਾਰਕ ਸਿਰਜਣਾ ਅਤੇ ਉਸ ਦੀ ਉਪਭੋਗੀ/ਦਰਸ਼ਕ/ਪਾਠਕ ਧਿਰ ਦੇ ਵਿਚਕਾਰ ਮੌਜੂਦ ਹੁੰਦੀਆਂ ਹਨ। ਇਸ ਵਿਚ ਸਟੇਟ ਦੀ ਭੂਮਿਕਾ ਵਿਸ਼ੇਸ਼ ਰੂਪ ਵਿਚ ਗੌਲਣਯੋਗ ਹੈ ਕਿ ਕੋਈ ਸੱਤਾ ਸਭਿਆਚਾਰਕ ਸਿਰਜਣਾਵਾਂ ਦੇ ਪ੍ਰਤਿਰੋਧੀ ਖਾਸੇ ਨੂੰ ਕਿੱਥੋਂ ਤੱਕ ਪ੍ਰਸਾਰਿਤ ਹੋਣ ਦੀ ਆਗਿਆ ਦਿੰਦੀ ਹੈ।

## (7)

ਜਿੱਥੇ ਅਧਿਐਨ ਵਸਤੂ ਲੋਕਧਾਰਾ ਦੇ ਖੇਤਰ ਨਾਲ ਸਬੰਧਿਤ ਹੈ, ਉੱਥੇ ਖੇਤਰੀ ਖੋਜ-ਕਾਰਜ ਦਾ ਸੰਦਰਭ ਬੇਹੱਦ ਅਹਿਮ ਹੈ। ਇਸ ਸੰਦਰਭ ਦੀ ਕੇਂਦਰੀ ਤੰਦ ਲੋਕਧਾਰਾ ਘਟਣ ਦੇ ਜੀਵੰਤ ਸੰਦਰਭ ਨਾਲ ਜੁੜੀ ਹੋਈ ਹੈ। ਇੱਕ ਵੇਲਾ ਸੀ ਜਦੋਂ ਇਹ ਸਮਝਿਆ ਜਾਂਦਾ ਸੀ ਕਿ ਲੋਕਧਾਰਾ ਖ਼ਤਮ ਹੋ ਰਹੀ ਹੈ, ਇਸ ਕਾਰਨ ਇਸ ਨੂੰ ਸਾਂਭਣਾ ਨਿਹਾਇਤ ਜ਼ਰੂਰੀ ਹੈ। ਇਹ ਲੋਕਧਾਰਾ ਦੇ ਅਧਿਐਨ ਦਾ ਅੰਸ਼ਿਕ ਹਿੱਸਾ ਹੈ[13], ਅਸਲ ਮਕਸਦ ਲੋਕਧਾਰਾਈ ਸਮੱਗਰੀ ਦੇ ਹਵਾਲੇ ਸਾਧਾਰਨ ਜਨ-ਮਾਨਸ ਦੀ ਜਿਉਣ-ਵਿਧੀ ਦੇ ਵਿਭਿੰਨ ਪ੍ਰਸੰਗਾਂ ਦੀ ਸਮਝਦਾਰੀ ਹੈ। ਲੋਕਧਾਰਾ ਉਦੋਂ ਹੀ ਲੋਕਧਾਰਾ ਹੁੰਦੀ ਹੈ, ਜਦੋਂ ਉਹ ਜੀਵੰਤ ਸੰਦਰਭ ਵਿਚ ਘਟ ਰਹੀ ਹੁੰਦੀ ਹੈ। ਇਸ ਜੀਵੰਤ ਸੰਦਰਭ ਵਿਚ ਘਟ ਰਹੀ ਹੁੰਦੀ ਹੈ। ਇਸ ਜੀਵੰਤ ਸੰਦਰਭ ਵਿਚ ਭਾਵੁਕ ਹੁੰਗਾਰੇ ਹੁੰਦੇ ਹਨ। ਜਦੋਂ ਇਨ੍ਹਾਂ ਨੂੰ ਲਿਖ ਲਿਆ ਜਾਂਦਾ ਹੈ ਜਾਂ ਰਿਕਾਰਡ ਕਰ ਲਿਆ ਜਾਂਦਾ ਹੈ ਤਾਂ ਇਨ੍ਹਾਂ ਦਾ ਉਹ ਜੀਵੰਤ ਸੰਦਰਭ ਖ਼ਤਮ ਹੋ ਜਾਂਦਾ ਹੈ, ਜਿਸ ਵਿਚ ਇਨ੍ਹਾਂ ਦਾ ਕੋਈ ਖਾਸ ਰੂਪ, ਇੱਕ ਖ਼ਾਸ ਕਿਸਮ ਦੇ ਸੰਦਰਭ ਵਿਚ, ਇੱਕ ਖ਼ਾਸ ਕਿਸਮ ਦੇ ਸਰੋਤਾ ਵਰਗ ਨੂੰ, ਇੱਕ ਖ਼ਾਸ ਕਿਸਮ ਦੇ ਅੰਦਾਜ਼ ਵਿਚ ਮੁਖ਼ਾਤਬ ਹੁੰਦਾ ਹੈ। ਲੋਕਧਾਰਾ ਸਮੱਗਰੀ ਨੂੰ ਉਸ ਦੇ ਜੀਵੰਤ

ਸੰਦਰਭ ਵਿਚ ਫ਼ੜਨ ਲਈ ਇਹ ਜ਼ਰੂਰੀ ਹੈ ਕਿ ਕਿਸੇ ਦੇ ਵੀਡਿਓ ਰੂਪ ਤਿਆਰ ਕੀਤੇ ਜਾਣ। ਬੇਸ਼ੱਕ ਖੋਜ-ਕਰਤਾ ਦੀ ਆਧੁਨਿਕ ਯੰਤਰਾਂ ਨਾਲ ਦਖ਼ਲ-ਅੰਦਾਜ਼ੀ ਲੋਕਧਾਰਾਈ ਸੰਚਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ, ਪਰ ਇਸ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਵੀ ਨਹੀਂ ਹੈ।

**(8)**

ਸਭਿਆਚਾਰ/ਲੋਕਧਾਰਾ ਅਧਿਐਨ ਦੀ ਖੋਜ-ਵਿਧੀ ਦੋਹਰੇ ਪ੍ਰਕਾਰਜ ਦੀ ਧਾਰਨੀ ਹੈ। ਇੱਕ ਪਾਸੇ ਲੋਕਾਈ ਦਾ ਉਹ ਅਨੁਭਵ ਹੈ, ਜਿਸ ਨੂੰ ਉਹ ਜਿਉ ਰਹੀ ਹੈ। ਜਿਸ ਬਾਬਤ ਉਸ ਨੂੰ ਇਹ ਪਤਾ ਨਹੀਂ ਕਿ ਜਿਉਂਦੇ ਜਾ ਰਹੇ ਜੀਵਨ ਨੂੰ ਕੋਈ ਦਿਸ਼ਾ-ਬੱਧ ਵੀ ਕਰ ਰਿਹਾ ਹੈ। ਲੋਕਾਈ ਲਈ ਜੀਵਿਆ ਜਾ ਰਿਹਾ ਜੀਵਨ ਆਪਣੇ ਆਪ ਵਿਚ ਸੰਪੂਰਨ ਹੈ। ਸਭਿਆਚਾਰਕ ਅਧਿਐਨ ਲੋਕਾਈ ਦੇ ਇਸ ਅਨੁਭਵ ਨਾਲ ਇਨਸਾਫ਼ ਕਰਨ ਦੀ ਚਾਹਤ ਦੇ ਅਨੁਸਾਰੀ ਹਨ। ਦੂਸਰੇ ਪਾਸੇ ਜਿਉਂਦੇ ਜਾ ਰਹੇ ਅਨੁਭਵ ਦੇ ਪਿੱਛੇ ਕਾਰਜਸ਼ੀਲ ਉਹ ਪ੍ਰਵਚਨ-ਤੰਤਰ ਹੈ, ਜਿਹੜਾ ਇਹ ਵੀ ਤੈਅ ਕਰਦਾ ਹੈ ਕਿ ਕੀ ਅਨੁਭਵ ਕਰਨਾ ਹੈ ਅਤੇ ਕਿਸੇ ਤਰ੍ਹਾਂ ਅਨੁਭਵ ਕਰਨਾ ਹੈ। ਇਹ ਪ੍ਰਵਚਨ-ਤੰਤਰ ਦੀ ਸੂਝ ਇਹ ਸੁਝਾਉਂਦੀ ਹੈ ਕਿ ਜਿਸ ਨੂੰ ਲੋਕਾਈ 'ਆਪਣਾ' ਅਨੁਭਵ ਸਮਝਦੀ ਹੈ, ਉਹ ਅਸਲ ਵਿਚ ਉਸ ਦਾ 'ਆਪਣਾ' ਨਹੀਂ, ਉਹ ਕਿਸੇ ਹੋਰ ਦੁਆਰਾ ਪਹਿਲਾਂ ਹੀ ਤੈਅ ਕੀਤਾ ਗਿਆ ਹੈ। ਉਹ ਤਾਂ ਪਹਿਲਾਂ ਹੀ ਤੈਅ ਕੀਤੇ ਵਿਚ ਦਾਖ਼ਲ ਹੋ ਕੇ ਪਹਿਲਾਂ ਤੈਅ ਕੀਤੇ ਅਨੁਸਾਰ ਜੀਵਨ ਜਿਉਂ ਰਹੀ ਹੈ। ਇੱਕ ਪਾਸੇ ਜਿਉਂਏ ਜਾ ਰਹੇ ਅਨੁਭਵਾਂ ਪ੍ਰਤਿ ਸੱਚੇ ਰਹਿਣ ਦੀ ਚਾਹਤ ਅਤੇ ਦੂਸਰੇ ਪਾਸੇ ਅਨੁਭਵਾਂ ਨੂੰ ਮਹਿਜ਼ ਅਨੁਭਵਾਂ ਤੱਕ ਸੀਮਤ ਨਾ ਕਰਕੇ ਉਨ੍ਹਾਂ ਪਿੱਛੇ ਕਾਰਜਸ਼ੀਲ ਪ੍ਰਵਚਨਾਂ ਦੀ ਪੁਣਛਾਣ ਕਰਨ ਦੀ ਲੋੜ ਸਭਿਆਚਾਰਕ ਅਧਿਐਨਾਂ ਦੀ ਜਟਿਲ ਤਾਣੀ ਨੂੰ ਪ੍ਰਤਿਬਿੰਬਤ ਕਰਦੀ ਹੈ। Sukko ਦਾ ਇਸ ਸਬੰਧੀ ਕਥਨ ਹੈ :

> The new ethnographic quest to be truthful to the lived realities of other people run into a contradiction with the poststructuralist aim to critically analyze discourses that form the very stuff out of which our experience are made.[14]

ਲੋਕ ਜੋ ਜਿਉਂਦੇ ਹਨ, ਉਹ ਕੋਈ ਧੁਰ ਕਦੀਮੀ ਜਾਚ ਨਹੀਂ ਹੈ, ਇਸ ਨੂੰ ਵਿਭਿੰਨ ਇਤਿਹਾਸਕ ਅਤੇ ਰਾਜਨੀਤਕ ਮਰਹਲਿਆਂ ਨੇ ਘੜਿਆ ਹੁੰਦਾ ਹੈ। ਲੋਕ-ਮਾਨਸ ਨੂੰ ਸਭਿਆਚਾਰਕ ਅਧਿਐਨਾਂ ਦੇ ਹਵਾਲੇ ਜਦੋਂ ਇਹ ਗੱਲ ਸਮਝ ਲੱਗਦੀ ਹੈ ਕਿ ਉਸ ਦੀ ਜਿਊਣ ਵਿਧੀ ਨੂੰ ਅਸਲ ਵਿਚ ਕਿਸੇ ਹੋਰ ਦੁਆਰਾ ਤੈਅ ਕੀਤਾ ਗਿਆ ਹੈ ਤਾਂ ਇੱਕ ਪਲ ਲਈ ਤਾਂ ਲੋਕ-ਮਾਨਸ ਕੋਲੋਂ ਉਸ ਦੇ ਜਿਊਣ ਦੇ ਅਤਿ ਨਜ਼ਦੀਕ ਅਤੇ ਅਤਿ ਪਿਆਰੇ ਅਨੁਭਵਾਂ ਦੀ ਪ੍ਰਮਾਣਿਕਤਾ ਹੀ ਖੁੱਸ ਜਾਂਦੀ ਹੈ। ਇੱਕ ਇਸ ਤਰ੍ਹਾਂ ਦੀ ਸਥਿਤੀ ਸੰਭਵ ਹੁੰਦੀ ਹੈ, ਜਿਸ ਵਿਚ ਉਸ ਨੂੰ ਇਹ ਲੱਗਣ ਲੱਗ ਪੈਂਦਾ ਹੈ ਕਿ ਜੇ ਸਭ ਕੁਝ ਹੀ ਘੜਿਆ ਅਤੇ ਸਰਜਿਆ ਗਿਆ ਹੈ ਤਾਂ ਫ਼ਿਰ ਜੀਵਨ ਜਿਊਣ ਦੇ ਅਸਲ ਆਧਾਰ ਕਿਹੜੇ ਹਨ ? ਇਹ ਸਥਿਤੀ ਹੀ ਅੰਤਿਮ ਰੂਪ ਵਿਚ ਇੱਕ ਅਜਿਹੇ ਖਾਲੀਪਣ ਨੂੰ ਜਨਮ ਦਿੰਦਾ ਹੈ, ਜਿਸ ਵਿਚ ਕਿਸੇ ਨਵੀਂ ਸਿਰਜਣਾ ਦੀ ਸੰਭਾਵਨਾ ਸਾਕਾਰ ਹੁੰਦੀ ਹੈ।

ਸਭਿਆਚਾਰ ਅਧਿਐਨ ਵਿਧੀ ਇਸ ਪ੍ਰਸ਼ਨ ਨਾਲ ਵੀ ਜੂਝਦੀ ਹੈ ਕਿ ਕੋਈ ਖੋਜੀ-ਚਿੰਤਕ ਜਾਂ ਕੋਈ ਖੋਜੀ-ਸੰਸਥਾ ਕੀ ਉਸ ਸਭਿਆਚਾਰ ਦਾ ਠੀਕ ਵਿਸ਼ਲੇਸ਼ਣ ਪ੍ਰਸਤੁਤ ਕਰ ਸਕਦੀ ਹੈ, ਜਿਸ ਦਾ ਕਿ ਉਹ ਖੁਦ ਹਿੱਸਾ ਹੈ। ਖੁਦ ਹਿੱਸਾ ਹੋਣ ਦੀ ਤੰਦ ਉਸ ਪ੍ਰਵਚਨ-ਤੰਤਰ ਨਾਲ ਜੁੜੀ ਹੋਈ ਹੈ, ਜਿਸ ਨੇ ਅਧਿਐਨ ਅਧੀਨ ਸਭਿਆਚਾਰ ਵਿਸ਼ੇਸ਼ ਨੂੰ ਦਿਸ਼ਾ-ਬੱਧ ਕੀਤਾ ਹੁੰਦਾ ਹੈ। ਕੀ ਖੋਜੀ-ਚਿੰਤਕ ਜਾਂ ਖੋਜ-ਸੰਸਥਾ ਆਪਣੇ-ਆਪ ਨੂੰ ਸੰਬੰਧਿਤ ਪ੍ਰਵਚਨ-ਤੰਤਰ ਤੋਂ ਮੁਕਤ ਕਰ ਸਕਦੀ ਹੈ ਜਾਂ ਕੀ ਉਹ

ਸੰਬੰਧਿਤ ਪ੍ਰਵਚਨ-ਤੰਤਰ ਤੋਂ ਮੁਕਤ ਹੋ ਸਕਦੀ ਹੈ? ਜੇ ਅਜਿਹਾ ਸੰਭਵ ਨਹੀਂ ਹੈ ਤਾਂ ਕੀ ਖੋਜ ਦੀ ਪ੍ਰਕਿਰਿਆ ਅਸਰ-ਅੰਦਾਜ਼ ਨਹੀਂ ਹੋਵੇਗੀ? ਇਨ੍ਹਾਂ ਪ੍ਰਸ਼ਨਾਂ ਦੇ ਹਵਾਲੇ ਸਭਿਆਚਾਰਕ ਅਧਿਐਨ ਵਿਧੀ ਜਿੱਥੇ ਦੂਜੇ ਪ੍ਰਤਿ ਚੇਤੰਨ ਹੋਣ ਦੀ ਗੱਲ ਕਰਦੀ ਹੈ, ਉੱਥੇ ਇਹ ਗੱਲ 'ਤੇ ਬੇਹੱਦ ਜ਼ੋਰ ਦਿੰਦੀ ਹੈ ਕਿ ਖੋਜੀ ਆਪਣੇ ਹੋਂਦ/ਅਸਤਿਤਵ ਦੇ ਵਿਭਿੰਨ ਪੱਖਾਂ/ਉਲਾਰਾਂ ਬਾਰੇ ਖਾਸ ਤੌਰ 'ਤੇ ਸੂਝਵਾਨ ਹੋਵੇ। ਉਸ ਨੂੰ ਇਹ ਪਤਾ ਰੱਖਣਾ ਚਾਹੀਦਾ ਹੈ ਕਿ ਉਸ ਦੇ ਸਵੈ ਦੇ ਕਿਹੜੇ ਜਾਤੀਗਤ, ਜਮਾਤੀ, ਨਸਲੀ, ਧਾਰਮਿਕ, ਆਰਥਿਕ, ਸੰਸਕਾਰਕ ਪ੍ਰਕਾਰਣ 'ਦੂਜੇ' ਦੀ ਸਹੀ ਤਲਾਸ਼ ਵਿਚ ਰੁਕਾਵਟ ਹਨ।

## (9)

ਸਭਿਆਚਾਰਕ ਅਧਿਐਨ ਵਿਚ ਭਾਸ਼ਾ ਦੀ ਕੇਂਦਰੀ ਅਹਿਮੀਅਤ ਹੈ। ਇਸ ਪਿੱਛੇ ਧਾਰਨਾ ਇਹ ਹੈ ਕਿ ਭਾਸ਼ਾ ਸਭਿਆਚਾਰ ਨੂੰ ਪੇਸ਼ ਹੀ ਨਹੀਂ ਕਰਦੀ ਸਗੋਂ ਉਸ ਨੂੰ ਘੜਦੀ ਵੀ ਹੈ। ਏਥੇ ਭਾਸ਼ਾ ਤੋਂ ਭਾਵ ਕੇਵਲ ਸ਼ਾਬਦਿਕ ਭਾਸ਼ਾ ਤੋਂ ਨਹੀਂ ਸਗੋਂ ਪੇਸ਼ਕਾਰੀ ਦੇ ਉਨ੍ਹਾਂ ਸਾਰੇ ਰੂਪਾਂ ਤੋਂ ਹੈ, ਜਿਨ੍ਹਾਂ ਰਾਹੀਂ ਕੋਈ ਸਭਿਆਚਾਰਕ ਰੂਪ/ਵਰਤਾਰਾ ਸਾਕਾਰ ਹੁੰਦਾ ਹੈ। ਭਾਸ਼ਾ/ਪੇਸ਼ਕਾਰੀ ਦਾ ਕੋਈ ਵੀ ਰੂਪ ਮਾਸੂਮ ਜਾਂ ਨਿਰਪੱਖ ਨਹੀਂ, ਇਹ ਲਾਜ਼ਮੀ ਰੂਪ ਵਿਚ ਵਿਚਾਰਧਾਰਾ, ਜਾਤ, ਜਮਾਤ, ਸੱਤਾ ਤੋਂ ਬਿਨ੍ਹਾਂ ਪਦਾਰਥਕ ਸਥਿਤੀਆਂ ਨਾਲ ਗਹਿਰਾ ਜੁੜਿਆ ਹੁੰਦਾ ਹੈ। ਇਹ ਆਪਣੀ ਹੋਂਦ ਦੇ ਲਾਜ਼ਮੀ ਸੁਭਾਅ ਵਜੋਂ ਕਿਸੇ ਨਾ ਕਿਸੇ ਧਿਰ ਦੇ ਹੱਕ ਜਾਂ ਵਿਰੋਧ ਵਿਚ ਭੁਗਤਦਾ ਹੈ। ਭਾਸ਼ਾ/ਪੇਸ਼ਕਾਰੀ ਰਾਹੀਂ ਕੋਈ ਸਭਿਆਚਾਰਕ ਵਸਤੂ/ਵਰਤਾਰਾ ਅਰਥਾਂ ਦੀ ਪ੍ਰਕਿਰਿਆ ਵਿਚ ਸ਼ਾਮਿਲ ਹੁੰਦਾ ਹੈ। ਭਾਸ਼ਾ/ਪੇਸ਼ਕਾਰੀ ਦੇ ਵਿਭਿੰਨ ਰੂਪ ਤਾਕਤ ਦੇ ਸੰਬੰਧਾਂ ਨੂੰ ਪ੍ਰਤੀਬਿੰਬਤ ਕਰਦੇ ਹਨ, ਇਨ੍ਹਾਂ ਰਾਹੀਂ ਦਰਜੇਬੰਦੀਆਂ ਤੈਅ ਹੁੰਦੀਆਂ ਹਨ। ਇਨ੍ਹਾਂ ਰਾਹੀਂ ਹੀ ਦਰਜੇਬੰਦੀਆਂ ਖ਼ਿਲਾਫ਼ ਪ੍ਰਤਿਰੋਧ ਦੀ ਸਿਰਜਣਾ ਸੰਭਵ ਹੁੰਦੀ ਹੈ। ਜਿਹੜੀ ਚੀਜ਼ ਭਾਸ਼ਾ/ਪੇਸ਼ਕਾਰੀ ਵਿਚ ਨਹੀਂ, ਉਹ ਕਿਤੇ ਮੌਜੂਦ ਹੀ ਨਹੀਂ। ਲਿਹਾਜ਼ਾ ਜਿੱਥੇ ਸਥਾਪਿਤ ਭਾਸ਼ਾਈ/ਪੇਸ਼ਕਾਰੀ ਦੇ ਰੂਪ ਸੱਤਾ ਦੇ ਹੱਕ ਵਿਚ ਭੁਗਤਦੇ ਹਨ, ਉੱਥੇ ਨਵੀਂ ਭਾਸ਼ਾ/ਪੇਸ਼ਕਾਰੀ ਦੀ ਸਿਰਜਣਾ ਬਦਲਵੇਂ ਪ੍ਰਬੰਧ ਦੀ ਹੋਂਦ ਦੀ ਸੰਭਾਵਨਾ ਨੂੰ ਸਾਕਾਰ ਕਰਦੀ ਹੈ। ਲਿਹਾਜ਼ਾ ਸਭਿਆਚਾਰਕ ਅਧਿਐਨ ਭਾਸ਼ਾ/ਪੇਸ਼ਕਾਰੀ ਵੱਲ ਵਿਸ਼ੇਸ਼ ਤਵੱਜੋ ਦਿੰਦੇ ਇਸ ਦੀ ਰਾਜਨੀਤੀ ਨੂੰ ਸਮਝਣ ਦਾ ਯਤਨ ਕਰਦੇ ਹਨ।[15] ਸਭਿਆਚਾਰਕ ਅਧਿਐਨ ਵਿਚ ਭਾਸ਼ਾ ਦੀ ਅਹਿਮੀਅਤ ਬਾਬਤ Chris Barker ਦਾ ਕਥਨ ਹੈ:

> Language is a central concern of cultural studies. It is the means and medium for the generation of significance or meaning. The concept of meaning is core to the explication of culture is to explore how meaning is produced symbolically in language as a signifying system. Here, meaning is generated through difference, the relation of one signifier to another, rather than by reference to fixed entities in an independent object world.[16]

## (10)

ਸਭਿਆਚਾਰਕ ਅਧਿਐਨ ਦੀ ਖੋਜ-ਵਿਧੀ ਅਤੇ ਵਿਚਾਰਧਾਰਾ ਦੇ ਸੰਦਰਭ ਵਿਚ ਅੰਤਿਮ ਵਿਚਾਰਨ ਵਾਲਾ ਪਹਿਲੂ ਸੰਦਰਭ ਵਿਸ਼ੇਸ਼ ਦੀ ਅਹਿਮੀਅਤ ਨਾਲ ਸੰਬੰਧਿਤ ਹੈ। ਸਭਿਆਚਾਰਕ ਅਧਿਐਨ ਲੋਕ-ਸਮੂਹ ਨੂੰ ਇਕਹਿਰੇ ਰੂਪ ਵਿਚ ਦੇਖਣ ਦੀ ਥਾਂ ਉਸ ਨੂੰ ਗਤੀਸ਼ੀਲ ਅਤੇ ਲਗਾਤਰ ਤਬਦੀਲੀ 'ਚੋਂ ਗੁਜ਼ਰ ਰਹੇ ਸਮੂਹ ਵਜੋਂ ਕਲਪਦੇ ਹਨ। ਕਿਸੇ ਲੋਕ-ਸਮੂਹ ਦੀਆਂ ਜਾਤ, ਜਮਾਤ,

ਕਿੱਤੇ, ਧਰਮ ਦੀਆਂ ਅਗਲੇਰੀਆਂ ਵੱਖਰਤਾਵਾਂ ਵੀ ਸਭਿਆਚਾਰਕ ਅਧਿਐਨ ਦੀ ਮਹੱਤਵਪੂਰਨ ਕੜੀ ਹਨ। ਸਭਿਆਚਾਰਕ ਅਧਿਐਨ ਜਦੋਂ ਕਿਸੇ ਲਗਾਤਾਰ ਬਦਲ ਰਹੇ ਸਮੂਹ ਨੂੰ ਅਧਿਐਨ ਦਾ ਆਧਾਰ ਬਣਾਉਂਦੇ ਹਨ ਤਾਂ ਪ੍ਰਾਪਤ ਨਤੀਜਿਆਂ ਨੂੰ ਅੰਤਿਮ ਅਤੇ ਪੂਰੇ ਮੰਨਣ ਦੀ ਬਜਾਇ ਉਨ੍ਹਾਂ ਨੂੰ ਸਮੂਹ ਦੀ ਪ੍ਰਕਿਰਤੀ ਦਾ ਇੱਕ ਸੀਮਤ ਰੂਪ ਮੰਨਦੇ ਹਨ। ਇਹ ਇੱਕੋ ਵੇਲੇ ਇੱਕ ਸਮੂਹ ਬਾਬਤ ਕਿਸੇ ਇਕਹਿਰੇ ਪ੍ਰਵਚਨ ਨੂੰ ਸਥਾਪਿਤ ਕਰਨ ਦਾ ਵਿਰੋਧੀ ਹੈ। ਇਹ ਬਹੁ-ਵਾਦੀ ਅਤੇ ਬਹੁ-ਸੁਰੀ ਪਹੁੰਚ ਦੇ ਧਾਰਨੀ ਹਨ।

ਇਸ ਸੰਦਰਭ ਵਿਚ ਇੱਕ ਮਿਸਾਲ ਪੰਜਾਬੀ ਪਛਾਣ ਦੇ ਚਿੰਨ੍ਹਾਂ ਦੀ ਵਿਆਖਿਆ ਜਾਂ ਉਨ੍ਹਾਂ ਦੇ ਨਿਰਧਾਰਨ ਵਿਚ ਦੇਖੀ ਜਾ ਸਕਦੀ ਹੈ। ਪੰਜਾਬੀ ਸਭਿਆਚਾਰ ਵਿਗਿਆਨੀ ਪੰਜਾਬੀ ਪਛਾਣ ਚਿੰਨ੍ਹਾਂ ਦੀ ਵਿਆਖਿਆ ਵੇਲੇ ਅਕਸਰ ਇਕਹਿਰੀਆਂ ਧਾਰਨਾਵਾਂ ਨੂੰ ਪ੍ਰਸਾਰਨ ਦੇ ਸ਼ਿਕਾਰ ਰਹੇ ਹਨ। ਅਮਰਜੀਤ ਗਰੇਵਾਲ ਇਸ ਸਬੰਧੀ ਟਿੱਪਣੀ ਕਰਦੇ ਲਿਖਦੇ ਹਨ, "ਸਭਿਆਚਾਰਕ ਬਹੁਰੂਪਤਾ.... ਦੀ ਗ਼ੈਰਹਾਜ਼ਰੀ ਵਿਚ ਪੰਜਾਬੀ ਸਭਿਆਚਾਰ ਨੂੰ ਬੜੇ ਹੀ ਸਰਲ ਜੇਹੇ ਢੰਗ ਨਾਲ ਬਿਆਨ ਕਰਨ ਦੀ ਪਿਰਤ ਬਹੁਤ ਮਕਬੂਲ ਰਹੀ ਹੈ। ਇਸੇ ਕਰਕੇ ਡਾ. ਫ਼ਰੈਂਕ "ਬਾਰਿ ਪਰਾਇ ਨਾ ਬੈਸਣ" ਦੇ ਜੀਵਨ ਨੂੰ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਪ੍ਰਣਾਲੀ ਬਿਆਨ ਕਰਦੇ ਸਮੁੱਚੀ ਪੰਜਾਬੀ ਜੀਵਨ-ਜਾਚ ਨੂੰ ਇਸੇ ਦੁਆਲੇ ਘੁੰਮਾ ਦਿੰਦੇ ਹਨ। ਇਸੇ ਨੂੰ ਪੰਜਾਬੀ ਸਭਿਆਚਾਰ ਦੀ ਪਹਿਚਾਣ ਅਤੇ ਸ਼ਕਤੀ ਦਾ ਕੇਂਦਰੀ ਨੁਕਤਾ ਬਣਾ ਕੇ ਪੇਸ਼ ਕਰ ਦਿੰਦੇ ਹਨ। ਇੱਕ ਹੋਰ ਸੱਜਣ ਅਡੈਪਟੇਬਿਲਟੀ ਨੂੰ ਪੰਜਾਬੀ ਸਭਿਆਚਾਰ ਦਾ ਆਧਾਰ ਬਿਆਨ ਕਰਦੇ ਹਨ। ਕੋਈ ਪੰਜਾਬੀ ਸਭਿਆਚਾਰ ਨੂੰ ਬਹਾਦਰੀ ਨਾਲ ਜੋੜ ਦਿੰਦਾ ਹੈ ਅਤੇ ਕੋਈ ਹੋਰ ਮਿਹਨਤ ਮੁਸ਼ੱਕਤ ਨਾਲ। ਪਰ ਇਹ ਅਤੇ ਇਨ੍ਹਾਂ ਦੇ ਵਿਰੋਧੀ ਦੋਨੋਂ ਕਿਸਮ ਦੇ ਅਨੇਕਾਂ ਗੁਣ ਹਰ ਇੱਕ ਸਭਿਆਚਾਰ ਜਾਂ ਉਸ ਦੇ ਇਤਿਹਾਸ ਵਿਚ ਮੌਜੂਦ ਹੁੰਦੇ ਹਨ। ਇਸ ਤਰ੍ਹਾਂ ਦੇ ਗੁਣਾਂ ਦੀਆਂ ਲਿਸਟਾਂ ਤਿਆਰ ਕਰਨ ਦਾ ਕੋਈ ਅਰਥ ਨਹੀਂ ਜਿੰਨੀ ਦੇਰ ਤੱਕ ਕਿਸੇ ਸਭਿਆਚਾਰ ਦੇ ਵਿਭਿੰਨਤਾ ਵਾਲੇ ਗੁਣਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਨਹੀਂ ਬਣਾਇਆ ਜਾਂਦਾ।"[17]

ਅਮਰਜੀਤ ਗਰੇਵਾਲ ਦੀ ਉਪਰੋਕਤ ਟੂਕ ਇਹ ਸੁਝਾਉਂਦੀ ਹੈ ਕਿ ਪੰਜਾਬੀ ਸਭਿਆਚਾਰ ਅਧਿਐਨਾਂ ਨੇ ਹਾਲੇ ਲੰਮਾਂ ਪੰਧ ਤੈਅ ਕਰਨਾ ਹੈ। ਪੰਜਾਬੀ ਸਭਿਆਚਾਰ ਅਧਿਐਨ ਹੁਣ ਤੱਕ ਪ੍ਰਭਾਵੀ ਰੂਪ ਵਿਚ ਸਭਿਆਚਾਰ ਅਤੇ ਇਸ ਤੇ ਤੱਤਾਂ ਦੀ ਪਰਿਭਾਸ਼ਾ/ਵਿਆਖਿਆ ਤੱਕ ਹੀ ਸੀਮਤ ਰਹੇ ਹਨ। ਇਸ ਤੋਂ ਬਿਨ੍ਹਾਂ ਜੇਕਰ ਕੁਝ ਕੰਮ ਹੋਇਆ ਹੈ, ਉਹ ਰੀਤਾਂ ਰਸਮਾਂ ਅਤੇ ਰਿਵਾਜਾਂ ਦੀ ਸਾਧਾਰਨ ਵਿਆਖਿਆ ਤੱਕ ਸਿਮਟਿਆ ਹੋਇਆ ਹੈ। ਪੰਜਾਬੀ ਸਭਿਆਚਾਰ ਅਧਿਐਨ ਵਿਚ ਅਜਿਹੇ ਕੰਮ ਦੀ ਗਿਣਤੀ ਬਹੁਤ ਨਿਗੂਣੀ ਹੈ, ਜਿਹੜੀ ਪੰਜਾਬੀ ਸਭਿਆਚਾਰ ਦੇ ਸਾਧਾਰਨ ਨਜ਼ਰ ਆਉਂਦੇ ਵਰਤਾਰਿਆਂ ਪਿੱਛੇ ਕਾਰਜਸ਼ੀਲ ਸੱਤਾ-ਤੰਤਰ ਨੂੰ ਪਛਾਣਨ ਵੱਲ ਰੁਚਿਤ ਹੁੰਦਾ ਹੈ। ਪੰਜਾਬੀ ਸਭਿਆਚਾਰ ਅਧਿਐਨ ਗੌਲਣਯੋਗ ਹੱਦ ਤੱਕ ਅ-ਰਾਜਨੀਤਕ ਹਨ। ਸਭਿਆਚਾਰਕ ਅਧਿਐਨਾਂ ਦਾ ਹੋਰ ਦੇਸ਼ਾਂ ਵਿਚਲਾ ਦ੍ਰਿਸ਼ ਸਿੱਧਾਂਤਕ ਆਧਾਰਾਂ ਨੂੰ ਮਜ਼ਬੂਤ ਕਰਨ ਦੀ ਲੋੜ ਵੱਲ ਵੱਧ ਧਿਆਨ ਨਹੀਂ ਦਵਾਉਂਦਾ, ਸਗੋਂ ਉਸ ਸੱਤਾ-ਤੰਤਰ 'ਤੇ ਉਂਗਲ ਧਾਰਨ ਲਈ ਵੀ ਪ੍ਰੇਰਦਾ ਹੈ, ਜਿਹੜਾ ਸਮਕਾਲ ਦੇ ਬੰਦੇ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਇੱਕ ਖ਼ਾਸ ਦਿਸ਼ਾ ਵਿਚ ਘੜ ਰਿਹਾ ਹੈ।

## ਹਵਾਲੇ ਤੇ ਟਿੱਪਣੀਆਂ


1. Parmod K. Nayar, **An introduction to Cultural Studies**, Viva Books, New Delhi, 2009, p-4.
2. Paulo Saukko, **Doing Research in Cultural Studies**, Sage Publication Ltd, London, 2003, p-3.

3. "The notion of methodology draw attention to the fact that the tools and approaches (methods) that we use to make sense of reality, are not mere neutral techniques but come with a knowledge or ideology that often makes the 'reality' seem quite different." **Ibid**.
4. **lbid**, p-3
5. "Methods and Methodology often go together, so that a hermeneutic methodological approach, whixh aims to gain a 'thick' understanding of people's experience, often goes with a method, such as participant observation, that allows for the scholar and the people being studied to develop a mutual trust with one another.", **Ibid**, 2003, p-8.
6. **Ibid**, p-19
7. **Ibid**, p-9
8. Chris Barker, **Cultural Studies: Theory and Practice**, Saga Publication Ltd, London, 2003, p-82.
9. Richard Johnson, **what is cultural studieds anyway?** http://www.hu.mtu.edu/~jdslack/readings/CSReadings/johnson Richard what is Cultural Studies Anyway.pdf, Retreiven on 12 March, 2016.
10. Parmod K. Nayar, **An introduction to Cultural Studies**, Viva Books, New Delhi, 2009, p-9.
11. Paulo Saukko, **Doing Research in Cultural Studies**, Sage Publication Ltd, London, 2003, p-9.
12. http://culturalstudies101.files.wordpress.com/2012/09/hall-the-circuit-of-culture-ed-fink-11-11.pdf, Retreived on 12 March, 2016.
13. "The Idea is not to merely accumulate data-though such description are valuable–but to ask questions of epistemology and politics of data has been procured." Parmod K. Nayar, **An introduction to Cultural Studies**, Viva Books, New Delhi, 2009, p-16
14. Paulo Saukko, **Doing Research in Cultural Studies**, Sage Publication Ltd, London, 2003, p-15
15. Parmod K. Nayar, **An introduction to Cultural Studies**, Viva Books, New Delhi, 2009, p-21
16. Chris Barker, **Cultural Studies: Theory and Practice**, Sage Publication Ltd, London, 2003, p-90.
17. ਅਮਰਜੀਤ ਸਿੰਘ ਗਰੇਵਾਲ, 'ਪੰਜਾਬੀ ਸਭਿਆਚਾਰ ਦੇ ਅਧਿਐਨ ਲਈ ਨਵੀਂ ਖੋਜ ਪ੍ਰਣਾਲੀ ਦੇ ਨਿਰਮਾਣ ਵੱਲ', **ਪੰਜਾਬੀ ਸਭਿਆਚਾਰ : ਪਹਿਚਾਣ ਅਤੇ ਸ਼ਕਤੀ** (ਸੰਪਾ. ਮੁਹਿੰਦਰਜੀਤ ਸਿੰਘ), ਸਿਮਰਨ ਪਬਲੀਕੇਸ਼ਨ, ਲੁਧਿਆਣਾ, 1998, ਪੰਨਾ-72

# ਸਾਹਿਤ ਰਚਨਾਵਾਂ ਦੀ ਨਾਰੀਵਾਦੀ ਪੜ੍ਹਤ

—ਡਾ. ਪਰਮਿੰਦਰ ਸਿੰਘ*

ਇਸ ਖੋਜ-ਪੱਤਰ ਦਾ ਉਦੇਸ਼ ਸਾਹਿਤ ਰਚਨਾਵਾਂ ਦੀ ਨਾਰੀਵਾਦੀ ਪੜ੍ਹਤ (Reading as Woman) ਦਾ ਸਿੱਧਾਂਤਕ ਪਰਿਪੇਖ ਉਸਾਰਨਾ ਅਤੇ ਔਰਤ-ਮਰਦ ਰਿਸ਼ਤੇ ਦੇ ਸਾਹਿਤਕ ਰੂਪ ਨੂੰ ਪੜ੍ਹਨਾ/ਪਛਾਨਣਾ ਹੈ। ਨਾਰੀਵਾਦੀ ਪੜ੍ਹਤ ਅਰਥ-ਨਿਰਮਾਣ ਦੀ ਪ੍ਰਕਿਰਿਆ ਨੂੰ ਸਮਝਣ ਦੀ ਇੱਕ ਵਿਧੀ ਹੈ। ਇਸ ਅਧਿਐਨ ਵਿਚ ਨਾਰੀ ਦੀ ਸਥਿਤੀ ਦੇ ਹਵਾਲੇ ਨਾਲ ਪਾਠ-ਪ੍ਰਬੰਧ ਜਿਹੜੇ ਅਰਥ ਸੰਚਾਰਦਾ ਹੈ, ਉਸ ਨੂੰ ਨਾਰੀ-ਦ੍ਰਿਸ਼ਟੀ ਤੋਂ ਪੜ੍ਹਿਆ ਜਾਂਦਾ ਹੈ। ਨਾਰੀਵਾਦੀ ਪੜ੍ਹਤ ਸੰਰਚਨਾ ਦੀ ਪ੍ਰਕਿਰਿਆ ਹੈ ਅਤੇ ਸੰਰਚਨਾ ਇੱਕ ਅਮੂਰਤ ਸੰਕਲਪ ਹੈ। ਕਿਸੇ ਸਾਹਿਤ ਕਿਰਤ ਦੇ ਅੰਗ ਇੱਕ ਦੂਜੇ ਉੱਪਰ ਨਿਰਭਰ ਕਰਦੇ ਹੋਏ ਆਪਸੀ ਸੰਬੰਧਾਂ ਦੀ ਸੰਯੋਗੀ ਯੋਜਨਾ ਅਧੀਨ ਆਪਣਾ ਪ੍ਰਕਾਰਜ ਪੂਰਾ ਕਰਦੇ ਹਨ, ਜਿਸ ਨੂੰ ਸੰਰਚਨਾ/ਬਣਤਰ (Structure) ਕਿਹਾ ਜਾਂਦਾ ਹੈ। ਹਰ ਤੱਤ ਜਾਂ ਅੰਗ ਦੀ ਸਾਰਥਿਕਤਾ ਦੂਜੇ ਤੱਤਾਂ ਅਤੇ ਪਾਠ ਦੇ ਸੰਰਚਨਾਤਮਕ ਸਮੁੱਚ ਨਾਲ ਰਿਸ਼ਤੇ ਵਿਚ ਬੱਝ ਕੇ ਹੁੰਦੀ ਹੈ। ਨਾਰੀਵਾਦੀ ਅਧਿਐਨ ਵਿਚ ਨਾਰੀ ਇੱਕ ਵਿਆਕਰਣਿਕ ਟਰਮ ਅਤੇ ਉਹ ਪੁਜੀਸ਼ਨ ਹੁੰਦੀ ਹੈ ਜਿਹੜੀ ਪਾਠਕ ਪਾਠ ਨੂੰ ਪੜ੍ਹਨ ਲਈ ਲੈਂਦਾ ਹੈ। ਇਹੀ ਪੁਜੀਸ਼ਨ ਕਈ ਵਾਰੀ ਮਰਦਮੁਖੀ ਵਰਤਾਰੇ ਵਾਲੀ ਸੰਰਚਨਾ ਦੀ ਵਿਰਚਨਾ ਕਰਨ ਵਿਚ ਸਫਲ ਹੁੰਦੀ ਹੈ। ਵਿਰਚਨਾ ਤੋਂ ਭਾਵ ਉਸ ਗੈਰਹਾਜ਼ਰ ਵਰਤਾਰੇ ਨੂੰ ਪਛਾਨਣ ਤੋਂ ਹੈ ਜਿਹੜਾ ਮਰਦਮੁਖੀ ਵਰਤਾਰੇ ਦੀ ਹੋਂਦ ਨਾਲ ਸਾਹਮਣੇ ਲਿਆਂਦਾ ਜਾ ਸਕਦਾ ਹੈ ਅਤੇ ਸੰਰਚਨਾ ਦਾ ਕਾਰਣ ਬਣ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਨਾਰੀਵਾਦੀ ਪੜ੍ਹਤ ਲਈ ਰਚਨਾ ਕਿਸੇ ਇਸਤਰੀ ਦੁਆਰਾ ਹੀ ਸਿਰਜੀ ਗਈ ਹੋਵੇ ਸਗੋਂ ਇਹ ਗੱਲ ਮਹੱਤਵਪੂਰਣ ਹੈ ਕਿ ਅਧਿਐਨ ਅਧੀਨ ਰਚਨਾ ਵਿਚ ਸਥਿਤੀ ਨਾਰੀ-ਦ੍ਰਿਸ਼ਟੀ ਤੋਂ ਚਿਤਰੀ ਗਈ ਹੈ ਜਾਂ ਨਹੀਂ ? ਰਚਨਾ-ਦ੍ਰਿਸ਼ਟੀ ਹੀ ਨਾਰੀਵਾਦੀ ਅਧਿਐਨ ਦੀ ਬੁਨਿਆਦ ਬਣਦੀ ਹੈ। ਹਰੇਕ ਔਰਤ ਨਾਰੀਵਾਦੀ-ਦ੍ਰਿਸ਼ਟੀ ਦੀ ਧਾਰਣੀ ਨਹੀਂ ਹੁੰਦੀ ਅਤੇ ਹਰ ਮਰਦ ਨਾਰੀਵਾਦੀ-ਦ੍ਰਿਸ਼ਟੀ ਤੋਂ ਸੱਖਣਾ ਨਹੀਂ ਹੁੰਦਾ। ਰਚਨਾਕਾਰ ਦੇ ਜੀਵਨ-ਵੇਰਵਿਆਂ ਨੂੰ ਨਾਰੀਵਾਦੀ ਅਧਿਐਨ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ ਸਗੋਂ ਸਾਹਿਤ ਰਚਨਾ ਵਿਚੋਂ ਹੀ ਨਾਰੀਵਾਦੀ ਕੋਡ ਨੂੰ ਪਛਾਨਣਾ ਹੁੰਦਾ ਹੈ। ਨਾਰੀਵਾਦੀ ਪੜ੍ਹਤ ਸਾਹਿਤ ਰਚਨਾਵਾਂ ਵਿਚ ਕੇਵਲ ਔਰਤ-ਮਰਦ ਰਿਸ਼ਤਿਆਂ ਨੂੰ ਹੀ ਨਹੀਂ ਪਛਾਣਦੀ ਸਗੋਂ ਇਹ ਦ੍ਰਿਸ਼ਟੀ ਸਾਹਿਤ ਰਚਨਾਵਾਂ ਦੀ ਪੜ੍ਹਤ ਦਾ ਇੱਕ ਵਿਧੀ-ਵਿਗਿਆਨ ਹੋ ਨਿਬੜਦੀ ਹੈ।

ਨਾਰੀਵਾਦੀ ਪੜ੍ਹਤ ਦੇ ਬੁਨਿਆਦੀ ਸਰੋਕਾਰਾਂ ਨੂੰ ਸਵਰਾਜਬੀਰ ਦੇ ਨਾਟਕ 'ਮੇਦਨੀ' ਦੇ ਪ੍ਰਸੰਗ ਵਿਚ ਵੀ ਸਮਝਿਆ ਜਾ ਸਕਦਾ ਹੈ। ਇਸ ਨਾਟਕ ਵਿਚਲੇ ਦੂਹਰੇ ਬਿਰਤਾਂਤ ਦਾ ਇੱਕ ਪੱਖ ਔਰਤ ਤੋਂ ਮਰਦ ਬਣਨ ਦੀ ਲਾਲਸਾ ਅਤੇ ਦੂਸਰਾ ਪੱਖ ਨਾਰੀਤੱਵ ਵਿਚੋਂ ਅਸਤਿਤਵ ਦੀ ਭਾਲ ਹੈ। ਇਸ ਨਾਟਕ ਵਿਚਲੇ ਦੁਖਾਂਤ ਦੇ ਅਰਥ ਇਸਤਰੀ ਤੋਂ ਮਰਦ ਬਣਨ ਦੀ ਕੋਸ਼ਿਸ ਵਿਚ ਨਿਹਿਤ ਹਨ। ਸੁਰਜੀਤ ਕੌਰ ਆਪਣੀ ਅਸਤਿਤਵੀ ਸਥਿਤੀ ਨੂੰ ਪਰਿਵਰਤਿਤ ਕਰਨਾ ਚਾਹੁੰਦੀ ਹੈ। ਉਸਦੀ ਇੱਛਾ ਉਤਾਂਹ ਉਠ ਕੇ ਮਰਦ ਬਣਨ ਦੀ ਹੈ। ਜਾਗੀਰਦਾਰੀ ਸਮਾਜਿਕ ਵਿਵਸਥਾ ਵਿਚ ਮਰਦ ਸਮਾਜਿਕ ਸ਼ਕਤੀ ਦੇ ਚਿੰਨ੍ਹ ਵਜੋਂ ਅਰਥਸ਼ੀਲ ਹੁੰਦਾ ਹੈ। ਮਰਦ ਨਾਲ ਆਰਥਿਕ, ਰਾਜਨੀਤਿਕ, ਧਾਰਮਿਕ ਸਭ ਸ਼ਕਤੀਆਂ ਜੁੜੀਆਂ ਹੋਈਆਂ ਹਨ। ਇਹ ਸ਼ਕਤੀਆਂ ਅਜੋਕੇ ਅਰਧ-ਪੂੰਜੀਵਾਦੀ ਸਮਾਜ ਵਿਚ ਵੀ ਕਾਰਜਸ਼ੀਲ ਹੋਣ ਕਰਕੇ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਸੁਰਜੀਤ ਕੌਰ ਨੂੰ ਆਪਣੀ ਅਸਤਿਤਵੀ ਸਥਿਤੀ ਮਰਦ ਦੀ ਅਸਤਿਤਵੀ ਸ਼ਕਤੀ ਵਿਚ ਪਰਿਵਰਤਿਤ ਕਰਨੀ ਪੈਂਦੀ ਹੈ। ਉਹ ਆਪਣੇ ਇਸਤਰੀ ਅਸਤਿਤਵ ਨੂੰ ਪ੍ਰਵਾਨ ਨਹੀਂ ਕਰਦੀ। ਮਰਦ ਉਸ ਲਈ ਆਦਰਸ਼ਕ ਅਸਤਿਤਵ ਹੈ। ਉਸ ਦਾ ਹਰੇਕ ਕਾਰਜ ਇਸ ਅਸਤਿਤਵ ਨੂੰ ਪ੍ਰਾਪਤ ਕਰਨ ਨਾਲ ਹੀ ਸੰਬੰਧਿਤ ਹੈ। ਜਦੋਂ ਉਸ ਦੀ ਧੀ ਕਿਸੇ ਗੈਰ-ਮਰਦ ਨੂੰ ਚਾਹੁੰਦੀ ਹੈ ਤਾਂ ਉਸ ਦੀ ਅਖੌਤੀ ਮਰਦਾਨਗੀ ਨੂੰ ਠੇਸ ਪਹੁੰਚਦੀ ਹੈ। ਮਰਦ ਦਾ ਸੰਕਲਪ ਇਸ ਨਾਟਕ ਦੀ ਪਿੱਠਭੂਮੀ ਵਿਚ ਖੜ੍ਹਾ ਹੈ। ਨਾਟਕ ਦੀ ਅਗਰਭੂਮੀ ਵਿਚ ਦੋ ਔਰਤਾਂ ਹਨ, ਜਿਨ੍ਹਾਂ ਦੇ ਕਿਰਦਾਰ ਦਾ ਵਿਰੋਧ ਮਰਦ ਬਣਨ ਅਤੇ ਔਰਤ ਹੁੰਦਿਆਂ ਹੋਇਆਂ ਆਪਣੇ ਹੱਕ ਦੀ ਪ੍ਰਾਪਤੀ ਦੀ ਮਾਨਵੀ ਸਥਿਤੀ ਨੂੰ ਪੇਸ਼ ਕਰ ਰਿਹਾ ਹੈ। ਇਹ ਮਾਨਵੀ ਸਥਿਤੀ ਸਮਾਜ ਦੇ ਮੂਲ ਟਕਰਾਉ ਨੂੰ ਪੇਸ਼ ਕਰਦੀ ਹੈ। ਸੁਰਜੀਤ ਕੌਰ ਅਤੇ ਉਸਦੀ ਧੀ ਮਨਦੀਪ ਵਿਰੋਧੀ ਪ੍ਰਸਥਿਤੀਆਂ ਵਿਚ ਖੜ੍ਹੀਆਂ ਹਨ। ਇੱਕ ਪਾਸੇ ਮਨਦੀਪ ਦਾ ਸੁਪਨਾ ਅਤੇ ਇਸ ਦੀ ਪ੍ਰਾਪਤੀ ਲਈ ਜੱਦੋਜਹਿਦ ਹੈ। ਸੁਰਜੀਤ ਕੌਰ ਦੇ ਪਤੀ ਨੂੰ ਮਨਫੀ ਕਿਰਦਾਰ ਵਜੋਂ ਪੇਸ਼ ਕਰਕੇ ਨਾਟਕਕਾਰ ਦੂਸਰੀ ਮਾਨਵੀ ਸਥਿਤੀ ਨੂੰ ਪੇਸ਼ ਕਰਦਾ ਹੈ। ਬੇਸ਼ੱਕ ਇਸ ਨਾਟਕ ਵਿਚ ਮਰਦ ਪਾਤਰ ਕਿਤੇ ਵੀ ਮੁੱਖ ਪਾਤਰ ਦਾ ਰੂਪ ਧਾਰਨ ਨਹੀਂ ਕਰਦੇ ਪਰ ਉਹ ਸਹਾਇਕ ਪਾਤਰਾਂ ਵਜੋਂ ਮਰਦ ਦੀ ਮਾਨਵੀ ਸਥਿਤੀ ਦਾ ਆਭਾਸ ਕਰਾਉਂਦੇ ਰਹਿੰਦੇ ਹਨ। ਸੁਰਜੀਤ ਕੌਰ ਇਸਤਰੀਤਵ ਦਾ ਤਿਆਗ ਕਰਕੇ ਆਪਣਾ ਅਸਤਿਵ ਤਲਾਸ਼ ਕਰਦੀ ਹੈ। ਫਲਸਰੂਪ ਸਾਰੀਆਂ ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਸ਼ਕਤੀਆਂ ਉਸਨੂੰ ਪ੍ਰਾਪਤ ਹੋ ਜਾਂਦੀਆਂ ਹਨ। ਇਸ ਨਾਟਕ ਵਿਚ ਨਾਰੀ ਦਾ ਦੂਸਰਾ ਰੂਪ ਨਾਰੀਤੱਵ ਵਿਚੋਂ ਅਸਤਿਤਵ ਦੀ ਭਾਲ ਹੈ। ਮਨਦੀਪ ਆਪਣੇ ਇਸਤਰੀਤਵ ਨੂੰ ਕਾਇਮ ਰੱਖਦਿਆਂ ਆਪਣੇ ਇੱਛਤ ਵਰ ਦੀ ਪ੍ਰਾਪਤੀ ਲਈ ਸਮਾਜਿਕ ਮਰਿਆਦਾ ਨਾਲ ਬਗਾਵਤ ਦਾ ਰਾਹ ਅਪਣਾਉਂਦੀ ਹੈ। ਮਨਦੀਪ ਲਈ ਉਸਦਾ ਪ੍ਰੇਮ ਉਸਦੇ ਨਾਰੀਤਵ ਦਾ ਹੀ ਕਾਰਜ ਹੈ ਪਰ ਜਦੋਂ ਉਸਦਾ ਪਿਆਰ ਖੁੱਸ ਜਾਂਦਾ ਹੈ ਤਾਂ ਨਮੋਸ਼ੀ ਭਰੇ ਆਲਮ ਵਿਚੋਂ ਮਾਂ ਦਾ ਸੰਕਲਪ ਉਸਨੂੰ ਜ਼ਿੰਦਗੀ ਪ੍ਰਦਾਨ ਕਰਦਾ ਹੈ। ਮਾਂ, ਸੁਰਜੀਤ ਕੌਰ ਵੱਲੋਂ ਇਹ ਸੁਪਨਾ ਤੋੜ ਦੇਣ ਉਪਰੰਤ ਆਤਮਹੱਤਿਆ ਉਸ ਦੀ ਮਜਬੂਰੀ ਬਣ ਜਾਂਦੀ ਹੈ।

ਸਾਹਿਤ ਰਚਨਾਵਾਂ ਦੇ ਨਾਰੀਵਾਦੀ ਅਧਿਐਨ ਨੂੰ ਸਮਝਣ ਅਤੇ ਔਰਤ-ਮਰਦ ਰਿਸ਼ਤੇ ਦੇ ਸਾਹਿਤਕ ਰੂਪ ਨੂੰ ਪਛਾਨਣ ਲਈ ਨਾਰੀਵਾਦੀ ਚਿੰਤਨ ਦੇ ਆਧਾਰਾਂ ਨੂੰ ਸਮਝਣਾ ਜ਼ਰੂਰੀ ਹੈ। ਇਹ ਚਿੰਤਨ ਨਾਰੀਵਾਦ ਅਤੇ ਉਤਰ-ਨਾਰੀਵਾਦ ਦੇ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਜਿਵੇਂ ਕਿਸੇ ਤੱਤ ਜਾਂ ਘਟਕ ਦਾ ਆਪਣੇ ਆਪ ਵਿਚ ਕੋਈ ਅਰਥ ਨਹੀਂ ਹੁੰਦਾ, ਅਰਥਾਂ ਦੀ ਪ੍ਰਾਪਤੀ ਤੱਤਾਂ ਦੇ ਪਰਸਪਰ ਰਿਸ਼ਤਿਆਂ ਵਿਚੋਂ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ ਸਾਂਸਕ੍ਰਿਤਕ ਵਰਤਾਰੇ ਵਿਚ ਔਰਤ ਦਾ ਆਪਣੇ ਆਪ ਵਿਚ ਕੋਈ ਸੁਤੰਤਰ ਅਰਥ ਨਹੀਂ ਹੈ। ਮਰਦ ਦੇ ਹਵਾਲੇ ਨਾਲ ਹੀ ਔਰਤ ਦੀਆਂ ਵੱਖ-ਵੱਖ ਸਥਿਤੀਆਂ ਸਾਹਮਣੇ ਆਉਂਦੀਆਂ ਹਨ। ਆਰਥਿਕਤਾ ਦੇ ਬਦਲਦੇ ਪ੍ਰਸੰਗ ਵਿਚ ਔਰਤ ਸਮਾਜ ਦੇ ਮਰਕਜ਼ ਵਿਚ ਵਿਚਰਨ ਦੀ ਬਜਾਏ ਹਾਸ਼ੀਏ ਤੇ ਆ ਜਾਂਦੀ ਹੈ। ਔਰਤ ਇਕੋ ਵੇਲੇ ਮਰਦ ਦੀ ਸ਼ਿਕਾਰ ਹੈ ਅਤੇ ਮਰਦ ਨਾਲ ਰਲਕੇ ਸਿਸਟਮ ਦਾ ਵੀ ਸ਼ਿਕਾਰ ਹੁੰਦੀ ਹੈ। ਉਹ ਸਵੈ-ਪਛਾਣ ਲਈ ਅਨਿਆਇ ਖਿਲਾਫ਼ ਆਵਾਜ਼ ਉਠਾਉਂਦੀ ਹੋਈ ਇਸ ਤੋਂ ਮੁਕਤ ਹੋਣ ਦੇ ਉਪਰਾਲੇ ਵੀ ਕਰਦੀ ਹੈ। ਉਸਦੀ ਵਿਅਕਤੀ ਹੋਂਦ ਵਸਤੂ ਹੋਂਦ ਵਿਚ ਪਰਿਵਰਤਿਤ ਹੋਣੀ ਸ਼ੁਰੂ ਹੋਈ ਤਾਂ ਰੋਸ, ਰੋਹ ਅਤੇ ਵਿਦਰੋਹ ਦੀ ਸੁਰ ਉਭਰਨੀ ਸ਼ੁਰੂ ਹੋਈ। ਨਾਰੀਵਾਦੀ ਲਹਿਰ ਦਾ ਆਰੰਭ ਪੱਛਮ ਵਿਚ ਭਾਵੇਂ ਕਾਫ਼ੀ ਪੁਰਾਣਾ ਹੈ ਪਰ ਇੱਕ ਸੰਗਠਿਤ ਸਮਾਜਿਕ-ਰਾਜਨੀਤਕ-ਵਿਚਾਰਧਾਰਕ ਲਹਿਰ ਅਤੇ ਸਾਹਿਤ ਸਿੱਧਾਂਤ ਵਜੋਂ ਇਹ ਆਪਣੀ ਵਿਸ਼ੇਸ਼ ਪਛਾਣ 1960 ਤੋਂ ਬਾਅਦ ਹੀ ਗ੍ਰਹਿਣ ਕਰਦੀ ਹੈ। ਹੁਣ ਹਾਲਾਤ ਅਤੇ ਚਿੰਤਨ ਏਨੀ ਤੇਜ਼ੀ ਨਾਲ ਬਦਲਣ ਲੱਗ ਪਏ ਹਨ ਕਿ 1980 ਤੋਂ ਬਾਅਦ ਪੱਛਮ ਵਿਚ ਉਤਰ-ਨਾਰੀਵਾਦ ਦੀ ਗੱਲ ਵੀ ਕਈ ਪੜਾਅ ਲੰਘ ਆਈ ਹੈ।

ਨਾਰੀ ਜਾਗ੍ਰਿਤੀ ਦੇ ਰੂਪ ਵਿਚ ਪੱਛਮ ਵਿਚ 19ਵੀਂ-20ਵੀਂ ਸਦੀ ਵਿਚ ਇੱਕ ਸੰਗਠਿਤ

ਅੰਦੋਲਨ 'ਨਾਰੀਵਾਦ' (Feminism) ਮਰਦ ਪ੍ਰਧਾਨ ਸਮਾਜ ਦੁਆਰਾ ਸਿਰਜਤ ਸਾਰੀਆਂ ਰੀਤਾਂ, ਰੁਚੀਆਂ, ਮਾਨਤਾਵਾਂ, ਮੁੱਲਾਂ ਤੇ ਪੱਖਾਂ ਨੂੰ ਰੱਦ ਕਰਦਾ ਹੈ, ਜਿਹੜੀਆਂ ਲਿੰਗ ਵੱਖਰਤਾ ਅਤੇ ਲਿੰਗ ਵਿਤਕਰੇ ਦਾ ਕਾਰਣ ਬਣਦੀਆਂ ਹਨ। ਨਾਰੀਵਾਦ ਤੋਂ ਭਾਵ ਉਹ ਲਹਿਰ ਜੋ ਕਿਸੇ ਵੀ ਢੰਗ ਨਾਲ ਔਰਤ ਦੇ ਬਰਾਬਰੀ ਦੇ ਹੱਕਾਂ ਦੀ ਹਮਾਇਤ ਕਰਦੀ ਹੋਵੇ ਅਤੇ ਲਿੰਗ ਭੇਦ ਕਾਰਣ ਉਸ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਬੇਇਨਸਾਫ਼ੀ ਅਤੇ ਸਮਾਜਕ ਵਿਤਕਰੇ ਦੇ ਖਿਲਾਫ਼ ਹੋਵੇ। ਨਾਰੀਵਾਦ ਇਹ ਮੰਨ ਕੇ ਚਲਦਾ ਹੈ ਕਿ ਔਰਤ ਨਾਲ ਬੇਇਨਸਾਫ਼ੀ ਤੇ ਜਬਰ ਹੋ ਰਿਹਾ ਹੈ। ਦਰਅਸਲ ਨਾਰੀਵਾਦ ਇਸਤਰੀ ਲਈ ਇਸ ਗੁਲਾਮੀ ਅਤੇ ਜਬਰ ਤੋਂ ਮੁਕਤੀ ਦਾ ਮਾਰਗ ਹੈ। ਕੁਝ ਨਾਰੀਵਾਦੀ ਚਿੰਤਕਾਂ ਲਈ ਇਸ ਮੁਕਤੀ ਦਾ ਅਰਥ ਔਰਤ ਦੀ ਮਰਦ ਨਾਲ ਬਰਾਬਰੀ ਹੈ, ਜਿਸਨੂੰ ਉਦਾਰਵਾਦੀ ਨਾਰੀਵਾਦ (Liberal Feminism) ਦਾ ਨਾਂ ਦਿੱਤਾ ਜਾਂਦਾ ਹੈ। ਇਸ ਦ੍ਰਿਸ਼ਟੀ ਦਾ ਪ੍ਰਗਟਾਵਾ John Stuart Mill ਦੀ ਪੁਸਤਕ **The Subjection of Women** (1869) ਅਤੇ Betty Friedan ਦੀ ਪੁਸਤਕ **The Feminine Mystique** (1971) ਵਿਚ ਮਿਲਦਾ ਹੈ। ਮਾਰਕਸਵਾਦੀ ਨਾਰੀਵਾਦ ਨਾਰੀ ਦੇ ਜਬਰ ਦਾ ਕਾਰਣ ਜਮਾਤੀ ਸਮਾਜ ਅਤੇ ਨਿੱਜੀ ਜਾਇਦਾਦ ਦੀ ਸੰਸਥਾ ਵਿਚ ਨਿਹਤ ਕਰਦਾ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਔਰਤ ਦੀ ਬੰਦਖਲਾਸੀ ਵੀ ਵਿਸ਼ਾਲ ਜਮਾਤੀ ਸੰਘਰਸ਼ਾਂ ਅਤੇ ਲੋਕ ਅੰਦੋਲਨਾਂ ਰਾਹੀਂ ਹੀ ਸੰਭਵ ਹੈ। ਜਮਾਤੀ ਸਮਾਜ ਵਿਚ ਕੇਵਲ ਔਰਤ ਹੀ ਗੁਲਾਮ ਨਹੀਂ ਹੁੰਦੀ ਸਗੋਂ ਮਰਦ ਵੀ ਗੁਲਾਮ ਹੁੰਦਾ ਹੈ ਪਰ ਔਰਤ ਗੁਲਾਮ ਦੀ ਗੁਲਾਮ ਹੋਣ ਕਾਰਨ ਦੂਹਰੀ ਗੁਲਾਮੀ ਭੋਗਦੀ ਹੈ। ਇਸ ਪ੍ਰਸੰਗ ਵਿਚ ਕਾਰਲ ਮਾਰਕਸ ਦੀ ਪੁਸਤਕ **Economic And Philosiphic Manuscripts** (1844), Frederick Engels ਦੀ ਪੁਸਤਕ **The Origion of the Family, Private Property and the State** (1844), August Bebel ਦੀ ਪੁਸਤਕ **Women and Socialism** (1879) ਅਤੇ Charlotte Perkins Gilman ਦੀ ਪੁਸਤਕ **Women and Economics** (1898) ਵਿਸ਼ੇਸ਼ ਰੂਪ ਵਿਚ ਵਰਨਣਯੋਗ ਹਨ। ਜੁਝਾਰੂ ਨਾਰੀਵਾਦ (Radical Feminism) ਔਰਤ ਉੱਪਰ ਸਾਰੇ ਜਬਰ ਦੇ ਵਿਭਿੰਨ ਰੂਪਾਂ ਨੂੰ ਲਿੰਗ ਜਬਰ ਦੇ ਵਿਸ਼ਾਲ ਪਰਿਪੇਖ ਵਿਚ ਰੱਖ ਕੇ ਵਿਚਾਰਦਾ ਹੈ। ਇਹ ਉਦਾਰਵਾਰਦੀਆਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਔਰਤਾਂ ਉੱਪਰ ਜਬਰ ਦਾ ਕਾਰਣ ਉਸ ਦੀ ਸਰੀਰਕ ਬਣਤਰ ਵਿਚ ਨਿਹਤ ਹੈ। ਇਨ੍ਹਾਂ ਦਾ ਖਿਆਲ ਹੈ ਕਿ ਔਰਤ ਦੇ ਜਬਰ ਦਾ ਬੁਨਿਆਦੀ ਆਧਾਰ ਬੱਚੇ ਪੈਦਾ ਕਰਨਾ ਅਤੇ ਬੱਚੇ ਪਾਲਣਾ ਹੈ। ਜੁਝਾਰੂ ਨਾਰੀਵਾਦੀ ਖਿਆਲ ਕਰਦੇ ਹਨ ਕਿ ਤਕਨਾਲੋਜੀ ਇੱਕ ਸਰੀਰ ਵਿਗਿਆਨਕ ਇਨਕਲਾਬ ਲਿਆਏਗੀ ਜਿਸ ਨਾਲ ਔਰਤ ਨੂੰ ਬੱਚੇ ਪੈਦਾ ਕਰਨ ਅਤੇ ਪਾਲਣ ਦੇ ਬੋਝ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਔਰਤ ਦੀ ਆਜ਼ਾਦੀ ਦਾ ਮਸਲਾ ਸਿਰਫ਼ ਉਦਾਰਵਾਦੀ ਸਮਝ ਰਾਹੀਂ ਕੁਝ ਕਾਨੂੰਨੀ ਹੱਕਾਂ ਲਈ ਸੰਘਰਸ਼ ਕਰਕੇ ਜਾਂ ਸਮੁੱਚੇ ਸਮਾਜਿਕ ਪ੍ਰਬੰਧ ਵਿਚ ਜਮਾਤੀ ਸੰਘਰਸ਼ ਅਤੇ ਵਿਸ਼ਾਲ ਲੋਕ ਲਹਿਰ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਤਕਨਾਲੋਜੀ ਵਿਚ ਇਨਕਲਾਬ ਲਿਆ ਕੇ ਹੱਲ ਕੀਤਾ ਜਾ ਸਕਦਾ ਹੈ। ਇਸ ਦ੍ਰਿਸ਼ਟੀ ਦਾ ਮੁੱਢ Simone De Beauvoir ਦੀ ਪ੍ਰਸਿੱਧ ਪੁਸਤਕ **The Second Sex** (1949) ਨਾਲ ਬੱਝਦਾ ਹੈ ਅਤੇ Kate Millet ਦੀ ਪੁਸਤਕ **Sexual Politics** (1970) ਨਾਲ ਵਿਕਸਿਤ ਹੁੰਦਾ ਹੈ।

ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਨਾਰੀਵਾਦ ਆਪਣੀਆਂ ਸੰਭਾਵਨਾਵਾਂ ਹੰਢਾ ਚੁੱਕਣ ਪਿਛੋਂ ਮਰਦ ਵਿਰੋਧੀ ਲਹਿਰ ਵਜੋਂ ਕੱਟੜ ਰੂਪ ਅਖਤਿਆਰ ਕਰਕੇ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਇਸਦੇ ਸਿੱਟੇ ਵਜੋਂ ਨਾਰੀ ਕਿਸੇ ਤੀਜੇ ਬਦਲ ਦੀ ਤਲਾਸ਼ ਵਿਚ ਸੀ। ਨਾਰੀਵਾਦ ਦੇ ਉਲਝੇ ਹੋਏ ਆਪਾਵਿਰੋਧੀ ਤੇ ਨਾਂਹਪੱਖੀ ਰੁਝਾਨਾਂ, ਮੀਡੀਏ ਦੇ ਪ੍ਰਚਾਰ ਅਤੇ ਵਿਅਕਤੀਗਤ ਉਲਾਰਾਂ ਦੀ ਪ੍ਰਤੀਕਿਰਿਆ ਵਿਚੋਂ ਉਤਰ-ਨਾਰੀਵਾਦ ਦੇ ਸ਼ੁਰੂਆਤੀ ਅੰਸ਼ 1919 ਵਿਚ ਜਾਰੀ ਕੀਤੀ ਗਈ ਇੱਕ

ਪਤ੍ਰਿਕਾ ਵਿਚ ਵੇਖੇ ਜਾ ਸਕਦੇ ਹਨ, ਜਿਸ ਵਿਚ ਸਾਹਿਤਕ ਜੁਝਾਰੂ ਇਸਤਰੀਆਂ (Female Literary Radicals) ਨੇ ਐਲਾਨ ਕੀਤਾ ਕਿ ਉਹ ਮਨੁੱਖਾਂ ਵਿਚ ਦਿਲਚਸਪੀ ਰੱਖਦੀਆਂ ਹਨ, ਨਾ ਕਿ ਮਰਦ ਅਤੇ ਔਰਤ ਵਿਚ। ਨੈਤਿਕ, ਸਮਾਜਕ, ਆਰਥਿਕ ਅਤੇ ਰਾਜਨੀਤਕ ਮਾਪਦੰਡਾਂ ਦਾ ਲਿੰਗ ਨਾਲ ਕੋਈ ਸਬੰਧ ਨਹੀਂ ਹੈ। ਉਤਰ-ਨਾਰੀਵਾਦੀ ਦ੍ਰਿਸ਼ਟੀ ਮਰਦ ਦੇ ਵਿਰੋਧ ਦੀ ਬਜਾਏ ਇਸਤਰੀ ਦੀ ਹੋਂਦ ਨੂੰ ਉਸਦੀ ਵਿਲੱਖਣਤਾ ਵਿਚੋਂ ਤਲਾਸ਼ ਕਰਨ ਲਈ ਕਾਰਜਸ਼ੀਲ ਹੁੰਦੀ ਹੈ। ਜੁਝਾਰੂ ਨਾਰੀਵਾਦ ਦੀਆਂ ਪਹੁੰਚ-ਵਿਧੀਆਂ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੋਈ ਇਹ ਦ੍ਰਿਸ਼ਟੀ ਇਸਤਰੀ ਦੀਆਂ ਵਿਸ਼ੇਸ਼ ਨਾਰੀਤਵ ਕੇਂਦਰਿਤ ਵਿਸ਼ੇਸ਼ਤਾਵਾਂ ਨੂੰ ਉਘਾੜਦੀ ਹੈ। ਇਹ ਦ੍ਰਿਸ਼ਟੀ ਇਸਤਰੀ ਦੀ ਜੀਵ ਵਿਗਿਆਨਕ ਸਥਿਤੀ ਨੂੰ ਸਮਾਜਕ ਪੱਧਰ ’ਤੇ ਮਰਦਾਂ ਨਾਲੋਂ ਵਿਲੱਖਣ ਮੰਨ ਕੇ ਚੱਲਦੀ ਹੋਈ ਇਸਤਰੀ ਅਤੇ ਮਰਦ ਨੂੰ ਇੱਕ ਦੂਜੇ ਦੇ ਪੂਰਕ ਸਮਝਦਿਆਂ ਹੋਇਆਂ ਦੋਵਾਂ ਦੀਆਂ ਪਰਿਵਾਰਕ ਲੋੜਾਂ ਨੂੰ ਸਵੀਕਾਰ ਕਰਦੀ ਹੈ। ਇਸਨੇ ਨਾਰੀਵਾਦ ਦੇ ਸਰਬਸਾਂਝੇ ਬਰਾਬਰੀ ਦੇ ਮੁੱਦੇ ਨੂੰ ਅਸਵੀਕਾਰ ਕਰਕੇ ਔਰਤ ਦੀ ‘ਵਿਲੱਖਣਤਾ’ ਨੂੰ ਬਹਿਸ ਦਾ ਆਧਾਰ ਬਣਾਇਆ ਹੈ। ਇਹ ਦ੍ਰਿਸ਼ਟੀ ਨਾਰੀਵਾਦ ਦੇ ਪੁਰਾਤਨ, ਇਕਹਿਰੇ ਅਤੇ ਇਕਸਾਰ ਸੰਕਲਪ ਨੂੰ ਤੋੜ ਕੇ ਵਿਕੇਂਦਰਤਾ ਦੇ ਨੁਕਤੇ ਤੇ ਜੁੜਦੀ ਹੋਈ ਬਹੁਵਾਦ ਅਤੇ ਵਖਰੇਵਿਆਂ ਨੂੰ ਸਮਝਣ ਦੀ ਸੰਭਾਵਨਾ ਪੈਦਾ ਕਰਦੀ ਹੈ। ਉਤਰ-ਨਾਰੀਵਾਦੀ ਦ੍ਰਿਸ਼ਟੀ ਉਪਭਾਵਕ ਹੋ ਕੇ ਮਰਦ ਪ੍ਰਤੀ ਇਕਪਾਸੜ ਅਤੇ ਪੱਖਪਾਤੀ ਦ੍ਰਿਸ਼ਟੀ ਅਪਨਾਉਣ ਦੀ ਬਜਾਏ ਸੰਤੁਲਨ ਕਾਇਮ ਕਰਨ ਲਈ ਯਤਨਸ਼ੀਲ ਨਜ਼ਰ ਆਉਂਦੀ ਹੈ। ਉਤਰ-ਨਾਰੀਵਾਦੀ ਚਿੰਤਕਾਂ ਵਿਚ Judith Butler, Susan Faludi (**Backlash: The Undeclared War Against American Women**, 1992), Naomi Wolf (**Fire With Fire**, 1993), Patrica Mann (**Micro Politics: Agency in a Postfeminist Era**, 1994), Rebeca Walker (**To be Real: Telling The Truth and Changing The Face of Feminism**, 1995), Ann Brooks (**Postfeminisms: Feminism, Cultural Theory and Cultural Forms**, 1997) ਦਾ ਨਾਂ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ।

ਪੱਛਮ ਅਤੇ ਪੂਰਬ ਵਿਚਕਾਰ ਸ਼ਕਤੀ ਅਤੇ ਵਿਭਿੰਨ ਪੱਧਰਾਂ ਉੱਪਰ ਗੁੰਝਲਦਾਰ ਸਰਦਾਰੀ ਪ੍ਰਬੰਧ ਹੈ। ਔਰਤ-ਮਰਦ ਸਬੰਧ ਵੀ ਪੂਰਬ ਤੇ ਪੱਛਮ ਦੇ ਸਬੰਧਾਂ ਵਾਂਗ ਹੈ। 1980 ਤੋਂ ਬਾਅਦ ਨਵ-ਇਤਿਹਾਸਵਾਦ ਨੇ ਨਾਰੀਵਾਦ ਅਤੇ ਉਤਰ-ਬਸਤੀਵਾਦੀ ਆਲੋਚਨਾ ਨਾਲ ਮਿਲ ਕੇ ਸਾਹਿਤ ਵਿਚ ਪੂਰਵ-ਨਿਸ਼ਚਤ ਧਾਰਨਾਵਾਂ ਤੇ ਪ੍ਰਸ਼ਨ ਚਿੰਨ੍ਹ ਲਗਾਏ। ਉਨ੍ਹਾਂ ਨੇ ਨਾਰੀ ਦੇ ਹੱਕਾਂ ਅਤੇ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਰਚੇ ਸਾਹਿਤ ਬਾਰੇ ਪੱਛਮੀ ਦੇਸ਼ਾਂ ਦੀ ਉਦਾਸੀਨਤਾ ਅਤੇ ਗੈਰਜ਼ਿੰਮੇਵਾਰੀ ਬਾਰੇ ਨਵੀਂ ਚਰਚਾ ਛੇੜੀ। ਤੀਸਰੀ ਦੁਨੀਆਂ (ਏਸ਼ੀਆਈ, ਅਫਰੀਕੀ ਤੇ ਲਾਤੀਨੀ ਅਮਰੀਕੀ ਜਾਂ ਦੱਖਣ ਏਸ਼ੀਆਈ ਦੇਸ਼) ਦੇ ਦੇਸ਼, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਦੀ ਹੈਸੀਅਤ ਮਨੁੱਖੀ ਸਮਾਜ ਦੇ ‘ਦੂਸਰੇ’ ਭਾਵ ਕੇਂਦਰ ਤੋਂ ਟੁੱਟੇ ਹੋਏ ਦੂਸਰੇ (Other) ਦੀ ਸੀ। ਸਦੀਆਂ ਤੋਂ ‘ਦੂਸਰੇ’ ਉੱਪਰ ‘ਪਹਿਲੇ’ ਦੀ ਸਰਦਾਰੀ ਚਲੀ ਆ ਰਹੀ ਹੈ। ਦੂਸਰਾ ਦਬਾਇਆ ਹੋਇਆ ਜਾਂ ਅੱਖੋਂ ਉਹਲੇ ਕੀਤਾ ਹੋਇਆ ਹੈ, ਜਿਸਦੀ ਆਪਣੀ ਕੋਈ ਪਛਾਣ ਨਹੀਂ ਹੈ। ਜੇ ਹੈ ਤਾਂ ਪਹਿਲੇ ਦੇ ਹਵਾਲੇ ਨਾਲ ਜਾਂ ਉਸਦੇ ਅਨੁਸਾਰ। ਉਤਰ-ਬਸਤੀਵਾਦੀ ਦ੍ਰਿਸ਼ਟੀ ਰਾਹੀਂ ਦੋਹਾਂ ਵਿਰੋਧ ਜੁੱਟਾਂ ਵਿਚ ਦਵੰਦ ਦਾ ਜੋ ਪ੍ਰਵਚਨ ਪੈਦਾ ਹੋਇਆ ਹੈ, ਉਸ ਵਿਚ ਦੂਸਰਾ ਆਪਣੀ ਪਹਿਚਾਣ ਇਸ ਤਰ੍ਹਾਂ ਕਰਾ ਰਿਹਾ ਹੈ ਕਿ ਪਹਿਲੀ ਵਿਆਖਿਆ ਉਲਟਣ ਲੱਗੀ ਹੈ। ਭਾਰਤੀ ਮੂਲ ਦੀ ਸਬਾਲਟਨ ਸਟੱਡੀਜ਼ ਵਿਦਵਾਨ ਗਾਇਤਰੀ ਸਪੀਵਾਕ ਆਪਣੇ ਪ੍ਰਭਾਵਸ਼ਾਲੀ ਲੇਖਾਂ ‘ਸਬਾਲਟਨ ਸਟੱਡੀਜ਼ਃ ਡੀਕੰਨਸਨਰਕਟਿੰਗ ਹਿਸਟੀਰੀਓਗਰਾਫੀ’ (1988) ਅਤੇ ‘ਕੈਨ ਦ ਸਬਾਲਟਨ ਸਪੀਕ’ (1993) ਵਿਚ ਉਤਰ-ਸੰਰਚਨਾਵਾਦ ਦਾ ਪ੍ਰਭਾਵ ਗ੍ਰਹਿਣ ਕਰਦਿਆਂ ਹਾਸ਼ੀਆਕ੍ਰਿਤ/ਦਮਿਤ/ਦੱਬੇ-ਕੁਚਲੇ (ਭਾਰਤੀ ਕਿਸਾਨ, ਔਰਤਾਂ ਜਾਂ ਨਿਮਨ ਵਰਗ) ਲੋਕਾਂ ਬਾਰੇ

ਚਰਚਾ ਕਰਦੀ ਹੈ। ਉਸਦੀ ਧਾਰਣਾ ਹੈ ਕਿ ਨਿਮਨਵਰਗ ਦੀ ਦੱਬੀ ਕੁਚਲੀ (Subaltern) ਨਾਰੀ ਦੀ ਕੋਈ ਆਵਾਜ਼ ਨਹੀਂ ਹੁੰਦੀ, ਉਸ ਕੋਲ ਆਪਣੇ ਫ਼ੈਸਲੇ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ ਅਤੇ ਉਸਦੀ ਸਥਿਤੀ ਵਿਕੇਂਦਰਿਤ ਹੁੰਦੀ ਹੈ। ਸਬਾਲਟਰਨ ਉਨ੍ਹਾਂ ਵਰਗਾਂ ਨੂੰ ਮੰਨਿਆ ਜਾਂਦਾ ਹੈ ਜੋ ਸਮਾਜ ਦੀ ਮੁਖਧਾਰਾ ਤੋਂ ਦੂਰ ਰਹਿਣ ਦੇ ਨਾਲ-ਨਾਲ ਅਣਗੌਲੇ ਹੋਣ ਦਾ ਸੰਤਾਪ ਵੀ ਭੋਗਦੇ ਹਨ। ਇਹ ਸਮਾਜ ਵਿਚ ਦਮਿਤ ਅਤੇ ਹਾਸ਼ੀਆਗਤ ਵਰਗਾਂ ਦੇ ਤੌਰ 'ਤੇ ਵਿਚਰਦੇ ਹਨ ਅਤੇ ਇਨ੍ਹਾਂ ਦਾ ਰੁਤਬਾ ਨੀਵੇਂ ਦਰਜੇ ਦਾ ਮੰਨਿਆ ਜਾਂਦਾ ਹੈ। ਇਹ ਵਰਗ ਸਮਾਜਿਕ ਵਿਤਕਰੇ ਅਤੇ ਭੇਦਭਾਵ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਮਾਣ ਸਤਿਕਾਰ ਤੋਂ ਵਿਹੂਣਾ ਵੀ ਰਹਿੰਦਾ ਹੈ। ਸਮਾਜ ਇਸ ਵਰਗ ਨੂੰ ਆਪਣੀ ਮੁਖਧਾਰਾ ਤੋਂ ਨਿਖੇੜ ਕੇ ਦੁਜੈਲੇ ਦਰਜੇ ਦੇ ਵਸਨੀਕਾਂ ਵਾਲਾ ਵਿਵਹਾਰ ਕਰਦਾ ਹੈ। ਇਹ ਭੇਦਭਾਵ ਬਹੁਤੀ ਵਾਰੀ ਅਮਾਨਵੀ ਪ੍ਰਕਿਰਤੀ ਵਾਲਾ ਹੋ ਨਿਬੜਦਾ ਹੈ ਜਿਸਦੇ ਫਲਸਰੂਪ ਇਹ ਵਰਗ ਅਮਾਨਵੀ ਪ੍ਰਸਥਿਤੀਆਂ ਵਿਚ ਹਾਸ਼ੀਆਗਤ ਜੀਵਨ ਗੁਜ਼ਾਰਨ ਲਈ ਮਜਬੂਰ ਹੋ ਜਾਂਦਾ ਹੈ। ਸਮਾਜ ਵਿਚ ਮਰਦ ਨੇ ਨਾਰੀ ਨੂੰ, ਵਰਣ ਵਿਵਸਥਾ ਨੇ ਦਲਿਤਾਂ ਨੂੰ, ਬਹੁਗਿਣਤੀ ਨੇ ਘੱਟਗਿਣਤੀ ਨੂੰ, ਸਭਿਅਕ ਸਮੂਹਾਂ ਨੇ ਆਦਿਵਾਸੀਆਂ ਨੂੰ, ਸ਼ਕਤੀਸ਼ਾਲੀ ਨੇ ਕਮਜ਼ੋਰ ਨੂੰ, ਰਾਜਨੀਤਕਾਂ ਨੇ ਆਮ ਲੋਕਾਂ ਨੂੰ, ਇਲੈਕਟਰੌਨਿਕ ਮੀਡੀਆ ਨੇ ਲੋਕਧਾਰਾਈ ਵਿਰਸੇ ਨੂੰ ਅਤੇ ਵੱਡੇ ਬਾਜ਼ਾਰਾਂ ਨੇ ਛੋਟੀਆਂ ਦੁਕਾਨਾਂ ਨੂੰ ਹਾਸ਼ੀਏ 'ਤੇ ਧਕੇਲ ਦਿੱਤਾ ਹੈ। ਵਿਸ਼ਾਲ ਦ੍ਰਿਸ਼ਟੀ ਤੋਂ ਸਬਾਲਟਰਨ ਨੂੰ ਪਰਿਭਾਸ਼ਤ ਕਰਦਿਆਂ ਇਸਦਾ ਦਾਇਰਾ ਵਿਸ਼ਾਲ ਹੁੰਦਾ ਜਾਂਦਾ ਹੈ ਅਤੇ ਹਰ ਵਿਅਕਤੀ ਜਾਂ ਸਮੂਹ ਕਿਸੇ ਨਾ ਕਿਸੇ ਤਰ੍ਹਾਂ ਵੱਖੋ-ਵੱਖਰੇ ਪ੍ਰਸੰਗਾਂ ਵਿਚ, ਆਪਣੀ ਵਿਸ਼ੇਸ਼ ਸਥਿਤੀ ਕਾਰਣ ਸਬਾਲਟਰਨ ਦੇ ਘੇਰੇ ਵਿਚ ਸ਼ਾਮਲ ਹੋ ਸਕਦਾ ਹੈ। ਸਬਾਲਟਰਨ ਦੇ ਪਰਿਭਾਸ਼ਕ ਘੇਰੇ ਵਿਚ ਕੇਵਲ ਉਨ੍ਹਾਂ ਸਮੂਹਾਂ ਨੂੰ ਹੀ ਸ਼ਾਮਿਲ ਕਰਨਾ ਜਾਇਜ਼ ਹੈ ਜਿਹੜੇ ਸਾਪੇਖਕ ਤੌਰ 'ਤੇ ਹੀ ਸਹੀ, ਇੱਕ ਲੰਮੇ ਸਮੇਂ ਲਈ ਹਾਸ਼ੀਆਗਤ ਹੋਣੀ ਹੰਢਾਉਂਦੇ ਹਨ। ਨਾਰੀ ਨੂੰ ਲਗਾਤਾਰ ਹਾਸ਼ੀਏ 'ਤੇ ਰੱਖਿਆ ਜਾਂਦਾ ਰਿਹਾ ਹੈ। ਹਾਸ਼ੀਆਗਤ ਹੋਂਦ ਤੋਂ ਛੁਟਕਾਰਾ ਪਾਉਣ ਲਈ ਨਾਰੀਵਾਦੀ ਚਿੰਤਕਾਂ ਨੇ ਸਮੇਂ-ਸਮੇਂ ਅਜਿਹੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਰਾਹੀਂ ਨਾਰੀ ਦੀ ਸਬਜੈਕਟ ਵਜੋਂ ਵੱਖਰੀ ਹਸਤੀ ਸਥਾਪਤ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਰਹੀ ਹੈ। ਇਨ੍ਹਾਂ ਚਿੰਤਕਾਂ ਨੇ ਨਾਰੀ ਨੂੰ ਪੁਰਖ ਦੇ ਸਮਰੂਪ ਖੜ੍ਹਾ ਕਰਨ ਦੀ ਬਜਾਏ ਉਸਦੀ ਵਿਲੱਖਣਤਾ ਅਤੇ ਰਚਨਾਤਮਕਤਾ ਉੱਪਰ ਧਿਆਨ ਕੇਂਦਰਤ ਕਰਦੇ ਹੋਏ ਨਾਰੀਵਾਦ ਨੂੰ ਨਵੀਂ ਤੇ ਉਸਾਰੂ ਦਿਸ਼ਾ ਪ੍ਰਦਾਨ ਕੀਤੀ ਹੈ। ਇਨ੍ਹਾਂ ਦੀ ਸਥਾਪਨਾ ਹੈ ਕਿ ਨਾਰੀ, ਪੁਰਖ ਦੇ ਪੈਮਾਨਿਆਂ ਮੁਤਾਬਕ ਮਾਪਿਆ ਨਹੀਂ ਜਾਣਾ ਚਾਹੁੰਦੀ ਸਗੋਂ ਆਪਣੀ ਵਿਲੱਖਣਤਾ ਅਤੇ ਦੂਸਰੇਪਣ ਦੇ ਪ੍ਰਗਟਾਵੇ ਲਈ ਆਪਣੀ ਵੱਖਰੀ ਸਭਿਆਚਾਰਕ ਸਪੇਸ ਚਾਹੁੰਦੀ ਹੈ। ਬਸਤੀਵਾਦੀ ਅਤੇ ਉਤਰ-ਬਸਤੀਵਾਦੀ ਦੌਰ ਵਿਚ ਨਾਰੀ ਦੂਹਰੇ ਬਸਤੀਵਾਦ/ਦਮਨ ਵਿਚੋਂ ਗੁਜ਼ਰਦੀ ਹੈ। ਪਹਿਲੇ ਸੰਸਾਰ ਦਾ ਨਾਰੀਵਾਦ ਪੂਰਬੀ ਨਾਰੀ ਨੂੰ ਵੱਖਰੀਆਂ ਸਥਿਤੀਆਂ ਦੇ ਸਨਮੁੱਖ ਹੋਣ ਕਰਕੇ ਨਸਲਵਾਦੀ ਦ੍ਰਿਸ਼ਟੀ ਤੋਂ ਪਛੜਿਆ ਸਮਝਦਾ ਹੈ, ਪੈਤਰਿਕ ਸੰਸਾਰ ਨੇ ਨਾਰੀ ਦੇ ਆਲੇ-ਦੁਆਲੇ ਵਰਜਣਾਵਾਂ ਦੀਆਂ ਦੀਵਾਰਾਂ ਬਣਾਈਆਂ ਹੋਈਆਂ ਹਨ, ਜਿਸ ਕਰਕੇ ਉਸਦੀ ਵਿਲੱਖਣ ਲਿੰਗਕ ਪਹਿਚਾਣ ਸਥਾਪਤ ਨਹੀਂ ਹੋ ਪਾਉਂਦੀ ਅਤੇ ਉਸਦੀ ਹੋਂਦ ਲਗਾਤਾਰ ਹਾਸ਼ੀਆਗਤ ਹੀ ਬਣੀ ਰਹਿੰਦੀ ਹੈ। ਉਤਰ-ਬਸਤੀਵਾਦੀ ਨਾਰੀ ਲੇਖਕਾਵਾਂ ਇਸਤਰੀ ਦੀ ਲਿੰਗ ਵਿਸ਼ੇਸ਼ਤਾ ਅਤੇ ਇਤਿਹਾਸ ਵਿਸ਼ੇਸ਼ਤਾ ਨਿਸ਼ਚਿਤ ਕਰਨ ਲਈ ਸਥਾਨਕ ਸਭਿਆਚਾਰਾਂ ਉੱਪਰ ਆਧਾਰਤ 'ਪਰਾਕੌਮੀ ਨਾਰੀਵਾਦ' ਉਸਾਰਨ ਦਾ ਬੁਲਾਵਾ ਦਿੰਦੀਆਂ ਹਨ, ਜੋ ਇਤਿਹਾਸਕ ਵਿਸ਼ਿਸ਼ਟਤਾਵਾਂ ਨਾਲ ਸੰਵਾਦ ਕਰੇ। ਉਤਰ-ਬਸਤੀਵਾਦੀ ਦ੍ਰਿਸ਼ਟੀ ਆਪਣੇ ਆਪ ਨੂੰ ਉਨ੍ਹਾਂ ਵਿਯੋਜਿਤ ਇਤਿਹਾਸਾਂ/ਸਭਿਆਚਾਰਾਂ ਵਿਚ ਸਥਿਤ ਕਰਦੀ ਹੈ, ਜੋ ਸਭਿਆਚਾਰਕ ਸਾਪੇਖਤਾ ਦੀ ਮੰਗ ਕਰਦੇ ਹਨ। ਸਾਪੇਖਤਾ ਦਾ ਸਿੱਧਾਂਤ ਨਸਲਮੁਖਤਾ ਦੀ ਪ੍ਰਵਿਰਤੀ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ ਹੈ। ਕਿਸੇ ਇੱਕ ਜਨਸਮੂਹ ਦੇ ਵਿਅਕਤੀ ਵੱਲੋਂ ਦੂਜੇ ਜਨਸਮੂਹ ਜਾਂ ਇਸਦੇ ਕਿਸੇ ਮੈਂਬਰ ਨੂੰ ਸਭਿਆਚਾਰ ਤੋਂ ਸੱਖਣਾ ਕਿਹਾ ਜਾਣਾ ਇੱਕ ਐਸਾ ਵਤੀਰਾ ਹੈ

ਜਿਸਨੂੰ ਸਭਿਆਚਾਰਕ ਅਧਿਐਨ ਵਿਚ ਨਸਲਮੁਖਤਾ ਦਾ ਨਾਂ ਦਿੱਤਾ ਜਾਂਦਾ ਹੈ। ਆਪਣੇ ਹੀ ਸਭਿਆਚਾਰ ਦੇ ਦ੍ਰਿਸ਼ਟੀਕੋਣ ਤੋਂ ਬਾਕੀ ਸਭਿਆਚਾਰਾਂ ਨੂੰ ਵੇਖਣਾ ਅਤੇ ਉਨ੍ਹਾਂ ਦਾ ਮੁਲਾਂਕਣ ਕਰਨਾ ਨਸਲਮੁਖਤਾ ਹੈ। ਇਸ ਵਿਚ ਆਪਣੇ ਸਭਿਆਚਾਰ ਨੂੰ ਦੂਜੇ ਸਭਿਆਚਾਰਾਂ ਨਾਲੋਂ ਉੱਚਾ ਅਤੇ ਵਧੇਰੇ ਚੰਗਾ ਸਮਝਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਸਭਿਆਚਾਰਕ ਸਾਪੇਖਤਾ ਦੇ ਸਿੱਧਾਂਤ ਅਨੁਸਾਰ ਹਰ ਸਭਿਆਚਾਰ ਨੂੰ ਉਸਦੇ ਆਪਣੇ ਮੂਲ ਆਧਾਰਾਂ 'ਤੇ ਹੀ ਵੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਨ ਉਹ ਹੋਂਦ ਵਿਚ ਆਇਆ ਹੁੰਦਾ ਹੈ। ਹਰ ਸਭਿਆਚਾਰ ਦਾ ਅਧਿਐਨ ਤੇ ਵਿਸ਼ਲੇਸ਼ਣ ਉਸਦੇ ਆਪਣੇ ਚੌਖਟੇ ਵਿਚ ਰੱਖ ਕੇ ਹੀ ਕੀਤਾ ਜਾਣਾ ਚਾਹੀਦਾ ਹੈ। ਸਭਿਆਚਾਰਕ ਊਚ-ਨੀਚ, ਨਸਲਵਾਦ ਅਤੇ ਫਾਸਿਜ਼ਮ ਦੇ ਮੁਕਾਬਲੇ ਇਹ ਮਨੁੱਖੀ ਬਰਾਬਰੀ ਦੇ ਜਨਵਾਦੀ ਸਿੱਧਾਂਤ ਨੂੰ ਪੇਸ਼ ਕਰਦਾ ਹੈ। ਭੇਦਭਾਵ ਦੀ ਥਾਂ ਬੁਨਿਆਦੀ ਇਨਸਾਨੀ ਏਕਤਾ ਅਤੇ ਮਾਨਵਵਾਦ ਉੱਪਰ ਜ਼ੋਰ ਦਿੰਦਾ ਹੈ। ਪਰ ਇਸ ਸਿੱਧਾਂਤ ਦੀ ਸਾਰਥਿਕਤਾ ਨਸਲਮੁਖਤਾ ਦਾ ਮੁਕਾਬਲਾ ਕਰਨ ਤੱਕ ਸੀਮਤ ਹੈ। ਲੋਕਾਂ ਦਾ ਇੱਕ ਸਮੂਹ ਆਪਣੀਆਂ ਮੂਲ ਵਿਸ਼ੇਸ਼ਤਾਵਾਂ ਕਰਕੇ ਦੂਸਰੇ ਲੋਕਾਂ ਦੇ ਸਮੂਹਾਂ ਨਾਲੋਂ ਵੱਖਰਾ ਹੁੰਦਾ ਹੈ। ਹਰ ਸਮੂਹ ਦੇ ਆਪਣੇ ਗੁਣ-ਲੱਛਣ ਹੁੰਦੇ ਹਨ। ਇਹ ਗੁਣ ਲੱਛਣ ਹੀ ਉਸਦੀ ਵਿਲੱਖਣਤਾ ਦਾ ਆਧਾਰ ਬਣਦੇ ਹਨ। ਇਸ ਵਿਲੱਖਣਤਾ ਨੂੰ ਉਸ ਜਨ ਸਮੂਹ ਦੇ ਮੂਲ ਸਰੋਕਾਰਾਂ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਕੋਈ ਵੀ ਇੱਕ ਵਿਸ਼ਵਵਿਆਪੀ ਪ੍ਰਬੰਧ ਸਾਰੇ ਸਮੂਹਾਂ ਜਾਂ ਸਭਿਆਚਾਰਾਂ ਨੂੰ ਸਮਝਣ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਵੱਖਰਤਾ ਨੂੰ ਨਜ਼ਰਅੰਦਾਜ਼ ਕਰਕੇ ਇਕਰੂਪਤਾ ਸਥਾਪਤ ਕਰਨ ਵਾਲੇ ਮਹਾਂਬਿਰਤਾਂਤਾਂ ਦਾ ਪਤਨ ਹੋ ਚੁੱਕਾ ਹੈ। ਸਦੀਆਂ ਤੋਂ ਤੁਰੀ ਆ ਰਹੀ ਮਨੁੱਖੀ ਚੇਤਨਾ ਦੀ ਸੰਕਲਪਨਾ ਵਿਕੇਂਦਰਿਤ ਹੋ ਗਈ ਹੈ।

ਉਤਰ-ਨਾਰੀਵਾਦ ਨਾਲ ਸਾਹਿਤ, ਸਮਾਜ ਅਤੇ ਸਭਿਆਚਾਰ ਬਾਰੇ ਪੁਨਰ-ਵਿਚਾਰ ਦਾ ਇੱਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਉਤਰ-ਨਾਰੀਵਾਦ ਇਤਿਹਾਸਕ ਦ੍ਰਿਸ਼ਟੀ ਤੋਂ ਨਾਰੀਵਾਦ ਤੋਂ ਬਾਅਦ ਹੈ ਅਤੇ ਉਸ ਤੋਂ ਬੇਮੁਖ ਵੀ ਹੈ। ਇਸ ਵਿਚ ਨਾਰੀਵਾਦ ਨਾਲ ਸਾਹਿਤਕ ਅਤੇ ਵਿਚਾਰਧਾਰਕ ਵਿਰੋਧ ਵੀ ਸ਼ਾਮਿਲ ਹੈ। ਦਰਅਸਲ ਉਤਰ-ਨਾਰੀਵਾਦ ਨਾਰੀਵਾਦ ਦੇ ਸੁਭਾਅ, ਕਿਰਦਾਰ ਅਤੇ ਸੀਮਾਵਾਂ ਉੱਪਰ ਪੁਨਰ-ਚਿੰਤਨ ਹੈ। ਇਹ ਦ੍ਰਿਸ਼ਟੀ ਉਤਰ-ਸੰਰਚਨਾਵਾਦ ਤੋਂ ਖੁਰਾਕ ਲੈਂਦੀ ਹੈ। ਉਤਰ-ਸੰਰਚਨਾਵਾਦੀ ਚਿੰਤਕ ਯੱਕ ਦੈਰੀਦਾ ਨੇ ਸਾਹਿਤਕ ਤੇ ਸਭਿਆਚਾਰਕ ਸਿਰਜਣਾਵਾਂ ਦੇ ਅਧਿਐਨ ਲਈ ਵਿਰਚਨਾ ਵਿਧੀ ਦਾ ਸੰਕਲਪ ਪੇਸ਼ ਕੀਤਾ ਜੋ ਰਚਨਾ ਪਾਠ ਦੀ ਅਰਥ ਸਿਰਜਣ ਪ੍ਰਕਿਰਿਆ ਨੂੰ ਵਿਗਠਤ ਕਰਕੇ ਵਾਚਣ ਵਲ ਰੁਚਿਤ ਹੁੰਦੀ ਹੈ ਅਤੇ ਉਸਦੇ ਅੰਦਰ ਉਕਰੇ ਹੋਏ ਪੂਰਬਲੀਆਂ ਲਿਖਤਾਂ ਦੇ ਪੂਰਨਿਆਂ ਦੀ ਰੌਸ਼ਨੀ ਵਿਚ ਉਸਦਾ ਪੁਨਰ-ਮੁਲਾਂਕਣ ਪੇਸ਼ ਕਰਦੀ ਹੈ। ਉਤਰ-ਸੰਰਚਨਾਵਾਦ ਨੇ ਬਹੁਵਿਧਤਾ (Diversity) ਨੂੰ ਸਵੀਕਾਰ ਕੀਤਾ ਹੈ। ਇਸੇ ਕਰਕੇ ਇਹ ਇੱਕ ਕੇਂਦਰ ਨਾਲ ਬੱਝਣ ਦੀ ਬਜਾਏ ਵਿਕੇਂਦਰਤਾ ਦੀ ਗੱਲ ਕਰਦੀ ਹੈ। ਉਤਰ-ਨਾਰੀਵਾਦ ਇਸ ਬਹੁਵਿਧਤਾ ਜਾਂ ਬਹੁਦਿਸ਼ਾਵੀ ਵਿਚਾਰਧਾਰਾ ਨੂੰ ਸਵੀਕਾਰ ਕਰਦਾ ਹੋਇਆ ਧਾਰਣਾ ਪੇਸ਼ ਕਰਦਾ ਹੈ ਕਿ ਪਹਿਲੇ ਸੰਸਾਰ ਦੇ ਨਾਰੀਵਾਦ ਦਾ ਜੋ ਮਾਡਲ ਸਾਹਮਣੇ ਆਇਆ ਹੈ, ਉਸਨੂੰ ਨਾ ਤਾਂ ਅਫ਼ਰੀਕੀ ਨਾਰੀਵਾਦ 'ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਤੀਜੇ ਸੰਸਾਰ ਦੇ ਨਾਰੀਵਾਦ ਉਪਰ। 1985 ਵਿਚ ਤੋਰਿਲ ਮੋਇ ਦੀ ਪੁਸਤਕ **Sexual/Texual Politics** ਦੇ ਪ੍ਰਕਾਸ਼ਨ ਉਪਰੰਤ ਫਰੈਂਚ ਅਤੇ ਐਂਗਲੋ ਅਮਰੀਕੀ ਨਾਰੀਵਾਦ ਵਿਚ ਨਿਖੇੜਾ ਉਘੜ ਕੇ ਸਾਹਮਣੇ ਆਉਂਦਾ ਹੈ। ਸਮੁੱਚੇ ਨਾਰੀਵਾਦੀ ਚਿੰਤਨ ਵਿਚ ਫਰੈਂਚ ਨਾਰੀਵਾਦ ਨੂੰ ਪ੍ਰਾਥਮਿਕਤਾ ਪ੍ਰਾਪਤ ਹੈ। ਫਰੈਂਚ ਨਾਰੀਵਾਦ ਵਿਚ ਭਾਵੇਂ ਕਈ ਚਿੰਤਕਾਂ ਸਾਹਮਣੇ ਆਈਆਂ ਹਨ ਪਰ ਹੈਲਨ ਸਿਖੂ, ਲੂਸ ਇਰੀਗੇਰੇ ਤੇ ਜੂਲੀਆ ਕ੍ਰਿਸਤੀਵਾ ਦਾ ਨਾਂ ਇਸ ਪ੍ਰਸੰਗ ਵਿਚ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ। ਲੂਸ ਇਰਿਗੈਰੇ (Luce Irrigary) ਆਪਣੇ ਪ੍ਰਸਿੱਧ ਲੇਖ 'Gestures in Psychoanalysis' ਵਿਚ ਫਰਾਇਡ ਤੇ ਲਾਕਾਂ ਦੇ ਮਰਦ-ਪ੍ਰਧਾਨ ਸੰਕਲਪ ਨੂੰ ਵੰਗਾਰਦੀ ਹੈ।

ਉਸਦੀ ਮਾਨਤਾ ਹੈ ਕਿ ਪੁਰਖ ਦੁਆਰਾ ਦਿੱਤੀ ਕਾਮੁਕਤਾ ਦੀ ਪਰਿਭਾਸ਼ਾ ਦੇ ਸੰਦਰਭ ਵਿਚ ਔਰਤ ਆਪਣਾ ਨਾਰੀਤਵ ਗਵਾ ਬੈਠਦੀ ਹੈ। ਉਸ ਮੁਤਾਬਕ ਔਰਤ ਦਾ ਸਰੀਰ ਇੱਕ ਜਸ਼ਨ ਹੈ ਨਾ ਕਿ ਕਮਜ਼ੋਰੀ। ਲੂਸ ਇਰਿਗੈਰੇ ਅਤੇ ਜੂਲੀਆ ਕ੍ਰਿਸਤੀਵਾ ਦੇ ਨਾਲ-ਨਾਲ ਹੈਲਨ ਸਿਖੂ ਵੀ ਉਤਰ-ਸੰਰਚਨਾਵਾਦੀ ਨਾਰੀਵਾਦੀ ਸਿਧਾਂਤਾਂ ਦੀ ਜਨਮਦਾਤੀ ਮੰਨੀ ਜਾਂਦੀ ਹੈ। ਉਹ ਆਪਣੇ ਲੇਖ 'The Laugh of Medusa' (1975) ਵਿਚ ਲਿਖਦੀ ਹੈ ਕਿ ਔਰਤਾਂ ਭਾਸ਼ਾ ਅਤੇ ਸਰੀਰ ਦੀਆਂ ਗੁਲਾਮ ਹਨ। ਉਨ੍ਹਾਂ ਨੂੰ ਆਪਣੇ ਸਰੀਰਾਂ ਨੂੰ ਗੱਲਬਾਤ ਦੇ ਜ਼ਰੀਏ ਵਜੋਂ ਵਰਤਣਾ ਚਾਹੀਦਾ ਹੈ। ਉਹ ਔਰਤ ਕਾਮੁਕਤਾ ਨੂੰ ਅਮੀਰ ਅਤੇ ਬਹੁਅਰਥਕ ਸਮਝਦੀ ਹੈ। ਇਨ੍ਹਾਂ ਫਰੈਂਚ ਨਾਰੀ ਚਿੰਤਕਾਂ ਦੀ ਸਥਾਪਨਾ ਹੈ ਕਿ ਨਾਰੀ ਮੁਕਤੀ ਲਈ ਪੁਰਖ ਪ੍ਰਭੁਤਾ ਤੋਂ ਮੁਕਤ ਸ਼ਬਦਾਵਲੀ ਅਤੇ ਚਿੰਤਨ ਆਧਾਰਤ ਪ੍ਰਤੀਕਾਤਮਕ ਪ੍ਰਬੰਧ ਦੀ ਸਿਰਜਣਾ ਕਰਨ ਦੀ ਲੋੜ ਹੈ, ਜੋ ਨਾਰੀ ਅਨੁਭਵਾਂ ਦੇ ਅਨੁਕੂਲ ਹੋਵੇ। ਉਹ ਨਾਰੀਵਾਦੀ ਪ੍ਰਵਚਨ ਨੂੰ ਹਾਸ਼ੀਏ ਤੋਂ ਅਨੇਕਤਾ ਵੱਲ ਲੈ ਗਈਆਂ ਹਨ: ਅਜਿਹੀ ਅਨੇਕਤਾ ਜੋ ਉਨ੍ਹਾਂ ਦੇ ਸਰੀਰਾਂ ਵਿਚ ਵੱਸੀ ਹੋਈ ਹੈ, ਜੋ ਪਿਆਰ ਵਿਚ ਗਾਉਂਦੀ ਹੈ ਅਤੇ ਹੋਰਨਾਂ ਅਨੇਕਾਂ ਹੋਂਦਾਂ ਦਾ ਹਿੱਸਾ ਹੈ। ਜੇਕਰ ਉਸਨੂੰ ਪੁਰਖ ਪ੍ਰਧਾਨ ਇਕਹਿਰੀ ਸੋਚ ਤੋਂ ਮੁਕਤ ਕਰ ਦਿੱਤਾ ਜਾਵੇ ਤਾਂ ਉਹ ਸਮੁੱਚੇ ਵਿਸ਼ਵ ਨੂੰ ਆਪਣੀ ਰਚਨਾਤਮਕ ਊਰਜਾ ਨਾਲ ਰੌਸ਼ਨ ਕਰ ਸਕਦੀ ਹੈ। ਨਾਰੀ ਸੰਸਾਰ ਵਿਚ ਸਿਰਫ਼ ਬੱਚੇ ਹੀ ਨਹੀਂ ਸਗੋਂ ਪਿਆਰ, ਇਛਾਵਾਂ ਤੇ ਕਲਾ ਵੀ ਲੈ ਕੇ ਆਉਂਦੀ ਹੈ। ਇਸਦੇ ਬਾਵਜੂਦ ਉਸਦੀ ਰਚਨਾਤਮਕਤਾ ਨੂੰ ਪਛਾਣਿਆ ਨਹੀਂ ਗਿਆ।

ਪੰਜਾਬੀ ਸਾਹਿਤ ਵਿਚ ਨਾਰੀ ਦੀ ਰਚਨਾਤਮਕ ਵਿਲੱਖਣਤਾ ਨੂੰ ਬਹੁਤ ਘੱਟ ਪਛਾਣਿਆ ਗਿਆ ਹੈ ਪਰ ਇਨ੍ਹਾਂ ਰਚਨਾਵਾਂ ਵਿਚ ਮਰਦ ਦੁਆਰਾ ਪੈਦਾ ਕੀਤੀਆਂ ਪ੍ਰਸਥਿਤੀਆਂ ਸਬੰਧੀ ਭਰਪੂਰ ਜ਼ਿਕਰ ਹੋਇਆ ਹੈ। ਪੰਜਾਬੀ ਸਾਹਿਤ ਅਜੇ ਤੱਕ ਇਸ ਤਨਾਉ ਵਿਚ ਹੈ ਕਿ ਮਰਦ ਨੇ ਕਿਵੇਂ ਆਪਣੀ ਪ੍ਰਭੁਤਾ ਸਥਾਪਤ ਕਰਕੇ ਔਰਤ ਨੂੰ ਨਿਮਨ ਕੀਤਾ। ਨਾਰੀਵਾਦੀ ਲੇਖਕ ਅਤੇ ਚਿੰਤਕ ਨਾਰੀ ਬਾਰੇ ਚਿੰਤਤ ਜ਼ਰੂਰ ਹਨ ਪਰ ਉਹ ਨਾਰੀ ਦੇਹ ਅਤੇ ਨਾਰੀ ਸ਼ਕਤੀ ਦੀ ਵਚਿਤਰਤਾ ਤੇ ਬਹੁਪਸਾਰਤਾ ਨੂੰ ਸਮਝਣ ਤੋਂ ਅਸਮਰਥ ਰਹਿੰਦੇ ਹਨ। ਨਾਰੀਵਾਦ ਔਰਤ ਦੀ ਮੁਕਤੀ ਦਾ ਕੋਈ ਬਦਲ ਨਹੀਂ ਦੇ ਸਕਿਆ। ਨਾਰੀਵਾਦ ਦਾ ਭਵਿੱਖ ਨਾਰੀ ਦੀਆਂ ਸਿਰਜਣਾਤਮਕ ਸ਼ਕਤੀਆਂ ਦੀ ਪਛਾਣ ਨਾਲ ਜੁੜਿਆ ਹੋਇਆ ਹੈ। ਸਾਹਿਤ ਰਚਨਾਵਾਂ ਦੀ ਨਾਰੀਵਾਦੀ ਪੜ੍ਹਤ ਲਈ ਇਸ ਨਾਰੀ ਚੇਤਨਤਾ ਨੂੰ ਪਛਾਨਣ ਦੀ ਲੋੜ ਹੈ।

## ਪੁਸਤਕ-ਸੂਚੀ


- ਅਰਸ਼ੀ, ਗੁਰਚਰਨ ਸਿੰਘ, **ਉਤਰਸੰਰਚਨਾਵਾਦ ਅਤੇ ਪੰਜਾਬੀ ਚਿੰਤਨ**, ਪੰਜਾਬੀ ਅਕਾਦਮੀ ਦਿੱਲੀ, 2005.
- ਸਵਰਾਜਬੀਰ, **ਮੇਦਨੀ**, ਚੇਤਨਾ ਪ੍ਰਕਾਸ਼ਕ, ਪੰਜਾਬੀ ਭਵਨ, ਲੁਧਿਆਣਾ, 2002.
- ਹਰਪ੍ਰੀਤ ਕੌਰ, **ਨਾਰੀਵਾਦ**, ਲੋਕਗੀਤ ਪ੍ਰਕਾਸ਼ਕ, ਚੰਡੀਗੜ੍ਹ, 2003.
- ਦਵੇਸ਼ਵਰ, ਸੁਰਿੰਦਰ ਕੁਮਾਰ (ਸੰਪਾ.), **ਆਧੁਨਿਕ ਸਾਹਿਤ ਆਲੋਚਨਾ: ਸਿੱਧਾਂਤ ਤੇ ਵਿਸ਼ਲੇਸ਼ਣ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005.
- ਪਰਮਜੀਤ ਕੌਰ, ਵਿਨੋਦ ਮਿੱਤਲ, **ਬੁਵਆਰ ਦਾ ਨਾਰੀਵਾਦ: ਮਸਲੇ ਅਤੇ ਮੁਲਾਂਕਣ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005.
- ਬਰਾੜ, ਬਲਵਿੰਦਰ ਕੌਰ, **ਨਾਰੀਵਾਦੀ ਸਿੱਧਾਂਤ: ਚਿੰਤਨ ਅਤੇ ਵਿਹਾਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਬੇਅੰਤ ਕੌਰ, **ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ**, ਨਵਚਿੰਤਨ ਪ੍ਰਕਾਸ਼ਨ, ਨਵੀਂ ਦਿੱਲੀ, 2001.

- ਭੱਟੀ, ਸੁਰਜੀਤ, **ਵਾਦ-ਚਿੰਤਨ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004.
- ਰੰਧਾਵਾ, ਦੀਪਇੰਦਰ ਕੌਰ (ਅਨੁ.), **ਜੂਲੀਆ ਕ੍ਰਿਸਤੇਵਾ**, ਪੰਜਾਬੀ ਅਕਾਦਮੀ, ਦਿੱਲੀ, 2009.
- ਵਨੀਤਾ, **ਨਾਰੀਵਾਦ ਤੇ ਸਾਹਿਤ**, ਅਜੰਤਾ ਬੁੱਕਸ ਇੰਟਰਨੈਸ਼ਨਲ, ਦਿੱਲੀ, 2000.

**ਹਿੰਦੀ**

- ਜੈਨ, ਅਰਵਿੰਦ, **ਔਰਤ ਹੋਨੇ ਕੀ ਸਜ਼ਾ**, ਵਿਕਾਸ ਪੇਪਰ ਬੈਕਸ, ਦਿੱਲੀ, 1994.
- ਨਈਅਰ ਰੇਣੁਕਾ, **ਨਾਰੀ ਸਵਤੰਤਰਤਾ ਕੇ ਬਦਲਤੇ ਰੂਪ**, ਅਭਿਸ਼ੇਕ ਪਬਲੀਕੇਸ਼ਨ, ਚੰਡੀਗੜ੍ਹ, 1990.

**ਅੰਗਰੇਜ਼ੀ**

- Babel, August, **Women in Past, Present and Future**, National Book Centre, Delhi, 1976.
- Beauvoir, Simone De, **The Second Sex**, H.M. Parshley (trans.) Bantam Books, New York, 1949.
- Cacoullos, Ann R, **American Ferminist Theory**, American Studies Internatonal, 2001.
- Dass, Verena **Feminism and Literature**, Prestige Books, New Delhi, 1995.
- Kemp Sandra & Judith Squires (eds.), **Feminism**, oxford University Press, New York, 1998.
- Reina Lewis and sara Mills (eds.), **Feminist Post Colonical Theory**, Edinburgh University Press, Edinburgh, Undated.
- Tasker, Yvonne and Diane Negra (eds.), I**nterrogating Post-Feminism**, Gender and the Politics of Popular Culture, Duke University Press, London, 2007.

# ਖੋਜ ਅਤੇ ਖੋਜ-ਪ੍ਰਬੰਧ ਦੇ ਲੇਖਣ ਦਾ ਵਿਧੀ-ਵਿਗਿਆਨ

—ਡਾ. ਭੁਪਿੰਦਰ ਸਿੰਘ*

ਆਪਣੇ ਆਲੇ-ਦੁਆਲੇ ਪੱਸਰੀ ਸਮੁੱਚੀ ਪ੍ਰਕਿਰਤਕ ਤੇ ਸਮਾਜਿਕ ਰਚਨਾ ਦੀ ਸੰਰਚਨਾ ਨੂੰ ਸਮਝਣ ਦੀ ਲੋੜ ਵਿਚੋਂ ਖੋਜ-ਪ੍ਰਕਿਰਿਆ ਦਾ ਜਨਮ ਹੋਇਆ। ਇਸ ਪ੍ਰਕਿਰਿਆ ਰਾਹੀਂ ਅਗਿਆਤ ਤੋਂ ਗਿਆਤ ਵੱਲ ਵਧਣ ਦਾ ਮਾਰਗ ਲੱਭਿਆ ਜਾਂਦਾ ਹੈ। ਖੋਜ-ਕਾਰਜ ਦੇ ਨਿਰੰਤਰ ਪ੍ਰਵਾਹ ਦੀ ਯਾਤਰਾ ਭਾਵੁਕਤਾ ਤੋਂ ਬੌਧਿਕਤਾ ਵੱਲ ਤੇ ਵਿਸ਼ਵਾਸ ਤੋਂ ਤਰਕ ਵੱਲ ਹੁੰਦੀ ਹੈ।

ਖੋਜ ਮਨੁੱਖੀ ਵਿਹਾਰ ਦੀ ਉਹ ਕਿਰਿਆ ਹੈ ਜੋ ਖੋਜ ਸਮੱਗਰੀ ਦੇ ਇਕਤ੍ਰੀਕਰਣ, ਉਸ ਦੇ ਘੋਖਵੇਂ ਵਿਸ਼ਲੇਸ਼ਣ ਅਤੇ ਲੁਪਤ ਕਾਰਣਾਂ ਜਾਂ ਵਸਤਾਂ ਦੇ ਉਘਾੜਨ ਅਥਵਾ ਸਚਾਈਆਂ ਦੇ ਲੱਭਣ ਵਿਚ ਪ੍ਰਗਟ ਹੁੰਦੀ ਹੈ।[1]

ਕੋਈ ਵੀ ਖੋਜ ਅਗਿਆਤ ਤੋਂ ਗਿਆਤ ਜਾਂ ਅਨਿਸਚੇ ਤੋਂ ਨਿਸਚੇ ਵੱਲ ਦੀ ਯਾਤਰਾ ਕਰਦੀ ਹੋਈ ਸੱਚ ਦੀ ਭਾਲ ਕਰਦੀ ਹੈ ਅਤੇ ਇਹ ਸੱਚ ਦੀ ਭਾਲ ਕੁਝ ਤੱਥਾਂ ਉੱਪਰ ਨਿਰਭਰ ਕਰਦੀ ਹੈ। ਪਰ ਸਿਰਫ਼ ਤੱਥਾਂ ਦਾ ਸੰਕਲਨ ਹੀ ਖੋਜ ਨਹੀਂ, ਉਨ੍ਹਾਂ ਦਾ ਵਰਗੀਕਰਨ, ਵਿਆਖਿਆ, ਵਿਵੇਚਨ ਤੇ ਮੁੱਲਾਂਕਣ ਵੀ ਖੋਜ ਦੇ ਅੰਗ ਹਨ।[2] ਹਰ ਖੋਜ ਇੱਕ ਨਵਾਂ ਪ੍ਰਯੋਗ ਹੁੰਦੀ ਹੈ ਪਰ ਉਸ ਦੀ ਸਾਰਥਿਕਤਾ ਦਾ ਨਿਰਣਾ ਉਹ ਪਰੰਪਰਾ ਕਰਦੀ ਹੈ, ਜਿਸ ਨਾਲ ਜੁੜਕੇ ਨਵਾਂ ਪ੍ਰਯੋਗ ਮਨੁੱਖ ਨੂੰ ਪਹਿਲਾਂ ਨਾਲੋਂ ਵਧੀਆ ਬਣਾਉਂਦਾ ਹੈ। 'ਮਨੁੱਖੀ ਗਿਆਨ ਵਿਚ ਵਾਧਾ ਖੋਜ ਦੀ ਅਚੁਕ ਕਸਵਟੀ ਹੈ, ਜੋ ਚੀਜ਼ ਮਨੁੱਖੀ ਗਿਆਨ ਨੂੰ ਪਹਿਲਾਂ ਨਾਲੋਂ ਅੱਗੇ ਲਿਜਾਣ ਵਿਚ ਸਹਾਈ ਹੁੰਦੀ ਹੈ, ਉਹ ਖੋਜ ਖੇਤਰ ਦੀ ਚੀਜ਼ ਹੈ।'[3] ਟਾਇਰਸ ਹਿੱਲਵੇ ਦੇ ਕਥਨ ਅਨੁਸਾਰ :

> ਇਕ ਨਿਸਚਿਤ ਸਮੱਸਿਆ 'ਤੇ ਆਧਾਰਿਤ ਜਾਂ ਸਬੰਧਿਤ ਜਿੰਨੀ ਭਰੋਸੇਯੋਗ ਗਵਾਹੀ ਮਿਲ ਸਕੇ ਉਸ 'ਤੇ ਹੱਦ ਦਰਜੇ ਦੀ ਮਿਹਨਤ ਨਾਲ ਵਿਚਾਰ ਕਰਕੇ, ਖੋਜ ਕਰਕੇ ਅਸੀਂ ਜਿਸ ਸਿੱਟੇ ਉੱਤੇ ਪੁਜਦੇ ਹਾਂ, ਉਹ ਖੋਜ ਹੈ।[4]

ਪੰਜਾਬੀ ਵਿਚ ਖੋਜ ਸਬਦ ਦਾ ਇਸਤੇਮਾਲ ਉਨ੍ਹਾਂ ਹੀ ਅਰਥਾਂ ਵਿਚ ਹੁੰਦਾ ਹੈ ਜਿਨ੍ਹਾਂ ਵਿਚ ਅੰਗਰੇਜ਼ੀ ਦਾ ਸ਼ਬਦ 'ਰਿਸਰਚ' (research) ਵਰਤਿਆ ਜਾਂਦਾ ਹੈ। 'ਰਿਸਰਚ' ਸ਼ਬਦ 'ਸਰਚ' (search) ਤੋਂ ਪਹਿਲਾਂ 'ਰੀ' (re) ਉਪਸਰਗ ਲਗਾਕੇ ਬਣਿਆ ਹੈ। 'ਸਰਚ' ਦਾ ਅਰਥ ਹੈ 'ਖੋਜ', 'ਭਾਲ', 'ਢੂੰਡ', ਜਾਂ 'ਤਲਾਸ਼' ਅਤੇ 'ਰੀ' ਦਾ ਅਰਥ ਹੈ 'ਮੁੜ', 'ਫਿਰ' ਜਾਂ 'ਦੁਬਾਰਾ'। ਪਰੰਤੂ, 'ਸਰਚ' ਨਾਲ ਰਲਕੇ 'ਰੀ' ਦਾ ਅਰਥ 'ਮੁੜ', 'ਫਿਰ' ਜਾਂ 'ਦੁਬਾਰਾ' ਤਕ ਸੀਮਿਤ ਨਹੀਂ ਰਿਹਾ, ਸਗੋਂ 'ਮੁੜ ਮੁੜ', 'ਫਿਰ ਫਿਰ', 'ਬਾਰ ਬਾਰ' ਹੋ ਗਿਆ ਹੈ ਅਤੇ ਜਿਹੜੀ ਚੀਜ਼ ਬਾਰ ਬਾਰ ਕੀਤੀ ਜਾਵੇ, ਉਸ ਦਾ ਪ੍ਰਭਾਵ ਵਿਚ ਗਾਹੜਾ ਜਾਂ ਸੰਘਣਾ ਹੋਣਾ ਸੁਭਾਵਕ ਹੈ। ਇਸ ਲਈ ਦੋਹਾਂ ਨੂੰ ਮਿਲਾ ਕੇ 'ਰਿਸਰਚ' ਦਾ ਅਰਥ 'ਬਾਰ ਬਾਰ ਕੀਤੀ ਘੋਖਵੀਂ ਖੋਜ' ਹੋਇਆ।[5] ਇਨਸਾਈਕਲੋਪੀਡੀਆ ਆਫ਼ ਐਜੂਕੇਸ਼ਨ ਵਿਚ 'ਰਿਸਰਚ' ਦਾ ਅਰਥ ਇੰਝ ਦਰਜ ਹੈ :

> ਖੋਜ ਦਾ ਲਖ਼ਸ਼ ਗਿਆਨ ਦੀ ਖੋਜ ਕਰਨਾ, ਗਿਆਨ ਵਿਚ ਵਾਧਾ ਕਰਨਾ ਜਾਂ ਇਸ ਨੂੰ ਸ਼ੁਧ ਕਰਨਾ ਹੁੰਦਾ ਹੈ। ਖੋਜ ਇਸ ਲਈ ਕੀਤੀ ਜਾਂਦੀ ਹੈ ਕਿ ਅਸੀਂ ਕੁਝ ਜਾਣਨਾ ਚਾਹੁੰਦੇ ਹਾਂ।[6]

ਖੋਜ ਦੇ ਸਮਾਨਾਰਥਕ ਹਿੰਦੀ ਵਿਚ 'ਅਨੁਸੰਧਾਨ', 'ਸ਼ੋਧ', 'ਅੰਵੇਸ਼ਣ', 'ਗਵੇਸ਼ਣ' ਅਤੇ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ।

'ਅਨੁਸ਼ੀਲਨ' ਆਦਿ ਸ਼ਬਦ ਵਰਤੇ ਜਾਂਦੇ ਹਨ। 'ਅਨੁਸੰਧਾਨ' ਦੇ ਅਰਥ ਹਨ ਕਿਸੇ ਇੱਕ ਉਦੇਸ਼ ਦੀ ਚੋਣ ਕਰਕੇ ਉਸ ਵੱਲ ਦ੍ਰਿੜ੍ਹ ਇਰਾਦੇ ਨਾਲ ਤੁਰਨਾ, ਕਿਸੇ ਮੁਹਿੰਮ ਉੱਤੇ ਪੱਕੇ ਪੈਰੀਂ ਚੜ੍ਹਨਾ, ਕਿਸੇ ਕੰਮ ਨੂੰ ਲੱਕ ਬੰਨ੍ਹ ਕੇ ਜੁਟ ਪੈਣਾ ਜਾਂ ਕਿਸੇ ਇਕੋ ਵਿਸ਼ੇ ਉੱਤੇ ਲਗਾਤਾਰ ਸੋਚਦੇ ਰਹਿਣਾ। 'ਸ਼ੋਧ' ਦਾ ਅਰਥ ਹੈ ਕਿਸੇ ਵਿਸ਼ੇ ਨੂੰ ਉਸ ਦੇ ਨਾਲ ਲੱਗਵੇਂ ਵਿਸ਼ਿਆਂ ਨਾਲੋਂ ਨਿਖੇੜਨਾ, ਨਿਖਾਰਨਾ, ਉਸ ਬਾਰੇ ਪ੍ਰਚਲਿਤ ਸ਼ੰਕਿਆਂ ਨੂੰ ਨਿਵਾਰਨਾ ਤੇ ਉਸ ਦੇ ਅੰਦਰੂਨੀ ਤਰਕ ਨੂੰ ਲੱਭ ਕੇ ਪ੍ਰਮਾਣਿਕ ਬਣਾਉਣਾ। 'ਅੰਵੇਸ਼ਣ' ਦਾ ਅਰਥ ਹੈ ਕਿ ਮਨ ਇੱਛਤ ਵਸਤ ਨੂੰ ਪ੍ਰਾਪਤ ਕਰਨ ਲਈ, ਕਿਸੇ ਫੁਰਨੇ ਨੂੰ ਅਸਲੀਅਤ ਵਿਚ ਤਬਦੀਲ ਕਰਨ ਲਈ ਤੇ ਕਿਸੇ ਸਿਧਾਂਤਭਾਸ ਨੂੰ ਸਿੱਧਾਂਤ ਦਾ ਰੂਪ ਦੇਣ ਲਈ ਕੀਤਾ ਲਗਾਤਾਰ ਯਤਨ। 'ਗਵੇਸ਼ਣ' ਦਾ ਅਰਥ ਹੈ ਖੋਜ ਕਰਨਾ ਅਤੇ 'ਅਨੁਸ਼ੀਲਨ' ਦਾ ਅਰਥ ਹੈ ਨਿਰੰਤਰ ਅਧਿਐਨ, ਬਾਕਾਇਦਾ ਅਭਿਆਸ, ਲਗਾਤਾਰ ਚਿੰਤਨ।[7]

ਖੋਜ ਕਿਸੇ ਤਰ੍ਹਾਂ ਦੀ ਵੀ ਹੋਵੇ, ਉਸ ਦੇ ਲਈ ਬੁੱਧ, ਬਿਬੇਕ, ਸਿਰੜ, ਠਰੰਮੇ, ਲਗਨ ਤੇ ਇੱਕ ਖ਼ਾਸ ਪ੍ਰਕਾਰ ਦੇ ਅਨੁਸ਼ਾਸਨ ਦੀ ਲੋੜ ਹੁੰਦੀ ਹੈ।[8] ਖੋਜ ਵਿਚ ਕਾਹਲੀ, ਬੇਸਬਰੀ ਤੇ ਸਰਸਰੀ ਨਜ਼ਰ ਦੀ ਥਾਂ ਡੂੰਘੀ ਦ੍ਰਿਸ਼ਟੀ ਤੇ ਨਿਰੰਤਰ ਯਤਨ ਦੀ ਜ਼ਰੂਰਤ ਹੈ। ਖੋਜ ਕੇਵਲ ਵਾਦ-ਵਿਵਾਦ ਦਾ ਨਾਂ ਨਹੀਂ, ਇਹ ਮਨੁੱਖ ਦੀ ਸਿਰਜਕ ਸ਼ਕਤੀ ਦੇ ਵਿਕਾਸ ਦਾ ਨਾਂ ਹੈ। ਮੌਲਿਕਤਾ ਉਤਕ੍ਰਿਸ਼ਟ ਖੋਜ ਦੀ ਨਿਸ਼ਾਨੀ ਹੈ। ਮਾਨਵ ਦੇ ਸਰਬ ਸਾਂਝੇ ਗਿਆਨ ਦਾ ਅੰਗ ਅਜਿਹੀ ਖੋਜ ਹੀ ਬਣਦੀ ਹੈ ਜਿਸ ਵਿਚ ਕੁਝ ਨਵਾਂ ਜਾਂ ਖੋਜੀ ਦਾ ਆਪਣਾ ਹੁੰਦਾ ਹੈ।

ਵੀਹਵੀਂ-ਇਕੀਵੀਂ ਸਦੀ ਵਿਗਿਆਨ ਦੀ ਸਦੀ ਹੈ। ਇਸ ਸਦੀ ਵਿਚ ਜਿੰਨੀਆਂ ਵੀ ਪ੍ਰਾਪਤੀਆਂ ਹੋਈਆਂ ਹਨ ਉਨ੍ਹਾਂ ਦਾ ਆਧਾਰ ਵਿਗਿਆਨਕਤਾ ਹੀ ਹੈ। ਆਸਾਨ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਮਾਨਵੀ ਸ਼ਕਤੀਆਂ ਦਾ ਬੋਲਬਾਲਾ ਜੇ ਬਿਲਕੁਲ ਨਹੀਂ ਤਾਂ ਬਹੁਤ ਹੱਦ ਤਕ ਮਨੁੱਖੀ ਚੇਤਨਾ ਵਿਚੋਂ ਗ਼ਾਇਬ ਹੋਣ ਦੀ ਸਥਿਤੀ ਤਕ ਪਹੁੰਚ ਗਿਆ ਹੈ। ਇਸ ਕਾਲ ਵਿਚ ਜਿਥੇ ਦੂਜੇ ਗਿਆਨ ਅਨੁਸ਼ਾਸਨਾਂ ਨੇ ਖੋਜ ਦੀਆਂ ਨਵੀਆਂ ਤਕਨੀਕਾਂ ਦੀ ਸਹਾਇਤਾ ਨਾਲ ਆਪਣੇ ਖੇਤਰਾਂ ਵਿਚ ਸਿਖਰ ਨੂੰ ਛੋਹਿਆ ਹੈ, ਉੱਥੇ ਸਾਹਿਤ ਦਾ ਹੋਰ ਸਾਰਥਿਕ ਢੰਗ ਨਾਲ ਅਧਿਐਨ ਕਰਨ ਵਿਚ ਵੀ ਇਨ੍ਹਾਂ ਵਿਧੀਆਂ ਨੇ ਆਪਣਾ ਯੋਗਦਾਨ ਪਾਇਆ ਹੈ।

ਜਿਥੋਂ ਤੱਕ ਸਮਾਜ ਵਿਗਿਆਨਾਂ (social sciences) ਅਤੇ ਵਿਗਿਆਨ (science) ਦੀ ਖੋਜ-ਵਿਧੀਆਂ ਵਿਚ ਸਾਂਝਾ ਸੂਤਰ ਹੈ, ਉਹ ਇਹ ਹੈ ਕਿ ਇਹ ਦੋਵੇਂ ਤੱਥ ਆਧਾਰਿਤ ਹੁੰਦੀਆਂ ਹਨ। ਖੋਜ ਜਦੋਂ ਸਾਹਿਤਕ ਖੇਤਰ ਵਿਚ ਦਾਖ਼ਲ ਹੁੰਦੀ ਹੈ ਤਾਂ ਇਹ ਤੱਥ ਤੋਂ ਤੱਤ ਵੱਲ ਜਾ ਰਹੀ ਹੁੰਦੀ ਹੈ। ਸਾਹਿਤਕ ਖੋਜ ਦੇ ਤੱਥ ਸੱਭਿਆਚਾਰਕ ਤੇ ਮਾਨਵੀ ਹੋਣ ਕਰਕੇ ਇਸ ਨੂੰ ਵਿਗਿਆਨਕ ਖੋਜ ਤੋਂ ਵਖਰਿਆਉਂਦੇ ਹਨ। ਸਾਹਿਤਕ ਖੋਜ ਵਿਗਿਆਨਕ ਖੋਜ ਦੀ ਤਰ੍ਹਾਂ ਨਾ ਤਾਂ ਯਾਂਤਰਿਕ ਹੁੰਦੀ ਹੈ ਅਤੇ ਨਾ ਹੀ ਕੇਵਲ ਬਾਹਰਮੁਖੀ ਤੱਥਾਂ ਉੱਪਰ ਆਧਾਰਿਤ ਹੁੰਦੀ ਹੈ। ਸਾਹਿਤ ਦੀ ਪ੍ਰਕਿਰਤੀ ਕਿਉਂਕਿ ਮੁੱਖ ਤੌਰ ਉੱਤੇ ਅੰਤਰਮੁਖੀ ਹੁੰਦੀ ਹੈ ਅਤੇ ਇਸ ਦਾ ਸਬੰਧ ਮਾਨਵੀ ਚੇਤਨਾ ਨਾਲ ਹੁੰਦਾ ਹੈ, ਜਿਸ ਕਰਕੇ ਇਨ੍ਹਾਂ ਦੇ ਸਾਧਨ ਵੀ ਵੱਖਰੇ-ਵੱਖਰੇ ਹੋਣਗੇ। ਇਸ ਸਬੰਧੀ ਡਾ. ਹਰਿਭਜਨ ਸਿੰਘ ਲਿਖਦੇ ਹਨ :

> ਸਾਹਿਤਕ ਖੋਜ ਲਈ ਵਿਗਿਆਨਕ ਬਿਰਤੀ ਦੀ ਲੋੜ ਹੈ, ਪਰ ਇਹ ਵਿਗਿਆਨ ਨਹੀਂ। ਵਿਗਿਆਨ ਵਾਂਗ ਹੀ ਸਾਹਿਤਕ ਖੋਜ ਤੱਥ-ਆਧਾਰਿਤ ਹੈ ਅਤੇ ਇਸ ਦੀ ਵਿਆਖਿਆ ਵੀ ਪ੍ਰਾਪਤ ਸਾਮਗ੍ਰੀ ਅਤੇ ਗਵਾਹੀ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਪਰ ਸਾਹਿਤਕ ਖੋਜ ਦੀ ਆਪਣੇ ਸਭਿਆਚਾਰਕ ਅਤੀਤ ਪ੍ਰਤੀ ਜ਼ਿਮੇਵਾਰੀ ਇਤਨੀ ਪੱਕੀ ਤੇ ਵੱਡੀ ਹੈ ਕਿ ਇਹ ਨਿਰੋਲ ਵਿਗਿਆਨ ਬਣਨ ਦਾ ਤਾਂ ਸੁਪਨਾ ਵੀ ਨਹੀਂ ਲੈ ਸਕਦੀ। ਸਾਹਿਤਕ ਖੋਜ ਦੇ ਤੱਥ ਸਭਿਆਚਾਰਕ ਤੇ ਮਾਨਵੀ ਹਨ ਅਤੇ ਇਹ ਇਸ ਨੂੰ ਵਿਗਿਆਨ ਤੋਂ ਵਖਰਿਆਉਂਦੇ ਹਨ। ਇਸੇ ਲਈ ਇਨ੍ਹਾਂ ਤੱਥਾਂ ਦੇ ਸਿੱਟੇ ਵਿਗਿਆਨਸ਼ਾਲਾ ਵਿਚ ਸਿੱਧ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਨਾਲ ਸੰਬਾਦ ਹੀ

ਰਚਾਉਣਾ ਪਵੇਗਾ ਅਤੇ ਉਸ ਦੇ ਆਧਾਰ ਤੇ ਹੀ ਤੱਤ ਪ੍ਰਾਪਤ ਹੋਣਗੇ।[9]

ਸੁਨਿਸਚਿਤ ਵਿਉਂਤ ਵਿਚ ਖੋਜ ਕਰਨਾ ਇੱਕ ਜਟਿਲ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਦੌਰਾਨ ਤੱਥਾਂ ਦੀ ਭਾਲ ਲਈ ਖੋਜਾਰਥੀ ਨੂੰ ਵਿਭਿੰਨ ਪੜ੍ਹਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਪ੍ਰਾਪਤ ਤੱਥਾਂ ਨੂੰ ਨਿਸਚਿਤ ਰੂਪ ਵਿਚ ਵਿਉਂਤਣ ਲਈ ਖੋਜ-ਵਿਧੀ (research methodology) ਦੇ ਵਿਭਿੰਨ ਪੱਖਾਂ ਦਾ ਲੜੀਵਾਰ ਨਿਭਾਉ ਕਰਨਾ ਪੈਂਦਾ ਹੈ। ਜਿਵੇਂ ਕਿ ਵਿਸ਼ੇ-ਚੋਣ, ਰੂਪ-ਰੇਖਾ ਦੀ ਤਿਆਰੀ, ਹਵਾਲੇ, ਪੈਰ-ਟਿੱਪਣੀਆਂ, ਪੁਸਤਕ-ਸੂਚੀ ਅਤੇ ਅਨੁਕ੍ਰਮਣਿਕਾ ਆਦਿ। ਖੋਜ ਦੀ ਇਸ ਵਿਉਂਤ ਨੂੰ ਖੋਜ-ਵਿਧੀ ਦਾ ਨਾਂ ਦਿੱਤਾ ਜਾਂਦਾ ਹੈ। ਖੋਜ-ਵਿਧੀ ਇੱਕ ਵਿਸ਼ੇਸ਼ ਪ੍ਰਕਾਰ ਦਾ ਤਕਨੀਕੀ ਗਿਆਨ-ਸੰਜਮ ਹੈ ਜਿਸ ਦਾ ਪ੍ਰਯੋਜਨ ਕਿਸੇ ਖੋਜ-ਪ੍ਰਬੰਧ ਜਾਂ ਮਿਆਰੀ ਪੁਸਤਕ ਦੁਆਰਾ ਪ੍ਰਵਾਹਿਤ ਕੀਤੇ ਤੱਥ-ਗਿਆਨ ਨੂੰ ਵਿਵਸਥਿਤ ਰੂਪ ਵਿਚ ਪਾਠਕਾਂ ਤੱਕ ਪਹੁੰਚਾਉਣਾ ਹੈ।

ਸਾਹਿਤਕ ਵਿਸ਼ੇ ਉੱਤੇ ਖੋਜ ਕਰਨ ਲਈ ਸਭ ਤੋਂ ਪਹਿਲਾਂ ਖੋਜ-ਵਿਸ਼ੇ ਦੀ ਚੋਣ ਕੀਤੀ ਜਾਂਦੀ ਹੈ। ਇਹ ਆਪਣੇ ਆਪ ਵਿਚ ਇੱਕ ਅਹਿਮ ਸਮੱਸਿਆ ਹੈ। ਵਿਸ਼ੇ ਦੀ ਚੋਣ ਅਜਿਹਾ ਆਧਾਰ ਹੈ ਜਿਸ ਉੱਤੇ ਖੋਜ ਦਾ ਸਾਰਾ ਕੰਮ ਨਿਰਭਰ ਕਰਦਾ ਹੈ। ਇਸ ਲਈ ਵਿਸ਼ੇ ਦੀ ਚੋਣ ਕਰਨ ਵੇਲੇ ਖੋਜਾਰਥੀ ਨੂੰ ਧੀਰਜ, ਸਮਝ ਤੇ ਸੋਚ-ਵਿਚਾਰ ਤੋਂ ਕੰਮ ਲੈਣਾ ਚਾਹੀਦਾ ਹੈ। ਵਿਸ਼ੇ ਦੀ ਚੋਣ ਕਰਨ ਸਮੇਂ ਇਹ ਵੇਖਣਾ ਚਾਹੀਦਾ ਹੈ ਕਿ ਕੀ ਵਿਸ਼ੇ ਦੀ ਕੋਈ ਸਾਹਿਤਕ ਤੇ ਸਮਾਜਿਕ ਮਹੱਤਤਾ ਦੇ ਨਾਲ ਇਸ ਦੀ ਕੋਈ ਪਛਾਣਨਯੋਗ ਹੋਂਦ ਹੈ। ਵਿਸ਼ੇ ਦਾ ਸਿਰਲੇਖ ਢੁਕਵਾਂ, ਸੰਪੂਰਨ, ਸਪੱਸ਼ਟ, ਨਵੀਨ ਤੇ ਸੰਖੇਪ ਹੋਣਾ ਚਾਹੀਦਾ ਹੈ ਤਾਂ ਜੋ ਪੇਸ਼ ਕੀਤੇ ਜਾਣ ਵਾਲੇ ਵਿਸ਼ੇ ਬਾਰੇ ਪੂਰੀ ਜਾਣਕਾਰੀ ਮਿਲ ਸਕੇ। ਖੋਜਾਰਥੀ ਨੂੰ ਵੇਖਣਾ ਚਾਹੀਦਾ ਹੈ ਕਿ ਉਸ ਤੋਂ ਪਹਿਲਾਂ ਉਸ ਦੇ ਖੋਜ ਵਿਸ਼ੇ ਨਾਲ ਸਬੰਧਿਤ ਕੀ ਕੁਝ ਲਿਖਿਆ ਜਾ ਚੁੱਕਾ ਹੈ ਤੇ ਉਹ ਕਿਹੜੀ ਨਵੀਂ ਗੱਲ ਕਹਿਣੀ ਚਾਹੁੰਦਾ ਹੈ। ਖੇਤਰੀ ਅਧਿਐਨ ਉਪਰੰਤ ਜਦੋਂ ਵਿਦਿਆਰਥੀ ਇਹ ਅਨੁਭਵ ਕਰੇ ਕਿ ਉਸ ਦੇ ਖੋਜ-ਖੇਤਰ ਦੇ ਫਲਾਣੇ ਪੱਖ ਉੱਤੇ ਖੋਜ ਨਹੀਂ ਹੋਈ ਤੇ ਜਾਂ ਹੋਈ ਹੈ ਪਰ ਉਸ ਦੇ ਹੋਰ ਸੂਖ਼ਮ ਤੇ ਵਿਆਪਕ ਅਧਿਐਨ ਦੀ ਲੋੜ ਹੈ ਤਾਂ ਉਹ ਅਜਿਹੇ ਖੇਤਰ ਨੂੰ ਆਪਣੇ ਖੋਜ-ਕਾਰਜ ਦਾ ਵਿਸ਼ਾ ਬਣਾ ਸਕਦਾ ਹੈ।[10] ਖੋਜਾਰਥੀ ਨੂੰ ਚਾਹੀਦਾ ਹੈ ਕਿ ਉਹ ਸੁਨਿਸਚਿਤ ਘੇਰੇ ਵਿਚ ਰਹਿ ਕੇ ਖੋਜ-ਪ੍ਰਬੰਧ ਲਈ ਚੁਣੇ ਹੋਏ ਵਿਸ਼ੇ ਦੀਆਂ ਹੱਦਾਂ ਅੰਦਰ ਨਿਭਣ ਦਾ ਯਤਨ ਕਰੇ।

ਖੋਜ-ਪ੍ਰਬੰਧ ਦੇ ਆਦਿ ਭਾਗ ਵਿਚ ਭੂਮਿਕਾ (ਵਿਸ਼ਾ-ਪ੍ਰਵੇਸ਼/ਪ੍ਰਸਤਾਵਨਾ) (introduction) ਬੜੀ ਮਹੱਤਵਪੂਰਨ ਹੁੰਦੀ ਹੈ। ਖੋਜ-ਵਿਧੀ ਦੇ ਨਿਯਮਾਂ ਅਨੁਸਾਰ ਖੋਜ-ਪ੍ਰਬੰਧ ਦੀ ਭੂਮਿਕਾ ਵਿਚ ਵਿਸ਼ੇ ਚੋਣ ਦਾ ਕਾਰਨ, ਮਹੱਤਤਾ, ਵਿਸ਼ੇ ਦੀ ਪ੍ਰਕਿਰਤੀ, ਸੀਮਾ, ਮੌਲਿਕਤਾ, ਪਹਿਲਾਂ ਤੋਂ ਹੋ ਚੁੱਕੀ ਖੋਜ ਬਾਰੇ ਜਾਣਕਾਰੀ, ਖੋਜ-ਪ੍ਰਬੰਧ ਦੇ ਕੇਂਦਰੀ ਵਿਚਾਰਾਂ, ਸੰਕੇਤਾਵਲੀ ਦੇਣੀ ਜ਼ਰੂਰੀ ਸਮਝੀ ਜਾਂਦੀ ਹੈ। ਖੋਜ ਲਈ ਉਸ ਵਿਸ਼ੇ ਦੀ ਚੋਣ ਕਰਨੀ ਪੈਂਦੀ ਹੈ, ਜਿਸ ਉੱਤੇ ਪਹਿਲਾਂ ਕੰਮ ਨਾ ਹੋਇਆ ਹੋਵੇ ਤੇ ਜੇ ਪਹਿਲਾਂ ਤੋਂ ਚੁੱਕੇ ਕੰਮ ਉੱਤੇ ਹੀ ਖੋਜ ਕਰਨੀ ਹੋਵੇ ਤਾਂ ਖੋਜਾਰਥੀ ਨੂੰ ਵਿਸ਼ੇ ਚੋਣ ਦਾ ਕਾਰਨ ਤੇ ਉਸ ਵਲੋਂ ਕੀਤੀ ਜਾਣ ਵਾਲੀ ਵਿਸ਼ੇਸ਼ ਪ੍ਰਾਪਤੀ ਦਾ ਸੰਕੇਤ ਦੇਣਾ ਪੈਂਦਾ ਹੈ ਕਿਉਂਕਿ ਖੋਜੀ ਨੇ ਪਹਿਲਾਂ ਸਥਾਪਿਤ ਵਿਚਾਰਾਂ ਨੂੰ ਹੀ ਮੁੜ ਸਥਾਪਿਤ ਨਹੀਂ ਕਰਨਾ ਹੁੰਦਾ।[11] ਖੋਜਾਰਥੀ ਵਲੋਂ ਖੋਜ-ਪ੍ਰਬੰਧ ਦੀ ਭੂਮਿਕਾ ਵਿਚ ਖੋਜ ਦੇ ਮੁੱਢਲੇ ਆਧਾਰ ਜਾਂ ਪ੍ਰਤੀਨਿਧ ਲੇਖਕਾਂ ਜਾਂ ਰਚਨਾਵਾਂ ਦੀ ਚੋਣ ਬਾਰੇ ਵੀ ਕੋਈ ਵਜਾਹਤ ਕਰਨੀ ਹੁੰਦੀ ਹੈ। ਇਸ ਤੋਂ ਇਲਾਵਾ ਭੂਮਿਕਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਖੋਜ-ਪ੍ਰਬੰਧ ਵਿਚ ਦਰਜ ਵੱਖ-ਵੱਖ ਅਧਿਆਇਆਂ ਦੀ ਵੰਡ ਕਿਸ ਤਰਕ ਤਹਿਤ ਹੋਈ ਹੈ ਅਤੇ ਉਨ੍ਹਾਂ ਵਿਚ ਜਿਹੜੀ ਆਲੋਚਨਾਤਮਕ ਦ੍ਰਿਸ਼ਟੀ ਨਿਭਾਈ ਗਈ ਹੈ ਉਸ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਜਾਵੇ।

ਖੋਜ-ਕਾਰਜ ਦੌਰਾਨ ਜਿਨ੍ਹਾਂ ਵਿਦਵਾਨਾਂ ਪਾਸੋਂ ਸਹਾਇਤਾ ਮਿਲੀ ਹੁੰਦੀ ਹੈ, ਉਨ੍ਹਾਂ ਪ੍ਰਤੀ ਆਭਾਰ ਪ੍ਰਗਟਾਉਣਾ ਖੋਜ ਵਿਦਵਾਨ ਦੀ ਸੁਹਿਰਦਤਾ ਦਾ ਲਖਾਇਕ ਹੁੰਦਾ ਹੈ। ਆਭਾਰ ਪ੍ਰਗਟ ਕਰਨ ਲਈ ਛੋਟਾ ਜਿਹਾ ਵੱਖਰਾ ਲੇਖ 'ਧੰਨਵਾਦ' (acknowledgement) ਜਾਂ 'ਦੋ ਸ਼ਬਦ' ਆਦਿ

ਸਿਰਲੇਖ ਹੇਠ ਦੇਣਾ ਚਾਹੀਦਾ ਹੈ। ਪਰ ਪੰਜਾਬੀ ਵਿਚ ਅਜਿਹੀ ਪੱਕੀ ਪਰੰਪਰਾ ਹਾਲੇ ਕਾਇਮ ਨਹੀਂ ਹੋ ਸਕੀ। ਖੋਜੀ ਭੂਮਿਕਾ ਦੇ ਅੰਤ ਉੱਤੇ ਹੀ ਉਨ੍ਹਾਂ ਸ਼ਖ਼ਸੀਅਤਾਂ ਦਾ ਧੰਨਵਾਦ ਕਰ ਦਿੰਦੇ ਹਨ ਜਿਨ੍ਹਾਂ ਨੇ ਉਸ ਦੇ ਕੰਮ ਵਿਚ ਉਸ ਨੂੰ ਠੀਕ ਅਗਵਾਈ ਤੇ ਪ੍ਰੇਰਨਾ ਦਿੱਤੀ ਹੁੰਦੀ ਹੈ।

ਖੋਜ-ਪ੍ਰਬੰਧ ਦੇ ਆਦਿ ਭਾਗ ਦਾ ਅਗਲਾ ਮਹੱਤਵਪੂਰਨ ਭਾਗ ਵਿਸ਼ੇ-ਸੂਚੀ ਹੁੰਦੀ ਹੈ, ਜਿਸ ਵਿਚ ਅਧਿਆਇ-ਵੰਡ ਅਤੇ ਤਰਤੀਬ ਵਿਸ਼ੇ ਦੀ ਪ੍ਰਕਿਰਤੀ ਉੱਪਰ ਨਿਰਭਰ ਕਰਦੀ ਹੈ। ਇਹ ਅਧਿਐਨ ਪੰਜ, ਸੱਤ ਜਾਂ ਨੌਂ ਅਧਿਆਇਆਂ ਵਿਚ ਵੰਡਿਆ ਜਾ ਸਕਦਾ ਹੈ। ਇਹ ਅਧਿਆਇ ਸਿੱਧੇ ਹੀ ਵਿਸ਼ੇ ਨਾਲ ਸਬੰਧਿਤ ਹੋਣੇ ਚਾਹੀਦੇ ਹਨ। ਇਨ੍ਹਾਂ ਵਿਚ ਬੇਲੋੜਾ ਵਿਸਥਾਰ ਨਹੀਂ ਹੋਣਾ ਚਾਹੀਦਾ।[12] ਹਰ ਅਧਿਆਇ ਦੇ ਸਿਰਲੇਖ (heading) ਨੂੰ ਅੱਗੋਂ ਕਈ ਉਪ-ਸਿਰਲੇਖਾਂ (sub-headings) ਤੇ ਉਪ ਉਪ-ਸਿਰਲੇਖਾਂ (sub sub-headings) ਵਿਚ ਵੰਡਿਆ ਜਾ ਸਕਦਾ ਹੈ। ਅਧਿਆਇ ਦੇ ਸਿਰਲੇਖਾਂ ਤੇ ਉਪ-ਸਿਰਲੇਖਾਂ ਸਬੰਧੀ ਕੇਸਰ ਸਿੰਘ ਕੇਸਰ ਦਾ ਵਿਚਾਰ ਹੈ:

> ਅਧਿਆਏ ਦੇ ਸਿਰਲੇਖ, ਉਪ-ਸਿਰਲੇਖ ਤੇ ਉਪ ਉਪ-ਸਿਰਲੇਖ ਵਿਚਾਰ ਨਿਖੇੜ ਪੈਦਾ ਕਰਨ ਦੀ ਤਕਨੀਕ ਇਹ ਹੈ ਕਿ ਅਧਿਆਇ ਦੇ ਨੰਬਰ ਲਈ ਰੋਮਨ ਹਿੰਦਸੇ (I,II,III...), ਉਪ-ਸਿਰਲੇਖ ਲਈ ਅਰਬੀ ਹਿੰਦਸੇ (1,2,3...) ਤੇ ਉਪ-ਉਪ ਸਿਰਲੇਖ ਲਈ ਵਰਣਮਾਲਾ ਦੇ ਅੱਖਰ (ੳ,ਅ,ੲ...) ਵਰਤੇ ਜਾਣ।[13]

ਖੋਜਾਰਥੀ ਆਪਣੇ ਖੋਜ-ਪ੍ਰਬੰਧ ਵਿਚ ਅਧਿਆਇ-ਵੰਡ ਦੀ ਇਸ ਵਿਧੀ ਦੀ ਵਰਤੋਂ ਵੱਲ ਸੁਚੇਤ ਰੂਪ ਵਿਚ ਧਿਆਨ ਨਹੀਂ ਦਿੰਦੇ। ਬਿਨਾ ਹਿੰਦਸਿਆਂ ਜਾਂ ਵੱਖ-ਵੱਖ ਪ੍ਰਕਾਰ ਦੇ ਹਿੰਦਸਿਆਂ ਦੀ ਵਰਤੋਂ ਦੁਆਰਾ ਸਿਰਲੇਖਾਂ, ਉਪ-ਸਿਰਲੇਖਾਂ ਜਾਂ ਉਪ ਉਪ-ਸਿਰਲੇਖਾਂ ਵਿਚਕਾਰ ਕੋਈ ਨਿਖੇੜਾ ਸਥਾਪਿਤ ਨਾ ਕਰਨ ਦੀ ਪਰਿਪਾਟੀ ਨੂੰ ਖੋਜ-ਕਾਰਜ ਵਿਚ ਨਿਰੰਤਰ ਦੁਹਰਾਇਆ ਜਾ ਰਿਹਾ ਹੈ।

ਕਿਸੇ ਖੋਜ-ਪ੍ਰਬੰਧ ਵਿਚ ਅਧਿਆਇ ਵੰਡ ਕਰਨ ਲਗਿਆ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਧਿਆਇ ਸਿਰਫ਼ ਵਿਸ਼ੇ ਨਾਲ ਹੀ ਸਬੰਧਿਤ ਨਾ ਹੋਣ ਸਗੋਂ ਇਸ ਤਰ੍ਹਾਂ ਢਾਲੇ ਗਏ ਹੋਣ ਕਿ ਪਹਿਲੇ ਵਿਚੋਂ ਦੂਜਾ ਤੇ ਦੂਜੇ ਵਿਚੋਂ ਤੀਜਾ ਨਿਕਲੇ ਅਤੇ ਇਸ ਤਰ੍ਹਾਂ ਇਹ ਗੱਲ ਅੱਗੇ ਚਲਦੀ ਜਾਵੇ।

ਖੋਜ-ਪ੍ਰਬੰਧ ਵਿਚ ਟੂਕਾਂ ਅੰਕਿਤ ਕਰਨ ਦੀ ਵੀ ਵਿਸ਼ੇਸ਼ ਵਿਧੀ ਨਿਸ਼ਚਿਤ ਹੈ। ਮੂਲ ਪਾਠ ਵਿਚ ਆਉਣ ਵਾਲੀਆਂ ਟੂਕਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਇੱਕ ਛੋਟੀਆਂ ਟੂਕਾਂ ਜੋ ਮੂਲ ਪਾਠ ਵਿਚ ਚਲਦੇ-ਚਲਦੇ ਪੁੱਠੇ ਕਾਮਿਆਂ ਵਿਚ ਦਿੱਤੀਆਂ ਜਾਂਦੀਆਂ ਹਨ ਤੇ ਦੂਜੀਆਂ ਵੱਡੀਆਂ ਟੂਕਾਂ ਜੋ ਪੈਰ੍ਹੇ ਤੋਂ ਵੱਖ ਕਰਕੇ ਖੱਬੇ ਪਾਸੇ ਦੰਦੀ (indent) ਛੱਡਕੇ ਦਿੱਤੀਆਂ ਜਾਂਦੀਆਂ ਹਨ। ਖੋਜਾਰਥੀ ਨੂੰ ਦੋਹਾਂ ਤਰ੍ਹਾਂ ਦੇ ਹਵਾਲੇ ਦੇਣ ਸਮੇਂ ਫੁਟ-ਨੋਟ ਵਿਚ ਦਸਣਾ ਪੈਂਦਾ ਹੈ ਕਿ ਦਿੱਤੀ ਟੂਕ ਦੇ ਸੋਮੇ ਦਾ ਵੇਰਵਾ ਕੀ ਹੈ। ਜੋ ਟੂਕਾਂ ਗਦ ਵਿਚੋਂ ਲਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਦੂਹਰੇ ਪੁੱਠੇ ਕਾਮਿਆਂ ਵਿਚ ਰਖਿਆ ਜਾਂਦਾ ਹੈ। ਪਦ ਵਿਚੋਂ ਲਈਆਂ ਗਈਆਂ ਟੂਕਾਂ ਨੂੰ ਪੁੱਠੇ ਕਾਮਿਆਂ ਵਿਚ ਨਹੀਂ ਰਖਿਆ ਜਾਂਦਾ।[14]

ਜੇ ਕਿਸੇ ਟੂਕ ਦੇ ਆਰੰਭ ਵਿਚ ਨਾਂਵ ਦੀ ਥਾਂ ਕੋਈ ਹੋਰ ਸ਼ਬਦ ਜਾਂ ਪੜਨਾਂਵ ਆਵੇ ਤਾਂ ਰਚਨਾਕਾਰ ਦਾ ਨਾਂ ਉਸ ਤੋਂ ਪਿਛੋਂ ਵੱਡੀ ਬਰੈਕਟ [ ] ਵਿਚ ਲਿਖ ਦੇਣਾ ਚਾਹੀਦਾ ਹੈ ਮਸਲਨ:

ਉਹ [ਨਾਨਕ ਸਿੰਘ] ਸਮਾਜ-ਸੁਧਾਰਵਾਦੀ ਨਾਵਲਕਾਰ ਹੈ।

ਜੇ ਕਥਨ ਵਿਚੋਂ ਕੁਝ ਲਫ਼ਜ਼ ਜਾਂ ਕੁਝ ਸਤਰਾਂ ਛੱਡਣੀਆਂ ਹੋਣ ਤਾਂ ਉਨ੍ਹਾਂ ਦੀ ਥਾਂ ਤਿੰਨ ਬਿੰਦੀਆਂ (...) ਲਗਾਈਆਂ ਜਾਂਦੀਆਂ ਹਨ। ਜਦੋਂ ਵਿਦਵਾਨਾਂ ਦੇ ਸ਼ਬਦਾਂ ਨੂੰ ਦਰੁੱਸਤ ਕਰਨਾ ਹੋਵੇ ਤਦ ਵੀ ਵੱਡੀ ਬਰੈਕਟ [ ] ਵਿਚ ਦਰਜ ਕੀਤਾ ਜਾਂਦਾ ਹੈ ਕਿਉਂਕਿ ਖੋਜ-ਕਰਤਾ ਨੂੰ ਸ਼ਬਦ-ਜੋੜਾਂ ਤੇ ਹੋਰ ਉਕਾਈਆਂ ਨੂੰ ਦਰੁਸੱਤ ਕਰਨ ਦਾ ਕੋਈ ਹੱਕ ਨਹੀਂ ਹੁੰਦਾ।

ਹਵਾਲਾ ਆਮ ਕਰਕੇ ਉਸ ਵਿਦਵਾਨ ਦਾ ਦਿੱਤਾ ਜਾਣਾ ਚਾਹੀਦਾ ਹੈ ਜਿਸ ਨੂੰ ਖੋਜਾਰਥੀ ਦੇ ਵਿਸ਼ੇ ਨਾਲ ਸਬੰਧਿਤ ਖੇਤਰ ਵਿਚ ਕੋਈ ਅਧਿਕਾਰ ਪ੍ਰਾਪਤ ਹੋਵੇ। ਲੇਖਕਾਂ ਦੇ ਕਥਨ ਦੇਣ ਦੇ ਪ੍ਰਮੁੱਖ

ਕਾਰਨ ਤਿੰਨ ਹੋ ਸਕਦੇ ਹਨ (i) ਪ੍ਰਾਪਤ ਤੱਥਾਂ ਦਾ ਪ੍ਰਮਾਣ ਦੇਣ ਲਈ (ii) ਕਿਸੇ ਕਥਨ ਉੱਤੇ ਬਹਿਸ ਕਰਨ ਲਈ (iii) ਕਿਸੇ ਪੁਸਤਕ ਵਿਚੋਂ ਉਨ੍ਹਾਂ ਸਤਰਾਂ ਨੂੰ ਵੀ ਟੂਕ ਦੇ ਰੂਪ ਵਿਚ ਲਿਖਿਆ ਜਾਂਦਾ ਹੈ ਜਿਨ੍ਹਾਂ ਵਿਚ ਕਿਸੇ ਵਿਚਾਰ ਨੂੰ ਅਜਿਹੇ ਸੰਗਠਿਤ ਤੇ ਸੁਚੱਜੇ ਢੰਗ ਨਾਲ ਕਿਹਾ ਗਿਆ ਹੁੰਦਾ ਹੈ ਕਿ ਖੋਜ-ਵਿਦਿਆਰਥੀ ਆਪ ਉਸ ਤਰ੍ਹਾਂ ਕਹਿਣ ਦੇ ਯੋਗ ਨਹੀਂ ਹੁੰਦਾ।[15] ਘੱਟ ਮਹੱਤਵਪੂਰਨ ਕਥਨ ਪੈਰ-ਟਿੱਪਣੀਆਂ ਵਿਚ ਹੀ ਦੇ ਦੇਣੇ ਚਾਹੀਦੇ ਹਨ।

ਖੋਜ-ਪ੍ਰਬੰਧ ਵਿਚ ਪੈਰ-ਟਿੱਪਣੀਆਂ ਤੇ ਹਵਾਲੇ ਦੇਣ ਦੀ ਇੱਕ ਨਿਸਚਿਤ ਵਿਧੀ ਹੁੰਦੀ ਹੈ। ਇਨ੍ਹਾਂ ਵਿਚ ਕਿਸੇ ਪੁਸਤਕ, ਖੋਜ-ਪੱਤਰ, ਮਾਸਿਕ ਪੱਤਰ, ਅਖ਼ਬਾਰ, ਹੱਥ-ਲਿਖਤ ਜਾਂ ਕਿਸੇ ਅਣਛਪੇ ਖੋਜ-ਪ੍ਰਬੰਧ ਦਾ ਵੇਰਵਾ ਦੇਣ ਦੇ ਵੱਖ-ਵੱਖ ਢੰਗ ਹਨ। ਫੁੱਟ-ਨੋਟ ਦੇ ਰੂਪ ਵਿਚ ਕਿਸੇ ਪੁਸਤਕ ਬਾਰੇ ਵੇਰਵੇ ਦੇਣ ਦੀ ਪ੍ਰਵਾਨਿਤ ਵਿਧੀ ਇਹ ਹੈ:

ਲੇਖਕ, ਲੇਖ ਦਾ ਨਾਂ, ਪੁਸਤਕ ਦਾ ਨਾਂ, ਸੰਪਾਦਕ ਜਾਂ ਅਨੁਵਾਦਕ (ਜੇ ਕੋਈ ਹੋਵੇ) ਦਾ ਨਾਂ, ਸੈਂਚੀ (ਜੇ ਹੋਵੇ), ਪੰਨਾ।

ਪੈਰ-ਟਿੱਪਣੀ ਵਿਚ ਸੰਖੇਪਤਾ ਤੋਂ ਕੰਮ ਲੈਣ ਖ਼ਾਤਰ ਤੇ ਮਗਰ ਪੁਸਤਕ-ਸੂਚੀ ਲਾਏ ਜਾਣ ਕਾਰਨ ਬਹੁਤੇ ਵਿਦਵਾਨ ਪ੍ਰਕਾਸ਼ਨ ਬਾਰੇ ਤੱਥ ਪੈਰ-ਟਿੱਪਣੀਆਂ ਵਿਚ ਨਹੀਂ ਦਿੰਦੇ।

ਪੈਰ-ਟਿੱਪਣੀਆਂ ਦੇ ਹਵਾਲੇ ਹਰ ਪੰਨੇ ਦੇ ਹੇਠਾਂ, ਅਧਿਆਇ ਦੇ ਅਖੀਰ ਵਿਚ ਜਾਂ ਖੋਜ-ਪ੍ਰਬੰਧ ਦੇ ਅੰਤ ਵਿਚ ਦਿੱਤੇ ਜਾਂਦੇ ਹਨ। ਜੇਕਰ ਲੇਖਕ ਦਾ ਜ਼ਿਕਰ ਮੂਲ ਪਾਠ ਵਿਚ ਕਰ ਦਿੱਤਾ ਜਾਵੇ ਤਾਂ ਫੁਟ-ਨੋਟ ਵਿਚ ਸਿਰਫ਼ ਪੁਸਤਕ ਤੇ ਪੰਨਾ ਨੰਬਰ ਦੇ ਕੇ ਕੰਮ ਸਾਰ ਲਿਆ ਜਾਂਦਾ ਹੈ। ਜੇ ਪੁਸਤਕ ਦਾ ਨਾਂ ਵੀ ਮੂਲ ਪਾਠ ਵਿਚ ਆ ਚੁਕਿਆ ਹੋਵੇ ਤਾਂ ਉਸ ਨੂੰ ਵੀ ਛੱਡਿਆ ਜਾਵੇਗਾ।

ਪੈਰ-ਟਿੱਪਣੀਆਂ ਵਿਚ ਲੇਖਕ ਦਾ ਨਾਂ ਜਿਵੇਂ ਪੁਸਤਕ ਉੱਤੇ ਦਰਜ ਹੋਵੇ ਉਸੇ ਤਰ੍ਹਾਂ ਦਿੱਤਾ ਜਾਂਦਾ ਹੈ। ਲੇਖਕ ਦਾ ਉਪਨਾਮ ਜਾਂ ਤਖ਼ੱਲਸ ਪਹਿਲਾਂ ਨਹੀਂ ਦਿੱਤਾ ਜਾਂਦਾ। ਪੈਰ-ਟਿੱਪਣੀਆਂ ਨੰਬਰ ਪਾ ਕੇ ਬਣਾਈਆਂ ਜਾਂਦੀਆਂ ਹਨ ਅਤੇ ਲੇਖਕ, ਲੇਖ ਦਾ ਨਾਂ, ਪੁਸਤਕ ਆਦਿ ਨੂੰ ਇੱਕ ਦੂਜੇ ਤੋਂ ਅਲੱਗ ਕਰਨ ਲਈ ਹਰ ਇੱਕ ਤੋਂ ਬਾਅਦ ਕੇਵਲ ਕਾਮਾ ਲਾਉਣ ਦਾ ਹੀ ਵਿਧਾਨ ਹੈ।

ਫੁਟ-ਨੋਟਾਂ ਵਿਚ ਬੇਲੋੜਾ ਵਿਸਥਾਰ ਘੱਟ ਕਰਨ ਲਈ ਖੋਜ-ਵਿਧੀ ਅਨੁਸਾਰ 'ਉਹੋ', 'ਉਹੀ ਪੁਸਤਕ', 'ਉਹੀ ਸਥਾਨ' ਆਦਿ ਲਿਖ ਕੇ ਕੰਮ ਚਲਾਇਆ ਜਾਦਾ ਹੈ। ਜੇ ਪਹਿਲਾਂ ਲਿਖੇ ਫੁਟ-ਨੋਟ ਤੋਂ ਇੱਕ ਦਮ ਫਿਰ ਉਸੇ ਪੁਸਤਕ ਦਾ ਜ਼ਿਕਰ ਕਰਨਾ ਹੋਵੇ ਤਾਂ ਕੇਵਲ 'ਉਹੀ' ਲਿਖ ਕੇ ਪੰਨਾ ਦੇਣਾ ਚਾਹੀਦਾ ਹੈ। ਜਿਵੇਂ:

ਉਹੀ, ਪੰਨਾ 120

ਜੇ ਪੰਨਾ ਵੀ ਉਹ ਹੋਵੇ ਤਾਂ ਕੇਵਲ 'ਉਹੀ' ਲਿਖ ਦੇਣਾ ਚਾਹੀਦਾ ਹੈ। ਜੇ ਇਕੋ ਕਿਤਾਬ ਦੇ ਪਹਿਲੇ ਫੁਟ-ਨੋਟ ਤੇ ਦੂਜੇ ਫੁਟ-ਨੋਟ ਦੇ ਵਿਚਕਾਰ ਕਿਸੇ ਹੋਰ ਕਿਤਾਬ ਦਾ ਫੁਟ-ਨੋਟ ਆ ਜਾਵੇ ਤਾਂ ਲੇਖਕ ਦੇ ਨਾਂ ਤੋਂ ਪਿਛੋਂ 'ਉਹੀ ਰਚਨਾ' ਲਿਖਕੇ ਪੰਨਾ ਪਾ ਦੇਣਾ ਚਾਹੀਦਾ ਹੈ। ਉਦਾਹਰਨ ਵਜੋਂ:

1. ਹਰਿਭਜਨ ਸਿੰਘ, **ਅਧਿਆਨ ਤੇ ਅਧਿਆਪਨ**, ਪੰਨਾ 25
2. ਕਿਰਪਾਲ ਸਿੰਘ, **ਪੰਜਾਬ ਦਾ ਬਟਵਾਰਾ**, ਪੰਨਾ 36
3. ਹਰਿਭਜਨ ਸਿੰਘ **ਉਹੀ ਰਚਨਾ**, ਪੰਨਾ 51

ਜੇ ਪੰਨਾ ਵੀ ਪਹਿਲੇ ਫੁਟ-ਨੋਟ ਵਾਲਾ ਹੁੰਦਾ ਤਾਂ, 'ਉਹੀ ਪੰਨਾ' ਲਿਖਣਾ ਸੀ।

ਫੁਟ ਨੋਟ ਵਿਚ ਲੇਖ ਦਾ ਨਾਂ ਪੁੱਠੇ ਕਾਮਿਆਂ ਵਿਚ ਲਿਖਣ ਦੀ ਵਿਧੀ ਹੈ। ਉਦਾਹਰਨ ਲਈ:

ਅਤਰ ਸਿੰਘ, "ਸਿਰਜਨਾ ਅਤੇ ਸਮੀਖਿਆ", **ਸਮਦਰਸ਼ਨ** , ਪੰਨਾ 9

ਪੈਰ-ਟਿੱਪਣੀਆਂ ਦੇਣ ਸਮੇਂ ਡਾਕਟਰ, ਪ੍ਰੋਫ਼ੈਸਰ, ਗਿਆਨੀ ਅਤੇ ਭਾਈ ਆਦਿ ਵਿਸ਼ੇਸ਼ਣ ਲੇਖਕ ਦੇ ਨਾਂ ਤੋਂ ਪਿਛੋਂ ਬਰੈਕਟ ਵਿਚ ਜਾਂ ਇੱਕ ਕਾਮੇ ਨਾਲ ਨਿਖੇੜ ਕੇ ਦੇਣ ਦੀ ਵਿਧੀ ਪ੍ਰਵਾਨਿਤ ਹੈ:

ਬਲਬੀਰ ਸਿੰਘ (ਡਾ.), **ਨਵੀਨ ਪੰਜਾਬੀ ਕਵਿਤਾ ਵਿਚ ਗੁੱਝੀ ਰਮਜ਼**, ਪੰਨਾ 208

ਅਖ਼ਬਾਰ ਜਾਂ ਰਸਾਲੇ ਵਿਚੋਂ ਫੁਟ-ਨੋਟ ਦੇਣ ਸਮੇਂ ਉਸ ਦਾ ਅੰਕ ਤੇ ਛਪਣ ਦੀ ਤਾਰੀਖ ਆਮ ਕਰਕੇ ਬਰੈਕਟ ਵਿਚ ਦਿੱਤੀ ਜਾਂਦੀ ਹੈ। ਜਿਵੇਂ :

ਆਸ਼ਾ ਨੰਦ ਵੋਹਰਾ, **ਖੋਜ ਦਰਪਣ** (ਜਨਵਰੀ 1984), ਪੰਨਾ 9

ਜੇ ਪੁਸਤਕ ਸੰਪਾਦਿਤ ਹੋਵੇ ਤਾਂ ਸਭ ਤੋਂ ਪਹਿਲਾਂ ਲੇਖ ਦੇ ਲੇਖਕ ਦਾ ਨਾਂ, ਉਪਰੰਤ ਦੂਹਰੇ ਕਾਮਿਆਂ ਵਿਚ ਲੇਖ ਦਾ ਸਿਰਲੇਖ, ਫਿਰ ਪੁਸਤਕ ਦਾ ਨਾਂ ਤੇ ਉਸ ਤੋਂ ਬਾਅਦ ਸੰਪਾਦਕ ਦਾ ਨਾਂ ਤੇ ਪੰਨਾ ਆਵੇਗਾ। ਮਿਸਾਲ ਵਜੋਂ :

ਮਦਨਜੀਤ ਕੌਰ, "ਗੁਰੂ ਨਾਨਕ ਦੇਵ ਜੀ ਦੇ ਮਾਨਵ ਧਰਮ ਦਾ ਸੰਦੇਸ਼", **ਗੁਰੂ ਨਾਨਕ ਬਾਣੀ ਦਾ ਵਿਸ਼ਵ ਵਿਆਪੀ ਨਜ਼ਰੀਆ**, (ਸੰਪਾ. ਰਾਏ ਜਸਬੀਰ ਸਿੰਘ), ਪੰਨਾ 23

ਜਦੋਂ ਪੁਸਤਕ ਦੇ ਇੱਕ ਤੋਂ ਇੱਕ ਵੱਧ ਲੇਖਕ ਜਾਂ ਸੰਪਾਦਕ ਹੋਣ ਤਾਂ ਉਨ੍ਹਾਂ ਵਿਚੋਂ ਸਭ ਤੋਂ ਪਹਿਲੇ ਲੇਖਕ ਦਾ ਨਾਂ ਲਿਖਕੇ ਤੇ ਹੋਰ ਲਿਖ ਦੇਣਾ ਚਾਹੀਦਾ ਹੈ :

ਕਿਰਪਾਲ ਸਿੰਘ ਕਸੇਲ ਤੇ ਹੋਰ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਪੰਨਾ 11

ਪ੍ਰਸਿੱਧ ਧਾਰਮਿਕ ਗ੍ਰੰਥਾਂ ਲਈ ਭਰਪੂਰ ਵੇਰਵਿਆਂ ਦੀ ਜ਼ਰੂਰਤ ਨਹੀਂ ਹੁੰਦੀ, ਕੇਵਲ ਗ੍ਰੰਥ ਦਾ ਨਾਂ ਤੇ ਪੰਨਾ ਹੀ ਕਾਫੀ ਹੁੰਦਾ ਹੈ :

**ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1025

ਖੋਜ-ਪ੍ਰਬੰਧ ਦੇ ਅਖ਼ੀਰ ਵਿਚ ਸਾਰੀ ਖੋਜ ਦੇ ਸਿੱਟੇ ਇੱਕ ਸੰਖੇਪ ਜਿਹੇ ਅਧਿਆਇ ਵਿਚ ਨਿਸ਼ਕਰਸ਼, ਉਪਸੰਹਾਰ ਜਾਂ ਸਾਰ ਤੱਤ ਦੇ ਸਿਰਲੇਖ ਅਧੀਨ ਦਿੱਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਵਿਚ ਖੋਜ ਦੇ ਉਹ ਸਾਰੇ ਤੱਤ ਆ ਜਾਣ ਜਿਹੜੇ ਖੋਜਕਾਰ ਨੇ ਆਪਣੇ ਖੋਜ-ਪ੍ਰਬੰਧ ਵਿਚ ਪੇਸ਼ ਕੀਤੇ ਹੁੰਦੇ ਹਨ।

ਕਿਸੇ ਵੀ ਖੋਜ-ਕਾਰਜ ਨੂੰ ਸਹਾਇਕ ਪੁਸਤਕਾਂ ਦੀ ਮਦਦ ਬਗ਼ੈਰ ਨੇਪਰੇ ਚਾੜ੍ਹਨਾ ਅਸੰਭਵ ਹੈ। ਅਤੀਤ ਦੇ ਗਿਆਨ ਵਿਚੋਂ ਹੀ ਆਧੁਨਿਕ ਗਿਆਨ ਫੁੱਟਦਾ ਹੈ। ਖੋਜਾਰਥੀ ਦੇ ਆਪਣੇ ਤੋਂ ਪੂਰਵਲੀ ਖੋਜ ਦੇ ਅਧਿਐਨ ਦੀ ਸੂਚਨਾ ਸਾਨੂੰ ਉਸ ਦੁਆਰਾ ਅੰਕਿਤ ਪੈਰ-ਟਿੱਪਣੀਆਂ ਅਤੇ ਪੁਸਤਕ-ਸੂਚੀ (bibliography) ਤੋਂ ਹੀ ਮਿਲਦੀ ਹੈ।[16] ਪੁਸਤਕ-ਸੂਚੀ ਤੋਂ ਜਿਥੇ ਖੋਜਾਰਥੀ ਦੀ ਮਿਹਨਤ, ਸਿਰੜ, ਸਾਧਨਾ ਅਤੇ ਖੋਜ-ਵਿਧੀ ਸਬੰਧੀ ਉਸ ਦੇ ਗਿਆਨ ਦੀ ਜਾਣਕਾਰੀ ਮਿਲਦੀ ਹੈ, ਉਥੇ ਇਹ ਉਸ ਤੋਂ ਪਿਛੋਂ ਉਹਦੇ ਨਾਲ ਮਿਲਦੇ ਜੁਲਦੇ ਵਿਸ਼ੇ ਉੱਤੇ ਖੋਜ ਕਰਨ ਵਾਲਿਆਂ ਲਈ ਵੀ ਸਹਾਇਕ ਸਿੱਧ ਹੁੰਦੀ ਹੈ। ਇਹ ਪਾਠਕ ਜਾਂ ਪਰੀਖਿਅਕ ਉੱਤੇ ਆਪਣੀ ਬੌਧਿਕਤਾ ਜਾਂ ਪੰਡਤਾਊਪੁਣੇ ਦਾ ਰੋਹਬ ਪਾਉਣ ਲਈਂ ਨਹੀਂ, ਬਲਕਿ ਖੋਜ-ਪ੍ਰਬੰਧ ਵਿਚ ਪੇਸ਼ ਕੀਤੇ ਗਿਆਨ ਦੀ ਪ੍ਰਮਾਣਿਕਤਾ ਹਿਤ ਦਿੱਤੀ ਜਾਂਦੀ ਹੈ। ਪੁਸਤਕ-ਸੂਚੀ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਡਾ. ਪਿਆਰ ਸਿੰਘ ਨੇ ਲਿਖਿਆ ਹੈ :

> ਥੀਸਿਸ ਨਾਲ ਲਗੀ ਤੁਹਾਡੀ ਅੰਤਿਮ ਪੁਸਤਕ-ਸੂਚੀ ਬੜੀ ਮਹੱਤਵ-ਪੂਰਣ ਚੀਜ਼ ਹੈ। ਇਹ ਤੁਹਾਡੀ ਖੋਜ ਦਾ, ਤੁਹਾਡੀ ਪੜ੍ਹਾਈ ਦਾ ਸ਼ੀਸ਼ਾ ਹੈ। ਕੋਈ ਵੀ ਸਿਆਣਾ ਲੇਖਕ ਇਸ ਪੁਸਤਕ-ਸੂਚੀ ਨੂੰ ਦੇਖ ਕੇ ਇਹ ਅੰਦਾਜ਼ਾ ਲਗਾ ਸਕੇਗਾ ਕਿ ਖੋਜ-ਵਿਦਿਆਰਥੀ ਦੀ ਆਪਣੇ ਵਿਸ਼ੇ ਉੱਪਰ ਪਕੜ ਕਿੰਨੀ ਕੁ ਹੈ। ਉਸ ਦੇ ਬਣਾਉਣ ਦੀ ਤਕਨੀਕ ਨੂੰ ਦੇਖ ਕੇ ਉਹ ਇਹ ਵੀ ਅਨੁਮਾਨ ਲਾ ਲਵੇਗਾ ਕਿ ਤੁਹਾਨੂੰ ਖੋਜ-ਵਿਧੀ ਦੀ ਸੋਝੀ ਕਿੰਨੀ ਕੁ ਪ੍ਰਾਪਤ ਹੈ।[17]

ਆਮ ਕਰਕੇ ਪੁਸਤਕ-ਸੂਚੀ ਵਿਚ ਉਨ੍ਹਾਂ ਰਚਨਾਵਾਂ ਦਾ ਹਵਾਲਾ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਹਵਾਲਾ ਪੈਰ-ਟਿੱਪਣੀਆਂ ਵਿਚ ਆਉਂਦਾ ਹੈ। ਲੇਕਿਨ ਕਈ ਪੁਸਤਕਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਤੋਂ ਖੋਜ-ਕਰਤਾ ਨੇ ਮਦਦ ਲਈ ਹੁੰਦੀ ਹੈ। ਇਨ੍ਹਾਂ ਰਚਨਾਵਾਂ ਨੂੰ ਵੀ ਪੁਸਤਕ-ਸੂਚੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਖੋਜ-ਪ੍ਰਬੰਧ ਦੇ ਮੁਕੰਮਲ ਹੋਣ ਉਪਰੰਤ ਪੁਸਤਕ-ਸੂਚੀ ਖੋਜ-ਪ੍ਰਬੰਧ ਦੇ

ਅੰਤ ਵਿਚ ਤੇ ਅਨੁਕ੍ਰਮਣਿਕਾ ਤੋਂ ਪਹਿਲਾਂ ਦਰਜ ਕੀਤੀ ਜਾਂਦੀ ਹੈ। ਇਹ ਪੈਰ-ਟਿੱਪਣੀਆਂ ਦੇ ਉਲਟ ਨੰਬਰਵਾਰ ਨਹੀਂ ਬਣਾਈ ਜਾਂਦੀ।

ਖੋਜ-ਪ੍ਰਬੰਧ ਲਿਖਣ ਸਮੇਂ ਖੋਜਾਰਥੀ ਨੂੰ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ, ਉਰਦੂ, ਫ਼ਾਰਸੀ, ਹਿੰਦੀ ਆਦਿ ਭਾਸ਼ਾਵਾਂ ਦੀਆਂ ਪੁਸਤਕਾਂ ਅਤੇ ਰਸਾਲੇ ਪੜ੍ਹਨ ਦੀ ਵੀ ਜ਼ਰੂਰਤ ਪੈ ਸਕਦੀ ਹੈ। ਪੁਸਤਕ-ਸੂਚੀ ਵਿਚ ਇਨ੍ਹਾਂ ਪੁਸਤਕਾਂ ਦੇ ਦਰਜ ਕਰਨ ਦਾ ਕ੍ਰਮ ਇਸ ਪ੍ਰਕਾਰ ਹੋਵੇਗਾ : ਸਭ ਤੋਂ ਪਹਿਲਾਂ ਹੱਥ-ਲਿਖਤਾਂ ਆਉਣਗੀਆਂ, ਫਿਰ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ, ਮਗਰੋਂ ਹਿੰਦੀ, ਸੰਸਕ੍ਰਿਤ, ਉਸ ਤੋਂ ਬਾਅਦ ਉਰਦੂ, ਫਾਰਸ਼ੀ ਅੰਤ ਵਿਚ ਅੰਗਰੇਜ਼ੀ ਪੁਸਤਕਾਂ। ਪੁਸਤਕਾਂ ਤੋਂ ਬਾਅਦ ਵਿਸ਼ਵਕੋਸ਼, ਕੋਸ਼, ਸ਼ਬਦ ਕੋਸ਼ ਅਤੇ ਫਿਰ ਰਸਾਲੇ ਆਉਂਦੇ ਹਨ। ਅਕਸਰ ਖੋਜਾਰਥੀਆਂ ਵਲੋਂ ਵਿਸ਼ਵਕੋਸ਼ਾਂ ਨੂੰ ਵੀ ਪੁਸਤਕ-ਸੂਚੀ ਦੇ ਵਿਚ ਸ਼ਾਮਿਲ ਕਰ ਦਿੱਤਾ ਜਾਂਦਾ ਹੈ, ਜਦ ਕਿ ਚਾਹੀਦਾ ਹੈ ਕਿ ਸਾਰੀਆਂ ਪੁਸਤਕਾਂ ਦੀ ਸੂਚੀ ਦੇਣ ਤੋਂ ਬਾਅਦ ਵਿਸ਼ਵਕੋਸ਼ਾਂ ਦੀ ਤੇ ਫਿਰ ਪੰਜਾਬੀ ਦੇ ਅਤੇ ਹੋਰ ਭਾਸ਼ਾਵਾਂ ਦੇ ਰਸਾਲਿਆਂ ਦੀ ਸੂਚੀ ਦਿੱਤੀ ਜਾਵੇ।

ਪੁਸਤਕ-ਸੂਚੀ ਵਿਚ ਕਿਸੇ ਪੁਸਤਕ ਨੂੰ ਦਰਜ ਕਰਨ ਦਾ ਤਰੀਕਾ ਇਸ ਪ੍ਰਕਾਰ ਹੋਣਾ ਚਾਹੀਦਾ ਹੈ :

ਲੇਖਕ, ਪੁਸਤਕ ਦਾ ਨਾਂ, ਭਾਗ, ਸੰਪਾਦਕ ਜਾਂ ਅਨੁਵਾਦਕ ਦਾ ਨਾਂ (ਜੇ ਕੋਈ ਹੋਵੇ), ਪ੍ਰਕਾਸ਼ਕ, ਪ੍ਰਕਾਸ਼ਨ ਸਥਾਨ, ਪ੍ਰਕਾਸ਼ਨ ਦੀ ਮਿਤੀ।

ਪੁਸਤਕ-ਸੂਚੀ ਲੇਖਕਾਂ ਦੇ ਨਾਵਾਂ ਜਾਂ ਉਪਨਾਵਾਂ ਦੇ ਅੱਖਰ-ਕ੍ਰਮ ਅਨੁਸਾਰ ਬਣਾਈ ਜਾਂਦੀ ਹੈ। ਖੋਜ-ਵਿਧੀ ਅਨੁਸਾਰ ਪੁਸਤਕ-ਸੂਚੀ ਵਿਚ ਲੇਖਕ ਦਾ ਉਪਨਾਮ ਜਾ ਤਖ਼ੱਲਸ਼ ਲੇਖਕ ਦੇ ਨਾਂ ਤੋਂ ਪਹਿਲਾਂ ਦੇਣ ਦਾ ਵਿਧਾਨ ਹੈ :

ਸੇਖੋਂ, ਸੰਤ ਸਿੰਘ, **ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1964

ਪੁੰਨੀ, ਅਮਰੀਕ ਸਿੰਘ, **ਸਿਰਜਣਾ ਤੇ ਸਮੀਖਿਆ**, ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ, 1976.

ਜਿਥੇ ਉਪਨਾਮ ਨਹੀਂ ਉਥੇ ਨਾਂ ਹੀ ਲਿਖਿਆ ਜਾਵੇਗਾ :

ਭੁਪਿੰਦਰ ਸਿੰਘ, **ਸੀਤਲ ਦੀ ਨਾਵਲਕਾਰੀ ਸਾਹਿਤ-ਇਤਿਹਾਸਕ ਪਰਿਪੇਖ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2004

ਜੇ ਕੋਈ ਕਿਤਾਬ ਕਿਸੇ ਨੇ ਸੰਪਾਦਿਤ ਕੀਤੀ ਹੈ ਤਾਂ ਉਥੇ ਸੰਪਾਦਕ ਨੂੰ ਲੇਖਕ ਵਾਲੀ ਥਾਂ ਦਿੱਤੀ ਜਾ ਸਕੇਗੀ ਅਤੇ ਉਸ ਦੇ ਨਾਂ ਦੇ ਅੱਗੇ ਛੋਟੀ ਬਰੈਕਟ ਵਿਚ 'ਸੰਪਾ.' ਲਿਖਿਆ ਜਾਵੇਗਾ :

ਥਿੰਦ, ਕਰਨੈਲ ਸਿੰਘ (ਸੰਪਾ.), **ਪੰਜਾਬੀ ਨਾਵਲ : ਸਰਵੇਖਣ ਤੇ ਮੁਲਾਂਕਣ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974

ਪੁਸਤਕ-ਸੂਚੀ ਵਿਚ ਲੇਖਕ ਦੇ ਨਾਂ ਨਾਲ ਸਤਿਕਾਰ ਵਜੋਂ ਵਰਤੇ ਜਾਣ ਵਾਲੇ ਪਦ ਨਹੀਂ ਵਰਤਣੇ ਚਾਹੀਦੇ। ਗਿਆਨੀ, ਡਾਕਟਰ, ਭਾਈ ਕਿਸੇ ਲੇਖਕ ਦੇ ਨਾਂ ਦੇ ਅਨਿਖੜ ਅੰਗ ਬਣ ਜਾਣ ਤਾਂ ਉਸ ਹਾਲਤ ਵਿਚ ਇਹ ਅਸਲ ਨਾਂ ਦੇ ਪਿੱਛੇ ਬਰੈਕਟ ਵਿਚ ਅੰਕਿਤ ਕਰਨੇ ਉਚਿਤ ਸਮਝੇ ਜਾਂਦੇ ਹਨ :

ਪੂਰਨ ਸਿੰਘ (ਪ੍ਰੋ.), **ਖੁਲ੍ਹੇ ਲੇਖ**, ਅਤਰ ਚੰਦ ਕਪੂਰ ਐਂਡ ਸਨਜ਼, ਅਨਾਰਕਲੀ, ਲਾਹੌਰ, 1929

ਵੀਰ ਸਿੰਘ (ਭਾਈ), **ਸਿੱਕਾਂ ਸੱਧਰਾਂ**, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1973

ਜੇ ਕਿਸੇ ਲੇਖਕ ਦੀਆਂ ਇੱਕ ਤੋਂ ਵਧੇਰੇ ਪੁਸਤਕਾਂ ਪੁਸਤਕ-ਸੂਚੀ ਵਿਚ ਦਰਜ ਕਰਨੀਆਂ ਹੋਣ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਛਪਣ ਦੀ ਮਿਤੀ ਦੇ ਕ੍ਰਮ ਅਨੁਸਾਰ ਅੰਕਿਤ ਕਰਨਾ ਚਾਹੀਦਾ ਹੈ। ਮਿਸਾਲ ਵਜੋਂ :

ਮੋਹਨ ਸਿੰਘ, **ਏਸ਼ੀਆ ਦਾ ਚਾਨਣ**, ਹਿੰਦ ਪਬਲਿਸ਼ਰਜ਼ ਲਿਮਟਿਡ, ਅੰਮ੍ਰਿਤਸਰ, 1951

............., **ਨਾਨਕਾਇਣ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971

ਪੁਸਤਕ-ਸੂਚੀ ਵਿਚ ਪੁਸਤਕ ਜਾਂ ਰਸਾਲੇ ਦੀ ਪ੍ਰਕਾਸ਼ਨ ਮਿਤੀ ਦੇਣੀ ਜ਼ਰੂਰੀ ਹੁੰਦੀ ਹੈ। ਜੇ

ਪੁਸਤਕ ਉੱਤੇ ਪ੍ਰਕਾਸ਼ਨ ਮਿਤੀ ਨਾ ਦਿੱਤੀ ਹੋਵੇ ਤਾਂ ਮਿਤੀ ਵਾਲੀ ਥਾਂ ਉੱਤੇ 'ਮਿਤੀਹੀਣ' ਲਿਖ ਦੇਣਾ ਚਾਹੀਦਾ ਹੈ। ਜੇ ਕਿਸੇ ਪੁਸਤਕ ਦੇ ਇੱਕ ਤੋਂ ਜ਼ਿਆਦਾ ਭਾਗ ਹੋਣ ਤਾਂ ਪੁਸਤਕ ਦੇ ਨਾਂ ਦੇ ਨਾਲ ਭਾਗ ਨੰਬਰ ਲਿਖਣਾ ਵੀ ਜ਼ਰੂਰੀ ਹੁੰਦਾ ਹੈ :

ਕੋਹਲੀ, ਸੁਰਿੰਦਰ ਸਿੰਘ, **ਪੰਜਾਬੀ ਸਾਹਿੱਤ ਕੋਸ਼** (ਭਾਗ ਪਹਿਲਾ), ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1972

ਪੁਸਤਕ-ਸੂਚੀ ਵਿਚ ਰਸਾਲਿਆਂ ਤੇ ਅਖ਼ਬਾਰਾਂ ਦਾ ਵਿਵਰਨ ਦੇਣ ਵੇਲੇ ਸੰਪਾਦਕਾਂ ਦੇ ਨਾਂ ਤੇ ਪ੍ਰਕਾਸ਼ਕ ਦਾ ਵੇਰਵਾ ਦੇਣ ਦੀ ਜ਼ਰੂਰਤ ਨਹੀਂ ਹੁੰਦੀ, ਸਿਰਫ਼ ਰਸਾਲੇ ਜਾਂ ਅਖ਼ਬਾਰ ਦਾ ਨਾਂ, ਅੰਕ ਤੇ ਪ੍ਰਕਾਸ਼ਨ ਮਿਤੀ ਹੀ ਲਿਖ ਦੇਣੀ ਬਣਦੀ ਹੈ।

ਪੁਸਤਕ-ਸੂਚੀ ਤੋਂ ਪਿਛੋਂ ਅਨੁਕ੍ਰਮਣਿਕਾ (index) ਨੂੰ ਖੋਜ-ਪ੍ਰਬੰਧ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ ਜਿਹੜੀ ਕਿ ਪੰਜਾਬੀ ਖੋਜਕਾਰਾਂ ਵਿਚ ਬਹੁਤੀ ਪ੍ਰਚਲਿਤ ਨਹੀਂ ਹੋਈ। ਪਰੰਤੂ, ਅੱਜ ਦਾ ਸੂਝਵਾਨ ਪਾਠਕ ਇਸ ਦੀ ਮੰਗ ਕਰਦਾ ਹੈ। ਇਸ ਤੋਂ ਬਿਨਾ ਖੋਜ-ਪ੍ਰਬੰਧ ਦੀ ਕਦਰ ਘੱਟਦੀ ਹੈ ਤੇ ਇਸ ਦੇ ਦੇਣ ਨਾਲ ਖੋਜ-ਪ੍ਰਬੰਧ ਵਧੇਰੇ ਸੋਭਦਾ ਹੈ ਅਤੇ ਖੋਜਕਾਰ ਦੀ ਸਰਬਪੱਖੀ ਜਾਣਕਾਰੀ ਦਾ ਵੀ ਪਤਾ ਲਗਦਾ ਹੈ। ਇਸ ਦੀ ਲੋੜ ਇਹ ਹੁੰਦੀ ਹੈ ਕਿ ਇਸ ਤੋਂ ਪੁਸਤਕ ਵਿਚ ਖੋਲ੍ਹੇ ਗਏ ਵਿਸ਼ਿਆਂ ਤੇ ਸੰਕੇਤਾਂ ਬਾਰੇ ਮੁਕੰਮਲ ਜਾਣਕਾਰੀ ਮਿਲ ਜਾਂਦੀ ਹੈ ਕਿ ਪੁਸਤਕ ਵਿਚ ਕਿਹੜੇ-ਕਿਹੜੇ ਵਿਸ਼ੇ ਕਿਹੜੇ-ਕਿਹੜੇ ਪੰਨਿਆਂ ਉੱਪਰ ਅੰਕਿਤ ਹਨ। ਖੋਜ-ਪ੍ਰਬੰਧ ਵਿਚ ਅਨੁਕ੍ਰਮਣਿਕਾ ਦਾ ਮਹੱਤਵ ਸਮਝਦੇ ਹੋਏ ਵੀ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦਾ ਕਾਰਨ ਖੋਜ-ਵਿਦਿਆਰਥੀਆਂ ਵੱਲੋਂ ਵਿਖਾਈ ਗਈ ਬੇਧਿਆਨੀ ਵੀ ਹੋ ਸਕਦੀ ਹੈ ਅਤੇ ਆਲੋਚਨਾ ਦੇ ਸਿਧਾਂਤਾਂ ਵਲੋਂ ਅਗਿਆਨਤਾ ਵੀ।

ਉਪਰੋਕਤ ਵਿਚਾਰ ਚਰਚਾ ਉਪਰੰਤ ਕਹਿ ਸਕਦੇ ਹਾਂ ਕਿ ਖੋਜ-ਪ੍ਰਬੰਧ ਦੇ ਲੇਖਣ ਦਾ ਵਿਧੀ-ਵਿਗਿਆਨ ਆਪਣੇ ਆਪ ਵਿਚ ਅਜਿਹਾ ਜਟਿਲ ਮਸਲਾ ਹੈ ਜਿਸ ਪ੍ਰਤੀ ਕਾਫ਼ੀ ਸੁਚੇਤ ਰਹਿਣ ਦੇ ਬਾਵਜੂਦ ਵਿਦਵਾਨ ਖੋਜੀ ਕਿਤੇ ਨਾ ਕਿਤੇ ਉਕਾਈਆਂ ਛੱਡ ਜਾਂਦੇ ਹਨ। ਸਮੁੱਚੇ ਖੋਜ-ਕਾਰਜ ਦੇ ਸਿੱਧਾਂਤਕ ਪਰਿਪੇਖ ਅਤੇ ਉਸ ਤੋਂ ਨਿਕਲੇ ਮਹੱਤਵਪੂਰਨ ਪਰਿਣਾਮ ਭਾਵੇਂ ਇਨ੍ਹਾਂ ਉਕਾਈਆਂ ਕਾਰਨ ਛੁਟਿਆਏ ਤਾਂ ਨਹੀਂ ਜਾਂਦੇ ਪਰ ਇਸ ਦੇ ਬਾਵਜੂਦ ਖੋਜਕਾਰ ਦੀ ਆਪਣੇ ਖੋਜ-ਕਾਰਜ ਪ੍ਰਤੀ ਵਰਤੀ ਗਈ ਲਗਨ ਅਤੇ ਸੁਹਿਰਦਤਾ ਉੱਪਰ ਪ੍ਰਸ਼ਨ ਚਿੰਨ੍ਹ ਜ਼ਰੂਰ ਲਗ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਪਿਆਰ ਸਿੰਘ, 'ਸਾਹਿਤਕ ਖੋਜ : ਸੰਕਲਪ, ਸਰੂਪ ਤੇ ਖੇਤਰ', **ਖੋਜ ਦਰਪਣ** (ਜਨਵਰੀ 1974), ਪੰਨਾ 11
2. ਹਰਿਭਜਨ ਸਿੰਘ, 'ਖੋਜ ਵਿਦਿਆਰਥੀ ਅਤੇ ਨਿਗਰਾਨ', **ਉਹੀ** ਪੰਨਾ 32; ਹਰੀ ਕ੍ਰਿਸ਼ਨ ਰਾਵਤ, **ਸਮਾਜਿਕ ਸ਼ੋਧ ਕੀ ਵਿਧੀਆਂ**, ਪੰਨਾ 431
3. ਪਿਆਰ ਸਿੰਘ, 'ਸਾਹਿਤਕ ਖੋਜ : ਸੰਕਲਪ, ਸਰੂਪ ਤੇ ਖੇਤਰ', **ਖੋਜ ਦਰਪਣ** (ਜਨਵਰੀ 1974), ਪੰਨਾ 11
4. 'Research briefly as a method of study by which through the careful and exhaustive investigation of all the ascertainable evidence bearing upon a definable problem, we reach a solution to that problem.' **Introduction to Research**, P.5.
5. ਪਿਆਰ ਸਿੰਘ, 'ਖੋਜ : ਸਰੂਪ ਅਤੇ ਪ੍ਰਕਾਰਜ', **ਖੋਜ: ਸਿੱਧਾਂਤ ਤੇ ਵਿਵਹਾਰ**, ਪੰਨਾ 1
6. Vol.VII, P. 511

7. ਵਿਸਥਾਰ ਲਈ ਵੇਖੋ, ਓਮ ਪ੍ਰਕਾਸ਼ ਗਾਸੋ, 'ਸਾਹਿਤਿਕ ਆਲੋਚਨਾ ਅਤੇ ਖੋਜ', **ਪੰਜਾਬੀ ਦੁਨੀਆ** (ਖੋਜ ਵਿਧੀ ਵਿਸ਼ੇਸ਼ ਅੰਕ, ਜੂਨ-ਜੁਲਾਈ-ਅਗਸਤ-ਸਤੰਬਰ, 1983), ਪੰਨੇ 25-26; ਵਿਸਥਾਰ ਲਈ ਵੇਖੋ, ਕੇਸਰ ਸਿੰਘ ਕੇਸਰ, 'ਖੋਜ ਦੀ ਪਰਿਭਾਸ਼ਾ ਤੇ ਪ੍ਰਕਿਰਿਆ', **ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ**, ਪੰਨੇ 19-20
8. Albert Einstein, **Ideas and opinions**, P. 227
9. 'ਖੋਜ ਵਿਦਿਆਰਥੀ ਅਤੇ ਨਿਗਰਾਨ', **ਖੋਜ ਦਰਪਣ** (ਜਨਵਰੀ 1974), ਪੰਨਾ 33
10. ਉਦੈਭਾਨੁ ਸਿੰਹੁ, **ਅਨੁਸੰਧਾਨ ਕਾ ਵਿਵੇਚਨ**, ਪੰਨਾ 52
11. Chauncey Sanders, **An introduction to Research in English Literary History**, P. 281
12. ਪਿਆਰ ਸਿੰਘ, 'ਸੋਧ ਪ੍ਰਬੰਧ ਲਈ ਸਿਨਾਪਸਿਜ਼ ਦੀ ਤਿਆਰੀ', **ਖੋਜ ਦਰਪਣ** (ਜੁਲਾਈ 1976), ਪੰਨਾ 8
13. 'ਖੋਜ-ਪ੍ਰਬੰਧ ਦੀ ਰੂਪ ਰੇਖਾ', **ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ**, ਪੰਨੇ 78-79
14. ਪੁਸ਼ਪਾ ਗੁਪਤਾ, 'ਖੋਜ-ਪ੍ਰਬੰਧ ਵਿਚ ਟੂਕਾਂ ਦਾ ਸਥਾਨ', **ਪੰਜਾਬੀ ਦੁਨੀਆ** (ਖੋਜ ਵਿਧੀ ਵਿਸ਼ੇਸ਼ ਅੰਕ, ਜੂਨ-ਜੁਲਾਈ-ਅਗਸਤ-ਸਤੰਬਰ 1983), ਪੰਨਾ 288
15. ਕੇਸਰ ਸਿੰਘ ਕੇਸਰ, 'ਖੋਜ-ਪ੍ਰਬੰਧ ਵਿਚ ਕਥਨ ਤੇ ਪੈਰ-ਟਿਪਣੀ ਦਾ ਪ੍ਰਯੋਗ', **ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ**, ਪੰਨਾ 129
16. Jacques Barzun & Henry F. Graff, **The Modern Researcher**, P. 356
17. 'ਸ਼ੋਧ-ਪ੍ਰਬੰਧ ਲਈ ਪੁਸਤਕ-ਸੂਚੀ ਦੀ ਤਿਆਰੀ', **ਖੋਜ ਦਰਪਣ** (ਜਨਵਰੀ 1976), ਪੰਨਾ 10

# ਸਾਹਿਤ ਰਚਨਾਵਾਂ ਦੀ ਤਕਨੀਕ ਦਾ ਅਧਿਐਨ

-ਡਾ. ਹਰਪ੍ਰੀਤ ਕੌਰ *

ਤਕਨੀਕ (Technique) ਇੱਕ ਬਹੁਪਸਾਰੀ ਤੇ ਬਹੁਦਿਸ਼ਾਵੀ ਸੰਕਲਪ ਹੈ ਜਿਸਦੇ ਸ਼ਬਦਿਕ ਅਰਥ ਹਨ-ਕਾਰੀਗਿਰੀ, ਮੁਹਾਰਤ, ਜੁਗਤ, ਢੰਗ, ਵਿਧੀ।[1] ਲੇਖਕ ਆਪਣੇ ਅਨੁਭਵ ਨੂੰ ਸਾਹਿਤ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦਾ ਹੈ। ਸਾਹਿਤ ਵਿਚ ਵਿਸ਼ੇ ਸਮੱਗਰੀ ਦੀ ਚੋਣ, ਘਟਨਾਵਾਂ, ਸਥਿਤੀਆਂ ਆਦਿ ਦਾ ਸੰਯੋਜਨ, ਵਾਸਤਵਿਕਤਾ ਦਾ ਅਜਨਬੀਕਰਨ ਤਕਨੀਕ ਦੇ ਘੇਰੇ ਵਿਚ ਆਉਂਦਾ ਹੈ। ਵਿਸ਼ੇ ਦੀ ਚੋਣ ਤੋਂ ਲੈ ਕੇ ਵਸਤੂ ਦੇ ਕਲਾਤਮਿਕ ਰੂਪਾਂਤਰਣ ਤੱਕ ਦੀ ਪ੍ਰਕਿਰਿਆ ਤਕਨੀਕ ਅਖਵਾਉਂਦੀ ਹੈ। ਤਕਨੀਕ ਰਚਨਾ ਦੀ ਰਚਨਾ ਤੋਂ ਵਿਲੱਖਣਤਾ ਅਤੇ ਸਾਂਝ ਦਾ ਆਧਾਰ ਬਣਦੀ ਹੈ।

ਤਕਨੀਕ ਦੀ ਬੁਨਿਆਦ ਰੂਸੀ ਰੂਪਵਾਦ ਨਾਲ ਜੁੜੀ ਹੋਈ ਹੈ। ਵਿਕਟਰ ਸ਼ਕਲੋਵਸਕੀ (Viktor Shklovsky) ਆਪਣੇ ਪ੍ਰਸਿੱਧ ਮਜ਼ਮੂਨ 'Art as Technique'[2] (1917) ਵਿਚ ਸਾਹਿਤ ਰਚਨਾ ਨੂੰ ਇੱਕ ਤਕਨੀਕੀ ਪ੍ਰਬੰਧ ਵਾਂਗ ਗ੍ਰਹਿਣ ਕਰਦਿਆਂ ਆਪਣਾ ਮਤ ਪੇਸ਼ ਕਰਦਾ ਹੈ ਕਿ ਸਾਹਿਤ ਵਿਚ ਭਾਸ਼ਾਈ ਤੇ ਗੈਰ-ਭਾਸ਼ਾਈ ਜੁਗਤਾਂ ਦੇ ਸੁਚੱਜੇ ਮੇਲ ਦੁਆਰਾ ਇੱਕ ਪ੍ਰਬੰਧ ਦੀ ਉਸਾਰੀ ਕੀਤੀ ਜਾਂਦੀ ਹੈ। ਇਸ ਪ੍ਰਬੰਧ ਦੇ ਕੇਂਦਰ ਵਿਚ ਜਾਣੇ ਪਛਾਣੇ ਤੇ ਸਧਾਰਨ ਅਨੁਭਵ ਦਾ ਅੰਗ ਬਣੇ ਕਿਸੇ ਵਿਸ਼ੇ ਨੂੰ ਪ੍ਰਤੱਖ ਪੱਧਰ 'ਤੇ ਅਜਨਬੀ ਬਣਾਉਣ ਦਾ ਸਿੱਧਾਂਤ ਕੰਮ ਕਰਦਾ ਹੈ। ਇਸ ਸਿੱਧਾਂਤ ਮੁਤਾਬਕ ਵਿਸ਼ੇ ਦੀ ਵਿਸ਼ੇਗਤ ਸੰਭਾਵਨਾ ਤਕਨੀਕ ਰਾਹੀਂ ਹੀ ਸੰਭਵ ਹੁੰਦੀ ਹੈ। ਸ਼ਕਲੋਵਸਕੀ ਸਾਹਿਤ ਨੂੰ ਦੂਸਰੇ ਪ੍ਰਬੰਧਾਂ ਦੇ ਮੁਕਾਬਲੇ ਉੱਤੇ ਵਚਿਤ੍ਰਿਤ ਦ੍ਰਿਸ਼ਟੀ ਨੂੰ ਪ੍ਰਸਤੁਤ ਕਰਨ ਵਾਲਾ ਪ੍ਰਬੰਧ ਮੰਨਦਾ ਹੈ। ਉਸ ਦੀ ਧਾਰਣਾ ਹੈ ਕਿ ਸਾਹਿਤ ਪੂਰਵ ਸੰਕਲਪਿਤ, ਸਥਾਪਤ ਤੇ ਚਿਤ੍ਰਿਤ ਨੂੰ ਵਿਚ੍ਰਿਤਣ ਵਿਚ ਤਬਦੀਲ ਕਰ ਦਿੰਦਾ ਹੈ। ਵਿਚਿਤ੍ਰਣ ਕਾਰਜ ਵਿਚ ਜਾਣੇ-ਪਛਾਣੇ ਤੇ ਅਜਨਬੀ ਦਾ ਟਕਰਾਉ ਹੁੰਦਾ ਹੈ ਅਤੇ ਇਸ ਵਿਚੋਂ ਸਾਹਿਤਕ ਦ੍ਰਿਸ਼ਟੀ ਉੱਘੜ ਆਉਂਦੀ ਹੈ। ਵਚਿਤ੍ਰਣ ਤਕਨੀਕੀ ਜੁਗਤਾਂ ਦੀ ਵਰਤੋਂ ਦੁਆਰਾ ਪੈਦਾ ਹੁੰਦਾ ਹੈ, ਇਸ ਲਈ ਤਕਨੀਕੀ ਜੁਗਤਾਂ ਵਿਚਿਤ੍ਰਣ ਨਾਲੋਂ ਵਧੇਰੇ ਮਹੱਤਵਪੂਰਣ ਹਨ। ਸ਼ਕਲੋਵਸਕੀ ਇਸ ਦ੍ਰਿਸ਼ਟੀ ਤੱਕ ਪਹੁੰਚਣ ਲੱਗਿਆਂ ਸਾਹਿਤ ਦੀ ਤਕਨੀਕੀ ਪ੍ਰਕਿਰਿਆ ਨੂੰ ਕਦੀ ਅੱਖੋਂ ਪਰੋਖੇ ਨਹੀਂ ਕਰਦਾ।

ਸ਼ਕਲੋਵਸਕੀ ਤੋਂ ਮਗਰਲੇ ਵਿਦਵਾਨਾਂ ਨੇ ਆਪਣੇ ਦ੍ਰਿਸ਼ਟੀ-ਬਿੰਦੂ ਤੇ ਪਰਿਪੇਖ ਥੋੜ੍ਹੇ-ਥੋੜ੍ਹੇ ਬਦਲੇ ਹਨ ਪਰ ਤਕਨੀਕੀ ਪ੍ਰਬੰਧ ਨੂੰ ਉਹ ਇੱਕ ਬੁਨਿਆਦੀ ਧਾਰਨਾ ਵਾਂਗ ਅੰਗ-ਸੰਗ ਹੀ ਰੱਖਦੇ ਹਨ। ਬੋਰਿਸ ਤਮਾਸ਼ੇਵਸਕੀ (Boris Tomashevsky) ਆਪਣੇ ਪ੍ਰਸਿੱਧ ਨਿਬੰਧ 'ਥੀਮ-ਵਿਗਿਆਨ'[3] (Thematics) ਵਿਚ ਭਾਵੇਂ ਮੋਟਿਫ ਰੂੜੀਆਂ ਦੇ ਆਧਾਰ ਉੱਤੇ ਥੀਮ-ਵਿਗਿਆਨ ਦੀ ਗੱਲ ਕਰਦਾ ਹੈ ਪਰ ਉਸਦੀ ਬੁਨਿਆਦੀ ਦ੍ਰਿਸ਼ਟੀ ਸਾਹਿਤਕ ਕਿਰਤ ਨੂੰ ਉਸਦੇ ਤਕਨੀਕੀ ਪਾਸਾਰਾਂ ਉੱਪਰ ਰੱਖਕੇ ਵੇਖਣ ਦਾ ਯਤਨ ਕਰਦੀ ਹੈ। ਰਚਨਾ ਦੇ ਪਲਾਟ ਨੂੰ ਇੱਕ ਸਮੁੱਚ ਦੇ ਰੂਪ ਵਿਚ ਜੋੜਨ ਵਾਲੇ ਤੱਤ ਨੂੰ ਥੀਮ ਆਖਦੇ ਹਨ। ਕਹਾਣੀ ਕਾਲ-ਕ੍ਰਮ ਅਤੇ ਕਾਰਜ ਕਾਰਨ ਦੀ ਨਿਆਇਕ ਲੜੀ ਵਿਚ ਪਰੁੱਚੇ ਮੋਟਿਫ਼ਾਂ ਦਾ ਜੋੜ-ਮੇਲ ਹੈ ਅਤੇ ਪਲਾਟ ਮੂਲ ਰਚਨਾ ਵਿਚ ਵਿਸ਼ੇਸ਼ ਪ੍ਰਬੰਧ ਜਾਂ ਸੰਗਠਨ ਵਿਚ ਪਰੁੱਚੇ ਮੋਟਿਫ਼ਾਂ ਦਾ। ਰਚਨਾ ਦੇ ਸਮੁੱਚੇ ਅੰਗਾਂ ਦੇ ਵੀ ਥੀਮ ਹੁੰਦੇ ਹਨ। ਜਿਸ ਅੰਗ ਨੂੰ ਹੋਰ ਘਟਾਇਆ ਨਾ ਜਾ ਸਕੇ ਉਸ ਦੇ ਥੀਮ ਨੂੰ ਮੋਟਿਫ ਆਖਦੇ ਹਨ। ਹਰੇਕ ਸਾਹਿਤ ਰਚਨਾ ਮੋਟਿਫਾਂ ਦੀ ਬੁਣਤੀ ਦੁਆਰਾ ਪੇਸ਼ ਹੁੰਦੀ ਹੈ। ਮੋਟਿਫ਼ਾਂ ਦੀ ਬੁਣਤੀ ਸਾਹਿਤਕ ਕਲਾ-ਕਿਰਤ ਦੀ ਕਲਾਤਮਿਕਤਾ ਉੱਪਰ ਪ੍ਰਭਾਵ ਪਾਉਂਦੀ ਹੈ। ਦੋ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੰਨਿਆ ਮਹਾਵਿਦਿਆਲਾ, ਜਲੰਧਰ।

ਸਾਹਿਤਕ ਕਿਰਤਾਂ ਦੀ ਮੋਟਿਫ ਬੁਣਤੀ ਵੱਖ-ਵੱਖ ਹੁੰਦੀ ਹੈ। ਇੱਕ ਰਚਨਾ ਵਿਚ ਮੋਟਿਫ ਸੰਵਾਦ ਰਾਹੀਂ ਪੇਸ਼ ਹੋ ਸਕਦੇ ਹਨ, ਦੂਜੀ ਵਿਚ ਇਹ ਲੇਖਕ ਦੇ ਬਿਆਨ ਰਾਹੀਂ ਅਤੇ ਤੀਜੀ ਵਿਚ ਦੋਹਾਂ ਦੇ ਸੁਮੇਲ ਰਾਹੀਂ ਪ੍ਰਸਤੁਤ ਹੋ ਸਕਦੇ ਹਨ। ਮੋਟਿਫਾਂ ਦੇ ਜੁੱਟ ਅੱਗੋਂ ਵਡੇਰੀਆਂ ਇਕਾਈਆਂ ਸਿਰਜਦੇ ਹਨ। ਇਹ ਇਕਾਈਆਂ ਹੋਰ ਵੱਡੀਆਂ ਇਕਾਈਆਂ ਦੇ ਸੰਗਠਨ ਨਾਲ ਸੰਪੂਰਨ ਰਚਨਾ ਵਿਚ ਤਬਦੀਲ ਹੁੰਦੀਆਂ ਹਨ। ਕਿਸੇ ਇੱਕ ਮੋਟਿਫ ਦੁਆਰਾ ਪੇਸ਼ ਥੀਮ ਵਿਚੋਂ ਕਹਾਣੀ ਦੇ ਅੱਗੇ ਵਿਕਸਤ ਹੋਣ ਦੀਆਂ ਇੱਕ ਤੋਂ ਵੱਧ ਸੰਭਾਵਨਾਵਾਂ ਹੁੰਦੀਆਂ ਹਨ ਜਿਹਨਾਂ ਨੂੰ ਰੀਮ ਆਖਦੇ ਹਨ। ਇਨ੍ਹਾਂ ਰੀਮਾਂ ਵਿਚੋਂ ਅਗਲਾ ਮੋਟਿਫ ਕੇਵਲ ਇੱਕੋ ਰੀਮ ਲੈ ਕੇ ਤੁਰਦਾ ਹੈ ਜੋ ਉਸ ਨਵੇਂ ਮੋਟਿਫ ਦੀ ਥੀਮ ਬਣ ਜਾਂਦੀ ਹੈ। ਇਹ ਸਿਲਸਿਲਾ ਸਮੁੱਚੀ ਰਚਨਾ ਵਿਚ ਆਦਿ ਤੋਂ ਅੰਤ ਤੱਕ ਚਲਦਾ ਰਹਿੰਦਾ ਹੈ। ਜਦੋਂ ਕੋਈ ਰਚਨਾ ਜੀਵਨ ਦੇ ਇੱਕੋ ਖੇਤਰ ਵਿਚੋਂ ਲਏ ਮੋਟਿਫਾਂ ਆਸਰੇ ਅੱਗੇ ਚਲਦੀ ਹੈ ਤਾਂ ਥੀਮ ਸਰਲ ਰਹਿ ਜਾਂਦਾ ਹੈ ਪਰ ਜੀਵਨ ਦੇ ਵਿਭਿੰਨ ਖੇਤਰਾਂ ਨਾਲ ਸਬੰਧਿਤ ਮੋਟਿਫਾਂ ਵਾਲੀ ਰਚਨਾ ਦੀ ਥੀਮ ਜਟਿਲ ਬਣ ਜਾਂਦੀ ਹੈ।

ਮੋਟਿਫ ਜੁਗਤਾਂ ਰਾਹੀਂ ਪੇਸ਼ ਹੁੰਦੇ ਹਨ। ਕਿਸੇ ਇੱਕ ਮੋਟਿਫ ਜਾਂ ਮੋਟਿਫ ਸਮੂਹ ਦੀ ਹੋਂਦ ਦੀ ਸਾਰਥਿਕਤਾ ਸਿੱਧ ਕਰਨ ਵਾਲੀਆਂ ਰਚਨਾ-ਜੁਗਤਾਂ ਹੀ ਹੁੰਦੀਆਂ ਹਨ। ਜੀਵਨ ਵਿਚੋਂ ਜੋ ਘਟਨਾ ਪੇਸ਼ ਕੀਤੀ ਜਾਂਦੀ ਹੈ, ਉਹ ਮੋਟਿਫ ਹੈ ਅਤੇ ਉਸ ਨੂੰ ਪ੍ਰਸਤੁਤ ਕਰਨ ਦਾ ਮਾਧਿਅਮ ਰਚਨਾ-ਜੁਗਤ ਹੈ। ਜੁਗਤਾਂ ਸਾਂਝੀਆਂ ਹੁੰਦੀਆਂ ਹਨ ਪਰ ਇਨ੍ਹਾਂ ਜੁਗਤਾਂ ਦੀ ਵਰਤੋਂ ਹਰ ਲੇਖਕ ਵੱਖਰੇ ਢੰਗ ਨਾਲ ਕਰਦਾ ਹੈ। ਇਨ੍ਹਾਂ ਜੁਗਤਾਂ ਦੀ ਨਿਵੇਕਲੀ ਵਰਤੋਂ ਅਤੇ ਇਨ੍ਹਾਂ ਦੇ ਅੰਤਰ-ਸੰਬੰਧ ਹੀ ਇੱਕ ਸੰਰਚਨਾ ਨੂੰ ਦੂਜੀ ਨਾਲੋਂ ਅਤੇ ਇੱਕ ਲੇਖਕ ਨੂੰ ਦੂਜੇ ਨਾਲੋਂ ਵਖਰਿਆਉਣ ਦੇ ਨਾਲ-ਨਾਲ ਨਿਵੇਕਲਾ ਸਰੂਪ ਪ੍ਰਦਾਨ ਕਰਦੇ ਹਨ। ਇਸ ਪ੍ਰਕਿਰਿਆ ਨੂੰ ਸਿਰਜਣ-ਵਿਧੀ ਜਾਂ ਤਕਨੀਕ ਦਾ ਨਾਂ ਦਿੱਤਾ ਜਾ ਸਕਦਾ ਹੈ। ਸਾਹਿਤਕ ਕਿਰਤ, ਸਾਹਿਤਕ ਰੂੜੀਆਂ ਅਤੇ ਕਲਾਂ-ਜੁਗਤਾਂ ਰਾਹੀਂ ਹੋਂਦ ਗ੍ਰਹਿਣ ਕਰਦੀ ਹੈ। ਯਥਾਰਥ ਨੂੰ ਕਿਸੇ ਕਲਾ-ਕਿਰਤ ਵਿਚ ਪੇਸ਼ ਹੋਣ ਲਈ ਸਿਰਜਣ-ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਸੁਹਜ ਨੇਮ ਅਨੁਸਾਰ ਢਲਨਾ ਪੈਂਦਾ ਹੈ। ਸਿਰਜਣ ਪ੍ਰਕਿਰਿਆ ਲਈ ਕਲਾਤਮਿਕ ਨਿਪੁੰਨਤਾ ਦੀ ਜ਼ਰੂਰਤ ਹੁੰਦੀ ਹੈ। ਇਸੇ ਕਲਾਤਮਿਕ ਨਿਪੁੰਨਤਾ ਕਰਕੇ ਕਿਸੇ ਲੇਖਕ ਦੀ ਤਕਨੀਕ ਪ੍ਰਪੱਕ ਮੰਨੀ ਜਾਂਦੀ ਹੈ ਅਤੇ ਕਚਿਆਈ ਕਰਕੇ ਰਚਨਾ ਅਣਸਾਹਿਤ ਅਖਵਾਉਂਦੀ ਹੈ। ਸੋ ਵਸਤੂ-ਜਗਤ ਨੂੰ ਸਾਹਿਤ-ਜਗਤ ਵਿਚ ਰੂਪਾਂਤਰਿਤ ਕਰਨ ਲਈ ਕਲਾ-ਸਾਧਨਾ (ਤਕਨੀਕ) ਦੀ ਲੋੜ ਪੈਂਦੀ ਹੈ। ਸਾਹਿਤ-ਸੰਸਾਰ, ਵਸਤੂ-ਸੰਸਾਰ ਦਾ ਅਜਨਬੀਕ੍ਰਿਤ ਰੂਪ ਹੈ। ਸਾਹਿਤ ਯਥਾਰਥ ਨੂੰ ਪੇਸ਼ ਨਹੀਂ ਕਰਦਾ ਸਗੋਂ ਯਥਾਰਥ ਦੇ ਅਨੁਭਵ ਨੂੰ ਪੇਸ਼ ਕਰਦਾ ਹੈ। ਇਸ ਅਨੁਭਵ ਨੂੰ ਪੇਸ਼ ਕਰਨ ਲਈ ਅਨੇਕਾਂ ਜੁਗਤਾਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਜੁਗਤਾਂ ਦੇ ਮਾਧਿਅਮ ਰਾਹੀਂ ਸਧਾਰਣ ਨੂੰ ਅਸਧਾਰਣ, ਪੁਰਾਣੇ ਨੂੰ ਨਵਾਂ, ਅਣਸਾਹਿਤ ਨੂੰ ਸਾਹਿਤ ਅਤੇ ਵਾਸਤਵਿਕ ਨੂੰ ਕਲਾਤਮਿਕ ਬਣਾਉਣ ਦੀ ਪ੍ਰਕਿਰਿਆ ਹੀ ਤਕਨੀਕ ਹੈ।


ਆਮ ਤੌਰ ’ਤੇ ਤਕਨੀਕ ਨੂੰ ਕਲਾ-ਜੁਗਤਾਂ ਹੀ ਸਮਝ ਲਿਆ ਜਾਂਦਾ ਹੈ ਪਰ ਅਜਿਹੀ ਪਹੁੰਚ ਤਕਨੀਕ ਨੂੰ ਅਧੂਰੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਸੂਚਕ ਹੈ। ਸਾਹਿਤ ਦੀ ਮੂਲ ਸਮੱਗਰੀ ਜੀਵਨ ਹੈ। ਜੀਵਨ ਵਿਚਲੀ ਸਮੱਗਰੀ ਜਦੋਂ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਇਹ ਆਪਣੀ ਹੋਂਦ ਨੂੰ ਕਲਾ ਦੇ ਰੂਪ ਵਿਚ ਉਜਾਗਰ ਕਰਨ ਵਿਚ ਕਾਰਜਸ਼ੀਲ ਹੁੰਦੀ ਹੈ। ਸਾਹਿਤ ਬਾਹਰੀ ਸਮੱਗਰੀ ਦਾ ਕਾਰਜਹੀਣਤਾ ਤੋਂ ਕਾਰਜਸ਼ੀਲਤਾ ਤੱਕ ਦਾ ਸਫਰ ਹੀ ਉਸਨੂੰ ਰੂਪ ਪ੍ਰਦਾਨ ਕਰਦਾ ਹੈ। ਅਰਸਤੂ ਨੇ ਸਾਹਿਤ ਰਚਨਾਵਾਂ ਨੂੰ ਸੰਗਠਿਤ ਰੂਪ ਵਿਚ ਗ੍ਰਹਿਣ ਕਰਦਿਆਂ ਇਨ੍ਹਾਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਪਰ ਉਸ ਤੋਂ ਪਿੱਛੋਂ ਰਚਨਾ ਨੂੰ ਸਮੁੱਚੀ ਇਕਾਈ ਮੰਨਣ ਦੀ ਬਜਾਏ ਵਸਤੂ ਤੇ ਰੂਪ ਦੀ ਦਵੈਤ ਵਿਚ ਵੰਡ ਦਿੱਤਾ ਗਿਆ। ਯਥਾਰਥ ਅਤੇ ਪੇਸ਼ਕਾਰੀ, ਸੁਨੇਹਾ ਅਤੇ ਮਾਧਿਅਮ, ਚਿਹਨਿਤ ਅਤੇ ਚਿਹਨਕ ਆਦਿ ਸ਼ਬਦ ਇਸੇ ਵੰਡ ਵੱਲ ਸੰਕੇਤ ਕਰਦੇ ਹਨ। ਅਰਸਤੂ ਤੋਂ ਬਾਅਦ ਰੂਸੀ ਰੂਪਵਾਦੀਆਂ ਨੇ ਰੂਪ ਅਤੇ ਵਸਤੂ ਦੀ ਦਵੈਤ ਨੂੰ ਰੱਦ ਕਰਕੇ ਰੂਪ ਨੂੰ ਸਮੁੱਚ ਦੇ ਅਰਥਾਂ ਵਿਚ ਗ੍ਰਹਿਣ ਕੀਤਾ। ਅਸਲ

ਵਿਚ ਵਸਤੂ ਰਚਨਾ ਵਿਚ ਢਲ ਕੇ ਰੂਪ ਬਣ ਜਾਂਦੀ ਹੈ। ਡਾ. ਹਰਿਭਜਨ ਸਿੰਘ[4] ਨੇ ਰੋਲਾਂ ਬਾਰਤ ਦੇ ਹਵਾਲੇ ਨਾਲ ਲੇਖਕ ਅਤੇ ਲਿਖਾਰੀ ਵਿਚਕਾਰ ਨਿਖੇੜਾ ਕਰਦਿਆਂ 'ਲੇਖਕ' ਉਸ ਨੂੰ ਮੰਨਿਆ ਹੈ ਜਿਸਦੀ ਕਿਰਤ ਵਿਚ ਸੁਨੇਹਾ ਦ੍ਰਿਸ਼ ਬਣ ਜਾਂਦਾ ਹੈ ਪਰ 'ਲਿਖਾਰੀ' ਦੀ ਲਿਖਤ ਵਿਚ ਸੁਨੇਹਾ ਅੰਸ਼ਿਕ ਰੂਪ ਵਿਚ ਹੀ ਦ੍ਰਿਸ਼ ਬਣਦਾ ਹੈ। ਸੁਨੇਹਾ ਤਕਨੀਕ ਦੇ ਮਾਧਿਅਮ ਰਾਹੀਂ ਹੀ ਦ੍ਰਿਸ਼ ਵਿਚ ਰੂਪਾਂਤਰਿਤ ਹੁੰਦਾ ਹੈ। ਗਰਾਡ ਜੈਨੇਟ[5] ਦਾ ਮੱਤ ਹੈ ਕਿ ਇੱਕ ਵਿਸ਼ੇਸ਼ ਪ੍ਰਕਾਰ ਦੀ ਕਾਰਜਸ਼ੀਲਤਾ ਹੀ ਲਿਖਤਾਂ ਨੂੰ ਸਾਹਿਤਕਤਾ ਪ੍ਰਦਾਨ ਕਰਦੀ ਹੈ ਜਾਂ ਸਾਹਿਤਕਤਾ ਤੋਂ ਸੱਖਣਾ ਕਰਦੀ ਹੈ। ਕਿਸੇ ਲਿਖਤ ਦੀ ਸਾਹਿਤਕ ਕਾਰਜਸ਼ੀਲਤਾ ਹੀ ਉਸਨੂੰ ਸਧਾਰਨ ਲਿਖਤਾਂ ਤੋਂ ਵਖਰਿਆਉਂਦੀ ਹੈ। ਤਕਨੀਕ ਵਸਤੂ ਨੂੰ ਕਾਰਜਸ਼ੀਲਤਾ ਪ੍ਰਦਾਨ ਕਰਕੇ ਰੂਪ ਵਿਚ ਰੂਪਾਂਤਰਿਤ ਕਰਨ ਦਾ ਸਾਧਨ ਬਣਦੀ ਹੈ। ਗੈਰ-ਰੂਪਾਂਤਮਕ ਤੱਤ ਉਨੀ ਦੇਰ ਹੀ ਵਸਤਾਂ ਹਨ ਜਿੰਨੀ ਦੇਰ ਉਹ ਕਿਸੇ ਕਲਾਤਮਿਕ ਸੰਗਠਨ ਦਾ ਹਿੱਸਾ ਨਹੀਂ ਬਣਦੇ। ਜਿਸ ਤਰ੍ਹਾਂ ਚਿਹਨ ਵਿਚ ਚਿਹਨਕ ਅਤੇ ਚਿਹਨਤ ਦੀ ਇੱਕ ਦੂਜੇ ਤੋਂ ਵੱਖਰੀ ਹੋਂਦ ਸੰਭਵ ਨਹੀਂ ਇਸੇ ਤਰ੍ਹਾਂ ਸਾਹਿਤ ਕਿਰਤ ਵਿਚ ਰੂਪਕ ਅਤੇ ਰੂਪਿਤ ਇੱਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਇਸੇ ਕਰਕੇ ਸ਼ਕਲੋਵਸਕੀ ਨੇ ਕਲਾ ਨੂੰ ਤਕਨੀਕ ਹੀ ਮੰਨਿਆ ਹੈ। ਤਕਨੀਕ ਵਸਤੂ ਤੋਂ ਟੁੱਟੀ ਹੋਈ ਨਹੀਂ ਹੁੰਦੀ ਸਗੋਂ ਵਸਤੂ ਨੂੰ ਰੂਪ ਵਿਚ ਰੂਪਾਂਤਰਿਤ ਕਰਕੇ ਵਸਤੂ ਦਾ ਪ੍ਰਤੱਖਣਯੋਗ ਸਮੂਰਤੀਕਰਨ ਕਰ ਦਿੰਦੀ ਹੈ। ਲੇਖਕ ਜਦੋਂ ਜ਼ਿੰਦਗੀ ਦੇ ਯਥਾਰਥ ਦਾ ਸਾਹਿਤਕ ਰੂਪਾਂਤਰਣ ਕਰਦਾ ਹੈ ਤਾਂ ਇਹ ਪ੍ਰਕਿਰਿਆ ਰਚਨਾ ਨੂੰ ਰੂਪ ਪ੍ਰਦਾਨ ਕਰਨ ਤੱਕ ਹੀ ਸੀਮਿਤ ਨਹੀਂ ਰਹਿੰਦੀ ਸਗੋਂ ਆਪਣੇ ਵਿਸ਼ੇਸ਼ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪਰਿਪੇਖਾਂ ਵਿਚ ਫੈਲ ਜਾਂਦੀ ਹੈ। ਤਕਨੀਕ ਅਜਿਹਾ ਸਾਧਨ ਹੈ ਜਿਸ ਰਾਹੀਂ ਲੇਖਕ ਆਪਣੇ ਵਿਸ਼ੇ ਨੂੰ ਸੋਚਦਾ, ਵਿਕਸਿਤ ਕਰਦਾ ਅਤੇ ਇਸ ਨੂੰ ਰੂਪ ਪ੍ਰਦਾਨ ਕਰਦਾ ਹੈ। ਤਕਨੀਕ ਦਾ ਸਬੰਧ ਰੂਪ ਨਾਲ ਨਹੀਂ, ਰੂਪ ਸਿਰਜਣ-ਪ੍ਰਕਿਰਿਆ ਨਾਲ ਹੈ। ਸਿਰਜਣ-ਪ੍ਰਕਿਰਿਆ ਵਿਚੋਂ ਗੁਜ਼ਰਨ ਮਗਰੋਂ ਹੀ ਕੋਈ ਰਚਨਾ ਸਾਹਿਤਕ ਬਣਦੀ ਹੈ।

ਕਿਸੇ ਵੀ ਰਚਨਾ ਵਿਚਲੀਆਂ ਜੁਗਤਾਂ ਦਾ ਪ੍ਰਬੰਧ ਰਚਨਾ ਦੀ ਵਿਆਕਰਨ ਹੈ ਜਿਹਨਾਂ ਰਾਹੀਂ ਰਚਨਾ ਰੂਪ ਧਾਰਦੀ ਹੈ। ਇਹ ਜੁਗਤਾਂ ਸਾਹਿਤ ਰਚਨਾਵਾਂ ਵਿਚ ਦੁਹਰਾਈਆਂ ਜਾਂਦੀਆਂ ਹਨ। ਇਨ੍ਹਾਂ ਜੁਗਤਾਂ ਦੇ ਪ੍ਰਬੰਧ ਨੂੰ ਲੈਂਗ (langue) ਕਿਹਾ ਜਾਂਦਾ ਹੈ ਪਰ ਇਨ੍ਹਾਂ ਜੁਗਤਾਂ ਦੀ ਵਰਤੋਂ ਹਰ ਲੇਖਕ ਵੱਖਰੇ/ਨਿਵੇਕਲੇ ਢੰਗ ਨਾਲ ਕਰਦਾ ਹੈ, ਜਿਸ ਰਾਹੀਂ ਪੈਰੋਲ (parole) ਹੋਂਦ ਵਿਚ ਆਉਂਦਾ ਹੈ। ਤਕਨੀਕ ਦਾ ਸਬੰਧ ਰਚਨਾ ਵਿਚ ਕਾਰਜਸ਼ੀਲ, ਦੁਹਰਾਏ ਜਾਣ ਵਾਲੇ ਸਾਂਝੇ ਨੇਮਾਂ ਦੀ ਵੱਖਰੀ/ਨਿਵੇਕਲੀ ਵਰਤੋਂ ਅਤੇ ਇਨ੍ਹਾਂ ਦੇ ਆਪਸੀ ਰਿਸ਼ਤਿਆਂ ਦੀ ਪਛਾਣ ਨਾਲ ਹੈ। ਰਚਨਾ ਦਾ ਰੂਪ ਲੈਂਗ ਆਧਾਰਤ ਹੁੰਦਾ ਹੈ ਪਰ ਲੈਂਗ ਦਾ ਅਧਿਐਨ ਕਰਨ ਲਈ ਪੈਰੋਲ ਵਿਚੋਂ ਹੀ ਗੁਜ਼ਰਨਾ ਪੈਂਦਾ ਹੈ। ਸਮਰਥਾ (competence) ਦਾ ਨਿਭਾਉ (performance) ਤਕਨੀਕ ਦੇ ਮਾਧਿਅਮ ਰਾਹੀਂ ਹੁੰਦਾ ਹੈ। ਸੰਰਚਨਾਵਾਦੀ ਸਾਹਿਤ ਰਚਨਾ ਨੂੰ ਸਿਸਟਮ ਆਧਾਰਿਤ ਸੰਰਚਨਾ ਮੰਨਦੇ ਹਨ। ਸਾਹਿਤ ਰਚਨਾ ਵਿਚ ਲੈਂਗ ਤੇ ਪੈਰੋਲ, ਸਮਰਥਾ ਤੇ ਨਿਭਾਉ, ਸਿਸਟਮ ਤੇ ਸੰਰਚਨਾ ਅਨਿੱਖੜ ਰੂਪ ਵਿਚ ਪਏ ਹੁੰਦੇ ਹਨ।

ਜੇ.ਸੀ. ਰੈਨਸਮ[6] ਬਣਤਰ (Structure) ਅਤੇ ਬੁਣਤੀ (Texture) ਨੂੰ ਸਾਹਿਤ ਰਚਨਾ ਦੇ ਅਨਿੱਖੜ ਅੰਗ ਮੰਨਦਾ ਹੈ। ਕਿਸੇ ਸਹਿਤ ਕਿਰਤ ਦੇ ਅੰਗ ਇੱਕ ਦੂਜੇ ਉੱਪਰ ਨਿਰਭਰ ਕਰਦੇ ਹੋਏ ਆਪਸੀ ਸੰਬੰਧਾਂ ਦੀ ਸੰਯੋਗੀ ਯੋਜਨਾ ਅਧੀਨ ਆਪਣਾ ਪ੍ਰਕਾਰਜ ਪੂਰਾ ਕਰਦੇ ਹਨ ਜਿਸ ਨੂੰ ਸੰਰਚਨਾ/ਬਣਤਰ ਕਿਹਾ ਜਾਂਦਾ ਹੈ। ਸੰਰਚਨਾ ਇੱਕ ਅਮੂਰਤ ਸੰਕਲਪ ਹੈ। ਹਰ ਤੱਤ ਜਾਂ ਅੰਗ ਦੀ ਸਾਰਥਿਕਤਾ ਤੇ ਮੁੱਲ ਦੂਜੇ ਤੱਤਾਂ ਅਤੇ ਪਾਠ ਦੇ ਸੰਰਚਨਾਤਮਕ ਸਮੁੱਚ ਨਾਲ ਰਿਸ਼ਤੇ ਵਿਚ ਬੱਝ ਕੇ ਹੁੰਦੀ ਹੈ। ਬੁਣਤੀ ਦਾ ਸਬੰਧ ਵਸਤੂ/ਚਿਹਨਤ ਦੇ ਇੰਦ੍ਰਿਆਵੀ ਪੱਖ ਨਾਲ ਹੁੰਦਾ ਹੈ ਜੋ ਰਚਨਾ ਦੀ ਅਮੂਰਤ ਤੇ ਜਾਤੀ ਪ੍ਰਕਿਰਤੀ ਨੂੰ ਮੂਰਤ ਅਤੇ ਵਿਸ਼ੇਸ਼ ਰੂਪ ਪ੍ਰਦਾਨ ਕਰਦੀ ਹੈ। ਇਸ ਨਾਲ ਚਿਹਨਤ, ਚਿਹਨਕ ਵਿਚ ਰੂਪਾਂਤਰਿਤ ਹੋ ਜਾਂਦਾ ਹੈ। ਬੁਣਤੀ ਇੱਕ ਲੇਖਕ/ਸਾਹਿਤ ਰਚਨਾ ਨੂੰ ਉਸਦੀਆਂ ਵਿਸ਼ੇਸ਼ਤਾਵਾਂ ਦੇ

ਆਧਾਰ ’ਤੇ ਦੂਸਰੇ ਨਾਲੋਂ ਨਿਖੇੜਦੀ ਹੈ। ਤ੍ਰਾਸਦੀ ਦਾ ਕਰੁਣਾ ਭਾਵ ਜਾਂ ਵਾਰ ਦਾ ਬੀਰ ਰਸੀ ਅਹਿਸਾਸ ਬੁਣਤੀ ਦਾ ਹੀ ਪ੍ਰਕਾਰਜ ਹੈ। ਬੇਸ਼ੱਕ ਤਰਕ ਦੇ ਨੁਕਤੇ ਤੋਂ ਸਾਹਿਤ ਸੰਰਚਨਾ ਵਿਚ ਬੁਣਤੀ ਦਾ ਕੋਈ ਮਹੱਤਵ ਨਹੀਂ ਪਰ ਯਥਾਰਥ ਬੋਧ ਨੂੰ ਬੁਣਤੀ ਹੀ ਗਹਿਰਾਈ ਪ੍ਰਦਾਨ ਕਰਦੀ ਹੈ। ਬੁਣਤੀ ਤਰਕ ਦੇ ਰਾਹ ਵਿਚ ਰੁਕਾਵਟ ਪਾ ਕੇ ਵਸਤੂਪੁਣੇ ਨੂੰ ਉਜਾਗਰ ਕਰਦੀ ਹੈ। ਸਾਹਿਤਕਾਰ ਆਪਣੀ ਲਿਖਤ ਵਿਚ ਵਧੇਰੇ ਦਿਲਚਸਪੀ ਅਤੇ ਖਿੱਚ ਪੈਦਾ ਕਰਨ ਲਈ ਅਨੁਭਵ ਦੇ ਖੁਸ਼ਕ ਪ੍ਰਗਟਾ ਨੂੰ ਬਦਲ ਕੇ ਅਗਰਭੂਮਨ (foregounding) ਦੀ ਭਾਸ਼ਾਈ ਜੁਗਤ ਰਾਹੀਂ ਅਸਧਾਰਨ ਬਣਾ ਦਿੰਦਾ ਹੈ। ਅਗਰਭੂਮਨ ਇੱਕ ਪਾਸੇ ਪਰਾਹਨ (deviation) ਦੀ ਜੁਗਤ ਅਪਣਾਉਂਦਾ ਹੈ ਅਤੇ ਦੂਜੇ ਪਾਸੇ ਸਮਾਨ–ਤਰਤਾ (parallelism) ਦੀ। ਭਾਸ਼ਾ ਦੇ ਸਥਾਪਤ ਪ੍ਰਤਿਮਾਨਾਂ ਨੂੰ ਤੋੜ ਕੇ ਨਵੇਂ ਭਾਸ਼ਾ ਰੂਪਾਂ ਦੀ ਸਿਰਜਣਾ ਕਰਨਾ ਪਰਾਹਨ ਹੈ ਪਰ ਇਹ ਨਵਾਂ ਸਿਰਜਣ ਆਪਹੁਦਰਾ ਨਹੀਂ ਹੁੰਦਾ ਸਗੋਂ ਲੇਖਕ ਦਾ ਸੁਚੇਤ ਯਤਨ ਹੁੰਦਾ ਹੈ। ਸਮਾਨ–ਤਰਤਾ ਦਾ ਭਾਵ ਹੈ ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦੇ ਦੁਹਰਾਉ ਦੀ ਨਿਯਮਤਾ। ਪਰਾਹਨ ਦਾ ਸਿੱਧਾਂਤ ਅਨਿਯਮਤਾ ਦੀ ਧਾਰਨਾ ਨੂੰ ਆਧਾਰ ਬਣਾਉਂਦਾ ਹੈ ਪਰ ਸਮਾਨ–ਤਰਤਾ ਦਾ ਸਿੱਧਾਂਤ ਵਧੇਰੇ ਬਕਾਇਦਗੀ ਦੀ ਧਾਰਨਾ ਨੂੰ। ਇਨ੍ਹਾਂ ਦੋਹਾਂ ਦਾ ਮਨੋਰਥ ਬੁਣਤਰ ਨੂੰ ਵਧੇਰੇ ਇੰਦਰਿਆਵੀ ਰੂਪ ਦੇ ਕੇ ਸਾਹਿਤ ਕਿਰਤ ਨੂੰ ਸੰਘਣਤਾ ਪ੍ਰਦਾਨ ਕਰਨਾ ਹੁੰਦਾ ਹੈ। ਹਰੇਕ ਪਾਠ ਦੇ ਕਈ ਪੱਧਰ ਹੁੰਦੇ ਹਨ। ਰੋਲਾਂ ਬਾਰਤ ਨੇ ਇਨ੍ਹਾਂ ਨੂੰ ਵਾਚਾਰਥੀ ਅਤੇ ਲੱਖਣਾਰਥੀ ਪੱਧਰ ਕਿਹਾ ਹੈ। ਗ੍ਰੇਮਾਸ ਨੇ ਇਨ੍ਹਾਂ ਨੂੰ ਪਾਠ ਦੇ ਵਿਵਹਾਰਕ ਪੱਧਰ (denotative plane) ਅਤੇ ਮਿਥਿਕ ਪੱਧਰ (cannotative plane) ਦਾ ਨਾਂ ਦਿੱਤਾ ਹੈ। ਵਿਵਹਾਰਕ ਪੱਧਰ ਦਾ ਸੰਬੰਧ ਵਾਚਾਰਥੀ ਸਤੱਰ ਨਾਲ ਅਤੇ ਮਿਥਕ ਪੱਧਰ ਦਾ ਲੱਖਣਾਰਥੀ ਸਤੱਰ ਨਾਲ ਹੈ। ਪਾਠ ਦਾ ਇਨ੍ਹਾਂ ਦੋਹਾਂ ਪੱਧਰਾਂ ਤੇ ਅਧਿਐਨ ਕਰਨ ਲਈ ਗ੍ਰੇਮਾਸ ਨੇ ‘ਅਕਤਾਂਸ਼ਲ ਮਾਡਲ’[7] ਪੇਸ਼ ਕੀਤਾ ਹੈ। ਇਸ ਵਿਧੀ ਰਾਹੀਂ ਸਮੁੱਚੀ ਰਚਨਾ ਨੂੰ ਛੇ ਅਕਤਾਂਤਾਂ ਵਿਚ ਘਟਾ ਲਿਆ ਜਾਂਦਾ ਹੈ। ਇਸ ਦਾ ਆਧਾਰ ਮਨੁੱਖ ਹੈ ਜਿਹੜਾ ਕਿਸੇ ਉਦੇਸ਼ ਪ੍ਰਾਪਤੀ ਦੀ ਇੱਛਾ ਕਰਦਾ ਹੈ। ਇਸ ਉਦੇਸ਼ ਸਦਕਾ ਹੀ ‘ਪ੍ਰੇਸ਼ਕ’ (sender) ਅਤੇ ‘ਪ੍ਰਸ਼ਿਤੀ’ (receiver) ਵਿਚਕਾਰ ਸੰਚਾਰ ਸੰਭਵ ਹੁੰਦਾ ਹੈ। ਇਸ ਦੇ ਨਾਲ ਹੀ ਮਨੁੱਖ ਦੀ ਇੱਛਾ ਦਾ ਸਮਰਥਨ ‘ਸਹਾਇਕ’ ਵੱਲੋਂ ਹੁੰਦਾ ਹੈ ਤੇ ਵਿਰੋਧੀ ਇਸ ਦੀ ਪੂਰਤੀ ਦੇ ਰਸਤੇ ਵਿਚ ਰੁਕਾਵਟ ਬਣਦਾ ਹੈ। ਇਸ ਦਾ ਰੇਖਾ ਚਿੱਤਰੀ ਰੂਪ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ:




ਇਸ ਪ੍ਰਕਾਰ ਕਿਸੇ ਲੇਖਕ ਦੀਆਂ ਸਮੁੱਚੀਆਂ ਰਚਨਾਵਾਂ ਦੇ ਪਾਠ ਰੂਪੀ ਚਿਹਨਕ ਨੂੰ ਇਨ੍ਹਾਂ ਛੇ ਅਕਤਾਂਤਾਂ ਵਿਚ ਘਟਾਇਆ ਜਾ ਸਕਦਾ ਹੈ। ਇਹ ਵਰਗੀਕਰਨ ਪ੍ਰੇਮ ਤਿਕੋਣ ਨਾਲ ਸਬੰਧਿਤ ਫਾਰਮੂਲਾਬੱਧ ਨਾਟਕਾਂ ਉੱਪਰ ਬੇਸ਼ੱਕ ਲਾਗੂ ਹੁੰਦਾ ਹੈ ਪਰ ਜਟਿਲ ਨਾਟਕਾਂ ਵਿਚ ਇਸ ਦੀ ਉਪਯੋਗਤਾ ਅਤੇ ਸਾਰਥਿਕਤਾ ਘਟ ਜਾਂਦੀ ਹੈ।

ਸਾਹਿਤਕ ਪਾਠ ਦੀ ਰਚਨਾ ਭਾਸ਼ਾ ਦੁਆਰਾ ਹੁੰਦੀ ਹੈ ਪਰ ਜਦੋਂ ਇਸ ਨੂੰ ਪ੍ਰਵਚਨ (discourse) ਦੀ ਪੱਧਰ ’ਤੇ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਇਸ ਵਿਚ ਵਿਹਾਰਕ ਭਾਸ਼ਾ ਦੇ ਨਿਯਮ ਕਿਸੇ ਨਾ ਕਿਸੇ

ਰੂਪ ਵਿਚ ਭੰਗ ਹੁੰਦੇ ਹਨ। ਪਾਠ ਦੀ ਸਤਹੀ ਸੰਰਚਨਾ (surface structure) ਨੂੰ ਅਸੀਂ ਆਸਾਨੀ ਨਾਲ ਸਮਝ ਲੈਂਦੇ ਹਾਂ ਪਰ ਡੂੰਘ ਸੰਰਚਨਾ (deep structure) ਦਾ ਬੋਧ ਕੇਵਲ ਡੀਕੋਡਿੰਗ (decoding) ਦੇ ਜਟਿਲ ਕਾਰਜ ਰਾਹੀਂ ਹੀ ਹੋ ਸਕਦਾ ਹੈ। ਸਾਹਿਤ ਕੇਵਲ ਕੋਸ਼ਗਤ, ਵਿਆਕਰਨਕ ਜਾਂ ਵਿਨਿਆਸ ਕ੍ਰਮੀ (syntagmatic) ਪ੍ਰਵਰਗਾਂ ਦਾ ਸਮੂਹ ਹੀ ਨਹੀਂ ਸਗੋਂ ਇਹ ਸੰਚਾਰ ਦਾ ਮਾਧਿਅਮ ਵੀ ਹੈ। ਸਾਹਿਤਕ ਪ੍ਰਵਚਨ ਉਹ ਵਿਧੀ ਹੈ ਜਿਸ ਰਾਹੀਂ ਭਾਸ਼ਾਈ ਤੱਤ ਸੰਚਾਰੀ ਪ੍ਰਭਾਵ ਲਈ ਪ੍ਰਕਾਰਜ ਕਰਦੇ ਹਨ। ਵਿਰੋਧੀ ਜੁੱਟਾਂ ਦਾ ਸਿੱਧਾਂਤ ਸਾਹਿਤਕ ਪ੍ਰਵਚਨ ਨੂੰ ਅਰਥ ਦਿੰਦਾ ਹੈ ਅਤੇ ਡੂੰਘ ਸੰਰਚਨਾ ਨੂੰ ਪ੍ਰਵਚਨ ਦੀ ਪੱਧਰ ’ਤੇ ਹੀ ਸਮਝਿਆ ਜਾ ਸਕਦਾ ਹੈ।

ਕਲਿੱਥ ਬਰੁੱਕਸ ਨੇ **Understanding Poetry** (1938) ਪੁਸਤਕ ਦੀ ਭੂਮਿਕਾ ਵਿਚ ਰੂਪ ਨੂੰ ਮੌਲਿਕ ਅਰਥਾਂ ਵਿਚ ਪ੍ਰਯੋਗ ਕੀਤਾ। ਉਸਦਾ ਮਤ ਹੈ ਕਿ ਰੂਪ ਕੇਵਲ ਵਸਤੂ ਨੂੰ ਸਾਂਭਦਾ ਹੀ ਨਹੀਂ, ਸਗੋਂ ਉਸਨੂੰ ਸੰਗਠਿਤ ਕਰਦਾ, ਘੜਦਾ ਅਤੇ ਖੁਦ ਉਸਦੇ ਅਰਥਾਂ ਦੀ ਵਿਆਖਿਆ ਹੁੰਦਾ ਹੈ। ਰੈਨਸਮ ਨੇ ‘ਬੁਣਤੀ’, ਚਿਹਨ ਵਿਗਿਆਨੀਆਂ ਨੇ ‘ਸਤਹੀ ਸੰਰਚਨਾ’ ਅਤੇ ਬਰੁੱਕਸ ਨੇ ‘ਰੂਪ’ ਨੂੰ ਜਿਹਨਾਂ ਅਰਥਾਂ ਵਿਚ ਵਰਤਿਆ ਹੈ, ਉਨ੍ਹਾਂ ਹੀ ਅਰਥਾਂ ਵਿਚ ਮਾਰਕ ਸ਼ੋਰਰ (Mark Shorer) ਨੇ ਤਕਨੀਕ ਪਦ ਦੀ ਵਰਤੋਂ ਕੀਤੀ ਹੈ। ਉਹ ਆਪਣੇ ਲੇਖ ‘Technique as Discovery’[8] (1948) ਵਿਚ ਤਕਨੀਕ ਨੂੰ ਸਾਹਿਤ ਦੀ ਹੋਂਦ-ਵਿਧੀ ਦੇ ਮੂਲ ਕਾਰਕ ਵਜੋਂ ਪਰਿਭਾਸ਼ਤ ਕਰਦਾ ਹੈ। ਉਸਦੀ ਨਜ਼ਰ ਵਿਚ ਤਕਨੀਕ ਵਸਤੂ ਅਤੇ ਕਲਾ ਵਿਚਕਾਰ ਨਿਖੇੜਾ ਕਰਨ ਵਾਲਾ ਤੱਤ ਹੈ। ਤਕਨੀਕ ਉਹ ਸਾਧਨ ਹੈ, ਜਿਸ ਰਾਹੀਂ ਲੇਖਕ ਦਾ ਅਨੁਭਵ, ਜੋ ਉਸਦਾ ਵਿਸ਼ਾ-ਵਸਤੂ ਹੈ, ਨੂੰ ਆਪਣੇ ਵੱਲ ਧਿਆਨ ਦੇਣ ਲਈ ਮਜਬੂਰ ਕਰਦਾ ਹੈ। ਤਕਨੀਕ ਰਾਹੀਂ ਲੇਖਕ ਆਪਣੇ ਵਿਸ਼ੇ ਨੂੰ ਖੋਜਦਾ, ਜਾਂਚਦਾ, ਵਿਕਸਿਤ ਕਰਦਾ, ਉਸਦੇ ਅਰਥ ਸੰਚਾਰਦਾ ਅਤੇ ਉਸਦਾ ਮੁਲਾਂਕਣ ਕਰਦਾ ਹੈ।

ਪੂਰਬੀ ਅਤੇ ਪੱਛਮੀ ਸਾਹਿਤ ਚਿੰਤਨ ਵਿਚ ਨਾਟ-ਅਧਿਐਨ ਦੇ ਸੰਦਰਭ ਵਿਚ ਤਕਨੀਕ ਨੂੰ ਨਾਟ-ਸ਼ਾਸਤਰ ਦੇ ਅਰਥਾਂ ਵਿਚ ਪ੍ਰਵਾਨ ਕਰਨ ਦੀ ਲੰਮੀ ਅਤੇ ਅਮੀਰ ਪਰੰਪਰਾ ਮੌਜੂਦ ਹੈ। ਪੱਛਮ ਵਿਚ ਅਰਸਤੂ ਤੇ ਪੂਰਬ ਵਿਚ ਭਰਤਮੁਨੀ ਅਤੇ ਹੋਰ ਅਚਾਰੀਆ ਇਸ ਪਰੰਪਰਾ ਨਾਲ ਜੁੜੇ ਹੋਏ ਹਨ। ਸਾਹਿਤ ਦੀ ਹੋਂਦ-ਵਿਧੀ (ਆਤਮਾ) ਦੇ ਬੁਨਿਆਦੀ ਪ੍ਰਸ਼ਨ ਬਾਰੇ ਭਾਰਤੀ ਅਚਾਰੀਆਂ ਨੇ ਸੂਖਮ, ਵਿਸਥਾਰਮਈ ਅਤੇ ਗੰਭੀਰ ਚਰਚਾ ਕੀਤੀ ਹੈ। ਇਨ੍ਹਾਂ ਦੇ ਰਸ ਅਤੇ ਧੁਨੀ ਸਿੱਧਾਂਤ ਪੱਛਮੀ ਸਾਹਿਤ-ਚਿੰਤਕਾਂ ਲਈ ਪ੍ਰੇਰਨਾ ਅਤੇ ਆਕਰਸ਼ਣ ਦਾ ਸੋਮਾ ਬਣੇ ਰਹੇ ਹਨ। ਕਾਵਿ-ਭਾਸ਼ਾ ਬਾਰੇ ਜੋ ਚਰਚਾ ਰੂਸੀ ਰੂਪਵਾਦੀਆਂ, ਪੈਰਿਸੀ ਸੰਰਚਨਾਵਾਦੀਆਂ, ਸ਼ੈਲੀ ਵਿਗਿਆਨੀਆਂ, ਪਰਾਗ ਸਕੂਲ ਅਤੇ ਚੈਕ ਭਾਸ਼ਾ ਵਿਗਿਆਨੀਆਂ ਨੇ ਆਰੰਭੀ ਹੈ, ਉਹ ਭਾਰਤੀ ਕਾਵਿ-ਸ਼ਾਸਤਰ ਦੇ ਵਕ੍ਰੋਕਤੀ ਅਤੇ ਰੀਤੀ ਸਿੱਧਾਂਤਾਂ ਨਾਲ ਸੰਮਤਾ ਰੱਖਦੀ ਹੈ। ਭਰਤਮੁਨੀ ਨੇ ਰਸ ਦੀ ਵਿਆਖਿਆ ਨਾਟਕ ਦੇ ਸੰਦਰਭ ਵਿਚ ਕੀਤੀ ਹੈ। ਰਸ ਨੂੰ ਆਨੰਦਮਈ ਮਨੋਦਸ਼ਾ ਕਹਿ ਕੇ ਪਾਠਕ/ਦਰਸ਼ਕ ਦੀ ਮਾਨਸਿਕਤਾ ਨਾਲ ਵੀ ਜੋੜਿਆ ਗਿਆ ਹੈ ਅਤੇ ਮਾਨਸਿਕ ਆਨੰਦ ਤੋਂ ਉਚੇਰੀ ਅਲੌਕਿਕ ਆਨੰਦ ਦੀ ਅਵਸਥਾ ਕਹਿ ਕੇ ਅਧਿਆਤਮਕ ਜਗਤ ਨਾਲ ਵੀ। ਨਾਟਕਕਾਰ-ਪਾਤਰ-ਦਰਸ਼ਕ ਦੀ ਮਾਨਸਿਕ ਇਕਸੁਰਤਾ ਕਾਇਮ ਕਰਨ ਵਿਚ ਲਿਖਤ-ਪਾਠ ਅਤੇ ਖੇਡ-ਪਾਠ ਸਿਰਜਣ ਦੀਆਂ ਵਿਧੀਆਂ ਮੁੱਲ ਰੋਲ ਨਿਭਾਉਂਦੀਆਂ ਹਨ। ਸਧਾਰਨੀਕਰਨ ਦੁਆਰਾ ਕਵੀ ਦਾ ਅਨੁਭਵ ਸਰਬ ਸਾਂਝਾ ਹੋ ਕੇ ਸਾਡੇ ਰਸ ਭੋਗ ਦੇ ਕਾਬਲ ਹੋ ਜਾਂਦਾ ਹੈ। ਧੁਨੀ ਸਿੱਧਾਂਤ ਦੇ ਸੰਚਾਲਕ ਅਚਾਰੀਆ ਆਨੰਦਵਰਧਨ ਨੇ ਸ਼ਬਦ ਅਤੇ ਅਰਥ ਨੂੰ ਕਾਵਿ ਦਾ ਸਰੀਰ ਅਤੇ ਧੁਨੀ ਨੂੰ ਕਾਵਿ ਦੀ ਆਤਮਾ ਕਿਹਾ ਹੈ। ਸ਼ਬਦਾਂ ਦਾ ਕੋਸ਼ ਅਰਥ ਨੂੰ ਤਿਆਗ ਕੇ ਵਿਅੰਜਨਾਰਥੀ ਬਣ ਜਾਣਾ ਹੀ ਧੁਨੀ ਹੈ। ਪ੍ਰਸੰਗ ਦੁਆਰਾ ਅਰਥ-ਵਿਸਥਾਰ ਜਾਂ ਅਰਥ-ਚਮਤਕਾਰ ਦੀ ਸਿਰਜਣਾ ਨੂੰ ਧੁਨੀਵਾਦੀਆਂ ਨੇ ਕਾਵਿ-ਭਾਸ਼ਾ ਦੀ ਰਮਣੀਕਤਾ ਦਾ ਨਾਂ ਦਿੱਤਾ ਹੈ। ਭਾਸ਼ਾ ਦੀ ਵਿਅੰਜਨਾਮੂਲਕ ਜਾਂ ਰਮਣੀਕ ਅਰਥਾਂ ਵਿਚ ਵਰਤੋਂ ਨੂੰ ਹੀ ਆਨੰਦਵਰਧਨ ਨੇ ‘ਧੁਨੀ-ਕਾਵਿ’ ਜਾਂ ਉੱਤਮ ਕਾਵਿ ਕਿਹਾ ਹੈ। ਧੁਨੀ ਨੂੰ ਸਾਹਿਤ ਅਤੇ

ਅਣਸਾਹਿਤ ਵਿਚਕਾਰ ਨਿਖੇੜੇ ਦਾ ਆਧਾਰ ਮਿਥ ਕੇ ਧੁਨੀਵਾਦੀ ਚਿੰਤਕਾਂ ਨੇ ਵਿਸ਼ਿਸ਼ਟ ਭਾਸ਼ਾ ਦੇ ਰੂਪ ਵਿਚ ਗ੍ਰਹਿਣ ਕੀਤਾ ਹੈ। ਅਲੰਕਾਰ, ਰੀਤੀ ਅਤੇ ਵਕ੍ਰੋਕਤੀ ਮੂਲ ਰੂਪ ਵਿਚ ਕਾਵਿ-ਭਾਸ਼ਾ ਦੇ ਅਧਿਐਨ ਨਾਲ ਸਬੰਧਤ ਸਿੱਧਾਂਤ ਹਨ। ਭਾਮ ਦੁਆਰਾ ਸੰਚਾਲਿਤ ਅਲੰਕਾਰ ਸਿੱਧਾਂਤ ਦੀ ਵਿਸਤ੍ਰਿਤ ਵਿਆਖਿਆ ਦੰਡੀ, ਰੁਦਰਟ ਅਤੇ ਜੈਦੇਵ ਨੇ ਕੀਤੀ ਹੈ। ਇਨ੍ਹਾਂ ਨੇ ਭਾਸ਼ਾ ਦੀ ਅਲੰਕ੍ਰਿਤ ਵਰਤੋਂ ਨੂੰ ਹੀ ਕਾਵਿ ਦੀ ਆਤਮਾ ਮੰਨਿਆ ਹੈ। ਰੀਤੀ ਸਿੱਧਾਂਤ ਨੂੰ ਅਜੋਕੇ ਸ਼ੈਲੀ ਵਿਗਿਆਨਕ ਸਿੱਧਾਂਤ ਦਾ ਪੂਰਵਜ਼ ਕਿਹਾ ਜਾ ਸਕਦਾ ਹੈ। ਹਰ ਕਵੀ ਦੀ ਰੀਤੀ ਵੱਖਰੀ ਹੁੰਦੀ ਹੈ। ਵੈਦਰਭੀ, ਗੌੜੀ, ਪੰਚਾਲੀ ਅਤੇ ਆਵੰਤੀ ਆਦਿ ਰੀਤੀਆਂ ਦੀ ਵੱਖਰਤਾ ਦਾ ਆਧਾਰ ਇਨ੍ਹਾਂ ਦੀ ਆਂਚਲਿਕਤਾ ਹੈ ਅਤੇ ਸਕੁਮਾਰ ਮਾਰਗ, ਵਚਿੱਤਰ ਮਾਰਗ ਤੇ ਮੱਧ ਮਾਰਗ ਰੀਤੀ ਦਾ ਸਬੰਧ ਕਵੀ ਦੇ ਸੁਭਾਅ ਨਾਲ ਜੋੜਿਆ ਗਿਆ ਹੈ। ਸ਼ਬਦ ਸੁਹਜ ਅਤੇ ਅਰਥ ਚਮਤਕਾਰ ਲਈ ਭਾਸ਼ਾ ਦੇ ਵਿਹਾਰਕ, ਮਿਆਰੀ ਰੂਪ ਦਾ ਅਜਨਬੀਕਰਨ ਹੀ ਵਕ੍ਰੋਕਤੀ ਹੈ। ਕਸ਼ਮੇਂਦਰ ਪਹਿਲਾ ਭਾਰਤੀ ਆਚਾਰੀਆ ਹੈ ਜੋ ਵਸਤੂ ਅਤੇ ਰੂਪ ਦੀ ਦਵੈਤੀ ਧਾਰਣਾ ਨੂੰ ਰੱਦ ਕਰਕੇ ਇਨ੍ਹਾਂ ਦੀ ਪ੍ਰਾਣਧਾਰੀ ਏਕਤਾ ਦਾ ਸੰਕਲਪ ਪੇਸ਼ ਕਰਦਾ ਹੈ। ਭਰਤਮੁਨੀ ਨੇ ਵੀ ਨਾਟਕ ਦੇ ਪ੍ਰਸੰਗ ਵਿਚ ਪਾਤਰ, ਪ੍ਰਕਿਰਤੀ, ਵੇਸ਼ਭੂਸ਼ਾ ਅਤੇ ਭਾਸ਼ਾ ਆਦਿ ਦੇ ਉਚਿਤ ਸੁਮੇਲ ਦੀ ਗੱਲ ਕੀਤੀ ਹੈ। ਕਸ਼ਮੇਂਦਰ ਔਚਿਤਿਆ ਨੂੰ ਰਸ ਦੀ ਉਤਪੱਤੀ ਦਾ ਸਾਧਨ ਮੰਨਦਾ ਹੈ। ਆਨੰਦਵਰਧਨ ਔਚਿਤਿਆ ਨੂੰ ਰਸ ਦੀ ਤ੍ਰਿਪਤੀ ਅਤੇ ਕਾਵਿ ਤੱਤਾਂ ਦੇ ਅਣਉਚਿਤ ਸੁਮੇਲ ਨੂੰ ਰਸ ਦੇ ਭੰਗ ਹੋਣ ਦਾ ਕਾਰਨ ਮੰਨਦਾ ਹੈ। ਸੋ ਔਚਿਤਿਆ ਨੂੰ ਤਕਨੀਕ ਦਾ ਪੂਰਵਜ ਮੰਨਿਆ ਜਾ ਸਕਦਾ ਹੈ।

ਤਕਨੀਕ ਨਾ ਕੇਵਲ ਅਨੁਭਵ-ਬੋਧ ਦੇ ਪ੍ਰਗਟਾ ਦੀ, ਸਗੋਂ ਇਸ ਦੇ ਹੋਂਦ ਵਿਚ ਆਉਣ ਦੀ ਵੀ ਸ਼ਰਤ ਹੈ। ਕਲਾਤਮਕ ਤੀਖਣਤਾ, ਗਹਿਰਾਈ ਅਤੇ ਸੌਂਦਰਯ ਆਦਿ ਸਾਰੇ ਗੁਣ ਤਕਨੀਕੀ ਦ੍ਰਿਸ਼ਟੀ ਵਿਚੋਂ ਹੀ ਰੂਪ ਗ੍ਰਹਿਣ ਕਰਦੇ ਹਨ। ਸਾਹਿਤਕ ਰਚਨਾ ਕੇਵਲ ਸੂਚਨਾਤਮਕ ਪ੍ਰਕਾਰਜ ਵਾਲੀ ਚੀਜ਼ ਨਹੀਂ ਹੁੰਦੀ, ਸਗੋਂ ਇੱਕ ਅਜਿਹਾ ਸਿਰਜਣਾਤਮਕ/ਕਲਾਤਮਿਕ ਬਿੰਬ ਹੁੰਦੀ ਹੈ, ਜਿਸਦੇ ਸੁਹਜ ਦਾ ਕੇਂਦਰ ਇਸ ਵਿਚ ਸਿਰਜਿਤ ਸੰਸਾਰ ਦੇ ਤਕਨੀਕੀ ਕਾਰਜ ਵਿਚ ਨਿਹਤ ਹੁੰਦਾ ਹੈ। ਤਕਨੀਕ ਹੀ ਉਹ ਵਿਸ਼ੇਸ਼ ਤੱਤ ਹੈ ਜੋ ਕਿਸੇ ਸਾਹਿਤ ਰਚਨਾ ਦੀ ਹੋਰ ਸੰਰਚਨਾਵਾਂ ਨਾਲੋਂ ਵਿਸ਼ੇਸ਼ ਪ੍ਰਕਿਰਤੀ ਨੂੰ ਨਿਖੇੜਦਾ ਤੇ ਪਰਿਭਾਸ਼ਤ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. **Oxford English Reference Dictionary**, School Edition Revised, 2002, P. 1480
2. L.T. Lemon and M.J. Reis, (Tr. and Ed). **Russian Formalist Criticism: Four Essays,** 1917, pp 11-15, 18
3. **ਉਹੀ**, ਪੰਨਾ 67
4. ਡਾ. ਹਰਿਭਜਨ ਸਿੰਘ, **ਸਾਹਿਤ ਵਿਗਿਆਨ**, ਪੰਨਾ 114
5. **ਉਹੀ**, ਪੰਨਾ 116
6. ਡਾ. ਰਵਿੰਦਰ ਰਵੀ, **ਨਵੀਨ ਆਲੋਚਨਾ ਪ੍ਰਣਾਲੀ**, ਪੰਨਾ 67
7. ਡਾ. ਓਮ ਪ੍ਰਕਾਸ਼ ਵਸ਼ਿਸ਼ਟ, 'ਚਿੰਨ੍ਹ-ਵਿਗਿਆਨਕ ਸਮੀਖਿਆ ਵਿਧੀ', **ਸਾਹਿਤ ਅਧਿਐਨ ਵਿਧੀਆਂ** (ਸੰਪਾ. ਰਤਨ ਸਿੰਘ ਜੱਗੀ), ਪੰਨਾ 216
8. **Twentieth Century Criticism** (eds. W.J. Handy and Max Westbrook), p 71

# ਸਾਹਿਤ ਅਧਿਐਨ ਦਾ ਅਰਥ ਵਿਗਿਆਨਕ ਸਿੱਧਾਂਤ

—ਡਾ. ਮਨਜਿੰਦਰ ਸਿੰਘ *

## I

ਭਾਸ਼ਾ-ਵਿਸ਼ਲੇਸ਼ਣ ਦੇ ਚਾਰ ਮੂਲ ਪੱਧਰ: ਧੁਨੀ, ਸ਼ਬਦ, ਵਾਕ ਅਤੇ ਅਰਥ ਹਨ। ਭਾਸ਼ਾ ਦੀ ਧੁਨੀਆਤਮਕ ਜੁਗਤ ਦਾ ਅਧਿਐਨ ਕਰਨ ਵਾਲਾ ਅਨੁਸ਼ਾਸਨ ਧੁਨੀ ਵਿਗਿਆਨ (phonetics) ਹੈ। ਸ਼ਬਦਾਂ ਦੀ ਬਣਤਰ ਅਤੇ ਰਚਨਾਤਮਕ ਜੁਗਤ ਦਾ ਅਧਿਐਨ ਰੂਪ ਵਿਗਿਆਨ/ਭਾਵੰਸ਼ ਵਿਗਿਆਨ (Morphology) ਦੇ ਅੰਤਰਗਤ ਕੀਤਾ ਜਾਂਦਾ ਹੈ। ਵਾਕ-ਬਣਤਰ ਅਤੇ ਵਾਕ-ਰਚਨਾ ਦੇ ਨਿਯਮਾਂ ਦਾ ਵਿਸ਼ਲੇਸ਼ਣ ਵਾਕ ਵਿਗਿਆਨ (Syntax) ਦਾ ਵਿਸ਼ਾ ਹੈ। ਅਰਥ ਵਿਗਿਆਨ (Semantics) ਭਾਸ਼ਾ-ਵਿਸ਼ਲੇਸ਼ਣ ਦਾ ਉਹ ਪੱਧਰ ਹੈ ਜਿਸ ਦੇ ਅੰਤਰਗਤ ਸ਼ਬਦ ਤੋਂ ਲੈ ਕੇ ਸਾਹਿਤਕ ਪਾਠ ਤਕ ਦੀਆਂ ਭਾਸ਼ਾਈ ਇਕਾਈਆਂ ਦੇ ਅਰਥਾਂ ਦੀ ਜੁਗਤ ਦਾ ਅਧਿਐਨ ਕੀਤਾ ਜਾਂਦਾ ਹੈ। 'ਅਰਥ' ਭਾਸ਼ਾ ਦੇ ਬਾਕੀ ਪੱਖਾਂ (ਧੁਨੀ, ਸ਼ਬਦ ਅਤੇ ਵਾਕ) ਨਾਲੋਂ ਵਧੇਰੇ ਸੂਖਮ ਅਤੇ ਵਿਸਤ੍ਰਿਤ ਵਰਤਾਰਾ ਹੈ। ਇਸ ਦਾ ਸਬੰਧ ਇਕੋ ਵੇਲੇ ਸ਼ਬਦ (word), ਵਾਕ (sentence), ਉਚਾਰ (utterence) ਅਤੇ ਪਾਠ (text) ਨਾਲ ਹੈ। ਅਰਥ ਦਾ ਘੇਰਾ ਭਾਸ਼ਾਈ ਸੰਚਾਰ ਤੋਂ ਲੈ ਕੇ ਗੈਰ-ਭਾਸ਼ਾਈ ਸੰਚਾਰ ਤਕ ਵੀ ਫੈਲਿਆ ਹੋਇਆ ਹੈ। ਭਾਸ਼ਾ ਨਾਲ ਅਨੁਰੂਪਤਾ ਮੂਲਕ ਰਿਸ਼ਤਾ ਰੱਖਣ ਵਾਲੇ ਹੋਰ ਸਮਾਜਿਕ ਤੇ ਸਭਿਆਚਾਰਕ ਵਰਤਾਰੇ ਵੀ ਆਪਣੇ-ਆਪ ਵਿਚ ਭਾਸ਼ਾ ਜਿਹੇ ਹੀ ਚਿਹਨ-ਪ੍ਰਬੰਧ ਹਨ ਅਤੇ ਇਹ ਵੀ ਭਾਸ਼ਾ ਵਾਂਗ ਹੀ ਅਰਥ-ਸੰਚਾਰ ਕਰਦੇ ਹਨ। ਭਾਸ਼ਾ-ਪ੍ਰਬੰਧ ਦੇ ਅਨੁਰੂਪ ਹੀ ਮਾਨਵੀ ਜੀਵਨ ਤੇ ਜਗਤ ਦੇ ਹੋਰ ਵਰਤਾਰਿਆਂ ਨੂੰ ਸੰਚਾਰ-ਪ੍ਰਬੰਧਾਂ ਵਜੋਂ ਸਮਝਣ ਦੀ ਚੇਤਨਾ ਨੇ ਵਿਆਪਕ ਪੱਧਰ 'ਤੇ ਦਰਸ਼ਨ-ਸ਼ਾਸਤਰੀਆਂ ਅਤੇ ਸਾਹਿਤ-ਚਿੰਤਕਾਂ ਦਾ ਧਿਆਨ ਭਾਸ਼ਾ ਦੀ ਅਰਥ ਵਿਗਿਆਨਕ ਸਮਝ ਵੱਲ ਆਕਰਸ਼ਿਤ ਕੀਤਾ। ਵਿਸ਼ਵ-ਚਿੰਤਨ ਦੇ ਇਤਿਹਾਸ ਵਿਚ ਵਿਆਪਕ ਪੱਧਰ 'ਤੇ ਵਾਪਰੇ ਇਸ ਵਰਤਾਰੇ ਨੂੰ 'ਭਾਸ਼ਾ ਵਿਗਿਆਨਕ ਮੋੜ' (linguistic turn) ਦਾ ਨਾਮ ਦਿੱਤਾ ਗਿਆ। ਆਰ. ਸੀ. ਪ੍ਰਧਾਨ ਦੇ ਸ਼ਬਦਾਂ ਵਿਚ :

> The search for the roots of our understanding of thought and reality in language can broadly be called the linguistic turn.[1]

ਲਿੰਗੁਇਸਟਿਕ ਟਰਨ ਦੇ ਰੂਪ ਵਿਚ ਵਿਸ਼ਵ-ਚਿੰਤਨ ਜੀਵਨ ਤੇ ਜਗਤ ਪ੍ਰਤੀ ਮਾਨਵੀ ਸੂਝ ਦੀਆਂ ਸੰਰਚਨਾਵਾਂ ਦੇ ਆਧਾਰ-ਰੂਪ ਵਜੋਂ ਭਾਸ਼ਾ ਨੂੰ ਸਮਝਣ ਵੱਲ ਰੁਚਿਤ ਹੋਇਆ। ਇਸ ਨਾਲ ਇਹ ਚੇਤਨਾ ਆਈ ਕਿ ਮਨੁੱਖੀ ਅਨੁਭਵ ਅਤੇ ਚਿੰਤਨ ਦੀਆਂ ਸੰਰਚਨਾਵਾਂ ਦੀ ਬੁਨਿਆਦ ਭਾਸ਼ਾ ਹੈ। ਇਸ ਲਈ ਮਾਨਵੀ ਅਨੁਭਵ ਅਤੇ ਚਿੰਤਨ ਦੇ ਆਧਾਰ 'ਤੇ ਸਿਰਜੇ ਗਏ ਸਮੁੱਚੇ ਜੀਵਨ-ਪ੍ਰਬੰਧ ਦੀਆਂ ਕੁਲ ਸੰਰਚਨਾਵਾਂ ਨੂੰ ਸਮਝਣ ਦੀ ਅਸਲ ਕੁੰਜੀ ਵੀ ਭਾਸ਼ਾ ਹੀ ਹੈ। ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਆਏ ਇਸ ਭਾਸ਼ਾ ਵਿਗਿਆਨਕ ਮੋੜ ਦਾ ਪ੍ਰਮੁੱਖ ਪ੍ਰਵਕਤਾ ਲੁਡਵਿਗ ਵਿਟਗਨਸਟੀਨ ਸੀ ਜਿਸ ਨੇ ਆਪਣੀ ਪੁਸਤਕ **Philosophical investigations** (1953) ਵਿਚ ਚਿੰਤਨ ਦੇ ਮਸਲਿਆਂ ਨੂੰ ਅਰਥ ਵਿਗਿਆਨਕ ਸੰਦਰਭ ਵਿਚ ਸਮਝਣ ਅਤੇ ਸੁਲਝਾਉਣ ਦਾ ਯਤਨ ਕੀਤਾ। ਚਿੰਤਨ ਦੀ ਇਹ ਭਾਸ਼ਾ-

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਕੇਂਦਰਤ ਪਹੁੰਚ-ਵਿਧੀ ਹੁਣ ਤਕ ਦੀ ਦਰਸ਼ਨ-ਸ਼ਾਸਤਰ ਖੇਤਰ ਵਿਚ ਛਾਈ ਹੋਈ ਹੈ। ਚਿੰਤਨ ਦੀ ਇਸੇ ਦਿਸ਼ਾ ਦੇ ਅਨੁਰੂਪ ਹੀ ਸਾਹਿਤ ਅਧਿਐਨ ਦੀਆਂ ਨਵੀਨ ਵਿਧੀਆਂ : ਰੂਪਵਾਦ, ਚਿਨ੍ਹ ਵਿਗਿਆਨ, ਸੰਰਚਨਾਵਾਦ, ਉਤਰ ਸੰਰਚਨਾਵਾਦ, ਸ਼ੈਲੀ ਵਿਗਿਆਨ ਅਤੇ ਪ੍ਰਵਚਨ ਵਿਸ਼ਲੇਸ਼ਣ ਆਦਿ ਦੀਆਂ ਜੜ੍ਹਾਂ ਵੀ ਭਾਸ਼ਾ ਵਿਗਿਆਨ ਵਿਚ ਨਿਹਿਤ ਹਨ। ਸਾਹਿਤ ਨੂੰ ਭਾਸ਼ਾ ਵਿਗਿਆਨਕ ਆਧਾਰਾਂ ’ਤੇ ਸਮਝਣ ਲਈ ਯਤਨਸ਼ੀਲ ਹੋਈਆਂ ਇਹ ਸਾਰੀਆਂ ਵਿਧੀਆਂ ਭਿੰਨ-ਭਿੰਨ ਪੱਖਾਂ ਤੋਂ ਸਾਹਿਤਕ ਪਾਠਾਂ ਦੇ ਰੂਪ ਅਤੇ ਅਰਥ ਦੀ ਜੁਗਤ ਨੂੰ ਸਮਝਣ ਦੀ ਕੋਸ਼ਿਸ਼ ਕਰਦੀਆਂ ਹਨ। ਇਨ੍ਹਾਂ ਸਾਰੀਆਂ ਪਹੁੰਚ-ਵਿਧੀਆਂ ਦੀ ਪਿਠ-ਭੂਮੀ ਵਿਚ ਵੀ ਅਰਥ ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਕਾਰਜਸ਼ੀਲ ਹਨ। ਸੋ ਅਰਥ ਵਿਗਿਆਨ ਦਾ ਸਬੰਧ ਭਾਵੇਂ ਬੁਨਿਆਦੀ ਤੌਰ ’ਤੇ ਭਾਸ਼ਾ ਵਿਗਿਆਨ ਨਾਲ ਹੈ ਪਰ ‘ਅਰਥ’ ਦੀ ਵਿਆਪਕ ਹੋਂਦ ਕਾਰਨ ਇਸ ਦਾ ਦਾਇਰਾ ਦਰਸ਼ਨ ਸ਼ਾਸਤਰ ਅਤੇ ਸਾਹਿਤ-ਚਿੰਤਨ ਤਕ ਵੀ ਫੈਲਿਆ ਹੋਇਆ ਹੈ। ਪ੍ਰਸਤੁਤ ਖੋਜ-ਪੱਤਰ ਵਿਚ ਸਾਹਿਤ ਅਧਿਐਨ ਦੇ ਪ੍ਰਸੰਗ ਵਿਚ ਅਰਥ ਵਿਗਿਆਨ ਦੇ ਸਿੱਧਾਂਤਕ ਸੂਤਰਾਂ ਨੂੰ ਉਲੀਕਣ ਦਾ ਯਤਨ ਕੀਤਾ ਜਾਵੇਗਾ।

ਅਰਥ ਵਿਗਿਆਨ ਬੁਨਿਆਦੀ ਰੂਪ ਵਿਚ ਸ਼ਬਦ ਤੋਂ ਲੈ ਕੇ ਸਾਹਿਤਕ ਪਾਠ ਤਕ ਦੀਆਂ ਭਾਸ਼ਾਈ ਇਕਾਈਆਂ ਦੇ ਅਰਥਾਂ ਦੀ ਜੁਗਤ ਦਾ ਵਿਸ਼ਲੇਸ਼ਣ ਕਰਨ ਵਾਲਾ ਅਧਿਐਨ-ਅਨੁਸ਼ਾਸਨ ਹੈ। ਆਧੁਨਿਕ ਭਾਸ਼ਾ ਵਿਗਿਆਨ ਵਿਚ ਵਰਤਮਾਨ ਸਮੇਂ ਅਰਥ ਵਿਗਿਆਨ ਇੱਕ ਵਿਕਸਿਤ ਅਧਿਐਨ ਖੇਤਰ ਹੈ ਪਰ ਇਸ ਦਾ ਨਿਕਾਸ ਤੇ ਵਿਕਾਸ ਦੂਜੇ ਭਾਸ਼ਾ ਵਿਗਿਆਨਕ ਖੇਤਰਾਂ (ਧੁਨੀ ਵਿਗਿਆਨ, ਭਾਵੰਸ਼ ਵਿਗਿਆਨ ਅਤੇ ਵਾਕ ਵਿਗਿਆਨ) ਦੇ ਮੁਕਾਬਲੇ ਕਾਫੀ ਦੇਰ ਨਾਲ ਹੋਇਆ। ਮੁੱਢਲੇ ਦੌਰ ਵਿਚ ਭਾਸ਼ਾ ਵਿਗਿਆਨੀ ਅਰਥ ਦੀ ਅਦ੍ਰਿਸ਼ਟ ਪ੍ਰਕਿਰਤੀ ਕਾਰਨ ਇਸ ਨੂੰ ਦਰਸ਼ਨ ਤੇ ਮਨੋਵਿਗਿਆਨ ਦੇ ਖੇਤਰ ਦੀ ਵਸਤੂ ਹੀ ਮੰਨਦੇ ਰਹੇ। ਬਲੂਮਫੀਲਡ ਨੇ ਅਰਥ ਦੀ ਸੂਖਮ ਤੇ ਜਟਿਲ ਹੋਂਦ ਨੂੰ ਧਿਆਨ ਵਿਚ ਰੱਖਦੇ ਹੋਏ, ਭਾਸ਼ਾ ਵਿਗਿਆਨੀਆਂ ਨੂੰ ਇਸ ਦੇ ਅਧਿਐਨ ਤੋਂ ਸੰਕੋਚ ਕਰਨ ਦੀ ਸਲਾਹ ਦਿੱਤੀ। ਅਰਥ-ਅਧਿਐਨ ਪ੍ਰਤੀ ਬਲੂਮਫੀਲਡ ਦੀ ਇਸ ਨਾਕਾਰਾਤਮਕ ਪਹੁੰਚ ਨੂੰ ਅਰਥ ਵਿਗਿਆਨ ਦੇ ਸੰਦਰਭ ਵਿਚ ਬਲੂਮਫੀਲਡੀਅਨ ਨਿਰਾਸ਼ਾਵਾਦ (Bloomfieldian pessimism) ਦਾ ਨਾਮ ਦਿੱਤਾ ਗਿਆ।[2] ਬਾਅਦ ਵਿਚ ਹੌਲੀ-ਹੌਲੀ ਭਾਸ਼ਾ ਵਿਗਿਆਨੀ ਅਰਥ ਨੂੰ ਭਾਸ਼ਾਈ ਵਰਤਾਰੇ ਦਾ ਅਨਿੱਖੜ ਅੰਗ ਮੰਨ ਕੇ ਇਸ ਦੇ ਅਧਿਐਨ ਵੱਲ ਰੁਚਿਤ ਹੋਏ। ਆਰੰਭ ਵਿਚ ਇਹ ਅਧਿਐਨ ਕੇਵਲ ਸ਼ਬਦਾਂ ਤੱਕ ਸੀਮਤ ਰਿਹਾ। ਫਿਰ ਵਾਕ ਤੇ ਵਾਕ ਤੋਂ ਵਡੇਰੀਆਂ ਇਕਾਈਆਂ ਅਰਥ ਵਿਗਿਆਨਕ ਅਧਿਐਨ ਦੀ ਵਸਤੂ ਬਣੀਆਂ। ਜੁਗਤਵਾਦ ਦੇ ਉਦੈ ਨਾਲ ਸਾਹਿਤਕ ਪਾਠਾਂ ਦੀ ਅਰਥ ਵਿਗਿਆਨਕ ਜੁਗਤ ਨੂੰ ਸਮਝਣ ਦੇ ਯਤਨ ਪ੍ਰਾਰੰਭ ਹੋਏ। ਆਧੁਨਿਕ ਭਾਸ਼ਾ ਵਿਗਿਆਨ ਵਿਚ ਅਰਥ ਵਿਗਿਆਨ ਦਾ ਆਰੰਭ ਕਾਫੀ ਦੇਰ ਨਾਲ ਹੋਇਆ ਪਰ ਪ੍ਰਾਚੀਨ ਭਾਰਤੀ ਭਾਸ਼ਾ-ਚਿੰਤਨ ਵਿਚ ਸ਼ੁਰੂ ਤੋਂ ਹੀ ਅਰਥ-ਅਧਿਐਨ ਨੂੰ ਕੇਂਦਰੀ ਮਹੱਤਵ ਪ੍ਰਾਪਤ ਰਿਹਾ। ਇਥੇ ਭਾਸ਼ਾ ਦੇ ਦਾਰਸ਼ਨਿਕਾਂ, ਵਿਆਕਰਨਕਾਰਾਂ ਅਤੇ ਸਾਹਿਤ ਦੇ ਵਿਦਵਾਨ ਆਚਾਰੀਆਂ ਨੇ ਅਰਥ ਦੀ ਹੋਂਦ-ਵਿਧੀ, ਸ਼ਬਦ ਤੇ ਅਰਥ, ਵਾਕ ਤੇ ਅਰਥ ਅਤੇ ਅਰਥ ਤੇ ਪ੍ਰਸੰਗ ਆਦਿ ਮਸਲਿਆਂ ਨੂੰ ਬੜੀ ਗੰਭਰੀਤਾ ਨਾਲ ਵਿਚਾਰਿਆ। ਇਸ ਸੰਦਰਭ ਵਿਚ ‘ਸਫੋਟ’ ਤੇ ‘ਅਪੋਹ’ ਸਿੱਧਾਂਤ ਵਿਸ਼ਵ ਦੀ ਭਾਸ਼ਾ ਵਿਗਿਆਨਕ ਪਰੰਪਰਾ ਨੂੰ ਭਾਰਤੀ ਭਾਸ਼ਾ-ਦਰਸ਼ਨ ਦੀ ਮੌਲਿਕ ਦੇਣ ਹਨ। ਸੋ ਅਰਥ ਵਿਗਿਆਨ ਦੀ ਵਿਸ਼ਵ-ਵਿਆਪੀ ਪਰੰਪਰਾ ਨੂੰ ਭਾਰਤੀ ਭਾਸ਼ਾ-ਦਰਸ਼ਨ ਅਤੇ ਆਧੁਨਿਕ ਭਾਸ਼ਾ ਵਿਗਿਆਨ ਦੇ ਪਰਿਪੇਖ ਵਿਚ ਵਿਚਾਰਿਆ ਜਾ ਸਕਦਾ ਹੈ।

## II

ਅਰਥ ਵਿਗਿਆਨ: ਭਾਰਤੀ ਵਿਆਕਰਨਕ ਅਤੇ ਦਾਰਸ਼ਨਿਕ ਪਰਿਪੇਖ:

ਸ਼ਬਦ ਅਤੇ ਅਰਥ ਦੀ ਸਮੱਸਿਆ ਵੈਦਿਕ ਕਾਲ ਤੋਂ ਹੀ ਭਾਰਤੀ ਚਿੰਤਨ ਅਤੇ ਵਿਆਕਰਨ ਦੇ

ਖੇਤਰਾਂ ਵਿਚ ਕੇਂਦਰੀ ਮਹੱਤਵ ਦੀ ਧਾਰਨੀ ਰਹੀ ਹੈ। ਭਾਰਤੀ ਭਾਸ਼ਾ-ਦਰਸ਼ਨ ਵਿਚ ਅਰਥ-ਅਧਿਐਨ ਦੀਆਂ ਦੋ ਪ੍ਰਮੁੱਖ ਪਹੁੰਚ-ਵਿਧੀਆਂ : ਖੰਡ ਪੱਖ ਅਤੇ ਅਖੰਡ ਪੱਖ ਹਨ। ਇਹ ਦੋਵੇਂ ਪਹੁੰਚ-ਵਿਧੀਆਂ ਭਿੰਨ-ਭਿੰਨ ਦ੍ਰਿਸ਼ਟੀਆਂ ਤੋਂ ਅਰਥ ਨੂੰ ਪਰਿਭਾਸ਼ਤ ਕਰਦੀਆਂ ਹਨ।

II.1. ਖੰਡ ਪੱਖ : ਖੰਡ ਪੱਖ ਵਾਲੇ ਵਿਦਵਾਨ ਆਪਣੀ ਵਿਸ਼ਲੇਸ਼ਣਾਤਮਕ ਪਹੁੰਚ-ਵਿਧੀ ਦਾ ਕੇਂਦਰ-ਬਿੰਦੂ ਸ਼ਬਦ ਨੂੰ ਬਣਾਉਂਦੇ ਹਨ। ਇਨ੍ਹਾਂ ਅਨੁਸਾਰ ਸ਼ਬਦ ਸੋਚ ਅਤੇ ਭਾਵ ਦੀ ਸੁਤੰਤਰ ਇਕਾਈ ਹੁੰਦਾ ਹੈ ਅਤੇ ਵਾਕ ਕੇਵਲ ਸ਼ਬਦਾਂ ਦੀ ਲੜੀ ਮਾਤਰ। ਹਰੇਕ ਸ਼ਬਦ ਦਾ ਆਪਣਾ ਨਿੱਜੀ ਅਤੇ ਨਿਸ਼ਚਤ ਅਰਥ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ ਨਾਂਵ 'ਵਸਤੂ' ਦੇ 'ਨਾਮ' ਨੂੰ ਅੰਕਿਤ ਕਰਦੇ ਹਨ, ਇਸ ਲਈ ਵਸਤੂ ਜਾਂ ਪਦਾਰਥ ਹੀ ਸ਼ਬਦ ਦਾ ਅਰਥ ਹੁੰਦਾ ਹੈ।[3] ਇਸੇ ਲਈ ਸੰਸਕ੍ਰਿਤ ਸ਼ਬਦ 'ਨਾਮ-ਰੂਪ' ਦੀ ਵਰਤੋਂ ਵਸਤੂ-ਜਗਤ ਲਈ ਹੋਈ ਹੈ। ਸ਼ਬਦ ਅਤੇ ਅਰਥ ਦੇ ਸਬੰਧ ਪ੍ਰਤੀ ਇਸ ਤਰ੍ਹਾਂ ਦੀ ਧਾਰਨਾ ਹੈ ਕਿ ਵਸਤੂਆਂ ਨੂੰ ਉਨ੍ਹਾਂ ਦੇ ਨਾਂਵਾਂ ਅਤੇ ਦ੍ਰਿਸ਼ਟ ਰੂਪ ਦੇ ਮਾਧਿਅਮ ਨਾਲ ਹੀ ਸਮਝਿਆ ਜਾ ਸਕਦਾ ਹੈ ਅਤੇ ਨਾਂਵ ਤੇ ਦ੍ਰਿਸ਼ਟ ਰੂਪ ਹੀ ਕਿਸੇ ਵਸਤੂ ਦੇ ਤੱਤ-ਸਾਰ (essence) ਦੇ ਨਿਰਮਾਣਕਾਰੀ ਘਟਕ ਹੁੰਦੇ ਹਨ। ਸ਼ਬਦਾਂ ਦੀ ਇਸ ਪ੍ਰਕਿਰਤੀ ਬਾਰੇ ਚਰਚਾ 'ਨਿਯਾਇ ਸੂਤਰ' ਵਿਚ ਹੋਈ ਹੈ। ਇਨ੍ਹਾਂ ਦੀ ਵਾਕ ਦੇ ਨਿਰਮਾਣਕਾਰੀ ਤੱਤਾਂ ਵਜੋਂ ਭੂਮਿਕਾ ਨੂੰ ਬਾਅਦ ਦੇ 'ਨਯਾਇ ਵੈਸ਼ੇਸ਼ਿਕ' ਕਾਰਜਾਂ ਵਿਚ ਵਿਚਾਰਿਆਂ ਗਿਆ। ਪਾਨਿਨੀ, ਕਾਤਯਾਨ ਅਤੇ ਪਤੰਜਲੀ ਆਦਿ ਵਿਆਕਰਨਕਾਰਾਂ ਦਾ ਅਧਿਐਨ-ਕਾਰਜ ਸ਼ਬਦਾਂ ਦੇ ਸ਼ੁੱਧ ਰੂਪਾਂ ਦੀ ਵਿਉਤਪਤੀ ਨਾਲ ਸਬੰਧਤ ਹੈ। ਯਾਸਕ ਅਤੇ ਉਸ ਦੇ ਅਨੁਯਾਈਆਂ ਦਾ ਸਬੰਧ ਵੀ ਸ਼ਬਦ-ਅਰਥ ਦੇ ਵਿਉਤਪਤੀ ਮੂਲਕ ਅਧਿਐਨ ਨਾਲ ਹੈ।[4] ਇਸ ਤਰ੍ਹਾਂ ਖੰਡ ਪੱਖ ਦੇ ਵਿਦਵਾਨਾਂ ਨੇ ਅਰਥ ਦੀ ਸਮੱਸਿਆ ਨੂੰ ਸ਼ਬਦ ਦੇ ਸੰਦਰਭ ਵਿਚ ਵਿਚਾਰਿਆ ਅਤੇ ਇਨ੍ਹਾਂ ਦੇ ਅਧਿਐਨ-ਕਾਰਜਾਂ ਵਿਚ ਨਿਰੰਤਰ ਸ਼ਬਦ, ਸ਼ਬਦ-ਅਰਥ, ਸ਼ਬਦ ਤੇ ਵਾਕ ਦਾ ਅੰਤਰ-ਸੰਬੰਧ ਅਤੇ ਸ਼ਬਦ-ਅਰਥ ਤੇ ਵਾਕ-ਅਰਥ ਦਾ ਅੰਤਰ-ਸਬੰਧ ਆਦਿ ਮੂਲ ਮੁੱਦੇ ਬਣੇ ਰਹੇ।

II.2. ਅਖੰਡ ਪੱਖ : ਅਖੰਡ ਪੱਖ ਦੇ ਵਿਦਵਾਨਾਂ ਨੇ ਸ਼ਬਦ ਦੀ ਬਜਾਇ ਵਾਕ ਨੂੰ ਮੁੱਢਲਾ ਭਾਸ਼ਾਈ ਤੱਤ ਸਵੀਕਾਰ ਕੀਤਾ। 'ਮੀਮਾਂਸਾ' ਦੇ ਭੱਟ ਸਕੂਲ ਨੇ 'ਅਭਿਹਿਤਾਨਵਯਾ' ਸਿੱਧਾਂਤ ਪ੍ਰਸਤੁਤ ਕੀਤਾ, ਜਿਸ ਅਨੁਸਾਰ ਇੱਕ ਉਚਾਰ ਵਿਚ ਪਹਿਲਾਂ ਇਕੱਲੇ-ਇਕੱਲੇ ਸ਼ਬਦ-ਅਰਥ ਅਤੇ ਫਿਰ ਨਾਲੋ-ਨਾਲ ਹੀ ਇਨ੍ਹਾਂ ਦੇ ਅੰਤਰ-ਸਬੰਧਤ ਅਰਥਾਂ ਦਾ ਬੋਧ ਗ੍ਰਹਿਣ ਹੁੰਦਾ ਹੈ। ਇਸ ਲਈ ਇੱਕ ਵਾਕ ਦੇ ਅਰਥ-ਨਿਰਮਾਣ ਵਿਚ ਸ਼ਬਦ-ਅਰਥ ਆਧਾਰ-ਭੂਮਿਕਾ ਨਿਭਾਉਂਦੇ ਹਨ। ਪ੍ਰਭਾਕਰ ਸਕੂਲ ਦੇ ਮੀਮਾਂਸਕਾਂ ਦੇ 'ਅਨਵਿਤਾਭਿਧਾਨ' ਸਿੱਧਾਂਤ ਅਨੁਸਾਰ ਵਾਕ ਦੇ ਸੰਯੁਕਤ ਅਰਥ ਨੂੰ ਸ਼ਬਦ ਪੜਾਅ-ਦਰ-ਪੜਾਅ ਹੌਲੀ-ਹੌਲੀ ਸੰਚਾਰਿਤ ਕਰਦੇ ਹਨ। ਇਨ੍ਹਾਂ ਅਨੁਸਾਰ ਵਾਕਾਤਮਕ ਪ੍ਰਸੰਗ ਤੋਂ ਰਹਿਤ ਇਕੱਲੇ-ਇਕੱਲੇ ਸ਼ਬਦਾਂ ਦੀ ਆਪਣੇ-ਆਪ ਵਿਚ ਕੋਈ ਸਾਰਥਕਤਾ ਨਹੀਂ ਹੁੰਦੀ। ਵਾਕ ਉਚਾਰਨ ਦੀ ਮੁਕੰਮਲ ਇਕਾਈ ਹੈ ਜਦਕਿ ਵਾਕ ਵਿਸ਼ਲੇਸ਼ਣ ਦੇ ਪ੍ਰਯੋਜਨ ਲਈ ਨਿਖੇੜੇ ਗਏ ਸ਼ਬਦਾਂ ਨੂੰ ਭਾਸ਼ਾ ਦੀਆਂ ਇਕਾਈਆਂ ਮੰਨਿਆ ਜਾ ਸਕਦਾ ਹੈ। ਅਖੰਡ ਪੱਖ ਅਨੁਸਾਰ ਸ਼ਬਦਾਂ ਵਿਚਕਾਰ ਅਕਾਂਖਿਆ (expectancy), ਯੋਗਤਾ (consistency) ਅਤੇ ਸਮਨਿਧੀ (proximity) 'ਤੇ ਆਧਾਰਿਤ ਵਾਕਾਤਮਕ ਸਬੰਧ ਵਾਕ-ਅਰਥ ਨੂੰ ਸਿਰਜਦਾ ਹੈ।[5] ਅਕਾਂਖਿਆ ਤੋਂ ਭਾਵ ਹੈ ਕਿ ਵਾਕ ਵਿਚਲੇ ਸ਼ਬਦ ਜੁੜ ਕੇ ਇੱਕ ਭਾਵ-ਲੜੀ ਨੂੰ ਸਿਰਜਦੇ ਹਨ। ਇੱਕ ਸ਼ਬਦ ਅਗਲੇ ਸ਼ਬਦ ਨਾਲ ਜੁੜ ਕੇ ਇੱਕ ਭਾਵਾਂ ਦੀ ਤੰਦ ਬਣਾਉਂਦਾ ਹੈ। ਸਰੋਤਾ ਜਦ ਇੱਕ ਸ਼ਬਦ ਨੂੰ ਸੁਣ ਕੇ ਉਸ ਸਬੰਧੀ ਦੂਜੇ ਸ਼ਬਦ ਨੂੰ ਜਾਣਨਾ ਚਾਹੁੰਦਾ ਹੈ, ਇਸ ਜਾਣਨ ਦੀ ਚਾਹ ਨੂੰ ਹੀ ਅਕਾਂਖਿਆ ਕਹਿੰਦੇ ਹਨ। ਜੇਕਰ ਅਕਾਂਖਿਆ-ਰਹਿਤ ਸ਼ਬਦ-ਸਮੂਹ ਨੂੰ ਵੀ ਵਾਕ ਮੰਨ ਲਿਆ ਜਾਵੇ ਤਾਂ 'ਬਲਦ ਘੋੜਾ ਮਨੁੱਖ ਹਾਥੀ' ਅਜਿਹਾ ਸ਼ਬਦ-ਸਮੂਹ ਵੀ ਵਾਕ ਕਿਹਾ ਜਾਵੇਗਾ। ਸ਼ਬਦਾਂ ਦੇ ਅਰਥਾਂ ਦੇ ਆਪਸੀ ਸਬੰਧ ਵਿਚ ਰੁਕਾਵਟ ਨਾ ਹੋਣਾ 'ਯੋਗਤਾ' ਹੈ। ਜੇਕਰ ਸ਼ਬਦ ਸਮੂਹ ਵਿਚ ਯੋਗਤਾ ਨਾ ਹੋਣ 'ਤੇ ਵੀ ਉਸ ਨੂੰ ਵਾਕ ਕਿਹਾ ਜਾਵੇ

ਤਾਂ 'ਅੱਗ ਨਾਲ ਸਿੰਜਦਾ ਹੈ'– ਅਜਿਹਾ ਸ਼ਬਦ ਵੀ ਵਾਕ ਹੋ ਜਾਵੇਗਾ। ਸ਼ਬਦਾਂ ਦੇ ਅਰਥਾਂ ਨੂੰ ਸਮਝਣ ਵਿਚ ਰੋਕ–ਟੋਕ ਨਾ ਪੈਣਾ 'ਯੋਗਤਾ' ਹੈ। ਸ਼ਬਦਾਂ ਦੀ ਨਿਕਟਤਾ ਅਰਥਾਤ ਕੋਲ–ਕੋਲ ਹੋਣ ਨੂੰ ਸਮਨਿਧੀ ਕਹਿੰਦੇ ਹਨ। ਸ਼ਬਦਾਂ ਦੇ ਦੂਰ–ਦੂਰ ਹੋਣ 'ਤੇ ਵੀ ਜੇਕਰ 'ਵਾਕਤਾ' ਮੰਨ ਲਈ ਜਾਵੇ ਤਾਂ ਹੁਣ ਕਹੇ 'ਦੇਵ ਦੱਤ' ਸ਼ਬਦ ਦਾ ਅਗਲੇ ਦਿਨ ਬੋਲੇ ਗਏ 'ਜਾਂਦਾ ਹੈ' ਸ਼ਬਦਾਂ ਨਾਲ ਸਬੰਧ ਹੋ ਜਾਵੇ।[6] ਇਸ ਪ੍ਰਕਾਰ ਇੱਕ ਉਚਾਰ ਵਿਚ ਆਏ ਸ਼ਬਦ–ਸਮੂਹ ਦਰਮਿਆਨ ਅਕਾਂਖਿਆ, ਯੋਗਤਾ ਅਤੇ ਸਮਨਿਧੀ ਵਾਲੀ ਸਬੰਧਾਤਮਕਤਾ ਹੀ ਵਾਕ–ਅਰਥ ਦੇ ਬੋਧ ਦੀ ਮੁੱਢਲੀ ਸ਼ਰਤ ਹੈ। ਇਸ ਦੇ ਨਾਲ–ਨਾਲ ਪ੍ਰਸੰਗਿਕ ਪੱਖ ਅਤੇ ਵਕਤੇ ਦਾ ਪ੍ਰਯੋਜਨ ਵੀ ਵਾਕ–ਅਰਥ ਦੇ ਨਿਰਧਾਰਣ ਵਿਚ ਅਤਿ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

II.3. ਭਰਤ੍ਰਹਰੀ ਦਾ ਮੱਤ : ਭਾਰਤੀ ਭਾਸ਼ਾ–ਚਿੰਤਨ ਦੇ ਅੰਤਰਗਤ ਅਰਥ–ਅਧਿਐਨ ਦੀ ਪਰੰਪਰਾ ਵਿਚ ਭਾਸ਼ਾ ਦੇ ਦਾਰਸ਼ਨਿਕ ਅਤੇ ਵਿਆਕਰਨਕਾਰ ਭਰਤ੍ਰਹਰੀ ਨੇ ਆਪਣੇ ਗ੍ਰੰਥ **ਵਾਕਯਪਦੀਯੰ** ਵਿਚ ਸਾਹਿਤਕ ਪਾਠ (literary text) ਦੇ ਅਰਥਾਂ ਨੂੰ ਸਮਝਣ ਲਈ ਅਤਿ ਮਹੱਤਵਪੂਰਨ ਅੰਤਰ–ਦ੍ਰਿਸ਼ਟੀਆਂ ਨਿਰੂਪਤ ਕੀਤੀਆਂ ਹਨ। ਭਰਤ੍ਰਹਰੀ ਵਾਕ ਨੂੰ ਮੁੱਢਲਾ ਭਾਸ਼ਾਈ ਤੱਤ ਸਵੀਕਾਰ ਕਰਦਾ ਹੈ। ਉਹ ਵਾਕ ਨੂੰ 'ਇਕ ਅਵੰਡ ਸੰਕੇਤ' ਕਹਿੰਦਾ ਹੈ। ਵਾਕ ਆਪਣੇ ਇਕ–ਇਕ ਵਰਣ ਨਾਲ ਬਣੇ ਸ਼ਬਦਾਂ ਦੁਆਰਾ ਪ੍ਰਗਟ ਹੁੰਦਾ ਹੈ ਅਤੇ ਇਸ ਦਾ ਅਰਥ 'ਵਾਕਯ ਸਫੋਟ' ਦੁਆਰਾ ਸੰਚਾਰਿਤ ਹੁੰਦਾ ਹੈ। ਵਾਕ ਦਾ ਅਰਥ ਆਪਣੇ ਆਪ ਵਿਚ ਅਵੰਡ ਹੈ। ਇਸ ਲਈ ਸ਼ਬਦਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ਬਲਕਿ ਸ਼ਬਦ ਤਾਂ ਕੇਵਲ ਉਹ ਸੰਕੇਤ ਹਨ, ਜਿਹਨਾਂ ਦੀ ਸਹਾਇਤਾ ਨਾਲ ਸਰੋਤਾ ਜਾਂ ਪਾਠਕ ਅਰਥ ਤੱਕ ਪਹੁੰਚਦਾ ਹੈ।[7] ਇਵੇਂ ਭਰਤ੍ਰਹਰੀ ਨੇ ਵਾਕ ਨੂੰ ਮੁੱਢਲਾ ਭਾਸ਼ਾਈ ਤੱਤ ਸਵੀਕਾਰ ਕਰਦੇ ਹੋਏ ਸ਼ਬਦਾਂ ਨੂੰ ਕੇਵਲ ਵਾਕ–ਅਰਥ ਦੇ ਸੰਚਾਰੀ ਸੰਕੇਤਾਂ ਵਜੋਂ ਪ੍ਰਵਾਨ ਕੀਤਾ। ਭਰਤ੍ਰਹਰੀ ਤੋਂ ਸਦੀਆਂ ਉਪਰੰਤ ਆਧੁਨਿਕ ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇਂ ਆਪਣੀ ਪੁਸਤਕ **Syntactic Structures** (1957) ਵਿਚ ਸ਼ਬਦ ਜਾਂ ਚਿੰਨ੍ਹ ਦੀ ਬਜਾਇ ਵਾਕ ਨੂੰ ਭਾਸ਼ਾ ਦੀ ਬੁਨਿਆਦੀ ਇਕਾਈ ਸਵੀਕਾਰ ਕਰਕੇ ਭਾਸ਼ਾ ਦੀ ਸਤਹੀ ਅਤੇ ਗਹਿਰੀ ਜੁਗਤ (Surface and deep structure) ਨੂੰ ਸਮਝਣ–ਸਮਝਾਉਣ ਦਾ ਯਤਨ ਕੀਤਾ।

II.3.ੳ. ਸਫੋਟ ਸਿੱਧਾਂਤ : ਭਰਤ੍ਰਹਰੀ ਦੀ ਆਧੁਨਿਕ ਭਾਸ਼ਾ ਵਿਗਿਆਨ ਨੂੰ ਸਭ ਤੋਂ ਮਹੱਤਵਪੂਰਨ ਦੇਣ ਸਫੋਟ–ਦਰਸ਼ਨ ਹੈ। ਇਸ ਦੇ ਅੰਤਰਗਤ ਉਸ ਨੇ ਸ਼ਬਦ ਦੀ ਅਦਵੈਤ ਅਵੱਸਥਾ ਤੋਂ ਲੈ ਕੇ ਕਾਲ–ਕ੍ਰਮ ਦੇ ਪ੍ਰਸੰਗ ਵਿਚ, ਇਸ ਦੀ ਸ਼ਬਦ ਅਤੇ ਅਰਥ ਵਿਚ ਦਵੈਤ ਦੀ ਸਿਰਜਣਾ ਤੱਕ ਅਤੇ ਮੁੜ ਸ਼ਬਦ–ਅਰਥ ਦੀ ਇਕਮਿਕਤਾ ਦੀ ਅਵਸਥਾ ਤੱਕ ਪਰਿਵਰਤਨ ਦੀ ਪ੍ਰਕਿਰਿਆ ਨੂੰ ਸਮੇਟਣ ਦਾ ਯਤਨ ਕੀਤਾ ਹੈ। ਇਵੇਂ ਭਰਤ੍ਰਹਰੀ ਨੇ ਸਫੋਟ ਸਿੱਧਾਂਤ ਵਿਚ ਅਦਵੈਤ 'ਸ਼ਬਦ ਤੱਤ' ਦੇ ਦਵੈਤ ਅਧਾਰਿਤ ਸ਼ਬਦ–ਅਰਥ ਵਿਚ ਨਿਰੂਪਤ ਹੋਣ ਦੇ ਵਰਤਾਰੇ ਨੂੰ ਸਮਝਣ–ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਪਰੰਪਰਾ ਅਨੁਸਾਰ ਸਫੋਟਵਾਦ ਇੱਕ ਪ੍ਰਾਚੀਨ ਵੈਦਿਕ, ਆਸਤਕ, ਅਦਵੈਤਵਾਦੀ ਦਰਸ਼ਨ ਹੈ। ਭੱਟੋਜੀ ਦੀਕਸ਼ਿਤ ਨੇ ਇਸ ਨੂੰ ਅਦਵੈਤਵਾਦ ਦਾ ਹੀ ਵਿਆਕਰਨਕ ਰੂਪ ਕਿਹਾ ਹੈ।

ਸਫੋਟ ਸ਼ਬਦ ਦੀ ਵਿਉਤਪਤੀ 'ਸਫੁਟ' ਧਾਤੂ ਤੋਂ ਹੋਈ ਹੈ। ਸਫੁਟ ਦਾ ਅਰਥ ਹੈ ਸਫੁਟਿਤ ਜਾਂ ਪ੍ਰਕਾਸ਼ਿਤ ਹੋਣਾ। ਸੋ ਸ਼ਾਬਦਿਕ ਅਰਥਾਂ ਅਨੁਸਾਰ ਸਫੋਟ ਵਿਚ ਸ਼ਬਦ ਤੱਤ ਦੇ ਪ੍ਰਕਾਸ਼ਤ ਹੋਣ ਦੀ ਪ੍ਰਕਿਰਿਆ ਨਿਹਿਤ ਹੈ। ਪਰੰਪਰਾ ਅਨੁਸਾਰ ਸਫੋਟ ਸਿੱਧਾਂਤ ਦਾ ਆਦਿ ਪਰਵਰਤਕ ਸਫੋਟਾਯਨ ਰਿਸ਼ੀ ਨੂੰ ਮੰਨਿਆ ਗਿਆ ਹੈ। ਸਭ ਤੋਂ ਪਹਿਲਾਂ ਪਾਨਿਨੀ ਨੇ **ਅਸ਼ਟਾਧਿਆਇ** ਵਿਚ ਸਫੋਟਾਯਨ ਨਾਮ ਦਾ ਉਲੇਖ ਇੱਕ ਸੂਤਰ (अवङ् स्फोटायनस्य) ਵਿਚ ਕੀਤਾ, ਪਰ ਵਿਸਥਾਰ ਨਹੀਂ ਦਿੱਤਾ। ਪਾਨਿਨੀ ਤੋਂ ਬਾਅਦ ਪਤੰਜਲੀ ਦੇ **ਮਹਾਂਭਾਸ਼ਯ** ਵਿਚ ਸਫੋਟ ਦਾ ਉਲੇਖ ਮਿਲਦਾ ਹੈ।[8] ਸਫੋਟ ਜਿਸ ਨੂੰ ਕਿ ਮੂਲ ਰੂਪ ਵਿਚ ਵਿਆਕਰਨਕਾਰਾਂ ਦਾ ਸਿੱਧਾਂਤ ਸਵੀਕਾਰ ਕੀਤਾ ਜਾਂਦਾ ਹੈ, ਇਸ ਦੇ ਦਾਰਸ਼ਨਿਕ ਪੱਖ ਬਾਰੇ

ਵਿਸਥਾਰ ਸਹਿਤ ਚਰਚਾ ਪਹਿਲੀ ਵਾਰ ਭਰਤ੍ਰਹਰੀ ਦੇ **ਵਾਕਯਪਦੀਯੰ** ਵਿਚ ਹੀ ਹੋਈ।

ਸਫੋਟਵਾਦ ਦੇ ਦਾਰਸ਼ਨਿਕ ਸੰਦਰਭ ਅਨੁਸਾਰ ਸਾਰੀ ਸ੍ਰਿਸ਼ਟੀ ਜਿਸ ਦਾ ਇੱਕ ਰੂਪ ਭਾਸ਼ਾ ਵੀ ਹੈ, ਸ਼ਬਦ ਬ੍ਰਹਮ ਤੋਂ ਉਤਪੰਨ ਹੋਈ ਹੈ। ਵਿਵਹਾਰਕ ਪੱਧਰ ਤੇ ਭਾਸ਼ਾ ਅਤੇ ਭਾਸ਼ਾ-ਆਧਾਰਿਤ ਸ੍ਰਿਸ਼ਟੀ ਦੋ ਸਮਾਨਾਂਤਰ ਯਾਥਾਰਥ ਹਨ। ਸ੍ਰਿਸ਼ਟੀ ਅਤੇ ਕਾਲ ਵਿਚ ਇਹ ਦੋਵੇਂ ਇੱਕ ਦੂਜੇ ਨਾਲ ਅਨੁਰੂਪਤਾ ਮੂਲਕ ਰਿਸ਼ਤਾ ਰੱਖਦੇ ਹੋਏ ਵੀ ਭਿੰਨ-ਭਿੰਨ ਪ੍ਰਤੀਤ ਹੁੰਦੇ ਹਨ। ਸਫੋਟਵਾਦ ਭਾਸ਼ਾ ਅਤੇ ਭਾਸ਼ਾ-ਆਧਾਰਿਤ ਜਗਤ ਦੀ ਦਵੈਤ ਨੂੰ ਤਾਂ ਸਵੀਕਾਰ ਕਰਦਾ ਹੈ ਪਰ ਦੋਹਾਂ ਦੀ ਉਤਪਤੀ ਇੱਕ ਹੀ ਯਥਾਰਥ ਸ਼ਬਦ ਬ੍ਰਹਮ ਤੋਂ ਮੰਨਦਾ ਹੈ। ਸਫੋਟਵਾਦ ਅਨੁਸਾਰ ਜਗਤ ਅਤੇ ਭਾਸ਼ਾ ਇਕ-ਦੂਜੇ ਵਿਚ ਆਭਾਸਿਤ ਹੁੰਦੇ ਹਨ। ਭਰਤ੍ਰਹਰੀ ਅਨੁਸਾਰ ਸ਼ਬਦ ਬ੍ਰਹਮ ਦਾ ਸਫੋਟ ਹੀ ਸਾਰਾ ਪਦਾਰਥ ਜਗਤ ਹੈ :

अनादिनिधनं ब्रहम शब्दत्तत्वं यदक्षरम।
विवर्ततेशर्थभावेन प्रक्रिया जगतो यतः।।1।।[9]

ਸੋ ਭਰਤ੍ਰਹਰੀ ਅਨੁਸਾਰ ਉਹ ਬ੍ਰਹਮ ਜਿਸਦਾ ਆਦਿ ਅੰਤ ਸੰਭਵ ਨਹੀਂ ਹੈ ਉਹ ਵਾਸਤਵ ਵਿਚ ਸ਼ਬਦ ਤੱਤ ਹੀ ਹੈ। ਉਸ ਦੀ ਸਥਿਤੀ ਅਤੇ ਮਹੱਤਵ ਵਿਚ ਕਿਸੇ ਵੀ ਪ੍ਰਕਾਰ ਦਾ ਘਟਾਓ ਸੰਭਵ ਨਹੀਂ ਹੈ ਇਸੇ ਲਈ ਉਹ 'ਅਕਸ਼ਰ' ਹੈ। ਉਸੇ ਸ਼ਬਦ ਤੱਤ ਦਾ ਇੱਕ ਹੋਰ ਪੱਖ ਅਰਥ-ਭਾਵ ਹੈ, ਜਿਸ ਦੇ ਦੁਆਰਾ ਅਥਵਾ ਜਿਸ ਤੋਂ ਉਤਪੰਨ ਹੋ ਕੇ ਸਾਰੇ ਜਗਤ ਦੀ ਵਿਹਾਰ ਪ੍ਰਕਿਰਿਆ ਚੱਲਦੀ ਹੈ।


ਇਹੀ ਸ਼ਬਦ ਤੱਤ ਇੱਕ ਹੋਣ ਦੇ ਬਾਵਜੂਦ ਵੀ ਜਗਤ ਦੀ ਵਿਹਾਰਕ ਪ੍ਰਕਿਰਿਆ ਵਿਚ ਆਪਣੀਆਂ ਅੰਤਰਨਿਹਿਤ ਸ਼ਕਤੀਆਂ ਕਰਕੇ ਹੀ ਰੂਪ ਅਤੇ ਭਾਵ, ਸ਼ਬਦ ਅਤੇ ਅਰਥ ਵਿਚ ਵੰਡਿਆ ਪ੍ਰਤੀਤ ਹੁੰਦਾ ਹੈ। ਭਰਤ੍ਰਹਰੀ ਦੇ ਸ਼ਬਦਾਂ ਵਿਚ :

एकमेव यदामन्मातं भिन्नं नाम शक्तिव्यपाश्रयाते।
अपृक्त्वेशपि शक्तिभयः प्रथक्तवेनेव वर्तने।।2।।[10]

ਸ਼ਬਦ ਤੱਤ ਕਾਲ-ਬੱਧ ਨਹੀਂ ਹੈ। ਉਹ ਕਾਲ-ਮੁਕਤ ਅਤੇ ਸਦੀਵੀ ਹੈ। ਦਰਅਸਲ ਕਾਲ-ਸ਼ਕਤੀ ਸ਼ਬਦ ਤੱਤ ਦਾ ਹੀ ਅੰਤਰ-ਨਿਹਿਤ ਪੱਖ ਹੈ, ਜਿਸ ਦੇ ਰਾਹੀਂ ਸ਼ਬਦ ਤੱਤ ਸੰਸਾਰਕ ਵਰਤਾਰੇ ਦੇ ਰੂਪ ਵਿਚ ਆਪਣਾ ਪ੍ਰਕਾਸ਼ ਕਰਦਾ ਹੈ।

ਸਫੋਟ ਦੇ ਉਪਰੋਕਤ ਦਾਰਸ਼ਨਿਕ ਪੱਖ ਨੂੰ ਗ੍ਰਹਿਣ ਕਰਨ ਲਈ ਇਸ ਦੇ ਤਕਨੀਕੀ ਭਾਸ਼ਾ ਵਿਗਿਆਨਕ ਪੱਖ ਨੂੰ ਸਮਝਣਾ ਲਾਜ਼ਮੀ ਹੈ। ਭਾਸ਼ਾ ਵਿਗਿਆਨਕ ਪੱਖ ਤੋਂ ਸਫੋਟ ਮੁੱਢਲੀ ਭਾਸ਼ਾਈ ਸਮਰੱਥਾ (Basic linguistic Potency) ਹੈ, ਜੋ ਧੁਨੀ ਅਤੇ ਅਰਥ ਦੇ ਰੂਪ ਵਿਚ ਅਭਿਵਿਅਕਤ ਹੁੰਦੀ ਹੈ। ਧੁਨੀ ਸੁਣਨ-ਯੋਗ ਆਵਾਜ਼-ਸਰੂਪ ਹੈ, ਜਿਸ ਤੋਂ ਬਿਨ੍ਹਾਂ ਅਰਥ ਦੀ ਮੁੱਢਲੀ ਭਾਸ਼ਾਈ ਸਮਰੱਥਾ ਅਤੇ ਇਸ ਦਾ ਪ੍ਰਗਟਾਓ ਅਸੰਭਵ ਹੈ। ਇਸੇ ਲਈ ਕ੍ਰਮਵਾਰ ਵਰਣ-ਦਰ-ਵਰਣ ਪ੍ਰਸਤੁਤ ਸੁਣਨਯੋਗ ਆਵਾਜ਼-ਸਰੂਪ ਨੂੰ ਅਰਥ-ਭਰਪੂਰ ਪ੍ਰਗਟਾਵੇ ਦਾ ਨਿਮਿਤ (ਕਾਰਕ) ਕਿਹਾ ਜਾਂਦਾ ਹੈ। ਭਰਤ੍ਰਹਰੀ ਨੇ ਸਫੋਟ ਨੂੰ ਅਖੰਡ ਅਤੇ ਅਕ੍ਰਮ ਸਮੁੱਚ ਵਜੋਂ ਪਰਿਭਾਸ਼ਤ ਕੀਤਾ ਹੈ। ਉਸ ਅਨੁਸਾਰ ਸਾਰੇ ਵਿਆਕਰਕ ਅਤੇ ਵਾਕ ਵਿਗਿਆਨਕ ਵਖਰੇਵੇਂ ਉਦੋਂ ਦ੍ਰਿਸ਼ਟੀਗੋਚਰ ਹੁੰਦੇ ਹਨ, ਜਦੋਂ ਸੋਚ ਸੁਣਨਯੋਗ ਆਵਾਜ਼-ਸਰੂਪ ਵਿਚ ਅਨੁਵਾਦਿਤ ਹੁੰਦੀ ਹੈ। ਉਸ ਦਾ ਵਿਚਾਰ ਹੈ ਕਿ ਸਫੋਟ ਮੁੱਢਲੀ ਭਾਸ਼ਾਈ ਸਮਰੱਥਾ ਦੀ ਮੁਕੰਮਲ ਇਕਾਈ ਹੈ ਜੋ ਦੋ ਤੱਤਾਂ ਧੁਨੀ ਅਤੇ ਅਰਥ ਵਿਚ ਨਿਰੂਪਿਤ ਹੁੰਦੀ ਹੈ। ਇਸ ਨੂੰ ਨਿਮਨ ਅੰਕਿਤ ਰੇਖਾ-ਚਿੱਤਰ ਰਾਹੀਂ ਦਰਸਾਇਆ ਜਾ ਸਕਦਾ ਹੈ :

**ਰੇਖਾ-ਚਿਤਰ: 1**




ਭਰਤ੍ਰਹਰੀ ਨੇ ਸਫੋਟ ਦੇ ਸੰਦਰਭ ਵਿਚ ਸ਼ਬਦ ਦੀ ਬਜਾਇ ਵਾਕ ਨੂੰ ਮੁੱਢਲੀ ਸਾਰਥਕ ਇਕਾਈ ਸਵੀਕਾਰ ਕੀਤਾ ਹੈ। ਉਸ ਅਨੁਸਾਰ ਭਾਵੇਂ ਵਾਕ ਦੀ ਅਵੰਡ (indivisible) ਹੋਂਦ ਵਿਚੋਂ ਸ਼ਬਦ ਅਤੇ ਸ਼ਬਦਾਂ ਦੇ ਅਰਥ ਵਿਸ਼ਲੇਸ਼ਣਾਤਮਕ ਢੰਗ ਨਾਲ ਨਿਖੇੜੇ ਜਾ ਸਕਦੇ ਹਨ ਪਰੰਤੂ ਫਿਰ ਵੀ ਸ਼ਬਦ ਅਤੇ ਵਾਕ ਦੋਹਾਂ ਸਾਰਥਕ ਇਕਾਈਆਂ ਵਿਚੋਂ ਵਾਕ ਹੀ ਪ੍ਰਾਥਮਿਕ ਹੈ। ਭਰਤ੍ਰਹਰੀ ਦੇ ਸ਼ਬਦਾਂ ਵਿਚ :

Yatha pade vibhajyante prakrti pratyadayaht
Adoddharas tatha vakya padanam upapadyate.[11]

ਭਰਤ੍ਰਹਰੀ ਵਾਕ ਸਫੋਟ ਨੂੰ ਪ੍ਰਾਥਮਿਕ ਇਸ ਲਈ ਮੰਨਦਾ ਹੈ ਕਿਉਂਕਿ ਭਾਸ਼ਾ ਦੇ ਪਛਯੰਤੀ ਪੱਧਰ ਤੇ ਵਾਕ ਸਫੋਟ ਹੀ ਹੋਂਦ ਰੱਖਦਾ ਹੈ। ਮਧਿਅਮਾ ਅਤੇ ਵੈਖਰੀ ਪੱਧਰ ਤੇ ਇਸ ਦਾ ਸ਼ਬਦਾਂ ਵਿਚ ਨਿਖੜਨਾ ਕੇਵਲ ਇੱਕ ਵਿਚਕਾਰਲੀ ਪ੍ਰਕਿਰਿਆ ਹੈ। ਇਸ ਵਿਚਕਾਰਲੇ ਪੱਧਰ ਤੇ ਹੋਂਦ ਰੱਖਦਾ ਸ਼ਬਦਾਂ ਦਾ ਨਿਖੇੜਾ ਅਤੇ ਕਾਲਕ੍ਰਮਿਕ ਤਰਤੀਬ ਜਾਂ ਸ਼੍ਰਿੰਖਲਾ ਉਸ ਘੜੀ ਮੁੜ ਲੋਪ ਹੋ ਜਾਂਦੇ ਹਨ ਜਦ ਸਰੋਤਾ ਉਚਾਰਨ ਨੂੰ ਸ਼੍ਰਵਣ ਕਰ ਇਸਨੂੰ ਮੁੜ ਅਵੰਡ ਅਰਥ ਦੇ ਪੱਧਰ ਤੇ ਗ੍ਰਹਿਣ ਕਰ ਲੈਂਦਾ ਹੈ। ਇਹ ਸਮੁੱਚਾ ਅਰਥ ਵਾਕ ਵਿਚ ਪ੍ਰਣਾਲੀ-ਬੱਧ ਢੰਗ ਨਾਲ ਇਕ-ਇਕ ਕਰਕੇ ਪਰੋਏ ਸ਼ਬਦਾਂ ਦੇ ਨਿੱਜੀ ਅਰਥਾਂ ਨੂੰ ਜੋੜ ਕੇ ਉਤਪੰਨ ਨਹੀਂ ਹੁੰਦਾ, ਇਹ ਅਰਥ ਤਾਂ ਸਮੁੱਚੇ ਰੂਪ ਵਿਚ ਇੱਕ ਛਿਣਕ ਬਲਕਾਰੇ ਨਾਲ ਚੇਤਨਾ ਵਿਚ ਉਜਾਗਰ ਜਾ ਉੱਠਦਾ ਹੈ। Akihiko Akamatsu ਅਨੁਸਾਰ :

> The sentence is the primary meaningful unit, and the words as meaningful units, extracted from the sentence analytically are only fictional parts. We understand the meaning as a single whole immediately after the speaker's utterance of a sentance. The meaning in this case is not brought forth by relating with each other the different meanings of individual words articulated one by one according to the arrangement of things in the external world. Understanding of the meaning must be the immediate and intutive grasp of the world as a whole.[12]

ਭਰਤ੍ਰਹਰੀ ਮੁਤਾਬਕ ਮਨੁੱਖ ਭਾਸ਼ਾ ਨੂੰ ਨਾ ਤਾਂ ਇਕੱਲੇ-ਇਕੱਲੇ ਸ਼ਬਦਾਂ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਨਾ ਹੀ ਇਕੱਲੇ-ਇਕੱਲੇ ਸ਼ਬਦਾਂ ਦੇ ਰੂਪ ਵਿਚ ਬੋਲਦਾ ਹੈ। ਉਸ ਲਈ ਮੁੱਖ ਭਾਸ਼ਾ ਵਿਗਿਆਨਕ ਯਥਾਰਥ, ਅਵੰਡ ਵਾਕ ਸਫੋਟ ਹੈ। ਭਰਤ੍ਰਹਰੀ ਅਨੁਸਾਰ ਮੁਕੰਮਲ ਤੇ ਅਵੰਡ ਵਾਕ ਸਫੋਟ ਕੇਵਲ ਇੱਕ ਸ਼ਬਦ ਦੇ ਉਚਾਰਨ ਵਿਚ ਵੀ ਪ੍ਰਗਟ ਹੋ ਸਕਦਾ ਹੈ। Harold. G. Coward ਨੇ ਭਰਤ੍ਰਹਰੀ ਦੀ ਇਸ ਧਾਰਨਾ ਨੂੰ ਨਿਮਨ ਲਿਖਤ ਉਦਾਹਰਣ ਨਾਲ ਬੜੀ ਸਪੱਸ਼ਟਤਾ ਸਹਿਤ ਦਰਸਾਇਆ ਹੈ :

> When a young child utters his first single usual ajaculation, 'mama',....... it is clear that whole ideas as (yet incompletely expressed) are being verbalized : e.g., "I want mama"[13]

ਇਕ ਸ਼ਬਦ ਰਾਹੀਂ ਮੁਕੰਮਲ ਵਾਕ ਸਫੋਟ ਦੀ ਅਭਿਵਿਅਕਤੀ ਦੀ ਸਭ ਤੋਂ ਖ਼ੂਬਸੂਰਤ ਉਦਾਹਰਣ

**ਜਾਪੁ ਸਾਹਿਬ** ਦਾ 'ਏਕ ਅੱਛਰੀ' ਛੰਦ ਹੈ। **ਜਾਪੁ ਸਾਹਿਬ** ਦੇ 'ਏਕ ਅਛਰੀ ਛੰਦ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਸਰੂਪ ਦਾ ਵਰਣਨ ਕਰਦੇ ਸਮੇਂ ਇਕ-ਇਕ ਸ਼ਬਦ ਵਿਚ ਮੁਕੰਮਲ ਵਾਕ ਦੇ ਅਰਥ ਸੰਚਾਰਿਤ ਕੀਤੇ ਹਨ :

ਅਜੈ ॥ ਅਲੈ ॥ ਅਭੈ ॥ ਅਬੈ ॥
ਅਭੂ ॥ ਅਜੂ ॥ ਅਨਾਸ ॥ ਅਕਾਸ ॥
ਅਗੰਜ ॥ ਅਭੰਜ ॥ ਅਲੱਖ ॥ ਅਭਖ ॥
ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥[14]

ਭਰਤ੍ਰਹਰੀ ਮੀਮਾਸਕਾਂ ਅਤੇ ਨਯਾਯ ਵੈਸ਼ੇਸਕਾਂ ਦੇ ਉਸ ਸਿੱਧਾਂਤ ਦਾ ਖੰਡਨ ਕਰਦਾ ਹੈ, ਜਿਸ ਅਨੁਸਾਰ ਇੱਕ ਬੱਚਾ ਇਕੱਲੇ-ਇਕੱਲੇ ਸ਼ਬਦਾਂ ਦੇ ਅਰਥਾਂ ਨੂੰ ਸਿੱਖ ਕੇ ਭਾਸ਼ਾ ਦੀ ਸਮਝ ਨੂੰ ਗ੍ਰਹਿਣ ਕਰਦਾ ਹੈ। ਇਹ ਦਾਰਸ਼ਨਿਕ ਵਾਕ ਦੇ ਅਰਥ ਨੂੰ ਇੱਕ ਵਾਕ ਵਿਚਲੇ ਸ਼ਬਦਾਂ ਦੇ ਅਰਥਾਂ ਦੇ ਕੁਲ-ਜੋੜ ਵਜੋਂ ਗ੍ਰਹਿਣ ਕਰਦੇ ਹਨ। ਇਸ ਦੇ ਉਲਟ ਭਰਤ੍ਰਹਰੀ ਮੁਤਾਬਕ ਮਨੁੱਖ ਭਾਸ਼ਾ ਨੂੰ ਵਾਕਾਤਮਕ ਸਮੁੱਚਤਾ ਵਿਚ ਗ੍ਰਹਿਣ ਕਰਦਾ ਹੈ ਅਤੇ ਵਾਕਾਤਮਕ ਸਮੁੱਚਤਾ ਵਿਚ ਹੀ ਉਚਾਰਦਾ ਹੈ। ਡਾ. ਗੋਪੀ ਚੰਦ ਨਾਰੰਗ ਦੇ ਸ਼ਬਦਾਂ ਵਿਚ :

> ਵਾਕ ਉਸ ਪੌਰਾਣਿਕ ਦੇਵਤੇ ਵਰਗਾ ਹੈ ਜੋ ਅੰਦਰ ਵੱਲ ਵੀ ਦੇਖ ਸਕਦਾ ਹੈ ਤੇ ਬਾਹਰ ਵੱਲ ਵੀ। 'ਧੁਨੀ' ਵਾਕ ਦਾ ਬਾਹਰਲਾ ਰੂਪ ਹੈ ਅਤੇ ਅਰਥ ਵਾਕ ਦਾ ਅੰਦਰਲਾ ਰੂਪ ਹੈ। ਵਾਕ ਦੀ ਬਾਹਰਲੀ ਸੰਰਚਨਾ, ਵਿਸ਼ਲੇਸ਼ਣ ਹੈ, ਸੁਰਾਂ ਨਾਲ ਸੰਜੁਗਤ ਹੈ, ਜਦੋਂ ਕਿ ਅੰਦਰਵਰਤੀ ਸੰਰਚਨਾ ਅਰਥ ਦੀ ਕਿਰਣ ਹੈ, ਰੌਸ਼ਨੀ ਵਾਂਗ ਆਦਿ ਤੋਂ ਅੰਤ ਤੀਕ ਇੱਕ ਇਕਾਈ ਹੈ।[15]

ਭਾਰਤੀ ਭਾਸ਼ਾ-ਚਿੰਤਨ ਵਿਚ ਵਾਕ ਨੂੰ ਸ਼ਬਦਾਂ ਦੀ ਲੜੀ ਮਾਤਰ ਮੰਨਣ ਵਾਲੀ ਦ੍ਰਿਸ਼ਟੀ ਨੂੰ 'ਖੰਡ ਪੱਖ' ਅਤੇ ਸ਼ਬਦ ਦੀ ਬਜਾਇ ਵਾਕ ਨੂੰ ਮੁੱਢਲਾ ਭਾਸ਼ਾਈ ਤੱਤ ਸਵੀਕਾਰ ਕਰਨ ਵਾਲੀ ਦ੍ਰਿਸ਼ਟੀ ਨੂੰ 'ਅਖੰਡ ਪੱਖ' ਕਿਹਾ ਗਿਆ ਹੈ। ਭਰਤ੍ਰਹਰੀ ਨੇ ਵੀ ਵਾਕ ਨੂੰ ਇੱਕ ਅਵੰਡ ਸੰਕੇਤ (ऐको नवयावाह सबदाह) ਮੰਨਿਆ ਅਤੇ ਅਖੰਡ ਪੱਖ ਨੂੰ ਮਜਬੂਤ ਸਿੱਧਾਂਤਕ ਆਧਾਰ ਪ੍ਰਦਾਨ ਕੀਤਾ।

II.3.ਅ. ਪ੍ਰਤਿਭਾ : ਵਾਕ ਸਫੋਟ ਦੀ ਅਵੰਡ ਸਾਰਥਕਤਾ ਜਿਸ ਅੰਤਰ-ਦ੍ਰਿਸ਼ਟੀ ਦੇ ਛਿਣਕ ਝਲਕਾਰੇ ਨਾਲ ਗ੍ਰਹਿਣ ਹੁੰਦੀ ਹੈ, ਭਰਤ੍ਰਹਰੀ ਨੇ ਤਕਨੀਕੀ ਸ਼ਬਦਾਵਲੀ ਵਿਚ ਉਸ ਨੂੰ ਪ੍ਰਤਿਭਾ ਦਾ ਨਾਮ ਦਿੱਤਾ ਹੈ। ਭਾਰਤੀ ਭਾਸ਼ਾ-ਚਿੰਤਨ ਵਿਚ ਪ੍ਰਤਿਭਾ ਉਸ ਪਰਾ ਸਾਧਾਰਨ (super normal) ਪ੍ਰਤੱਖਣ ਨੂੰ ਮੰਨਿਆ ਗਿਆ ਹੈ, ਜਿਹੜਾ ਕਾਲ-ਸਥਾਨ ਦੀ ਸਧਾਰਨ ਸ਼੍ਰੇਣੀ-ਵੰਡ ਤੋਂ ਪਾਰਗਾਮੀ ਹੋ ਕੇ ਵਸਤੂ ਦੀ ਯਥਾਰਥਕ ਪ੍ਰਕਿਰਤੀ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਰੱਖਦਾ ਹੈ। ਭਰਤ੍ਰਹਰੀ ਅਨੁਸਾਰ ਪ੍ਰਤਿਭਾ ਜਗਤ ਦੇ ਬਾਹਰਮੁਖੀ ਅਨੁਭਵ ਵਿਚੋਂ ਗ੍ਰਹਿਣ ਕੀਤੀ ਗਈ ਪ੍ਰਤੱਖਣ-ਸ਼ਕਤੀ ਨਾ ਹੋ ਕੇ ਜਨਮਜਾਤ-ਬੋਧ (inborn intelligence) ਹੈ। ਪੀ. ਸੀ. ਚੱਕ੍ਰਵਰਤੀ ਨੇ ਇਸ ਧਾਰਨਾ ਨੂੰ ਵਧੇਰੇ ਸੁੰਦਰਤਾ ਤੇ ਸਪੱਸ਼ਟਤਾ ਨਾਲ ਬਿਆਨ ਕੀਤਾ ਹੈ। ਉਸ ਅਨੁਸਾਰ :

> To the grammarian pratibha is inborn intelligence; it
> Is innate and not postnatal. Pratibra is neither acquisition that is sence-born nor does it result from common experience. It is called samskara or bhavna firmly seated in our mind and linked togeather with the continuous current of knowledge folowing from previous stages to existence. Here we find the justification why pratibha is sometimes denominated as purvavasna.[16]

ਵਾਕ-ਅਰਥ ਦਾ ਸਰੂਪ ਬਿਜਲੀ ਦੀ ਲਿਸ਼ਕ ਵਰਗਾ ਹੈ, ਇਸੇ ਨੂੰ ਭਰਤ੍ਰਹਰੀ ਪ੍ਰਤਿਭਾ ਕਹਿੰਦਾ ਹੈ।[17] ਅਖੰਡ ਅਤੇ ਅਵੰਡ ਵਾਕ ਆਪਣੇ ਅਰਥ ਨੂੰ ਇੱਕ ਪ੍ਰਕਾਸ਼ਮਈ ਝਲਕਾਰੇ ਨਾਲ ਸੰਚਾਰਤ ਕਰਦਾ

ਹੈ। ਵਾਕ-ਅਰਥ ਹੌਲੀ-ਹੌਲੀ ਸ਼ਬਦਾਂ ਦੇ ਅਰਥਾਂ ਦੇ ਆਧਾਰ 'ਤੇ ਨਹੀਂ ਉੱਸਰਦਾ। ਇਹ ਸਰੋਤੇ ਦੁਆਰਾ ਅੰਤਰ-ਦ੍ਰਿਸ਼ਟੀ ਦੇ ਛਿਣਕ ਝਲਕਾਰੇ (instantaneous flash of insight) ਨਾਲ ਗ੍ਰਹਿਣ ਕੀਤਾ ਜਾਂਦਾ ਹੈ। ਇਸੇ ਨੂੰ ਪ੍ਰਤਿਭਾ ਕਿਹਾ ਗਿਆ ਹੈ, ਮਨੁੱਖੀ ਮਾਨਸਿਕਤਾ ਵਿਚ ਸਥਿਤ ਇਹ ਪ੍ਰਤਿਭਾ ਵੀ ਅਵੰਡ ਹੈ।

ਸੋ ਭਰਤ੍ਰਹਰੀ ਦੇ ਭਾਸ਼ਾ-ਚਿੰਤਨ ਵਿਚ ਵਾਕ ਸਫੋਟ ਯਥਾਰਥ ਦੀ ਸਾਰਥਕ ਸਮੁੱਚਤਾ ਨੂੰ ਪ੍ਰਗਟਾਉਂਦਾ ਹੈ ਅਤੇ ਪ੍ਰਤਿਭਾ ਜੀਵਨ ਤੇ ਜਗਤ ਪ੍ਰਤੀ ਅੰਤਰ-ਦ੍ਰਿਸ਼ਟੀ ਦੇ ਝਲਕਾਰੇ 'ਚੋਂ ਉਪਜੇ ਬੋਧ ਦੀ ਸਮੁੱਚਤਾ 'ਤੇ ਅਧਾਰਿਤ ਪਰਾਸਾਧਾਰਨ ਪ੍ਰਤੱਖਣ ਦਾ ਨਾਮ ਹੈ।

II.3.ੲ. ਅਰਥ ਅਤੇ ਪ੍ਰਸੰਗ: ਭਰਤ੍ਰਹਰੀ ਨੇ ਅਰਥ ਨੂੰ ਮੂਲ ਰੂਪ ਵਿਚ ਪਾਠਾਤਮਕ ਪ੍ਰਸੰਗਾਂ ਅਤੇ ਪਾਠਕ ਦੀ ਪ੍ਰਤਿਭਾ 'ਤੇ ਆਧਾਰਿਤ ਮੰਨਿਆ ਹੈ। ਉਹ ਭਾਸ਼ਾ ਨੂੰ ਇੱਕ ਸੰਚਾਰ-ਪ੍ਰਬੰਧ ਮੰਨ ਕੇ ਸਰੋਤੇ/ਪਾਠਕ ਦੀ ਦ੍ਰਿਸ਼ਟੀ ਤੋਂ ਅਰਥ ਦੇ ਸੰਕਲਪ ਨੂੰ ਸਮਝਣ ਲਈ ਉਨ੍ਹਾਂ ਵਿਭਿੰਨ ਪਾਸਾਰਾਂ ਨੂੰ ਉਜਾਗਰ ਕਰਦਾ ਹੈ, ਜਿਹਨਾਂ ਨਾਲ ਸਰੋਤੇ/ਪਾਠਕ ਦਾ ਸਾਹਮਣਾ ਹੁੰਦਾ ਹੈ। ਅਰਥ ਦੇ ਇਹ ਪਸਾਰ ਹਨ: ਸ਼ਾਬਦਿਕ ਅਰਥ (literal meaning), ਅਭਿਪ੍ਰਾਯ ਮੂਲਕ ਅਰਥ (Intended meaning), ਪ੍ਰਸੰਗਿਕ ਅਰਥ (Contextual meaning), ਰੂਪਕੀ ਅਰਥ (Metaphorical meaning) ਅਤੇ ਸੁਝਾਊ ਅਰਥ (Suggestuve meaning)। ਭਰਤ੍ਰਹਰੀ ਅਰਥ ਬਾਰੇ ਚਰਚਾ ਕਰਦਾ ਹੋਇਆ ਪ੍ਰਾਥਮਿਕ ਅਤੇ ਰੂਪਕੀ ਅਰਥ ਦਾ ਨਿਖੇੜਾ ਕਰਦਾ ਹੈ। ਸ਼ਬਦ ਦਾ ਸਾਧਾਰਨ ਪ੍ਰਚਲਤ ਅਰਥ ਉਸ ਦਾ 'ਪ੍ਰਾਥਮਿਕ ਅਰਥ' ਹੁੰਦਾ ਹੈ, ਜਦਕਿ 'ਰੂਪਕੀ ਅਰਥ' ਸਾਹਿਤਕ ਅਰਥ ਨੂੰ ਦਰਸਾਉਂਦਾ ਹੈ। ਉਸ ਅਨੁਸਾਰ ਰੂਪਕੀ ਅਰਥ ਨੂੰ ਕੇਵਲ ਵਾਕ ਅਤੇ ਉਸ ਵਿਸ਼ੇਸ਼ ਸਥਿਤੀ ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ, ਜਿਸ ਵਿਚ ਵਾਕ ਉਚਾਰਿਆ ਜਾਂਦਾ ਹੈ। ਜਦੋਂ ਮਾਂ ਇਹ ਕਹਿੰਦੀ ਹੈ "ਸ਼ੇਰ ਉਨ੍ਹਾਂ ਬੱਚਿਆਂ ਨੂੰ ਖਾ ਜਾਂਦਾ ਹੈ, ਜੋ ਰੋਂਦੇ ਹਨ" ਤਾਂ ਸੁਹਿਰਦ ਸਰੋਤਾ ਇਹ ਸਮਝ ਜਾਂਦਾ ਹੈ ਕਿ ਇਥੇ ਰੂਪਕੀ ਅਰਥ ਬੱਚੇ ਨੂੰ ਚੁੱਪ ਕਰਾਉਣ ਲਈ ਉਸ ਦੇ ਮਨ ਵਿਚ ਡਰ ਪੈਦਾ ਕਰਨ ਦੇ ਹਨ। ਭਰਤ੍ਰਹਰੀ ਅਨੁਸਾਰ ਸ਼ਬਦ ਆਪਣੇ-ਆਪ ਵਿਚ ਰੂਪਕੀ ਅਰਥਾਂ ਦੇ ਧਾਰਨੀ ਨਹੀਂ ਹੋ ਸਕਦੇ ਬਲਕਿ ਵਾਕਾਤਮਕ ਪ੍ਰਸੰਗ ਰੂਪਕੀ ਅਰਥਾਂ ਨੂੰ ਪ੍ਰਗਟ ਕਰਦੇ ਹਨ।[18] ਇੱਕ ਭਾਸ਼ਾਈ ਪ੍ਰਗਟਾਵੇ ਦੇ ਅਰਥ ਕੇਵਲ ਉਸ ਦੇ ਰੂਪ ਦੁਆਰਾ ਨਿਰਧਾਰਤ ਨਹੀਂ ਹੁੰਦੇ, ਬਲਕਿ ਇਹ ਪ੍ਰਸੰਗਿਕ ਤੱਤਾਂ ਉੱਪਰ ਨਿਰਭਰ ਕਰਦੇ ਹਨ। ਪ੍ਰਸੰਗ ਦੇ ਇਹ ਨਿਰਮਾਣਕਾਰੀ ਤੱਤ: ਵਾਕਾਤਮਕ ਸਬੰਧ (Syntactical relation), ਪ੍ਰਯੋਜਨ (Purpose), ਸਥਿਤੀ (Situation), ਉਚਿਤਤਾ (Propriety), ਸਥਾਨ (Space), ਅਤੇ ਕਾਲ (Time) ਹਨ। ਇਹ ਤੱਤ ਕਿਸੇ ਇੱਕ ਭਾਸ਼ਾ ਤਕ ਸੀਮਤ ਨਹੀਂ ਹੁੰਦੇ ਬਲਕਿ ਸਰਬਵਿਆਪੀ ਹੁੰਦੇ ਹਨ।[19] ਸੋ ਭਰਤ੍ਰਹਰੀ ਦੇ ਮੱਤ ਅਨੁਸਾਰ ਅਰਥ ਦੇ ਸੰਦਰਭ ਵਿਚ ਪਾਠ ਦੇ ਪ੍ਰਸੰਗ ਅਤੇ ਸਰੋਤੇ/ਪਾਠਕ ਦੀ ਪ੍ਰਤਿਭਾ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਵਿਚ ਰੂਪਕੀ ਅਰਥ (Metaphorical meaning) ਨੂੰ ਪ੍ਰਸੰਗ-ਆਧਾਰਿਤ ਮੰਨਿਆ ਗਿਆ ਹੈ ਕਿਉਂਕਿ ਸਾਹਿਤਕ ਭਾਸ਼ਾ ਦੀ ਪ੍ਰਕਿਰਤੀ ਰੂਪਕੀ ਹੁੰਦੀ ਹੈ। ਸਾਹਿਤਕ ਪਾਠ ਦੇ ਵਿਭਿੰਨ ਪ੍ਰਸੰਗ ਇੱਕ ਹੀ ਅਰਥ ਵਿਗਿਆਨਕ ਇਕਾਈ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕਰਦੇ ਹਨ। ਇਸ ਲਈ ਇੱਕ ਸਾਹਿਤਕ ਕਿਰਤ ਦੀ ਸੰਚਾਰਾਤਮਕਤਾ ਉਜਾਗਰ ਕਰਨ ਲਈ ਇਸ ਦੇ ਕੁਲ ਪਾਠਾਤਮਕ ਪ੍ਰਸੰਗਾਂ ਦਾ ਵਿਸ਼ਲੇਸ਼ਣ ਲੋੜੀਂਦਾ ਹੈ। ਭਰਤ੍ਰਹਰੀ ਨੇ 'ਵਾਕਯਪਦੀਯੰ' ਵਿਚ ਅਰਥ-ਨਿਰਧਾਰਨ ਦੀ ਪ੍ਰਕਿਰਿਆ ਦੌਰਾਨ ਵਕਤੇ ਤੇ ਸਰੋਤੇ ਦੀ ਬੁੱਧੀ ਅਤੇ ਗਿਆਨ ਦੀ ਕੇਂਦਰੀ ਭੂਮਿਕਾ ਨੂੰ ਉਜਾਗਰ ਕੀਤਾ ਹੈ। ਉਸ ਅਨੁਸਾਰ ਵਕਤਾ ਆਪਣੀ ਬੁੱਧੀ ਦੇ ਅਨੁਰੂਪ ਜਿਵੇਂ ਸ਼ਬਦ ਦੇ ਅਰਥ ਦਾ ਨਿਰੂਪਣ ਕਰਦਾ ਹੈ ਉਵੇਂ ਹੀ ਉਸ ਦਾ ਅਰਥ-ਸੰਚਾਰ ਹੋ ਜਾਂਦਾ ਹੈ। ਇਸ ਲਈ ਇੱਕ ਹੀ ਸ਼ਬਦ ਨੂੰ ਇੱਕ ਵਕਤਾ ਇੱਕ ਪ੍ਰਸੰਗ ਵਿਚ ਪ੍ਰਯੋਗ ਕਰਕੇ ਇੱਕ ਭਾਵ ਨੂੰ ਵਿਅਕਤ ਕਰਦਾ ਹੈ ਅਤੇ ਦੂਜਾ

ਵਕਤਾ ਉਸੇ ਸ਼ਬਦ ਨੂੰ ਦੂਜੇ ਪ੍ਰਸੰਗ ਵਿਚ ਵਰਤ ਕੇ ਦੂਜਾ ਅਰਥ ਪ੍ਰਗਟ ਕਰਦਾ ਹੈ। ਇਸੇ ਤਰ੍ਹਾਂ ਇੱਕ ਪ੍ਰਗਟ ਉਚਾਰ ਤੋਂ ਹਰੇਕ ਵਿਅਕਤੀ ਦੇ ਵਿਲੱਖਣ ਦ੍ਰਿਸ਼ਟੀਕੋਣ ਅਨੁਸਾਰ ਹੀ ਅਰਥ-ਸੰਚਾਰ ਦਾ ਨਿਰਧਾਰਨ ਹੁੰਦਾ ਹੈ। ਭਰਤ੍ਰਹਰੀ ਅਨੁਸਾਰ ਇੱਕ ਹੀ ਵਸਤੂ ਨੂੰ ਵਿਭਿੰਨ ਵਿਅਕਤੀ ਕੇਵਲ ਆਪਣੇ ਗਿਆਨ ਅਤੇ ਵਾਸਨਾ ਦੇ ਭੇਦ ਕਰਕੇ ਹੀ ਭਿੰਨ-ਭਿੰਨ ਨਹੀਂ ਸਮਝਦੇ ਬਲਕਿ ਕਾਲ ਅਤੇ ਅਵਸਥਾ ਦੇ ਭੇਦ ਕਰਕੇ ਵੀ ਭਿੰਨ ਸਮਝਦੇ ਹਨ। ਵਾਸਤਵ ਵਿਚ ਮਨੁੱਖ ਪੂਰਨ ਤੱਤ ਗਿਆਤਾ ਨਹੀਂ ਹੈ। ਉਸ ਦਾ ਗਿਆਨ ਅਪੂਰਨ ਅਤੇ ਅਵਿਵਸਥਿਤ ਹੁੰਦਾ ਹੈ। ਇਸ ਲਈ ਉਸ ਦਾ ਸ਼ਬਦ-ਪ੍ਰਯੋਗ ਵੀ ਸਦਾ ਅਵਿਵਸਥਿਤ ਅਤੇ ਅਪੂਰਨ ਹੁੰਦਾ ਹੈ।[20] ਇਸ ਵਿਚ ਪਰਿਵਰਤਨ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। ਇਸੇ ਲਈ ਭਰਤ੍ਰਹਰੀ ਨੇ ਅਰਥ ਦੇ ਪ੍ਰਸੰਗਿਕ ਰੂਪ ਦਾ ਸੰਕਲਪ ਪ੍ਰਸਤੁਤ ਕੀਤਾ। ਉਸ ਅਨੁਸਾਰ ਪ੍ਰਸੰਗਿਕ ਵਰਤੋਂ ਦੇ ਆਧਾਰ 'ਤੇ ਅਰਥ ਦੀਆਂ ਅਸੀਮ ਪਰਤਾਂ ਉਜਾਗਰ ਹੁੰਦੀਆਂ ਹਨ।

II.4. ਅਰਥ-ਅਧਿਐਨ ਅਤੇ ਬੋਧੀ ਚਿੰਤਨ-ਦ੍ਰਿਸ਼ਟੀ : ਭਾਰਤੀ ਭਾਸ਼ਾ-ਚਿੰਤਨ ਦੀ ਪਰੰਪਰਾ ਵਿਚ ਬੋਧੀ ਗਿਆਨ-ਸ਼ਾਸਤਰ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਨੇ ਅਰਥ ਦੀ ਅਨਿਸ਼ਚਤਤਾ 'ਤੇ ਬਲ ਦਿੱਤਾ। ਬੋਧੀ ਦਾਰਸ਼ਨਿਕ ਦਿੰਗਨਾਗ ਅਨੁਸਾਰ ਯਥਾਰਥ ਇੱਕ ਨਿਰੰਤਰ ਪ੍ਰਵਾਹ (Eternal flux) ਵਿਚ ਗਤੀਸ਼ੀਲ ਹੈ। ਅਸੀਂ ਕੇਵਲ ਇਸ ਦੇ ਤੱਤਕਾਲੀ ਬਿੰਦੂਆਂ ਨੂੰ ਹੀ ਸਮਝ ਸਕਦੇ ਹਾਂ ਅਤੇ ਇਸ ਸਮਝ ਦੇ ਆਧਾਰ 'ਤੇ ਅਸੀਂ ਸੰਕਲਪਿਕ ਸੰਰਚਨਾਵਾਂ ਦੀ ਸਿਰਜਣਾ ਕਰਦੇ ਹਾਂ। ਜਿਹਨਾਂ ਸੰਕਲਪਿਕ ਸੰਰਚਨਾਵਾਂ ਦੀ ਸਿਰਜਣਾ ਮਨੁੱਖ ਕਰਦਾ ਹੈ, ਉਹੀ ਉਸ ਦੀ ਭਾਸ਼ਾ ਦੇ ਸ਼ਬਦਾਂ ਜਾਂ ਉਚਾਰਾਂ ਦਾ ਰੂਪ ਧਾਰਦੇ ਹਨ। ਬੋਧੀ ਦਾਰਸ਼ਨਿਕਾਂ ਦੀ ਇਸ ਧਾਰਨਾ ਦੇ ਵਿਪਰੀਤ ਹੋਰ ਭਾਰਤੀ ਯਥਾਰਥਵਾਦੀ ਭਾਸ਼ਾ ਚਿੰਤਕ ਮੰਨਦੇ ਹਨ ਕਿ ਇਹ ਸ਼ਬਦ ਅਤੇ ਉਚਾਰ ਪਹਿਲਾਂ ਤੋਂ ਹੀ ਹੋਂਦ ਰੱਖਦੇ ਹਨ। ਇਨ੍ਹਾਂ ਦੀਆਂ ਧੁਨੀਆਂ ਸਦੀਵੀ ਹਨ ਅਤੇ ਇਨ੍ਹਾਂ ਦੇ ਅਰਥ ਇੱਕ ਵਾਰ ਵਿਚ ਹੀ ਸਾਰਿਆਂ ਲਈ ਨਿਸ਼ਚਤ ਕਰ ਦਿੱਤੇ ਗਏ ਹਨ। ਵਿਆਕਰਨਕਾਰਾਂ ਦਾ ਪ੍ਰਯੋਜਨ ਦੇਵਤਿਆਂ ਦੀ ਇਸ ਭਾਸ਼ਾ ਦਾ, ਇਸ ਦੀਆਂ ਧੁਨੀਆਂ ਅਤੇ ਅਰਥਾਂ ਦਾ ਪੂਰਨ ਸ਼ੁੱਧਤਾ ਸਹਿਤ ਵਰਣਨ ਕਰਨਾ ਹੈ। ਭਾਸ਼ਾ ਦੇ ਅਜਿਹੇ ਯਥਾਰਥਵਾਦੀ ਦਰਸ਼ਨ ਵਿਚੋਂ ਪਾਣਿਨੀ ਅਤੇ ਭਰਤ੍ਰਹਰੀ ਜਿਹੇ ਵਿਆਕਰਨਕਾਰਾਂ ਦੀ ਪਰੰਪਰਾ ਦਾ ਜਨਮ ਹੋਇਆ ਜਿਹਨਾਂ ਦਾ ਭਾਸ਼ਾ-ਅਧਿਐਨ ਭਾਵੇਂ ਵਰਣਨਾਤਮਕ (Desctiptive) ਸੀ ਪਰ ਇਨ੍ਹਾਂ ਦਾ ਪ੍ਰਯੋਜਨ ਆਦੇਸ਼ਾਤਮਕ ਅਤੇ ਆਦਰਸ਼ਕ (Prescriptive and normative) ਸੀ। ਦਿੰਗਨਾਗ ਅਤੇ ਧਰਮਕੀਰਤੀ ਜਿਹੇ ਬੋਧੀ ਚਿੰਤਕਾਂ ਨੇ ਇਹ ਸਥਾਪਨਾ ਦਿੱਤੀ ਕਿ ਜਿਵੇਂ ਭਾਸ਼ਾ ਦੇ ਸ਼ਬਦ ਮਨੁੱਖ ਦੁਆਰਾ ਸਿਰਜਤ ਸੰਕਲਪਿਕ ਸੰਰਚਨਾਵਾਂ ਹਨ ਉਵੇਂ ਹੀ ਇਹ ਮਨੁੱਖੀ ਸਮਝ ਅਤੇ ਵਿਆਖਿਆ ਦਾ ਵਿਸ਼ਾ ਹਨ। ਇਥੇ ਨਾ ਤਾਂ ਕੋਈ ਸਦੀਵੀ ਤੇ ਸ਼ੁੱਧ ਧੁਨੀਆਂ ਹਨ ਅਤੇ ਨਾ ਹੀ ਕੋਈ ਸਦੀਵੀ ਤੇ ਸ਼ੁੱਧ ਅਰਥ ਹਨ। ਭਾਸ਼ਾ ਕਿਸੇ ਵੀ ਹੋਰ ਯਥਾਰਥ ਵਾਂਗ ਹੀ ਖੜੋਤਮਈ ਹੋਂਦ ਨਹੀਂ ਹੈ। ਇਹ ਨਿਰੰਤਰ ਪ੍ਰਵਾਹ ਵਿਚ ਹੈ। ਸੰਕਲਪਿਕ ਸੰਰਚਨਾਵਾਂ ਤੇ ਅਰਥ ਵੀ ਨਿਰੰਤਰ ਸਿਰਜੇ ਜਾ ਰਹੇ ਹਨ ਅਤੇ ਕਿਸੇ ਵੀ ਹੋਰ ਮਨੁੱਖੀ ਸਿਰਜਣਾ ਦੀ ਤਰ੍ਹਾਂ ਇਹ ਵੀ ਉੱਸਰਦੇ ਅਤੇ ਢਹਿੰਦੇ ਹਨ।[21] ਬੋਧੀ ਦਰਸ਼ਨ ਵਿਚ ਭਾਸ਼ਾਈ ਪ੍ਰਵਾਹਮਾਨਤਾ (linguistic flux) ਦੀ ਇਹ ਧਾਰਨਾ ਯੱਕ ਦੈਰੀਦਾ ਦੁਆਰਾ ਪ੍ਰਸਤੁਤ ਭਾਸ਼ਾਈ ਚਿਹਨਾਂ ਦੀ ਮੁਕਤ ਕ੍ਰੀੜਾ (Free play) ਦੇ ਸਿੱਧਾਂਤ ਦੇ ਕਾਫੀ ਨਜ਼ਦੀਕ ਹੈ। ਭਾਰਤੀ ਗਿਆਨ-ਸ਼ਾਸਤਰ ਵਿਚ ਬੋਧੀ ਪਰੰਪਰਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਧੇਰੇ ਮਸਲਿਆਂ ਵਿਚ ਨਿਆਇ ਪਰੰਪਰਾ ਤੋਂ ਵੀ ਵੱਧ ਤਰਕ-ਸੰਗਤ ਤੇ ਪ੍ਰਸੰਗਿਕ ਹੈ। ਇਹ ਪਰਾਭੌਤਿਕਤਾ ਅਤੇ ਵਿਚਾਰਵਾਦ ਦੀ ਧਾਰਨਾ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ। ਇਸ ਅਨੁਸਾਰ ਮੁੱਦੇ ਕਿਸੇ ਪਰਭੌਤਿਕ ਧਾਰਨਾ ਤੋਂ ਪੈਦਾ ਨਹੀਂ ਹੁੰਦੇ ਅਤੇ ਨਾ ਹੀ ਕਿਸੇ ਅਜਿਹੇ ਅੰਤਿਮ ਨਤੀਜੇ 'ਤੇ ਜਾ ਕੇ ਮੁੱਕਦੇ ਹਨ। ਇਹ ਸ਼ਬਦ ਅਤੇ ਅਰਥ ਦੇ ਕੁਦਰਤੀ ਅਤੇ

ਸਦੀਵੀ ਸਬੰਧ ਤੋਂ ਵੀ ਇਨਕਾਰੀ ਹਨ। ਬੋਧੀ ਭਾਸ਼ਾ-ਦਰਸ਼ਨ ਸ਼ਬਦ ਅਤੇ ਅਰਥ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਭਿੰਨਾਤਮਕ ਮੰਨ ਇਸ ਦੀ ਤਾਰਕਿਕ ਵਿਆਖਿਆ ਕਰਦਾ ਹੈ।[22] ਭਰਤ੍ਰਹਰੀ ਜਿਥੇ ਅਵੰਡ ਵਾਕ-ਸਫੋਟ ਦੀ ਗੱਲ ਕਰਦਾ ਹੈ ਉਥੇ ਬੋਧੀ ਭਾਸ਼ਾ-ਚਿੰਤਨ ਦੀ ਦ੍ਰਿਸ਼ਟੀ ਇਸ ਸਿੱਧਾਂਤ ਤੋਂ ਬਿਲਕੁਲ ਭਿੰਨ ਹੈ। ਬੋਧੀ ਚਿੰਤਕ ਧਰਮਕੀਰਤੀ ਅਰਥ ਦੀ ਸਮੁੱਚਤਾ ਦੀ ਬਜਾਇ ਇਸ ਦੀ ਹੋਂਦ ਨੂੰ ਉਚਾਰਨ ਦੇ ਨਿੱਕੇ ਤੋਂ ਨਿੱਕੇ ਅੰਸ਼ ਵਿਚ ਨਿਖੇੜ ਕੇ ਵੇਖਣ ਦੇ ਹੱਕ ਵਿਚ ਹੈ। ਉਸ ਅਨੁਸਾਰ ਇੱਕ ਵਾਕ ਦੇ ਅਰਥ ਦੀ ਹੋਂਦ-ਵਿਧੀ ਇਸ ਵਿਚਲੇ ਨਾ ਕੇਵਲ ਸ਼ਬਦਾਂ ਬਲਕਿ ਧੁਨੀਆਂ ਦੇ ਪੱਧਰ ਤੱਕ ਨਿਖੜੀ ਹੁੰਦੀ ਹੈ। ਉਸ ਅਨੁਸਾਰ :

> The sentence [as a meaningful unit] (vakya), which is different from the constituent phonemes (Varna), does not exist. It is because we have no means to perceive it. Infact when we hear a world as sentence, 'Devdatt' for example, we perceive there no appearance of the mental image (of single whole) but of the individual phoneme/d/ and so on……. If [the mental image] that is regarded as an object of the cognition does not appear anywhere in the cognition we can not determine it as existent or as different.[23]

ਅਰਥ ਦੀ ਹੋਂਦ-ਵਿਧੀ ਸਬੰਧੀ ਬੋਧੀ ਦ੍ਰਿਸ਼ਟੀ ਮੂਲ ਰੂਪ ਵਿਚ ਨਿਖੇਧ ਦੇ ਸਿੱਧਾਂਤ (Theory of negation) 'ਤੇ ਉੱਸਰੀ ਹੈ। ਦਿੰਗਨਾਗ ਦਾ ਕਹਿਣਾ ਹੈ ਕਿ ਸ਼ਬਦ ਅਜਿਹਾ ਵਿਕਲਪ ਹੈ ਜਿਸਦੀ ਪ੍ਰਮੁੱਖ ਵਿਸ਼ੇਸ਼ਤਾ ਉਸ ਦੀ ਨਾਕਾਰਾਤਮਕਤਾ ਹੈ। ਆਪਣੀ ਜਾਤੀ ਦੇ ਹੋਰਨਾਂ ਸਾਰੇ ਤੱਤਾਂ ਨਾਲ ਉਸ ਦਾ ਸਬੰਧ ਭਿੰਨਤਾਮੂਲਕ ਹੈ। ਇਸ ਤਰ੍ਹਾਂ ਉਹ ਦੈਰੀਦਾ ਦੇ 'ਡਿਫਰਾਂਸ' ਦੇ ਬਹੁਤ ਲਾਗੇ ਚਲਾ ਜਾਂਦਾ ਹੈ।[24] ਬੋਧੀ ਚਿੰਤਨ ਦੇ ਅੰਤਰਗਤ ਅਰਥ ਦੀ ਨਿਖੇਧ-ਆਧਾਰਿਤ ਸੰਕਲਪਨਾ ਦਾ ਸੂਤ੍ਰਿਕ ਰੂਪ 'ਅਪੋਹ' ਸਿੱਧਾਂਤ ਹੈ। ਅਪੋਹ ਸਿੱਧਾਂਤ ਅਨੁਸਾਰ ਸ਼ਬਦ ਅਤੇ ਅਰਥ ਵਿਚ ਕੋਈ ਸਿੱਧਾ ਸਬੰਧ ਨਹੀਂ ਹੈ। ਅਪੋਹ ਦਾ ਮੂਲ ਭਾਵ ਹੈ 'ਨਾਕਾਰਨਾ' ਅਰਥਾਤ ਨਿਖੇਧ ਕਰਨਾ।[25] ਅਪੋਹਵਾਦੀਆਂ ਅਨੁਸਾਰ ਸ਼ਬਦ ਅਤੇ ਵਸਤੂ ਦੇ ਸਿੱਧੇ ਸਬੰਧ ਵਿਚੋਂ ਅਰਥ ਪੈਦਾ ਨਹੀਂ ਹੁੰਦਾ, ਬਲਕਿ ਸ਼ਬਦ ਰਾਹੀਂ ਹੋਰਨਾ ਵਸਤੂਆਂ ਦੇ ਨਿਖੇਧ ਵਿਚੋਂ ਇੱਕ ਵਸਤੂ ਦੀ ਵਿਸ਼ੇਸ਼ਤਾ ਦਾ ਬੋਧ ਹੁੰਦਾ ਹੈ ਜਿਸ ਨੂੰ 'ਅਰਥ' ਸਮਝਿਆ ਜਾਂਦਾ ਹੈ। ਜਿਵੇਂ 'ਗਾਂ' ਸ਼ਬਦ ਸਿੱਧਾ ਹੀ ਇੱਕ ਖਾਸ ਪਸ਼ੂ (ਵਸਤੂ) ਦਾ ਬੋਧ ਨਹੀਂ ਕਰਾਉਂਦਾ ਬਲਕਿ ਪਹਿਲਾਂ ਉਨ੍ਹਾਂ ਸਾਰਿਆਂ ਪੂਸ਼ਆਂ ਦਾ ਨਿਖੇਧ ਕਰਦਾ ਹੈ ਜੋ 'ਗਾਂ' ਨਹੀਂ ਹਨ ਜਿਵੇਂ ਕਿ ਘੋੜੀ, ਬੱਕਰੀ, ਭੇਡ ਆਦਿ ਅਤੇ ਫਿਰ ਗਾਂ ਤਕ ਪਹੁੰਚਦਾ ਹੈ। ਇਵੇਂ ਅਪੋਹ ਦੁਆਰਾ ਹੋਰਨਾਂ ਵਸਤੂਆਂ ਦਾ ਨਿਖੇਧ ਹੋਣ ਉਪਰੰਤ ਅਨੁਮਾਨ ਦੁਆਰਾ 'ਗਾਂ' ਦਾ ਬੋਧ ਹੁੰਦਾ ਹੈ। ਸਰਵਪ੍ਰਥਮ ਅਪੋਹ ਸਿੱਧਾਂਤ ਦਾ ਵਰਣਨ ਦਿੰਗਨਾਗ ਨੇ ਆਪਣੇ ਗ੍ਰੰਥ **ਪ੍ਰਮਾਣ ਸਮੁੱਚਯ** ਵਿਚ ਕੀਤਾ। ਬਾਅਦ ਵਿਚ ਰਤਨਕੀਰਤੀ ਨੇ ਇਸ ਨੂੰ ਸਪੱਸ਼ਟ ਕਰਨ ਵਿਚ ਯੋਗਦਾਨ ਪਾਇਆ। ਉਸ ਨੇ ਆਪਣੇ ਗ੍ਰੰਥ **ਅਪੋਹਸਿਧੀ** ਵਿਚ 'ਵਸ਼ਿਸ਼ਟ ਅਪੋਹਵਾਦ' ਦੀ ਸਥਾਪਨਾ ਕੀਤੀ। ਇਥੇ ਉਸ ਨੇ ਅਰਥ-ਬੋਧ ਵਿਚ ਨਿਖੇਧ ਅਤੇ ਪੁਸ਼ਟੀ (Affirmation) ਦੀ ਪ੍ਰਕਿਰਿਆ ਨੂੰ ਸਪੱਸ਼ਟ ਕੀਤਾ। ਉਸ ਅਨੁਸਾਰ ਨਾ ਕੇਵਲ ਵਸਤੂ-ਵਿਸ਼ੇਸ਼ ਦੀ ਪੁਸ਼ਟੀ ਅਤੇ ਨਾ ਹੀ ਹੋਰਨਾ ਵਸਤੂਆਂ ਦਾ ਨਿਖੇਧ ਅਰਥ-ਬੋਧ ਕਰਾਉਂਦਾ ਹੈ ਬਲਕਿ ਹੋਰਨਾਂ ਵਸਤੂਆਂ ਦਾ ਨਿਖੇਧ ਅਤੇ ਵਸ਼ਿਸ਼ਟ ਵਸਤੂ ਦੀ ਪੁਸ਼ਟੀ ਸੰਯੁਕਤ ਰੂਪ ਵਿਚ ਅਰਥ ਦਾ ਬੋਧ ਕਰਾਉਂਦੇ ਹਨ। ਰਤਨਕੀਰਤੀ ਅਨੁਸਾਰ ਇਹ ਨਿਖੇਧ ਅਤੇ ਪੁਸ਼ਟੀ ਅੱਗੇ-ਪਿੱਛੇ ਨਹੀਂ ਬਲਕਿ ਨਾਲੋ-ਨਾਲ ਹੁੰਦੇ ਹਨ। ਅਰਥ ਤੱਤ ਦੀ ਨਾਕਾਰਾਤਮਕਤਾ ਅਤੇ ਸਾਕਾਰਾਤਮਕਤਾ ਦਾ ਇਹ ਬੋਧ ਸੰਯੁਕਤ ਹੁੰਦਾ ਹੈ।

III

ਅਰਥ ਵਿਗਿਆਨ : ਆਧੁਨਿਕ ਭਾਸ਼ਾ ਵਿਗਿਆਨ ਪਰਿਪੇਖ:

ਅਰਥ ਦੀ ਸੂਖਮ, ਅਦ੍ਰਿਸ਼ਟ ਅਤੇ ਜਟਿਲ ਹੋਂਦ ਕਾਰਨ ਮੁੱਢਲੇ ਭਾਸ਼ਾ ਵਿਗਿਆਨੀ ਅਰਥ-ਅਧਿਐਨ ਪ੍ਰਤੀ ਉਦਾਸੀਨ ਹੀ ਰਹੇ। ਆਧੁਨਿਕ ਭਾਸ਼ਾ ਵਿਗਿਆਨ ਵਿਚ ਧੁਨੀ ਵਿਗਿਆਨ, ਸਾਰਥਕ ਧੁਨੀ ਵਿਗਿਆਨ, ਭਾਵੰਸ਼ ਵਿਗਿਆਨ ਅਤੇ ਵਾਕ ਵਿਗਿਆਨ ਦਾ ਵਿਕਾਸ ਪਹਿਲਾਂ ਹੋਇਆ ਜਦਕਿ ਅਰਥ ਵਿਗਿਆਨ ਦਾ ਵਿਕਾਸ ਕਾਫੀ ਮਗਰੋਂ ਹੋਇਆ। ਇਸ ਦਾ ਕਾਰਨ ਅਰਥ ਸਬੰਧੀ ਸਪੱਸ਼ਟ ਸੋਚ ਦੀ ਘਾਟ ਸੀ। ਪਹਿਲਾਂ ਸ਼ਬਦਾਂ ਨੂੰ ਵਸਤੂਆਂ ਨਾਲ ਸਬੰਧਤ ਕਰਕੇ ਵੇਖਿਆ ਜਾਂਦਾ ਸੀ ਅਤੇ ਅਰਥਾਂ ਨੂੰ ਠੋਸ ਹੋਂਦਾਂ (Concrete entities) ਸਮਝ ਲਿਆ ਜਾਂਦਾ ਸੀ। ਬਾਅਦ ਵਿਚ ਇਹ ਧਾਰਨਾ ਬਣੀ ਕਿ ਅਰਥਾਂ ਦਾ ਅਧਿਐਨ ਬੁਲਾਰਿਆਂ ਦੇ ਵਸਤੂ-ਜਗਤ ਦੀ ਪੂਰੀ ਜਾਣਕਾਰੀ ਤੋਂ ਬਿਨ੍ਹਾਂ ਨਹੀਂ ਹੋ ਸਕਦਾ। ਬਲੂਮਫੀਲਡ ਦਾ ਕਥਨ ਹੈ, "ਹਰੇਕ ਭਾਸ਼ਾਈ ਰੂਪ ਦੇ ਅਰਥ ਦੀ ਵਿਗਿਆਨਕ ਤੌਰ 'ਤੇ ਸਪੱਸ਼ਟ ਪਰਿਭਾਸ਼ਾ ਦੇਣ ਲਈ ਸਾਨੂੰ ਬੁਲਾਰਿਆਂ ਦੇ ਵਸਤੂ-ਜਗਤ ਦਾ ਵਿਗਿਆਨਕ ਤੌਰ 'ਤੇ ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਦੇ ਮੁਕਾਬਲੇ ਮਨੁੱਖੀ ਗਿਆਨ ਦਾ ਵਾਸਤਵਿਕ ਫੈਲਾਅ ਅਜੇ ਬਹੁਤ ਘੱਟ ਹੈ। ਇਸ ਲਈ ਅਰਥ ਦੀ ਸਮੱਸਿਆ ਭਾਸ਼ਾ ਦੇ ਅਧਿਐਨ ਵਿਚ ਇੱਕ ਕਮਜ਼ੋਰ ਨੁਕਤਾ ਹੈ ਅਤੇ ਇਹ ਇਸੇ ਹਾਲਤ ਵਿਚ ਉਦੋਂ ਤਕ ਰਹੇਗਾ ਜਦੋਂ ਤੱਕ ਮਨੁੱਖੀ ਗਿਆਨ ਅੱਜ ਨਾਲੋਂ ਚੋਖਾ ਵਿਕਸਤ ਨਹੀਂ ਹੋ ਜਾਂਦਾ।"[26] ਇੱਕ ਪੜਾਅ ਅਜਿਹਾ ਵੀ ਆਇਆ ਜਦੋਂ ਅਰਥਾਂ ਦੀ ਸਮੱਸਿਆ ਨੂੰ ਦਾਰਸ਼ਨਿਕ ਅਤੇ ਮਨੋਵਿਗਿਆਨਕ ਪੱਧਰ 'ਤੇ ਨਜਿੱਠਣ ਦੇ ਸੁਝਾਅ ਦਿੱਤੇ ਗਏ। ਇਸ ਤਰਾਂ ਦਾਰਸ਼ਨਿਕਾਂ ਅਤੇ ਮਨੋਵਿਗਿਆਨੀਆਂ ਆਦਿ ਨੇ ਵੀ ਅਰਥ-ਅਧਿਐਨ ਲਈ ਮਨੁੱਖੀ ਸੋਚ ਅਤੇ ਭਾਸ਼ਾਈ ਪ੍ਰਗਟਾਵੇ ਦੇ ਸਬੰਧ ਨੂੰ ਸਮਝਣ ਬਾਰੇ ਮਿਥਿਤ ਸਥਾਪਨਾਵਾਂ ਦਿੱਤੀਆਂ। ਸੂਤਰਿਕ ਰੂਪ ਵਿਚ ਅਰਥ ਵਿਗਿਆਨ ਦੇ ਅਧਿਐਨ ਵਿਚ ਦੇਰੀ ਦੇ ਤਿੰਨ ਮੂਲ ਕਾਰਨ ਸਨ :

- ਭਾਸ਼ਾ ਵਿਗਿਆਨ ਦੇ ਵਧੇਰੇ ਸਕੂਲਾਂ ਦੀ ਦਿਲਚਸਪੀ ਧੁਨੀਆਂ, ਸ਼ਬਦਾਂ ਅਤੇ ਵਾਕਾਂ ਤਕ ਸੀਮਤ ਰਹੀ।
- ਅਰਥ ਵਿਗਿਆਨ ਦੀ ਅਧਿਐਨ-ਵਸਤੂ ਨੂੰ ਪਰਿਭਾਸ਼ਤ ਕਰਨਾ ਕਠਿਨ ਸਮੱਸਿਆ ਸੀ।
- ਅਰਥ-ਅਧਿਐਨ ਲਈ ਵਿਗਿਆਨਕ ਵਿਧੀ ਦੀ ਅਣਹੋਂਦ ਸੀ।


ਆਧੁਨਿਕ ਅਰਥ ਵਿਗਿਆਨ ਦੇ ਸਿੱਧਾਂਤਕ ਵਿਕਾਸ ਨੂੰ ਪੂਰਵ-ਜੁਗਤਾਤਮਕ (Pre-structural), ਜੁਗਤਾਤਮਕ (Structural) ਅਤੇ ਉੱਤਰ-ਜੁਗਤਾਤਮਕ (Post-structural), ਪੜਾਵਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ।

III.1. ਪੂਰਵ-ਜੁਗਤਾਤਮਕ ਪੜਾਅ : ਅਰਥ ਵਿਗਿਆਨ ਭਾਸ਼ਾ ਵਿਗਿਆਨ ਦੇ ਇੱਕ ਵਿਸ਼ਲੇਸ਼ਣ-ਪੱਧਰ ਵਜੋਂ ਆਪਣਾ ਰੂਪ ਲਗਭਗ ਉੱਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਅਖ਼ਤਿਆਰ ਕਰਨਾ ਆਰੰਭ ਕਰਦਾ ਹੈ। ਇਸ ਲਈ ਅੰਗਰੇਜ਼ੀ ਵਿਚ ਵਰਤੀ ਜਾਂਦੀ ਮਦ Semantics ਦਾ ਵਿਕਾਸ ਯੂਨਾਨੀ ਸ਼ਬਦ Semainein ਤੋਂ ਹੋਇਆ ਮੰਨਿਆ ਜਾਂਦਾ ਹੈ, ਜਿਸ ਦਾ ਭਾਵ ਹੈ 'ਜ਼ਾਹਿਰ ਕਰਨਾ' ਜਾਂ 'ਅਰਥ ਦੇਣਾ'। ਇਹ ਮਦ ਸਭ ਤੋਂ ਪਹਿਲਾਂ ਮੀਸ਼ੈਲ ਬਰੇਲ ਨੇ ਫਰਾਂਸੀਸੀ ਭਾਸ਼ਾ ਵਿਚ 'La Semantique' ਦੇ ਰੂਪ ਵਿਚ ਵਰਤੀ। ਉਸ ਨੇਂ 1883 ਵਿਚ ਆਪਣੇ ਇੱਕ ਲੇਖ ਵਿਚ ਇਸ ਮਦ ਨੂੰ ਪਹਿਲੀ ਵਾਰ ਵਰਤਿਆ। ਅੰਗਰੇਜ਼ੀ ਵਿਚ Semantics ਮਦ ਚਾਰਲਸ ਆਰ. ਲਿਨਮੈਲ ਨੇਂ ਪਹਿਲੀ ਵਾਰ ਵਰਤੀ। ਉਸ ਨੇ ਸ਼ਬਦਾਂ ਦੇ ਇਤਿਹਾਸ ਪਿੱਛੇ ਕਾਰਜਸ਼ੀਲ ਨਿਯਮਾਂ ਦੇ ਅਧਿਐਨ ਨੂੰ Semantics ਜਾਂ Semasiology ਕਿਹਾ। ਮੀਸ਼ੈਲ ਬਰੇਲ ਅਰਥ ਵਿਗਿਆਨ ਨੂੰ ਅਰਥਾਂ ਦੇ ਵਿਗਿਆਨ ਵਜੋਂ ਦੇਖਦਾ ਹੋਇਆ ਦਸਦਾ ਹੈ ਕਿ ਇਹ ਮੂਲ ਰੂਪ ਵਿਚ ਇਤਿਹਾਸਕ ਦ੍ਰਿਸ਼ਟੀ ਤੋਂ ਅਰਥਾਂ ਵਿਚ ਵਾਪਰਦੇ ਪਰਿਵਰਤਨ ਨੂੰ ਦੇਖਣ ਤਕ ਸੀਮਤ ਨਹੀਂ ਹੈ।[27] ਸੀ. ਕੇ. ਔਗਡਨ ਅਤੇ ਆਈ. ਏ.

ਰਿਚਰਡਜ਼ ਨੇ ਆਪਣੀ ਪੁਸਤਕ **The Meaning of Meaning** (1923) ਵਿਚ ਭਾਸ਼ਾਈ ਪੱਖ ਤੋਂ ਇਲਾਵਾ ਮਨੋਵਿਗਿਆਨਕ, ਦਾਰਸ਼ਨਿਕ ਅਤੇ ਤਰਕ ਸ਼ਾਸਤਰੀ ਪੱਖਾਂ ਨੂੰ ਵੀ ਨਾਲ ਲੈ ਕੇ ਅਰਥ ਦੀ ਹੋਂਦ-ਵਿਧੀ ਨੂੰ ਸਪੱਸ਼ਟ ਕੀਤਾ। ਇਨ੍ਹਾਂ ਨੇ ਵੱਖ-ਵੱਖ ਅਨੁਸ਼ਾਸਨਾਂ ਦੇ ਸੰਦਰਭ ਵਿਚ ਕੀਤੀਆਂ ਗਈਆਂ ਅਰਥ ਦੀਆਂ ਲਗਭਗ ਬਾਈ ਪਰਿਭਾਸ਼ਾਵਾਂ ਇਕੱਤਰ ਕੀਤੀਆਂ। ਉਨ੍ਹਾਂ ਦਾ ਮੰਤਵ ਇਹ ਦਰਸਾਉਣਾ ਸੀ ਕਿ ਅਰਥ ਵਰਗੀ ਕੇਂਦਰੀ ਮਦ ਦੀ ਪਰਿਭਾਸ਼ਾ ਸਬੰਧੀ ਪਾਈ ਜਾਂਦੀ ਵਿਆਪਕ ਅਸਹਿਮਤੀ ਕਾਰਨ ਅਰਥ ਨੂੰ ਪਰਿਭਾਸ਼ਤ ਕਰਨਾ ਕਿਸ ਪ੍ਰਕਾਰ ਇੱਕ ਗੁੰਝਲਦਾਰ ਮਸਲਾ ਬਣ ਜਾਂਦਾ ਹੈ। ਉਨ੍ਹਾਂ ਨੇ ਅਰਥ ਦੇ ਸੰਕਲਪ ਨੂੰ ਨਿਮਨ ਅੰਕਿਤ ਤ੍ਰਿਕੋਣ (ਰੇਖਾ-ਚਿਤਰ : 2) ਦੇ ਮਾਧਿਅਮ ਰਾਹੀਂ ਸਪੱਸ਼ਟ ਕਰਨ ਦਾ ਯਤਨ ਕੀਤਾ :

ਰੇਖਾ-ਚਿਤਰ :2

ਸੰਕਲਪ/ਸੋਚ ਜਾਂ ਹਵਾਲਾ
(Concept/Thought or Reference)



ਸ਼ਬਦ/ਪ੍ਰਤੀਕ
(Word/Symbol)

ਵਸਤੂ/ਹਵਾਲਾ-ਬਿੰਦੂ
(Object/Referent)

ਉਪਰੋਕਤ ਤ੍ਰਿਕੋਣ ਵਿਚ 'ਪ੍ਰਤੀਕ' ਤੋਂ ਭਾਵ ਹੈ 'ਸ਼ਬਦ', 'ਹਵਾਲਾ-ਬਿੰਦੂ' ਤੋਂ ਭਾਵ ਹੈ ਸ਼ਬਦ ਰਾਹੀਂ ਸੰਚਾਰਿਤ ਹੋਣ ਵਾਲੇ ਸੰਕਲਪ ਨਾਲ ਜੁੜੀ 'ਵਸਤੂ' (ਪਦਾਰਥਕ ਜਾਂ ਸੰਕਲਪਿਕ) ਅਤੇ 'ਸੋਚ' ਜਾਂ ਹਵਾਲੇ ਤੋਂ ਭਾਵ ਹੈ ਹਵਾਲਾ-ਬਿੰਦੂ (ਵਸਤੂ) ਦਾ ਸ਼ਬਦ ਰਾਹੀਂ ਸੰਚਾਰਿਤ ਹੋਣ ਵਾਲਾ 'ਮਾਨਸਿਕ ਵਜੂਦ' ਜਾਂ ਸੰਕਲਪ। ਔਗਡਨ ਅਤੇ ਰਿਚਰਡਜ਼ ਅਨੁਸਾਰ ਸ਼ਬਦਾਂ ਦਾ ਉਨ੍ਹਾਂ ਵਸਤੂਆਂ ਨਾਲ ਸਿੱਧਾਂ ਸਬੰਧ ਨਹੀਂ ਹੁੰਦਾ  ਜਿਹਨਾਂ ਲਈ ਉਹ ਵਰਤੇ ਜਾਂਦੇ ਹਨ। ਇਸ ਤ੍ਰਿਕੋਣ ਵਿਚ ਸ਼ਬਦ (ਪ੍ਰਤੀਕ) ਅਤੇ ਵਸਤੂ (ਹਵਾਲਾ-ਬਿੰਦੂ) ਦਰਮਿਆਨ ਸਿੱਧੀ ਅਤੇ ਗੂੜ੍ਹੀ ਰੇਖਾ ਦੀ ਬਜਾਇ ਬਿੰਦੂਆਂ ਵਾਲੀ ਰੇਖਾ ਖਿੱਚੀ ਗਈ ਹੈ। ਇਹ ਸ਼ਬਦ ਅਤੇ ਵਸਤੂ ਦੇ ਅਸਿੱਧੇ ਸਬੰਧਾਂ ਨੂੰ ਦਰਸਾਉਂਦੀ ਹੈ। ਸ਼ਬਦ ਦਰਅਸਲ ਉਸ ਸੋਚ ਜਾਂ ਹਵਾਲੇ ਨੂੰ ਪ੍ਰਗਟ ਕਰਦਾ ਹੈ ਜੋ ਉਸ ਵਸਤੂ ਜਾਂ ਘਟਨਾ ਨਾਲ ਜੁੜਿਆ ਹੁੰਦਾ ਹੈ ਜਿਸ ਬਾਰੇ ਅਸੀਂ ਗੱਲ ਕਰ ਰਹੇ ਹੁੰਦੇ ਹਾਂ। ਇਵੇਂ ਵਸਤੂ ਅਤੇ ਉਸ ਦੇ ਭਾਸ਼ਾਈ ਪ੍ਰਗਟਾਵੇ ਦਰਮਿਆਨ ਇੱਕ ਮਾਨਸਿਕ ਹੋਂਦ ਆ ਜਾਂਦੀ ਹੈ। ਹਵਾਲਾ-ਬਿੰਦੂ ਸਪੱਸ਼ਟ ਰੂਪ ਵਿਚ ਗੈਰ-ਭਾਸ਼ਾਈ ਵਜੂਦ ਹੈ।[28] ਸੋ ਇਨ੍ਹਾਂ ਅਨੁਸਾਰ ਸ਼ਬਦ ਰਾਹੀਂ ਸੰਚਾਰਿਤ ਹੋਣ ਵਾਲੀ ਸੋਚ ਜਾਂ ਹਵਾਲਾ ਹੀ ਅਰਥ ਹੁੰਦਾ ਹੈ। ਅਰਥ ਇੱਕ ਪਾਸੇ ਸ਼ਬਦ ਨਾਲ ਅਤੇ ਦੂਜੇ ਪਾਸੇ ਹਵਾਲਾ-ਬਿੰਦੂ ਨਾਲ ਜੁੜਿਆ ਹੁੰਦਾ ਹੈ।

ਇਸ ਪ੍ਰਕਾਰ ਅਰਥ ਵਿਗਿਆਨ ਦੇ ਆਰੰਭਕ ਪੜਾਅ 'ਤੇ ਅਰਥ ਦੀ ਸੰਕਲਪਨਾ ਮੂਲ ਰੂਪ ਵਿਚ ਮਨੋਵਿਗਿਆਨਕ ਸੀ। ਸੋਚ ਜਾਂ ਵਿਹਾਰ ਜਿਹੀਆਂ ਮਾਨਸਿਕ ਹੋਂਦਾਂ ਨੂੰ ਅਰਥ ਮੰਨਿਆ ਜਾਂਦਾ ਸੀ । ਇਸ ਤਰ੍ਹਾਂ ਮੁੱਢਲੇ ਪੜਾਅ 'ਤੇ ਅਰਥ ਵਿਗਿਆਨਕ ਅਧਿਐਨ ਦੀ ਪ੍ਰਕਿਰਤੀ ਇਤਿਹਾਸਕ ਅਤੇ ਮਨੋਵਿਗਿਆਨਕ ਸੀ। ਇਸ ਸਮੇਂ ਅਰਥ ਵਿਗਿਆਨੀ ਸ਼ਾਬਦਿਕ ਅਰਥ-ਪਰਿਵਰਤਨ ਨੂੰ ਸਮਝਣ ਵੱਲ ਰੁਚਿਤ ਸਨ। ਅਰਥ ਨੂੰ ਸ਼ਬਦਾਂ ਦੇ ਇਤਿਹਾਸ ਦੇ ਸੰਦਰਭ ਵਿਚ ਵਿਚਾਰਿਆ ਜਾਂਦਾ ਸੀ ਅਤੇ

ਇਸ ਨੂੰ ਮਨੁੱਖੀ ਮਨ ਦੇ ਸੋਚ-ਪੈਟਰਨਾਂ ਦੇ ਪਰਿਵਰਤਨ ਦਾ ਅਨੁਸਾਰੀ ਮੰਨਿਆ ਜਾਂਦਾ ਸੀ। ਇਸ ਲਈ ਇਸ ਪੜਾਅ ਨੂੰ ਅਰਥ ਵਿਗਿਆਨ ਦਾ ਪੂਰਵ ਜੁਗਤਾਤਮਕ ਕਾਲ (Pre-Structural Period) ਕਿਹਾ ਜਾ ਸਕਦਾ ਹੈ।

III.2. ਜੁਗਤਾਤਮਕ ਪੜਾਅ : ਭਾਸ਼ਾ ਵਿਗਿਆਨ ਵਿਚ ਜੁਗਤਾਤਮਕ ਅਧਿਐਨ ਦੇ ਕਾਲ ਦਾ ਆਰੰਭ ਫਰਦੀਨਾ ਦਾ ਸੌਸਿਊਰ ਦੀ ਪੁਸਤਕ **Course IN General Linguistics** ਵਿਚ ਨਿਹਤ ਇਕਾਲਕ ਅਤੇ ਜੁਗਤਾਤਮਕ ਭਾਸ਼ਾ ਵਿਗਿਆਨਕ ਮਾਡਲ ਨਾਲ ਹੁੰਦਾ ਹੈ। ਸੌਸਿਊਰ ਦੇ ਇਸ ਮਾਡਲ ਤੋਂ ਸੇਧ ਲੈ ਕੇ ਹੀ ਅਰਥ ਵਿਗਿਆਨ ਵਿਚ ਵੀਜ਼ਗੈਰਬਰ ਜੁਗਤਾਤਮਕ ਪਹੁੰਚ-ਵਿਧੀ ਨੂੰ ਅਪਣਾਉਂਦਾ ਹੈ। ਉਸ ਦਾ ਵਿਚਾਰ ਹੈ ਕਿ[29]

- ਅਰਥਾਂ ਦਾ ਅਧਿਐਨ ਤੱਤਾਂ (Atomistic) ਦੀ ਥਾਂ ਜੁਗਤਾਂ (Structures) ਦੇ ਹਵਾਲੇ ਨਾਲ ਕੀਤਾ ਜਾਣਾ ਚਾਹੀਦਾ ਹੈ।
- ਅਰਥ-ਅਧਿਐਨ ਵਿਚ ਬਹੁਕਾਲਕ (diachronic) ਨਾਲੋਂ ਇਕਾਲਕ (Synchronic) ਦਾ ਪ੍ਰਾਥਮਿਕ ਮਹੱਤਵ ਹੋਣਾ ਚਾਹੀਦਾ ਹੈ।
- ਅਰਥ ਨੂੰ ਨਿਰੋਲ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਇੱਕ ਭਾਸ਼ਾਈ ਚਿੰਨ੍ਹ ਦਾ ਅਰਥ ਭਾਸ਼ਾਈ ਜੁਗਤ ਨਿਰਧਾਰਤ ਕਰਦੀ ਹੈ। ਭਾਸ਼ਾਈ ਅਰਥ ਵਿਗਿਆਨ ਨੂੰ ਕਿਸੇ ਵੀ ਮਨੋਵਿਗਿਆਨਕ ਦਖ਼ਲ ਤੋਂ ਬਿਨਾ ਅਰਥ-ਜੁਗਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਅਰਥ ਵਿਗਿਆਨ ਦੀ ਵਸਤੂ ਸਮੱਗਰੀ ਨਿਰੋਲ ਭਾਸ਼ਾਈ ਵਰਤਾਰਾ ਹੈ। ਇਸ ਲਈ ਇਸ ਦੀ ਅਧਿਐਨ-ਵਿਧੀ ਵੀ ਸੁਤੰਤਰ ਹੋਣੀ ਚਾਹੀਦੀ ਹੈ।

ਜੁਗਤਾਤਮਕ ਅਰਥ ਵਿਗਿਆਨ ਦੇ ਅੰਤਰਗਤ ਜੋਸਟ ਟਰਾਇਰ ਅਰਥ-ਘੇਰਿਆਂ (Semantic fields) ਦਾ ਵਿਸ਼ਲੇਸ਼ਣ ਆਰੰਭ ਕਰਦਾ ਹੈ। ਇਸ ਸਿੱਧਾਂਤ ਅਨੁਸਾਰ ਇੱਕ ਸ਼ਬਦ ਦੇ ਅਰਥ ਨੂੰ ਸਮਝਣ ਲਈ ਉਸ ਨਾਲ ਅਰਥ ਪੱਧਰ 'ਤੇ ਸਬੰਧਤ ਸ਼ਬਦਾਂ ਦੇ ਸਮੂਹ ਨੂੰ ਸਮਝਣਾ ਪੈਂਦਾ ਹੈ। ਇੱਕ ਅਰਥ-ਘੇਰੇ ਵਿਚ ਸਾਰੇ ਸ਼ਬਦ ਸਮਾਨਾਰਥਕ ਨਹੀਂ ਹੁੰਦੇ, ਪਰ ਇਕੋ ਹੀ ਸਾਮਾਨਯ ਵਰਤਾਰੇ ਬਾਰੇ ਗੱਲ ਕਰਨ ਲਈ ਵਰਤੇ ਜਾਂਦੇ ਹਨ। ਇੱਕ ਸ਼ਬਦ ਦਾ ਅਰਥ ਅੰਸ਼ਕ ਰੂਪ ਵਿਚ ਆਪਣੇ ਨਾਲ ਸਬੰਧਤ ਸੰਕਲਪਿਕ ਖੇਤਰ ਨਾਲ ਜੁੜੇ ਹੋਰਨਾਂ ਸ਼ਬਦਾਂ ਦੇ ਸਮੂਹ 'ਤੇ ਵੀ ਨਿਰਭਰ ਕਰਦਾ ਹੈ।[30] ਭਾਸ਼ਾ ਵਿਗਿਆਨੀ ਇਸ ਸਮੂਹ ਵਿਚ ਸ਼ਬਦਾਂ ਦੇ ਆਪਸੀ ਸਬੰਧਾਂ ਨੂੰ ਵੇਖਦਾ ਹੈ। ਇਸ ਤਰ੍ਹਾਂ ਦੇ ਅਰਥ-ਘੇਰਿਆਂ ਦੀਆਂ ਉਦਾਹਰਣਾਂ ਰਿਸ਼ਤਿਆਂ, ਪੌਦੇ, ਬਿਮਾਰੀਆਂ ਆਦਿ ਦੇ ਨਾਂ ਹਨ। ਜਿਵੇਂ ਰਿਸ਼ਤਿਆਂ ਦੇ ਅੰਤਰਗਤ ਮਾਂ-ਪਿਉ, ਭੈਣ-ਭਰਾ, ਤਾਇਆ, ਚਾਚਾ, ਬੱਚੇ ਆਦਿ ਆ ਜਾਂਦੇ ਹਨ। ਇਹ ਸਾਰੇ ਰਲ ਕੇ ਇੱਕ ਸਮੂਹ ਬਣਾਉਂਦੇ ਹਨ, ਜਿਸ ਦਾ ਸਾਂਝਾ ਅਰਥ-ਘੇਰਾ ਰਿਸ਼ਤੇ ਹੈ।[31] ਅਰਥ-ਘੇਰਿਆਂ ਦੀਆਂ ਕਿਸਮਾਂ ਵੱਖ-ਵੱਖ ਸਭਿਆਚਾਰਾਂ ਦੇ ਪ੍ਰਸੰਗ ਵਿਚ ਭਿੰਨ-ਭਿੰਨ ਹੁੰਦੀਆਂ ਹਨ। ਪਰੰਪਰਕ ਤੌਰ 'ਤੇ ਅਰਥ-ਘੇਰੇ ਦਾ ਸਿੱਧਾਂਤ ਵੱਖ-ਵੱਖ ਭਾਸ਼ਾਵਾਂ ਜਾਂ/ਅਤੇ ਇੱਕ ਹੀ ਭਾਸ਼ਾ ਦੇ ਵੱਖ-ਵੱਖ ਪੱਧਰਾਂ ਦੀਆਂ ਸ਼ਬਦ-ਕੋਸ਼ੀ ਜੁਗਤਾਂ (Lexical Structures) ਦਾ ਤੁਲਨਾਤਮਕ ਅਧਿਐਨ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ।

ਆਰੰਭਕ ਪੱਧਰ 'ਤੇ ਅਰਥ ਵਿਗਿਆਨ ਸ਼ਬਦਾਂ ਉਤੇ ਹੀ ਕੇਂਦਰਤ ਸੀ। ਜਦੋਂ ਜੁਗਤਵਾਦ ਦਾ ਉਦੈ ਹੋਇਆ ਤਾਂ ਇਸ ਦਾ ਧਿਆਨ ਵੀ ਸ਼ੁਰੂ ਵਿਚ ਸ਼ਬਦਾਂ ਤਕ ਹੀ ਸੀਮਤ ਰਿਹਾ। ਇਸੇ ਸੰਦਰਭ ਵਿਚ ਜਾਨ ਲਾਇਨਜ਼ ਨੇ ਸ਼ਬਦਾਂ ਦੇ ਅਰਥਾਂ ਦਾ ਜੁਗਤਾਤਮਕ ਅਧਿਐਨ ਕਰਦੇ ਹੋਏ ਸਮਾਨਾਰਥਕਤਾ (Synonymy) ਅਤੇ ਵਿਪਰੀਤਾਰਥਕਤਾ (Antonymy) ਆਦਿ ਸ਼ਾਬਦਿਕ ਸਬੰਧਾਂ ਨੂੰ ਪ੍ਰਣਾਲੀਬੱਧ ਰੂਪ ਵਿਚ ਚੁਣ ਕੇ ਜੁਗਤਾਤਮਕ ਅਰਥ ਵਿਗਿਆਨ ਦੇ ਵਿਧੀਮੂਲਕ ਆਧਾਰ ਵਿਚ ਸ਼ਾਮਲ ਕੀਤਾ। ਬਾਅਦ ਵਿਚ ਉਸ ਨੇ ਸ਼ਬਦ ਤੋਂ ਵਡੇਰੀਆਂ ਇਕਾਈਆਂ ਵਾਕ ਅਤੇ ਪਾਠ ਦੇ ਅਰਥਾਂ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਇਆ। ਉਹ ਪਾਠ ਦੇ ਅਰਥਾਂ ਨੂੰ ਪ੍ਰਸੰਗ-ਆਧਾਰਿਤ ਮੰਨਦਾ ਹੈ।[32]

ਉੱਨ੍ਹੀ ਸੌ ਸੱਠਵਿਆਂ ਵਿਚ ਨੌਮ ਚੌਮਸਕੀ ਨੇ ਆਪਣੇ ਰੂਪਾਂਤਰੀ ਸਿਰਜਣਾਤਮਕ ਵਿਆਕਰਨ (Transformational Generative Grammar) ਦੇ ਸਿੱਧਾਂਤ ਨਾਲ ਵਾਕਾਂ ਦੇ ਅਰਥਾਂ ਦੀ ਸਿਰਜਣਾਤਮਕ ਜੁਗਤ ਦਾ ਵਿਆਕਰਨਕ ਸਿੱਧਾਂਤ ਉਲੀਕਿਆ। ਚੌਮਸਕੀ ਅਨੁਸਾਰ ਇੱਕ ਵਾਕ ਵਿਆਕਰਨ ਰੂਪ ਵਿਚ ਪੂਰੀ ਤਰ੍ਹਾਂ ਦਰੁਸਤ ਹੁੰਦਾ ਹੋਇਆ ਵੀ ਅਰਥ ਵਿਗਿਆਨਕ ਤੌਰ 'ਤੇ ਬਿਲਕੁਲ ਗਲਤ (Nonsense) ਹੋ ਸਕਦਾ ਹੈ। ਇਸ ਵਿਚਾਰ ਨੂੰ ਸਿੱਧ ਕਰਨ ਲਈ ਉਸ ਨੇ **Syntactic Structutres** ਵਿਚ ਨਿਮਨਲਿਖਤ ਵਾਕ ਦੀ ਉਦਾਹਰਣ ਪ੍ਰਸਤੁਤ ਕੀਤੀ :

Colorless green ideas sleep furiously

ਉਪਰੋਕਤ ਵਾਕ ਵਿਆਕਰਨਕ ਪੱਖ ਤੋਂ ਬਿਲਕੁਲ ਠੀਕ ਹੈ ਪਰ ਇਸ ਵਿਚੋਂ ਕੋਈ ਵੀ ਸਪੱਸ਼ਟ ਅਰਥ ਨਹੀਂ ਸਮਝਿਆ ਜਾ ਸਕਦਾ। ਸੋ ਇੱਕ ਵਾਕ ਦੀ ਜੁਗਤਾਤਮਕ ਉਸਾਰੀ ਕੇਵਲ ਉਸ ਦੇ ਵਿਆਕਰਨਕ ਪੱਖ ਤੇ ਹੀ ਨਿਰਭਰ ਨਹੀਂ ਕਰਦੀ, ਅਰਥ ਵਿਗਿਆਨਕ ਪੱਖ ਵੀ ਇਸ ਦਾ ਬੁਨਿਆਦੀ ਘਟਕ ਹੁੰਦਾ ਹੈ। ਉਪਰੋਕਤ ਉਦਾਹਰਣ ਰਾਹੀਂ ਚੌਮਸਕੀ ਨੇ ਵਾਕ ਵਿਗਿਆਨ ਅਤੇ ਅਰਥ ਵਿਗਿਆਨ ਵਿਚਲੀ ਭਿੰਨਤਾ ਨੂੰ ਉਜਾਗਰ ਕੀਤਾ ਅਤੇ ਇਹ ਦਰਸਾਇਆ ਕਿ ਵਾਕ-ਜੁਗਤ ਨੂੰ ਇਸ ਦੇ ਅਰਥ ਵਿਗਿਆਨਕ ਪੱਖ ਨੂੰ ਵਿਚਾਰੇ ਬਿਨਾ ਨਹੀਂ ਸਮਝਿਆ ਜਾ ਸਕਦਾ ਹੈ। ਚੌਮਸਕੀ ਅਨੁਸਾਰ ਵਿਆਕਰਨ ਦਾ ਕੰਮ ਕੇਵਲ ਉਨ੍ਹਾਂ ਵਾਕਾਂ ਦਾ ਵਿਸ਼ਲੇਸ਼ਣ ਕਰਨਾ ਹੀ ਨਹੀਂ ਹੈ ਜੋ ਹੁਣ ਤੱਕ ਬੋਲੇ ਜਾਂ ਲਿਖੇ ਜਾ ਚੁਕੇ ਹਨ ਬਲਕਿ ਵਿਆਕਰਨ ਦਾ ਕਾਰਜ ਉਨ੍ਹਾਂ ਵਾਕਾਂ ਦੇ ਨਿਯਮਾਂ ਨੂੰ ਵੀ ਉਲੀਕਣਾ ਹੈ ਜੋ ਅਜੇ ਤੱਕ ਲਿਖੇ ਜਾਂ ਬੋਲੇ ਨਹੀਂ ਗਏ ਪਰ ਜਿਹਨਾਂ ਦੇ ਬੋਲੇ ਜਾਂ ਲਿਖੇ ਜਾਣ ਦੀ ਸੰਭਾਵਨਾ ਹੈ। ਚੌਮਸਕੀ ਮੁਤਾਬਕ ਭਾਸ਼ਾ ਸੀਮਤ ਜਿਹੇ ਵਿਆਕਰਨਕ ਨਿਯਮਾਂ ਨਾਲ ਸ਼ਬਦਾਂ ਨੂੰ ਨਵੇਂ ਜੋੜ-ਮੇਲਾਂ ਵਿਚ ਰੂਪਾਂਤਰਿਤ ਕਰ ਅਸੀਮਤ ਵਾਕਾਂ ਅਤੇ ਵਾਕ-ਅਰਥਾਂ ਦੀ ਸਿਰਜਣਾ ਕਰਨ ਦੀ ਸਮਰੱਥਾ ਰੱਖਦੀ ਹੈ। ਵਾਕ-ਅਰਥ ਦੀ ਪ੍ਰਕਿਰਤੀ ਜੁਗਤਾਤਮਕ ਹੋਣ ਦੇ ਨਾਲ-ਨਾਲ ਰੂਪਾਂਤਰੀ ਅਤੇ ਸਿਰਜਣਾਤਮਕ ਵੀ ਹੈ। ਇਸ ਲਈ ਇਸ ਦਾ ਵਿਸ਼ਲੇਸ਼ਣ ਕਰਨ ਵਾਲੀ ਵਿਆਕਰਨਕਤਾ ਵੀ ਸਿਰਜਣਾਤਮ ਹੋਣੀ ਚਾਹੀਦੀ ਹੈ।

ਏ. ਜੇ. ਗਰੇਮਾਸ ਨੇ ਫਰਾਂਸੀਸੀ ਭਾਸ਼ਾ ਵਿਚ ਲਿਖਤ ਆਪਣੀ ਪੁਸਤਕ **Semantique Structurale** (1986) (ਅੰਗਰੇਜ਼ੀ ਅਨੁਵਾਦ **Structural Semantics**) ਵਿਚ ਵਾਕ ਤੋਂ ਵਡੇਰੀਆਂ ਇਕਾਈਆਂ ਪਾਠ ਅਤੇ ਬਿਰਤਾਂਤ ਦੇ ਅਧਿਐਨ ਲਈ ਜੁਗਤਾਤਮਕ ਅਰਥ ਵਿਗਿਆਨ ਦਾ ਸਿੱਧਾਂਤ ਪ੍ਰਸਤਾਵਿਤ ਕੀਤਾ। ਉਸਦਾ ਇਹ ਸਿੱਧਾਂਤ ਭਾਸ਼ਾ, ਲੋਕ-ਕਹਾਣੀਆਂ ਅਤੇ ਨਾਟਕੀ ਪਰਸਥਿਤੀਆਂ ਦੇ ਮਾਡਲਾਂ ਉਤੇ ਆਧਾਰਿਤ ਸੀ। ਉਸ ਨੇ ਪਹਿਲਾਂ ਚਿਹਨਾਰਥਕਤਾ (Signification) ਦੀ ਮੁੱਢਲੀ ਜੁਗਤ ਦਿੱਤੀ ਅਤੇ ਫਿਰ ਇਸ ਦੇ ਹਵਾਲੇ ਨਾਲ ਉਸ ਨੇ ਪਰੌਪ ਦੇ ਰੂਸੀ ਲੋਕ-ਕਹਾਣੀਆਂ ਦੇ ਅਧਿਐਨ ਅਤੇ ਸੂਰੀਓ ਦੀਆਂ 200,000 ਨਾਟਕੀ ਸਥਿਤੀਆਂ ਦੇ ਅਧਿਐਨ ਨੂੰ ਆਧਾਰ ਬਣਾ ਕੇ ਅਕਤਾਂਸ਼ੀਅਲ ਮਾਡਲ ਦੀ ਸਥਾਪਨਾ ਕੀਤੀ। ਇਸ ਦੇ ਹਵਾਲੇ ਨਾਲ ਉਸ ਨੇ ਮਾਨਵੀ ਸਿਰਜਣਾ ਦੇ ਸਾਰੇ ਰੂਪਾਂ ਅਤੇ ਪ੍ਰਕਾਰਾਂ ਦੀ ਵਿਆਕਰਨ ਉਜਾਗਰ ਕੀਤੇ ਜਾਣ ਦੀ ਸੰਭਾਵਨਾ ਦੀ ਵਕਾਲਤ ਕੀਤੀ। ਗਰੇਮਾਸ ਪਾਠ ਦੀ ਵਿਆਖਿਆ ਪਾਠ-ਪ੍ਰਬੰਧ ਵਿਚ ਕਾਰਜ਼ਸੀਲ ਤੱਤਾਂ ਦੀ ਅੰਤਰ-ਸਬੰਧਤ ਹੋਂਦ ਦੇ ਆਧਾਰ 'ਤੇ ਕਰਦਾ ਹੈ। ਉਸ ਅਨੁਸਾਰ ਕਿਸੇ ਇਕੱਲੇ ਅਤੇ ਇਕਹਿਰੇ ਤੱਤ ਦੀ ਤਦ ਹੀ ਕੋਈ ਸਾਰਥਕਤਾ ਉੱਘੜਦੀ ਹੈ ਜਦ ਉਹ ਦੂਜੇ ਤੱਤਾਂ ਦੇ ਪਰਿਪੇਖ ਵਿਚ ਕਿਸੇ ਰਿਸ਼ਤੇ ਵਿਚ ਬੱਝਦਾ ਹੈ। ਉਸ ਅਨੁਸਾਰ ਅਰਥ ਵਿਗਿਆਨਕ ਜੁਗਤ ਦੇ ਦੋ ਬੁਨਿਆਦੀ ਸੂਤਰ ਇਸ ਪ੍ਰਕਾਰ ਹਨ :[33]

- ਇਕ ਇਕੱਲੀ ਮਦ-ਵਸਤੂ (Term-object) ਕਿਸੇ ਅਰਥ ਦੀ ਧਾਰਨੀ ਨਹੀਂ ਹੁੰਦੀ।
- ਸਬੰਧ ਸਾਰਥਕਤਾ ਦੀ ਹੋਂਦ ਲਈ ਲਾਜ਼ਮੀ ਹੈ। ਮਦਾਂ ਦਰਮਿਆਨ ਸਬੰਧਾਂ ਦੀ ਹੋਂਦ ਹੀ ਅਰਥ-ਸਾਰਥਕਤਾ ਦੀ ਮੁੱਢਲੀ ਸ਼ਰਤ ਹੈ।

ਗਰੇਮਾਸ ਮੁਤਾਬਕ ਅਰਥ-ਇਕਾਈਆਂ (Semes) ਦੀ ਇਹ ਸਬੰਧ-ਜੁਗਤ ਦੋਹਰੀ ਪ੍ਰਕਿਰਤੀ ਵਾਲੀ ਹੁੰਦੀ ਹੈ। ਇਸ ਵਿਚ ਸਾਂਝ (Conjunction) ਅਤੇ ਵੱਖਰਤਾ (Disjunction) ਦੇ ਪੱਖ ਇਕੋ ਵੇਲੇ ਸ਼ਾਮਲ ਹੁੰਦੇ ਹਨ। ਦੋ ਮਦ-ਵਸਤੂਆਂ (Term-objects) ਦੇ ਅਰਥ ਨੂੰ ਇਕੱਠਿਆਂ ਸਮਝਣ ਲਈ ਲਾਜ਼ਮੀ ਤੌਰ 'ਤੇ ਉਨ੍ਹਾਂ ਦਰਮਿਆਨ ਕੋਈ ਸਾਂਝ ਅਤੇ ਨਾਲ ਹੀ ਦੋਹਾਂ ਨੂੰ ਇੱਕ ਦੂਜੇ ਤੋਂ ਨਿਖੇੜਨ ਵਾਲੀ ਵੱਖਰਤਾ ਹੁੰਦੀ ਹੈ। ਇਸ ਸਿੱਧਾਂਤ ਨੂੰ ਗਰੇਮਸ ਨੇ ਚਿਹਨਾਰਥਕਤਾ (Signification) ਦੀ ਮੁੱਢਲੀ ਜੁਗਤ ਸਵੀਕਾਰ ਕੀਤਾ। ਉਸ ਅਨੁਸਾਰ ਅਰਥ ਵਿਗਿਆਨਤਾ ਦਾ ਇਹ ਦੋਹਰਾ ਪੱਖ ਹਰੇਕ ਭਾਸ਼ਾਈ ਪੱਧਰ (ਧੁਨੀਆਂ ਤੋਂ ਲੈ ਕੇ ਸਾਹਿਤਕ ਪਾਠਾਂ ਤੱਕ) 'ਤੇ ਪ੍ਰਗਟ ਹੁੰਦਾ ਹੈ। ਉਦਾਹਰਣ ਵਜੋਂ 'ਬ' (ਨਾਦੀ) ਅਤੇ 'ਪ' (ਨਾਦ ਰਹਿਤ) ਧੁਨੀਆਂ ਵਿਚਕਾਰ ਹੋਠੀ ਅਤੇ ਡੱਕਵੇਂ ਵਿਅੰਜਨ ਹੋਣ ਦੀ ਸਾਂਝ ਹੈ ਪਰ ਨਾਦੀ ਅਤੇ ਨਾਦ-ਰਹਿਤ ਦਾ ਵਿਰੋਧ ਵੀ ਹੈ। ਇਹੀ ਦਵੈਤੀ ਵਿਰੋਧ ਦਿਨ-ਰਾਤ, ਚਿੱਟਾ-ਕਾਲਾ, ਵੱਡਾ-ਛੋਟਾ ਅਤੇ ਪੁਰਖ-ਇਸਤਰੀ ਆਦਿ ਵਿਚ ਵੀ ਮਿਲਦਾ ਹੈ। ਵਿਰੋਧੀ ਸਬੰਧਾਂ ਵਿਚ ਬੱਝੀਆਂ ਇਹ ਇਕਾਈਆਂ ਆਪਣੀ ਸਾਰਥਕਤਾ ਲਈ ਇੱਕ ਦੂਜੇ ਨਾਲ ਆਪਣੇ ਸਬੰਧ ਦੀਆਂ ਮੁਥਾਜ ਹਨ। ਜੇਕਰ ਦਿਨ ਨਹੀਂ ਤਾਂ ਰਾਤ ਅਰਥਹੀਨ ਹੈ ਅਤੇ ਜੇਕਰ ਰਾਤ ਨਹੀਂ ਤਾਂ ਦਿਨ ਨਿਰਾਰਥਕ ਹੈ। ਜਿਸ ਤਰ੍ਹਾਂ ਧੁਨੀ ਦੇ ਪ੍ਰਕਾਰਜ ਦਾ ਉਸ ਦੇ ਸਾਰਥਕ ਧੁਨੀ ਵਿਗਿਆਨਕ (Phonological) ਵਿਰੋਧ ਤੋਂ ਪਤਾ ਚੱਲਦਾ ਹੈ ਉਸੇ ਤਰ੍ਹਾਂ ਅਰਥ ਦੀਆਂ ਪਰਤਾਂ ਅਰਥ-ਇਕਾਈਆਂ ਦੀ ਸਾਂਝ ਅਤੇ ਵਿਰੋਧ ਵਿਚੋਂ ਉਜਾਗਰ ਹੁੰਦੀਆਂ ਹਨ। ਕੰਜੰਕਸ਼ਨ ਅਤੇ ਡਿਸਜੰਕਸ਼ਨ ਵਾਲਾ ਇਹ ਦੋਹਰਾ ਸਬੰਧ ਹੀ ਇਨ੍ਹਾਂ ਮਦਾਂ ਦੇ ਅਰਥਾਂ ਨੂੰ ਨਿਸ਼ਚਤ ਕਰਦਾ ਹੈ। ਗਰੇਮਸ ਦਾ ਅਰਥ ਵਿਗਿਆਨਕ ਸਿੱਧਾਂਤ ਅਰਥ ਉਤਪਤੀ ਦੀ ਇਸ ਬੁਨਿਆਦੀ ਜੁਗਤ 'ਤੇ ਹੀ ਉੱਸਰਿਆ ਹੈ। ਇਹ ਸਿੱਧਾਂਤ ਦਰਸਾਉਂਦਾ ਹੈ ਕਿ ਇੱਕ ਸਾਹਿਤਕ ਪਾਠ ਵਿਭਿੰਨ ਅਰਥ-ਇਕਾਈਆਂ ਦੀ ਸਬੰਧ ਜੁਗਤ ਦੁਆਰਾ ਨਿਯੋਜਿਤ ਇੱਕ ਜਟਿਲ ਸਮੁੱਚ ਹੁੰਦਾ ਹੈ। ਅਰਥ-ਇਕਾਈਆਂ ਦੀ ਸਬੰਧਾਤਮਕ ਜਟਿਲਤਾ ਹੀ ਸਾਹਿਤਕ ਪਾਠ ਦੀ ਅਰਥ ਵਿਗਿਆਨਕ ਗਤੀਸ਼ੀਲਤਾ ਨੂੰ ਨਿਸ਼ਚਿਤ ਕਰਦੀ ਹੈ। ਸੋ ਗਰੇਮਾਸ ਅਨੁਸਾਰ ਇੱਕ ਸਾਹਿਤਕ ਪਾਠ ਦੀ ਅਰਥ ਵਿਗਿਆਨਕ ਜੁਗਤ ਦੇ ਅਧਿਐਨ ਲਈ ਉਸ ਦੇ ਅੰਤਰਗਤ ਕਾਰਜ਼ਸੀਲ ਅਰਥ ਵਿਗਿਆਨਕ ਇਕਾਈਆਂ ਦੇ ਅੰਤਰ-ਸਬੰਧਾਂ ਦੇ ਤਾਣੇ-ਬਾਣੇ ਦਾ ਵਿਸ਼ਲੇਸ਼ਣ ਲੋੜੀਂਦਾ ਹੈ। ਅੰਤਰ-ਸਬੰਧਾਂ ਦੀ ਇਹ ਜੁਗਤ ਹੀ ਇੱਕ ਸਾਹਿਤਕ ਪਾਠ ਦੀ ਮੁਕੰਮਲ ਸਾਰਥਕਤਾ (Signification) ਨੂੰ ਨਿਰਧਾਰਤ ਕਰਦੀ ਹੈ।

III.3. ਕਾਰਜਾਤਮਕ ਜਾਂ ਪ੍ਰਸੰਗਿਕ ਪਹੁੰਚ-ਵਿਧੀ : ਕਾਰਜਾਤਮਕ ਜਾਂ ਪ੍ਰਸੰਗਿਕ ਪਹੁੰਚ-ਵਿਧੀ ਅਰਥ ਦੇ ਜੁਗਤਾਤਮਕ ਅਧਿਐਨ ਦਾ ਅਗਲੇਰਾ ਵਿਸਥਾਰ ਹੈ। ਇਸ ਪਹੁੰਚ-ਵਿਧੀ ਵਿਚ ਭਾਸ਼ਾਈ ਪਾਠ ਦੇ ਅਰਥਾਂ ਨੂੰ ਨਿਰਧਾਰਤ ਕਰਨ ਦੀ ਪ੍ਰਕਿਰਿਆ ਵਿਚ ਇਸ ਦੀ ਅੰਤਰੀਵ ਜੁਗਤ ਦੇ ਵਿਸ਼ਲੇਸ਼ਣ ਦੇ ਨਾਲ-ਨਾਲ ਇਸ ਦੇ ਕਾਰਜੀ ਪੱਖ (Functional aspect) ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਗਿਆ। ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਅਰਥ ਵਿਗਿਆਨਕ ਅਧਿਐਨ ਦੀ ਇਸ ਪਹੁੰਚ-ਦ੍ਰਿਸ਼ਟੀ ਦਾ ਪ੍ਰਮੁੱਖ ਪ੍ਰਵਕਤਾ ਲੁਡਵਿਗ ਵਿਟਗਨਸਟੀਨ ਹੈ। ਆਪਣੇ ਸ਼ਾਹਕਾਰ **Philosphical Investigations** ਵਿਚ ਉਹ ਭਾਸ਼ਾ ਵਿਚ ਸ਼ਬਦ ਦੀ ਵਰਤੋਂ ਦੇ ਪ੍ਰਸੰਗ ਨੂੰ ਉਸ ਦੇ ਅਰਥ-ਨਿਰਧਾਰਣ ਦਾ ਮੂਲ ਘਟਕ ਸਵੀਕਾਰ ਕਰਦਾ ਹੈ। ਉਸ ਅਨੁਸਾਰ ਭਾਸ਼ਾ ਵਿਚ ਸ਼ਬਦ ਦੀ ਵਰਤੋਂ ਹੀ ਉਸ ਦਾ ਅਰਥ ਹੁੰਦੀ ਹੈ। ਵਿਟਗਨਸਟੀਨ ਦੇ ਸ਼ਬਦਾਂ ਵਿਚ :

> For a large class of cases – though not for all – in which we employ the word "meaning" it can be defined thus : the meaning of a word is its use in the language.[34]

ਵਿਟਗਨਸਟੀਨ ਮੁਤਾਬਕ ਸ਼ਬਦ ਦਾ ਪ੍ਰਕਾਰਜ ਵਾਕ ਦੇ ਪ੍ਰਸੰਗ ਵਿਚ ਨਿਸ਼ਚਤ ਹੁੰਦਾ ਹੈ ਅਤੇ

ਵਾਕ ਦਾ ਪ੍ਰਕਾਰਜ ਸਮੁੱਚੀ ਭਾਸ਼ਾ ਦੇ ਪ੍ਰਸੰਗ ਵਿਚ ਨਿਸ਼ਚਿਤ ਹੁੰਦਾ ਹੈ। ਸੋ ਜੇਕਰ ਅਸੀਂ ਭਾਸ਼ਾ ਨੂੰ ਸਮਝਣਾ ਹੈ ਤਾਂ ਇਸ ਦੇ ਅੰਤਰਗਤ ਸ਼ਬਦਾਂ ਅਤੇ ਵਾਕਾਂ ਦੇ ਪ੍ਰਕਾਰਜਾਂ ਨੂੰ ਸਮਝਣਾ ਪਵੇਗਾ। ਸ਼ਬਦ ਦਾ ਪ੍ਰਕਾਰਜ ਸਮੁੱਚੇ ਵਾਕ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਇਸੇ ਤਰ੍ਹਾਂ ਇੱਕ ਵਾਕ ਦੇ ਪ੍ਰਕਾਰਜ ਨੂੰ ਸਮੁੱਚੀ ਭਾਸ਼ਾ ਦਾ ਸੰਦਰਭ ਦਰਸਾਉਂਦਾ ਹੈ। ਆਪਣੇ ਇਸ ਅਰਥ ਵਿਗਿਆਨਕ ਸੂਤਰ ਨੂੰ ਸਿੱਧ ਕਰਨ ਲਈ ਵਿਟਗਨਸਟੀਨ ਕਈ ਤਰ੍ਹਾਂ ਦੀਆਂ ਅਨੁਰੂਪਤਾਮੂਲਕ ਉਦਾਹਰਣਾਂ ਦਿੰਦਾ ਹੈ। ਸੌਸਿਊਰ ਵਾਂਗ ਹੀ ਉਹ ਭਾਸ਼ਾ ਦੀ ਤੁਲਨਾ ਸ਼ਤਰੰਜ ਦੀ ਖੇਡ ਨਾਲ ਕਰਦਾ ਹੈ ਅਤੇ ਸ਼ਬਦਾਂ ਨੂੰ ਸ਼ਤਰੰਜ ਦੇ ਮੋਹਰਿਆਂ ਦੇ ਸਮਾਨ ਮੰਨਦਾ ਹੈ। ਜਿਵੇਂ ਸ਼ਤਰੰਜ ਦੀ ਖੇਡ ਵਿਚ ਮੋਹਰੇ ਦੀ ਭੂਮਿਕਾ (ਪ੍ਰਕਾਰਜ) ਉਸ ਦੇ ਅਰਥ ਨਿਸ਼ਚਤ ਕਰਦੀ ਹੈ[35] ਉਸੇ ਤਰ੍ਹਾਂ ਭਾਸ਼ਾ ਵਿਚ ਸ਼ਬਦ ਦੀ ਵਰਤੋਂ ਦਾ ਪ੍ਰਸੰਗ ਉਸ ਦੇ ਅਰਥਾਂ ਨੂੰ ਨਿਰਧਾਰਤ ਕਰਦਾ ਹੈ। ਵਿਟਗਨਸਟੀਨ ਭਾਸ਼ਾ ਦੀ ਅੰਤਰੀਵ ਜੁਗਤ ਬਾਰੇ ਵੀ ਸੁਚੇਤ ਹੈ ਅਤੇ ਉਸ ਦੀ ਵਰਤੋਂ ਦੇ ਪ੍ਰਸੰਗ ਬਾਰੇ ਵੀ। ਉਹ ਭਾਸ਼ਾ ਦੀ ਜੁਗਤ ਨੂੰ ਭਾਸ਼ਾਈ ਕੈਲਕੂਲਸ (Calculus) ਦਾ ਨਾਂ ਦਿੰਦਾ ਹੋਇਆ ਕਹਿੰਦਾ ਹੈ :

> A name has meaning, a proposition sense in the calculus to which it belongs.... A proposition has its content as part of a calculus. The meaning is the role of the word in the calculus.[36]

ਸੋ ਵਿਟਗਨਸਟੀਨ ਭਾਸ਼ਾ ਦੇ ਜੁਗਤਾਤਮਕ ਅਤੇ ਕਾਰਜੀ ਦੋਹਾਂ ਪੱਖਾਂ ਦੇ ਸੰਦਰਭ ਵਿਚ ਭਾਸ਼ਾ ਦੇ ਅਰਥ ਵਿਗਿਆਨਕ ਸਿੱਧਾਂਤ ਨੂੰ ਉਸਾਰਦਾ ਹੈ। ਉਸ ਅਨੁਸਾਰ ਭਾਸ਼ਾਈ ਇਕਾਈਆਂ ਦੇ ਅਰਥ ਭਾਸ਼ਾ ਦੀ ਜੁਗਤ ਵਿਚ ਉਨ੍ਹਾਂ ਦੀ ਸਥਿਤੀ ਅਤੇ ਵਰਤੋਂ ਦੇ ਸੰਯੁਕਤ ਪ੍ਰਸੰਗ 'ਤੇ ਨਿਰਭਰ ਕਰਦੇ ਹਨ।

ਵਿਟਗਨਸਟੀਨ ਜਿੱਥੇ ਅਰਥ ਦੇ ਪ੍ਰਸੰਗਿਕ ਅਧਿਐਨ ਨੂੰ ਦਾਰਸ਼ਨਿਕ ਸੰਦਰਭ ਵਿਚ ਸਮਝਣ ਦਾ ਯਤਨ ਕਰਦਾ ਹੈ ਉਥੇ ਜੇ. ਆਰ. ਫਰਥ ਅਰਥ-ਅਧਿਐਨ ਦੀ ਇਸ ਪ੍ਰਸੰਗਿਕ ਪਹੁੰਚ-ਵਿਧੀ ਨੂੰ ਸ਼ੁੱਧ ਭਾਸ਼ਾ ਵਿਗਿਆਨਕ ਧਰਾਤਲ 'ਤੇ ਸੂਤਰਬੱਧ ਕਰਦਾ ਹੈ। ਉਸ ਦੇ ਅਰਥ ਸਬੰਧੀ ਵਿਚਾਰ ਵੱਡੇ ਪੱਧਰ 'ਤੇ ਮਲਿਨੋਵਸਕੀ ਅਤੇ ਭਾਰਤੀ ਅਰਥ ਸਿੱਧਾਂਤ ਤੋਂ ਪ੍ਰਭਾਵਿਤ ਪ੍ਰਤੀਤ ਹੁੰਦੇ ਹਨ। ਫਰਥ ਮੁਤਾਬਕ ਇੱਕ ਭਾਸ਼ਾਈ ਉਚਾਰ ਦੇ ਅਰਥ ਸਮਾਜਿਕ ਚੌਗਿਰਦੇ ਦੀਆਂ ਜੀਵੰਤ ਪ੍ਰਕਿਰਿਆਵਾਂ ਵਿਚ ਡੂੰਘੀ ਤਰ੍ਹਾਂ ਨਿਹਿਤ ਹੁੰਦੇ ਹਨ। ਉਸ ਅਨੁਸਾਰ ਅਰਥ-ਅਧਿਐਨ ਦੇ ਪ੍ਰਸੰਗਿਕ ਸਿੱਧਾਂਤ ਦੀ ਸੂਖਮ ਅੰਤਰ-ਦ੍ਰਿਸ਼ਟੀ ਭਾਸ਼ਾ ਨੂੰ ਵਿਅਕਤੀਗਤ ਅਤੇ ਸਮਾਜਿਕ ਜੀਵਨ ਦੀਆਂ ਅੰਤਰ-ਸਬੰਧਤ ਘਟਨਾਵਾਂ ਦੀ ਅੰਤਰ-ਕਿਰਿਆਤਮਕ ਪ੍ਰਵਾਹਮਾਨਤਾ (Flux) ਵਿਚ ਸਮਝਣ ਦੀ ਯੋਗਤਾ ਪ੍ਰਦਾਨ ਕਰਦੀ ਹੈ। ਦੂਜੇ ਸ਼ਬਦਾਂ ਵਿਚ ਅਰਥ ਖਾਸ ਪਰਸਥਿਤੀਆਂ ਵਿਚ ਪਰਸਪਰ ਸਬੰਧਾਂ ਵਿਚ ਬੱਝੇ ਮਨੁੱਖਾਂ, ਵਸਤੂਆਂ ਅਤੇ ਘਟਨਾਵਾਂ ਦੀ ਸਾਂਝੀ ਸੰਪਤੀ ਹੁੰਦਾ ਹੈ। ਫਰਥ ਅਰਥ-ਅਧਿਐਨ ਨੂੰ ਹਰ ਤਰ੍ਹਾਂ ਦੇ ਮਨੋਵਿਗਿਆਨਕ ਦਖ਼ਲ ਤੋਂ ਮੁਕਤ ਕਰਕੇ ਸ਼ੁੱਧ ਭਾਸ਼ਾ ਵਿਗਿਆਨਕ ਸੰਦਰਭ ਵਿਚ ਵਿਸ਼ਲੇਸ਼ਤ ਕਰਨਾ ਲੋਚਦਾ ਹੈ। ਉਸ ਅਨੁਸਾਰ ਭਾਸ਼ਾਈ ਪਾਠ ਦਾ ਅਧਿਐਨ ਕਰਦੇ ਸਮੇਂ ਉਸ ਵਿਚੋਂ ਪਾਠ-ਸਿਰਜਕ ਦੇ ਮਨੋਰਥ ਦੀ ਭਾਲ ਕਰਨਾ ਭਾਸ਼ਾ ਵਿਗਿਆਨ ਦਾ ਸਰੋਕਾਰ ਹਰਗਿਜ਼ ਨਹੀਂ ਹੈ। ਉਹ ਬੜੇ ਸਖ਼ਤ ਸ਼ਬਦਾਂ ਵਿਚ ਕਹਿੰਦਾ ਹੈ ਕਿ ਅਰਥ ਦੇ ਭਾਸ਼ਾ ਵਿਗਿਆਨਕ ਅਧਿਐਨ ਵਿਚ ਸ਼ਬਦਾਂ ਨੂੰ ਸੁਤੰਤਰ ਇਕਾਈਆਂ ਮੰਨ ਕੇ ਅਧਿਐਨ ਦਾ ਵਿਸ਼ਾ ਬਣਾਉਣ ਵਾਲੀ ਸੰਕਲਪਿਕ ਜਾਂ ਮਨੋਵਿਗਿਆਨਕ ਪਹੁੰਚ ਕਬਰ ਵਿਚ ਪੈ ਚੁੱਕੀ ਹੈ ਪਰ ਅਜੇ ਪੂਰੀ ਤਰ੍ਹਾਂ ਦਫ਼ਨ ਨਹੀਂ ਹੋਈ।[37] ਫਰਥ ਅਨੁਸਾਰ ਸ਼ਬਦਾਂ ਦੇ ਅਰਥਾਂ ਨੂੰ ਇਕ-ਦੂਜੇ ਤੋਂ ਵੱਖ-ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ। ਭਾਸ਼ਾਈ ਪਾਠਾਂ ਵਿਚ ਸ਼ਬਦ ਵੱਡੇ ਪ੍ਰਸੰਗਾਂ ਵਿਚ ਨਿਹਿਤ ਹੁੰਦੇ ਹਨ ਜਿਹਨਾਂ ਦੀ ਆਪਣੀ ਵਿਸ਼ੇਸ਼ ਜੁਗਤ, ਪ੍ਰਕਾਰਜ ਅਤੇ ਮੁੱਲ (value) ਹੁੰਦਾ ਹੈ। ਜੀਵਨ ਦੀਆਂ ਪ੍ਰਕਿਰਿਆਵਾਂ ਅਤੇ ਪੈਟਰਨਾਂ ਦੀ ਵਿਵਧਤਾ ਨੂੰ ਵਿਸ਼ੇਸ਼ ਪਰਸਥਿਤੀਆਂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਇਸ ਅੰਤਰ-ਦ੍ਰਿਸ਼ਟੀ ਅਨੁਸਾਰ ਭਾਸ਼ਾਈ ਪਾਠ ਦੀ ਸਮੁੱਚਤਾ

ਭਾਸ਼ਾ ਵਿਗਿਆਨੀ ਦਾ ਮੂਲ ਸਰੋਕਾਰ ਬਣਦੀ ਹੈ। ਸ਼ਬਦ ਦਾ ਸੰਪੂਰਨ ਅਰਥ ਹਮੇਸ਼ਾ ਪ੍ਰਸੰਗਿਕ ਹੁੰਦਾ ਹੈ ਅਤੇ ਹਰੇਕ ਸ਼ਬਦ ਜਦੋਂ ਨਵੇਂ ਪਾਠਾਤਮਕ ਪ੍ਰਸੰਗ ਵਿਚ ਵਰਤਿਆ ਜਾਂਦਾ ਹੈ ਤਾਂ ਉਹ ਨਵੇਂ ਅਰਥਾਂ ਵਾਲਾ ਸ਼ਬਦ ਹੁੰਦਾ ਹੈ। ਅਰਥ ਪ੍ਰਸੰਗਿਕ ਸਬੰਧਾਂ ਦਾ ਇੱਕ ਜਟਿਲ ਸਮੁੱਚ ਹੁੰਦਾ ਹੈ ਅਤੇ ਧੁਨੀ ਵਿਗਿਆਨ, ਵਿਆਕਰਨ, ਕੋਸ਼ਕਾਰੀ ਅਤੇ ਅਰਥ ਵਿਗਿਆਨ ਆਦਿ ਆਧਿਐਨ ਖੇਤਰ ਆਪੋ-ਆਪਣੇ ਢੁਕਵੇਂ ਪ੍ਰਸੰਗ ਵਿਚ ਇਸ ਜਟਿਲ ਸਮੁੱਚ ਦੇ ਹਿੱਸਿਆਂ ਦੀ ਪਹਿਚਾਣ ਕਰਦੇ ਹਨ।[38] ਫਰਥ ਅਨੁਸਾਰ ਸਾਨੂੰ ਨਿਸ਼ਚੇ ਹੀ ਭਾਸ਼ਾਈ ਪਾਠਾਂ ਨੂੰ ਉਨ੍ਹਾਂ ਪ੍ਰਸੰਗਾਂ ਵਿਚ ਸਮਝਣਾ ਚਾਹੀਦਾ ਹੈ ਜਿਹਨਾਂ ਵਿਚ ਬੁਲਾਰਿਆਂ/ਲੇਖਕਾਂ ਦੇ ਸਿਰਜਣਾਤਮਕ ਅਮਲ ਦੁਆਰਾ ਇਨ੍ਹਾਂ ਨੇ ਰੂਪ ਅਖ਼ਤਿਆਰ ਕੀਤਾ ਹੁੰਦਾ ਹੈ। ਭਾਸ਼ਾਈ ਪਾਠਾਂ ਦੀ ਸਿਰਜਣਾਤਮਕ ਪ੍ਰਕਿਰਤੀ ਵਿਵਿਧ ਹੁੰਦੀ ਹੈ ਇਸ ਲਈ ਇਨਾਂ ਦੇ ਅਰਥਾਂ ਦਾ ਅਧਿਐਨ ਕਰਨ ਵਾਲਾ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਵੀ ਬਹ-ਸਿਸਟਮੀ (Poly-systemic) ਹੋਣਾ ਚਾਹੀਦਾ ਹੈ।

ਜੇ. ਆਰ. ਫਰਥ ਦੁਆਰਾ ਪ੍ਰਸਤਾਵਿਤ ਅਰਥ-ਅਧਿਐਨ ਦੀ ਪ੍ਰਸੰਗਿਕ ਪਹੁੰਚ-ਵਿਧੀ ਨੂੰ ਨਵਾਂ ਵਿਸਥਾਰ ਦਿੰਦੇ ਹੋਏ ਐਮ. ਏ. ਕੇ. ਹੈਲੀਡੇ ਸਾਹਿਤਕ ਪਾਠਾਂ ਦੇ ਅਰਥ ਵਿਗਿਆਨਕ ਅਧਿਐਨ ਲਈ ਸਿਸਟੀਮਿਕ ਫੰਕਸ਼ਨਲ ਵਿਸ਼ਲੇਸ਼ਣ (Systemic functional analysis) ਦਾ ਮਾਡਲ ਪ੍ਰਸਤਾਵਿਤ ਕਰਦਾ ਹੈ। ਇਸ ਮਾਡਲ ਵਿਚ ਦੋ ਕੁੰਜੀਵਤ ਸੰਕਲਪ ਸਿਸਟਮ ਅਤੇ ਫੰਕਸ਼ਨ (ਕਾਰਜ) ਹਨ। ਹੈਲੀਡੇ ਅਨੁਸਾਰ ਭਾਸ਼ਾ ਦੇ ਇਹ ਦੋਨੋ ਪੱਖ ਹੀ ਭਾਸ਼ਾਈ ਪਾਠਾਂ ਦੀ ਅਰਥ-ਸਿਰਜਣਾ ਅਤੇ ਸੰਚਾਰਾਤਮਕਤਾ ਦੇ ਮੂਲ ਆਧਾਰ ਹਨ। ਸਿਸਟਮ ਤੋਂ ਭਾਵ ਹੈ ਕਿ ਇੱਕ ਭਾਸ਼ਾਈ ਪਾਠ ਬਹੁਤ ਸਾਰੀਆਂ ਅੰਤਰ-ਸਬੰਧਤ ਭਾਸ਼ਾਈ ਇਕਾਈਆਂ ਦਾ ਸਿਸਟਮੀ ਤਾਣਾ-ਬਾਣਾ ਹੁੰਦਾ ਹੈ ਅਤੇ ਇਹ ਸਿਸਟਮ ਉਸ ਭਾਸ਼ਾਈ ਪਾਠ ਦੇ ਅਰਥਾਂ ਦੀ ਸਿਰਜਣਾ ਦਾ ਮੁੱਢਲਾ ਆਧਾਰ ਹੁੰਦਾ ਹੈ। ਭਾਸ਼ਾ ਦਾ ਇਹ ਸਿਸਟਮੀ ਪ੍ਰਬੰਧ ਸਾਰਥਕ ਧੁਨੀ ਵਿਗਿਆਨਕ (Phonological) ਅਤੇ ਸ਼ਬਦ-ਵਿਆਕਰਨਕ (lexicogrammatical) ਸਿਸਟਮਾਂ ਤੋਂ ਲੈ ਕੇ ਚਿਹਨ ਵਿਗਿਆਨਕ ਜੁਗਤਾਂ (Semiotic structures) ਤੱਕ ਫੈਲਿਆ ਹੁੰਦਾ ਹੈ।[39] ਸਿਸਟਮ ਦੇ ਨਾਲ-ਨਾਲ ਇੱਕ ਭਾਸ਼ਾਈ ਪਾਠ ਦੀ ਅਰਥ-ਸਿਰਜਣਾ ਦਾ ਦੂਜਾ ਬੁਨਿਆਦੀ ਆਧਾਰ ਇਸ ਦਾ ਉਹ ਕਾਰਜ (Function) ਹੈ ਜੋ ਸਮਾਜਿਕ ਸੰਦਰਭ ਵਿਚ ਸਾਕਾਰ ਹੁੰਦਾ ਹੈ। ਹੈਲੀਡੇ ਮੁਤਾਬਕ ਟੈਕਸਟ ਇੱਕ ਸਮਾਜਿਕ ਘਟਨਾ ਅਤੇ ਇੱਕ ਚਿਹਨ ਵਿਗਿਆਨਕ ਪ੍ਰਗਟਾਵਾ ਹੈ ਜਿਸ ਦੁਆਰਾ ਸਿਰਜਤ ਅਰਥਾਂ ਦਾ ਸਮਾਜਿਕ ਪ੍ਰਬੰਧ ਵਿਚ ਆਦਾਨ-ਪ੍ਰਦਾਨ ਹੁੰਦਾ ਹੈ। ਪਾਠ-ਸਿਰਜਕ ਆਪਣੀ ਬੋਧਾਤਮਿਕ ਵਿਲੱਖਣਤਾ ਕਰਕੇ ਨਵ-ਅਰਥਾਂ ਦਾ ਸਿਰਜਕ ਹੁੰਦਾ ਹੈ। ਅਰਥ-ਸਿਰਜਕਾਂ ਦੁਆਰਾਂ ਅਰਥਾਂ ਦੇ ਰੂਪ ਵਿਚ ਸਮਾਜਿਕ ਯਥਾਰਥ ਨਾ ਕੇਵਲ ਸਿਰਜਿਆ ਜਾਂਦਾ ਹੈ ਬਲਕਿ ਲਗਾਤਾਰ ਰੂਪਾਂਤਰਿਤ ਅਤੇ ਨਵ-ਸਿਰਜਤ ਵੀ ਹੁੰਦਾ ਰਹਿੰਦਾ ਹੈ। ਸਾਹਿਤਕ ਪਾਠਾਂ ਦੀ ਅਜਿਹੀ ਬੁਨਿਆਦੀ ਸਮਾਜਿਕ ਸਾਰਥਕਤਾ ਕਾਰਨ ਹੀ ਹੈਲੀਡੇ ਭਾਸ਼ਾ ਨੂੰ ਇੱਕ ਸਮਾਜ ਚਿਹਨ ਵਿਗਿਆਨਕ ਸਿਸਟਮ (Social semiotic system) ਵਜੋਂ ਸਮਝਣ ਦੀ ਵਕਾਲਤ ਕਰਦਾ ਹੈ। ਹੈਲੀਡੇ ਅਨੁਸਾਰ ਟੈਕਸਟ ਦਾ ਬੁਨਿਆਦੀ ਲੱਛਣ ਅੰਤਰ-ਕਿਰਿਆ ਹੈ। ਟੈਕਸਟ ਸਮਾਜ ਵਿਚ ਅਰਥਾਂ ਦੇ ਆਦਾਨ-ਪ੍ਰਦਾਨ ਦੀ ਅੰਤਰ-ਕਿਰਿਆ ਦਾ ਮਾਧਿਅਮ ਹੈ। ਟੈਕਸਟ ਦੇ ਰੂਪ ਵਿਚ ਅਰਥਾਂ ਦੇ ਚਿਹਨ ਵਿਗਿਆਨਕ ਕੋਡ ਸਿਰਜ ਦਿੱਤੇ ਜਾਂਦੇ ਹਨ। ਇਹ ਚਿਹਨ ਵਿਗਿਆਨਕ ਕੋਡ ਵਿਸ਼ੇਸ਼ ਸਮਾਜਕ ਵਾਤਾਵਰਨ ਦੇ ਸੰਦਰਭ ਵਿਚ ਹੀ ਡੀਕੋਡ ਹੁੰਦੇ ਹਨ। ਹੈਲੀਡੇ ਸਾਹਿਤਕ ਪਾਠਾਂ ਨੂੰ ਅਤਿ-ਅਧਿਕ ਕੋਡਿਤ ਉਪਹਾਰ (Highly coded form of the gift) ਦਾ ਰੂਪ ਮੰਨਦਾ ਹੈ ਜਿਸ ਦੇ ਰਾਹੀਂ ਸਾਹਿਤਕਾਰ ਨਵ-ਅਰਥਾਂ ਦਾ ਤੋਹਫਾ ਸਮਾਜ ਨੂੰ ਦਿੰਦਾ ਹੈ। ਸਮੁੱਚਾ ਭਾਸ਼ਾ ਵਿਗਿਆਨਕ ਸਿਸਟਮ ਸਮਾਜਿਕ ਪ੍ਰਸੰਗਾਂ ਵਿਚ ਸਮਾਜਿਕ ਚਿਹਨ ਵਿਗਿਆਨ ਦੇ ਇੱਕ ਪ੍ਰਗਟਾਵੇ ਵਜੋਂ ਵਿਗਸਿਆ ਹੈ। ਇਹ ਸਿਸਟਮ ਅਸਲ ਵਿਚ ਇੱਕ ਅਰਥ ਵਿਗਿਆਨਕ ਸਮਰੱਥਾ

(Semantic potential) ਹੈ ਜੋ ਟੈਕਸਟ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਇੱਕ ਟੈਕਸਟ ਵਿਸ਼ੇਸ਼ ਸਥਿਤੀਮੂਲਕ ਪ੍ਰਸੰਗ ਵਿਚ ਸਮਾਜਿਕ ਸਾਰਥਕਤਾ ਦੀ ਇੱਕ ਉਦਾਹਰਣ ਹੁੰਦੀ ਹੈ।[40] ਸੋ ਹੈਲੀਡੇ ਅਨੁਸਾਰ ਭਾਸ਼ਾ ਦਾ ਸਿਸਟਮੀ ਅਤੇ ਕਾਰਜੀ ਦੋਵੇਂ ਪੱਖ ਜੁੜਵੇਂ ਰੂਪ ਵਿਚ ਇੱਕ ਸਾਹਿਤਕ ਪਾਠ ਦੀ ਅਰਥ ਵਿਗਿਆਨਕ ਸਮਰੱਥਾ ਨੂੰ ਸਿਰਜਦੇ ਹਨ। ਇਸ ਲਈ ਸਾਹਿਤਕ ਪਾਠਾਂ ਦੇ ਅਰਥ ਵਿਗਿਆਨਕ ਵਿਸ਼ਲੇਸ਼ਣ ਲਈ ਭਾਸ਼ਾ ਦੇ ਇਨ੍ਹਾਂ ਦੋਹਾਂ ਪੱਖਾਂ ਦੀ ਸੰਯੁਕਤ ਸਮਝ ਲਾਜ਼ਮੀ ਹੈ।

III.4. ਉਤਰ ਜੁਗਤਾਤਮਕ ਪਹੁੰਚ-ਵਿਧੀ : ਉਤਰ ਜੁਗਤਾਤਮਕ ਦ੍ਰਿਸ਼ਟੀ ਨੇ ਸਾਹਿਤ ਦੇ ਅਰਥ ਵਿਗਿਆਨਕ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਨੂੰ ਜਗਾਇਆ ਹੈ। ਇਸ ਨੇ ਅਰਥ ਦੀ ਅਨਿਸ਼ਚਤਤਾ, ਅਨੇਕਤਾ ਅਤੇ ਅਨੰਤਤਾ 'ਤੇ ਬਲ ਦਿੱਤਾ ਹੈ। ਇਸ ਦ੍ਰਿਸ਼ਟੀ ਮੁਤਾਬਕ ਅਰਥ ਇੱਕ ਨਿਰੰਤਰ ਪ੍ਰਵਾਹਮਾਨਤਾ ਵਾਲਾ ਵਰਤਾਰਾ ਹੈ, ਜਿਸ ਨੂੰ ਕਿਸੇ ਇੱਕ ਖੜੋਤਮਈ ਸੰਰਚਨਾ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਰੋਲਾਂ ਬਾਰਥ ਅਜਿਹੀ ਆਲੋਚਨਾ-ਵਿਧੀ ਨੂੰ ਨਾਕਾਰਦਾ ਹੈ ਜੋ ਸੰਸਾਰ ਭਰ ਦੇ ਸਾਹਿਤਕ ਪਾਠਾਂ ਨੂੰ ਕਿਸੇ ਇੱਕ ਆਂਤਰਿਕ ਸੰਰਚਨਾਤਮਕ ਨੇਮ ਵਿਚ ਬੰਨ੍ਹ ਕੇ ਦੇਖਣਾ ਚਾਹੁੰਦੀ ਹੈ। ਅਜਿਹੀ ਪ੍ਰਵਿਰਤੀ ਨੂੰ ਉਹ ਸਾਹਿਤਕ ਪਾਠਾਂ ਦੀ ਸੁਤੰਤਰਤਾ ਲਈ ਘਾਤਕ ਮੰਨਦਾ ਹੈ। ਇਸ ਸੰਦਰਭ ਵਿਚ ਰੋਲਾਂ ਬਾਰਥ ਦੀ ਪੁਸਤਕ **s/z** ਦੇ ਆਰੰਭਕ ਸ਼ਬਦ ਅਤਿ ਮਹੱਤਵਪੂਰਨ ਹਨ :

> Precisely what the first analysts of narrative were attempting to see all the world's stories (and there have been ever so many) within a single structure: we shall they thought, extract from each tale its model then out of these models we shall make a great narrative structure, which we shall reapply (for verification) to any one narrative: a task as exhausting… as it is ultimately undesirable for the text thereby loses its difference… it is a difference which does not stop and which is articulated upon the infinity of texts, of languages, of systems : a difference of which each text is return.[41]

ਸੋ ਉੱਤਰ ਜੁਗਤਾਤਮਕ ਪਹੁੰਚ ਕਿਸੇ ਪੂਰਵ ਨਿਸ਼ਚਤ ਸਿੱਧਾਂਤਕ ਸੰਰਚਨਾ ਨੂੰ ਸਾਹਿਤਕ ਪਾਠ 'ਤੇ ਆਰੋਪਤ ਕਰਨ ਦੀ ਬਜਾਇ ਸਾਹਿਤਕ ਪਾਠ ਦੀ ਸੁਤੰਤਰ ਤੇ ਜੀਵੰਤ ਹੋਂਦ ਨੂੰ ਸਥਾਪਤ ਕਰਦੀ ਹੈ। ਸਾਹਿਤਕ ਪਾਠਾਂ ਨੂੰ ਸੰਰਚਨਾਤਮਕ ਖੜੋਤ ਤੋਂ ਮੁਕਤ ਕਰਨ ਵਾਲੀ ਇਹ ਧਾਰਨਾ ਇੱਕ ਹੀ ਸਾਹਿਤਕ ਪਾਠ ਦੇ ਵਿਵਿਧ ਤੇ ਬਹੁਅਰਥਕ ਪ੍ਰਵਚਨਾਂ ਦੀ ਸਮਝ ਦਾ ਰਾਹ ਖੋਲਦੀ ਹੈ। ਰੋਲਾਂ ਬਾਰਥ ਅਨੁਸਾਰ 'ਇਕ ਕਿਰਤ ਸਦੀਵੀ ਹੁੰਦੀ ਹੈ, ਇਸ ਲਈ ਨਹੀਂ ਕਿ ਉਹ ਇੱਕ ਹੀ ਅਰਥ ਨੂੰ ਵੱਖ-ਵੱਖ ਪਾਠਕਾਂ ਉੱਪਰ ਥੋਪਦੀ ਹੈ ਬਲਕਿ ਇਸ ਲਈ ਕਿ ਇਹ ਵੱਖ-ਵੱਖ ਸਮਿਆਂ ਵਿਚ ਇੱਕ ਸਮਾਨ ਪ੍ਰਤੀਕਾਤਮਕ ਭਾਸ਼ਾ ਉਚਾਰਦੀ ਹੋਈ ਵੀ ਇੱਕ ਪਾਠਕ ਨੂੰ ਵਿਭਿੰਨ ਅਰਥ ਸੁਝਾਉਂਦੀ ਹੈ'[42] ਉਤਰ ਜੁਗਤਾਤਮਕ ਦ੍ਰਿਸ਼ਟੀ ਅਨੁਸਾਰ ਹਰੇਕ ਭਾਸ਼ਾ-ਪ੍ਰਵਚਨ ਇੱਕ ਨਵੇਂ ਅਰਥ-ਬ੍ਰਹਿਮੰਡ ਦਾ ਪ੍ਰਗਟ ਰੂਪ ਹੁੰਦਾ ਹੈ, ਜਿਸ ਅੰਦਰ ਅਰਥਾਂ ਦੀ ਜੀਵੰਤ ਖੇਡ ਚੱਲਦੀ ਹੈ। ਇੱਕੋ ਘਟਨਾ, ਸੰਕਲਪ, ਭਾਵ ਜਾਂ ਅਹਿਸਾਸ, ਪ੍ਰਤੀ ਵਿਭਿੰਨ ਦ੍ਰਿਸ਼ਟੀਆਂ ਜਾਂ ਪ੍ਰਸੰਗਾਂ ਵਿਚੋਂ ਭਿੰਨ-ਭਿੰਨ ਸਾਹਿਤਕ ਪ੍ਰਵਚਨਾਂ ਦੀ ਸਿਰਜਣਾਂ ਹੁੰਦੀ ਹੈ ਅਤੇ ਇਸੇ ਤਰ੍ਹਾਂ ਇਕੋ ਸਾਹਿਤਕ ਪਾਠ ਪ੍ਰਤੀ ਵਿਭਿੰਨ ਦ੍ਰਿਸ਼ਟੀਆਂ ਜਾਂ ਪ੍ਰਸੰਗਾਂ ਵਿਚੋਂ ਭਿੰਨ-ਭਿੰਨ ਅਰਥ-ਪ੍ਰਵਚਨ ਉੱਸਰਦੇ ਹਨ। ਇਨ੍ਹਾਂ ਵਿਚੋਂ ਕਿਸੇ ਇੱਕ ਪ੍ਰਵਚਨ ਨੂੰ ਦਰੁਸਤ ਮੰਨ ਕੇ ਬਾਕੀਆਂ ਉੱਪਰ ਆਰੋਪਤ ਕਰਨਾ, ਇੱਕ ਪ੍ਰਵਚਨ ਨੂੰ ਕੇਂਦਰ ਬਣਾ ਬਾਕੀਆਂ ਨੂੰ ਹਾਸ਼ੀਆਗ੍ਰਸਤ ਕਰਨਾ ਹੈ। ਇੱਕ ਪ੍ਰਵਚਨ ਦੀ ਤਾਨਾਸ਼ਾਹੀ ਬਾਕੀਆਂ ਨੂੰ ਉਸ ਦੁਆਰਾ ਸਿਰਜਤ ਲੀਹਾਂ 'ਤੇ ਸੋਚਣ ਲਈ ਮਜਬੂਰ ਕਰਦੀ ਹੈ। ਇਹ ਮਨੁੱਖੀ ਅਸਤਿੱਤਵ ਦੀ ਆਜ਼ਾਦੀ ਲਈ ਜਾਂ ਸ਼ਬਦ-ਅਰਥ ਦੀ ਮੁਕਤ ਖੇਡ (Free play) ਲਈ ਬੜੀ ਘਾਤਕ ਪ੍ਰਵਿਰਤੀ ਹੈ। ਭਾਸ਼ਾ ਦੀ ਸਿਰਜਣਾਤਮਕ ਹਸਤੀ ਕਿਸੇ ਇੱਕ

ਨਿਸ਼ਚਤ ਤੇ ਖੜੋਤਮਈ ਸੰਰਚਨਾ ਵਿਚ ਬੱਝ ਕੇ ਸੰਤੁਸ਼ਟ ਨਹੀਂ ਹੁੰਦੀ। ਭਾਸ਼ਾ ਦਾ ਸਿਰਜਣਾਤਮਕ ਪ੍ਰਵਾਹ ਪੁਰਾਣੀਆਂ ਸੰਰਚਨਾਵਾਂ ਨੂੰ ਤੋੜ ਨਵੀਆਂ ਸੰਰਚਨਾਵਾਂ ਘੜਦਾ ਅਤੇ ਅਰਥਾਂ ਦਾ ਨਿੱਤ ਨਵਾਂ ਸੰਸਾਰ ਸਾਜਦਾ ਹੈ। ਇਸੇ ਲਈ ਯੱਕ ਦੈਰੀਦਾ ਇੱਕ ਸੰਰਚਨਾਤਮਕ ਸੰਗਠਨ ਦੇ ਸਥੂਲ ਕੇਂਦਰ ਤੋਂ ਆਜ਼ਾਦ ਚਿੰਨ੍ਹਾਂ ਦੀ ਮੁਕਤ ਖੇਡ ’ਤੇ ਬਲ ਦਿੰਦਾ ਹੈ। ਉਹ ਇਸ ਵਿਸ਼ੇ ਸਬੰਧੀ ਲਿਖੇ ਆਲੋਚਨਾਤਮਕ ਮਜ਼ਮੂਨ 'Structure, Sign and play in the Discourse of Human Sciences' ਵਿਚ ਦਰਸਾਉਂਦਾ ਹੈ ਕਿ ਇੱਕ ਸਥੂਲ ਕੇਂਦਰ ਦੁਆਲੇ ਉਸਰਿਆ ਸੰਰਚਨਾਤਮਕ ਸੰਗਠਨ ਚਿੰਨ੍ਹਾਂ ਦੀ ਮੁਕਤ ਖੇਡ ਨੂੰ ਸੀਮਤ ਕਰਦਾ ਹੈ :

> One can not infact conceive of an unorganized structure—but above all to make sure that the organizing principle of the structure would limit what we might call the free play of the structure.[43]

ਸੰਰਚਨਾ ਦੀ ਖੜੋਤ ਅਤੇ ਕੇਂਦਰ ਦੀ ਪ੍ਰਮੁੱਖਤਾ ਅਰਥਾਂ ਦੀ ਮੁਕਤ ਖੇਡ ਨੂੰ ਸਮਝਣ ਵਾਲੀ ਪ੍ਰਕਿਰਿਆ ਨੂੰ ਵਿਚਲਿਤ ਕਰਨ ਵਾਲੇ ਤੱਤ ਹਨ। ਦੈਰੀਦਾ ਅਨੁਸਾਰ ਸਾਰਾ ਪੱਛਮੀ ਵਿਚਾਰ ਕੇਂਦਰ, ਮੂਲ, ਸੱਚ, ਅੰਦਰਲੇ ਰੂਪ ਨਿਸ਼ਚਿਤ, ਅਚਲਿਤ, ਚਲਨ, ਨਿਚੋੜ, ਰੱਬ, ਹਾਜ਼ਰੀ ’ਤੇ ਕੇਂਦਰਤ ਹੈ ਜੋ ਸਾਰੇ ਅਰਥਾਂ ਨੂੰ ਨਿਸ਼ਚਿਤ/ਅਰਥਿਤ ਕਰਦਾ ਹੈ। ਸਾਰਿਆਂ ਦੇ ਆਪਣੇ ਕੇਂਦਰੀ ਬਿੰਬ ਹਨ ਪਰ ਦੈਰੀਦਾ ਅਨੁਸਾਰ ਕੇਂਦਰ ਦੀ ਸਮੱਸਿਆ ਹੈ ਕਿ ਇਹ ਖੁਦ ਪ੍ਰਮੁੱਖਤਾ ਹਾਸਲ ਕਰ ਹੋਰਨਾ ਨੂੰ ਮਨਫ਼ੀ ਕਰਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਹਾਸ਼ਿਆਈ ਹੋਰਾਂ (Marginalised other) ਦੀ ਅਣਦੇਖੀ ਕਰ ਦਬਾਉਂਦਾ ਹੈ, ਜਿਵੇਂ ਮਰਦ ਪ੍ਰਧਾਨ ਸਮਾਜ ’ਚ ਮਰਦ ਕੇਂਦਰ ’ਚ ਹੈ ਅਤੇ ਔਰਤ ਹਾਸ਼ਿਆਈ ਹੋ ਕੇ ਅਣਦੇਖੀ, ਦੱਬੀ ਹੋਈ ‘ਹੋਰ’ ਹੋ ਨਿੱਬੜਦੀ ਹੈ।[44] ਅਰਥ ਵਿਸ਼ਲੇਸ਼ਣ ਦੇ ਸੰਦਰਭ ਵਿਚ ਕੇਂਦਰੀਅਤਾ ਦੀ ਇਹ ਧਾਰਨਾ ਇੱਕ ਕੇਂਦਰੀ ਤੱਤ ਦੇ ਪ੍ਰਸੰਗ ਵਿਚ ਉਜਾਗਰ ਹੁੰਦੇ ਅਰਥਾਂ ਨੂੰ ਕੇਂਦਰੀ ਅਰਥਾਂ ਵਜੋਂ ਨਿਸ਼ਚਿਤ ਅਤੇ ਸਥਾਪਿਤ ਕਰ ਹੋਰਨਾ ਅਰਥਾਂ ਦੀ ਸਿਰਜਣਾਤਮਕ ਸੰਭਾਵਨਾ ਨੂੰ ਦਬਾਉਂਦੀ ਤੇ ਹਾਸ਼ੀਆਗ੍ਰਸਤ ਕਰਦੀ ਹੈ। ਦੈਰੀਦਾ ਦੀ ਉੱਤਰ ਸੰਰਚਨਾਵਾਦੀ ਦ੍ਰਿਸ਼ਟੀ ਸੰਰਚਨਾ ਅਤੇ ਕੇਂਦਰ ਦੀਆਂ ਧਾਰਨਾਵਾਂ ਨੂੰ ਅਸਵੀਕਾਰ ਕਰ ਚਿਹਨਾਂ ਅਤੇ ਅਰਥਾਂ ਦੀ ਮੁਕਤ ਖੇਡ ਨੂੰ ਸਵੀਕਾਰਦੀ ਹੈ। ਸਾਹਿਤਕ ਪਾਠਾਂ ਵਿਚ ਚਿਹਨ-ਅਰਥ ਦੀ ਇਸ ਮੁਕਤ ਖੇਡ ਨੂੰ ਸਮਝਣ ਦੀ ਪ੍ਰਕਿਰਿਆ ਨੂੰ ਦੈਰੀਦਾ ਡਿਫਰਾਂਸ ਦੀ ਧਾਰਨਾ ਰਾਹੀਂ ਦਰਸਾਉਂਦਾ ਹੈ। ਉਹ ਡਿਫਰਾਂਸ ਸ਼ਬਦ ਦਾ ਪ੍ਰਯੋਗ ਦੋ ਅਰਥਾਂ : ਭਿੰਨਤਾ (difference) ਅਤੇ ਮੁਲਤਵੀ (Deferral) ਨਾਲ ਜੋੜ ਕੇ ਕਰਦਾ ਹੈ। ਡਿਫਰਾਂਸ ਦੀ ਧਾਰਨਾ ਅਨੁਸਾਰ ਸ਼ਬਦ ਅਤੇ ਚਿਹਨ ਕਦੇ ਵੀ ਆਪਣੇ ਅਰਥ ਨੂੰ ਪੂਰਨ ਰੂਪ ਵਿਚ ਉਜਾਗਰ ਨਹੀਂ ਕਰ ਸਕਦੇ, ਇੱਕ ਚਿਹਨ ਦਾ ਅਰਥ ਅੰਸ਼ਕ ਰੂਪ ਵਿਚ ਹੋਰਨਾ ਅਨੰਤ ਚਿਹਨ-ਅਰਥਾਂ ਤੋਂ ਉਸ ਦੀ ਭਿੰਨਤਾ ਰਾਹੀਂ ਪੈਦਾ ਹੁੰਦਾ ਹੈ। ਸੋ ਇੱਕ ਚਿਹਨ ਦਾ ਅਰਥ ਹਮੇਸ਼ਾ ਲਈ ਇੱਕ ਅੰਨਤ ਚਿਹਨਕੀ ਲੜੀ ਰਾਹੀਂ ਮੁਲਤਵੀ ਹੁੰਦਾ ਰਹਿੰਦਾ ਹੈ। ਉਦਾਹਰਣ ਵਜੋਂ ਸ਼ਬਦ ‘ਮਕਾਨ’ ਆਪਣੇ ਅਰਥ ਘਰ, ਹੋਟਲ, ਇਮਾਰਤ ਅਤੇ ਮਹਿਲ ਆਦਿ ਚਿਹਨਕਾਂ ਨਾਲੋਂ ਆਪਣੀ ਭਿੰਨਤਾ ਵਿਚੋਂ ਗ੍ਰਹਿਣ ਕਰਦਾ ਹੈ। ਇੱਕ ਪਾਠਕ ਜਾਂ ਪ੍ਰਤੱਖਣ-ਕਰਤਾ (Perceiver) ਦੀ ਚੇਤਨਾ ਕਿਉਂਕਿ ਸਦਾ ਗਤੀਸ਼ੀਲਤਾ (flux) ਦੀ ਅਵਸਥਾ ਵਿਚ ਰਹਿੰਦੀ ਹੈ ਇਸ ਲਈ ਉਸ ਦੀ ਇੱਕ ਪੜ੍ਹਤ ਨਾਲੋਂ ਦੂਜੀ ਪੜ੍ਹਤ ਵੀ ਭਿੰਨ ਹੁੰਦੀ ਹੈ।[45] ਡਿਫਰਾਂਸ ਦੀ ਇਹ ਧਾਰਨਾ ਬੋਧੀ ਭਾਸ਼ਾ-ਚਿੰਤਨ ਦੇ ਅਪੋਹ ਸਿੱਧਾਂਤ ਨਾਲ ਕਾਫੀ ਮੇਲ ਖਾਂਦੀ ਹੈ। ਸਮੁੱਚੇ ਰੂਪ ਵਿਚ ਉਤਰ ਜੁਗਤਾਤਮਕ ਪਹੁੰਚ-ਵਿਧੀ ਨੇ ਅਰਥ ਦੀ ਅਨਿਸ਼ਚਤਤਾ, ਬਹੁਅਰਥਕਤਾ, ਅਨੇਕਤਾ ਅਤੇ ਅਨੰਤਤਾ ਨੂੰ ਸਥਾਪਤ ਕਰ ਸਾਹਿਤ ਦੇ ਅਰਥ ਵਿਗਿਆਨਕ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ।

ਸਾਹਿਤ ਦੇ ਅਰਥ ਵਿਗਿਆਨਕ ਅਧਿਐਨ ਸਬੰਧੀ ਉਪਰੋਕਤ ਸਮੁੱਚਾ ਸਿੱਧਾਂਤਕ ਵਰਣਨ-

ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਪ੍ਰਾਚੀਨ ਭਾਰਤੀ ਭਾਸ਼ਾ-ਚਿੰਤਨ ਤੇ ਵਿਆਕਰਨਕ ਸਿੱਧਾਂਤ ਤੋਂ ਲੈ ਕੇ ਆਧੁਨਿਕ ਭਾਸ਼ਾ ਵਿਗਿਆਨ, ਭਾਸ਼ਾ-ਦਰਸ਼ਨ ਅਤੇ ਸਾਹਿਤ ਚਿੰਨਤ ਦੀ ਵਿਸ਼ਵ-ਵਿਆਪੀ ਪਰੰਪਰਾ ਵਿਚ ਅਰਥ-ਅਧਿਐਨ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ। ਅਰਥ-ਅਧਿਐਨ ਦੀਆਂ ਇਨ੍ਹਾਂ ਸਾਰੀਆਂ ਸਿੱਧਾਂਤਕ ਪੱਧਤੀਆਂ ਨੂੰ ਅਰਥ ਵਿਗਿਆਨ ਦੀ ਤਕਨੀਕੀ ਮਦ ਦੇ ਅਧੀਨ ਰੱਖ ਕੇ ਵਿਚਾਰਿਆ ਜਾ ਸਕਦਾ ਹੈ। ਅਰਥ ਇੱਕ ਅਜਿਹਾ ਵਿਆਪਕ ਵਰਤਾਰਾ ਹੈ ਜੋ ਨਾਕੇਵਲ ਭਾਸ਼ਾ ਬਲਕਿ ਹਰੇਕ ਸੰਚਾਰ-ਪ੍ਰਬੰਧ ਨਾਲ ਜੁੜਿਆ ਹੈ। ਇਸ ਲਈ ਇਸ ਦਾ ਦਾਇਰਾ ਭਾਸ਼ਾ ਵਿਗਿਆਨ ਤੋਂ ਲੈ ਕੇ ਸਾਹਿਤ ਚਿੰਤਨ, ਦਰਸ਼ਨ ਸ਼ਾਸਤਰ ਅਤੇ ਮਨੋਵਿਗਿਆਨ ਤੱਕ ਵੀ ਫੈਲ ਜਾਂਦਾ ਹੈ, ਪਰ ਬੁਨਿਆਦੀ ਤੌਰ 'ਤੇ ਅਰਥ ਦੀ ਧਾਰਨਾ ਭਾਸ਼ਾ ਨਾਲ ਸਬੰਧਤ ਹੋਣ ਕਰਕੇ ਵੱਖ-ਵੱਖ ਅਨੁਸ਼ਾਸਨਾ ਨਾਲ ਸਬੰਧਤ ਵਿਦਵਾਨ ਆਪੋ-ਆਪਣੇ ਖੇਤਰ ਦੇ ਸੰਦਰਭ ਵਿਚ ਅਰਥਾਂ ਦੀ ਖੇਡ ਨੂੰ ਸਮਝਣ ਲਈ ਇਸ ਦੀ ਭਾਸ਼ਾ ਵਿਗਿਆਨਕ ਸਮਝ ਵੱਲ ਰੁਚਿਤ ਹੋਏ ਹਨ। ਇਨ੍ਹਾਂ ਵਿਦਵਾਨਾਂ ਨੇ ਨਾਕੇਵਲ ਅਰਥ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਤੋਂ ਸਿੱਧਾਂਤਕ ਸੇਧ ਪ੍ਰਾਪਤ ਕੀਤੀ ਹੈ ਬਲਕਿ ਪਰਤਵੇਂ ਰੂਪ ਵਿਚ ਇਸ ਨੂੰ ਸਿੱਧਾਂਤਕ ਤੌਰ 'ਤੇ ਵਧੇਰੇ ਸਮ੍ਰਿੱਧ ਵੀ ਕੀਤਾ ਹੈ। ਪ੍ਰਾਚੀਨ ਭਾਰਤੀ ਭਾਸ਼ਾ-ਚਿੰਤਨ ਦੀ ਪਰੰਪਰਾ ਵਿਚ ਆਤਮਿਕ ਅਤੇ ਪਦਾਰਥਕ ਦੋਹਾਂ ਦ੍ਰਿਸ਼ਟੀਆਂ ਤੋਂ ਅਰਥ ਸਬੰਧੀ ਭਰਪੂਰ ਚਰਚਾ ਹੋਈ ਹੈ। ਇਸ ਸੰਦਰਭ ਵਿਚ ਸਫੋਟ ਅਤੇ ਅਪੋਹ ਸਿੱਧਾਂਤ ਵਿਸ਼ਵ ਦੀ ਭਾਸ਼ਾ ਵਿਗਿਆਨਕ ਪਰੰਪਰਾ ਨੂੰ ਭਾਰਤੀ ਭਾਸ਼ਾ-ਚਿੰਤਨ ਦੀ ਮੌਲਿਕ ਅਤੇ ਅਤਿ ਮਹੱਤਵਪੂਰਨ ਦੇਣ ਹਨ। ਆਧੁਨਿਕ ਭਾਸ਼ਾ ਵਿਗਿਆਨ ਵਿਚ ਅਰਥ ਵਿਗਿਆਨ ਦਾ ਆਰੰਭ ਦੂਜੇ ਭਾਸ਼ਾ ਵਿਗਿਆਨਕ ਖੇਤਰਾਂ ਨਾਲੋਂ ਕਾਫੀ ਬਾਅਦ ਵਿਚ ਹੋਇਆ। ਮੁੱਢਲੇ ਦੌਰ ਵਿਚ ਕੇਵਲ ਸ਼ਬਦਾਂ ਤੱਕ ਸੀਮਤ ਰਹਿਣ ਵਾਲਾ ਅਰਥ ਵਿਗਿਆਨਕ ਅਧਿਐਨ ਜੁਗਤਵਾਦ ਦੇ ਉਦੈ ਨਾਲ ਵਾਕ ਅਤੇ ਵਾਕ ਤੋਂ ਵਡੇਰੀਆਂ ਇਕਾਈਆਂ ਉਚਾਰ ਅਤੇ ਸਾਹਿਤਕ ਪਾਠ ਤੱਕ ਫੈਲ ਗਿਆ। ਜੁਗਤਵਾਦੀ, ਪ੍ਰਸੰਗਿਕ ਅਤੇ ਕਾਰਜੀ ਪਹੁੰਚ-ਵਿਧੀਆਂ ਨੇ ਸਾਹਿਤਕ ਪਾਠਾਂ ਦੇ ਅਰਥ ਵਿਗਿਆਨਕ ਅਧਿਐਨ ਦੇ ਵਿਧੀਵਤ ਮਾਡਲ ਸੂਤਰਬੱਧ ਕੀਤੇ। ਇਸੇ ਤਰ੍ਹਾਂ ਉਤਰ ਜੁਗਤਾਤਮਕ ਪਹੁੰਚ-ਵਿਧੀ ਨੇ ਅਰਥਾਂ ਦੀ ਮੁਕਤ ਖੇਡ, ਅਨਿਸ਼ਚਤਤਾ, ਅਨੇਕਤਾ ਅਤੇ ਅਨੰਤਤਾ ਦੀਆਂ ਧਾਰਨਾਵਾਂ ਨਾਲ ਅਰਥ ਵਿਗਿਆਨਕ ਅਧਿਐਨ ਨੂੰ ਬਹੁਪਰਤੀ ਅਤੇ ਬਹੁਪਾਸਾਰੀ ਗਤੀਸ਼ੀਲਤਾ ਪ੍ਰਦਾਨ ਕੀਤੀ ਹੈ। ਆਧੁਨਿਕ ਭਾਸ਼ਾ ਵਿਗਿਆਨ ਦੇ ਅਰਥ ਵਿਗਿਆਨਕ ਸਿੱਧਾਂਤ ਨੂੰ ਪ੍ਰਾਚੀਨ ਭਾਰਤੀ ਭਾਸ਼ਾ-ਦਰਸ਼ਨ ਦੇ ਪਰਿਪੇਖ ਵਿਚ ਵਿਚਾਰਿਆਂ ਇਹ ਕਈ ਪੱਖਾਂ ਤੋਂ ਭਾਰਤੀ ਭਾਸ਼ਾ-ਦਰਸ਼ਨ ਦੀਆਂ ਅੰਤਰ-ਦ੍ਰਿਸ਼ਟੀਆਂ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਨਜ਼ਰ ਆਉਂਦਾ ਹੈ। ਸੋ ਮੌਜੂਦਾ ਸਮੇਂ ਅਰਥ ਵਿਗਿਆਨਕ ਅਧਿਐਨ ਦੀਆਂ ਇਨ੍ਹਾਂ ਦੋਹਾਂ ਪਰੰਪਰਾਵਾਂ ਨੂੰ ਇੱਕ ਵਿਆਪਕ ਸਿਧਾਂਤਕ-ਸੰਵਾਦਾਤਮਕ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ।

## ਹਵਾਲੇ ਤੇ ਟਿੱਪਣੀਆਂ


1. R.C. Pradhan, **Recent Developments in Analytic Philisophy**, p. 3
2. A.P. Andrews Kutty, 'Semantics in Structural Linguistics', **Aspects of Paninian Semantics,** (ed.) C. Rejendran, p. 45
3. J. Brough, **Some Indian Theories of Meaning**, p. 163
4. K. Kunjunni Raja, **Some Indian Theories of Meaning**, p. 7
5. **Ibid**, p. 8-9
6. ਵਿਸ਼ਵਨਾਥ ਕਵੀਰਾਜ, **ਸਾਹਿਤਯ ਦਰਪਣ**, (ਅਨੁ.) ਦੁਨੀ ਚੰਦ੍ਰ, ਪੰਨਾ. 9
7. K. Kunjunni Raja, **Ibid**, p. 9

8. कपिल देव दिवेदी, **अर्थविज्ञान और व्याकरण दर्शन,** पृ. 212
9. Shri Bhartrhari, **Vakyapadiyam (Brahmkanda),** (ed.) D. Satyakam Varma, p. 1
10. **Ibid**, p. 2
11. As quoted by Akihiko Akamatsu, 'Pratibha in Bhartahari's Vakyapadiya' **Bhartarhari Philosopher and Grammarian,** (eds.) Saroja Bhate, Johannes Bronkhorst, p. 38
12. Akihiko Akamatsu, 'Pratibha in Bhartrharis Vakyapadiya' **Bhartarhari Philosopher and Grammarian,** (eds.) Saroja Bhate, Johannes Bronkhorst, p. 39
13. Harold G. Coward, **The Sphota Theory of Language,** p. 83
14. **Shri Dasam Granth Sahib** (Vol. 1), p. 25
15. ਗੋਪੀ ਚੰਦ ਨਾਰੰਗ, **ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ**, ਪੰਨਾ 323
16. Prabhatchandra Chakravarti, **The Linguistic speculations of the Hindus**, p. 113-114
17. ਗੋਪੀ ਚੰਦ ਨਾਰੰਗ, **ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸ਼ਤਰ**, ਪੰਨਾ. 323
18. Tandra Patnaik, Sabda : **A Study of Bhattrhari's Philosophy of Language**, p. 79
19. **Ibid**, p. 83
20. कपिल देव दिवेदी, **अर्थविज्ञान और व्याकरण दर्शन,** पृ. 77–78
21. Harjeet Singh Gill, **Signification in Buddhist and French Tradition**, p. 2-3
22. ਮਨਮੋਹਨ, **ਦੈਰੀਦੀਅਨ ਵਿਖੰਡਨ ਅਤੇ ਭਾਰਤੀ ਗਿਆਨ ਸ਼ਾਸਤਰ**, ਪੰਨਾ. 49
23. As Quoted by Akihiko Akamatsu, 'Pratibha in Bhartrharis vakyapdiya', **Bhartarhari Philosopher and Grammarian**, (eds.) Saroja bhate, Johannes Bronkhors, p. 39
24. ਮਨਮੋਹਨ, **ਦੈਰੀਦੀਅਨ ਵਿਖੰਡਨ ਅਤੇ ਭਾਰਤੀ ਗਿਆਨ ਸ਼ਾਸਤਰ**, ਪੰਨਾ. 49
25. G. N. Reddy, **A Study of Telugu Semantics**, p. 10
26. Bloomfield, **Language**, p. 140
27. F. R. Palmer, **Semantics**, p. 2
28. C. K. Ogden And I. A. Richards, **The Meaning of Meaning**, p. 11
29. www.ling.arts.kuleuven.ac.be
30. 'Semantic Field', www.wikipedia.org
31. ਪਰਮਜੀਤ ਸਿੰਘ ਸਿੱਧੂ, **ਮਾਨਵ ਵਿਗਿਆਨਕ ਭਾਸ਼ਾ ਵਿਗਿਆਨ**, ਪੰਨਾ 141
32. John Lyone, **Linguistics Semantics**, p. 291

33. A. J. Greimas, 'Structural Semantics', **Pakha Sanjam Vol. VIII**, (eds.) H. S. Gill, p. 141
34. Ludwig Wittgenstein, **Philosophical Investigation**, p. 20
35. **Ibid**, p. 150
36. Ludwig Wittgenstein, **Philospphical Grammar**, (trans.) Anthony Kenny, p. 40
37. 'The conceptualist or psychological approach to word as units in the linguistic analysis of meaning is already in its grave, but not yet buried.' —J.R. Firth, 'Linguistic analysis as a study of meaning', **Selected Papers of J.R. Firth 1952-1959**, (ed.) F.R. Plamer, p.18
38. 'Meaning, that is to say, is to be regarded as a comples of contextual relation, and phonetics, grammer, lexicography and semantics each handle its own component of the complex in its appropriate context.' —**Ibid**, p. 24
39. M.A.K. Halliday, **Linguistic Studies of Text and Discourse**, (eds.) Jonathan Webster, p. 50
40. **Ibid**, p. 53
41. Roland Barthes, **S/Z**, (trans), Richard Miller, p. 3
42. ਉਧਰਿਤ, ਗੋਪੀ ਚੰਦ ਨਾਰੰਗ, **ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ**, ਪੰਨਾ. 163
43. Jacques Derrida, **Writing And Difference**, (trans) Alan Bass, p. 278
44. ਮਨਮੋਹਨ, **ਦੈਰੀਦੀਅਨ ਵਿਖੰਡਨ ਅਤੇ ਭਾਰਤੀ ਗਿਆਨ ਸ਼ਾਸਤਰ**, ਪੰਨਾ. 33
45. 'Diffrance', www.wikipedia.org

# ਸਾਹਿਤ ਅਧਿਐਨ ਦੀ ਅਸਤਿਤ੍ਵਵਾਦੀ ਵਿਧੀ

—ਡਾ. ਕੁਲਦੀਪ ਸਿੰਘ ਢਿੱਲੋਂ*

19ਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਵਿਸ਼ਵ ਯੁੱਧਾਂ ਤਕ ਦੇ ਸਮੇਂ ਦਰਮਿਆਨ ਹੋਈ ਮਨੁੱਖੀ ਦੁਰਦਸ਼ਾ ਅਤੇ ਭਿਅੰਕਰ ਸਿੱਟਿਆਂ ਨੇ ਮਨੁੱਖੀ ਮਨ ਨੂੰ ਦਹਿਲਾਅ ਕੇ ਰੱਖ ਦਿੱਤਾ। ਵਿਸ਼ਵ ਭਰ ਦੇ ਚਿੰਤਕਾਂ ਨੇ ਮਨੁੱਖੀ ਹੋਂਦ ਦੇ ਕਲਿਆਣ ਲਈ ਆਪਣੀ ਫ਼ਿਕਰ ਜ਼ਾਹਿਰ ਕੀਤੀ। ਜਿਸ ਵਿਚ ਅਸਤਿਤ੍ਵਵਾਦੀ ਚਿੰਤਕਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਮਨੁੱਖੀ ਹੋਂਦ ਸੰਬੰਧੀ ਗੰਭੀਰ ਵਿਚਾਰ ਚਰਚਾ ਆਰੰਭੀ। ਇਹ ਚਿੰਤਨ ਮਨੁੱਖੀ ਹੋਂਦ ਨੂੰ ਸਮਝਣ ਲਈ ਅਤੇ ਇਸ ਪ੍ਰਤੀ ਆਪਣੀ ਰਾਏ ਪੇਸ਼ ਕਰਨ ਲਈ ਸਾਹਮਣੇ ਆਏ।

ਅਸਤਿਤ੍ਵਵਾਦੀ ਦਾਰਸ਼ਨਿਕਤਾ ਦੇ ਉਦਭਵ ਤੇ ਵਿਕਾਸ ਦਾ ਦੌਰ ਸੋਰੇਨ ਕਿਰਕੇਗਾਰਦ (Soren Kierkegard) ਤੋਂ ਯਾਂ ਪਾਲ ਸਾਰਤ੍ਰ (Jean Paul Sartre) ਤਕ ਦਾ ਹੈ। ਸਾਰਤ੍ਰ ਤੋਂ ਬਾਅਦ ਅਸਤਿਤ੍ਵਵਾਦ ਅਲਬੇਅਰ ਕਾਮੂ (Albert Camus) ਦੀਆਂ ਲਿਖਤਾਂ ਨਾਲ ਆਪਣੀਆਂ ਸਿਖਰਾਂ ਨੂੰ ਛੂੰਹਦਾ ਹੈ। ਇਹ ਉਸ ਦੌਰ ਦੀ ਗੱਲ ਹੈ ਜਦ ਸਾਰਾ ਸੰਸਾਰ ਦੋ ਵਿਸ਼ਵ ਯੁੱਧਾਂ ਦੀਆਂ ਮਾਰਾਂ ਸਹਿੰਦਾ ਹੋਇਆ ਲਹੂ-ਲੁਹਾਣ ਮਨੁੱਖਤਾ ਵੱਲ ਉਮੀਦ ਦੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ। ਇਸ ਦੌਰ ਦਾ ਮਨੁੱਖ ਸਨਾਤਨੀ ਅਤੇ ਆਦਰਸ਼ਵਾਦੀ ਫ਼ਲਸਫ਼ਿਆਂ ਵਿਚੋਂ ਆਪਣੀ ਆਸਥਾ ਗੁਵਾ ਚੁੱਕਾ ਸੀ। ਇਸ ਸਮੇਂ ਪੀੜਤ ਮਨੁੱਖਤਾ ਪਰਾ-ਭੌਤਿਕ ਸੰਰੰਚਨਾਵਾਂ (Metaphysical Structures) ਅਤੇ ਆਦਰਸ਼ਵਾਦੀ ਨਜ਼ਰੀਏ ਨੂੰ ਤਿਆਗ ਚੁੱਕੀ ਸੀ। ਮਨੁੱਖਤਾ ਬੀਤ ਰਹੇ ਹਰ ਪਲ ਦੀ ਸਮਝ 'ਹੁਣ ਖਿਨ' (Very Now Moment) ਦੀ ਸੰਵੇਗਸ਼ੀਲਤਾ ਵਿਚੋਂ ਲੱਭ ਰਹੀ ਸੀ।

ਸੰਸਾਰ ਦੀ ਸਮਕਾਲੀ ਸਥਿਤੀ ਵਿਚ ਵੀ ਮਨੁੱਖ ਨੂੰ ਮਿੱਥ ਅਤੇ ਧਰਮ ਵਿਚ ਆਸਥਾ ਨਹੀਂ ਰਹੀ। ਪਿਛਲੀ ਸਦੀ ਦੇ ਮਨੁੱਖ ਨੇ ਮਿੱਥ, ਧਰਮ ਪ੍ਰਵਚਨ ਅਤੇ ਕਲਾਸਿਕ ਰਚਨਾਵਾਂ ਦੀ ਬਹੁ-ਪਰਤੀ, ਬਹੁ-ਦਿਸ਼ਾਵੀ ਵਿਆਖਿਆ ਕੀਤੀ ਹੈ। ਉਹ ਸਾਰੀਆਂ ਵਿਆਖਿਆਵਾਂ ਅਤੇ ਅਰਥ-ਉਤਪਾਦਕ ਸਿੱਧਾਂਤ ਵਿਧੀਆਂ ਸਮਕਾਲੀ ਮਨੁੱਖ ਨੂੰ ਪਿਛਾਂਹ ਖਿੱਚੂ ਅਤੇ ਦਰਪੇਸ਼ ਸੰਸਾਰ ਦੀ ਵਿਆਖਿਆ ਕਰਨ ਵਿਚ ਅਸਮਰੱਥ ਮਹਿਸੂਸ ਹੋ ਰਹੀਆਂ ਹਨ। ਅਸਤਿਤ੍ਵਵਾਦੀ ਚਿੰਤਕਾਂ ਨੇ ਆਧੁਨਿਕ ਮਨੁੱਖ ਨੂੰ ਸੰਸਾਰ ਦੇ ਅਤੇ ਵਿਅਕਤੀਗਤ ਹਾਲਾਤਾਂ ਲਈ ਪੂਰਨ ਰੂਪ ਵਿਚ ਜ਼ਿੰਮੇਵਾਰ ਠਹਿਰਾਇਆ। ਅਸਤਿਤ੍ਵਵਾਦੀ ਚਿੰਤਕਾਂ ਨੇ ਕਿਹਾ ਕਿ ਮਨੁੱਖ ਜ਼ਿੰਮੇਵਾਰ ਹੈ ਆਪਣੇ 'ਹੋਣ' ਪ੍ਰਤੀ, ਆਪਣੇ ਕਰਮ ਪ੍ਰਤੀ, ਆਪਣੇ ਪਰਿਪੇਖ (Milieu) ਲਈ, ਜਿਸ ਤਰ੍ਹਾਂ ਉਹ ਸੰਸਾਰ ਨਾਲ ਪੇਸ਼ ਆਉਂਦਾ ਹੈ ਅਤੇ ਜਿਵੇਂ ਸੰਸਾਰ ਉਸ ਨਾਲ ਪੇਸ਼ ਆਉਂਦਾ ਹੈ ਅਤੇ ਇੱਥੋਂ ਤਕ ਕਿ ਮਨੁੱਖ ਜ਼ਿੰਮੇਵਾਰ ਹੈ ਸਮਕਾਲੀ ਸੰਸਾਰ ਦੇ ਗੁਣ ਰੂਪ ਲਈ। ਅਸਤਿਤ੍ਵਵਾਦ ਮੁਤਾਬਕ ਮਨੁੱਖ ਕੋਲ ਸੰਸਾਰਕ ਸਥਿਤੀ ਦੀ ਜ਼ਿੰਮੇਵਾਰੀ ਤੋਂ ਬਚਨ ਲਈ ਕੋਈ ਗੁੰਜਾਇਸ਼ ਨਹੀਂ ਹੈ (The Philosophy of 'No Excuse')।

ਜਿਸ ਤਰ੍ਹਾਂ ਕੋਈ ਵਿਸ਼ਾ ਕਾਲ-ਕ੍ਰਮ ਵਿਚ ਹੁੰਦਿਆਂ ਹੋਇਆਂ ਵੀ 'ਕਾਲ ਅਤੇ ਖ਼ਲਾਅ' (Time and Space) ਤੋਂ ਮੁਕਤ ਅਧਿਐਨ ਦੀ ਮੰਗ ਕਰਦਾ ਹੈ, ਇਸ ਪ੍ਰਕਾਰ 'ਹੁਣ ਖਿਣ' (Very Now Moment) ਵਿਚ ਘਟਿਤ ਹੋ ਰਹੇ ਅਨੁਭਵ ਦੀ ਪ੍ਰਮਾਣਿਕਤਾ ਜਾਂਚਦਿਆਂ, ਭੂਤ ਕਾਲ ਵਿਚ ਵਾਪਰੇ, ਭਵਿੱਖ ਵਿਚ ਘਟਿਤ ਹੋਣ ਵਾਲੇ ਸੰਭਾਵਿਤ ਛਿਣ ਅਤੇ ਕਲਪਨਾ ਦੇ ਜਗਤ ਦੀ ਉਦਾਹਰਣ ਦੇਣਾ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਜਾਂ ਉਚਿਤਤਾ ਦਰਸਾਉਣਾ (Justification) ਸਰਵ-ਪ੍ਰਮਾਣਿਕ ਹੈ।

ਮੇਰਾ ਫੈਸਲਾ ਲੇਖਕ ਦੀ ਜਿੰਮੇਂਵਾਰੀ ਦੇ ਸੰਬੰਧ ਵਿਚ ਮੂਲ ਧਾਰਨਾਵਾਂ ਤੇ ਆਧਾਰਿਤ ਹੈ। ਇੱਕ ਲੇਖਕ ਹਮੇਸ਼ਾ ਆਪਣੀ ਲਿਖਤ ਰਾਹੀਂ ਹੀ ਸਾਹਮਣੇ ਆਉਣਾ ਚਾਹੀਦਾ ਹੈ। ਬਾਕੀ ਦੂਸਰੇ ਸਾਰੇ ਆਦਰ ਜਾਂ ਪੁਰਸਕਾਰ ਜੋ ਉਸਨੂੰ ਦਿੱਤੇ ਜਾਂਦੇ ਹਨ ਪਾਠਕਾਂ 'ਤੇ ਇਸ ਗੱਲ ਦਾ ਪ੍ਰਭਾਵ ਸਿੱਧ ਕਰਦੇ ਹਨ ਕਿ ਲੇਖਕ ਬਾਹਰੀ ਦਬਾਅ ਤੋਂ ਪ੍ਰਭਾਵਿਤ ਹੋ ਸਕਦਾ ਹੈ।[1]

ਅਸਤਿਤ੍ਵਵਾਦ ਮੂਲ ਰੂਪ ਵਿਚ ਮਨੁੱਖੀ ਅਸਤਿਤਵ ਦੇ ਅਧਿਐਨ ਦੀ ਤੱਤ-ਵਿਗਿਆਨਕ ਵਿਚਾਰਧਾਰਾ ਹੈ। ਇਸ ਵਿਚ ਮਨੁੱਖ ਦੀ ਜ਼ਿੰਦਗੀ ਦਾ ਮੂਲ ਤੱਤ ਮਨੁੱਖ ਦੀ ਸ੍ਵੈ-ਪਛਾਣ ਅਤੇ ਉਸ ਦੁਆਰਾ ਲਏ ਗਏ ਨਿਰਣੇ ਲੈਣ ਦੀ ਸਵਤੰਤਰਤਾ ਹੀ ਸਰਵਸ੍ਰੇਸ਼ਟ ਮਹੱਤਤਾ ਰੱਖਦੇ ਹਨ। ਵਿਚਾਰਧਾਰਾ ਦਾ ਪਹਿਲਾ ਨਾਅਰਾ ਇਹ ਹੈ ਕਿ ਸਾਡਾ ਜੀਵਨ ਕੇਵਲ ਓਨਾ ਹੀ ਹੈ ਜਿੰਨਾ ਅਸੀਂ ਇਸ ਨੂੰ ਬਣਾ ਲੈਂਦੇ ਹਾਂ (Man is nothing but what he made him-self)। ਸਾਡੇ ਜੀਵਨ ਵਿਚ ਜੋ ਵੀ ਵਾਪਰਦਾ ਹੈ ਉਹ ਕਿਸੇ ਕਿਸਮਤ ਦੁਆਰਾ ਜਾਂ ਪੂਰਵ ਨਿਰਧਾਰਤ ਧਾਰਨਾ ਨਾਲ ਨਹੀਂ ਹੁੰਦਾ ਬਲਕਿ ਸਾਡੇ ਹੀ ਦੁਆਰਾ ਲਏ ਗਏ ਫੈਸਲਿਆਂ ਅਤੇ ਕੀਤੇ ਕੰਮਾਂ ਤੇ ਆਧਾਰਿਤ ਹੁੰਦਾ ਹੈ। ਇਸ ਮੁਤਾਬਿਕ ਮਨੁੱਖ ਵਿਚ ਐਸੇ ਗੁਣ ਪਾਏ ਅਤੇ ਪੈਦਾ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੁਆਰਾ ਉਸਨੂੰ ਪੂਰਨ ਸੁਤੰਤਰ ਅਤੇ ਆਤਮ ਨਿਰਭਰ ਸੱਤਾ ਅਨੁਭਵ ਕਰਵਾ ਦਿੱਤਾ ਜਾਵੇ ਜੋ ਕਿ ਉਹ ਹੈ! ਅਸਤਿਤ੍ਵਵਾਦ ਅਨੁਸਾਰ ਇਸ ਜਗਤ ਦਾ ਕੇਂਦਰ ਮਨੁੱਖ ਹੈ ਅਤੇ ਹੋਰ ਕੋਈ ਵੀ ਅਸਤਿਤ੍ਵ ਇਸ ਦੇ ਬਰਾਬਰ ਨਹੀਂ। ਇਸ ਤਰ੍ਹਾਂ ਨਾਸਤਿਕ ਅਸਤਿਤ੍ਵਵਾਦੀ ਚਿੰਤਨ 'ਬ੍ਰਹਮ' ਜਾਂ 'ਰੱਬ' ਦੀ ਹੋਂਦ ਨੂੰ ਮਨੁੱਖੀ ਅਸਤਿਤ੍ਵ ਤੋਂ ਬਾਅਦ ਮੰਨਦੇ ਆਏ ਹਨ। ਮਨੁੱਖੀ ਅਸਤਿਤ੍ਵ ਤੋਂ ਭਾਵ ਹੈ 'ਚੇਤਨ ਅਸਤਿਤ੍ਵ', ਜੋ ਸੋਚਦਾ ਹੈ, ਸਮਝਦਾ ਹੈ ਅਤੇ ਆਪਣੇ ਕਲਿਆਣ ਲਈ ਵਿਚਾਰ ਕਰ ਸਕਦਾ ਹੈ। ਜਿਸ ਕੋਲ ਆਪਣੇ ਸ੍ਵੈ ਦੇ ਨਿਰਮਾਣ ਲਈ ਚੋਣ ਕਰਨ ਦੀ ਸੰਪੂਰਨ ਖੁੱਲ ਹੈ। ਮਨੁੱਖੀ ਚੇਤਨ ਅਸਤਿਤ੍ਵ ਤੋਂ ਭਾਵ ਕੇਵਲ ਆਪਣੇ ਅਸਤਿਤ੍ਵ ਵਿਚ ਹੋਣ ਦੀ ਚੇਤਨਤਾ ਪ੍ਰਤੀ ਜਾਗੂਰਕ ਹੋਣਾ ਮਾਤਰ ਨਹੀਂ ਹੈ ਬਲਕਿ ਆਪਣੇ ਅਸਤਿਤ੍ਵ ਨੂੰ ਪ੍ਰਮਾਣਿਕ ਸਿਧ ਕਰਨਾ ਹੈ। ਇਸ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮਨੁੱਖੀ ਅਸਤਿਤ੍ਵ ਨੂੰ ਦੋ ਤਰ੍ਹਾਂ ਨਾਲ ਪਛਾਣਿਆ ਜਾਂਦਾ ਹੈ ਜਿਸ ਵਿਚ ਪਹਿਲਾ ਪ੍ਰਮਾਣਿਕ ਅਸਤਿਤ੍ਵ (Authentic Existence) ਅਤੇ ਦੂਸਰਾ ਅਪ੍ਰਮਾਣਿਕ ਅਸਤਿਤ੍ਵ (Unauthentic Existence) ਅਖਵਾਉਂਦਾ ਹੈ। ਅਸਤਿਤ੍ਵ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਚੇਤਨ ਪੱਧਰ 'ਤੇ ਇਸ ਦੀ ਪਛਾਣ ਕਰਨਾ ਜ਼ਰੂਰੀ ਹੈ, ਨਹੀਂ ਤਾਂ ਮਨੁੱਖ ਅਤੇ ਪਸ਼ੂ ਦਰਮਿਆਨ ਅੰਤਰ ਕਰਨਾ ਅਸੰਭਵ ਹੈ। ਆਪਣੇ ਅਸਤਿਤ੍ਵ ਦੀ ਪ੍ਰਮਾਣਿਕਤਾ ਕਿਸੇ ਹਾਲਾਤ ਵਿਚ ਕਿਹੜੀ ਚੋਣ ਨਾਲ ਪ੍ਰਾਪਤ ਹੁੰਦੀ ਹੈ ਇਸ ਵਿਸ਼ੇ ਤੇ ਅਸਤਿਤ੍ਵ ਦਾ ਅਧਿਐਨ ਅਤੇ ਚਿੰਤਕਾਂ ਦੀ ਚਿੰਤਾ ਕੋਈ ਅੱਜ ਦੀ ਨਹੀਂ ਬਲਕਿ ਇਸ ਦੇ ਬੀਜ ਰੂਪ ਇਸ਼ਾਰੇ ਸੁਕਰਾਤ (Socrates) ਦੇ ਮਸ਼ਹੂਰ ਕਥਨ 'ਆਪਣਾ ਸ੍ਵੈ ਪਛਾਣੋ' (Know Thy self) ਵਿਚ ਵੀ ਪਛਾਣੇ ਜਾ ਸਕਦੇ ਹਨ।

ਸਾਰਤ੍ਰ ਤੋਂ ਪਹਿਲਾਂ ਹੋ ਚੁੱਕੇ ਅਸਤਿਤ੍ਵਵਾਦੀ ਚਿੰਤਨ ਰੇਨੇ ਡੇਕਾਰਟੇ Rene Descartes (1596-1650) ਨੇ ਮਾਨਵ ਅਸਤਿਤਵ ਦੇ ਵਿਸ਼ੇ ਵਿਚ ਆਪਣੇ ਭਾਵ ਵਿਅਕਤ ਕਰਦਿਆਂ ਕਿਹਾ ਸੀ ਕਿ 'ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ' (I Think therefore I am !)। ਡੇਕਾਰਟੇ ਦਾ ਇੱਥੇ ਇਹ ਭਾਵ ਹੈ ਕਿ ਮਨੁੱਖ ਕੇਵਲ ਜਨਮ ਮਾਤਰ ਨਾਲ ਹੀ ਹੋਂਦ ਨਹੀਂ ਪ੍ਰਾਪਤ ਕਰਦਾ ਬਲਕਿ ਜਦ ਉਹ ਆਪਣੀ ਹੋਂਦ ਦੇ ਵਿਸ਼ੇ ਵਿਚ ਜਾਗਰੂਕ ਹੁੰਦਾ ਹੈ, ਚਿੰਤਨ-ਮਨਨ ਕਰਦਾ ਹੈ ਤਾਂ ਉਸ ਦੀ ਹੋਂਦ ਪ੍ਰਮਾਣਿਕ (Authentic) ਹੁੰਦੀ ਹੈ। ਸਾਰਤ੍ਰ ਨੇ ਆਪਣੇ ਤੋਂ ਪੂਰਬਲੇ ਚਿੰਤਕਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਚੇਤਨਾ ਅਤੇ ਪਦਾਰਥ ਦੇ ਵਿਸ਼ੇ ਵਿਚ ਆਪਣੀ ਰਾਏ ਪੇਸ਼ ਕੀਤੀ। ਸਾਰਤ੍ਰ ਦਾ ਕਹਿਣਾ ਹੈ ਕਿ ਚੇਤਨਾ ਦੀ ਗੱਲ ਕਰਨ ਲਈ ਕੋਈ ਨਾ ਕੋਈ ਵਸਤੂ ਜਾਂ ਪਦਾਰਥ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਵਸਤੂ ਜਾਂ ਪਦਾਰਥ ਦੀ ਗੱਲ ਕਰਨ ਲਈ ਇਨ੍ਹਾਂ ਦਾ ਅਨੁਭਵ ਹੋਣਾ ਬਹੁਤ ਜ਼ਰੂਰੀ ਹੈ। ਇਸ ਤੋਂ ਬਗੈਰ ਚੇਤਨਾ ਆਪਣੀ ਹੋਂਦ

ਸਥਾਪਤ ਨਹੀਂ ਕਰ ਸਕਦੀ। ਵਸਤੂ ਜਾਂ ਪਦਾਰਥ ਦਾ ਅਨੁਭਵ ਹੀ ਚੇਤਨਾ ਨੂੰ ਅਸਤਿਤਵ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸਾਡੀ ਚੇਤਨਾ ਦਾ ਭਾਵ ਹੀ ਹੈ ਕਿ 'ਵਸਤੂ-ਚੇਤਨਾ'। ਇਸ ਚੇਤਨਾ ਦੀ ਅਨੁਭੂਤੀ ਹੀ ਇਸ ਰੂਪ ਵਿਚ ਹੁੰਦੀ ਹੈ ਕਿ 'ਮੈਂ ਹਾਂ', 'ਮੇਰਾ ਅਸਤਿਤੂ ਹੈ' ਅਤੇ ਇਸਤੋਂ ਬਾਹਰ ਜੋ ਵੀ ਹੈ 'ਦੂਸਰਾ' ਜਾਂ 'Other' ਹੈ। ਸਾਡੇ ਲਈ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸਾਰਤ੍ਰ ਮੁਤਾਬਿਕ ਸਾਡੇ ਬਾਹਰ ਜੋ ਵਸਤੂਜਗਤ ਹੈ ਉਸ ਦਾ ਸਭ ਕੁਝ ਮਨੁੱਖੀ-ਚੇਤਨਾ ਲਈ ਉਸਦਾ ਦੂਸਰਾ ਜਾਂ Other ਹੈ। ਇੱਥੇ ਹੀ 'ਸ੍ਵੈ-ਚੇਤਨਾ' (Self) ਅਤੇ 'ਦੂਸਰਾ' (Other) ਵਿਚ ਇੱਕ ਦਵੰਦ ਸਥਾਪਤ ਹੋ ਜਾਂਦਾ ਹੈ। ਸਾਰਤ੍ਰ ਇਸ ਸੰਬੰਧ ਨੂੰ ਦਵੰਦਾਤਮਕ ਸੰਬੰਧ ਜਾਂ ਦੋ ਵਿਰੋਧੀ ਸ਼ਕਤੀਆਂ ਦੇ ਰੂਪ ਵਿਚ ਪਛਾਣਦਾ ਹੈ। ਸਾਰਤ੍ਰ ਦਾ ਆਪਣੀ ਪੁਸਤਕ **Being and Nothingness** (1943) ਜੋ ਕਿ ਮਾਰਟਿਨ ਹਾਇਡੇਗਰ ਦੀ ਹੋਂਦ ਦੇ ਵਿਸ਼ੇ ਤੇ ਲਿਖੀ ਗਈ ਪੁਸਤਕ **Being And Time** (1927) ਦਾ ਹੀ ਅਗਲਾ ਪੜਾਅ ਹੈ, ਵਿਚ ਇਹ ਕਹਿਣਾ ਹੈ ਕਿ ਮੇਰਾ ਇਹ ਸੋਚਣਾ ਨਿਰਪੇਖ ਨਹੀਂ ਹੋ ਸਕਦਾ ਕਿ Self ਜਦ Other ਨਾਲ ਟਕਰਾਉਂਦਾ ਹੈ ਤਾਂ ਹੀ ਅਸਤਿਤੂ ਪ੍ਰਮਾਣਿਕ ਹੁੰਦਾ ਹੈ। ਇਸ ਤਰ੍ਹਾਂ Self ਸਾਡੇ ਲਈ Subject ਅਤੇ Other ਸਾਡੇ ਲਈ Object ਹੋ ਨਿਬੜਦਾ ਹੈ। ਇਸ ਸਭ ਬਾਰੇ ਵਿਚਾਰ ਚਰਚਾ ਕਰਦਿਆਂ ਸਾਰਤ੍ਰ ਕਿਸੇ ਐਸੇ ਮੰਚ ਦੀ ਤਲਾਸ਼ ਕਰਦਾ ਹੈ ਜੋ ਮਨੁੱਖ ਦੀ ਆਪਣੀ ਚੇਤਨਾ ਤੋਂ ਵੀ 'ਮੁਕਤ' ਭਾਵ 'ਨਿਰਲੇਪ' ਹੈ ਅਤੇ ਨਿਰਪੇਖ ਵਿਸ਼ਲੇਸ਼ਣ ਲਈ ਆਧਾਰ ਪੈਦਾ ਕਰਦਾ ਹੈ, ਜਿਸ ਨੂੰ ਉਹ Phenomenological Ontology ਕਹਿੰਦਾ ਹੈ। ਸਾਰਤ੍ਰ ਦੇ ਵਿਚਾਰ ਵਿਚ ਚੇਤਨਾ ਆਪਣੇ ਆਪ ਵਿਚ ਕੋਈ ਅਸਤਿਤਵ ਨਹੀਂ ਰੱਖਦੀ। ਇਹ ਦੂਸਰੇ (Other) ਦੀ ਸੋਝੀ ਨਾਲ ਹੀ ਅਸਤਿਤੂ ਗ੍ਰਹਿਣ ਕਰਦੀ ਹੈ। ਇਸ ਲਈ ਸਾਰਤ੍ਰ 'ਚੇਤਨਾ' (Conciousness) ਨੂੰ ਪ੍ਰਮਾਣਿਕਤਾ ਦੇਣ ਲਈ 'ਦੀ ਚੇਤਨਾ' (Conciousness of) ਨੂੰ ਆਧਾਰ ਬਣਾਉਂਦਾ ਹੈ ਅਤੇ 'ਚੇਤਨਾ' (Conciousness) ਦੇ ਅਸਤਿਤੂ ਲਈ ਪਹਿਲੀ ਸ਼ਰਤ ਮੰਨਦਾ ਹੈ। ਉਸ ਮੁਤਾਬਿਕ 'ਸ੍ਵੈ' ਹਮੇਸ਼ਾਂ 'ਦੂਸਰੇ' ਦੀ ਸੋਝੀ ਨਾਲ ਸ੍ਵੈ ਹੋਣ ਦਾ ਮਾਨ ਪ੍ਰਾਪਤ ਕਰਦਾ ਹੈ। ਇਸ ਮੁਤਾਬਿਕ ਖ਼ੁਦ ਨੂੰ ਪਛਾਣਨ ਲਈ ਵੀ ਦੂਸਰੇ ਦੀ ਹੋਂਦ ਦੀ ਲੋੜ ਪੈਂਦੀ ਹੈ। ਜਦ ਦੂਸਰੇ ਤੋਂ ਬਿਨਾਂ ਖ਼ੁਦ ਦੀ ਹੋਂਦ ਸਥਾਪਤ ਕਰਨਾ ਅਸੰਭਵ ਹੋ ਜਾਂਦਾ ਹੈ ਤਾਂ ਚੇਤਨਾ ਦੀ ਅ-ਸਥਿਤੀਆਤਮਕ ਗੁਣਾਤਮਕਤਾ (non-positional quality of conciousness) ਨੂੰ Ontology ਕਿਹਾ ਜਾਂਦਾ ਹੈ। ਜਦ ਕੋਈ ਤੀਸਰੀ ਧਿਰ ਜੋ ਕਿ ਸਥੂਲ ਹੋਂਦ ਰੱਖਦੀ ਹੈ, ਅਸਥੂਲ ਸ੍ਵੈ-ਚੇਤਨਾ ਦੇ ਅਧਿਐਨ ਦਾ ਆਧਾਰ ਬਣਦੀ ਹੈ ਤਾਂ ਇਸ ਨੂੰ ਸਾਰਤ੍ਰ Phenomenological Ontology ਕਹਿੰਦਾ ਹੈ। ਭਾਵ ਮਨੁੱਖੀ ਹੋਂਦ ਦੇ ਅਧਿਐਨ ਦੀ ਐਸੀ ਵਿਧੀ ਜਿਸ ਦੁਆਰਾ ਅਧਿਐਨ ਪ੍ਰਕ੍ਰਿਆ ਸ੍ਵੈ ਦੀ ਲਿਪਤਤਾ ਤੋਂ ਵੀ ਮੁਕਤ ਹੈ ਅਤੇ ਇੱਕ ਪੂਰਨ ਨਿਰਪੱਖ ਅਤੇ ਨਿਰਲੇਪ ਹੋਂਦ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਜਿਸ ਵਿਚ ਅਧਿਐਨ ਕਰ ਰਿਹਾ ਅਧਿਏਤਾ ਕੇਵਲ ਬਾਹਰੀ ਜਗਤ ਦਾ ਹੀ ਅਧਿਐਨ ਨਹੀਂ ਕਰ ਰਿਹਾ ਹੁੰਦਾ ਬਲਕਿ ਉਹ ਆਪਣੇ ਤੋਂ ਵੀ ਬਾਹਰ ਹੋ ਕੋਈ ਤੀਸਰੀ ਧਿਰ ਬਣ ਖ਼ੁਦ ਪ੍ਰਤੀ ਉਲਾਰੂ ਭਾਵ ਨੂੰ ਵੀ ਵੇਖ ਰਿਹਾ ਹੁੰਦਾ ਹੈ। ਜਿਸ ਵਿਚ ਹੋਂਦ ਨੂੰ ਸਭ ਪ੍ਰਭਾਵਾਂ ਤੋਂ ਮਨਫ਼ੀ ਕਰਕੇ ਵੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਬਿਲਕੁਲ ਓਸੇ ਹੀ ਰੂਪ ਸੁਭਾਵ ਵਿਚ ਜਿਵੇਂ ਉਹ ਆਪਣੇ ਮੁਤਾਬਕ ਹੈ ਨਾ ਕਿ ਅਧਿਐਨ ਕਰਤਾ ਦੇ ਦ੍ਰਿਸ਼ਟੀ ਦੁਆਰਾ।

ਸਾਰਤ੍ਰ 'ਸ੍ਵੈ' ਅਤੇ 'ਦੂਸਰੇ' ਨੂੰ ਉਨ੍ਹਾਂ ਦੇ ਦਰਮਿਆਨ ਚੱਲ ਰਹੀ ਕਸ਼ਮਕਸ਼ ਨਾਲ ਪਹਿਚਾਣਦਾ ਹੈ। ਉਸ ਮੁਤਾਬਿਕ ਸ੍ਵੈ ਅਤੇ ਦੂਸਰੇ ਦਰਮਿਆਨ ਇਹ ਦਵੰਦ ਜਾਂ ਖਿਚਾਓ ਸਦਾ ਬਣਿਆ ਰਹਿੰਦਾ ਹੈ। ਦੋਨੋਂ ਇੱਕ ਦੂਸਰੇ ਤੇ ਹਾਵੀ ਹੋਣ ਲਈ ਤਤਪਰ ਰਹਿੰਦੇ ਹਨ। ਇਸ ਤਰ੍ਹਾਂ ਦੂਸਰੇ ਦੀ ਹੋਂਦ ਸਾਡੇ ਲਈ ਸਦਾ ਖਤਰਾ ਬਣੀ ਰਹਿੰਦੀ ਹੈ ਅਤੇ ਸਾਡੀ Subjectivity ਨੂੰ ਜਜ਼ਬ ਕਰ ਲੈਣ ਲਈ ਪ੍ਰਤੀਪਲ ਉਲਾਰੂ ਰਹਿੰਦੀ ਹੈ। ਸ੍ਵੈ ਅਤੇ ਦੂਸਰੇ ਦੇ ਦਵੰਦ ਬਾਰੇ ਗੱਲ ਕਰਦਿਆਂ ਮਾਰਟਿਨ ਬੂਬਰ (Martin Bubar, 1878-1965) ਆਪਣੀ ਪੁਸਤਕ **I and Thou** (1937) ਵਿਚ ਕਹਿੰਦਾ ਹੈ ਕਿ ਸਾਨੂੰ

ਦੂਸਰੇ ਪ੍ਰਤੀ ਸ਼ਰਧਾ-ਭਾਵਨਾ ਵਾਲਾ ਸੰਬੰਧ ਸਥਾਪਤ ਕਰਨਾ ਚਾਹੀਦਾ ਹੈ ਅਤੇ ਦੂਸਰੇ ਨੂੰ ਆਪਣੀਆਂ ਰੁਚੀਆਂ ਮੁਤਾਬਕ ਢਾਲਣ ਦੀ ਪ੍ਰਵਿਤੀ ਦਾ ਤਿਆਗ ਹੀ ਕਲਿਆਣਕਾਰੀ ਹੈ। ਦੂਸਰੇ ਵਿਚ ਜੋ ਸ੍ਵੈ ਨੂੰ ਜਜ਼ਬ ਕਰਨ ਦੀ ਭਾਵਨਾ ਦਿਸਦੀ ਹੈ ਤੇ ਸ੍ਵੈ ਨੂੰ ਅਣਹੋਂਦ ਵਿਚ ਬਦਲ ਜਾਣ ਤੋਂ ਡਰਾਉਂਦੀ ਹੈ ਉਸਨੂੰ ਵਿਸਾਰ ਦੇਣਾ ਚਾਹੀਦਾ ਹੈ। ਮਾਰਟਿਨ ਬੂਬਰ ਮੁਤਾਬਿਕ ਸ੍ਵੈ ਅਤੇ ਦੂਸਰੇ ਦਾ ਜੋ ਭਾਗ ਆਪਸ ਵਿਚ ਜਜ਼ਬ ਹੋਵੇਗਾ ਉਹੀ ਕਿਸੇ ਸੰਪੂਰਨ ਹੋਂਦ ਦਾ ਆਧਾਰ ਪੈਦਾ ਕਰੇਗਾ। ਪ੍ਰੰਤੂ ਸਾਰਤ੍ਰ ਇਸ ਖੁਲ੍ਹਦਿਲੀ ਨਾਲ ਪੂਰਣ ਰੂਪ ਵਿਚ ਸਹਿਮਤ ਨਹੀਂ। ਸਾਰਤ੍ਰ ਇਸ ਟਕਰਾਓ ਨੂੰ ਸਦੀਵੀ ਮੰਨਦਾ ਹੈ ਅਤੇ ਇਸ ਪ੍ਰਤੀ ਸਦੀਵੀ ਵਿਦ੍ਰੋਹ (Perpetual Rebel) ਦੀ ਮੰਗ ਕਰਦਾ ਹੈ। ਇਹ ਟਕਰਾਓ ਜਾਂ ਦਵੰਦ ਸਾਰਤ੍ਰ ਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਵਿਚ ਰੂਪਮਾਨ ਹੁੰਦਾ ਹੈ। ਉਸਦੇ ਸਾਰੇ ਪਾਤਰ ਇਸੇ ਦਵੰਦ ਦੀ ਪੈਦਾਵਾਰ ਹਨ। ਇਸੇ ਹੀ ਦਵੰਦ ਨੂੰ ਦਰਸਾਉਂਦਾ ਸਾਰਤ੍ਰ ਆਪਣੇ ਵਿਸ਼ਵ ਪ੍ਰਸਿੱਧ ਨਾਟਕ **No Exit** (1944) ਵਿਚ 'ਦੂਸਰਾ ਨਰਕ ਹੈ' (Hell is the other people!) ਦਾ ਵਿਖਿਆਨ ਦਿੰਦਾ ਹੈ। ਸਾਰਤ੍ਰ ਦੀਆਂ ਸਾਰੀਆਂ ਰਚਨਾਵਾਂ (ਨਾਵਲ, ਕਹਾਣੀ ਅਤੇ ਨਾਟਕ) ਵਿਚ ਪਾਤਰ ਇੱਕ ਤਣਾਓ ਹੰਢਾਉਂਦੇ ਹੋਏ ਨਜ਼ਰ ਆਉਂਦੇ ਹਨ। ਪਾਤਰਾਂ ਦਰਮਿਆਨ ਕੋਈ ਭਾਵੁਕਤਾ ਜਾਂ ਵਚਨਬੱਧਤਾ ਦਾ ਸੰਬੰਧ ਨਹੀਂ ਹੈ। ਇਸ ਲਈ ਸਾਰੇ ਪਾਤਰ ਅਸਹਾਇ ਹਨ। ਕੋਈ ਵੀ ਇੱਕ-ਦੂਜੇ ਦਾ ਦੁੱਖ ਸੁਣਨ ਨੂੰ ਤਿਆਰ ਨਹੀਂ। ਸਭ ਮਦਦ ਕਰਨ ਤੋਂ ਅਸਮਰੱਥ ਹਨ। ਹਰ ਕੋਈ ਆਪਣੀ ਹੋਣੀ ਨਾਲ ਸਰਾਪਿਆ ਹੋਇਆ ਹੈ ਅਤੇ ਕਦੇ ਨਾ ਮੁੱਕਣ ਵਾਲੀ ਇਕੱਲ ਨੂੰ ਜੀਅ ਰਿਹਾ ਹੈ। ਪਾਤਰਾਂ ਦੀ ਐਸੀ ਅਵਸਥਾ ਵਿਚ ਸਾਰਤ੍ਰ ਪਾਤਰਾਂ ਨੂੰ ਕਿਸੇ ਐਸੇ ਕੇਂਦਰ ਬਿੰਦੂ ਦੀ ਤਲਾਸ਼ ਵਿਚ ਵਖਾਉਂਦਾ ਹੈ ਕਿ ਜਿਸ ਦੁਆਲੇ ਇਸ ਦਵੰਦਾਤਮਕ ਸਥਿਤੀ ਨੂੰ ਆਰਾਮ ਦਿੱਤਾ ਜਾ ਸਕੇ। ਜਿਸ ਵਿਚ ਦੂਸਰੇ ਦੀ ਹੋਂਦ ਡਰਾਉਂਦੀ ਨਾ ਹੋਵੇ ਅਤੇ Self ਦੇ Other ਹੋ ਜਾਣ ਦਾ ਫਿਕਰ ਨਾ ਹੋਵੇ ਪ੍ਰੰਤੂ ਅਸਫਲਤਾ ਉਨ੍ਹਾਂ ਦਾ ਯਥਾਰਥ ਬਣ ਸਾਹਮਣੇ ਆਉਂਦੀ ਹੈ। ਇਸ ਲਗਾਤਾਰ ਬਣੇ ਰਹਿਣ ਵਾਲੇ ਤਣਾਓ ਨਾਲ ਜੀਵਨ ਪ੍ਰਤੀ ਇੱਕ ਨਿਰਾਸ਼ਾਜਨਕ ਦ੍ਰਿਸ਼ਟੀਕੋਣ ਉਤਪੰਨ ਹੁੰਦਾ ਹੈ, ਜਿਸ ਵਿਚ ਜੀਵਨ ਇੱਕ ਸੰਤਾਪ ਤੋਂ ਵੱਧ ਕੁੱਝ ਵੀ ਨਹੀਂ। ਮਨੁੱਖ ਕੇਵਲ ਚੋਣ ਕਰਨ ਲਈ ਆਜ਼ਾਦ ਹੀ ਨਹੀਂ ਹੈ ਚੋਣ ਕਰਨਾ ਉਸਦੀ ਜ਼ਿੰਮੇਵਾਦੀ ਵੀ ਹੈ। ਮਨੁੱਖ ਨੂੰ ਚੋਣ ਕਰਨ ਦੀ ਆਜ਼ਾਦੀ ਤਾਂ ਹੈ ਪਰ 'ਚੋਣ ਨਾ' ਕਰਨ ਦੀ ਆਜ਼ਾਦੀ ਨਹੀਂ (Man is free to choose but not free not to choose)। ਇਸ ਪ੍ਰਕਾਰ ਇਹ ਆਜ਼ਾਦੀ ਇੱਕ ਸਰਾਪ ਵਰਗੀ ਪ੍ਰਤੀਤ ਹੁੰਦੀ ਹੈ। ਮਨੁੱਖ ਆਜ਼ਾਦ ਤਾਂ ਹੈ ਪਰ ਕਿਸੇ ਵਿਸ਼ੇਸ਼ ਸਥਿਤੀ ਵਿਚ ਜੋ ਉਸ ਦੀ ਆਪਣੀ ਚੋਣ ਨਹੀਂ ਹੈ ਅਤੇ ਇਸੇ ਵਿਸ਼ੇਸ਼ ਸਥਿਤੀ ਵਿਚ ਰਹਿੰਦਿਆਂ ਮਨੁੱਖ ਨੂੰ ਚੋਣ ਕਰਨ ਦੀ ਆਜ਼ਾਦੀ ਹੈ। ਮਨੁੱਖ ਇਸ ਚੋਣ ਦੁਆਰਾ ਜੋ ਉਸ ਲਈ ਕਰਨੀ ਲਾਜ਼ਮੀ ਹੈ, ਦੁਆਰਾ ਅਸਤਿਤ੍ਵ ਵਿਚ ਆ ਕੇ ਆਪਣੇ ਆਪ ਨੂੰ ਪਰਿਭਾਸ਼ਿਤ ਕਰਦਾ ਹੈ, ਭਾਵ ਇਸ ਤੋਂ ਪਹਿਲਾਂ ਉਹ 'ਅ-ਹੋਂਦ' (Nothingness) ਹੈ।

ਇਸ ਤਰ੍ਹਾਂ ਮਨੁੱਖ ਇੱਕ ਈਸ਼ਵਰ-ਵਿਹੀਨ ਜਗਤ ਵਿਚ ਵਿਚਰ ਰਿਹਾ ਹੈ ਅਤੇ ਉਹ ਪ੍ਰਤਿਪਲ ਇੱਕ ਇਕਲਾਪਾ ਹੰਢਾਅ ਰਿਹਾ ਹੈ। ਉਸ ਨੂੰ ਸਰਾਪ ਹੈ ਕਿ ਉਹ ਇਕੱਲ ਨੂੰ ਜੀਏਗਾ ਅਤੇ ਉਸ ਦੀ ਮਦਦ ਕਰਨ ਲਈ ਜਾਂ ਉਸਦੇ ਦੁੱਖ ਚੁੱਕਣ ਲਈ ਈਸ਼ਵਰ ਨਾਮ ਦੀ ਕੋਈ ਚੀਜ਼ ਨਹੀਂ ਹੈ। ਈਸ਼ਵਰ-ਵਿਹੀਨ ਜਗਤ ਵਿਚ ਮਨੁੱਖ ਦੀ ਹੋਣੀ ਦਾ ਉੱਤਰਦਾਇਤਵ ਮਨੁੱਖ ਉੱਪਰ ਹੀ ਹੈ। ਇਸ ਪ੍ਰਕਾਰ ਮਨੁੱਖ ਨੂੰ ਸਭ ਤੋਂ ਪਹਿਲਾਂ ਆਪਣੇ ਸ੍ਵੈ ਦਾ ਹੀ ਬੋਧ ਹੁੰਦਾ ਹੈ ਅਤੇ ਉਸਦਾ ਸ੍ਵੈ ਪਰਮ-ਮਹੱਤਵਪੂਰਨ ਹੋਣ ਦਾ ਸਥਾਨ ਹਾਸਿਲ ਕਰਦਾ ਹੈ।

ਸਾਰਤ੍ਰ ਦੇ ਅਸਤਿਤ੍ਵਵਾਦ ਦੀਆਂ ਮੂਲ ਧਾਰਨਾਵਾਂ ਵੱਲ ਗਹੁ ਨਾਲ ਵੇਖਣ ਤੇ ਕੁੱਝ ਸ਼ੰਕੇ ਸਾਹਮਣੇ ਆਉਂਦੇ ਹਨ ਜਿਵੇਂ ਕਿ ਵਿਅਕਤੀ ਦੀ ਕੋਈ ਵੀ ਚੋਣ ਜੋ ਉਹ ਵਿਅਕਤੀਗਤ ਪੱਧਰ 'ਤੇ ਕਰਦਾ ਹੈ ਉਹ ਕੇਵਲ ਵਿਅਕਤੀ ਵਿਸ਼ੇਸ਼ ਲਈ ਹੀ ਨਹੀਂ, ਪੂਰੀ ਮਾਨਵਤਾ ਲਈ ਹੋ ਨਿਬੜੇਗੀ। ਕੋਈ ਵੀ ਚੋਣ ਜੋ ਵਿਅਕਤੀਗਤ ਪੱਧਰ ਉੱਤੇ ਕੀਤੀ ਜਾਵੇਗੀ ਉਸਨੂੰ ਵਿਹਾਰਕ ਪੱਧਰ 'ਤੇ ਇਸ ਪੁਸ਼ਟੀ

ਹੇਠ ਲਿਆਉਣਾ ਅਤਿ ਕਠਿਨ ਜਾ ਅਸੰਭਵ ਪ੍ਰਤੀਤ ਹੁੰਦਾ ਹੈ ਕਿ ਵਿਅਕਤੀ ਹਮੇਸ਼ਾਂ ਕੁੱਝ ਕਲਿਆਣਕਾਰੀ ਹੀ ਚੁਣੇਗਾ। ਇਸ ਗੱਲ ਦੀ ਪੁਸ਼ਟੀ ਕਰਨੀ ਬਾਕੀ ਹੈ ਕਿ ਵਿਅਕਤੀ ਦੁਆਰਾ ਕੀਤੀ ਗਈ ਚੋਣ ਪੂਰੀ ਮਾਨਵਜਾਤੀ ਲਈ ਕਲਿਆਣਕਾਰੀ ਹੈ ਜਾਂ ਨਹੀਂ। ਇਸ ਸ਼ੰਕੇ ਦੇ ਪ੍ਰਤਿਉੱਤਰ ਵਿਚ ਸਾਰਤ੍ਰ ਕਹਿੰਦਾ ਹੈ ਕਿ ਵਿਅਕਤੀ ਦੀ ਕੋਈ ਵੀ ਚੋਣ ਆਪਣੇ ਆਪ ਵਿਚ ਪ੍ਰਮਾਣਿਕ ਹੋਵੇਗੀ। ਉਸ ਉੱਪਰ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਮਨੁੱਖ ਦੀ ਆਜ਼ਾਦੀ ਅਤੇ ਜ਼ਿੰਮੇਵਾਰੀ ਵਿਚ ਲਏ ਫੈਸਲੇ/ਚੋਣ ਹੀ ਮਨੁੱਖ ਨੂੰ ਮਨੁੱਖ ਬਣਾਉਂਦੇ ਹਨ ਪ੍ਰੰਤੂ ਵਿਅਕਤੀ ਕਿਉਂਕਿ ਆਤਮਛਲ 'Bad Faith' ਦਾ ਸ਼ਿਕਾਰ ਹੈ ਉਹ ਕੋਈ ਵੀ ਚੋਣ ਪੂਰਨ ਸੰਤੁਲਨ ਵਿਚ ਨਹੀਂ ਕਰੇਗਾ।

ਆਤਮਛਲ ਜਾਂ 'Bad Faith/Self-Deception' ਦੇ ਵਿਸ਼ੇ ਤੇ ਸਾਰਤ੍ਰ ਆਪਣੀ ਕਿਤਾਬ **Being and Nothingness** ਵਿਚ ਲੰਮੀ ਵਿਚਾਰ ਚਰਚਾ ਪੇਸ਼ ਕਰਦਾ ਹੈ। ਜਿਸ ਵਿਚ ਉਹ ਦਸਦਾ ਹੈ ਕਿ ਮਨੁੱਖ ਪ੍ਰਤੀਪਲ ਕਿਸੇ ਆਤਮਛਲ ਦਾ ਸ਼ਿਕਾਰ ਹੈ।[2] ਸ੍ਵੈ ਦੀ ਸੰਪੂਰਨ ਆਜ਼ਾਦੀ ਨੂੰ ਨਕਾਰਨ ਦਾ ਮਨੁੱਖੀ ਭਾਵ ਜਿਸ ਦਾ ਸ੍ਵੈ ਦੀ ਵਸਤੂਪਰਕ ਹੋਂਦ ਵਿਚ ਵਿਸ਼ਵਾਸ ਹੈ। ਮਨੁੱਖ ਆਪਣੀ ਆਜ਼ਾਦੀ ਤੋਂ ਪਲਾਇਨ ਨਹੀਂ ਕਰ ਸਕਦਾ। ਸਾਰਤ੍ਰ ਇਸ ਆਤਮਛਲ ਨੂੰ ਇਥੋਂ ਤਕ ਦੇਖਦਾ ਹੈ ਕਿ ਇੱਕ ਵਿਅਕਤੀ ਜਿਸ ਦੇ ਸਾਹਮਣੇ ਦੁਸ਼ਮਣ ਬੰਦੂਕ ਤਾਣੀ ਖੜਾ ਹੈ, ਉਸ ਕੋਲ ਵੀ ਨਿਰਣਾ ਲੈਣ ਦੀ ਸੰਪੂਰਨ ਆਜ਼ਾਦੀ ਹੈ ਕਿ ਉਹ ਭੱਜ ਜਾਵੇ, ਬੰਦੂਕਧਾਰੀ ਦਾ ਕਹਿਣਾ ਮੰਨੇ, ਜਵਾਬੀ ਹਮਲਾ ਕਰੇ ਜਾਂ ਕਿਸੇ ਹੋਰ ਵਿਕਲਪ ਦੀ ਚੋਣ ਕਰੇ। ਭਾਵ ਵਿਅਕਤੀ ਕਠਿਨ ਤੋਂ ਕਠਿਨ ਹਾਲਾਤ ਵਿਚ ਵੀ, ਪਰਮ ਤ੍ਰਾਸਦਿਕ ਪਰਿਸਥਿਤੀਆਂ ਦੇ ਬਾਵਜੂਦ ਸੁਤੰਤਰ ਹੈ। ਮਨੁੱਖ ਨੇ ਜਿਨ੍ਹਾਂ ਮੂਲ ਲੋੜਾਂ ਅਤੇ ਵਿਅਕਤੀਗਤ ਪੱਧਰ ਦੀਆਂ ਸਮਰੱਥਾਵਾਂ ਨੂੰ ਸਾਹਮਣੇ ਰੱਖ ਕਿਸੇ ਸੰਤੁਲਨ ਵਿਚ ਕਿਸੇ ਖ਼ਾਸ ਸਥਿਤੀ ਲਈ ਚੋਣ ਕਰਨੀ ਹੁੰਦੀ ਹੈ। ਮਨੁੱਖ ਉਨ੍ਹਾਂ ਦੇ ਦਰਮਿਆਨ ਸੰਤੁਲਨ ਬਿਠਾਉਣ ਅਤੇ ਸਹੀ ਚੋਣ, ਆਤਮਛਲ ਕਾਰਣ ਨਹੀਂ ਕਰ ਪਾਉਂਦਾ। ਮਨੁੱਖ ਆਪਣੇ ਬਣਾਵਟੀ ਅਤੇ ਸਮਝੌਤਿਆਂ ਦੇ ਰੋਗ ਤੋਂ ਰੋਗੀ ਸੁਭਾਅ ਕਾਰਨ ਕਿਸੇ ਚੋਣ ਦੇ ਸਾਰ ਰਹਿਤ ਹੋਣ ਤੇ ਵੀ ਜਾਣ ਬੁੱਝ ਕੇ ਅੱਖਾਂ ਮੀਟ ਲੈਂਦਾ ਹੈ ਅਤੇ ਗ਼ੈਰਵਾਜਿਬ ਵਿਕਲਪ ਦੀ ਚੋਣ ਕਰਦਾ ਹੈ। ਮਨੁੱਖ ਜਿਨ੍ਹਾਂ ਸਥਿਤੀਆਂ ਵਿਚ ਘਿਰਿਆ ਹੋਇਆ ਹੈ ਉਨ੍ਹਾਂ ਵਿਚ ਰਹਿੰਦਿਆਂ ਉਸ ਲਈ ਸਹੀ ਵਿਕਲਪ ਦੀ ਚੋਣ ਬੇਸ਼ੱਕ ਇੱਕ ਜੋਖ਼ਿਮ ਭਰਿਆ ਮਸਲਾ ਹੈ ਪ੍ਰੰਤੂ ਵਿਅਕਤੀ ਕੋਲ ਇਸ ਦਵੰਦਾਤਮਕ ਹਾਲਾਤ ਵਿਚ ਦਾਖਲ ਹੁੰਦਿਆਂ ਹੋਇਆ ਠੀਕ ਵਿਕਲਪ ਦੀ ਚੋਣ ਕਰਨਾ ਇੱਕ ਆਤਮਪੀੜਾ ਨੂੰ ਸ੍ਵੈ ਸੋਝੀ ਨਾਲ ਆਪਣੇ ਉੱਤਰ ਤਾਰੀ ਕਰਨਾ ਲਾਜ਼ਮੀ ਹੈ ਕਿਉਂਜੋ ਉਸ ਆਤਮਪੀੜਾ ਦੇ ਪਰਲੇ ਪਾਰ ਹੀ ਕੋਈ ਸ੍ਵੈ ਦੀ ਪਛਾਣ ਕਰਾਉਣ ਵਾਲਾ ਅਤੇ ਸ੍ਵੈ ਦੇ ਅਸਤਿਤ੍ਵ ਦੀ ਰਾਖੀ ਕਰਨ ਵਾਲਾ ਵਿਕਲਪ ਪਲ ਰਿਹਾ ਹੈ ਜਿਸ ਦੀ ਗਵਾਹੀ ਉਸਦਾ ਸ੍ਵੈ ਭਰਦਾ ਹੈ। ਇਸੇ ਤਰ੍ਹਾਂ ਪਾਰ ਦੇ ਵਿਕਲਪ ਦੀ ਚੋਣ ਤਕ ਪਹੁੰਚ ਕਰਦਿਆਂ ਜਿਸ ਪੀੜਾ ਦਾ ਆਉਣਾ ਅਨਿਵਾਰੀ-ਰੂਪੇਣ ਹੈ ਉਸ ਤੋਂ ਬਚਾਓ ਦੀ ਸਥਿਤੀ ਵਿਚ ਮਨੁੱਖ ਸਾਰ-ਰਹਿਤ ਵਿਕਲਪ ਦੀ ਚੋਣ ਕਰਦਾ ਹੈ। ਮਨੁੱਖ ਦਾ ਇਹ ਆਤਮਛਲ ਉਸ ਨੂੰ ਪੂਰਣ ਸੁਤੰਤਰਤਾ ਤਕ ਅਪਹੁੰਚ ਰਹਿਣ ਦਿੰਦਾ ਹੈ। ਸਾਰਤ੍ਰ ਮੁਤਾਬਿਕ :-

> ਮਨੁੱਖ ਨੂੰ ਈਸ਼ਵਰ-ਵਿਹੀਨ ਜਗਤ ਵਿਚ ਰੱਬ ਦੇ ਸਥਾਨ ਤੇ ਖ਼ੁਦ ਨੂੰ ਨਾਮਜ਼ਦ ਕਰਨਾ ਹੀ ਪੈਣਾ ਹੈ। ਮਨੁੱਖ ਜਿਸ ਨੂੰ ਅਜ਼ਾਦੀ ਦਾ ਫ਼ਤਵਾ ਦਿੱਤਾ ਗਿਆ ਹੈ (Man is condemned to be free), ਉਹ ਆਪਣੇ ਮੋਢਿਆਂ ਤੇ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਮਨੁੱਖ ਆਪਣੇ ਆਪ ਲਈ ਅਤੇ ਸਮੁੱਚੇ ਵਿਸ਼ਵ ਲਈ ਜ਼ਿੰਮੇਵਾਰ ਹੈ।[3]

ਅਸਤਿਤ੍ਵਵਾਦੀ ਸਾਹਿਤ ਅਧਿਐਨ ਵਿਧੀ ਅਨੁਸਾਰ ਸਾਹਿਤਕ ਰਚਨਾਵਾਂ ਦਾ ਅਧਿਐਨ ਕਰਦੇ ਸਮੇਂ ਅਸੀਂ ਇਨ੍ਹਾਂ ਨੁਕਤਿਆਂ ਉੱਪਰ ਆਪਣੀ ਦ੍ਰਿਸ਼ਟੀ ਕੇਂਦ੍ਰਿਤ ਕਰਦੇ ਹਾਂ।

ਅਸਤਿਤ੍ਵਵਾਦੀ ਸਾਹਿਤ ਅਧਿਐਨ ਵਿਧੀ ਵਿਚ ਮੂਲ ਰੂਪ ਵਿਚ ਹੇਠ ਲਿਖੀਆਂ ਧਾਰਣਾਵਾਂ

ਕੇਂਦਰ ਵਿਚ ਰਹਿਣਗੀਆਂ :–

- ਵਿਅਕਤੀ ਦੀ ਸਰਬ–ਉੱਚ ਮਹੱਤਤਾ।
- ਸੰਵੇਗਸ਼ੀਲ ਜੀਵਨ ਨੂੰ ਪ੍ਰਮੁੱਖ ਵਾਹਕ ਵਜੋਂ ਪ੍ਰਵਾਨ ਕਰਨਾ।
- ਪਰੰਪਰਾਗਤ ਦਰਸ਼ਨ–ਸ਼ਾਸਤਰ ਦੀ ਧਾਰਣਾ ਤੋਂ ਵਿਪਰੀਤ, ਜਿਸ ਵਿਚ ਤਰਕਸ਼ੀਲ ਬੌਧਿਕ ਤੱਤ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ।
- ਅਸਤਿਤ੍ਵਵਾਦੀ ਸੰਵੇਗਸ਼ੀਲ ਪ੍ਰਤਿਬੱਧਤਾ ਨਾਲ ਜਿਊਂਣ ਵਿਚ ਵਿਸ਼ਵਾਸ ਕਰਦੇ ਹਨ।
- ਮਨੁੱਖੀ 'ਸ੍ਵੈ' ਦੀ ਆਜ਼ਾਦੀ ਦੀ ਮਹੱਤਤਾ; ਅਸਤਿਤ੍ਵਵਾਦੀ ਵਿਅਕਤੀਗਤ ਆਜ਼ਾਦੀ ਨੂੰ ਪ੍ਰਮੁੱਖ ਮੰਨਦੇ ਹਨ। ਇਹ ਆਜ਼ਾਦੀ ਰਾਜਨੀਤਿਕ ਅਤੇ ਸ੍ਵੈ–ਇੱਛਾਵਾਂ ਦੀ ਆਜ਼ਾਦੀ ਹੈ।
- ਅਸਤਿਤ੍ਵਵਾਦ ਇਸ ਧਾਰਣਾ ਤੋਂ ਮੂਲ ਇਨਕਾਰ ਕਰਦਾ ਹੈ ਕਿ ਮਨੁੱਖ ਦਾ ਭਵਿੱਖ ਜਾਂ ਉਸਦਾ ਕਰਮਫਲ ਪੂਰਵ ਨਿਰਧਾਰਿਤ ਹੈ।
- ਮਨੁੱਖ ਕੋਲ 'ਚੋਣ' (Choice) ਦੇ ਅਨੰਤ ਵਿਕਲਪ ਹਨ।
- ਮਨੁੱਖ ਚੋਣ ਕਰਨ ਲਈ ਆਜ਼ਾਦ ਹੈ ਪ੍ਰੰਤੂ ਚੋਣ ਨਾ ਕਰਨ ਲਈ ਆਜ਼ਾਦ ਨਹੀਂ ਹੈ। ਇਸ ਕਰਕੇ ਸੰਭਾਵੀ ਵਿਕਲਪਾਂ ਵਿਚੋਂ ਕੀਤੀ ਗਈ ਚੋਣ ਹੀ ਮਨੁੱਖ ਦਾ ਅਸਤਿਤਵ ਬਣਦੀ ਹੈ। ਇਸੇ ਅਸਤਿਤਵ ਵਿਚ ਮਨੁੱਖ ਦਾ ਸਵੈ ਨਿਵਾਸ ਕਰਦਾ ਹੈ।
- ਜਿਹੜੀ ਚੋਣ ਮਨੁੱਖ ਚੇਤਨ ਪੱਧਰ 'ਤੇ ਕਰਦਾ ਹੈ ਨਾ ਕਿ ਪ੍ਰੰਪਰਾਗਤ ਦੁਹਰਾਓ ਵਿਚੋਂ, ਇਹੀ ਚੋਣ ਮਨੁੱਖ ਦੇ ਸਵੈ ਨੂੰ ਪ੍ਰਮਾਣਿਕ ਸਿਧ ਕਰਦੀ ਹੈ।
- ਅਸਤਿਤ੍ਵਵਾਦੀਆਂ ਮੁਤਾਬਕ ਆਜ਼ਾਦੀ ਤੋਂ ਭਾਵ ਇੱਕ ਚੇਤੰਨ ਪੱਧਰ ਦੀ ਸਵੈ–ਸੋਝੀ ਹੈ, ਜਿਸ ਵਿਚ ਮਨੁੱਖ ਆਪਣੇ ਕਰਮ ਅਤੇ ਉਸਤੋਂ ਪੈਦਾ ਹੋਣ ਵਾਲੇ ਸਿੱਟਿਆਂ ਪ੍ਰਤੀ ਜਾਗਰੂਕ ਅਤੇ ਪੂਰਨ ਰੂਪ ਵਿਚ ਜ਼ਿੰਮੇਵਾਰ ਹੈ। ਇਸੇ ਚੇਤੰਨਤਾ ਵਿਚੋਂ ਮਨੁੱਖ ਦੇ ਸਵੈ ਦਾ ਵਿਕਾਸ ਹੁੰਦਾ ਹੈ।
- ਅਸਤਿਤ੍ਵਵਾਦੀ ਇਹ ਮੰਨਦੇ ਹਨ ਕਿ ਵਿਅਕਤੀ ਉਹੀ ਹੈ ਜੋ ਉਸ ਨੇ ਚੁਣਿਆ ਹੈ, ਕਹਿਣ ਤੋਂ ਭਾਵ ਵਿਅਕਤੀ/ਮਨੁੱਖ ਆਪ ਆਪਣੀ ਚੋਣ ਹੈ। ਇਸ ਲਈ ਆਜ਼ਾਦੀ ਅਤੇ ਜ਼ਿੰਮੇਵਾਰੀ ਇੱਕ ਸਿੱਕੇ ਦੇ ਦੋ ਪਹਿਲੂ ਹਨ। ਇਨ੍ਹਾਂ ਨੂੰ ਇੱਕ ਦੂਸਰੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।
- ਮਨੁੱਖੀ ਅਨੁਭਵ ਦਾ ਇੱਕ ਪੱਖ ਇਹ ਹੈ ਕਿ ਉਹ ਸੰਸਾਰ ਵਿਚ ਇਕੱਲਾ ਹੈ ਅਤੇ ਮਨੁੱਖ ਦੂਸਰੇ ਦੇ ਸੰਦਰਭ ਨਾਲ ਆਪਣੀ ਹੋਂਦ ਨੂੰ ਸਥਾਪਿਤ ਕਰਦਾ ਹੈ। ਇਸ ਲਈ ਮਨੁੱਖ ਲਈ ਦੂਸਰੇ ਦੀ ਹੋਂਦ ਉਸਦੇ ਅਸਤਿਤਵ ਦੀ ਪ੍ਰਮਾਣਿਕਤਾ ਬਣ ਚੁੱਕੀ ਹੈ ਅਤੇ ਇਹੀ ਅਨੁਭਵ ਦੂਸਰੇ ਦਾ ਤੁਹਾਡੇ ਪ੍ਰਤੀ ਹੈ। ਇਸੇ ਅੰਤਰ–ਸੰਬੰਧ ਕਾਰਨ ਮਨੁੱਖ ਦੇ ਸਵੈ ਦਾ ਵਿਕਾਸ ਸਥਿਰ ਹੋ ਚੁੱਕਾ ਹੈ। ਜਦ ਤਕ ਮਨੁੱਖ ਆਪਣੇ ਅਸਤਿਤਵ ਨੂੰ ਆਪਣੇ ਸਵੈ ਵਿਚੋਂ ਮੌਲਿਕ ਰੂਪ ਵਿਚ ਨਹੀਂ ਪਹਿਚਾਣ ਲੈਂਦਾ ਤਦ ਤਕ ਉਸਦੀ ਹੋਂਦ ਪ੍ਰਮਾਣਿਕ ਸਿਧ ਨਹੀਂ ਹੋ ਸਕਦੀ। ਇਹੀ ਮੌਲਿਕ ਇਕੱਲਤਾ ਮਨੁੱਖੀ ਜੀਵਨ ਨੂੰ ਅਰਥ ਪ੍ਰਦਾਨ ਕਰਦੀ ਹੈ।
- ਮਨੁੱਖੀ ਕਿਰਦਾਰ ਇੱਕ ਪ੍ਰਕਾਰ ਦਾ ਜੀਵਨ ਅਰਥ ਤਲਾਸ਼ਣ ਪ੍ਰਤੀ ਸੰਘਰਸ਼ ਦਾ ਪ੍ਰਤੀਕ ਹੈ। ਅਸਤਿਤ੍ਵਵਾਦੀ ਸਾਹਿਤ ਅਧਿਐਨ ਵਿਧੀ ਰਾਹੀਂ ਅਸੀਂ ਸਾਹਿਤਕ ਰਚਨਾ ਵਿਚਲੇ ਪਾਤਰਾਂ ਦੀ ਅਸਤਿਤਵ/ਹੋਂਦ ਗ੍ਰਹਿਣ ਕਰਨ ਤੇ ਹੋਂਦ ਸਥਾਪਿਤ ਕਰਨ ਦੇ ਸਾਧਨ ਤਲਾਸ਼ਦੇ ਹਾਂ। ਜਿਸ ਪਲ ਕੋਈ ਪਾਤਰ ਜਾਂ ਮਨੁੱਖ ਕਿਸੇ ਦੋਰਾਹੇ ਤੇ ਖੜ੍ਹਾ ਹੁੰਦਾ ਹੈ ਅਤੇ ਕਿਸੇ ਇੱਕ ਵਿਕਲਪ ਦੀ ਚੋਣ ਕਰਦਾ ਹੈ, ਉਸੇ ਪਲ ਅਨੁਭਵ ਕੀਤਾ ਤੌਖਲਾ (Anxiety) ਮਨੁੱਖ ਨੂੰ ਉਸਦੀ ਆਜ਼ਾਦ ਹੋਂਦ ਅਨੁਭਵ ਕਰਾਉਂਦੀ ਹੈ।
- ਸਾਹਿਤਕ ਰਚਨਾ ਨੂੰ ਉਸਦੇ ਪਰਿਪੇਖ ਵਿਚੋਂ ਅਰਥਾਂ ਨਾਲ ਜਗਾਉਂਣਾ, ਜੋ ਕਿ ਲੇਖਕ ਦੀ ਚੇਤਨਾ ਦਾ ਪ੍ਰਸਤੁਤ ਸ਼ਬਦਗਤ ਰੂਪ ਹੁੰਦੀ ਹੈ।

"For the Poet, language is a structure of the external world. The speaker is

in a situation in language; he is invested with words. They are prolongation of his meaning."[4]

- ਅਸਤਿਤ੍ਵਵਾਦੀ ਮਨੁੱਖ ਨੂੰ ਚੇਤਨ ਰੂਪ ਵਿਚ ਵਿਕਲਪ ਚੁਣਨ ਅਤੇ ਜ਼ਿੰਮੇਦਾਰੀ ਅਨੁਭਵ ਕਰਨ ਲਈ ਪ੍ਰੇਰਦੇ ਹਨ।
- ਜਿਵੇਂ-ਜਿਵੇਂ ਅਸੀਂ ਆਪਣੇ ਸ੍ਵੈ ਦੇ ਪ੍ਰਤੀ ਚੇਤੰਨ ਹੁੰਦੇ ਜਾਂਦੇ ਹਾਂ, ਓਵੇਂ-ਓਵੇਂ ਸਾਡੀ ਸ੍ਵੈ ਦੀ ਆਜ਼ਾਦੀ ਨੂੰ ਅਨੁਭਵ ਕਰਨ ਦੀ ਸਮਰੱਥਾ ਵੱਧਦੀ ਜਾਂਦੀ ਹੈ।
- ਅਸਤਿਤ੍ਵਵਾਦੀ ਮੌਤ ਨੂੰ ਨਾਕਾਰਤਮਕ ਸਮਝਣ ਦੀ ਬਜਾਇ ਉਸ ਪ੍ਰਤੀ ਸਕਾਰਾਤਮਕ ਜਾਗਰੁਕਤਾ ਰੱਖਣ ਲਈ ਪ੍ਰੇਰਦੇ ਹਨ। ਇਹ ਜਾਗਰੁਕਤਾ ਮਨੁੱਖੀ ਜੀਵਨ ਨੂੰ ਅਰਥ ਅਤੇ ਮਨੁੱਖੀ ਕਰਮ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੀ ਹੈ।
- ਮੌਤ ਦਾ ਡਰ ਅਤੇ ਜੀਵਨ ਦਾ ਡਰ ਆਪਸ ਵਿਚ ਅੰਤਰ-ਸੰਬੰਧਿਤ ਹਨ। ਕੇਵਲ ਉਹੀ ਵਿਅਕਤੀ ਮੌਤ ਤੋਂ ਡਰਦਾ ਹੈ ਜੋ ਅਧੂਰਾ ਜੀਵਨ ਜੀ ਰਿਹਾ ਹੋਵੇ। ਪੂਰਨ ਰੂਪ ਵਿਚ ਜੀਵਨ ਨੂੰ ਜੀਣ, ਆਪਣੇ ਕਰਮ ਅਤੇ ਕਰਮ ਦੇ ਸਿੱਟਿਆਂ ਪ੍ਰਤੀ ਚੇਤੰਨ/ਜਾਗਰੁਕ ਰਹਿਣ ਵਾਲਾ ਵਿਅਕਤੀ ਮੌਤ ਪ੍ਰਤੀ ਭੈਅ ਰਹਿਤ ਹੁੰਦਾ ਹੈ। ਇਸ ਨੂੰ ਅਸਤਿਤ੍ਵਵਾਦੀ ਮੁਹਾਵਰੇ ਵਿਚ ਇਵੇਂ ਕਿਹਾ ਜਾਂਦਾ ਹੈ। (You fear death because you never fully lived.)
- ਅਸਤਿਤ੍ਵਵਾਦੀ ਵਿਚਾਰਧਾਰਾ ਜੀਵਨ/ਚੇਤਨਾ ਨੂੰ ਸੀਮਤ ਕਰਕੇ ਜਿਉਣ ਵਿਚ ਵਿਸ਼ਵਾਸ ਨਹੀਂ ਕਰਦਾ ਭਾਵ ਜੀਵਨ ਦੀ ਸਧਾਰਣਤਾ ਨੂੰ ਜਟਿਲਤਾ ਵਜੋਂ ਦੇਖਿਆ ਜਾਂਦਾ ਹੈ। (Simpler can be understood and explained only in the terms of the more complex)
- ਸ੍ਵੈ ਚੇਤੰਨਤਾ ਆਪਣੇ ਆਪ ਵਿਚ ਇੱਕ ਪ੍ਰਾਪਤੀ ਹੈ, ਪ੍ਰੰਤੂ ਜਦ ਤਕ ਇਹ ਚੇਤੰਨਤਾ ਤੁਹਾਡੇ ਜੀਵਨ ਵਿਚ ਕਰਮ ਦਾ ਰੂਪ ਲੈਕੇ ਸਾਹਮਣੇ ਨਹੀਂ ਆਉਂਦੀ ਤਦ ਤਕ ਇਹ ਵੀ ਅਧੂਰੀ ਹੈ। "Self-awareness is not enough: one must also choose, act."[5]
- ਮਨੁੱਖ ਲਈ ਇਹ ਉੱਤਮ ਹੈ ਕਿ ਉਹ ਉਸੇ ਨਵੀਂ ਵਿਚਾਰਧਾਰਾ ਨੂੰ ਅਪਣਾਉਣ ਦੀ ਬਜਾਇ ਪੂਰਵ-ਗ੍ਰਹਿਣ ਕੀਤੀ ਹੋਈ ਵਿਚਾਰਧਾਰਾ ਪ੍ਰਤੀ ਚੇਤੰਨ/ਜਾਗਰੁਕ ਹੋਵੇ। ਇਸੇ ਚੇਤੰਨ/ਜਾਗਰੁਕ ਪਲ ਵਿਚ ਉਸਦਾ ਉਜਵਲ ਭਵਿੱਖ ਤੇ ਸ੍ਵੈ ਦੀ ਪ੍ਰਮਾਣਿਕਤਾ ਨਿਹਿਤ ਹੈ।

## ਹਵਾਲੇ ਤੇ ਟਿੱਪਣੀਆਂ


1. ਉਮੇਸ਼ ਜੈਨ, **ਹਿੰਦੀ ਕਥਾ-ਸਾਹਿਤ ਮੇਂ ਅਸਤਿਤ੍ਵਵਾਦ ਦਾ ਸਵਰੂਪ**, ਪੰਨਾ 49
2. Jean Paul Sarte, **Being and Nothingness,** p 48
3. ਗੁਰਚਰਨ ਸਿੰਘ ਅਰਸ਼ੀ, **ਅਸਤਿਤ੍ਵਵਾਦ**, ਪੰਨਾ 28
4. Jean Paul Sarte, **What is Literature?,** p. 6
5. **Ibid**, p. xiii

# ਪੰਜਾਬੀ ਵਿਚ ਪ੍ਰਾਪਤ ਮੁਢਲਾ ਖੋਜ-ਸਾਹਿਤ: ਸੀਮਾ ਤੇ ਸੰਭਾਵਨਾ

—ਡਾ. ਹੀਰਾ ਸਿੰਘ*

ਸਦੀਆਂ ਤੋਂ ਸ਼ਾਂਤ ਅਤੇ ਇਕਸਾਰ ਚੱਲ ਰਹੇ ਪੰਜਾਬੀ ਜਨ-ਜੀਵਨ ਵਿਚ ਅੰਗਰੇਜ਼ਾਂ ਦੇ ਆਉਣ ਨਾਲ 1850 ਤੋਂ ਬਾਅਦ ਵਿਚ ਕੁਝ ਮੁਢਲੇ ਪਰਿਵਰਤਨ ਹੋਣੇ ਸ਼ੁਰੂ ਹੋਏ। 1900 ਤੋਂ ਬਾਅਦ ਇਨ੍ਹਾਂ ਪਰਿਵਰਤਨਾਂ ਦੀ ਗਤੀ ਤੇਜ਼ ਹੋਈ ਤੇ ਫਿਰ ਹਰ ਦਹਾਕੇ ਬਾਅਦ ਇਹ ਪਰਿਵਰਤਨ ਆਪਣੀ ਗਤੀ ਨੂੰ ਵਧਾਉਂਦੇ ਗਏ। ਸੌ ਸਾਲ ਬਾਅਦ ਅੱਜ ਅਸੀਂ ਪਰਿਵਰਤਨਾਂ ਦੇ ਦੌਰ ਵਿਚ ਜੀਅ ਰਹੇ ਹਾਂ। ਹਰ ਪਾਸੇ ਹਰ ਪ੍ਰਕਾਰ ਦੇ ਪਰਿਵਰਤਨ ਵਾਪਰ ਰਹੇ ਹਨ। ਇਨ੍ਹਾਂ ਸੌ ਸਾਲਾਂ ਵਿਚ ਸਾਡੀ ਆਰਥਿਕਤਾ ਨੇ ਹੀ ਉਲਟ-ਫੇਰ ਨਹੀਂ ਖਾਧੇ ਸਗੋਂ ਸਾਡੇ ਸਮਾਜਿਕ ਅਤੇ ਨੈਤਿਕ ਮੁੱਲ-ਪ੍ਰਬੰਧ ਵਿਚ ਵੀ ਵੱਡੇ ਪਰਿਵਰਤਨ ਆਏ ਹਨ।

ਏਸੇ ਸਮੇਂ ਦੌਰਾਨ ਬਾਬਾ ਫ਼ਰੀਦ, ਗੁਰੂ ਨਾਨਕ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਤੇ ਸ਼ਾਹ ਮੁਹੰਮਦ ਜਿਹੇ ਸਾਹਿਤਕਾਰਾਂ ਦੀ ਪੰਜਾਬੀ ਭਾਸ਼ਾ ਦੇ ਅਧਿਐਨ ਅਧਿਆਪਨ ਵਿਚ ਵੀ ਕਈ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ ਹਨ। ਇੱਕ ਪਾਸੇ ਤਾਂ ਇਸ ਅਨਪੜ੍ਹਾਂ ਦੀ ਭਾਸ਼ਾ ਦੇ ਨਾਂ ਤੇ ਯੂਨੀਵਰਸਿਟੀਆਂ ਸਥਾਪਿਤ ਹੋਈਆਂ ਤੇ ਇਹ ਯੂਨੀਵਰਸਿਟੀਆਂ ਦੀ ਭਾਸ਼ਾ ਬਣੀ ਹੈ, ਦੂਜੇ ਪਾਸੇ ਕਦੇ ਤਾਂ ਸਮੇਂ ਦੇ ਲੀਡਰਾਂ ਨੇ ਇਸ ਨੂੰ ਰਾਜਨੀਤੀ ਦੀਆਂ ਪੌੜੀਆਂ ਚੜ੍ਹਨ ਲਈ ਇੱਕ ਸਾਧਨ ਵਜੋਂ ਵਰਤਿਆ ਤੇ ਫਿਰ ਕਦੇ ਆਪਣੇ ਸਿੰਘਾਸਣ ਨੂੰ ਬਚਾਉਣ ਲਈ ਇਸ ਨੂੰ ਅੱਖੋਂ-ਪਰੋਖੇ ਵੀ ਕੀਤਾ ਹੈ। ਪੰਜਾਬੀਆਂ ਦੀਆਂ ਵੱਡੀਆਂ ਕੁਰਬਾਨੀਆਂ ਨਾਲ 1947 ਵਿਚ ਅੰਗਰੇਜ਼ ਤਾਂ ਭਾਰਤ ਵਿਚੋਂ ਚਲੇ ਗਏ ਪਰ ਅੱਜ ਤੱਕ ਪੰਜਾਬੀ ਆਪਣੀ ਮਾਂ-ਭਾਸ਼ਾ ਨੂੰ ਆਪਣੇ ਹੀ ਘਰ ਵਿਚ ਬਣਦਾ ਦਰਜਾ ਨਹੀਂ ਦਿਵਾ ਸਕੇ। ਸਦੀਆਂ ਤੋਂ ਗੁਲਾਮ ਰਹਿਣ ਕਰਕੇ ਸਾਡੀ ਮਾਨਸਿਕਤਾ ਵਿਚ ਆਪਣੀ ਭਾਸ਼ਾ ਪ੍ਰਤੀ ਬਣੀ ਹੀਣ-ਭਾਵਨਾ ਅਤੇ ਅੰਗਰੇਜ਼ੀ ਪ੍ਰਤੀ ਬਣੀ ਉੱਚਤਾ ਸਾਡਾ ਪਿੱਛਾ ਨਹੀਂ ਛੱਡ ਰਹੀ। ਪਾਕਿਸਤਾਨੀ ਪੰਜਾਬੀ ਵਿਦਵਾਨ ਨਜਮ ਹੁਸੈਨ ਸੱਯਦ ਅਨੁਸਾਰ ਸਾਡੇ ਹਾਕਮ ਹਮੇਸ਼ਾਂ ਆਪਣੇ ਆਪ ਨੂੰ ਸਾਧਾਰਨ ਜਨਤਾ ਤੋਂ ਵੱਖਰਾ ਸਿੱਧ ਕਰਨ ਲਈ ਵੱਖਰੀ ਬੋਲੀ ਬੋਲਦੇ ਰਹੇ ਹਨ (ਪਹਿਲਾਂ ਅਰਬੀ ਫ਼ਾਰਸੀ ਤੇ ਫਿਰ ਅੰਗਰੇਜ਼ੀ) ਤੇ ਆਮ ਸਾਧਾਰਨ ਮਨੁੱਖ ਹਾਕਮਾਂ ਨੂੰ ਉਨ੍ਹਾਂ ਦੀ ਵੱਖਰਤਾ/ਉੱਚਤਾ ਦਾ ਅਹਿਸਾਸ ਦਿਵਾਉਣ ਲਈ ਤੇ ਆਪ ਉਨ੍ਹਾਂ ਦੀ ਨੇੜਤਾ ਲੈਣ ਲਈ ਹਮੇਸ਼ਾਂ ਹਾਕਮਾਂ ਦੀ ਭਾਸ਼ਾ ਵਿਚ ਬੋਲਣ ਦੀ ਕੋਸ਼ਿਸ਼ ਕਰਦਾ ਸੀ। ਹਾਕਮਾਂ ਦੀ ਬੋਲੀ ਬੋਲ ਕੇ ਮਨੁੱਖ ਇਕੋ ਸਮੇਂ ਦੋ ਕੰਮ ਕਰਦਾ ਸੀ, ਇੱਕ ਤਾਂ ਹਾਕਮਾਂ ਦੀ ਵੱਖਰਤਾ/ਉੱਚਤਾ ਦਾ ਉਨ੍ਹਾਂ ਨੂੰ ਪ੍ਰਮਾਣ ਦਿੰਦਾ ਤੇ ਆਪ ਮੰਨਦਾ, ਦੂਜੇ ਪਾਸੇ ਆਪਣੇ-ਆਪ ਨੂੰ ਸਰਕਾਰੀ ਰਿਆਇਤ ਲੈਣ ਲਈ ਆਪਣੇ ਵਰਗੇ ਹੋਰਨਾਂ ਤੋਂ ਵੱਖਰਾ/ਨਿਆਰਾ ਕਰ ਲੈਂਦਾ। ਤਕਰੀਬਨ ਇੱਕ ਹਜ਼ਾਰ ਸਾਲ ਬਾਅਦ ਵਿਦੇਸ਼ੀ ਹਾਕਮਾਂ ਦੇ ਚਲੇ ਜਾਣ ਬਾਅਦ ਨਾ ਤਾਂ ਇਹ ਗੱਲ ਸਾਡੇ ਨਵੇਂ 'ਆਪਣੇ' ਹਾਕਮਾਂ (ਉਚੇਰੀ ਅਫਸਰਸ਼ਾਹੀ ਅਤੇ ਨਿਆਂਪਾਲਿਕਾ) ਦੇ ਮਨ ਵਿਚੋਂ ਜਾ ਰਹੀ ਹੈ ਕਿ ਅਸੀਂ ਇਨ੍ਹਾਂ ਤੋਂ ਵੱਖ ਹਾਂ ਤੇ ਨਾ ਹੀ ਸਾਡੇ ਆਮ ਸਾਧਾਰਨ ਲੋਕਾਂ ਦੇ ਮਨ ਵਿਚੋਂ ਜਾ ਰਹੀ ਹੈ ਕਿ ਆਪਣੀ ਭਾਸ਼ਾ ਵਿਚ ਵੀ ਰਾਜ-ਦਰਬਾਰ ਨੂੰ ਸਮਝਿਆ ਜਾ ਸਕਦਾ ਹੈ।

ਅੱਜ ਇੱਕ ਪਾਸੇ ਤਾਂ ਅਸੀਂ ਫਰਾਂਸ, ਜਰਮਨੀ ਜਾਪਾਨ ਤੇ ਚੀਨ ਦੀਆਂ ਉਦਾਹਰਣਾਂ ਦਿੰਦੇ ਹਾਂ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਜਿਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਅੰਗਰੇਜ਼ੀ ਤੋਂ ਬਿਨਾਂ ਆਪਣੀਆਂ ਮਾਤ-ਭਾਸ਼ਾਵਾਂ ਵਿਚ ਕੁਦਰਤੀ ਅਤੇ ਸਮਾਜ ਵਿਗਿਆਨਾਂ ਵਿਚ ਵੱਡੀਆਂ ਤਰੱਕੀਆਂ ਕੀਤੀਆਂ ਹਨ ਦੂਜੇ ਪਾਸੇ ਅਸੀਂ ਆਪਣੀ ਭਾਸ਼ਾ ਦੇ ਵਿਕਾਸ ਲਈ ਯਤਨ ਕਰਨ ਦੀ ਬਜਾਏ ਇਸ ਦੀਆਂ ਕਮੀਆਂ ਕਮਜ਼ੋਰੀਆਂ ਸਿੱਧ ਕਰਨ ਤੇ ਲੱਗੇ ਹੋਏ ਹਾਂ। ਖ਼ੈਰ ਅਸੀਂ ਆਪਣੇ ਮੂਲ ਵਿਸ਼ੇ ਤੋਂ ਦੂਰ ਜਾ ਰਹੇ ਹਾਂ, ਪਰ ਇਹ ਗੱਲਾਂ ਮੂਲ ਵਿਸ਼ੇ ਤੋਂ ਵੱਖਰੀਆਂ ਨਹੀਂ ਹਨ।

ਮੇਰੇ ਇਸ ਖੋਜ-ਪੱਤਰ ਦਾ ਵਿਸ਼ਾ ਹੈ ਪੰਜਾਬੀ ਵਿਚ ਪ੍ਰਾਪਤ ਖੋਜ-ਸਾਹਿਤ ਦਾ ਪੁਨਰ-ਮੁਲੰਕਣ। ਉੱਪਰ ਕੀਤੀ ਵਿਚਾਰ ਚਰਚਾ ਇਸ ਵਿਸ਼ੇ ਦਾ ਆਧਾਰ ਬਣਦੀ ਹੈ। ਬੀਤੀ ਸਦੀ ਵਿਚ ਪੰਜਾਬੀ ਜਨ-ਜੀਵਨ ਵਿਚ ਵੱਡੇ ਪਰਿਵਰਤਨ ਆਏ, ਇਨ੍ਹਾਂ ਪਰਿਵਰਤਨਾਂ ਸਦਕਾ ਪਹਿਲਾਂ ਪੰਜਾਬੀ ਭਾਸ਼ਾ ਅੰਗਰੇਜ਼ਾਂ ਦੁਆਰਾ ਪ੍ਰਚਾਰੀ ਨਵੀਂ ਵਿਵਸਥਿਤ ਵਿਦਿਆ ਦਾ ਮਾਧਿਅਮ ਬਣੀ ਤੇ ਫਿਰ ਉਚੇਰੀ ਪੱਧਰ ’ਤੇ ਪੰਜਾਬੀ ਬਾਰੇ ਅਧਿਐਨ ਅਧਿਆਪਨ ਹੋਣ ਲੱਗਾ। 1882 ਤੋਂ ਲੈ ਕੇ ਦੇਸ਼ ਵੰਡ ਤੱਕ ਪੰਜਾਬ ਵਿਚ ਉਤਰੀ ਭਾਰਤ ਦੀ ਇਕੋ ਇੱਕ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਅਧੀਨ ਪੰਜਾਬ ਵਿਚ ਕਈ ਕਾਲਜ ਨਵੀਂ ਵਿਦਿਆ ਦੇ ਪਾਸਾਰ ਦਾ ਕੰਮ ਕਰਦੇ ਰਹੇ। ਇਸ ਤੋਂ ਪਹਿਲਾਂ 1857 ਈ. ਵਿਚ ਸਥਾਪਿਤ ਹੋਈ ਭਾਰਤ ਦੀ ਇਕੋ ਇੱਕ ਤੇ ਪਹਿਲੀ ਕਲਕੱਤਾ ਯੂਨੀਵਰਸਿਟੀ ਹੀ ਸਮੁੱਚੇ ਦੇਸ਼ ਵਿਚ ਨਵੀਂ ਕਿਸਮ ਦੀ ਉਚੇਰੀ-ਸਿੱਖਿਆ ਦਾ ਮਾਧਿਅਮ ਸੀ। ਦੇਸ਼ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਲਾਹੌਰ ਕਈ ਟੁਕੜਿਆਂ ਵਿਚ ਭਾਰਤ ਆਈ, ਵੱਖ-ਵੱਖ ਸ਼ਹਿਰਾਂ ਵਿਚ ਠਹਿਰੀ ਤੇ ਅੰਤ 1956 ਵਿਚ ਚੰਡੀਗੜ੍ਹ ਵਿਚ ਸਥਾਪਿਤ ਹੋਈ। ਏਸੇ ਸਮੇਂ ਦੌਰਾਨ 1950-51 ਵਿਚ ਐਮ.ਏ. ਪੰਜਾਬੀ ਦਾ ਇਮਤਿਹਾਨ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਬਾਕੀ ਕੁਦਰਤੀ ਅਤੇ ਸਮਾਜਿਕ ਵਿਗਿਆਨਾਂ ਤੋਂ ਬਿਨਾਂ ਭਾਸ਼ਾਵਾਂ ਵਿਚੋਂ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ, ਉਰਦੂ ਅਤੇ ਅਰਬੀ-ਫ਼ਾਰਸੀ ਵਿਚ ਐਮ.ਏ. ਪੱਧਰ ਦੀ ਪੜ੍ਹਾਈ ਕਰਵਾਈ ਜਾ ਰਹੀ ਸੀ। ਐਮ.ਏ. ਪੰਜਾਬੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੁਝ ਪੰਜਾਬੀ ਵਿਦਵਾਨਾਂ (ਡਾ. ਮੋਹਨ ਸਿੰਘ ਦੀਵਾਨਾ, ਡਾ. ਲਾਜਵੰਤੀ ਰਾਮ ਕ੍ਰਿਸ਼ਨ, ਡਾ. ਗੋਪਾਲ ਸਿੰਘ ਦਰਦੀ, ਡਾ. ਬਨਾਰਸੀ ਦਾਸ ਜੈਨ) ਨੇ ਦੂਸਰੇ ਵਿਸ਼ਿਆਂ ਵਿਚ ਐਮ.ਏ. ਕਰਨ ਉਪਰੰਤ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਜਾਂ ਪੰਜਾਬ ਦੇ ਉਰਦੂ ਸਾਹਿਤ ਬਾਰੇ ਅੰਗਰੇਜ਼ੀ ਭਾਸ਼ਾ ਵਿਚ ਖੋਜ ਕਰਕੇ, ਪੰਜਾਬ ਯੂਨੀਵਰਸਿਟੀ ਲਾਹੌਰ, ਕਲਕੱਤਾ ਯੂਨੀਵਰਸਿਟੀ ਕਲਕੱਤਾ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਪੀਐੱਚ.ਡੀ. ਅਤੇ ਡੀ.ਲਿੱਟ. ਦੀਆਂ ਡਿਗਰੀਆਂ ਲੈ ਲਈਆਂ ਸਨ। ਕੁਝ ਸਿਆਸੀ ਕਾਰਨਾਂ ਤੋਂ ਪ੍ਰਭਾਵਿਤ ਹੋ ਕੇ 1950-51 ਤੋਂ ਬਾਅਦ ਲਗਾਤਾਰ ਪੰਜਾਬੀ ਪਿਆਰਿਆਂ ਨੇ ਪੰਜਾਬੀ ਦੇ ਹੱਕ ਵਿਚ ਲਹਿਰ ਚਲਾਈ ਜਿਸ ਸਦਕਾ ਪੰਜਾਬੀ ਦਾ ਸਤਿਕਾਰ ਵਧਣ ਲੱਗਾ, ਪੰਜਾਬੀ ਪੜ੍ਹਿਆਂ ਨੂੰ ਉੱਚੀਆਂ ਪਦਵੀਆਂ ਮਿਲਣ ਲੱਗੀਆਂ। ਪੰਜਾਬ ਸੂਬੇ ਦੀ ਮੁੜ-ਵੰਡ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਹੋਈ ਜਿਸ ਸਦਕਾ 1966 ਵਿਚ ਪੰਜਾਬੀ ਨੂੰ ਪਹਿਲੀ ਵਾਰ ਰਾਜ-ਭਾਸ਼ਾ ਦਾ ਦਰਜਾ ਮਿਲਿਆ। ਜਦੋਂ ਐਮ.ਏ. ਪੰਜਾਬੀ ਚੰਗੀ ਤਰ੍ਹਾਂ ਚੱਲ ਪਈ, ਐਮ.ਏ. ਪੰਜਾਬੀ ਪਾਸ ਨੂੰ ਸਕੂਲਾਂ ਤੇ ਕਾਲਜਾਂ ਵਿਚ ਨੌਕਰੀਆਂ ਮਿਲਣ ਲੱਗੀਆਂ ਤਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਵਿਚ ਖੋਜ-ਡਿਗਰੀਆਂ ਦੀ ਸ਼ੁਰੂਆਤ ਹੋਈ। ਸਤਵੇਂ ਦਹਾਕੇ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸਥਾਪਨਾ ਵੀ ਹੋਈ। ਇੰਜ ਪੰਜਾਬੀ ਦੇ ਅਕਾਦਮਿਕ ਵਿਕਾਸ ਦਾ ਮਾਹੌਲ ਬਣਨ ਲੱਗਾ। ਜਿਥੇ 1950-51 ਵਿਚ ਦੂਸਰੇ ਵਿਸ਼ਿਆਂ ਦੇ ਪ੍ਰੋਫ਼ੈਸਰ ਲੈ ਕੇ ਐਮ.ਏ. ਪੰਜਾਬੀ ਸ਼ੁਰੂ ਕਰਨ ਵਾਲਿਆਂ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਮੋਹਰੀ ਸੀ ਉਥੇ ਅੱਜ 2015-16 ਦੌਰਾਨ ਖ਼ਾਲਸਾ ਕਾਲਜ ਅੰਮ੍ਰਿਤਸਰ ਪੰਜਾਬ ਦਾ ਪਹਿਲਾ ਕਾਲਜ ਹੈ ਜਿੱਥੇ ਐਮ.ਫਿਲ. ਦੀ ਖੋਜ ਡਿਗਰੀ ਦਾ ਕੋਰਸ ਸ਼ੁਰੂ ਹੋਇਆ ਹੈ। ਏਸੇ ਕੋਰਸ ਨੂੰ ਪੜ੍ਹਾਉਂਦਿਆਂ ਪੰਜਾਬੀ ਵਿਚ ਪ੍ਰਾਪਤ ਖੋਜ-ਸਾਹਿਤ ਨੂੰ ਮੁੜ ਪੜਤਾਲਣ ਦੀ ਜ਼ਰੂਰਤ ਪਈ ਹੈ। ਜਦੋਂ ਅਸੀਂ ਪੰਜਾਬੀ ਵਿਚ ਖੋਜ-ਸਾਹਿਤ ਦੀ ਪੜਤਾਲ ਕਰਦੇ ਹਾਂ ਤਾਂ ਸਾਨੂੰ ਇਸ ਸੰਬੰਧੀ ਮੁੱਖ ਤੌਰ ’ਤੇ ਚਾਰ ਸ੍ਰੋਤ ਮਿਲਦੇ ਹਨ। 1979 ਵਿਚ ਡਾ. ਦੇਵਿੰਦਰ ਸਿੰਘ

ਵਿਦਿਆਰਥੀ ਦੁਆਰਾ ਰਚਿਤ ਪੁਸਤਕ **ਪੰਜਾਬੀ ਵਿਚ ਖੋਜ: ਸੰਭਾਵਨਾ ਤੇ ਸੇਧ**, 1983 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ **ਪੰਜਾਬੀ ਦੁਨੀਆਂ** ਦਾ ਖੋਜ-ਵਿਧੀ ਵਿਸ਼ੇਸ਼ ਅੰਕ, ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਪਣੇ ਰਸਾਲੇ **ਪਰਖ** ਦਾ ਇੱਕ ਵਿਸ਼ੇਸ਼ ਖੋਜ-ਅੰਕ, ਡਾ. ਕੇਸਰ ਸਿੰਘ ਕੇਸਰ ਦੁਆਰਾ 1984 ਵਿਚ ਰਚਿਤ ਪੁਸਤਕ **ਖੋਜ ਚਿੰਤਨ** ਅਤੇ ਡਾ. ਪਿਆਰ ਸਿੰਘ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 2011 ਵਿਚ ਪ੍ਰਕਾਸ਼ਿਤ ਕੀਤੀ ਹੁਣ ਤੱਕ ਦੀ ਪੰਜਾਬੀ ਦੀ ਸਭ ਤੋਂ ਮਿਆਰੀ ਖੋਜ ਪੁਸਤਕ **ਖੋਜ: ਸਿੱਧਾਂਤ ਤੇ ਵਿਹਾਰ** ਹੈ। ਇਨ੍ਹਾਂ ਸ੍ਰੋਤਾਂ ਤੋਂ ਇਲਾਵਾ ਕੁਝ ਲੇਖ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਖੋਜ ਰਸਾਲੇ **ਖੋਜ ਦਰਪਣ** ਵਿਚ ਵੀ ਪ੍ਰਕਾਸ਼ਿਤ ਹੋਏ ਹਨ। ਇਸ ਲੇਖ ਵਿਚ ਮੈਂ ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਤੇ ਡਾ. ਕੇਸਰ ਸਿੰਘ ਕੇਸਰ ਦੀਆਂ ਪੁਸਤਕਾਂ ਦਾ ਵਿਸ਼ਲੇਸ਼ਣ ਕਰਨ ਲੱਗਾ ਹਾਂ।

## 1

ਜਦੋਂ ਯੂਨੀਵਰਸਿਟੀਆਂ ਵਿਚ ਵਿਵਸਥਿਤ ਤੌਰ ਤੇ ਪੀਐੱਚ.ਡੀ. ਅਤੇ ਐਮ.ਫਿਲ. ਦੀਆਂ ਡਿਗਰੀਆਂ ਲਈ ਖੋਜ-ਕਾਰਜ ਸ਼ੁਰੂ ਹੋਏ ਤਾਂ ਵਿਦਿਆਰਥੀਆਂ ਦੇ ਮਾਰਗ ਦਰਸ਼ਨ ਲਈ 'ਖੋਜ' ਦੇ ਵਿਸ਼ੇ ਨਾਲ ਸੰਬੰਧਤ ਪੰਜਾਬੀ ਵਿਚ ਪੁਸਤਕਾਂ ਦੀ ਘਾਟ ਮਹਿਸੂਸ ਹੋਈ। ਅਜਿਹੀ ਘਾਟ ਨੂੰ ਪੂਰਿਆਂ ਕਰਨ ਲਈ 1979 ਵਿਚ ਪਹਿਲੀ ਵਾਰ ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ **ਪੰਜਾਬੀ ਵਿਚ ਖੋਜ: ਸੰਭਾਵਨਾ ਤੇ ਸੇਧ** ਪੁਸਤਕ ਦੀ ਰਚਨਾ ਕੀਤੀ। 1979 ਵਿਚ ਖੋਜ ਦੇ ਵਿਸ਼ੇ ਨਾਲ ਸੰਬੰਧਤ ਪੰਜਾਬੀ ਵਿਚ ਪਹਿਲੀ ਪ੍ਰਕਾਸ਼ਿਤ ਹੋਣ ਵਾਲੀ ਇਹ ਪੁਸਤਕ ਇਤਿਹਾਸਕ-ਦ੍ਰਿਸ਼ਟੀ ਤੋਂ ਨਿਸ਼ਚੇ ਹੀ ਮੁੱਲਵਾਨ ਬਣਦੀ ਹੈ। ਅੱਜ 2015-16 ਵਿਚ 'ਖੋਜ ਅਤੇ ਖੋਜ-ਵਿਧੀ' ਦੇ ਵਿਸ਼ੇ ਵਿਚ ਇਸ ਪੁਸਤਕ ਦੀ ਕੀ ਸਾਰਥਿਕਤਾ ਹੈ, ਇਹ ਤਾਂ ਅਸੀਂ ਆਪਣੇ ਅਧਿਐਨ ਵਿਸ਼ਲੇਸ਼ਣ ਦੇ ਅੰਤ ਤੇ ਸਿੱਧ ਕਰਾਂਗੇ, ਬਾਹਰ ਹਾਲ ਅਸੀਂ ਡਾ. ਦੇਵਿੰਦਰ ਸਿੰਘ ਦੀ ਮੌਤ ਉਪਰੰਤ 2011 ਵਿਚ ਡਾ. ਗੁਰਮੁਖ ਸਿੰਘ ਦੁਆਰਾ ਇਸ ਪੁਸਤਕ ਨੂੰ ਸੰਪਾਦਿਤ ਕਰਨ ਤੇ ਇਸ ਪੁਸਤਕ ਬਾਰੇ ਲਿਖੇ ਸੰਪਾਦਕੀ ਨੋਟ ਵਿਚੋਂ ਇਸ ਪੁਸਤਕ ਦੇ ਕਰਤਾ/ਲੇਖਕ ਬਾਰੇ ਜੋ ਜਾਣਕਾਰੀ ਮਿਲਦੀ ਹੈ, ਆਪਣੇ ਪਾਠਕਾਂ ਨਾਲ ਉਹ ਸਾਂਝੀ ਕਰਦੇ ਹਾਂ। ਡਾ. ਗੁਰਮੁਖ ਸਿੰਘ ਅਨੁਸਾਰ:

> ਡਾ. ਦੇਵਿੰਦਰ ਸਿੰਘ ਵਿਦਿਆਰਥੀ (1917-1997) ਮੇਰੇ ਅਤਿ ਸਤਿਕਾਰਯੋਗ ਬਜ਼ੁਰਗ ਸਨ, ਜਿਨ੍ਹਾਂ ਨੇ ਰੋਜ਼ੀ ਰੋਟੀ ਲਈ ਨਾਭਾ ਦਰਬਾਰ ਵਿਚ ਗ੍ਰੰਥੀ ਵਜੋਂ ਨੌਕਰੀ ਕੀਤੀ ਤੇ ਨਾਲ-ਨਾਲ ਪੜ੍ਹਾਈ ਕਰਦੇ ਰਹੇ। ਐਮ.ਏ. ਕਰਨ ਉਪਰੰਤ ਪੀਐੱਚ.ਡੀ. ਵੀ ਕੀਤੀ। ਪੰਜਾਬ ਸਰਕਾਰ ਦੇ ਸਕੱਤਰੇਤ ਵਿਚ ਸੁਪਰਡੈਂਟ ਵਜੋਂ ਰਿਟਾਇਰ ਹੋਏ। ਪ੍ਰੋ. ਪ੍ਰੀਤਮ ਸਿੰਘ ਨੂੰ ਆਪ ਦੀ ਵਿਦਵਤਾ ਦਾ ਇਲਮ ਸੀ, ਜਿਸ ਕਾਰਨ ਉਹ ਆਪ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਲੈਕਚਰਾਰ ਵਜੋਂ ਲੈ ਆਏ, ਜਿਥੇ ਆਪ ਨੇ ਨਿੱਠ ਕੇ ਕੰਮ ਕੀਤਾ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਉੱਚੇ ਅਹੁਦਿਆਂ 'ਤੇ ਰਹੇ। ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਮੁਖੀ ਰਹਿ ਕੇ ਕਾਫ਼ੀ ਕੰਮ ਕੀਤਾ। (ਪੰਨਾ-9)

ਇਸ ਜਾਣ-ਪਛਾਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗ੍ਰੰਥੀ ਵਜੋਂ ਨੌਕਰੀ ਕਰਨ ਤੋਂ ਲੈ ਕੇ ਸਿੱਖ ਇਤਿਹਾਸ ਖੋਜ ਵਿਭਾਗ ਤੱਕ ਡਾ. ਦੇਵਿੰਦਰ ਸਿੰਘ ਜ਼ਿਆਦਾ ਸਮਾਂ ਧਾਰਮਿਕ ਸੰਸਥਾਵਾਂ ਵਿਚ ਹੀ ਵਿਚਰਦੇ ਰਹੇ ਸਨ। ਧਰਮ ਦਾ ਖੇਤਰ ਵਿਸ਼ਵਾਸ/ਨਿਸ਼ਚੈ ਦਾ ਖੇਤਰ ਹੁੰਦਾ ਹੈ ਜਦਕਿ ਖੋਜ ਦਾ ਖੇਤਰ ਸ਼ੰਕੇ ਦਾ ਖੇਤਰ ਹੁੰਦਾ ਹੈ। ਇਹ ਧਾਰਮਿਕਤਾ ਉਨ੍ਹਾਂ ਦਾ 'ਖੋਜ' ਵਰਗੇ ਵਿਗਿਆਨਕ ਵਿਸ਼ੇ ਸਮੇਂ ਵੀ ਪਿੱਛਾ ਨਹੀਂ ਛੱਡਦੀ। ਸੰਪਾਦਕ ਦੁਆਰਾ ਉਨ੍ਹਾਂ ਦੁਆਰਾ ਰਚਿਤ ਦੱਸੀਆਂ ਦਸ ਪੁਸਤਕਾਂ ਵਿਚੋਂ ਵੀ ਜ਼ਿਆਦਾ ਧਰਮ ਦੇ ਖੇਤਰ ਨਾਲ ਹੀ ਸੰਬੰਧਤ ਹਨ।

167 ਪੰਨਿਆਂ ਦੀ ਇਸ ਪੁਸਤਕ ਦੇ ਦੋ ਮੁੱਖ ਹਿੱਸੇ ਹਨ। 119 ਪੰਨੇ ਤੱਕ ਤਾਂ ਉਹ ਖੋਜ ਦੇ ਵੱਖ-ਵਿੱਖ ਵਿਸ਼ਿਆਂ ਨਾਲ ਸੰਬੰਧਤ ਚਰਚਾ ਕਰਦੇ ਹਨ ਜਦ ਕਿ 120 ਤੋਂ 167 ਪੰਨਿਆਂ ਤੱਕ ਉਹ ਪੰਜਾਬੀ ਵਿਚ ਹੱਥ-ਲਿਖਤ ਸਾਹਿਤ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ। ਇਸ ਪੁਸਤਕ ਦੀ ਸੰਪਾਦਕੀ ਵਿਚੋਂ ਇਹ ਵੀ ਪਤਾ ਲੱਗਦਾ ਹੈ ਕਿ ਇਹ ਪੁਸਤਕ ਛਪਦਿਆਂ ਸਾਰ ਹੀ ਬਹੁਤ ਮਕਬੂਲ ਹੋਈ ਤੇ ਇਸ ਦੀਆਂ ਸਭ ਕਾਪੀਆਂ ਵਿਕ ਗਈਆਂ। ਏਸੇ ਲਈ ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਇਸ ਪੁਸਤਕ ਦੇ ਪਹਿਲੀ ਵਾਰ ਪ੍ਰਕਾਸ਼ਿਤ ਹੋਣ ਤੋਂ ਦੋ ਕੁ ਸਾਲ ਬਾਅਦ ਹੀ ਇਸ ਵਿਚ ਸੋਧ ਕਰਕੇ ਇਸ ਨੂੰ ਦੁਬਾਰਾ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੂੰ ਪ੍ਰਕਾਸ਼ਿਤ ਕਰਨ ਲਈ ਦਿੱਤੀ ਪਰ ਵਿਭਾਗ ਦੀ ਅਣਗਹਿਲੀ ਸਦਕਾ ਇਹ ਦੁਬਾਰਾ ਪ੍ਰਕਾਸ਼ਿਤ ਨਾ ਹੋ ਸਕੀ ਸਗੋਂ ਸੋਧਿਆ ਹੋਇਆ ਖਰੜਾ ਵੀ ਗਵਾਚ ਗਿਆ। ਫਿਰ ਡਾ. ਸਾਹਿਬ ਦੇ ਮਰਨ ਉਪਰੰਤ ਡਾ. ਗੁਰਮੁਖ ਸਿੰਘ ਨੂੰ ਹੱਥ-ਲਿਖਤ ਖਰੜਿਆਂ ਵਾਲਾ ਭਾਗ ਲੱਭਿਆ, ਦੁਬਾਰਾ ਪੁਸਤਕ ਸੰਪਾਦਿਤ ਕਰਨ ਸਮੇਂ ਇਸ ਭਾਗ ਨੂੰ ਵੀ ਮੂਲ ਖਰੜੇ ਨਾਲ ਜੋੜ ਦਿੱਤਾ ਗਿਆ ਹੈ।

ਜਦੋਂ ਅਸੀਂ ਇਸ ਪੁਸਤਕ ਨੂੰ ਬਾਰੀਕ-ਬੀਨੀ ਨਾਲ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਕਿਸੇ ਖੋਜ ਵਿਦਿਆਰਥੀ ਨੇ ਖੋਜ ਕੋਰਸ ਵਿਚ ਦਾਖਲਾ ਲੈ ਕੇ ਖੋਜ ਕਿਵੇਂ ਕਰਨੀ ਹੈ ? ਇਸ ਵਿਸ਼ੇ ਤੇ ਇਹ ਪੁਸਤਕ ਕੋਈ ਅਗਵਾਈ ਕਰਨ ਦੇ ਯੋਗ ਨਹੀਂ ਹੈ ਸਗੋਂ ਖੋਜ-ਖੇਤਰ ਵਿਚ ਆਉਣ ਵਾਲੇ ਖੋਜਾਰਥੀਆਂ ਨੂੰ ਵਿਸ਼ਾਲ ਖੋਜ-ਖੇਤਰ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਚੇਤੰਨ ਕਰਨ ਦਾ ਹੀ ਕਾਰਜ ਕਰਦੀ ਹੈ ਅਤੇ ਦੱਸਦੀ ਹੈ ਕਿ ਖੋਜ-ਖੇਤਰ ਵਿਚ ਕੀ-ਕੀ ਮੁਸ਼ਕਲਾਂ ਹਨ, ਦਾਖਲਾ ਕਿਵੇਂ ਤੇ ਕਿੱਥੇ ਲੈਣਾ ਚਾਹੀਦਾ ਹੈ। ਇਸ ਪੁਸਤਕ ਦਾ ਮੁੱਖ ਵਿਸ਼ਾ ਹੱਥ-ਲਿਖਤ ਖਰੜਿਆਂ ਦੀ ਖੋਜ ਕਰਨ ਦੀ ਜਾਚ ਦੱਸਣਾ ਹੈ। ਇਹ ਪੁਸਤਕ ਬੇਲੋੜੇ ਵਿਸਥਾਰ ਅਤੇ ਸਮਾਂ ਵਿਹਾ ਚੁੱਕੇ ਬਚਕਾਨਾ ਵਿਸ਼ਿਆਂ ਬਾਰੇ ਬਹਿਸ ਕਰਦੀ ਹੈ। 'ਖੋਜ' ਸ਼ਬਦ ਦੇ ਸੰਕਲਪ ਨੂੰ (ਬਹੁਤ ਸੰਖੇਪ ਖੇਤਰ ਪਸ਼ੂਆਂ ਦੇ ਖੁਰੇ ਲੱਭਣ ਵਾਲੇ ਖੋਜੀ ਦੇ ਸੰਦਰਭ ਵਿਚ) ਸਪੱਸ਼ਟ ਕਰਨ ਲਈ ਲੇਖਕ (ਪੰਨਾ 17 ਤੋਂ 19 ਤੱਕ) ਪੰਜਾਬ ਦੇ ਖੇਤੀ ਸਭਿਆਚਾਰ, ਡੰਗਰ ਚਾਰਨ, ਡੰਗਰ ਗਵਾਚਣ ਵਰਗੇ ਬੇਮਤਲਬ ਵਿਸ਼ੇ ਤੇ ਤਿੰਨ ਸਫੇ ਭਰ ਦਿੰਦਾ ਹੈ। 'ਖੋਜ' ਲਈ ਸੰਸਕ੍ਰਿਤ ਵਿਚ ਪ੍ਰਚਿੱਲਤ ਸ਼ਬਦ 'ਗਵੇਸ਼ਣਾ' ਦੇ ਸੰਕਲਪ ਨੂੰ ਵੀ ਏਸੇ ਪਾਸੇ ਲੈ ਕੇ ਜਾਂਦੇ ਹੋਏ ਲਿਖਦੇ ਹਨ ਕਿ 'ਸੰਸਕ੍ਰਿਤ ਸ਼ਬਦ 'ਗਵੇਸ਼ਣਾ' ਸਾਧਾਰਨ ਅਰਥਾਂ ਵਿਚ ਗੁਆਚੀਆਂ ਗਾਈਆਂ ਦੀ ਭਾਲ ਕਰਕੇ ਉਨ੍ਹਾਂ ਨੂੰ ਲੱਭਣ ਦੀ ਇੱਛਾ ਨਾਲ ਸਬੰਧਤ ਹੈ।

ਇਸ ਤੋਂ ਬਾਅਦ ਵਿਦਿਅਕ ਅਦਾਰਿਆਂ ਵਿਚ ਖੋਜ ਦੇ ਵੱਖ-ਵੱਖ ਪੱਧਰਾਂ ਦੀ ਗੱਲ ਕਰਦਿਆਂ ਐਮ.ਏ. ਵਿਚ ਸੈਮੀਨਾਰਾਂ ਅਤੇ ਖੋਜ-ਨਿਬੰਧ ਦੀ ਖੋਜ, ਐਮ.ਫ਼ਿਲ. ਦੀ ਖੋਜ, ਪੀਐੱਚ.ਡੀ. ਦੀ ਖੋਜ ਅਤੇ ਡੀ.ਲਿਟ ਦੀ ਖੋਜ ਦੇ ਪੱਧਰਾਂ ਦੀ ਗੱਲ ਕਰਦਿਆਂ ਲੇਖਕ ਯੂਨੀਵਰਸਿਟੀਆਂ ਦੇ ਪ੍ਰਸ਼ਾਸਨਿਕ ਮਸਲਿਆਂ (ਕਿੰਨੇ % ਨੰਬਰਾਂ ਵਾਲਿਆਂ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਹੈ, ਕਿਹੜਾ ਮਾਧਿਅਮ ਦੇਣਾ ਹੈ ਆਦਿ) ਤੇ ਚਰਚਾ ਕਰਨ ਲੱਗ ਪੈਂਦਾ ਹੈ ਤੇ ਦੱਸਦਾ ਹੈ ਕਿ ਕਿਸ ਪੱਧਰ ਤੇ ਕਿੰਨ੍ਹੇ ਸਫਿਆਂ ਦਾ ਨਿਬੰਧ ਲਿਖਣਾ ਹੈ। ਇਸ ਚਰਚਾ ਵਿਚ ਉਹ ਯੂ.ਜੀ.ਸੀ. ਵਲੋਂ 1973 ਵਿਚ ਕਾਲਜ ਲੈਕਚਰਾਰਾਂ ਤੇ ਪੀਐੱਚ.ਡੀ. ਕਰਨ ਦੀ ਲਾਈ ਸ਼ਰਤ ਨੂੰ ਵੀ ਘਸੀਟ ਲੈਂਦਾ ਹੈ।

ਪੰਨਾ 29 ਤੇ 'ਖੋਜ ਦੇ ਸਿਧਾਂਤ' ਵਿਸ਼ੇ ਅਧੀਨ ਲੇਖਕ ਕੁਝ ਸਿੱਧਾਂਤਕ ਬਹਿਸ ਕਰਦਾ ਹੈ ਕਿ ਨੰਬਰਾਂ ਦੀ % ਕਿਸੇ ਖੋਜਾਰਥੀ ਦੀ ਸਹੀ ਪਛਾਣ ਨਹੀਂ ਬਣਦੀ ਸਗੋਂ ਕਿਸੇ ਵਿਦਿਆਰਥੀ ਅੰਦਰ ਖੋਜ ਦੀ ਲਗਨ ਹੀ ਉਸ ਨੂੰ ਸਹੀ ਖੋਜਾਰਥੀ ਬਣਾ ਸਕਦੀ ਹੈ। ਜਿਸ ਵਿਦਿਆਰਥੀ ਨੂੰ ਆਪਣੀ ਗੱਲ ਸਹੀ ਤੇ ਸਪੱਸ਼ਟ ਢੰਗ ਨਾਲ ਕਹਿਣੀ ਆਉਂਦੀ ਹੋਵੇ ਉਹ ਸਹੀ ਖੋਜਾਰਥੀ ਬਣ ਸਕਦਾ ਹੈ। ਖੋਜ ਦੇ ਮਾਧਿਅਮ ਬਾਰੇ ਗੱਲ ਕਰਦਿਆਂ ਕਰਤਾ ਨੇ ਬੜੀ ਸਿਆਣਪ ਤੇ ਦਲੇਰੀ ਦਾ ਸਬੂਤ ਦਿੰਦਿਆਂ ਕਿਹਾ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਕਰਕੇ ਅਸੀਂ ਇਸ ਨੂੰ ਖੋਜ-ਭਾਸ਼ਾ ਵਜੋਂ ਵਿਕਸਿਤ ਕਰ ਸਕਦੇ ਹਾਂ।

ਇਕ ਪਾਸੇ ਤਾਂ ਲੇਖਕ ਪੰਨਾ ਨੰਬਰ 23 'ਤੇ ਲਿਖਦਾ ਹੈ ਕਿ, "ਇਸ ਸਮੇਂ ਸਭ ਤੋਂ ਵੱਡੀ ਕਠਿਨਾਈ ਸਾਰੇ ਲੈਕਚਰਾਰਾਂ ਨੂੰ ਖੋਜ ਡਿਗਰੀਆਂ ਵਾਲਾ ਬਣਾਉਣ ਦੀ ਹੈ।" ਦੂਸਰੇ ਪਾਸੇ ਪੰਨਾ 64 'ਤੇ ਇਹ ਵੀ ਕਿਹਾ ਜਾਂਦਾ ਹੈ ਕਿ, "ਅੱਜ ਡਿਗਰੀ ਅਤੇ ਕੱਲ੍ਹ ਨੌਕਰੀ ਦੇ ਚਾਹਵਾਨ ਅਜਿਹੇ ਕਠਿਨ ਕਾਰਜ ਵਿਚ ਜਿੰਨਾ ਘੱਟ ਉਲਝਣ, ਉਤਨਾ ਹੀ ਭਲਾ ਹੈ।" ਇੰਜ ਹੀ ਪੰਨਾ 163 ਤੇ ਲਿਖਦਾ ਹੈ ਕਿ, "ਖੋਜ ਕਾਰਜ ਵਿਚ ਅਨੇਕ ਪਲ ਅਜਿਹੇ ਆਉਣਗੇ ਜਦੋਂ ਗਹਿਰਾ ਗੋਤਾ ਲਾਉਣਾ ਹੀ ਲਾਹੇਵੰਦਾ ਸਿੱਧ ਹੁੰਦਾ ਹੈ ਪਰ ਡਿਗਰੀਆਂ ਲਈ ਕੀਤੀ ਜਾਣ ਵਾਲੀ ਖੋਜ ਅਕਸਰ ਅਜਿਹੇ ਮੌਕਿਆਂ 'ਤੇ ਪੱਲਾ ਬਚਾ ਕੇ ਲੰਘਣ ਵਿਚ ਹੀ ਅਸਾਨੀ ਵੇਖਦੀ ਹੈ" ਇੰਝ ਸਪੱਸ਼ਟ ਹੁੰਦਾ ਹੈ ਕਿ ਲੇਖਕ ਅਨੁਸਾਰ ਨੌਕਰੀ ਲਈ ਡਿਗਰੀਆਂ ਲੈਣ ਵਾਲੇ ਖੋਜਾਰਥੀ ਤਸੱਲੀ ਬਖ਼ਸ਼ ਖੋਜ ਨਹੀਂ ਕਰ ਸਕਦੇ।

ਇਸ ਉਪਰੰਤ ਲੇਖਕ ਇੱਕ ਖੋਜਾਰਥੀ ਨੂੰ ਖੋਜ-ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਵਿਸ਼ੇ ਦੀ ਤਿਆਰੀ ਬਾਰੇ ਦੱਸਦਾ ਹੈ ਕਿ ਜੇਕਰ ਉਹ ਕਿਸੇ ਇੱਕ ਵਿਸ਼ੇ ਤੇ ਲਗਾਤਾਰ ਸੋਚੇਗਾ ਤਾਂ ਉਸਨੂੰ ਸਮੱਸਿਆ ਦੀ ਸਮਝ ਆਵੇਗੀ, ਆਪਣੀ ਸਮੱਸਿਆ ਬਾਰੇ ਇੱਕ ਧਾਰਨਾ ਬਣਾਵੇ, ਸਮੱਸਿਆ ਨਾਲ ਸੰਬੰਧਤ ਮੂਲ ਖਰੜਿਆਂ ਬਾਰੇ ਜਾਣਕਾਰੀ ਲਵੇ ਕਿ ਉਸਦੇ ਵਿਸ਼ੇ ਨਾਲ ਸੰਬੰਧਤ ਸ੍ਰੋਤ ਕਿਥੋਂ ਮਿਲਣਗੇ (ਏਥੇ ਵੀ ਲੇਖਕ ਦਾ ਮੂਲ ਸ੍ਰੋਤਾਂ ਤੋਂ ਭਾਵ ਹੱਥ ਲਿਖਤ ਖਰੜੇ ਹੀ ਹਨ) ਏਥੇ ਆ ਕੇ ਫਿਰ ਲੇਖਕ ਵਿਗਿਆਨਕ ਦ੍ਰਿਸ਼ਟੀਕੋਣ ਤੇ ਸਾਰਥਕ ਬਹਿਸ ਕਰਦਾ ਹੈ ਤੇ ਆਪਣੀ ਸਮੱਸਿਆ ਦੇ ਮੂਲ ਮਸਲੇ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੋਚਣ ਲਈ ਕਹਿੰਦਾ ਹੈ। ਲੇਖਕ ਅਨੁਸਾਰ ਸੱਚ ਤੱਕ ਪਹੁੰਚਣ ਲਈ ਪੁਰਾਤਨ ਸਮਿਆਂ ਤੋਂ ਹੀ ਵਾਦ-ਵਿਵਾਦ ਦੀ ਵਿਧੀ ਦੀ ਪ੍ਰੰਪਰਾ ਸਾਡੇ ਸਮਾਜ ਵਿਚ ਚਲਦੀ ਰਹੀ ਹੈ ਤੇ ਅੱਜ ਵੀ ਖੋਜਾਰਥੀ ਪੂਰੀ ਖੋਜ ਕਰਨ ਉਪਰੰਤ ਵਾਈਵਾ ਦਿੰਦਾ ਹੈ ਜੋ ਪੁਰਾਤਨ ਵਾਦ-ਵਿਵਾਦ ਦਾ ਹੀ ਬਦਲਿਆ ਹੋਇਆ ਰੂਪ ਹੈ।

ਆਪਣੀ ਪੁਸਤਕ ਦੇ ਪੰਨਾ 39 ਤੇ ਲੇਖਕ ਨੇ ਖੋਜ ਦੀਆਂ ਵਿਧੀਆਂ ਦੀ ਗੱਲ ਕਰਦਿਆਂ ਇਨ੍ਹਾਂ ਨੂੰ ਦੋ ਪ੍ਰਮੁੱਖ ਵਰਗਾਂ ਵਿਚ ਵੰਡ ਕੇ ਇਨ੍ਹਾਂ ਦੇ ਉਦੇਸ਼ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਅਨੁਸਾਰ:

> ਅਜੋਕੜੇ ਖੋਜ-ਵਿਦਿਆ ਦੇ ਮਾਹਿਰਾਂ ਨੇ, ਮੋਟੇ ਠੁੱਲ੍ਹੇ ਤੌਰ 'ਤੇ, ਖੋਜ ਦੇ ਦੋ ਪ੍ਰਮੁੱਖ ਮੁਹਾਂਦਰੇ ਪਛਾਣੇ ਹਨ, ਇੱਕ ਮੁਹਾਂਦਰਾ ਹੈ 'ਸ਼ਾਸਤਰ ਅਨੁਸਾਰ ਖੋਜ' ਦਾ, ਜੋ ਪੁਰਾਣੀ ਸ਼ਾਸਤਾਰਥੀ ਪਰੰਪਰਾ ਦਾ ਹੀ ਨਵੀਨ ਸੰਸਕਾਰ ਸਮਝਿਆ ਜਾ ਸਕਦਾ ਹੈ ਅਤੇ ਦੂਜਾ ਮੁਹਾਂਦਰਾ ਹੈ ਪੁਰਾਣੀ ਪਕੜ ਤੋਂ ਹੰਭੇ ਅਤੇ ਨਵੇਂ ਮਾਰਗਾਂ ਦੇ ਅਭਿਲਾਖੀ ਪ੍ਰਯੋਗਾਤਮਕ ਲੱਭਤਾਂ ਨੂੰ ਹੀ ਸਤਿਕਾਰਣ ਵਾਲੀ, ਖੁੱਲ੍ਹੀ ਖੇਡਦੀ 'ਵਸਤੂ ਅਨੁਸਾਰੀ ਖੋਜ' ਦਾ।
>
> 'ਸ਼ਾਸਤਰ ਅਨੁਸਾਰੀ ਖੋਜ' ਵਿਚ ਭੀ ਪਰੰਪਰਾਵਾਦੀ ਦ੍ਰਿਸ਼ਟੀ ਦੇ ਬੰਧਨ ਟੁੱਟ ਚੁੱਕੇ ਹਨ ਅਤੇ 'ਸ਼ਾਸਤਰ' ਸ਼ਬਦ ਦਾ ਅਰਥ ਕੋਈ ਖ਼ਾਸ ਗ੍ਰੰਥ ਜਾਂ ਕਿਸੇ ਇੱਕ ਆਚਾਰੀਆ ਦੇ ਮਤ ਤੱਕ ਸੀਮਿਤ ਨਹੀਂ ਰਿਹਾ, ਸਗੋਂ ਕਿਸੇ ਵਿਸ਼ੇ ਸੰਬੰਧੀ ਅੱਜ ਤੱਕ ਦੀ ਪ੍ਰਾਪਤੀ ਸਾਰੀ ਵਿਗਿਆਨਕ ਅਤੇ ਪ੍ਰਮਾਣਿਤ ਜਾਣਕਾਰੀ ਦਾ ਸੰਗ੍ਰਹਿ ਹੀ ਸ਼ਾਸਤਰ ਦੀ ਪਦਵੀ ਲੈਂਦਾ ਹੈ ਅਤੇ ਇਹ ਵੀ ਬੰਧਨ ਨਹੀਂ ਕਿ ਉਹ ਜਾਣਕਾਰੀ ਪੂਰਬੀ ਸ੍ਰੋਤਾਂ ਤੋਂ ਆਈ ਹੈ ਜਾਂ ਪੱਛਮੀ ਸ੍ਰੋਤਾਂ ਤੋਂ ਆਈ ਹੈ।
>
> 'ਵਸਤੂ ਅਨੁਸਾਰੀ ਖੋਜ' ਵਿਚ ਪ੍ਰਮੁੱਖਤਾ ਪ੍ਰਯੋਗ ਰਾਹੀਂ ਲੱਭੇ ਸੱਚ ਨੂੰ ਦਿੱਤੀ ਜਾਂਦੀ ਹੈ। ਪ੍ਰਯੋਗ ਦੇ ਵੀ ਅੱਗੇ ਦੋ ਪ੍ਰਕਾਰ ਕਲਪੇ ਗਏ ਹਨ, ਇੱਕ ਸ਼ੁੱਧ-ਪ੍ਰਯੋਗ ਅਤੇ ਦੂਜਾ-ਵਿਉਹਾਰਕ ਪ੍ਰਯੋਗ। ਸ਼ੁੱਧ-ਪ੍ਰਯੋਗ ਕਿਸੇ ਖਾਸ ਲਾਭਕਾਰੀ ਮੰਤਵ ਨਾਲ ਜੁੜਿਆ ਹੁੰਦਾ, ਉਸ ਦਾ ਲਾਭ ਕੇਵਲ ਗਿਆਨ ਦੇ ਨਿਖਾਰ-ਵਿਸਤਾਰ ਲਈ ਹੁੰਦਾ ਹੈ ਜਦ ਕਿ ਵਿਉਹਾਰਕ ਪ੍ਰਯੋਗ ਕਿਸੇ ਸਮਕਾਲੀ ਲੋੜ ਨਾਲ ਜੁੜਿਆ ਹੁੰਦਾ ਹੈ।

ਏਥੇ ਅਜੋਕੀ ਸਿੱਧਾਂਤਕ ਆਲੋਚਨਾ ਨੂੰ ਸ਼ੁੱਧ ਪ੍ਰਯੋਗ ਵਾਲੀ ਖੋਜ ਕਿਹਾ ਹੈ ਤੇ ਵਿਹਾਰਕ ਆਲੋਚਨਾ

ਨੂੰ ਵਿਹਾਰਕ ਖੋਜ। ਅੱਗੇ ਜਾ ਕੇ ਹੋਰ ਕਈ ਥਾਈਂ ਵੀ ਅਧਿਐਨ ਵਿਧੀਆਂ ਦੀ ਗੱਲ ਚਲਦੀ ਹੈ। ਕੀ ਵਰਤਮਾਨ ਸਮੇਂ ਵਿਚ, ਪੰਜਾਬੀ ਚਿੰਤਨ ਜਗਤ ਵਿਚ, ਪ੍ਰਚੱਲਤ ਅਨੇਕਾਂ ਖੋਜ ਵਿਧੀਆਂ ਦਾ ਉਸ ਸਮੇਂ ਕੋਈ ਪ੍ਰਚੱਲਨ ਨਹੀਂ ਸੀ ? 1979 ਵਿਚ ਇਹ ਪੁਸਤਕ ਪਹਿਲੀ ਵਾਰ ਪ੍ਰਕਾਸ਼ਤ ਹੁੰਦੀ ਹੈ, ਉਸ ਸਮੇਂ ਪੰਜਾਬੀ ਚਿੰਤਨ ਜਗਤ ਵਿਚ ਸੰਤ ਸਿੰਘ ਸੇਖੋਂ ਅਤੇ ਡਾ. ਹਰਿਭਜਨ ਸਿੰਘ ਦਾ ਬੋਲ-ਬਾਲਾ ਸੀ ਉਹ ਵਿਦਵਾਨ ਸੰਸਾਰ ਪੱਧਰ 'ਤੇ ਵਿਕਸਿਤ ਅਤੇ ਪ੍ਰਚੱਲਤ ਅਧਿਐਨ ਪ੍ਰਣਾਲੀਆਂ ਨਾਲ ਪੰਜਾਬੀ-ਚਿੰਤਨ ਨੂੰ ਜੋੜ ਰਹੇ ਸਨ। ਪਰ ਇਸ ਪੁਸਤਕ ਵਿਚੋਂ ਉਨ੍ਹਾਂ ਦੀਆਂ ਚਿੰਤਨ ਸੂਝਾਂ ਦੀ ਕੋਈ ਝਲਕ ਨਹੀਂ ਮਿਲਦੀ। ਜੇ ਕਿਤੇ ਨਵੀਆਂ ਵਿਧੀਆਂ ਦੀ ਗੱਲ ਕੀਤੀ ਵੀ ਹੈ ਤਾਂ ਕੇਵਲ ਇਸ਼ਾਰਾ ਮਾਤਰ ਹੀ।

ਪੁਸਤਕ ਦੇ ਪੰਨਾ 45 'ਤੇ 'ਪੰਜਾਬੀ ਵਿਚ ਖੋਜ: ਸਰੂਪ ਅਤੇ ਖੇਤਰ' ਸਿਰਲੇਖ ਅਧੀਨ ਪੰਜਾਬੀ ਖੋਜ ਦੇ ਦੋ ਮੁੱਖ ਵਰਗ ਬਣਾਏ ਹਨ। ਇੱਕ ਵਰਗ ਵਿਚ ਸੰਸਾਰ ਦੇ ਕਿਸੇ ਵੀ ਖੇਤਰ/ਵਿਸ਼ੇ ਬਾਰੇ ਕੀਤੀ ਖੋਜ ਨੂੰ ਪੰਜਾਬੀ ਭਾਸ਼ਾ ਰਾਹੀਂ ਪੇਸ਼ ਕਰਨ ਦਾ ਤੇ ਦੂਜੇ ਵਰਗ ਵਿਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਇਤਿਹਾਸ ਅਤੇ ਜਨ-ਜੀਵਨ ਬਾਰੇ ਕਿਸੇ ਵੀ ਭਾਸ਼ਾ ਵਿਚ ਲਿਖਿਆ ਜਾਣ ਵਾਲਾ ਖੋਜ ਕਾਰਜ ਸ਼ਾਮਿਲ ਕੀਤਾ ਹੈ। ਇਸ ਵੰਡ ਤੋਂ ਇੰਜ ਲੱਗਦਾ ਹੈ ਜਿਵੇਂ ਵਿਦਵਾਨ ਸੰਸਾਰ ਦੇ ਸਮੁੱਚੇ ਗਿਆਨ ਨੂੰ ਆਪਣੀ ਪਕੜ ਵਿਚ ਲੈਣਾ ਚਾਹੁੰਦਾ ਹੈ। ਵਿਦਵਾਨ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਦਵਾਨ ਨਾ ਰਹਿ ਕੇ ਦਾਰਸ਼ਨਿਕ ਬਣ ਜਾਂਦਾ ਹੈ ਤੇ ਅੱਗੇ ਜਾ ਕੇ ਲੇਖਕ ਅਜਿਹੀ ਖੋਜ ਦੀਆਂ ਮੁਸ਼ਕਲਾਂ ਦੀ ਚਰਚਾ ਕਰਨ ਲੱਗ ਜਾਂਦਾ ਹੈ ਜੋ ਕਿ ਸਬੰਧਤ ਵਿਸ਼ੇ ਲਈ ਬਿਲਕੁਲ ਬੇਲੋੜੀ ਚਰਚਾ ਹੈ।

ਜਿਵੇਂ ਕੋਈ ਜਾਦੂਗਰ ਜਾਂ ਸਰਕਸ ਵਾਲਾ ਆਪਣੇ ਆਉਣ ਵਾਲੇ ਸ਼ੋਅ ਲਈ ਦਰਸ਼ਕਾਂ ਅੰਦਰ ਉਕਸਾਹਟ ਪੈਦਾ ਕਰਨ ਲਈ ਵਧਾ ਝੜਾ ਕੇ ਗੱਲਾਂ ਕਰਦਾ ਹੈ ਠੀਕ ਉਵੇਂ ਹੀ ਇਹ ਵਿਦਵਾਨ ਪੰਜਾਬੀ ਖੋਜ ਦੇ ਖੇਤਰ ਵਿਚ ਆਉਣ ਵਾਲੇ ਨਵੇਂ ਖੋਜਾਰਥੀਆਂ ਨੂੰ ਖੋਜ ਦੇ ਅਜਿਹੇ ਵੱਡੇ ਖੇਤਰ ਬਾਰੇ ਦੱਸਦਾ ਹੈ ਜਿਸ ਬਾਰੇ 36 ਸਾਲ ਬੀਤ ਜਾਣ 'ਤੇ ਪੰਜਾਬੀ ਵਿਚ ਇੱਕ ਵੀ ਖੋਜ ਕਾਰਜ ਨਹੀਂ ਹੋਇਆ। ਇਸ ਪੁਸਤਕ ਵਿਚ ਕੁਝ ਬਹਿਸਾਂ ਬੜੀਆਂ ਮਹੱਤਵਪੂਰਨ ਸ਼ੁਰੂ ਹੋਈਆਂ ਹਨ ਇਨ੍ਹਾਂ ਮਹੱਤਵਪੂਰਨ ਬਹਿਸਾਂ ਵਿਚੋਂ ਇੱਕ ਬਹਿਸ ਹੈ ਪੰਜਾਬੀ ਤੋਂ ਇਲਾਵਾ ਹੋਰ ਵਿਸ਼ਿਆਂ ਦੇ ਖੋਜ ਦੇ ਮਾਧਿਅਮ ਬਾਰੇ। ਜਿਸ ਸਮੇਂ ਇਹ ਪੁਸਤਕ ਦੀ ਰਚਨਾ ਹੋ ਰਹੀ ਸੀ ਉਹ ਸਮਾਂ ਪੰਜਾਬੀ ਦੇ ਹੱਕ ਵਿਚ ਚੱਲ ਰਹੀਆਂ ਲੋਕ-ਲਹਿਰਾਂ ਦਾ ਸਮਾਂ ਸੀ। ਲੇਖਕ ਉੱਪਰ ਇਨ੍ਹਾਂ ਲੋਕ-ਲਹਿਰਾਂ ਦਾ ਪ੍ਰਭਾਵ ਪ੍ਰਤੱਖ ਨਜ਼ਰ ਆ ਰਿਹਾ ਹੈ ਕਿਉਂਕਿ ਉਹ ਵੀ ਪੰਜਾਬੀ ਭਾਸ਼ਾ ਨੂੰ ਖੋਜ ਦਾ ਮਾਧਿਅਮ ਬਣਾਉਣ ਦੇ ਹੱਕ ਵਿਚ ਹੈ ਤੇ ਇਸ ਲਈ ਉਹ ਵਿਗਿਆਨਕ ਦ੍ਰਿਸ਼ਟੀ ਤੋਂ ਉੱਚਿਤ ਦਲੀਲਾਂ ਵੀ ਦਿੰਦਾ ਹੈ। ਉਸਦਾ ਤਰਕ ਹੈ ਕਿ ਭਾਸ਼ਾ ਦੀ ਵਰਤੋਂ ਹੀ ਉਸਦਾ ਵਿਕਾਸ ਕਰਦੀ ਹੈ, ਸਾਡਾ ਅਨੁਭਵ ਸਾਡੀ ਭਾਸ਼ਾ ਨੂੰ ਵਿਕਸਿਤ ਕਰਦਾ ਹੈ। ਭਾਸ਼ਾ ਸਮਰੱਥਾ ਬਾਰੇ ਉਹ ਬਿਲਕੁਲ ਠੀਕ ਲਿਖਦਾ ਹੈ :

> ਕਿਸੇ ਭਾਖਾ ਦੀ ਸਮਰੱਥਾ ਠੀਕ ਉਤਨੀ ਹੀ ਹੁੰਦੀ ਹੈ ਜਿਤਨੀ ਉਸ ਭਾਖਾ ਨੂੰ ਵਰਤੋਂ ਵਿਚ ਲਿਆਉਣ ਵਾਲੇ ਲੋਕਾਂ ਦੇ ਅਨੁਭਵ, ਗਿਆਨ ਅਤੇ ਅਨੁਮਾਨ ਦੀ ਸਮਰੱਥਾ ਹੁੰਦੀ ਹੈ। ਭਾਖਾ ਦੀ ਸਮਰੱਥਾ ਦਾ ਉਸ ਦੇ ਵਰਤਣ ਵਾਲਿਆਂ ਦੀ ਯੋਗਤਾ ਤੋਂ ਵੱਖਰਾ ਕੋਈ ਵਜੂਦ ਸੰਭਵ ਹੀ ਨਹੀਂ ਹੁੰਦਾ।...ਜਿਸ ਕਿਸੇ ਵੀ ਆਪਣੀ ਖੋਜ ਦੀ ਵਿਸ਼ੇ-ਵਸਤੂ ਨੂੰ ਉਸ ਦੀ ਆਤਮਾ ਦੇ ਪੱਧਰ ਤਕ ਡੂੰਘੇ ਉੱਤਰ ਕੇ ਘੋਖਿਆ, ਪਰਖਿਆ ਤੇ ਜਾਣਿਆ ਹੈ ਉਸ ਨੂੰ ਆਪਣੀ ਗੱਲ ਨਿਤਾਰ ਕੇ ਕਹਿਣ ਵਿਚ ਕਦੇ ਕੋਈ ਔਖ ਪੇਸ਼ ਆਉਂਦੀ ਹੀ ਨਹੀਂ।....ਗੂੰਗੇ ਵੀ ਆਪਣੀ ਗੱਲ ਪ੍ਰਗਟਾਉਣ ਦੇ ਸਾਧਨ ਜੁਟਾ ਲੈਂਦੇ ਹਨ। (ਪੰਨਾ 30)

ਖੋਜ ਮਾਧਿਅਮ ਵਜੋਂ ਅੰਗਰੇਜ਼ੀ ਦੀ ਥਾਂ ਪੰਜਾਬੀ ਦੇ ਹੱਕ ਵਿਚ ਦਲੀਲ ਦਿੰਦਿਆਂ ਉਹ ਲਿਖਦਾ ਹੈ :

> ਦਲੀਲ ਇਹ ਦਿੱਤੀ ਜਾਂਦੀ ਹੈ ਕਿ ਅੰਗਰੇਜ਼ੀ ਵਿਚ ਹਰ ਭਾਵ ਨੂੰ ਪ੍ਰਗਟ ਕਰਨ ਲਈ ਬਲਵਾਨ ਸ਼ਬਦਾਵਲੀ ਮੌਜੂਦ ਹੈ ਅਤੇ ਹਰ ਗਿਆਨ-ਖੇਤਰ ਦੇ ਮਸਲਿਆਂ ਨਾਲ ਜੂਝਣ ਲਈ ਤਕਨੀਕੀ

ਵਚਨ-ਕੋਸ਼ ਮੌਜੂਦ ਹੈ, ਪਰ ਕੀ ਕਦੇ ਉਨ੍ਹਾਂ ਆਪਣੇ ਪਿਉ-ਦਾਦੇ ਦਾ ਖਜ਼ਾਨਾ ਖੋਲ੍ਹ ਕੇ ਵੇਖਿਆ ਹੈ ਕਿ ਉਸ ਵਿਚ ਕਿਤਨੀ ਕੁ ਅਮੀਰੀ ਦੇ ਸਾਧਨ ਮੌਜੂਦ ਹਨ ਅਤੇ ਇਹ ਵੀ ਸੋਚਿਆ ਹੈ ਕਿ ਅੰਗਰੇਜ਼ੀ ਦੀ ਸ਼ਬਦਾਵਲੀ ਦੀ ਭਰਪੂਰੀ ਅਤੇ ਉਸ ਦਾ ਤਕਨੀਕੀ ਸ਼ਬਦ-ਖੋਜ ਉਸਰਿਆ ਕਿਵੇਂ ? ਕੀ ਅੰਗਰੇਜ਼ੀ ਪਾਸ ਇਹ ਸਾਰੀ ਸਮਰੱਥਾ ਸੁੱਤੇ ਸਿਧ ਆ ਗਈ ਸੀ। (ਪੰਨਾ 30-31)

ਸਪੱਸ਼ਟ ਹੈ ਕਿ ਲੇਖਕ ਦੂਸਰਿਆਂ ਦੇ ਗੁਣਗਾਨ ਕਰਨ ਨਾਲੋਂ ਆਪ ਮਿਹਨਤ/ਯਤਨ ਕਰਨ ਦੇ ਹੱਕ ਵਿਚ ਹੈ ਏਸੇ ਲਈ ਉਹ ਉਕਤ ਪੰਨੇ 'ਤੇ ਹੀ ਲਿਖਦਾ ਹੈ ਕਿ "ਕੀ ਅਸੀਂ ਏਨੇ ਹੀ ਨਿੱਘਰ ਗਏ ਹਾਂ ਕਿ ਉਨ੍ਹਾਂ ਦੀ ਰੀਸ ਵਿਚ ਹੀ ਸਹੀ, ਆਪਣੇ ਜਤਨਾਂ ਨਾਲ ਆਪਣੀ ਭਾਸ਼ਾ ਦੇ ਵਿਕਾਸ ਵਿਚ ਹੱਥ ਵੰਡਾਉਣ ਜੋਗੇ ਨਹੀਂ ਰਹਿ ਗਏ ? ਕੀ ਅਸੀਂ ਸਦਾ ਹਕਲਾਂਦੇ ਹੀ ਰਹਾਂਗੇ ਜਾਂ ਸਰਕਾਰੀ ਭਾਖਾ ਘਾੜਿਆਂ ਦੀ ਆਸ ਰੱਖਾਂਗੇ ?"।

ਇਹਨਾਂ ਟੂਕਾਂ ਨੂੰ ਪੜ੍ਹ ਕੇ ਸਾਨੂੰ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕ ਭਾਵੁਕ ਤੌਰ 'ਤੇ ਵੱਡੀਆਂ ਗੱਲਾਂ ਕਰ ਰਿਹਾ ਹੈ, ਉਹ ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ ਦੀ ਮਹੱਤਤਾ ਨੂੰ ਘਟਾ ਕੇ ਵੇਖ ਰਿਹਾ ਹੈ। ਵੱਖ-ਵੱਖ ਵਿਸ਼ਿਆਂ ਸੰਬੰਧੀ ਤਕਨੀਕੀ-ਸ਼ਬਦਾਵਲੀ ਸੰਸਥਾਈ ਪੱਧਰ 'ਤੇ ਹੀ ਬਣਾਈ ਸਵਾਰੀ ਜਾ ਸਕਦੀ ਹੈ। ਪੰਜਾਬੀ ਬਾਹਰਲੇ ਵਿਸ਼ਿਆਂ ਬਾਰੇ ਖੋਜ ਦੌਰਾਨ ਆਪਣੀ ਸੂਝ ਤੋਂ ਦੂਰ ਦੇ ਵਿਸ਼ੇ ਹੋਣ ਤੋਂ ਇਲਾਵਾ ਆਉਂਦੀ ਤਕਨੀਕੀ ਸ਼ਬਦਾਵਲੀ ਦੀ ਮੁਸ਼ਕਲ ਅਤੇ ਉਸਦੇ ਹੱਲ ਬਾਰੇ ਲਿਖਦਾ ਹੈ :

ਦੂਜੀ ਵੱਡੀ ਔਕੜ ਜੋ ਅਜਿਹੀ ਖੋਜ ਅਰੰਭਣ ਦੇ ਰਾਹ ਵਿਚ ਆਵੇਗੀ, ਉਹ ਹੈ ਭਾਖਾਈ ਵਿਗਾਸ ਦੇ ਸਰੂਪ ਤੇ ਸੰਗਤੀਆਂ ਦੀ... ਇਹ ਕੰਮ ਘਰ ਬਾਜ਼ਾਰ ਵਿਚ ਨਿੱਤ ਵਰਤੀਂਦੀ ਬੋਲੀ ਦੇ ਆਹਰ ਨਹੀਂ ਸਾਧਿਆ ਜਾ ਸਕਦਾ ਅਜੋਕੜੇ ਵਿੱਦਿਆ-ਸੰਸਾਰ ਵਿਚ ਅਣਗਿਣਤ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਵਰਤਣ ਕਰਨ ਲਈ ਪੰਜਾਬੀ ਤਾਂ ਕੀ ਸੰਸਾਰ ਦੀਆਂ ਅਤਿ ਉੱਨਤ ਭਾਖਾਵਾਂ ਦੇ ਭੰਡਾਰ ਵਿਚ ਭੀ ਪੂਰੇ ਸ਼ਬਦ ਮੌਜੂਦ ਨਹੀਂ ਹਨ।...ਨਵੇਂ ਲੇਖਕ ਆਲੋਚਕ ਅਤੇ ਖੋਜੀ ਆਪਣੀ ਲੋੜ ਅਨੁਸਾਰ ਨਵੇਂ ਸ਼ਬਦ ਘੜ ਕੇ ਕੰਮ ਚਲਾ ਲੈਂਦੇ ਹਨ, ਪਰ ਸਾਡੇ ਦੇਸ਼ ਵਿਚ ਇਹ ਕ੍ਰਿਆ ਅਤਿ ਔਖੀ ਹੈ, ਕਿਉਂਕਿ ਸਾਡੇ ਦੇਸ਼ ਦਾ ਪੜ੍ਹਿਆ ਲਿਖਿਆ ਵਰਗ ਭੀ ਬਹੁਤ ਪਛੜਿਆ ਹੋਇਆ ਹੈ। (ਪੰਨਾ 48,49)

ਹੁਣ ਲੇਖਕ ਕਲਪਨਾ ਦੀ ਛਤਰੀ ਤੋਂ ਉੱਤਰ ਕੇ ਯਥਾਰਥ ਦੀ ਧਰਤੀ 'ਤੇ ਵਿਚਰ ਕੇ ਕੁਝ ਕਹਿ ਰਿਹਾ ਹੈ ਪਰ ਹੁਣ ਉਹ ਜ਼ਿਆਦਾ ਨਿਰਾਸ਼ਾਜਨਕ ਸੁਰ ਵਿਚ ਹੈ ਅਤੇ ਸਰਕਾਰੀ ਪੱਖ ਨੂੰ ਅਣਗੌਲਿਆਂ ਕਰ ਰਿਹਾ ਹੈ ਜਦ ਕਿ ਵਿੱਦਿਆ ਦਾ ਤਕਨੀਕੀ ਪਾਸਾਰ ਹਮੇਸ਼ਾਂ ਸਰਕਾਰੀ ਸਰਪ੍ਰਸਤੀ ਅਤੇ ਨੀਤੀਆਂ ਹੇਠ ਸਰਕਾਰੀ ਸੰਸਥਾਵਾਂ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਹੀ ਕਰਦੀਆਂ ਰਹੀਆਂ ਹਨ। ਆਪਣੇ ਅਧਿਐਨ ਵਿਚ ਅੱਗੇ ਚਲ ਕੇ ਲੇਖਕ ਇਸ ਵਿਸ਼ੇ 'ਤੇ ਵੀ ਆਪਣੇ ਵਿਚਾਰ ਦਿੰਦਾ ਹੋਇਆ ਲਿਖਦਾ ਹੈ :

ਦੇਸ਼ ਦੀ ਸਰਕਾਰ ਦੇ ਭਾਸ਼ਾ-ਪ੍ਰਚਾਰ ਨਾਲ ਸਬੰਧਤ ਵਿਭਾਗ ਅਤੇ ਦੇਸ਼ ਦੇ ਭਾਸ਼ਾਈ ਖੇਤਰ ਦੇ ਵਿਸ਼ਵ-ਵਿਦਿਆਲੇ ਆਪੋ ਵਿਚ ਸਿਰ ਜੋੜ ਕੇ ਕੰਮ ਕਰਨ।...ਰਾਜ ਦੇ ਭਾਸ਼ਾ ਵਿਭਾਗ ਉਸ ਵਿਚ ਆਈ ਨਵੀਂ ਸ਼ਬਦਾਵਲੀ ਤੇ ਸੰਕੇਤਾਂ ਦੇ ਕੋਸ਼ ਬਣਾਵੇ, ਪਰ ਇਹ ਕੁਝ ਕਰਨ ਤੋਂ ਪਹਿਲਾਂ ਪੰਜਾਬ ਦੇ ਸਭਨਾਂ ਵਿਸ਼ਵ ਵਿਦਿਆਲਿਆਂ ਵਿਚ, ਹਰ ਫੈਕਲਟੀ ਵਿਚ, ਪੰਜਾਬੀ ਵਿਚ ਖੋਜ-ਨਿਬੰਧ ਪੇਸ਼ ਕਰਨ ਦੀ ਛੋਟ ਹੋਣੀ ਚਾਹੀਦੀ ਹੈ। ਇਸ ਸਮੇਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਨਾਲ ਸੰਬੰਧਤ ਵਿਸ਼ਿਆਂ ਤੋਂ ਬਿਨਾ ਹੋਰ ਕਿਸੇ ਵਿਸ਼ੇ 'ਤੇ ਪੰਜਾਬੀ ਵਿਚ ਨਿਬੰਧ ਲਿਖਣ ਦੀ ਆਗਿਆ ਨਹੀਂ। (ਪੰਨਾ 50)

ਖੋਜ ਦੀ ਭਾਸ਼ਾ/ਮਾਧਿਅਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜ-ਡਿਗਰੀ ਨਿਯਮਾਂ ਵਿਚ, ਖੋਜ-ਪ੍ਰਬੰਧ ਦੀ ਭਾਸ਼ਾ ਕੀ ਹੋਵੇ, ਇਸ ਬਾਰੇ ਵਿਚ ਕੋਈ ਨਿਸ਼ਚਿਤ ਬੰਧਨ ਦਰਜ ਨਹੀਂ।...ਪਰ

ਵਰਤੋਂ ਵਿਚ ਕੇਵਲ ਪੰਜਾਬੀ ਵਿਭਾਗ, ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ (ਖੋਜ) ਵਿਭਾਗ, ਅਤੇ ਗੁਰੂ ਨਾਨਕ ਅਧਿਐਨ ਵਿਭਾਗ ਅਤੇ ਹਿੰਦੀ ਵਿਭਾਗ ਨੂੰ ਛੱਡ ਕੇ ਹੋਰਨਾਂ ਸਭਨਾਂ ਵਿਭਾਗਾਂ ਵਿਚ ਖੋਜ-ਪ੍ਰਬੰਧਾਂ ਦੀ ਭਾਖਾ ਅੰਗਰੇਜ਼ੀ ਹੀ ਹੈ। ਕਿੰਨਾ ਚੰਗਾ ਹੋਵੇ ਜੇ ਇਹ ਮਹਾਨ ਇਨਕਲਾਬੀ ਗੁਰੂ ਨਾਨਕ ਦੇ ਨਾਉਂ 'ਤੇ ਸਥਾਪਿਤ ਹੋਈ ਯੂਨੀਵਰਸਿਟੀ ਖੋਜ-ਪ੍ਰਬੰਧਾਂ ਦੀ ਭਾਸ਼ਾ ਦੇ ਮਾਮਲੇ ਵਿਚ ਸੱਚ-ਮੁੱਚ ਇਨਕਲਾਬੀ ਸਿੱਧ ਹੋ ਜਾਵੇ। (ਪੰਨਾ 55)

ਸੋ ਇਸ ਸਾਰੀ ਵਿਚਾਰ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਸ਼ਾ ਦੀ ਤਰੱਕੀ/ਵਿਕਾਸ ਵਿਅਕਤੀਗਤ ਨਾਲੋਂ ਸਮਾਜਿਕ ਮਸਲੇ ਹਨ ਤੇ ਇਨ੍ਹਾਂ ਬਾਰੇ ਅੰਤਿਮ ਨਿਰਣੇ ਸਰਕਾਰੀ ਪੱਧਰ 'ਤੇ ਹੋਣੇ ਹੁੰਦੇ ਹਨ। ਸਰਕਾਰੀ ਤੰਤਰ ਦੀਆਂ ਇਹ ਨੀਤੀਆਂ ਉਨ੍ਹਾਂ (ਰਾਜਨੀਤਕ ਲੀਡਰਾਂ) ਦੇ ਰਾਜਨੀਤਕ ਹਿੱਤਾਂ ਦੇ ਅਨੁਸਾਰ ਬਣਦੀਆਂ ਬਦਲਦੀਆਂ ਰਹਿੰਦੀਆਂ ਹਨ ਉਦਾਹਰਣ ਵਜੋਂ ਇਸ ਪੁਸਤਕ ਵਿਚੋਂ ਹੀ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਭਾਸ਼ਾ ਨੀਤੀ ਦੀ ਤਬਦੀਲੀ ਬਾਰੇ ਵੇਖ ਸਕਦੇ ਹਾਂ ਕਿ,

1. ਮਸਲਾ ਕੇਵਲ ਅੰਗਰੇਜ਼ੀ ਦਾ ਮੋਹ ਤਿਆਗ ਕੇ ਆਪਣੀ ਭਾਖਾ ਦੀ ਮਹਾਨਤਾ ਨੂੰ ਅਪਨਾਉਣ ਦਾ ਹੈ। ਉਹ ਵੀ ਦਿਨ ਸਨ ਜਦੋਂ ਪੰਜਾਬ ਯੂਨੀਵਰਸਿਟੀ ਲਾਹੌਰ, ਕਲਕੱਤਾ ਯੂਨੀਵਰਸਿਟੀ ਦੇ ਮੁਕਾਬਲੇ 'ਤੇ ਸਾਰੀਆਂ ਪਰੀਖਿਆਵਾਂ, (ਕੇਵਲ ਸਾਹਿਤ ਹੀ ਨਹੀਂ, ਡਾਕਟਰੀ ਤੇ ਇੰਜੀਨੀਅਰੀ ਆਦਿ ਵਿਚ ਵੀ) ਦੇਸੀ ਭਾਖਾਵਾਂ ਰਾਹੀਂ ਲੈਂਦੀ ਸੀ। (ਪੰਨਾ 51)
2. ਪੰਜਾਬ ਵਿਸ਼ਵ ਵਿਦਿਆਲਾ ਕਾਇਮ ਤਾਂ ਹੋਇਆ ਸੀ ਪੂਰਬੀ ਭਾਖਾਵਾਂ ਦੇ ਪ੍ਰਚਾਰ ਅਤੇ ਉਨਾਂ ਰਾਹੀਂ ਵਿਦਿਆ ਦੇਣ ਲਈ, ਪਰ ਛੇਤੀ ਹੀ ਹਾਕਮ-ਭਾਖਾ ਅੰਗਰੇਜ਼ੀ ਨੇ ਉਸ 'ਤੇ ਗਲਬਾ ਪਾ ਲਿਆ। ਦੇਸ਼ ਵੰਡ ਦੇ ਸਮੇਂ ਤੱਕ ਉਸ ਵਿਸ਼ਵ-ਵਿਦਿਆਲੇ ਵਿਚ ਉੱਚੀ ਵਿਦਿਆ ਦਾ ਮਾਧਿਅਮ ਅੰਗਰੇਜ਼ੀ ਹੀ ਸੀ। (ਪੰਨਾ 54)

ਸਮੁੱਚੀ ਵਿਚਾਰ-ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਉਚੇਰੀ-ਸਿੱਖਿਆ ਜਾਂ ਖੋਜ-ਕਾਰਜਾਂ ਲਈ ਸਥਾਨਕ (ਪੰਜਾਬੀ) ਭਾਸ਼ਾ ਦੇ ਮਹੱਤਵ ਨੂੰ ਡਾ. ਦੇਵਿੰਦਰ ਸਿੰਘ ਵਿਦਿਆਰਥੀ ਨੇ ਬੜੀ ਬਾਰੀਕੀ ਨਾਲ ਸਮਝਿਆ ਹੈ ਅਤੇ ਇਸ ਦੇ ਹਰੇਕ ਪਹਿਲੂ ਤੇ ਵਿਚਾਰ ਚਰਚਾ ਕਰਕੇ, ਵਿਗਿਆਨਕ ਢੰਗ ਨਾਲ ਦਲੀਲਾਂ ਦੇ ਕੇ ਸਥਾਨਕ ਭਾਸ਼ਾਵਾਂ ਨੂੰ ਖੋਜ ਦਾ ਮਾਧਿਅਮ ਬਣਾਉਣ ਦੀ ਵਕਾਲਤ ਕੀਤੀ ਹੈ। ਇਹ ਆਧੁਨਿਕਤਾ ਅਤੇ ਵਿਗਿਆਨ ਮੁਖੀ ਪਹੁੰਚ ਹੈ। ਪਰ ਸਾਡਾ ਮੂਲ ਪ੍ਰਸ਼ਨ ਕਿ, ਕੀ ਇਹ ਪੁਸਤਕ ਅਜੋਕੇ ਖੋਜ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਖੋਜ ਵਿਚ ਕੁਝ ਸਹਾਇਤਾ ਕਰ ਸਕਦੀ ਹੈ ? ਉੱਤਰ ਏਥੇ ਵੀ ਨਾਂਹ ਵਾਚਕ ਹੀ ਹੈ।

ਖੋਜ ਕਿਸ ਕਿਸਮ ਦਾ ਕਾਰਜ ਹੈ ਅਤੇ ਖੋਜੀ ਕੌਣ ਹੁੰਦਾ ਹੈ ? ਇਹ ਇਸ ਪੁਸਤਕ ਦਾ ਬੜਾ ਮਹੱਤਵਪੂਰਨ ਅਤੇ ਰੌਚਿਕ ਵਿਸ਼ਾ ਹੈ ਤਿੰਨ-ਚਾਰ ਟੂਕਾਂ ਦੇ ਕੇ ਅਸੀਂ ਲੇਖਕ ਦਾ ਦ੍ਰਿਸ਼ਟੀਕੋਣ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗੇ। 'ਖੋਜ' ਸ਼ਬਦ ਦੇ ਅਰਥ ਬਾਰੇ ਦਲੀਲਾਂ ਦੇ ਕੇ ਪੰਨਾ 19 ਤੇ ਲੇਖਕ ਸਿੱਧ ਕਰਦਾ ਹੈ ਕਿ, "ਇੰਝ ਖੋਜ ਦਾ ਸਹਿਜ-ਸਾਧਾਰਨ ਸੰਕਲਪ 'ਗੁਆਚੇ ਦੀ ਭਾਲ ਕਰਨਾ' ਸਿੱਧ ਹੋਇਆ। ਅਰਥਾਤ ਜਿਹੜੀ ਸ਼ੈਅ ਦੀ ਖੋਜ ਕਰਨੀ ਹੈ, ਉਹ ਪਹਿਲਾਂ ਮੌਜੂਦ ਸੀ, ਉਸਦੀ ਪਰਖ-ਪਛਾਣ ਦੇ ਸਾਧਨ ਮੌਜੂਦ ਸਨ ਪਰ ਹੁਣ ਕਿਸੇ ਕਾਰਨ ਅੱਖੋਂ ਉਹਲੇ ਹੋ ਗਈ ਹੈ।"

ਇਕ ਖੋਜੀ, ਆਲੋਚਕ, ਮੌਲਿਕ ਲੇਖਕ ਅਤੇ ਕਲਾਕਾਰ ਨਾਲੋਂ ਕਿਵੇਂ ਭਿੰਨ ਹੈ ਇਸ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਪੰਨਾ 21 ਤੇ ਲੇਖਕ ਲਿਖਦਾ ਹੈ ਕਿ, "ਜਿਥੇ ਆਲੋਚਕ, ਮੌਲਿਕ ਲੇਖਕ ਅਤੇ ਚਿੰਤਕ ਕਲਪਨਾ ਦੇ ਖੰਭਾਂ 'ਤੇ ਉਡਾਰੀਆਂ ਲਾਉਂਦੇ ਹਨ, ਉਥੇ ਉਸ ਥਾਵੇਂ ਖੋਜੀ ਕੇਵਲ ਵਿਗਿਆਨਕ ਪਰੰਪਰਾ ਅਤੇ ਪ੍ਰਕਿਰਤੀ ਦੀ ਧਰਤੀ 'ਤੇ ਪਾ-ਪਿਆਦਾ ਮੰਜ਼ਿਲਾਂ ਤੈਅ ਕਰਦਾ ਅਤੇ ਫ਼ਾਸਲੇ ਨਾਪਦਾ ਰਹਿੰਦਾ ਹੈ।" ਇਸ ਤੋਂ ਭਾਵ ਇਹ ਹੈ ਕਿ ਖੋਜੀ ਨੇ ਅਸਲੀਅਤ ਨਾਲ ਬਹੁਤ ਬਾਰੀਕੀ ਨਾਲ ਮੱਥਾ ਪੱਚੀ ਕਰਨੀ ਹੁੰਦੀ ਹੈ।

ਇਹ ਵੱਖਰਤਾ ਦੱਸਣ ਉਪਰੰਤ ਇਨ੍ਹਾਂ ਦੀ ਸਾਂਝ ਵੀ ਦੱਸਦਾ ਹੈ, ਉਸ ਅਨੁਸਾਰ "ਖੋਜੀ ਵੀ ਅਲੋਚਕ ਜਾਂ ਮੌਲਿਕ ਕਲਾਕਾਰ ਵਾਂਗ 'ਭਵਿੱਖ ਦੇ ਹਿੱਤਾਂ ਲਈ' ਲੜਨ ਵਾਲਾ ਜੁਝਾਰੂ ਹੈ। ਉਸ ਦੀ ਖੋਜ ਦਾ ਮੂਲ ਮਸਾਲਾ ਭਾਵੇਂ 'ਬੀਤੇ' ਵਿਚੋਂ ਲੱਭਦਾ ਹੈ, ਪਰ ਉਸ ਮਸਾਲੇ ਨੂੰ ਵਰਤਣ ਲੱਗਿਆਂ ਆਪਣੀ ਡੀਠ ਨੂੰ ਸਦਾ ਵਰਤਮਾਨ ਅਤੇ ਭਵਿੱਖ ਦੀ ਸੇਧ ਵਿਚ ਰੱਖਣਾ ਪੈਂਦਾ ਹੈ।

ਇਸ ਕਿੱਤੇ ਬਾਰੇ ਉਹ ਲਿਖਦਾ ਹੈ ਕਿ, "ਖੋਜ ਦਾ ਕਿੱਤਾ ਜ਼ਰੂਰੀ ਵੀ ਹੈ, ਲਾਭਦਾਇਕ ਵੀ ਅਤੇ ਸੁਆਦਲਾ ਵੀ ਹੈ। ਕੁਝ ਲੋਕ ਖੋਜੀ ਨੂੰ 'ਪਿੱਠ ਝਾਕਣਾ', 'ਪਿੱਛਲ ਪੈਰਾ' ਅਤੇ 'ਮੁਰਦੇ ਹਾਣ ਦਾ ਵਪਾਰੀ' ਆਦਿ ਕੌੜੇ ਕੁਸੈਲੇ ਨਾਵਾਂ ਨਾਲ ਭੀ ਚਿਤਰਦੇ ਹਨ, ਪਰ ਇਹ ਉਨ੍ਹਾਂ ਦਾ ਹਠ ਜਾਂ ਭੁਲੇਖਾ ਹੈ। ਬੀਤਿਆ, ਵਰਤਮਾਨ ਦੀ ਨੀਂਹ ਅਤੇ ਭਵਿੱਖ ਦੀ ਟੇਕਰੀ ਹੈ। ਨੀਹਾਂ ਦੀ ਪਰਖ-ਪੜਤਾਲ ਵਿਅਰਥ ਦਾ ਰੁਝੇਵਾਂ ਨਹੀਂ, ਭਵਿੱਖ ਦੀ ਪ੍ਰੋੜਤਾ ਦਾ ਸਾਧਨ ਹੈ। (ਪੰਨਾ 21)

ਖੋਜ, ਗਿਆਨ ਦਾ ਸਭ ਤੋਂ ਉਚੇਰਾ ਪੱਧਰ ਹੁੰਦਾ ਹੈ। ਇਸ ਪੱਧਰ ਤੇ ਵਿਦਵਾਨ ਨੇ ਬਣੇ/ਘੜੇ ਹੋਏ ਸਿਧਾਂਤਾਂ ਨਾਲ ਹਰ ਕਿਰਿਆ ਨੂੰ ਪਰਖਣਾ ਨਿਰਖਣਾ ਵੀ ਹੁੰਦਾ ਹੈ ਤੇ ਨਵੀਆਂ ਕਿਰਿਆਵਾਂ ਲਈ ਨਵੇਂ ਸਿੱਧਾਂਤ ਵੀ ਘੜਨੇ ਹੁੰਦੇ ਹਨ। ਵਿਦਵਤਾ ਦੇ ਅਜਿਹੇ ਦੋਹਰੇ ਕਾਰਜ ਬਾਰੇ ਪੰਨਾ 29 ਤੇ ਲੇਖਕ ਲਿਖਦਾ ਹੈ ਕਿ, 'ਖੋਜ ਦਾ ਸਭ ਤੋਂ ਪਹਿਲਾ ਸਿੱਧਾਂਤ ਹੈ ਕਿ 'ਇਸ ਦਾ ਕੋਈ ਨਿਸ਼ਚਿਤ ਸਿੱਧਾਂਤ ਸੰਭਵ ਨਹੀਂ।' ਹਰ ਖੋਜੀ ਨੂੰ ਆਪਣੇ ਵਿਸ਼ੇ, ਖੇਤਰ, ਆਪਣੀ ਸਮਰੱਥਾ ਅਤੇ ਅਨੁਭਵ ਦੇ ਅਨੁਕੂਲ ਆਪਣੇ ਸਿੱਧਾਂਤ ਥਾਪਣੇ ਪੈਂਦੇ ਹਨ।... ਇਸ ਅਨੇਕਤਾ ਦੀ ਸੰਭਾਵਨਾ ਵਿਚ ਵੀ ਕੁਝ ਤੱਤ ਅਜਿਹੇ ਸਾਂਝੇ ਹਨ, ਜਿਨ੍ਹਾਂ ਦੀ ਹੋਂਦ ਪ੍ਰੇਰਕ ਦੇ ਰੂਪ ਵਿਚ ਹਰ ਖੋਜੀ ਨੂੰ ਬਣੀ ਰਹਿੰਦੀ ਹੈ, ਭਾਵੇਂ ਉਹ ਉਪਾਧੀ ਸੇਵੀ ਖੋਜੀ ਹੋਵੇ, ਭਾਵੇਂ ਅਰਸ਼ਮੀਦਸ ਤੇ ਨਿਊਟਨ ਆਦਿ ਜਿਹੇ ਅਜ਼ਲੀ।'

ਸਿੱਧਾਂਤ ਕੀ ਹੁੰਦਾ ਹੈ ਇਸ ਬਾਰੇ ਉਪਰੋਕਤ ਸਫੇ ਤੇ ਹੀ ਲਿਖਦੇ ਹਨ ਕਿ, 'ਸਿੱਧਾਂਤ ਤੋਂ ਭਾਵ ਕਾਰਜ-ਮਾਰਗ ਦੇ ਉਨ੍ਹਾਂ ਪੜਾਵਾਂ ਤੋਂ ਲਿਆ ਜਾਂਦਾ ਹੈ ਜਿਨ੍ਹਾਂ ਤੋਂ ਮਾਰਗ ਦੇ ਸਹੀ ਹੋਣ ਦੀ ਸ਼ਾਹਦੀ ਮਿਲਦੀ ਰਹਿੰਦੀ ਹੈ ਅਤੇ ਵਾਰੋ-ਵਾਰੀ ਜਿੰਨ੍ਹਾਂ ਨੂੰ ਪਾਰ ਕਰ ਲੈਣ ਨਾਲ ਅੰਤ ਵਿਚ ਆਪਣੀ ਸਾਧਨਾ ਦੀ ਸਿੱਧੀ ਤਕ ਅਪੜਨ ਦਾ ਯਕੀਨ ਬੱਝਦਾ ਰਹਿੰਦਾ ਹੈ। ਕਿਉਂਕਿ ਖੋਜ ਦੇ ਹਰ ਪਾਂਧੀ ਦੀ ਮੰਜ਼ਿਲ ਨਵੇਕਲੀ ਹੁੰਦੀ ਹੈ, ਇਸ ਲਈ ਉਸ ਦੇ ਰਾਹ ਦੇ ਪੜਾਅ ਵੀ ਵੱਖਰੇ ਤੇ ਨਵੇਕਲੇ ਹੁੰਦੇ ਹਨ।'

ਖੋਜ ਲੰਮੀ ਮਿਹਨਤ ਵਾਲਾ ਇੱਕ ਸਮਾਜਿਕ ਕਾਰਜ ਹੈ ਤੇ ਇਸ ਦਾ ਮੁੱਲ ਵੀ ਨਿੱਜੀ ਨਾਲੋਂ ਸਮਾਜਿਕ ਹੈ, ਲੇਖਕ ਅਨੁਸਾਰ:

> ਖੋਜ ਇੱਕ ਕਲਾ ਹੈ, ਅਤੇ ਖੋਜੀ ਕਲਾਕਾਰ। ਕਲਾਕਾਰੀ, ਮੈਂ ਹੋਰ ਥਾਂ ਕਿਹਾ ਸੀ, ਇੱਕ ਅਮੀਰੀ ਹੈ। ਇਹ ਅਮੀਰੀ, ਆਰਥਿਕਤਾ ਦੀ ਭਾਵੇਂ ਨਾ ਹੀ ਹੋਵੇ, ਸੂਝ ਦੀ, ਸਭਿਅਤਾ ਦੀ ਅਤੇ ਸਮਾਜਿਕ ਚੇਤਨਾ ਦੀ ਜ਼ਰੂਰ ਹੈ। ਜਿਥੇ ਹੋਰ ਅਮੀਰੀਆਂ ਦੀ ਭੁੱਖ ਆਪਣੀ ਸੰਪਤੀ ਨੂੰ ਆਪਣੇ ਤੱਕ ਸੀਮਿਤ ਰੱਖਣ ਦੀ ਹੁੰਦੀ ਹੈ, ਉਥੇ ਕਲਾ ਦੀ ਅਮੀਰੀ ਦੀ ਭੁੱਖ ਸਭਨਾਂ ਵਿਚ ਆਪਾ ਵੰਡਣ-ਵੰਡਾਣ ਦੀ ਹੁੰਦੀ ਹੈ। (ਪੰਨਾ 68)

ਖੋਜ ਦੀ ਮਹੱਤਤਾ ਬਾਰੇ ਲੇਖਕ ਦੀਆਂ ਇਸ ਪੁਸਤਕ ਵਿਚ ਕੁਝ ਹੋਰ ਮਹੱਤਵਪੂਰਨ ਟੂਕਾਂ ਇਸ ਪ੍ਰਕਾਰ ਹਨ:-

- ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ 'ਖੋਜੀ ਉਪਜੈ ਬਾਦੀ ਬਿਨਸੈ' (ਅੰਗ 1255, ਪੰਨਾ 69)
- ਅਪੂਰਣਤਾ ਨੂੰ ਪੂਰਣਤਾ ਮੰਨ ਬੈਠਣਾ, ਅਸਲੋਂ ਆਉਂਦੀਆਂ ਨਸਲਾਂ ਨਾਲ ਧ੍ਰੋਹ ਕਮਾਉਣਾ ਹੋ ਸਕਦਾ ਹੈ। (ਪੰਨਾ 70)
- ਖੋਜ ਦਾ ਖੇਤਰ ਅਤੇ ਉਸਦੀ ਸੀਮਾ ਨਿੱਠ ਕੇ ਨੀਅਤ ਕਰ ਸਕਣਾ ਜੇ ਪੂਰੀ ਤਰ੍ਹਾਂ ਅਸੰਭਵ ਨਹੀਂ ਤਾਂ ਬੇਹੱਦ ਔਖਾ ਜ਼ਰੂਰ ਹੈ । (ਪੰਨਾ 48)
- ਇਸ ਵਿਚ ਸ਼ੱਕ ਨਹੀਂ ਕਿ ਖੋਜ ਦਾ ਕੰਮ ਬੀਤੇ ਦੀ ਹਨੇਰੀ ਬਰਫ਼ਾਨੀ ਗੁਫ਼ਾ ਵਿਚੋਂ ਗੁੰਮਿਆਂ ਦੀ ਭਾਲ ਕਰਨਾ, ਠਿਠਕ ਕੇ ਸਿਲ ਪੱਥਰ ਹੋਈਆਂ ਦੇਹਾਂ ਨੂੰ ਸਿਞਾਣਨਾ, ਕੱਢਣਾ ਅਤੇ ਆਪਣੇ

ਸਾਹਾਂ ਦਾ ਨਿੱਘ ਦੇ ਕੇ ਸੁਰਜੀਤ ਕਰਨਾ ਹੈ। (ਪੰਨਾ 67)

- ਖੋਜ ਦਾ ਆਦਰਸ਼—ਜਿਵੇਂ ਅਸੀਂ ਪਹਿਲਾਂ ਵੀ ਕਹਿ ਆਏ ਹਾਂ, ਸੱਚ ਨੂੰ ਓਹਲੇ ਵਿਚੋਂ ਕੱਢ ਕੇ, ਨਿਖੇੜ ਕੇ ਅਤੇ ਨਿਤਾਰ ਕੇ, ਆਪਣੇ ਸ਼ੁੱਧ ਰੂਪ ਵਿਚ ਪ੍ਰਗਟ ਕਰਨਾ ਹੁੰਦਾ ਹੈ। (ਪੰਨਾ 69)
- ਪੰਜਾਬੀ ਵਿਚ ਖੋਜ ਦਾ ਮਹੱਤਵ, ਹੋਰਨਾਂ ਨਾਲੋਂ, ਅੱਜ ਦੇ ਦਿਨ ਕੁਝ ਵਧੇਰੇ ਹੈ। (ਪੰਨਾ 69)
- ਆਪਣੇ ਬੀਤੇ ਦਿਨਾਂ ਬਾਰੇ ਇਨਾਂ ਹੀ ਪੱਖਾਂ ਦੀ ਪੂਰੀ-ਪੂਰੀ ਜਾਣਕਾਰੀ ਸਦਾ ਭਵਿੱਖ ਦੀ ਨੀਂਹ ਤੇ ਵਰਤਮਾਨ ਦਾ ਨੁਮਣਾ ਹੋਇਆ ਕਰਦੀ ਹੈ। (ਪੰਨਾ 69)

ਉਪਰੋਕਤ ਚਰਚਾ ਸਪੱਸ਼ਟ ਕਰਦੀ ਹੈ ਕਿ ਖੋਜ ਅਤੇ ਖੋਜੀ ਬਾਰੇ ਵੀ ਡਾ. ਦੇਵਿੰਦਰ ਸਿੰਘ ਨੇ ਬੜੀ ਭਾਵਪੂਰਤ ਸਿੱਧਾਂਤਕ ਵਿਚਾਰ ਚਰਚਾ ਕੀਤੀ ਹੈ। ਇਹ 'ਖੋਜ ਅਤੇ 'ਖੋਜੀ' ਬਾਰੇ ਸਾਡੀ ਸਿੱਧਾਂਤਕ ਸੂਝ ਨੂੰ ਤਾਂ ਨਿਖਾਰਦੀ ਹੈ ਪਰ ਕਿਸੇ ਖੋਜਾਰਥੀ ਦੀ ਵਿਹਾਰਕ ਪੱਧਰ 'ਤੇ ਕੋਈ ਮਦਦ ਨਹੀਂ ਕਰਦੀ।

ਅੱਗੇ ਜਾ ਕੇ ਫਿਰ ਲੇਖਕ ਯੂਨੀਵਰਸਿਟੀਆਂ ਦੀ, ਖੋਜ, ਵਿਦਿਆਰਥੀਆਂ ਅਤੇ ਖੋਜ ਵਿਸ਼ਿਆਂ ਬਾਰੇ ਨੀਤੀਆਂ ਦੀ ਪੜਚੋਲ ਕਰਨ ਲੱਗ ਜਾਂਦਾ ਹੈ ਜੋ ਕਿ ਅੱਜ ਦੇ ਸਮੇਂ ਵਿਚ ਅਣਵਿਹਾਰਕ ਲਗਦੀ ਹੈ।

'ਗ੍ਰੰਥਾਵਲੀ ਦਾ ਸੰਕਲਨ' ਦੇ ਸਿਰਲੇਖ ਅਧੀਨ ਲੇਖਕ ਖੋਜ-ਪ੍ਰਬੰਧ ਦੀ ਸਹਾਇਕ ਪੁਸਤਕ ਸੂਚੀ ਬਣਾਉਣ ਬਾਰੇ ਦੱਸਦਿਆਂ ਕਈ ਵਾਰ ਬੜੀਆਂ ਬਚਕਾਨਾ ਜਾਣਕਾਰੀਆਂ ਦੇਣ ਲੱਗ ਪੈਂਦਾ ਹੈ ਜਿਵੇਂ ਕਿ ਆਪਣੇ ਨੇੜੇ ਦੀਆਂ ਲਾਇਬ੍ਰੇਰੀਆਂ ਦੀ ਸੂਚੀ ਬਣਾਵੋ ਤੇ ਉਨ੍ਹਾਂ ਦੇ ਖੁੱਲਣ ਤੇ ਬੰਦ ਹੋਣ ਦਾ ਸਮਾਂ ਨੋਟ ਕਰੋ ਜਾਂ ਫਿਰ ਲਾਇਬ੍ਰੇਰੀ ਜਾਣ ਸਮੇਂ ਆਪਣੇ ਨਾਲ ਇੱਕ ਮੁਲਾਇਮ, ਸਿੱਕੇ ਵਾਲੀ ਕਾਲੀ ਪੈਂਸਿਲ ਖੜੋ ਆਦਿ। ਫਿਰ ਵੀ ਪੁਸਤਕ ਦਾ ਇਹ ਹਿੱਸਾ ਵਿਹਾਰਕ ਪੱਖੋਂ ਕੰਮ ਆਉਣ ਵਾਲਾ ਹੈ। ਇਸ ਵਿਚ ਖੋਜ-ਪ੍ਰਬੰਧ ਦੀ ਰੂਪ-ਰੇਖਾ ਤਿਆਰ ਕਰਨ ਦੀ ਵਿਧੀ, ਚੈਪਟਰ ਵੰਡ ਦੀ ਵਿਧੀ, ਸਮਗੀ ਤਿਆਰ ਕਰਨ ਦੀ ਵਿਧੀ ਅਤੇ ਸਰੋਤ ਪੁਸਤਕਾਂ (ਹੱਥ-ਲਿਖਤਾਂ) ਵਿੱਚੋਂ ਨੋਟ ਲੈਣ ਦੀ ਵਿਧੀ ਬਾਰੇ ਦੱਸਿਆ ਗਿਆ ਹੈ। ਅਜਿਹੀਆਂ ਵਿਹਾਰਕ ਗੱਲਾਂ ਪੜ੍ਹਦਿਆਂ ਮਨ ਖੁਸ਼ ਹੋਣ ਲੱਗਦਾ ਹੈ ਕਿ ਲੇਖਕ ਅਚਾਨਕ ਥੀਸਿਜ ਟਾਈਪਿੰਗ ਦੀਆਂ ਗੱਲਾਂ ਕਰਨ ਲੱਗਦਾ ਹੈ ਜੋ ਕਿ ਇਸ ਸਮੇਂ ਬਿਲਕੁਲ ਅਣਵਿਹਾਰਕ ਹੋ ਗਈਆਂ ਹਨ ਕਿਉਂਕਿ ਉਹ ਟਾਈਪਿੰਗ ਮਸ਼ੀਨ ਨੂੰ ਮੁੱਖ ਰੱਖ ਕੇ ਲਿਖਦਾ ਹੈ ਜਦਕਿ ਹੁਣ ਸਾਰਾ ਕੰਮ ਕੰਪਿਊਟਰ 'ਤੇ ਹੁੰਦਾ ਹੈ, ਸੈਟਿੰਗ ਦਾ ਜੋ ਕੰਮ ਕੰਪਿਊਟਰ ਟਾਈਪਿੰਗ ਵਾਲੇ ਕਰਦੇ ਹਨ ਅਤੇ ਜੋ ਉਨ੍ਹਾਂ ਨੂੰ ਤਕਨੀਕੀ ਗਿਆਨ ਹੋਣਾ ਚਾਹੀਦਾ ਹੈ, ਉਹ ਸਾਰਾ ਕੁਝ ਵੀ ਇਸ ਖੋਜ ਪੁਸਤਕ ਵਿਚ ਲਿਖਿਆ ਗਿਆ ਹੈ। ਬੁਰਾ ਤਾਂ ਉਦੋਂ ਲੱਗਦਾ ਹੈ ਜਦੋਂ ਲੇਖਕ ਟਾਈਪਿੰਗ ਵਾਲੇ ਕਾਗਜ਼ਾਂ ਅਤੇ ਕਾਰਬਨ ਪੇਪਰਾਂ ਬਾਰੇ ਵੀ ਹਦਾਇਤਾਂ ਦੇਣ ਲੱਗ ਜਾਂਦਾ ਹੈ।

ਇਸ ਪੁਸਤਕ ਦਾ ਦੂਸਰਾ ਭਾਗ ਹੱਥ-ਲਿਖਤ ਖਰੜਿਆਂ ਦੇ ਅਧਿਐਨ ਬਾਰੇ ਹੈ। ਏਥੇ ਉਹ ਹੱਥ ਲਿਖਤ ਖਰੜਿਆਂ ਦੇ ਅਧਿਐਨ ਦੇ ਵੱਖ-ਵੱਖ ਪਾਸਾਰ ਬੜੀ ਬਾਰੀਕੀ ਨਾਲ ਖੋਲਦਾ ਹੈ। ਪਹਿਲਾਂ ਤਾਂ ਉਹ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਬਾਰੇ ਜਾਣਕਾਰੀ ਦਿੰਦਾ ਹੈ ਫਿਰ ਇਨ੍ਹਾਂ ਦੀ ਵੱਖਰੀ ਭਾਸ਼ਾ, ਵੱਖਰੀ ਲਿਪੀ, ਵੱਖਰੇ ਵਿਸ਼ਿਆਂ ਬਾਰੇ ਵਿਸਥਾਰ ਨਾਲ ਚਰਚਾ ਕਰਦਾ ਹੈ। ਹੱਥ-ਲਿਖਤ ਖਰੜਿਆਂ ਵਿਚ ਉਹ ਹਰ ਕਿਸਮ ਦੀਆਂ ਪੁਰਾਤਨ ਲਿਖਤਾਂ (ਅਣਸਾਹਿਤਕ/ਘਰੇਲੂ/ਵਪਾਰਕ ਲਿਖਤਾਂ) ਦਾ ਜ਼ਿਕਰ ਕਰ ਜਾਂਦਾ ਹੈ। ਇਨ੍ਹਾਂ ਪੁਰਾਤਨ ਹੱਥ-ਲਿਖਤਾਂ ਵਿਚ ਕਿਸ ਕਿਸਮ ਦੀਆਂ ਗਲਤੀਆਂ ਹੋ ਸਕਦੀਆਂ ਹਨ। ਇਹ ਗਲਤੀਆਂ ਸੁਭਾਵਕ ਹੋ ਗਈਆਂ ਹੋਣਗੀਆਂ ਜਾਂ ਜਾਣਬੁੱਝ ਕੇ ਕੀਤੀਆਂ ਹੋਣਗੀਆਂ। ਜਾਣਬੁਝ ਕੇ ਗਲਤੀਆਂ ਕਿਉਂ ਕੀਤੀਆਂ ਹੋ ਸਕਦੀਆਂ ਹਨ। ਪੰਜਾਬੀ ਵਿਚ ਪ੍ਰਚੱਲਤ ਗ਼ਲਤ ਹੱਥ ਲਿਖਤ ਖਰੜਿਆਂ ਦਾ ਜ਼ਿਕਰ ਕਰਦਾ ਹੈ। ਪ੍ਰਸਿੱਧ ਰਚਨਾਵਾਂ ਦੇ ਵਾਰ-ਵਾਰ ਹੁੰਦੇ ਉਤਾਰਿਆਂ ਕਾਰਨ ਹੁੰਦੀਆਂ ਸੁਭਾਵਕ ਗਲਤੀਆਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਤੋਂ ਸੁਚੇਤ ਕਰਦਾ ਹੈ। ਜਦੋਂ ਕਿਸੇ ਖੋਜਾਰਥੀ ਨੂੰ ਕੋਈ ਪੁਰਾਤਨ ਹੱਥ-ਲਿਖਤ ਖਰੜਾ ਮਿਲੇ ਤਾਂ ਇਸ ਨੂੰ ਕਿਵੇਂ ਤੇ ਕਿਨ੍ਹਾਂ ਪੱਖਾਂ ਤੋਂ

ਵਾਚਣਾ ਹੈ, ਕਿਸੇ ਖਰੜੇ ਦੇ ਕਿਹੜੇ ਜ਼ਰੂਰੀ ਅੰਗ ਵੇਖਣੇ ਹਨ, ਉਸਦਾ ਰਚਨਾਕਾਰ ਤੇ ਰਚਨਾਕਾਲ ਕਿਵੇਂ ਨਿਰਧਾਰਿਤ ਕਰਨਾ ਹੈ। ਅਜਿਹੀਆਂ ਨਸੀਹਤਾਂ ਦਿੰਦਿਆਂ ਇਹ ਦੂਜਾ ਪੱਖ ਪੂਰਾ ਹੁੰਦਾ ਹੈ।

ਵੱਖ-ਵੱਖ ਯੂਨੀਵਰਸਿਟੀਆਂ ਦੇ ਪੀਐੱਚ.ਡੀ. ਦੇ ਕੋਰਸ ਵਰਕ ਅਤੇ ਐਮ.ਫਿਲ. ਦੇ ਸਿਲੇਬਸਾਂ ਨੂੰ ਸਾਹਮਣੇ ਰੱਖ ਕੇ ਜਦੋਂ ਅਸੀਂ ਇਸ ਪੁਸਤਕ ਦਾ ਸੁਚੇਤ ਪਾਠ ਕਰਦੇ ਹਾਂ ਤਾਂ ਇਹ ਪੁਸਤਕ ਸਾਨੂੰ ਪੂਰੀ ਤਰ੍ਹਾਂ ਸਮਾਂ ਵਿਹਾ ਚੁੱਕੀ ਨਜ਼ਰ ਆਉਂਦੀ ਹੈ। ਜਿਵੇਂ ਕਿ ਅਸਾਂ ਆਪਣੇ ਖੋਜ-ਪੱਤਰ ਦੇ ਸ਼ੁਰੂ ਵਿਚ ਹੀ ਕਿਹਾ ਸੀ ਕਿ ਅਜੋਕਾ ਸਮਾਂ ਵੱਡੀਆਂ ਅਤੇ ਤੇਜ ਤਬਦੀਲੀਆਂ ਦਾ ਸਮਾਂ ਹੈ। ਸਾਡੀ ਮੁਢਲੀ ਖੋਜ ਆਪਣੇ ਸਾਹਿਤਕ ਵਿਰਸੇ ਦੇ ਇਕੱਤ੍ਰੀਕਰਣ ਅਤੇ ਇਸ ਨੂੰ ਸੰਭਾਲਣ ਦੇ ਆਦਰਸ਼ ਨੂੰ ਪ੍ਰਣਾਈ ਹੋਈ ਸੀ ਇਹ ਪੁਸਤਕ ਵੀ ਉਸ ਆਦਰਸ਼ ਨੂੰ ਸਾਹਮਣੇ ਰੱਖ ਕੇ ਹੀ ਲਿਖੀ ਗਈ ਲਗਦੀ ਹੈ। ਛੇਤੀ ਹੀ ਸਾਡੇ ਆਦਰਸ਼ ਬਦਲ ਗਏ ਸਨ। ਅੱਜ ਸਾਡੀ ਪ੍ਰਮੁੱਖਤਾ ਸੰਸਾਰ ਪੱਧਰ 'ਤੇ ਤੇਜੀ ਨਾਲ ਬਦਲ ਰਹੇ ਵਰਤਾਰਿਆਂ ਨੂੰ ਸਮਝਣ ਅਤੇ ਉਨ੍ਹਾਂ ਦੇ ਸੰਦਰਭ ਵਿਚ ਆਪਣੀ ਵਿਆਖਿਆ ਕਰਨ ਦੀ ਹੈ। ਪੂੰਜੀਵਾਦ ਦੇ ਹੜ੍ਹ ਵਿਚ ਪੰਜਾਬੀ ਮਨੁੱਖ ਆਪਣੀ ਪਛਾਣ, ਆਪਣਾ ਅਸਤਿੱਤਵ ਕਿਵੇਂ ਕਾਇਮ ਰੱਖਦਾ ਹੈ, ਇਹ ਵੱਡੇ ਪ੍ਰਸ਼ਨ ਹਨ ਜਿਨ੍ਹਾਂ ਦੇ ਸਨਮੁੱਖ ਪੰਜਾਬੀ ਮਨੁੱਖ ਹੈ। ਜੇਕਰ ਇਸ ਪੁਸਤਕ ਦੇ ਸਮੁੱਚੇ ਗਿਆਨ ਨੂੰ ਸੂਤਰਿਕ ਰੂਪ ਵਿਚ ਪੇਸ਼ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ:-

1. ਇਹ ਪੁਸਤਕ ਪੰਜਾਬੀ ਭਾਸ਼ਾ ਵਿਚ ਆਪਣੇ ਵਿਸ਼ੇ ਦੀ ਪਹਿਲੀ ਪੁਸਤਕ ਹੈ ਜੋ ਲੇਖਕ ਵੱਲੋਂ ਵੱਖ-ਵੱਖ ਸਮੇਂ ਪੜ੍ਹੇ/ਲਿਖੇ ਪੱਤਰਾਂ/ਲੇਖਾਂ/ਭਾਸ਼ਣਾਂ ਦਾ ਸੰਗ੍ਰਹਿ ਹੈ। ਇਸ ਦਾ ਉਦੇਸ਼ ਨਵੇਂ ਖੋਜਾਰਥੀਆਂ ਨੂੰ ਉਨ੍ਹਾਂ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਬਾਰੇ ਬੁਨਿਆਦੀ ਜਾਣਕਾਰੀ ਦੇ ਕੇ ਖਬਰਦਾਰ ਕਰਨਾ ਹੈ।
2. 'ਖੋਜ' ਸ਼ਬਦ ਦਾ ਸੰਕਲਪ 'ਖੋਜੀ' ਸ਼ਬਦ ਦੇ ਪਿਛੋਕੜ ਨਾਲ ਮਿਲਦਾ ਹੈ।
3. ਖੋਜੀ ਵੀ ਕਲਾਕਾਰ ਤੇ ਆਲੋਚਕ ਵਾਂਗ ਇੱਕ ਕਲਾਕਾਰ ਹੁੰਦਾ ਹੈ ਜੋ ਇਤਿਹਾਸਕ ਪਿਛੋਕੜ ਵਿਚੋਂ ਆਪਣਾ ਮਸਾਲਾ ਲੈ ਕੇ ਆਪਣੇ ਸਮਾਜ ਦਾ ਭਵਿੱਖ ਸੁਧਾਰਨ ਲਈ ਮਿਹਨਤ ਕਰਦਾ ਹੈ।
4. ਐਮ.ਏ. ਵਿਚ ਸੈਮੀਨਾਰਾਂ ਲਈ ਖੋਜ-ਪੱਤਰ ਲਿਖਣ ਤੋਂ ਲੈ ਕੇ ਪ੍ਰੀਖਿਅਕ ਅਤੇ ਸੰਪੂਰਨ ਖੋਜੀ ਬਣਨ ਤੱਕ ਖੋਜ ਦੇ ਵੱਖ-ਵੱਖ ਸੱਤ ਪੱਧਰ ਹਨ।
5. ਚੰਗੀ ਖੋਜ ਕਰਵਾਉਣ ਲਈ ਖ਼ਰਚ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਚੰਗੀ ਖੋਜ ਡੂੰਘੀ ਤੇ ਲੰਮੇ ਸਮੇਂ ਦੀ ਕਿਰਿਆ ਹੁੰਦੀ ਹੈ ਜੋ ਵਿਅਕਤੀਗਤ ਜੀਵਨ ਲਈ ਗੈਰ-ਉਪਜਾਓ ਜਾਂ ਮਾਇਕ ਲਾਭ ਰਹਿਤ ਹੁੰਦੀ ਹੈ। ਏਸੇ ਲਈ ਡਿਗਰੀਆਂ ਵਾਸਤੇ ਨਿਸ਼ਚਿਤ ਸਮੇਂ ਵਿਚ ਹੁੰਦੀ ਖੋਜ ਮਜਬੂਰੀ ਵਿਚ ਹੁੰਦੀ ਹੈ ਜੋ ਤਸੱਲੀ ਬਖ਼ਸ਼ ਨਹੀਂ ਹੁੰਦੀ।
6. ਖੋਜ ਦਾ ਕੋਈ ਸਰਵਪ੍ਰਵਾਨਤ ਸਿੱਧਾਂਤ ਨਹੀਂ ਹੈ। ਵੱਡੇ ਖੋਜੀ ਆਪਣੇ ਸਿੱਧਾਂਤ ਆਪ ਬਣਾਉਂਦੇ ਰਹਿੰਦੇ ਹਨ।
7. ਖੋਜ ਦਾ ਖੇਤਰ (ਪੰਜਾਬੀ ਵਿਚ ਵੀ) ਅਨੰਤ ਹੈ ਅਤੇ ਇਸ ਦੇ ਵਿਸ਼ੇ ਅਣਗਿਣਤ ਹਨ।
8. ਖੋਜੀ ਬਣਨ ਲਈ ਪਹਿਲਾਂ ਸਹੀ ਸਮੱਸਿਆ ਦੀ ਚੋਣ ਕਰੇ, ਫਿਰ ਯੂਨੀਵਰਸਿਟੀਆਂ ਦੀਆਂ ਖੋਜ ਨੀਤੀਆਂ, ਮਾਧਿਅਮ ਨੀਤੀਆਂ ਨੂੰ ਜਾਣੇ, ਆਪਣੇ ਲਈ ਸਹੀ ਯੂਨੀਵਰਸਿਟੀ ਦੀ ਚੋਣ ਕਰੇ। ਕਾਪੀ ਰਾਈਟ ਐਕਟ ਬਾਰੇ ਜਾਣੇ, ਆਪਣੀ ਸਮੱਸਿਆ ਤੇ ਧਿਆਨ ਕੇਂਦਰਿਤ ਰੱਖੇ ਅਤੇ ਆਪਣੇ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਪੜ੍ਹੇ ਤਾਂ ਉਸ ਦੀ ਖੋਜ-ਸੂਝ ਨਿਖਰੇਗੀ।
9. ਹੱਥ-ਲਿਖਤਾਂ ਮਹੱਤਵਪੂਰਨ ਖੋਜ ਸਾਮਗ੍ਰੀ ਹੈ, ਇਸ ਜ਼ਖੀਰੇ ਨੂੰ ਸਾਹਮਣੇ ਲਿਆਉਣਾ ਹੀ ਮੁੱਖ ਖੋਜ ਹੈ।
10. ਲੇਖਕ ਬਹੁਤ ਸਾਰੀਆਂ ਗੈਰ ਸਾਹਿਤਕ ਘਰੇਲੂ ਅਤੇ ਵਪਾਰਕ ਕਿਸਮ ਦੀਆਂ ਹੱਥ-ਲਿਖਤਾਂ ਨੂੰ ਵੀ ਮਹੱਤਵਪੂਰਨ ਦੱਸ ਜਾਂਦਾ ਹੈ।

11. ਖੋਜ ਲਈ ਮਾਧਿਅਮ ਮਹੱਤਵਪੂਰਨ ਵਿਸ਼ਾ ਹੈ, ਪੰਜਾਬੀ ਭਾਸ਼ਾ ਨੂੰ ਪੰਜਾਬੀ ਸਾਹਿਤ ਤੋਂ ਇਲਾਵਾ ਹਰ ਵਿਸ਼ੇ ਦੀ ਖੋਜ ਦਾ ਮਾਧਿਅਮ ਬਣਾਉਣਾ ਚਾਹੀਦਾ ਹੈ।
12. ਵਿਦੇਸ਼ੀ ਕਲਾ ਪੈਮਾਨੇ ਸਾਡੀ ਕਲਾ ਲਈ ਜ਼ਰੂਰੀ ਨਹੀਂ ਸਹੀ ਹੋਣ।
13. ਖੋਜ ਦੌਰਾਨ ਨੈਤਿਕਤਾ ਦਾ ਪੱਲਾ ਨਾ ਛੱਡੋ। ਆਪਸੀ ਭਾਈਚਾਰਕ ਸਾਂਝ ਲਈ ਖ਼ਤਰਨਾਕ ਸਾਬਤ ਹੋਣ ਵਾਲੇ ਵਿਸ਼ਿਆਂ ਤੇ ਖੋਜ ਨਾ ਕਰੋ। ਖੋਜ ਸ਼ੰਕੇ ਦੂਰ ਕਰਨ ਲਈ ਹੁੰਦੀ ਹੈ ਨਾ ਕਿ ਸ਼ੰਕੇ ਉਪਜਾਉਣ ਲਈ।
14. ਪੁਰਾਤਨ ਹੱਥ ਲਿਖਤਾਂ ਦਾ ਖੇਤਰ ਅਨੰਤ ਹੈ। ਇਹ ਕਈ ਭਾਸ਼ਾਵਾਂ, ਕਈ ਲਿਪੀਆਂ ਤੇ ਕਈ ਵਰਗਾਂ ਵਿਚ ਲਿਖੀਆਂ ਹੋਈਆਂ ਹਨ। ਇਨ੍ਹਾਂ ਦੇ ਰਚਨਾਕਾਰ ਅਤੇ ਰਚਨਾਕਾਲ ਸਪੱਸ਼ਟ ਕਰਨ ਤੋਂ ਇਲਾਵਾ ਸ਼ਾਬਦਿਕ ਪੱਧਰ ਦੀਆਂ ਕਈ ਗਲਤੀਆਂ ਨੂੰ ਠੀਕ ਕਰਨ ਦੀ ਜ਼ਰੂਰਤ ਹੈ। ਲੇਖਕ ਨੇ ਬੜੀ ਬਾਰੀਕੀ ਨਾਲ ਦੱਸਿਆ ਹੈ ਕਿ ਹੱਥ ਲਿਖਤਾਂ ਕਿਥੋਂ ਕਿਵੇਂ ਪ੍ਰਾਪਤ ਕਰਨੀਆਂ ਹਨ ਤੇ ਇਨ੍ਹਾਂ ਨੂੰ ਕਿਸ ਕਿਸ ਨੁਕਤੇ ਤੋਂ ਪਰਖਣਾ ਹੈ ਅਤੇ ਇਸ ਪਰਖ ਸਮੇਂ ਕਿਹੜੀਆਂ ਮੁਸ਼ਕਲਾਂ ਆਉਂਦੀਆਂ ਹਨ।

ਇਨ੍ਹਾਂ ਨੁਕਤਿਆਂ ਨੂੰ ਸਮਝਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਅਜੋਕੇ ਵਿਸ਼ੇਸ਼ਗਤਾ ਦੇ ਯੁੱਗ ਵਿਚ ਇਹ ਪੁਸਤਕ ਕੋਈ ਸਾਰਥਕ ਭੂਮਿਕਾ ਨਹੀਂ ਨਿਭਾ ਸਕਦੀ। ਹਾਂ! ਜਦੋਂ ਵੀ ਪੰਜਾਬੀ-ਖੋਜ-ਸਾਹਿਤ ਦੇ ਇਤਿਹਾਸ ਦੀ ਗੱਲ ਕੀਤੀ ਜਾਵੇਗੀ ਤਾਂ ਇਸ ਪੁਸਤਕ ਦਾ ਨਾਮ ਨਿਸ਼ਚੇ ਹੀ ਪੰਜਾਬੀ ਦੀ ਪਹਿਲੀ ਖੋਜ ਪੁਸਤਕ ਵਜੋਂ ਲਿਆ ਜਾਵੇਗਾ। ਇਹ ਪੁਸਤਕ ਲਿਖੀ ਗਈ ਤਾਂ ਹੀ ਅਗਲੀਆਂ ਪੁਸਤਕਾਂ ਇਸ ਤੋਂ ਅੱਗੇ ਤੁਰ ਸਕੀਆਂ। ਲੇਖਕ ਖ਼ੁਦ ਪੰਨਾ 120 ਤੇ ਲਿਖਦਾ ਹੈ ਕਿ, 'ਸਮੱਸਿਆ ਦੀ ਕੋਈ ਕੰਨੀ ਸਿਰੇ ਤੋਂ ਜਾਂ ਵਿਚਕਾਰੋਂ, ਜਿਥੋਂ ਕਿਧਰੋਂ ਵੀ ਹੱਥ ਆ ਜਾਵੇ, ਆਪਣੀ ਸਮਰੱਥਾ ਅਨੁਸਾਰ ਪਛਾਣ ਕੇ, ਵਿਦਵਾਨ ਮੰਡਲੀ ਵਿਚ ਵਿਚਾਰਨ ਹਿੱਤ ਗੱਲ ਆਰੰਭ ਲਈ ਜਾਵੇ। ਸੂਝਵਾਨ ਦੇ ਸੰਗਤ-ਅਸੰਗਤ ਸੁਝਾਵਾਂ, ਨਿਰਖਾਂ, ਪਰਖਾਂ, ਘੁੰਦਕਾ ਤੇ ਘੋਖਣੀਆਂ ਦੇ ਸੰਕ੍ਰਾਮਕੀ-ਸ੍ਰੋਤਾਂ ਨੂੰ ਸਮੇਟਦਿਆਂ, ਗੁੰਝਲ ਦੀਆਂ ਪੀਢੀਆਂ ਗੱਠਾਂ ਸਿਰਕਣ ਲੱਗ ਪੈਂਦੀਆਂ ਹਨ, ਅਤੇ ਚਰਚਿਤ ਵਿਸ਼ੇ ਦੇ ਮੁਹਾਂਦਰੇ ਦੀ ਨੁਹਾਰ ਨਿਖਰਣੀ ਆਰੰਭ ਹੋ ਜਾਂਦੀ ਹੈ।' ਸੋ ਜੇ ਅੱਜ ਸਾਡੇ ਕੋਲ ਖੋਜ ਸਾਹਿਤ ਦੇ ਨਾਮ ਤੇ ਕੁਝ ਹੋਰ ਹੈ ਤਾਂ ਉਹ ਇਨ੍ਹਾਂ ਮੁੱਢਲਿਆਂ ਯਤਨਾਂ ਸਦਕਾ ਹੀ ਹੈ।

## 2

ਡਾ. ਕੇਸਰ ਸਿੰਘ ਕੇਸਰ ਪੰਜਾਬੀ ਚਿੰਤਨ-ਜਗਤ ਦਾ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਪੰਜਾਬੀ ਦੇ ਪ੍ਰਮੁੱਖ ਮਾਰਕਸਵਾਦੀ ਚਿੰਤਕਾਂ ਵਿਚ ਉਨ੍ਹਾਂ ਦਾ ਨਾਮ ਸ਼ੁਮਾਰ ਕੀਤਾ ਜਾਂਦਾ ਹੈ। **ਖੋਜ-ਚਿੰਤਨ** ਡਾ. ਕੇਸਰ ਸਿੰਘ ਕੇਸਰ ਦੀ, ਖੋਜ-ਵਿਧੀ ਨਾਲ ਸਬੰਧਤ ਪੁਸਤਕ ਹੈ। ਪੁਸਤਕ ਦੇ ਮੁੱਖਬੰਦ ਨੂੰ ਪੜ੍ਹਿਆਂ ਪਤਾ ਲਗਦਾ ਹੈ ਕਿ ਜਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਫਿਲ (ਪੰਜਾਬੀ) ਦਾ ਕੋਰਸ ਸ਼ੁਰੂ ਹੋਇਆ ਤਾਂ ਲੇਖਕ ਨੂੰ ਇਸ ਕਲਾਸ ਨੂੰ ਖੋਜ-ਵਿਧੀ ਦਾ ਪੇਪਰ ਪੜ੍ਹਾਉਣਾ ਪਿਆ ਤੇ ਖੋਜਾਰਥੀਆਂ ਦਾ ਨਿਗਰਾਨ ਵੀ ਬਣਨਾ ਪਿਆ ਜਿਸ ਦੌਰਾਨ ਲੇਖਕ ਨੂੰ ਅਨੁਭਵ ਹੋਇਆ ਕਿ ਸੰਬੰਧਤ ਕੋਰਸ ਲਈ ਪੰਜਾਬੀ ਵਿਚ ਕੋਈ ਮਟੀਰੀਅਲ ਨਹੀਂ ਹੈ। ਸ਼ੁਰੂ-ਸ਼ੁਰੂ ਵਿਚ ਤਾਂ ਲੇਖਕ ਨੇ ਅੰਗਰੇਜ਼ੀ ਅਤੇ ਹਿੰਦੀ ਦੀਆਂ ਪੁਸਤਕਾਂ ਵਿਚੋਂ ਮਟੀਰੀਅਲ ਲੈ ਕੇ ਵਿਦਿਆਰਥੀਆਂ ਨੂੰ ਪੜ੍ਹਾਇਆ ਅਤੇ ਫਿਰ ਆਤਮ-ਚਿੰਤਨ ਨਾਲ ਇਸ ਕੋਰਸ ਦੀ ਪਾਠ ਪੁਸਤਕ ਵਜੋਂ ਇਸ ਪੁਸਤਕ ਦੀ ਸਿਰਜਣਾ ਕੀਤੀ। ਇੰਜ ਇਹ ਪੁਸਤਕ ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਦੀ ਉਨਤੀ ਲਈ ਇੱਕ ਚਿੰਤਨਸ਼ੀਲ ਵਿਦਵਾਨ ਦੇ ਸੁਹਿਰਦ ਯਤਨਾਂ ਦਾ ਸਿੱਟਾ ਹੈ। ਇਸ ਵਿਸ਼ੇ ਤੇ ਪੰਜਾਬੀ ਦੀ ਇਹ ਦੂਸਰੀ ਪੁਸਤਕ ਹੈ ਜੋ ਵਿਦਿਆਰਥੀਆਂ ਦੀ ਸਹਾਇਤਾ ਲਈ ਪਹਿਲੀ ਵਾਰ 1984 ਵਿਚ ਪ੍ਰਕਾਸ਼ਿਤ ਹੁੰਦੀ ਹੈ ਅਤੇ ਡਾ.

ਕੇਸਰ ਸਿੰਘ ਕੇਸਰ ਦੇ ਮਰਨ ਉਪਰੰਤ ਉਨ੍ਹਾਂ ਦੀ ਪਤਨੀ ਡਾ. ਜਸਬੀਰ ਕੇਸਰ ਦੁਆਰਾ 2013 ਵਿਚ ਇਸ ਪੁਸਤਕ ਨੂੰ ਤੀਸਰੀ ਵਾਰ ਸੰਪਾਦਿਤ ਕਰਕੇ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਹ ਪੁਸਤਕ ਡਾ. ਕੇਸਰ ਸਿੰਘ ਕੇਸਰ ਵਲੋਂ ਵੱਖ-ਵੱਖ ਮੌਕਿਆਂ ਲਈ ਲਿਖੇ/ਪੇਸ਼ ਕੀਤੇ ਪੇਪਰਾਂ ਦਾ ਹੀ ਸੰਗ੍ਰਹਿ ਹੈ।

ਇਸ ਪੁਸਤਕ ਦੇ ਵੀ ਸਿੱਧਾਂਤਕ ਪੱਧਰ ’ਤੇ ਮੁੱਖ ਤੌਰ ਤੇ ਦੋ ਭਾਗ ਹਨ। ਪਹਿਲੇ ਭਾਗ ਨੂੰ ਸਾਹਿਤ-ਖੋਜ ਅਤੇ ਦੂਸਰੇ ਭਾਗ ਨੂੰ ਸਾਹਿਤ-ਆਲੋਚਨਾ ਦਾ ਨਾਮ ਦਿੱਤਾ ਗਿਆ ਹੈ ਜਦਕਿ ਵਿਹਾਰਕ ਪੱਧਰ ’ਤੇ ਦੇਖਿਆਂ ਇਸ ਦੇ ਪਹਿਲੇ ਭਾਗ ਵਿਚ ਖੋਜ-ਪ੍ਰਬੰਧ ਦੀ ਰੂਪ-ਰੇਖਾ 50 ਕੁ ਸਫਿਆਂ ਦਾ ਇੱਕ ਵੱਖਰਾ ਹੀ ਭਾਗ ਹੈ ਅਤੇ ਅਖ਼ੀਰ ਵਿਚ ਅਪੈਂਡਿਕਸ 1,2,3 ਅਧੀਨ ਤਿੰਨ ਆਲੋਚਨਾਤਮਕ ਲੇਖ ਦੇ ਕੇ ਇੱਕ ਵੱਖਰਾ ਭਾਗ ਬਣਾ ਦਿੱਤਾ ਗਿਆ ਹੈ। ਇੰਜ ਵਿਹਾਰਕ ਪੱਧਰ ’ਤੇ ਕੁੱਲ ਚਾਰ ਭਾਗ ਬਣਦੇ ਹਨ। ਇਹ ਪੁਸਤਕ ਆਪਣੇ ਵਿਸ਼ੇ ਦੀ ਪਹਿਲੀ ਪੁਸਤਕ ਨਾਲੋਂ ਕਈ ਗੱਲਾਂ ਤੋਂ ਕੁਝ ਕਦਮ ਅੱਗੇ ਜਾਂਦੀ ਪ੍ਰਤੀਤ ਹੁੰਦੀ ਹੈ।

ਡਾ. ਕੇਸਰ ਸਿੰਘ ਕੇਸਰ ਦੀ ਖ਼ੂਬੀ ਇਹ ਬਣਦੀ ਹੈ ਕਿ ਉਹ ਇੱਕ ਵਿਸ਼ੇਸ਼ ਵਿਸ਼ਵ-ਦ੍ਰਿਸ਼ਟੀਕੋਣ ਨੂੰ ਪ੍ਰਣਾਇਆ ਹੋਇਆ ਵਿਦਵਾਨ ਹੈ ਇਸ ਲਈ ਉਹ ਖੋਜ ਦੇ ਅਰਥਾਂ ਨੂੰ ਮੂਲੋਂ ਸੋਚ ਦੇ ਸਾਗਰ ਵਿਚ ਦਿਸ਼ਾਹੀਣ ਤੈਰਨ ਨਹੀਂ ਦਿੰਦਾ ਸਗੋਂ ਸ਼ੁਰੂ ਵਿਚ ਹੀ ਖੋਜ ਦੇ ਸਿਰ ਤੇ ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ ਬਣਾ ਦਿੰਦਾ ਹੈ। ਇਸ ਪੁਸਤਕ ਦਾ ਪਹਿਲਾ ਅਧਿਆਇ ‘ਸਾਹਿਤ-ਖੋਜ : ਵਿਧੀ-ਵਿਗਿਆਨ’ ਬਹੁਤ ਮਹੱਤਵਪੂਰਨ ਹੈ, ਇਸ ਵਿਚ ਉਹ ਬੜੀ ਮਹੱਤਵਪੂਰਨ ਬਹਿਸ ਸ਼ੁਰੂ ਕਰਦਾ ਹੈ। ਉਸ ਅਨੁਸਾਰ ਖੋਜ ਇੱਕ ਵਿਗਿਆਨਕ ਜਾਂ ਨਿਰੋਲ ਸਿੱਧਾਂਤਕ ਕੰਮ ਨਹੀਂ ਸਗੋਂ ਪੁਰਾਣੇ ਸਮਿਆਂ ਦੇ ਸ਼ਿਕਾਰੀ ਦੇ ਸ਼ਿਕਾਰ ਮਾਰਨ ਵਰਗਾ ਇੱਕ ਰਚਨਾਤਮਕ ਕੰਮ ਹੈ ਜਿਸ ਨਾਲ ਮਨੁੱਖ ਨੂੰ ਮਾਨਸਿਕ ਸੰਤੁਸ਼ਟੀ ਮਿਲਣ ਦੇ ਨਾਲ-ਨਾਲ ਉਸਦਾ ਦਿਮਾਗੀ ਤੇ ਮਾਨਸਿਕ ਵਿਕਾਸ ਵੀ ਹੁੰਦਾ ਹੈ। ਸਾਹਿਤਕ ਖੋਜ ਕਿਸੇ ਵਿਅਕਤੀ ਦੀ ਨਿੱਜੀ ਕਾਰਜਸ਼ੀਲਤਾ ਹੁੰਦੀ ਹੈ, ਇਸ ਦਾ ਕੋਈ ਨਾ ਕੋਈ ਵਿਸ਼ਾ ਤੇ ਵਸਤੂ ਹੁੰਦੀ ਹੈ ਜਿਸ ਨੂੰ ਸਿੱਧ ਕਰਨ ਲਈ ਔਜਾਰਾਂ/ਸਾਧਨਾਂ ਦੀ ਜ਼ਰੂਰਤ ਪੈਂਦੀ ਹੈ। ਖੋਜ ਸਿੱਧ ਹੋਣ ਤੇ ਕੋਈ ਸਮਾਜਕ ਮਨੋਰਥ ਸਿੱਧ ਹੁੰਦਾ ਹੈ। ਸਾਹਿਤਕ ਖੋਜ ਦੇ ਇਹ ਸਮਾਜਕ ਪੱਖ ਖੋਜ-ਵਿਧੀ ਨੂੰ ਵੀ ਨਿਰਧਾਰਿਤ/ਪ੍ਰਭਾਵਿਤ ਕਰਦੇ ਹਨ।

ਮਨੁੱਖ ਇੱਕ ਸਮਾਜਿਕ ਜੀਵ ਹੈ। ਇਸ ਦਾ ਹਰ ਕਰਮ ਸਮਾਜਿਕ ਹੈ। ਪ੍ਰਕਿਰਤਕ ਵਿਗਿਆਨਾਂ ਨੂੰ ਸਿੱਧ ਕਰਨ ਲਈ ਜਿਹੜੀਆਂ ਮੁੱਲ-ਮੁਕਤ ਵਿਧੀਆਂ ਵਰਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਹੂ-ਬਹੂ ਸਮਾਜਿਕ ਵਿਗਿਆਨਾਂ ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਵਿਗਿਆਨ ਅਤੇ ਵਿਗਿਆਨਕ-ਵਿਧੀ ਜ਼ਰੂਰੀ ਹਨ ਪਰ ਕਿਹੜਾ ਵਿਗਿਆਨ ? ਤੇ ਕਿਹੜੀ ਵਿਧੀ ? ਜਦੋਂ ਤਕ ਅਸੀਂ ਇਨ੍ਹਾਂ ਸਵਾਲਾਂ ਨਾਲ ਨਹੀਂ ਨਜਿੱਠਦੇ ਅਤੇ ਵਿਗਿਆਨਕ ਵਿਧੀ ਨਾਲ ਸਮਾਜਕ ਸਾਰਥਕਤਾ ਦੇ ਸਵਾਲ ਨੂੰ ਨਹੀਂ ਜੋੜਦੇ ਉਦੋਂ ਤੱਕ ਵਿਗਿਆਨ ਕੋਲੋਂ ਸਮਾਜਕ ਕਲਿਆਣ ਦੀ ਆਸ ਨਹੀਂ ਰੱਖੀ ਜਾ ਸਕਦੀ। ਵਿਗਿਆਨ ਇੱਕ ਨਿਰਪੱਖ ਵਿਸ਼ਾ ਹੈ ਤੁਸੀਂ ਕਿਸੇ ਕਾਰਜ ਨੂੰ ਕਰਨ ਦੇ ਢੰਗ ਨੂੰ ਸੌ ਪ੍ਰਤੀਸ਼ਤ ਵਿਗਿਆਨਕ ਸਾਬਤ ਕਰਕੇ ਆਪਣੀ ਵਿਸ਼ੇਸ਼ੱਗਤਾ ਤਾਂ ਸਾਬਤ ਕਰ ਲਵੋਂਗੇ ਪਰ ਜੋ ਕੰਮ ਤੁਸਾਂ ਸੰਪੂਰਨ ਕੀਤਾ ਹੈ ਉਸਦੀ ਸਮਾਜਿਕ ਸਾਰਥਕਤਾ ਕੀ ਹੈ, ਉਹ ਸਮਾਜਿਕ ਕਲਿਆਣ ਲਈ ਉਪਯੋਗੀ ਹੈ ਜਾਂ ਨਹੀਂ ਜਦੋਂ ਤੱਕ ਇਹ ਸਪੱਸ਼ਟ ਨਹੀਂ ਹੁੰਦਾ ਉਦੋਂ ਤੱਕ ਵਿਗਿਆਨ ਦੇ ਕਲਿਆਣਕਾਰੀ ਹੋਣ ਤੇ ਸ਼ੱਕ ਰਹੇਗਾ। ਵਿਗਿਆਨ ਨੂੰ ਵਰਤਣ ਵਾਲੀ ਸੋਚ ਹੀ ਇਸਦੇ ਅਰਥ ਨਿਰਧਾਰਿਤ ਕਰਦੀ ਹੈ ਅਤੇ ਇਸ ਸੋਚ ਨੂੰ ਨਿਰਧਾਰਿਤ ਕਰਦੇ ਹਨ ਸ਼੍ਰੇਣੀ-ਹਿੱਤ। ਇੱਕ ਪਾਸੇ ਵਿਗਿਆਨੀ ਦੀ ਸੋਚ ਸਮਝ ਮਹੱਤਵਪੂਰਨ ਹੈ ਅਤੇ ਦੂਸਰੇ ਪਾਸੇ ਉਸਦੀ ਸਮਾਜਿਕ ਹੈਸੀਅਤ ਜਾਂ ਉਸਦੇ ਸ਼੍ਰੇਣੀ-ਹਿੱਤ। ਖੋਜ ਅਕਸਰ ਵੱਖ-ਵੱਖ ਸੰਸਥਾਵਾਂ ਦੁਆਰਾ ਕਰਵਾਈ ਜਾਂਦੀ ਹੈ ਅਤੇ ਸੰਸਥਾਵਾਂ ਨੂੰ ਫੰਡ ਸਰਕਾਰ ਦੁਆਰਾ ਜਾਂ ਵੱਡੀਆਂ ਵਿੱਤੀ-ਸੰਸਥਾਵਾਂ

ਦੁਆਰਾ ਦਿੱਤੇ ਜਾਂਦੇ ਹਨ। ਇਸ ਲਈ ਖੋਜੀ ਇਨ੍ਹਾਂ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਹੀ ਖੋਜ ਕਰਦੇ ਹਨ। ਇਹ ਵਿੱਤੀ ਸੰਸਥਾਵਾਂ ਖੋਜ ਵਿਸ਼ੇ ਦੇ ਨਾਲ-ਨਾਲ ਖੋਜ-ਵਿਧੀਆਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਖੋਜ-ਵਿਧੀ ਅਤੇ ਵਿਗਿਆਨ ਬਾਰੇ ਡਾ. ਕੇਸਰ ਸਿੰਘ ਕੇਸਰ ਲਿਖਦੇ ਹਨ ਕਿ:

1. ਜੇ ਖੋਜੀ ਨੂੰ ਆਪਣੀ ਖੋਜ ਦੇ ਸਮਾਜਿਕ ਪਰਿਪੇਖ ਤੇ ਮਾਨਵੀ ਸਾਰਥਕਤਾ ਦਾ ਗਿਆਨ ਨਹੀਂ ਤਾਂ ਕਿਸੇ ਮਿਕਾਨਕੀ ਵਿਧੀ ਵਿਚ ਪਰਿਪੱਕਤਾ ਹਾਸਲ ਕਰ ਲੈਣ ਪਿਛੋਂ ਵੀ ਉਸ ਦੀ ਖੋਜ ਵਿਅਰਥ ਜਾਂ ਵਿਨਾਸ਼ਕਾਰੀ ਹੋਵੇਗੀ।
2. ਖੋਜ ਦੀ ਵਿਧੀ ਦੇ ਵਿਗਿਆਨਕ ਹੋਣ ਦਾ ਅਰਥ ਇਹ ਵੀ ਹੈ ਕਿ ਇਸ ਨੂੰ ਕਿਸੇ ਦੀ ਮਰਜ਼ੀ ਨਿਰਧਾਰਤ ਨਹੀਂ ਕਰਦੀ, ਸਗੋਂ ਜਿਸ ਮਜ਼ਮੂਨ ਵਿਚ ਖੋਜ ਕੀਤੀ ਜਾ ਰਹੀ ਹੈ ਉਸ ਦੀ ਸਮਾਜਕ-ਸੰਸਕ੍ਰਿਤਕ ਸਥਿਤੀ ਤੇ ਖੋਜ ਲਈ ਪ੍ਰਾਪਤ ਵਸਤੂ ਤੇ ਵਿਸ਼ੇ ਦੀ ਪ੍ਰਕਿਰਤੀ ਨਿਰਧਾਰਤ ਕਰਦੀ ਹੈ।
3. ਵੀਹਵੀਂ ਸਦੀ ਦੇ ਮਹਾਨ ਵਿਗਿਆਨੀ, ਆਈਨਸਟਾਈਨ ਦਾ ਵਿਚਾਰ ਹੈ ਕਿ ਇਹ ਸਾਡੇ ਹੀ ਯੁੱਗ ਦੀ ਖੂਬੀ ਹੈ ਕਿ ਸਾਧਨ (ਵਿਧੀ) ਦੀ ਪਰਿਪੱਕਤਾ ’ਤੇ ਜ਼ੋਰ ਵੱਧ ਰਿਹਾ ਹੈ, ਉਦੇਸ਼ ਦੀ ਸਪੱਸ਼ਟਤਾ ’ਤੇ ਨਹੀਂ।
4. ਅੱਜ ਦੀ ਖੋਜ ਨੂੰ ‘ਮਰਜ਼ੀ’ ਨਹੀਂ ‘ਮੁਦਰਾ’ ਕੰਟਰੋਲ ਕਰਦੀ ਹੈ।

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਡਾ. ਕੇਸਰ ਸਿੰਘ ਕੇਸਰ ਸਾਹਿਤ ਅਧਿਐਨ ਅਤੇ ਖੋਜ-ਵਿਧੀ ਨੂੰ ਸਮਾਜਿਕ ਰਾਜਨੀਤਕ ਪਿੱਠਭੂਮੀ ਵਿਚੋਂ ਵੇਖਦਾ ਹੈ। ਉਸ ਅਨੁਸਾਰ, ‘ਅੱਜ ਦੇ ਯੁੱਗ ਵਿਚ ਦਵੰਦਾਤਮਕ ਇਤਿਹਾਸਕ ਭੌਤਿਕਵਾਦ (ਮਾਰਕਸਵਾਦ) ਹੀ ਇੱਕ ਅਜਿਹਾ ਦਰਸ਼ਨ ਜਾਂ ਜੀਵਨ-ਦਰਸ਼ਨ ਹੈ ਜੋ ਹਰ ਖੇਤਰ ਦੀਆਂ ਵਿਸ਼ੇਸ਼ ਖੋਜ-ਵਿਧੀਆਂ ਨੂੰ ਇੱਕ ਸਰਬ-ਸਾਂਝਾ ਸਿੱਧਾਂਤਕ ਆਧਾਰ ਤੇ ਦਵੰਦਾਤਮਕ ਚਿੰਤਨ ਵਿਗਿਆਨ (Dialectical Logic) ਪ੍ਰਦਾਨ ਕਰ ਸਕਦਾ ਹੈ।’

ਵਿਗਿਆਨਕ ਵਿਧੀ ਦੇ ਇਸ ਦੌਰ ਵਿਚ ਹੀ ਉਹ ਪਰੰਪਰਾਗਤ ਰੂੜੀਗਤ ਤਰਕ ਪੱਧਤੀ ਨੂੰ ‘ਮੂਲੋਂ ਹੀ ਤਿਲਾਂਜਲੀ’ ਦੇਣ ਦੇ ਹੱਕ ਵਿਚ ਨਹੀਂ ਹੈ। ਉਸ ਅਨੁਸਾਰ ਪੁਰਾਣੇ ਸਮੇਂ ਪਰਖ ਦੀ ਥਾਂ ਵਿਸ਼ਵਾਸ ਰਾਹੀਂ ਸੱਚ ਦੀ ਭਾਲ ਕੀਤੀ ਜਾਂਦੀ ਸੀ। ਅੱਜ ਵਿਗਿਆਨਕ ਵਿਧੀਆਂ ਸਹਾਇਕ ਹਨ। ਅੱਜ ਵੀ ਕਈ ਲੋਕ ਵਿਸ਼ਵਾਸ ਦੇ ਸਹਾਰੇ ਸੱਚ ਤੱਕ ਪਹੁੰਚਦੇ ਹਨ ਪਰ ਵਿਗਿਆਨ ਨੇ ਅਜਿਹੀਆਂ ਵਿਧੀਆਂ ਈਜਾਦ ਕੀਤੀਆਂ ਹਨ ਜਿਨ੍ਹਾਂ ਨੂੰ ਇਕੋ ਜਿਹੇ ਹਲਾਤਾਂ ਵਿਚ ਵਾਰ-ਵਾਰ ਵਰਤਣ ਤੇ ਇਕੋ ਜਿਹੇ ਨਤੀਜੇ ਪ੍ਰਾਪਤ ਹੁੰਦੇ ਹਨ। ਪ੍ਰਤਿਭਾਸ਼ਾਲੀ ਲੋਕ ਪ੍ਰਚੱਲਤ ਵਿਧੀਆਂ ਤੋਂ ਬਾਹਰ ਜਾ ਕੇ ਵੀ ਖੋਜ ਕਰਦੇ ਹਨ ਪਰ ਸਾਧਾਰਨ ਖੋਜੀਆਂ ਲਈ ਪ੍ਰਚੱਲਤ ਵਿਧੀਆਂ ਨੂੰ ਮੰਨਣਾ ਜ਼ਰੂਰੀ ਹੈ, ਇਹ ਵਿਧੀਆਂ ਉਨ੍ਹਾਂ ਲਈ ਸਹਾਇਕ ਬਣਦੀਆਂ ਹਨ। ਲੇਖਕ ਕਿਸੇ ਵੀ ਵਿਧੀ ਨੂੰ ਅੰਸ਼ਿਕ ਰੂਪ ਵਿਚ ਸਮਝਣ ਤੇ ਵਰਤਣ ਦਾ ਵਿਰੋਧ ਕਰਦਾ ਹੈ ਕਿਉਂਕਿ ਇਸ ਨਾਲ ਸੰਤੁਲਤ ਨਤੀਜੇ ਨਹੀਂ ਮਿਲ ਸਕਦੇ। ਲੇਖਕ ਦਵੰਦਵਾਦੀ ਪਦਾਰਥਵਾਦੀ ਸੋਚ ਅਨੁਸਾਰ ਦੱਸਦਾ ਹੈ ਕਿ ਵਿਗਿਆਨਕ-ਖੋਜ ਅਤੇ ਖੋਜ-ਵਿਧੀਆਂ ਜਿਥੇ ਇੱਕ ਪਾਸੇ ਵਿਅਕਤੀਗਤ ਪ੍ਰਤਿਭਾ ਕਾਰਨ ਵਿਕਾਸ ਕਰਦੀਆਂ ਉਥੇ ਸਮਾਜ ਵਿਸ਼ੇਸ਼ ਦੀ ਵਿਕਾਸ ਹਾਲਤ ਵੀ ਜ਼ਿੰਮੇਵਾਰ ਹੁੰਦੀ ਹੈ। ਜਦੋਂ ਫਿਲਾਸਫੀ ਇਹ ਮੰਨਦੀ ਸੀ ਕਿ ਮਨੁੱਖ, ਸਰੀਰ ਤੇ ਆਤਮਾ ਦੋ ਚੀਜ਼ਾਂ ਦੇ ਮੇਲ ਤੋਂ ਬਣਿਆ ਹੋਇਆ ਹੈ, ਉਦੋਂ ਹਰ ਖੋਜ ਦਵੰਦ ਨੂੰ ਲੱਭਦੀ ਸੀ ਫਿਰ ਜਦੋਂ ਫਿਲਾਸਫੀ ਇਕਵਾਦੀ ਹੋ ਗਈ ਹੈ ਤਾਂ ਹਰ ਖੋਜ ਏਕਤਾ ਦੀ ਭਾਲ ਕਰਨ ਲੱਗੀ। ਇੰਝ ਲੇਖਕ ਸਮਾਜਕ-ਖੋਜ ਨੂੰ ਨੈਤਿਕਤਾ ਨਾਲ ਜੋੜਦਾ ਹੈ ਅਤੇ ਉਸ ਅਨੁਸਾਰ ਸਾਹਿਤਕ-ਖੋਜ, ਵਿਗਿਆਨਕ-ਖੋਜ ਦੀਆਂ ਵਿਧੀਆਂ ਨੂੰ ਵਰਤਦੀ ਹੈ ਅਤੇ ਆਪਣੇ ਕਾਰਜ ਦੌਰਾਨ ਸਾਹਿਤਕ ਖੋਜੀ ਸੁਹਜਵਾਦੀ ਵਿਗਿਆਨ ਦਾ ਵੀ ਖਿਆਲ ਰੱਖਦਾ ਹੈ ਜਿਸ ਕਾਰਨ ਸਾਹਿਤਕ-ਖੋਜ ਦੀ ਭਾਸ਼ਾ ਭਾਵਨਾਵਾਂ ਤੋਂ ਪੂਰਨ ਤੌਰ ’ਤੇ ਰਹਿਤ ਨਹੀਂ ਹੋ ਸਕਦੀ ਪਰ ਅਤਿਭਾਵੁਕਤਾ ਤੋਂ ਮੁਕਤ ਹੁੰਦੀ ਹੈ।

ਖੋਜ ਵਿਸ਼ਿਆਂ ਦੇ ਸੰਦਰਭ ਵਿਚ ਲੇਖਕ ਦੱਸਦਾ ਹੈ ਕਿ ਸਾਹਿਤ ਦੇ ਖੇਤਰ ਵਿਚ ਵੀ ਖੋਜ ਦੇ ਅਨੇਕ ਵਿਸ਼ੇ ਹਨ ਹਰ ਵਿਸ਼ੇਸ਼ ਖੇਤਰ ਵਿਚ ਵਿਸ਼ੇਸ਼ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਾਹਿਤਕ-ਖੋਜ ਅਤੇ ਖੋਜ-ਵਿਧੀਆਂ ਦੀ ਆਪਣੀ ਵਿਸ਼ੇਸ਼ਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇਕਰ ਇਹ ਪ੍ਰਕਿਰਤੀ ਵਿਗਿਆਨਾਂ, ਸਮਾਜਿਕ (ਆਰਥਿਕ, ਮਨੋਵਿਗਿਆਨਕ, ਦਰਸ਼ਨ ਸ਼ਾਸਤਰ ਅਤੇ ਚਿਨ੍ਹ) ਵਿਗਿਆਨ ਦੀ ਵਸਤੂ ਨੂੰ ਆਪਣੇ ਅਨੁਸਾਰ ਢਾਲ ਕੇ ਵਰਤੇ ਜਿਵੇਂ ਕਦੇ ਅਰਸਤੂ ਨੇ ਚਿਕਿਤਸਾ ਵਿਗਿਆਨ ਦੇ ਸੰਕਲਪ 'ਕਥਾਰਸਿਜ' ਨੂੰ ਸਾਹਿਤ ਵਿਚ ਵਰਤਿਆ ਸੀ।

'ਖੋਜ ਦੀ ਪਰਿਭਾਸ਼ਾ ਤੇ ਪ੍ਰਕਿਰਿਆ' ਸਿਰਲੇਖ ਵਾਲੇ ਦੂਸਰੇ ਅਧਿਆਇ ਵਿਚ ਲੇਖਕ ਨੇ ਖੋਜ ਨੂੰ ਪਰਿਭਾਸ਼ਤ ਕਰਨ ਦੇ ਨਾਲ-ਨਾਲ ਖੋਜ ਦੇ ਮਹੱਤਵ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ ਕੀਤੀ ਹੈ। ਉਸ ਅਨੁਸਾਰ ਮਨੁੱਖ ਆਪਣੀਆਂ ਮਾਨਸਿਕ ਲੋੜਾਂ ਕਰਕੇ ਹੀ ਪਸ਼ੂਆਂ ਪੰਛੀਆਂ ਤੋਂ ਵੱਖਰਾ ਅਤੇ ਵਿਕਸਿਤ ਹੈ। ਉਸ ਅਨੁਸਾਰ ਪੰਜਾਬੀ ਦਾ 'ਖੋਜ' ਸ਼ਬਦ ਮੂਲ ਰੂਪ ਵਿਚ ਮਨੁੱਖਾਂ ਜਾਂ ਡੰਗਰਾਂ ਦੀ ਪੈੜ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਪੰਨਾ 9 ਤੇ ਲੇਖਕ ਲਿਖਦਾ ਹੈ ਕਿ, "ਪੱਕਾ ਖੋਜੀ ਉਸ ਨੂੰ ਸਮਝਿਆ ਜਾਂਦਾ ਹੈ ਜੋ ਸੋਚ-ਵਿਚਾਰ ਕੇ ਪੈੜ ਫੜੇ, ਉਸ ਖਾਸ ਪੈੜ ਨੂੰ ਬਾਕੀ ਪੈੜਾਂ ਨਾਲੋਂ ਨਿਖੇੜ ਸਕਦਾ ਹੋਵੇ, ਰੁਲੀ ਹੋਈ ਪੈੜ ਨੂੰ ਆਪਣੀ ਸੋਚੀ ਸਮਝੀ ਸੇਧ ਤੇ ਵਿਉਂਤ ਮੁਤਾਬਕ ਮੁੜ ਫੜਨ ਵਿਚ ਸਫਲ ਹੋ ਜਾਵੇ, ਕਈ-ਕਈ ਦਿਨ ਉਸ ਦੇ ਪਿੱਛੇ ਤੁਰੇ ਜਾਣ ਦਾ ਉਸ ਵਿਚ ਸਿਰੜ ਹੋਵੇ ਤੇ ਅੰਤ ਕਿਸੇ ਮੰਨਣਯੋਗ ਨਤੀਜੇ ਤੇ ਅੱਪੜ ਸਕਦਾ ਹੋਵੇ।" ਖੋਜ ਅਤੇ ਖੋਜੀ ਦੀ ਵਿਸ਼ੇਸ਼ਤਾ ਬਾਰੇ ਗੁਰਬਾਣੀ ਵਿਚੋਂ ਹਵਾਲੇ ਲੈ ਕੇ ਖੋਜੀ ਨੂੰ ਜਗਿਆਸੂ ਨਾਲ ਮੇਲ ਦਿੰਦੇ ਹਨ ਅਤੇ ਅੰਤ ਵਿਚ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਪੰਜਾਬੀ ਵਿਚ ਅੱਜਕੱਲ 'ਖੋਜ' ਸ਼ਬਦ ਨੂੰ ਅੰਗਰੇਜ਼ੀ ਦੇ 'ਰੀਸਰਚ' ਸ਼ਬਦ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ। ਏਥੇ ਉਨ੍ਹਾਂ ਨੇ ਖੋਜ ਬਾਰੇ ਹਿੰਦੀ ਦੇ ਪ੍ਰਚੱਲਤ ਸ਼ਬਦਾਂ (ਅਨੁਸੰਧਾਨ ਅਤੇ ਸ਼ੋਧ) ਦੇ ਅਰਥ ਵੀ ਸਪੱਸ਼ਟ ਕੀਤੇ ਹਨ ਤੇ ਦੱਸਿਆ ਹੈ ਕਿ ਸ਼ੋਧ ਸ਼ਬਦ ਦੇ ਅਰਥ ਪੁਰਾਤਨ ਸਾਹਿਤ (ਹੱਥ-ਲਿਖਤਾਂ) ਨੂੰ ਲੱਭਣ ਅਤੇ ਸੋਧ ਕੇ ਸਹੀ ਢੰਗ ਨਾਲ ਪੇਸ਼ ਕਰਨ ਵੱਲ ਜਾਂਦੇ ਹਨ। ਅੰਵੇਸ਼ਣ, ਗਵੇਸ਼ਣ ਅਤੇ ਅਨੁਸ਼ੀਲਨ ਸ਼ਬਦ ਪੰਜਾਬੀ ਵਿਚ ਪ੍ਰਚੱਲਤ ਨਹੀਂ ਹੋ ਸਕੇ। ਲੇਖਕ ਅਨੁਸਾਰ ਪੰਜਾਬੀ ਦਾ ਸ਼ਬਦ 'ਖੋਜ' ਉਪਰੋਕਤ ਸਾਰੇ ਸ਼ਬਦਾਂ ਦੇ ਅਰਥ ਘੇਰਿਆਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਖੋਜ ਅਤੇ ਖੋਜੀ ਦੇ ਸਾਕਾਰਤਮਕ ਪਹਿਲੂ ਦੀ ਮਹੱਤਤਾ ਦੀ ਗੱਲ ਕਰਦਿਆਂ ਲੇਖਕ ਨੇ ਫਿਰ ਗੁਰਬਾਣੀ ਵਿਚੋਂ 'ਖੋਜੀ' ਅਤੇ 'ਬਾਦੀ' ਦੇ ਅਰਥਾਂ ਦਾ ਨਿਖੇੜਾ ਕਰਦਿਆਂ ਦੱਸਿਆ ਹੈ ਕਿ ਆਤਮ ਸਿਰਮੌਰਤਾ ਜਾਂ ਆਤਮ ਹਉਮੈ ਲਈ ਪੜ੍ਹਨ ਲਿਖਣ ਵਾਲਾ ਅਤੇ ਵਿਵਾਦ ਕਰਨ ਵਾਲਾ ਕੀੜੀ ਵਰਗਾ ਹੈ ਜਿਸ ਕੋਲ ਗਿਆਨ ਦਾ ਢੇਰ ਤਾਂ ਬਹੁਤ ਵੱਡਾ ਹੈ ਪਰ ਉਹ ਉਸ ਦਾ ਕੋਈ ਸਾਰਥਕ ਉਪਯੋਗ ਨਹੀਂ ਕਰਦਾ ਜਦਕਿ ਸੱਚ ਦੀ ਭਾਲ ਲਈ ਪੜ੍ਹਨ ਲਿਖਣ ਵਾਲਾ ਖੋਜੀ ਸ਼ਹਿਦ ਦੀ ਮੱਖੀ ਵਰਗਾ ਹੈ ਜੋ ਫੁੱਲਾਂ ਤੋਂ ਪ੍ਰਾਪਤ ਸਾਮਗਰੀ ਨਾਲ ਸ਼ਹਿਦ ਵਰਗੀ ਨਵੀਂ ਅਤੇ ਗੁਣਕਾਰੀ ਵਸਤ ਦਾ ਨਿਰਮਾਣ ਕਰ ਸਕਦਾ ਹੈ।

ਲੇਖਕ ਅਨੁਸਾਰ ਮਨੁੱਖ ਗਲਤੀਆਂ ਕਰਕੇ ਸਿੱਖਦਾ ਰਿਹਾ ਹੈ ਪਰ ਇਤਿਹਾਸ ਨੇ ਮਨੁੱਖ ਨੂੰ ਗਲਤੀਆਂ ਨੂੰ ਦੁਹਰਾਉਣ ਤੋਂ ਰੋਕ ਦਿੱਤਾ ਹੈ। ਹੁਣ ਮਨੁੱਖ ਨੇ ਇਤਿਹਾਸ ਤੋਂ ਸਬਕ ਲੈ ਕੇ ਮਨੁੱਖਤਾ ਨੂੰ ਵਿਕਾਸ ਦੇ ਰਾਹੇ ਤੋਰਿਆ ਹੈ। ਖੋਜ ਪੁਰਾਣੇ ਦੀ ਵਿਆਖਿਆ ਇਸ ਪ੍ਰਕਾਰ ਕਰਦੀ ਹੈ ਕਿ ਵਰਤਮਾਨ ਵਿਚੋਂ ਸੇਧ ਲੈ ਕੇ ਭਵਿੱਖ ਨੂੰ ਸੁਧਾਰਿਆ ਜਾਵੇ। ਉਨ੍ਹਾਂ ਅਨੁਸਾਰ ਸਾਡੀਆਂ ਵਿੱਦਿਅਕ ਸੰਸਥਾਵਾਂ ਖੋਜ ਦੀ ਰੀਹਰਸਲ ਕਰਵਾਉਂਦੀਆਂ ਹਨ ਅਸਲ ਖੋਜ ਤਾਂ ਇਨ੍ਹਾਂ ਸੰਸਥਾਵਾਂ ਵਿਚੋਂ ਬਾਹਰ ਨਿਕਲ ਕੇ ਸਾਰੀ ਉਮਰ ਠਰੰਮੇ ਨਾਲ ਕੀਤਾ ਜਾਣ ਵਾਲਾ ਕਾਰਜ ਹੈ। ਉਹ ਪ੍ਰੋ. ਮੋਹਨ ਸਿੰਘ ਦੇ ਬੋਲਾਂ, 'ਦੇਹ ਹਵਾ ਦਾ ਜੀਵਨ ਸਾਨੂੰ, ਸਦਾ ਖੋਜ ਵਿਚ ਰਹੀਏ' ਤੋਂ ਬਹੁਤ ਮੁਤਾਸਰ ਹਨ ਅਤੇ ਹਰ ਖੋਜੀ ਨੂੰ ਇਸ ਗੀਤ ਦੇ ਅਰਥਾਂ ਵਰਗਾ ਨਿਰਲੇਪ ਹੋਣ ਦੀ ਸਲਾਹ ਦਿੰਦੇ ਹਨ।

ਸਾਹਿਤ ਖੋਜ : ਪ੍ਰਕਾਰਜ ਤੇ ਪਰਿਪੇਖ, ਅਧਿਆਇ ਵਿਚ ਉਨ੍ਹਾਂ ਨੇ ਖੋਜ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਅਨੁਸਾਰ ਸ਼ੁਰੂ ਵਿਚ ਸੰਸਾਰ ਵਿਚ ਜੋ ਖੋਜ ਹੋਈ ਉਹ ਵਧੇਰੇ ਕਰਕੇ ਤਾਰਾ ਵਿਗਿਆਨ ਅਤੇ ਚਕਿਤਿਸਾ ਵਿਗਿਆਨ ਵਿਚ ਸੀ। ਹੌਲੀ-ਹੌਲੀ ਇਸ ਦਾ ਘੇਰਾ ਹੋਰ ਪ੍ਰਕਿਰਤੀ ਵਿਗਿਆਨਾਂ ਅਤੇ ਸਮਾਜਿਕ ਵਿਗਿਆਨਾਂ ਤੋਂ ਵੱਧਦਾ ਹੋਇਆ ਸਾਹਿਤਕ ਖੋਜ ਤੱਕ ਅਪੜਿਆ ਹੈ। ਅਸਲ ਸਾਹਿਤਕ ਖੋਜ ਵੀਹਵੀਂ ਸਦੀ ਵਿਚ ਹੀ ਸ਼ੁਰੂ ਹੋਈ ਹੈ। ਸਾਹਿਤਕ ਖੋਜ ਲਈ ਵੀ ਵਿਗਿਆਨਕ ਪਹੁੰਚ ਅਪਨਾਉਣ ਦੀ ਲੋੜ ਹੁੰਦੀ ਹੈ ਪਰ ਸਾਹਿਤ ਦਾ ਸਭਿਆਚਾਰ ਨਾਲ ਗੂੜਾ ਸੰਬੰਧ ਹੋਣ ਕਰਕੇ ਇਸਨੂੰ ਨਿਰੋਲ ਵਿਗਿਆਨਕ ਢੰਗ ਨਾਲ ਨਹੀਂ ਨਜਿੱਠਿਆ ਜਾ ਸਕਦਾ। ਪੰਨਾ 17 ਤੇ ਲੇਖਕ ਸਾਹਿਤਕ ਖੋਜ ਦੀ ਮਹੱਤਤਾ ਦੱਸਦਿਆਂ ਕਹਿੰਦਾ ਹੈ ਕਿ, 'ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਸਾਹਿਤਕ ਖੋਜ ਦੀ ਜਿੰਮੇਵਾਰੀ ਕੇਵਲ ਸਭਿਆਚਾਰ ਅਤੀਤ ਪ੍ਰਤੀ ਹੀ ਨਹੀਂ, ਸਗੋਂ ਮਨੁੱਖ ਦੇ ਭਵਿੱਖ ਪ੍ਰਤੀ ਵੀ ਹੈ ਅਰਥਾਤ ਸਮੁੱਚੇ ਮਨੁੱਖੀ ਇਤਿਹਾਸ ਪ੍ਰਤੀ ਹੈ ਤੇ ਭਾਵੇਂ ਸਾਹਿਤ-ਖੋਜ ਤੋਂ ਪ੍ਰਾਪਤ ਤੱਥਾਂ ਦੇ ਸਿੱਟੇ ਕਿਸੇ ਸੀਮਤ ਵਿਗਿਆਨਸ਼ਾਲਾ ਵਿਚ ਸਿੱਧ ਨਹੀਂ ਕੀਤੇ ਜਾ ਸਕਦੇ, ਪਰ ਸਾਹਿਤਕ ਖੋਜ ਦੁਆਰਾ ਪ੍ਰਾਪਤ ਹੋਏ ਸਿੱਟਿਆਂ ਨੂੰ ਸਿੱਧ ਕਰਨ ਲਈ ਮਨੁੱਖ ਦਾ ਭਾਵੀ ਇਤਿਹਾਸ ਇੱਕ ਵਿਸ਼ਾਲ ਪ੍ਰਯੋਗਸ਼ਾਲਾ ਦਾ ਕੰਮ ਦਿੰਦਾ ਹੈ।'

ਲੇਖਕ ਨੇ ਸਾਹਿਤਕ ਖੋਜ ਦੇ ਚਾਰ ਪ੍ਰਮੁੱਖ ਖੇਤਰ ਮੰਨੇ ਹਨ, ਤੱਥ ਅਨੁਸੰਧਾਨ, ਸਿੱਧਾਂਤ ਨਿਰੂਪਣ, ਸਾਹਿਤ ਇਤਿਹਾਸ ਅਤੇ ਸਾਹਿਤ ਸਮੀਖਿਆ। ਲੇਖਕ ਨੂੰ ਇਸ ਗੱਲ ਦਾ ਗਿਲਾ ਹੈ ਕਿ ਸਾਡੇ ਵਿਦਵਾਨਾਂ ਨੇ ਤੱਥ ਅਨੁਸੰਧਾਨ, ਸਾਹਿਤ ਇਤਿਹਾਸ ਅਤੇ ਸਾਹਿਤ ਸਮੀਖਿਆ ਲਈ ਬੇਗਾਨੇ ਸਿਧਾਂਤਾਂ ਦਾ ਆਸਰਾ ਲਿਆ ਹੈ ਆਪਣੇ ਸਿਧਾਂਤਾਂ ਦਾ ਨਿਰਮਾਣ ਨਹੀਂ ਕੀਤਾ ਏਥੋਂ ਤੱਕ ਕਿ ਨਿਰੋਲ ਆਪਣੇ ਸਾਹਿਤਕ ਰੂਪਾਂ (ਵਾਰ ਕਾਵਿ) ਦਾ ਅਧਿਐਨ ਵਿਸ਼ਲੇਸ਼ਣ ਵੀ ਮਾਂਗਵੇਂ ਸਿਧਾਂਤਾਂ ਨਾਲ ਹੀ ਕੀਤਾ ਜਾਂਦਾ ਹੈ। ਇਹ ਮੁੱਢਲਾ ਕੰਮ ਹੈ ਜੋ ਅਜੇ ਪੰਜਾਬੀ ਵਿਚ ਨਹੀਂ ਹੋਇਆ। ਅਸੀਂ ਅਰਬੀ-ਫਾਰਸੀ, ਸੰਸਕ੍ਰਿਤ, ਹਿੰਦੀ ਅਤੇ ਅੰਗਰੇਜ਼ੀ ਤੋਂ ਸਿੱਧਾਂਤ ਲੈ ਕੇ ਆਪਣਾਂ ਕੰਮ ਸਾਰਦੇ ਆਏ ਹਾਂ।

ਸਿੱਧਾਂਤ ਨਿਰਮਾਣ ਦੇ ਦੋ ਤਰੀਕਿਆਂ ਦਾ ਜਿਕਰ ਕਰਦਿਆਂ ਲੇਖਕ ਨੇ ਦਰਸ਼ਨ-ਸ਼ਾਸਤਰ ਦੇ ਉੱਪ-ਅੰਗ ਤਰਕ ਸ਼ਾਸਤਰ ਦੇ ਦੋ ਸੰਕਲਪਾਂ ਆਗਮਨ (inductive) ਅਤੇ ਨਿਗਮਨ (deductive) ਦੀ ਵਿਆਖਿਆ ਕੀਤੀ ਹੈ। ਆਗਮਨ ਵਿਧੀ ਵਿਚ ਪ੍ਰਾਪਤ ਸਾਮਗ੍ਰੀ ਤੋਂ ਕਿਸੇ ਸਿੱਧਾਂਤ ਦਾ ਨਿਰਮਾਣ ਕੀਤਾ ਜਾਂਦਾ ਹੈ ਅਤੇ ਨਿਗਮਨ ਵਿਧੀ ਵਿਚ ਕਿਸੇ ਪ੍ਰਚੱਲਿਤ ਸਿੱਧਾਂਤ ਨੂੰ ਕਿਸੇ ਰਚਨਾ ਤੇ ਲਾਗੂ ਕੀਤਾ ਜਾਂਦਾ ਹੈ। ਅਰਸਤੂ ਨੇ ਆਪਣੇ ਸਮੇਂ ਦੇ ਨਾਟਕਾਂ ਦਾ ਗਹਿਨ ਅਧਿਐਨ ਕਰਕੇ ਆਗਮਨ ਵਿਧੀ ਨਾਲ ਤ੍ਰਾਸਦੀ ਦਾ ਸਿੱਧਾਂਤ ਘੜਿਆ ਜਦ ਕਿ ਚਿਕਿਤਸਾ ਵਿਗਿਆਨ ਵਿਚ ਪ੍ਰਚੱਲਿਤ ਕਥਾਰਸਿਜ ਦੇ ਸਿੱਧਾਂਤ ਨੂੰ ਨਿਗਮਨ ਵਿਧੀ ਨਾਲ ਸਾਹਿਤ ਵਿਚ ਵਰਤਿਆ ਹੈ। ਲੇਖਕ ਅਨੁਸਾਰ ਅੱਜ ਦੇ ਸਮਾਜ ਵਿਚ ਜਵਾਨ ਮੁੰਡੇ ਕੁੜੀਆਂ ਨੂੰ ਪਿਆਰ ਕਰਦਿਆਂ ਵੇਖ ਕੇ ਅਸੀਂ ਹੀਰ ਰਾਂਝੇ ਦੀ ਕਹਾਣੀ ਨੂੰ ਸੱਚ ਮੰਨ ਸਕਦੇ ਹਾਂ। ਲੇਖਕ ਨੇ ਸਾਹਿਤ ਅਤੇ ਇਤਿਹਾਸ ਦੀ ਵੱਖਰਤਾ ਅਤੇ ਸਾਂਝ ਸਾਬਤ ਕਰਨ ਲਈ ਦੱਸਿਆ ਹੈ ਕਿ ਤੱਥਾਂ ਦਾ ਇਕੱਤ੍ਰੀਕਰਣ ਅਤੇ ਵਿਸ਼ਲੇਸ਼ਣ ਤਾਂ ਸਾਂਝੀ ਕਿਰਿਆ ਹੈ। ਸਾਹਿਤ ਦਾ ਇਤਿਹਾਸ ਰਚਣ ਵਾਸਤੇ ਤੱਥਾਂ ਦਾ ਇਕੱਤ੍ਰੀਕਰਣ ਜ਼ਰੂਰੀ ਹੈ। ਸਾਹਿਤ ਦੇ ਸਿੱਧਾਂਤ ਘੜਨ ਲਈ ਇਤਿਹਾਸ ਦੀ ਜ਼ਰੂਰਤ ਪੈਂਦੀ ਹੈ। ਤੱਥਾਂ ਦਾ ਇਕੱਤ੍ਰੀਕਰਣ ਕਰਦੇ ਸਮੇਂ ਖੋਜਾਰਥੀ ਨੂੰ ਸ਼ੰਕਾਲੂ ਬਿਰਤੀ ਰੱਖਣੀ ਚਾਹੀਦੀ ਹੈ। ਜੇਕਰ ਖੋਜੀ ਸਾਹਿਤਕਾਰਾਂ ਦੀਆਂ ਦੱਸੀਆਂ ਗੱਲਾਂ ਤੇ ਵਿਸ਼ਵਾਸ ਕਰ ਲਵੇਗਾ ਤਾਂ ਉਹ ਸਹੀ ਤੱਥਾਂ ਦਾ ਸੰਕਲਨ ਨਹੀਂ ਕਰ ਸਕੇਗਾ। ਖੋਜੀ ਏਨਾ ਵੀ ਸ਼ੰਕਾਲੂ ਨਾ ਹੋਵੇ ਕਿ ਉਹ ਕੋਈ ਰਾਇ ਹੀ ਨਾ ਬਣਾ ਸਕੇ। ਲੇਖਕ ਅਨੁਸਾਰ ਸਿੱਖ ਧਰਮ ਬਾਰੇ ਖੋਜ ਕਰਦਿਆਂ ਖੋਜੀ ਅਕਸਰ ਧਾਰਮਿਕ ਸ਼ਰਧਾ ਦੇ ਪ੍ਰਭਾਵ ਅਧੀਨ ਸਹੀ ਨਿਰਣੈ ਨਹੀਂ ਲੈਂਦੇ। ਹੁਕਮਨਾਮਿਆਂ/ਚਿੱਠੀਆਂ/ਅਖ਼ਬਾਰਾਂ ਆਦਿ ਦਾ ਅਧਿਐਨ ਕਰਦੇ ਸਮੇਂ ਉਨ੍ਹਾਂ ਪਿੱਛੇ ਕੰਮ ਕਰਦੇ ਵਿਅਕਤੀਗਤ ਕਾਰਨਾਂ ਤੱਕ ਖੋਜੀ ਨਹੀਂ ਪਹੁੰਚਦੇ।

ਲੇਖਕ ਅਨੁਸਾਰ ਸਾਹਿਤ ਸਮੀਖਿਆ ਵੀ ਸਾਹਿਤ ਖੋਜ ਦਾ ਹੀ ਦੁਜੈਲਾ ਰੂਪ ਹੈ। ਇਸ ਵਾਸਤੇ ਸਾਹਿਤ ਦੇ ਨਾਲ ਲਗਵੇਂ ਵਿਸ਼ਿਆਂ ਸਾਹਿਤ ਸਿੱਧਾਂਤ, ਭਾਸ਼ਾ ਵਿਗਿਆਨ, ਮਨੋਵਿਗਿਆਨ, ਇਤਿਹਾਸ ਆਦਿ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਜਦੋਂ ਵੀ ਕਿਸੇ ਵਿਅਕਤੀ ਨੇ ਸਾਹਿਤਕ ਸਮੀਖਿਆ ਕਰਨੀ ਹੁੰਦੀ ਹੈ ਉਹ ਸੰਬੰਧਤ ਵਿਸ਼ੇ ਤੇ ਹੁਣ ਤੱਕ ਹੋਏ ਕਾਰਜ ਨੂੰ ਧਿਆਨ ਨਾਲ ਪੜ੍ਹਦਾ ਹੈ। ਸਾਹਿਤਕ ਰੀਵਿਓ ਕਰਦੇ ਸਮੇਂ ਉਹ ਖੋਜੀ ਵਾਂਗ ਕੰਮ ਕਰਦਾ ਹੈ। ਲੇਖਕ ਦਾ ਮੱਤ ਹੈ ਕਿ ਪੰਜਾਬੀ ਦੇ ਬਹੁਤ ਘੱਟ ਆਲੋਚਕ ਹਨ ਜੋ ਗੁੱਟਬੰਦੀ ਤੋਂ ਮੁਕਤ ਹੋ ਕੇ ਸਾਹਿਤ ਸਮੀਖਿਆ ਕਰਦੇ ਹਨ। ਸੋ ਲੇਖਕ ਅਨੁਸਾਰ ਸਾਹਿਤ ਖੋਜ ਦੇ ਚੌਹਾਂ ਖੇਤਰਾਂ ਦੌਰਾਨ ਖੋਜੀ ਦੀ ਬਿਰਤੀ ਵਿਗਿਆਨਕ ਰਹਿੰਦੀ ਹੈ, ਵਿਗਿਆਨਕ ਸੁਭਾਅ ਕਾਰਨ ਹੀ ਇਹ ਖੇਤਰ ਖੋਜ ਦਾ ਖੇਤਰ ਅਖਵਾਉਂਦਾ ਹੈ ਅਗਲੇ ਅਧਿਆਇ ਵਿਚ ਲੇਖਕ ਨੇ ਫਿਰ ਆਗਮਨ ਅਤੇ ਨਿਗਮਨ ਵਿਧੀ ਦੀ ਵਿਆਖਿਆ ਕੀਤੀ ਹੈ।

ਇਸ ਪੁਸਤਕ ਦਾ ਚੌਥਾ ਅਧਿਆਇ ਬੜਾ ਮਹੱਤਵਪੂਰਨ ਅਤੇ ਰੌਚਿਕ ਹੈ। ਇਸ ਅਧਿਆਇ ਵਿਚ ਲੇਖਕ ਨੇ ਖੋਜ ਕਾਰਜ ਦੌਰਾਨ ਆਪਣੀ ਖੋਜ ਦਾ ਵਿਸ਼ਾ ਚੁਣਨ ਦੀ ਪ੍ਰਕਿਰਿਆ ਅਤੇ ਇਸ ਦੀ ਮਹੱਤਤਾ ਨੂੰ ਪੇਸ਼ ਕੀਤਾ ਹੈ। ਪੰਨਾ 26 ਤੇ ਦਿੱਤਾ ਲੇਖਕ ਦਾ ਕਥਨ ਬਿਲਕੁਲ ਠੀਕ ਹੈ ਕਿ, "ਲਗਭਗ ਹਰ ਯੂਨੀਵਰਸਿਟੀ ਨਾਲ ਸੰਬੰਧਤ ਖੋਜ-ਨਿਗਰਾਨਾਂ ਦਾ ਤਜ਼ੁਰਬਾ ਹੈ ਕਿ ਪੀ-ਐੱਚ.ਡੀ. ਕਰਨ ਆਉਂਦੇ 90 ਫ਼ੀਸਦੀ ਵਿਦਿਆਰਥੀ ਹਰ ਵਿਸ਼ੇ 'ਤੇ ਖੋਜ ਕਰਨ ਲਈ ਤਿਆਰ ਹੁੰਦੇ ਹਨ ਪਰ ਉਨ੍ਹਾਂ ਦਾ ਮਨ ਕਿਸੇ ਵੀ ਵਿਸ਼ੇ ਨਾਲ ਜੁੜਿਆ ਨਹੀਂ ਹੁੰਦਾ।" ਲੇਖਕ ਦਾ ਖਿਆਲ ਹੈ ਕਿ ਜਿਸ ਵਿਅਕਤੀ ਅੰਦਰ ਖੋਜ ਦੀ ਕੁਦਰਤੀ ਰੁਚੀ ਹੁੰਦੀ ਹੈ ਉਸ ਲਈ ਖੋਜ ਦਾ ਵਿਸ਼ਾ ਚੁਣਨ ਦੀ ਕੋਈ ਸਮੱਸਿਆ ਨਹੀਂ ਹੁੰਦੀ ਜਿਵੇਂ ਨਿਊਟਨ ਨੇ ਸੇਬ ਨੂੰ ਅਚਾਨਕ ਡਿਗਦਿਆਂ ਵੇਖਿਆ ਤੇ ਗੁਰੂਤਾ-ਖਿੱਚ ਦਾ ਸਿੱਧਾਂਤ ਖੋਜ ਮਾਰਿਆ। ਇਹ ਵਿਸ਼ੇਸ਼ ਸਮਰੱਥਾ ਤੇ ਰੁਚੀ ਵਾਲੇ ਖੋਜੀ ਦੀ ਗੱਲ ਹੈ। ਐਮ.ਫਿਲ. ਜਾਂ ਪੀਐੱਚ.ਡੀ. ਕਰਨ ਵਾਲੇ ਵਿਦਿਆਰਥੀ ਲਈ ਵਿਸ਼ੇ ਦੀ ਚੋਣ ਇੱਕ ਸੱਚਮੁੱਚ ਸਮੱਸਿਆ ਹੈ ਕਿਉਂਕਿ ਉਸ ਨੇ ਇੱਕ ਨਿਸ਼ਚਿਤ ਸਮੇਂ ਅਤੇ ਖ਼ਰਚ ਵਿਚ ਡਿਗਰੀ ਲੈਣੀ ਹੁੰਦੀ ਹੈ। ਲੇਖਕ ਦਾ ਮੱਤ ਹੈ ਕਿ ਡਿਗਰੀ ਲਈ ਖੋਜ ਕਰਨ ਆਉਣ ਤੋਂ ਪਹਿਲਾਂ ਜੇਕਰ ਖੋਜੀ ਕਿਸੇ ਸਰੋਤ ਤੋਂ ਪੁਸਤਕਾਂ ਉਧਾਰੀਆਂ ਲੈ ਕੇ ਆਪਣੇ ਮਨ ਪਸੰਦ ਵਿਸ਼ੇ ਤੇ ਪੁਸਤਕਾਂ ਪੜ੍ਹ ਕੇ ਆਵੇ ਤਾਂ ਉਸ ਲਈ ਸਮੱਸਿਆ/ਵਿਸ਼ੇ ਦੀ ਚੋਣ ਕਰਨੀ ਸੌਖੀ ਹੋ ਜਾਵੇਗੀ।

ਲੇਖਕ ਦਾ ਆਪਣੇ ਸਮੇਂ ਤੱਕ ਹੋਈ ਖੋਜ ਤੇ ਇਹ ਇਤਰਾਜ ਹੈ ਕਿ ਬਹੁਤ ਸਾਰੀ ਖੋਜ ਪੰਜਾਬੀ ਸਾਹਿਤ ਦੇ ਨਾਮ ਤੇ ਅਜਿਹੀ ਹੋਈ ਹੈ ਜਿਸ ਦਾ ਸੰਬੰਧ ਪੰਜਾਬੀ ਸਾਹਿਤ ਨਾਲੋਂ ਦਰਸ਼ਨ ਸ਼ਾਸਤਰ, ਧਰਮ ਅਤੇ ਇਤਿਹਾਸ ਨਾਲ ਵਧੇਰੇ ਹੈ। ਲੇਖਕ ਦਾ ਇਹ ਇਤਰਾਜ ਬਿਲਕੁਲ ਸਹੀ ਹੈ। ਲੇਖਕ ਦੀ ਰਾਇ ਹੈ ਕਿ ਜਾਂ ਤਾਂ ਖੋਜਾਰਥੀ ਕਿਸੇ ਯੋਗ ਵਿਦਵਾਨ ਕੋਲੋਂ ਪੁੱਛਗਿੱਛ ਕਰਕੇ ਆਪਣਾ ਵਿਸ਼ਾ ਚੁਣੇ ਜਾਂ ਫਿਰ ਖੋਜਾਰਥੀ ਨੂੰ ਇੱਕ ਆਰਜੀ ਰੂਪ-ਰੇਖਾ ਬਣਾ ਕੇ ਖੋਜ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ। ਸਮੇਂ ਦੇ ਬੀਤਣ ਨਾਲ ਸੰਬੰਧਤ ਵਿਸ਼ੇ ਦੀਆਂ ਪੁਸਤਕਾਂ ਦਾ ਅਧਿਐਨ ਕਰਦਿਆਂ ਖੋਜਾਰਥੀ ਨੂੰ ਵਿਸ਼ੇ ਪ੍ਰਤੀ ਸਪੱਸ਼ਟਤਾ ਹੁੰਦੀ ਜਾਂਦੀ ਹੈ। ਏਥੇ ਲੇਖਕ ਦਾ ਸਪੱਸ਼ਟ ਮੱਤ ਹੈ ਕਿ ਖੋਜਾਰਥੀ ਨੂੰ ਆਪਣੀ ਖੋਜ ਦੀ ਸਮੱਸਿਆ/ਵਿਸ਼ਾ ਛੋਟੇ ਤੋਂ ਛੋਟਾ ਚੁਣਨਾ ਚਾਹੀਦਾ ਹੈ। ਵੱਡਾ ਵਿਸ਼ਾ ਜਾਂ ਵੱਡੀ ਸਮੱਸਿਆ ਨਿਸ਼ਚਿਤ ਸਮੇਂ ਵਿਚ ਘੋਖੀ/ਪੜਤਾਲੀ ਨਹੀਂ ਜਾਵੇਗੀ ਜਿਸ ਕਾਰਨ ਬਾਅਦ ਵਿਚ ਖੋਜਾਰਥੀ ਨਿਰਾਸ਼ ਹੋਵੇਗਾ। ਵਿਸ਼ਾ ਚੁਣਨ ਤੋਂ ਪਹਿਲਾਂ ਲੇਖਕ ਨੇ ਨਵੇਂ ਖੋਜਾਰਥੀਆਂ ਨੂੰ ਕੁਝ ਸੁਝਾਅ ਦਿੱਤੇ ਹਨ। ਪਹਿਲਾਂ ਇਹ ਖੋਜ ਪੜਤਾਲ ਕਰੋ ਕਿ ਜਿਸ ਵਿਸ਼ੇ 'ਤੇ ਤੁਸੀਂ ਖੋਜ ਕਰਨ ਦਾ ਮਨ ਬਣਾਇਆ ਹੈ ਉਸ ਵਿਸ਼ੇ ਤੇ ਸੰਬੰਧਤ ਜਾਂ ਕਿਸੇ ਹੋਰ ਯੂਨੀਵਰਸਿਟੀ ਨੇ ਪਹਿਲਾਂ ਹੀ ਖੋਜ ਕਾਰਜ ਤਾਂ ਨਹੀਂ ਕਰਵਾਇਆ। ਦੂਜੀ ਗੱਲ ਜਿਸ ਵਿਸ਼ੇ ਤੇ ਤੁਸਾਂ ਖੋਜ ਕਰਨ ਦਾ ਮਨ ਬਣਾਇਆ ਹੈ ਉਹ ਵਿਸ਼ਾ ਸਾਰਥਕ ਹੈ ? ਭਾਵ ਉਸ ਵਿਸ਼ੇ ਤੇ ਸਾਮਗ੍ਰੀ ਮਿਲ ਜਾਵੇਗੀ ਅਤੇ ਇਸ ਦਾ ਕੋਈ ਮੁੱਲ ਪਵੇਗਾ ਅਤੇ ਜਿਸ ਵਿਸ਼ੇ ਨੂੰ ਤੁਸਾਂ ਚੁਣਿਆ ਹੈ ਉਸ ਦੇ ਸਿਰਲੇਖ ਵਿਚ ਆਉਂਦੇ ਹਰ ਸ਼ਬਦ ਦੇ ਅਰਥਾਂ ਬਾਰੇ ਸੁਚੇਤ ਹੋ। ਇੰਜ ਅਸੀਂ ਦੇਖਦੇ

ਹਾਂ ਕਿ ਲੇਖਕ ਨੇ ਇਸ ਅਧਿਆਇ ਵਿਚ ਨਵੇਂ ਖੋਜਾਰਥੀਆਂ ਨੂੰ ਆਪਣੀ ਖੋਜ ਦਾ ਵਿਸ਼ਾ ਚੁਣਨ ਸਮੇਂ ਜਿਹੜੀਆਂ ਸਾਵਧਾਨੀਆਂ ਰੱਖਣੀਆਂ ਹਨ, ਉਨ੍ਹਾਂ ਪ੍ਰਤੀ ਸੁਚੇਤ ਕੀਤਾ ਹੈ।

ਸਾਹਿਤਕ ਖੋਜ ਦਾ 90% ਕਾਰਜ ਆਮ ਤੌਰ 'ਤੇ ਲਾਇਬ੍ਰੇਰੀਆਂ ਵਿਚ ਬੈਠ ਕੇ ਹੀ ਹੁੰਦਾ ਹੈ। ਇਸ ਲਈ ਲਾਇਬ੍ਰੇਰੀਆਂ ਦਾ ਖੋਜ ਕਾਰਜ ਵਿਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। 'ਪੁਸਤਕਾਂ ਤੇ ਪੁਸਤਕਾਲਾ' ਨਾਂ ਦੇ ਪੰਜਵੇਂ ਅਧਿਆਇ ਵਿਚ ਲੇਖਕ ਨੇ ਲਾਇਬ੍ਰੇਰੀਆਂ ਦੀ ਸਾਗਮ੍ਰੀ (ਪੁਸਤਕਾਂ) ਦੀ ਵਰਗਵੰਡ, ਉਨ੍ਹਾਂ ਵਿਚ ਪੁਸਤਕਾਂ ਰੱਖਣ ਅਤੇ ਵਰਤਣ ਦੇ ਢੰਗ ਤਰੀਕੇ ਦੱਸੇ ਹਨ। ਲੇਖਕ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਦੇ ਹਿਸਾਬ ਅਨੁਸਾਰ ਲਾਇਬ੍ਰੇਰੀ ਕੈਟਾਲਾਗ ਨੂੰ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਦੱਸਿਆ ਹੈ ਕਿ ਲਾਇਬ੍ਰੇਰੀ ਵਿਚੋਂ ਕਿਸੇ ਵੀ ਪੁਸਤਕ ਨੂੰ ਪੁਸਤਕ ਦੇ ਨਾਮ, ਲੇਖਕ ਦੇ ਨਾਮ ਜਾਂ ਵਿਸ਼ੇ ਅਨੁਸਾਰ ਲੱਭ ਸਕਦੇ ਹੋ।

ਪੁਸਤਕ ਦਾ ਛੇਵਾਂ ਅਧਿਆਇ 'ਖੇਤਰੀ ਕਾਰਜ ਤੇ ਸਾਹਿਤ-ਖੋਜ' ਆਧੁਨਿਕ ਖੋਜ ਸਾਹਿਤ ਦੇ ਸੰਕਲਪਾਂ ਨਾਲ ਜੁੜਿਆ ਹੋਇਆ ਅਧਿਆਇ ਹੈ। ਇਸ ਵਿਚ ਨਰੀਖਣ, ਮੁਲਾਕਾਤਾਂ, ਸੈਂਪਲਿੰਗ, ਨਿਜੀ ਚਿੱਠੀ-ਪੱਤਰ, ਪ੍ਰਸ਼ਨਾਵਲੀ ਆਦਿ ਬਾਰੇ ਜਾਣਕਾਰੀ ਦਿੱਤੀ ਹੈ। ਖੋਜ ਸੰਦਾਂ ਵਿਚ ਕੰਪਿਊਟਰ ਕੁਝ ਹੀ ਸਾਲਾਂ ਵਿਚ ਏਨਾ ਪ੍ਰਭਾਵ ਪਾ ਗਿਆ ਹੈ ਕਿ ਟੇਪਰਿਕਾਰਡਰ ਵੇਖਣ ਨੂੰ ਵੀ ਨਹੀਂ ਮਿਲਦੀ। ਲੇਖਕ ਨੇ ਇੱਕ ਤਾਂ ਇਨ੍ਹਾਂ ਖੋਜ ਸੰਦਾਂ ਬਾਰੇ ਅਤਿ ਸੰਖੇਪ ਵਿਚ ਜ਼ਿਕਰ ਕੀਤਾ ਹੈ ਤੇ ਦੂਸਰਾ ਪੁਰਾਣੀ ਤਕਨੀਕ ਦਾ ਜ਼ਿਕਰ ਕੀਤਾ ਹੈ। ਟੇਪਰਿਕਾਰਡਰ ਵਾਂਗ ਹੀ ਫੋਟੋ ਸਟੈਟ ਅਤੇ ਪ੍ਰਿੰਟਰ ਦੇ ਜਮਾਨੇ ਵਿਚ ਸਾਈਕਲੋ-ਸਟਾਈਲ ਮਸ਼ੀਨਾਂ ਵੀ ਕਿਧਰੇ ਹੀ ਵੇਖਣ ਨੂੰ ਮਿਲਦੀਆਂ ਹਨ। ਪੰਜਾਬੀ ਵਿਚ ਪਹਿਲਾਂ-ਪਹਿਲਾਂ ਤਾਂ ਪੁਰਾਤਨ ਹੱਥ ਲਿਖਤਾਂ ਨੂੰ ਲੱਭਣ ਸਵਾਰਨ ਤੇ ਠੀਕ ਕਰਕੇ ਪਾਠਕਾਂ ਲਈ ਪੇਸ਼ ਕਰਨ ਨੂੰ ਹੀ ਖੋਜ ਕਾਰਜ ਸਮਝਿਆ ਜਾਂਦਾ ਸੀ ਫਿਰ ਹੌਲੀ-ਹੌਲੀ ਸਾਹਿਤ ਦੇ ਹੋਰ ਖੇਤਰਾਂ ਬਾਰੇ ਖੋਜ ਸ਼ੁਰੂ ਹੋਈ। ਅੱਜਕੱਲ ਪੱਛਮੀ ਜੀਵਨ ਜਾਚ ਦੇ ਪ੍ਰਭਾਵ ਅਧੀਨ ਪੰਜਾਬੀ ਸਭਿਆਚਾਰ ਦੇ ਲੋਪ ਹੋ ਰਹੇ ਵਿਰਸੇ ਨੂੰ ਅਤੇ ਖੇਤਰੀ ਸਮਾਜਕ ਭਾਸ਼ਾ ਵਰਗਾਂ ਨੂੰ ਉਨ੍ਹਾਂ ਦੇ ਸਮੁੱਚੇ ਪੱਖਾਂ ਸਮੇਤ ਪੇਸ਼ ਕਰਨ ਦਾ ਖੋਜ ਕਾਰਜ ਸ਼ੁਰੂ ਹੋਇਆ ਹੈ ਇਸ ਲਈ ਖੇਤਰੀ ਖੋਜ ਕਾਰਜ ਦੀ ਮਹੱਤਤਾ ਪੰਜਾਬੀ ਸਾਹਿਤ ਵਿਚ ਵੀ ਵਧੀ ਹੈ। ਖੇਤਰੀ ਕਾਰਜ ਦੀਆਂ ਤਕਨੀਕਾਂ ਬਾਰੇ ਮੁੱਢਲੀ ਕਿਸਮ ਦੀ ਜਾਣਕਾਰੀ ਇਸ ਅਧਿਆਇ ਵਿਚੋਂ ਮਿਲਦੀ ਹੈ।

ਪੁਸਤਕ ਦੇ ਸਤਵੇਂ ਅਧਿਆਇ 'ਪੜ੍ਹੀਏ ਤਾਂ ਕਿਵੇਂ ਪੜ੍ਹੀਏ' ਵਿਚ ਲੇਖਕ ਨੇ ਖੋਜ ਕਾਰਜ ਦੌਰਾਨ ਆਪਣੇ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਨੂੰ ਸੁਚੇਤ ਹੋ ਕੇ ਪੜ੍ਹਨ ਦੀਆਂ ਵਿਧੀਆਂ ਬਾਰੇ ਦੱਸਿਆ ਹੈ। ਇਹ ਵਿਧੀਆਂ ਸੰਬੰਧਤ ਪੁਸਤਕ ਵਿਚੋਂ ਆਪਣੀ ਖੋਜ ਨਾਲ ਸੰਬੰਧਤ ਸਾਮਗ੍ਰੀ ਨੂੰ ਨੋਟ ਕਰਨ ਦੇ ਢੰਗ ਤਰੀਕੇ ਦੱਸਦੀਆਂ ਹਨ। ਇਨ੍ਹਾਂ ਵਿਧੀਆਂ ਦੀ ਮਹੱਤਤਾ ਇਸ ਲਈ ਹੈ ਕਿਉਂਕਿ ਅੱਜ ਦੇ ਦੌਰ ਵਿਚ ਹਰ ਵਿਸ਼ੇ ਤੇ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ ਸੈਂਕੜਿਆਂ ਨੂੰ ਪਾਰ ਕਰਕੇ ਹਜ਼ਾਰਾਂ ਤੋਂ ਵੀ ਵੱਧ ਗਈ ਹੈ ਦੂਸਰੇ ਪਾਸੇ ਡਿਗਰੀ ਵਾਸਤੇ ਖੋਜ ਕਾਰਜ ਕਰਨ ਆਏ ਵਿਅਕਤੀ ਕੋਲ ਨਿਸ਼ਚਿਤ ਸਮਾਂ ਹੁੰਦਾ ਹੈ ਇਸ ਲਈ ਉਸ ਵਾਸਤੇ ਇਹ ਬੜਾ ਜ਼ਰੂਰੀ ਹੁੰਦਾ ਹੈ ਕਿ ਉਹ ਸਹੀ ਪੁਸਤਕਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਸਹੀ ਢੰਗ ਨਾਲ ਪੜ੍ਹੇ ਤਾਂ ਜੋ ਸਮੇਂ ਅਤੇ ਵਾਧੂ ਖੇਚਲ ਦੀ ਬੱਚਤ ਹੋ ਸਕੇ।

ਲੇਖਕ ਦੀ ਨਵੇਂ ਖੋਜਾਰਥੀਆਂ ਨੂੰ ਰਾਇ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੇ ਨਿਗਰਾਨ ਨਾਲ ਸਲਾਹ ਮਸ਼ਵਰਾ ਕਰਨ ਕਿ ਉਹ ਕੀ ਪੜ੍ਹੇ। ਦੂਸਰੇ ਨੰਬਰ ਤੇ ਆਪਣੇ ਖੋਜ ਵਿਸ਼ੇ ਦੀ ਸੀਮਾ ਨੂੰ ਧਿਆਨ ਨਾਲ ਸਮਝੇ ਤੇ ਉਸ ਖੇਤਰ ਤੋਂ ਬਾਹਰ ਦੀਆਂ ਪੁਸਤਕਾਂ ਨੂੰ ਛੱਡ ਦੇਵੇ। ਆਪਣੇ ਵਿਸ਼ੇ ਨਾਲ ਸੰਬੰਧਤ ਦੂਜੈਲੇ ਸ੍ਰੋਤਾਂ ਤੋਂ ਜਾਣਕਾਰੀ ਲੈ ਕੇ ਫਿਰ ਮੂਲ ਸ੍ਰੋਤਾਂ ਨੂੰ ਪੜ੍ਹੇ ਇਨ੍ਹਾਂ ਨੂੰ ਪੜ੍ਹਦੇ ਸਮੇਂ ਆਪਣੀ ਲੋੜ ਦੀਆਂ ਸਤਰਾਂ ਨੂੰ ਨੋਟ ਕਰਨ ਲਈ ਪ੍ਰੈਸੀ ਨੋਟ, ਸਾਰ ਨੋਟ, ਟੀਕਾ ਨੋਟ, ਖੁਲਾਸਾ ਨੋਟ, ਆਲੋਚਨਾਤਮਕ ਨੋਟ ਅਤੇ ਟੂਕ ਨੋਟ ਲਵੇ। ਲੇਖਕ ਨੇ ਹਰ ਕਿਸਮ ਦੇ ਨੋਟ ਲੈਣ ਦੀ ਵਿਧੀ ਦੱਸੀ ਹੈ ਤੇ ਮੂਲ ਖਰੜਿਆਂ/ ਪੁਸਤਕਾਂ ਵਿਚੋਂ ਆਪਣੀ ਲੋੜ ਦੀਆਂ ਸਤਰਾਂ ਲੈਣ ਅਤੇ ਉਨ੍ਹਾਂ ਨੂੰ ਆਪਣੇ ਖੋਜ-ਕਾਰਜ ਵਿਚ

ਵਰਤਣ ਦੇ ਨਿਯਮ ਵੀ ਸਮਝਾਏ ਹਨ। ਲੇਖਕ ਅਨੁਸਾਰ ਕਾਪੀ ਤੇ ਨੋਟਸ ਲੈਣ ਨਾਲੋਂ ਖੁੱਲ੍ਹੇ ਕਾਗਜ਼ਾਂ ਵਾਲੀ ਡਾਇਰੀ ਜਾਂ ਕਾਰਡਾਂ ਤੇ ਨੋਟਸ ਲੈਣੇ ਜ਼ਿਆਦਾ ਲਾਭਵੰਦ ਹੁੰਦੇ ਹਨ। ਹਰ ਕਾਰਡ 'ਤੇ ਸੰਬੰਧਤ ਟੂਕ ਦਾ ਮੁਢਲਾ ਵੇਰਵਾ ਦੇਣ ਦੀ ਵਿਧੀ ਦਾ ਵੀ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

ਇਸ ਪੁਸਤਕ ਦੇ ਸਤਵੇਂ ਅਧਿਆਇ ਵਿਚ ਵੱਖ-ਵੱਖ ਖੋਜ ਕਾਰਜਾਂ ਦੌਰਾਨ ਵਰਤੇ ਜਾਣ ਵਾਲੇ ਤਕਨੀਕੀ ਸ਼ਬਦਾਂ ਦੀ ਅੰਗਰੇਜ਼ੀ ਅਤੇ ਪੰਜਾਬੀ ਸੂਚੀ ਵਿਆਖਿਆ ਸਮੇਤ ਦਿੱਤੀ ਗਈ ਹੈ।

ਇਸ ਤੋਂ ਬਾਅਦ ਪੰਨਾ 59 ਤੋਂ ਲੈ ਕੇ ਪੰਨਾ 99 ਤੱਕ ਲੇਖਕ ਨੇ ਖੋਜ-ਪ੍ਰਬੰਧ ਦੀ ਰੂਪ ਰੇਖਾ ਦੇ ਕੇ ਆਪਣੇ ਖੋਜ ਪ੍ਰਬੰਧ 'ਮਾਰਕਸਵਾਦ ਤੋਂ ਪ੍ਰਭਾਵਿਤ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਅਧਿਐਨ (1935-60)' ਦਾ ਸੰਖੇਪ ਰੂਪ ਦੇ ਦਿੱਤਾ ਹੈ। ਇਸ ਨਮੂਨੇ ਨੂੰ ਦੇਖ ਕੇ ਨਵੇਂ ਖੋਜਾਰਥੀ ਆਪਣੇ ਖੋਜ ਕਾਰਜ ਦੀ ਰੂਪ-ਰੇਖਾ ਡੌਲ ਸਕਦੇ ਹਨ। ਰੂਪ-ਰੇਖਾ ਵਾਲੇ ਅਧਿਆਇ ਵਿਚ ਖੋਜ-ਪ੍ਰਬੰਧ ਦੇ ਨਿੱਕੇ ਤੋਂ ਨਿੱਕੇ ਹਿੱਸੇ ਦੀ ਬਣਤਰ ਬਾਰੇ ਦੱਸਿਆ ਹੈ ਏਥੋਂ ਤੱਕ ਕਿ ਮੁੱਖ ਪੰਨੇ ਦੀ ਦਿੱਖ ਅਤੇ ਹੈਡਿੰਗ, ਸਬ-ਹੈਡਿੰਗ ਬਣਾਉਣ ਤੱਕ ਦੀ ਹਦਾਇਤ ਦਿੱਤੀ ਗਈ ਹੈ। ਆਪਣੇ ਖੋਜ-ਪ੍ਰਬੰਧ ਦੇ ਸੰਖੇਪ ਸਾਰ ਵਿਚ ਮਾਰਕਸਵਾਦ ਦੇ ਸਿਧਾਂਤ, ਸੰਸਾਰ ਵਿਚ ਮਾਰਕਸਵਾਦ ਦਾ ਪ੍ਰਸਾਰ, ਫਿਰ ਭਾਰਤ ਅਤੇ ਪੰਜਾਬ ਵਿਚ ਮਾਰਕਸਵਾਦ ਦੀ ਆਮਦ ਅਤੇ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਤੇ ਇਸ ਦੇ ਵਿਸ਼ੇਸ਼ ਅਤੇ ਆਮ ਪ੍ਰਭਾਵ ਨੂੰ ਸਪੱਸ਼ਟ ਕੀਤਾ ਹੈ।

'ਖੋਜ-ਪ੍ਰਬੰਧ ਵਿਚ ਕਥਨ ਤੇ ਪੈਰ-ਟਿੱਪਣੀਆਂ' ਨਾਂ ਦੇ ਦਸਵੇਂ ਅਧਿਆਇ ਵਿਚ ਲੇਖਕ ਨੇ ਦੱਸਿਆ ਹੈ ਕਿ ਤੁਹਾਡੀ ਖੋਜ ਦਾ ਤਾਂ ਹੀ ਮੁੱਲ ਹੈ ਜੇਕਰ ਇਸ ਵਿਚ ਤੁਹਾਡੀ ਆਪਣੀ ਮੌਲਿਕ ਲਿਖਤ ਹੋਵੇ। ਪਰ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਕਈ ਵਾਰ ਦੂਸਰੇ ਵਿਦਵਾਨਾਂ ਦੀਆਂ ਰਾਵਾਂ ਜਾਂ ਹੂ-ਬਹੂ ਟੂਕਾਂ ਵੀ ਦੇਣੀਆਂ ਪੈਂਦੀਆਂ ਹਨ। ਜੇਕਰ ਟੂਕ ਚਾਰ ਸਤਰਾਂ ਤੋਂ ਛੋਟੀ ਹੋਵੇ ਤਾਂ ਉਸ ਨੂੰ ਪੁੱਠੇ ਸਿੱਧੇ ਕੌਮਿਆਂ ਵਿਚ ਦੇਣਾ ਹੈ ਪਰ ਜੇਕਰ ਟੂਕ ਚਾਰ ਸਤਰਾਂ ਤੋਂ ਵੱਡੀ ਹੋਵੇ ਤਾਂ ਉਸ ਨੂੰ ਪੈਰ੍ਹੇ ਦੇ ਰੂਪ ਵਿਚ ਛੋਟਾ ਕਰਕੇ ਲਿਖਣਾ ਹੈ। ਇਨ੍ਹਾਂ ਟੂਕਾਂ ਸੰਬੰਧੀ ਵੇਰਵਾ ਕਿਵੇਂ ਦੇਣਾ ਹੈ, ਲੇਖ ਦੇ ਅੰਤ ਤੇ ਹਵਾਲੇ ਜਾਂ ਫੁੱਟ ਨੋਟ ਦੇਣਾ ਹੈ ਤੇ ਉਸ ਵਿਚ ਕੀ-ਕੀ ਵੇਰਵੇ ਦੇਣੇ ਹਨ ਇਹ ਸਭ ਗਿਆਨ ਇਸ ਅਧਿਆਇ ਵਿਚੋਂ ਸਾਨੂੰ ਮਿਲਦਾ ਹੈ। ਜਿਥੋਂ ਹਵਾਲਾ ਦਿੱਤਾ ਗਿਆ ਹੈ ਉਸ ਪੁਸਤਕ ਦਾ ਨਾਮ, ਲੇਖਕ/ਸੰਪਾਦਕ ਦਾ ਨਾਮ, ਪ੍ਰਕਾਸ਼ਕ ਦਾ ਨਾਮ, ਪ੍ਰਕਾਸ਼ਨ ਸਾਲ ਜਾਂ ਹੋਰ ਜੋ ਵੀ ਵੇਰਵੇ, ਜਿਵੇਂ ਦੇਣੇ ਚਾਹੀਦੇ ਹਨ, ਲੇਖਕ ਨੇ ਪੂਰੀ ਜਾਣਕਾਰੀ ਦਿੱਤੀ ਹੈ ਜੋ ਕਿ ਨਵੇਂ ਖੋਜਾਰਥੀਆਂ ਲਈ ਬੜੀ ਲਾਹੇਵੰਦੀ ਹੈ।

'ਪੁਸਤਕ-ਸੂਚੀ ਕਿਵੇਂ ਤਿਆਰ ਕਰੀਏ ?' ਇਸ ਗਿਆਰਵੇਂ ਅਧਿਆਇ ਵਿਚ ਲੇਖਕ ਨੇ ਦੱਸਿਆ ਹੈ ਕਿ ਪੁਸਤਕ ਸੂਚੀ ਖੋਜ ਕਾਰਜ ਦੌਰਾਨ ਕੀਤੀ ਮਿਹਨਤ ਦਾ ਸਬੂਤ ਹੁੰਦੀ ਹੈ ਇਸ ਲਈ ਸਬੂਤ ਓਨਾ ਹੀ ਦਿਓ ਜਿਨੀ ਮਿਹਨਤ ਕੀਤੀ ਹੈ ਭਾਵ ਇਹ ਕਿ ਜੋ ਪੁਸਤਕਾਂ ਦੇਖੀਆਂ/ਪੜੀਆਂ ਨਹੀਂ ਉਨ੍ਹਾਂ ਦਾ ਵੇਰਵਾ ਵੀ ਨਾ ਦਿਓ। ਲੇਖਕ ਨੇ ਦੱਸਿਆ ਹੈ ਕਿ ਕੁਝ ਯੂਨੀਵਰਸਿਟੀਆਂ ਖੋਜ ਕਾਰਜ ਦੇ ਸ਼ੁਰੂ ਵਿਚ ਹੀ ਆਰਜੀ ਰੂਪ-ਰੇਖਾ ਦੇ ਨਾਲ ਪੁਸਤਕ ਸੂਚੀ ਮੰਗ ਲੈਂਦੀਆਂ ਹਨ। ਇੱਕ ਪੁਸਤਕ ਸੂਚੀ ਤੁਸਾਂ ਖੋਜ ਕਾਰਜ ਦੇ ਅੰਤ ਤੇ ਖੋਜ-ਪ੍ਰਬੰਧ ਦੇ ਅਖ਼ੀਰ ਵਿਚ ਦੇਣੀ ਹੁੰਦੀ ਹੈ। ਇਸ ਲਈ ਖੋਜ ਕਾਰਜ ਦੇ ਸ਼ੁਰੂ ਵਿਚ ਹੀ ਆਪਣੇ ਖੋਜ ਵਿਸ਼ੇ ਨਾਲ ਸੰਬੰਧਤ ਤੁਸੀਂ ਜੋ ਵੀ ਪੁਸਤਕਾਂ ਪੜ੍ਹਦੇ ਵੇਖਦੇ ਹੋ ਉਨ੍ਹਾਂ ਬਾਰੇ ਮੁੱਢਲੀ ਜਾਣਕਾਰੀ ਜਿਵੇਂ ਕਿ ਪੁਸਤਕ ਦਾ ਨਾਮ, ਲੇਖਕ ਜਾਂ ਸੰਪਾਦਕ ਦਾ ਨਾਮ, ਪ੍ਰਕਾਸ਼ਕ ਦਾ ਨਾਮ ਅਤੇ ਪ੍ਰਕਾਸ਼ਨ ਸਾਲ ਆਦਿ ਨੋਟ ਕਰਦੇ ਜਾਵੋ। ਇਨ੍ਹਾਂ ਦੀ ਸਹਾਇਤਾ ਨਾਲ ਬਾਅਦ ਵਿਚ ਪੁਸਤਕ ਸੂਚੀ ਬਣਾਈ ਜਾਵੇਗੀ। ਲੇਖਕ ਅਨੁਸਾਰ ਪੁਸਤਕ ਸੂਚੀਆਂ ਚਾਰ ਕਿਸਮ ਦੀਆਂ ਹੁੰਦੀਆਂ ਹਨ। ਸਾਧਾਰਨ ਪੁਸਤਕ ਸੂਚੀ, ਉਧਰਿਤ ਪੁਸਤਕ ਸੂਚੀ, ਚੋਣਵੀਂ ਤੇ ਵਰਗੀਕ੍ਰਿਤ ਪੁਸਤਕ ਸੂਚੀ ਅਤੇ ਆਲੋਚਨਾਤਮਕ ਪੁਸਤਕ ਸੂਚੀ। ਆਮ ਤੌਰ 'ਤੇ ਸਾਧਾਰਣ ਪੁਸਤਕ ਸੂਚੀ ਹੀ ਬਣਾਈ ਜਾਂਦੀ ਹੈ ਜਿਸ ਵਿਚ ਹਰ ਪੜ੍ਹੀ-ਦੇਖੀ ਪੁਸਤਕ ਨੂੰ ਅੱਖਰ ਕ੍ਰਮ ਅਨੁਸਾਰ ਲਿਖ ਦਿੱਤਾ ਜਾਂਦਾ ਹੈ, ਇਸ ਤਰ੍ਹਾਂ

ਅਕਸਰ ਜ਼ਿਆਦਾ ਪੁਸਤਕਾਂ ਦਾ ਜ਼ਿਕਰ ਹੋ ਜਾਂਦਾ ਹੈ, ਜਿਸ ਦਾ ਪ੍ਰੀਖਿਅਕ ਤੇ ਚੰਗਾ ਪ੍ਰਭਾਵ ਨਹੀਂ ਪੈਂਦਾ ਇਸ ਲਈ ਕਈ ਖੋਜਾਰਥੀ ਦੂਸਰੀ ਕਿਸਮ ਦੀ ਪੁਸਤਕ ਸੂਚੀ ਬਣਾਉਂਦੇ ਹਨ ਜਿਸ ਵਿਚ ਕੇਵਲ ਉਹੀ ਪੁਸਤਕਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਕੋਈ ਨਾ ਕੋਈ ਵੇਰਵਾ ਖੋਜ-ਪ੍ਰਬੰਧ ਵਿਚ ਦਰਜ ਕੀਤਾ ਜਾਂਦਾ ਹੈ। ਇਸ ਸੂਚੀ ਵਿਚ ਬਹੁਤ ਸਾਰੀਆਂ ਪੁਸਤਕਾਂ ਦਾ ਵੇਰਵਾ ਰਹਿ ਜਾਂਦਾ ਹੈ ਜਿਨ੍ਹਾਂ ਤੋਂ ਕੁਝ ਨਾ ਕੁਝ ਸਮਝਿਆ ਜਾਂਦਾ ਹੈ ਪਰ ਆਪਣੇ ਖੋਜ-ਪ੍ਰਬੰਧ ਵਿਚ ਜ਼ਿਕਰ ਨਹੀਂ ਕੀਤਾ ਜਾਂਦਾ। ਤੀਜੀ ਸੂਚੀ ਵਿਚ ਸੰਬੰਧਤ ਪੁਸਤਕਾਂ ਦੀ ਵਰਗ ਵੰਡ ਕਰਕੇ ਸੂਚੀ ਬਣਾਈ ਜਾਂਦੀ ਹੈ। ਚੌਥੀ ਸੂਚੀ ਕਾਫ਼ੀ ਮਿਹਨਤ ਮੰਗਦੀ ਹੈ ਜਿਸ ਵਿਚ ਹਰ ਸੰਬੰਧਤ ਪੁਸਤਕ ਬਾਰੇ ਕੁਝ ਨਾ ਕੁਝ ਲਿਖਿਆ ਜਾਂਦਾ ਹੈ। ਅੱਗੇ ਹਰ ਪੁਸਤਕ ਬਾਰੇ ਕਿਵੇਂ ਲਿਖਣਾ ਹੈ ਇਸ ਬਾਰੇ ਚਰਚਾ ਕੀਤੀ ਗਈ ਹੈ।

ਮੌਖਿਕ ਪ੍ਰੀਖਿਆ ਜਿਸ ਨੂੰ ਆਮ ਤੌਰ 'ਤੇ ਵਾਈਵਾ ਕਿਹਾ ਜਾਂਦਾ ਹੈ ਇਸ ਬਾਰੇ ਲੇਖਕ ਦਾ ਮੱਤ ਹੈ ਕਿ ਇਸ ਰਾਹੀਂ ਯੂਨੀਵਰਸਿਟੀ ਇਹ ਦੇਖਦੀ ਹੈ ਕਿ ਖੋਜਾਰਥੀ ਨੇ ਆਪ ਮਿਹਨਤ ਕਰਕੇ ਖੋਜ-ਪ੍ਰਬੰਧ ਲਿਖਿਆ ਹੈ ਜਾਂ ਕਿਸੇ ਕੋਲੋਂ ਲਿਖਵਾਇਆ ਹੈ। ਜੇਕਰ ਖੁਦ ਲਿਖਿਆ ਹੈ ਤਾਂ ਖੋਜਾਰਥੀ ਦੀ ਸੰਬੰਧਤ ਵਿਸ਼ੇ ਬਾਰੇ ਕਿੰਨੀ ਕੁ ਸਮਝ ਬਣੀ ਹੈ ਇਹ ਵਾਈਵੇ ਦੁਆਰਾ ਹੀ ਪਤਾ ਲਗਾਇਆ ਜਾਂਦਾ ਹੈ ਇਸ ਲਈ ਖੋਜਾਰਥੀ ਨੂੰ ਵਾਈਵੇ ਸਮੇਂ ਫਿਰ ਤੋਂ ਆਪਣੇ ਖੋਜ-ਪ੍ਰਬੰਧ ਨੂੰ ਧਿਆਨ ਨਾਲ ਪੜ੍ਹ ਕੇ ਜਾਣਾ ਚਾਹੀਦਾ ਹੈ ਤੇ ਪੂਰੇ ਭਰੋਸੇ ਨਾਲ ਸਵਾਲਾਂ ਦੇ ਜੁਆਬ ਦੇਣੇ ਚਾਹੀਦੇ ਹਨ।

ਪੰਨਾ 125 ਤੋਂ 154 ਤੱਕ ਲੇਖਕ ਨੇ 'ਸਾਹਿਤ-ਆਲੋਚਨਾ' ਭਾਗ ਅਧੀਨ ਸਾਹਿਤ ਦਾ ਅਧਿਐਨ ਕਰਨ ਲਈ ਪ੍ਰਾਪਤ ਸਾਹਿਤ ਅਧਿਐਨ ਵਿਧੀਆਂ ਬਾਰੇ ਲਿਖਿਆ ਹੈ ਇਸ ਦੂਸਰੇ ਭਾਗ ਦੇ ਪਹਿਲੇ ਅਧਿਆਇ ਵਿਚ ਲੇਖਕ ਨੇ 'ਸਾਹਿਤ ਆਲੋਚਨਾ' ਨੂੰ ਵੀ ਸਾਹਿਤ ਖੋਜ ਦਾ ਹੀ ਇੱਕ ਭਾਗ ਦੱਸਿਆ ਹੈ। ਜਿਵੇਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਾਹਿਤ ਖੋਜ, ਸਾਹਿਤ ਇਤਿਹਾਸ, ਸਾਹਿਤ ਆਲੋਚਨਾ, ਅਤੇ ਸਾਹਿਤ ਸਿਧਾਂਤਕਾਰੀ ਰਲਗੱਡ ਰੂਪ ਵਿਚ ਸ਼ੁਰੂ ਹੋਏ ਸਨ, ਇਹ ਸਮੂਹਕਵਾਦੀ ਸੋਚ ਵੀਹਵੀਂ ਸਦੀ ਦੇ ਅੰਤ ਤੱਕ ਵੀ ਸਾਡੇ ਵਿਦਵਾਨਾਂ ਦਾ ਪਿੱਛਾ ਨਹੀਂ ਛੱਡਦੀ। ਅਜ ਇਹ ਚਾਰੇ ਖੇਤਰ ਵੱਖ-ਵੱਖ ਰੂਪ ਵਿਚ ਕਾਰਜਸ਼ੀਲ ਹਨ। ਇਸ ਪੁਸਤਕ ਵਿਚ ਇਹ ਇਕੱਠੇ ਵਿਚਰ ਰਹੇ ਹਨ ਕਿਉਂਕਿ ਪੰਨਾ 125 ਤੇ ਲੇਖਕ ਲਿਖਦਾ ਹੈ ਕਿ, 'ਸਾਹਿਤ ਦੀ ਖੋਜ ਅਤੇ ਸਾਹਿਤ ਦੀ ਆਲੋਚਨਾ ਇਕੋ ਕਾਰਜ ਦੇ ਦੋ ਪਾਸੇ ਹਨ, ਦੋਵੇਂ ਇੱਕ ਦੂਜੇ ਦੇ ਪੂਰਕ ਹਨ ਤੇ ਇਸੇ ਲਈ ਅੰਤਰ-ਸੰਬੰਧਤ ਹਨ। ਦੋਹਾਂ ਦਾ ਵਸਤੂ ਹੈ ਸਾਹਿਤ, ਤੇ ਦੋਹਾਂ ਦਾ ਵਿਸ਼ਾ ਸਾਹਿਤ-ਤੱਥ ਖੋਜ, ਸਾਹਿਤ-ਪਾਠ ਦੀ ਪਛਾਣ, ਵਿਆਖਿਆ, ਮੁਲੰਕਣ, ਸਾਹਿਤ-ਸਿਧਾਂਤ ਦੀ ਸਥਾਪਨਾ ਤੇ ਆਲੋਚਨਾ ਪਾਠਾਂ ਦੀ ਸਿਰਜਣਾ।' ਸੋ ਲੇਖਕ ਅਨੁਸਾਰ ਖੋਜਾਰਥੀ ਨੇ ਸਿਰਫ਼ ਸਾਹਿਤਕ ਤੱਥਾਂ ਨੂੰ ਹੀ ਨਹੀਂ ਲੱਭਣਾ ਹੁੰਦਾ ਸਗੋਂ ਸਾਹਿਤ ਵਿਚੋਂ ਸਾਹਿਤਕਤਾ ਨੂੰ ਵੀ ਲੱਭਣਾ ਹੁੰਦਾ ਹੈ। ਲੇਖਕ ਨੇ ਪੱਛਮੀ ਵਿਦਵਾਨਾਂ ਦੀਆਂ ਟੂਕਾਂ ਦੇ ਕੇ ਆਲੋਚਨਾ ਅਤੇ ਆਲੋਚਕ ਦੀ ਮਹੱਤਤਾ ਦੱਸ ਕੇ ਸਪੱਸ਼ਟ ਕੀਤਾ ਹੈ ਕਿ ਪਹਿਲੇ ਸਮੇਂ ਵਿਚ ਆਲੋਚਨਾ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ ਪਰ ਹੁਣ ਆਲੋਚਕ ਅਤੇ ਆਲੋਚਨਾ ਦਾ ਮੁੱਲ ਪੈ ਰਿਹਾ ਹੈ। ਆਲੋਚਨਾ ਵੀ ਮੰਡੀ ਦੀ ਵਸਤ ਬਣ ਰਹੀ ਹੈ। ਰਚਨਾਤਮਕ ਰੁਚੀ ਅਧੀਨ ਅਜਿਹੇ ਆਲੋਚਨਾ ਪਾਠ ਰਚੇ ਜਾ ਰਹੇ ਹਨ ਜੋ ਸਾਹਿਤ ਪਾਠਾਂ ਦੇ ਪੂਰਕ ਬਣ ਰਹੇ ਹਨ।

'ਸਾਹਿਤ-ਆਲੋਚਨਾ-ਵਿਧੀਆਂ' ਇਸ ਅਧਿਆਇ ਵਿਚ ਲੇਖਕ ਨੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਸਾਹਿਤ ਅਧਿਐਨ ਲਈ ਵੱਖ-ਵੱਖ ਸਮੇਂ ਤੇ ਵੱਖ-ਵੱਖ ਅਧਿਐਨ ਵਿਧੀਆਂ ਪ੍ਰਚੱਲਤ ਰਹੀਆਂ ਹਨ। ਵਿਧੀਆਂ ਦੀ ਵੱਖਰਤਾ ਪਿੱਛੇ ਮੁੱਖ ਤੌਰ 'ਤੇ ਤਿੰਨ ਕਾਰਨ ਦੱਸੇ ਹਨ।

1. ਆਲੋਚਕਾਂ ਦੀ ਵੱਖ-ਵੱਖ ਵਿਸ਼ਿਆਂ ਵਿਚ ਵਿਸ਼ੇਸ਼ੱਗਤਾ
2. ਆਲੋਚਕਾਂ ਦਾ ਵੱਖਰਾ ਜੀਵਨ ਦ੍ਰਿਸ਼ਟੀਕੋਣ/ਫਿਲਾਸਫੀ ਅਤੇ
3. ਆਲੋਚਨਾ ਵਿਸ਼ਿਆਂ ਦੀ ਵੱਖਰਤਾ।

ਇਨ੍ਹਾਂ ਤੋਂ ਬਿਨਾ ਆਲੋਚਨਾ ਵਿਧੀਆਂ ਦੀ ਵੱਖਰਤਾ ਵਿਚ ਸਮੇਂ ਦਾ ਵੀ ਪ੍ਰਭਾਵ ਪੈਂਦਾ ਹੈ। ਸਮੇਂ ਦੇ ਬਦਲਣ ਨਾਲ ਜੀਵਨ ਦੇ ਹਾਲਾਤ ਬਦਲਦੇ ਹਨ ਹਾਲਾਤਾਂ ਨਾਲ ਦ੍ਰਿਸ਼ਟੀਕੋਣ ਅਤੇ ਅਧਿਐਨ ਵਿਧੀਆਂ ਬਦਲਦੀਆਂ ਹਨ। ਲੇਖਕ ਨੇ ਪੰਜਾਬੀ ਵਿਚ 'ਸਮੀਖਿਆ ਪ੍ਰਣਾਲੀਆਂ' ਅਤੇ 'ਸਾਹਿਤ ਅਧਿਐਨ ਪ੍ਰਣਾਲੀਆਂ' ਪੁਸਤਕਾਂ ਵਿਚ ਦਰਜ ਅਧਿਐਨ ਵਿਧੀਆਂ ਦਾ ਸੰਖੇਪ ਜ਼ਿਕਰ ਕੀਤਾ ਹੈ।

'ਸਾਹਿਤ-ਪਾਠ ਦੀ ਸੰਪਾਦਨ-ਵਿਧੀ' ਅਧਿਆਇ ਵਿਚ ਲੇਖਕ ਨੇ ਖੇਤਰੀ ਖੋਜ ਕਾਰਜ ਰਾਹੀਂ ਪੁਰਾਤਨ ਹੱਥ ਲਿਖਤ ਖਰੜਿਆਂ ਨੂੰ ਲੱਭਣ ਉਪਰੰਤ ਉਨ੍ਹਾਂ ਨੂੰ ਸੋਧ ਸੰਵਾਰ ਕੇ ਪ੍ਰਮਾਣਿਕ ਪਾਠ ਤਿਆਰ ਕਰਕੇ ਪਾਠਕਾਂ ਲਈ ਮੁੜ ਪੇਸ਼ ਕਰਨ ਅਤੇ ਵਾਰ-ਵਾਰ ਪ੍ਰਕਾਸ਼ਿਤ ਰਚਨਾਵਾਂ ਦੀਆਂ ਗਲਤੀਆਂ ਨੂੰ ਸੋਧ ਕੇ ਪ੍ਰਕਾਸ਼ਿਤ ਕਰਨ ਦੀ ਜ਼ਰੂਰਤ ਅਤੇ ਵਿਧੀ ਦਾ ਵਰਣਨ ਕੀਤਾ ਹੈ।

'ਸਨਾਤਨੀ ਸਮੀਖਿਆ-ਸ਼ਾਸਤਰ' ਅਧਿਆਇ ਵਿਚ ਲੇਖਕ ਨੇ ਭਾਰਤੀ ਅਤੇ ਪੱਛਮੀ ਪੁਰਾਤਨ ਸਾਹਿਤ ਸ਼ਾਸਤਰ ਦੀ ਸੰਖੇਪ ਵਿਆਖਿਆ ਕੀਤੀ ਹੈ। 'ਆਧੁਨਿਕ ਸਾਹਿਤ-ਆਲੋਚਨਾ' ਅਧਿਆਇ ਵਿਚ ਲੇਖਕ ਨੇ ਵੀਹਵੀਂ ਸਦੀ ਵਿਚ ਪ੍ਰਚਲਿਤ ਪ੍ਰਮੁੱਖ ਸਾਹਿਤ ਅਧਿਐਨ ਵਿਧੀਆਂ ਦੀ ਸੰਖੇਪ ਵਿਆਖਿਆ ਕੀਤੀ ਹੈ ਅਤੇ ਦੱਸਿਆ ਹੈ ਕਿ ਮਾਰਕਸਵਾਦੀ ਅਧਿਐਨ ਪ੍ਰਣਾਲੀ ਬਾਕੀਆਂ ਦੇ ਮੁਕਾਬਲੇ ਜ਼ਿਆਦਾ ਸਹੀ ਨਤੀਜੇ ਦਿੰਦੀ ਹੈ।

ਅਪੈਂਡਿਕਸ 1, 2 ਅਤੇ 3 ਵਿਚ ਲੇਖਕ ਨੇ ਕਰਮਵਾਰ ਡਾ. ਯੋਗਰਾਜ ਸਿੰਘ ਦੀ ਪੁਸਤਕ ਸੁਹਜ-ਸ਼ਾਸਤਰੀ ਸਮੀਖਿਆ ਦੀ ਨਵੀਂ ਸੰਭਾਵਨਾ, ਡਾ. ਰਘੁਬੀਰ ਢੰਡ ਦੀ ਪੁਸਤਕ ਸਾਹਿਤ ਤੇ ਸਿਆਸਤ ਦਾ ਸਮਾਜਵਾਦੀ ਪਰਿਪੇਖ ਅਤੇ ਡਾ. ਸੁਖਦੇਵ ਸਿੰਘ ਦੀ ਪੁਸਤਕ ਤਲਾਸ਼ ਪੰਜਾਬੀ ਕਾਵਿ-ਸ਼ਾਸਤਰ ਦੀ, ਬਾਰੇ ਆਪਣੇ ਲੇਖ ਪ੍ਰਕਾਸ਼ਿਤ ਕੀਤੇ ਹਨ ਜੋ ਉਨ੍ਹਾਂ ਨੇ ਵੱਖ-ਵੱਖ ਸਮੇਂ ਲਿਖੇ ਹੋਣਗੇ ਤੇ ਕਿਤੇ ਹੋਰ ਪ੍ਰਕਾਸ਼ਿਤ ਕਰਵਾਏ ਹੋਣਗੇ। ਇਨ੍ਹਾਂ ਪੁਸਤਕਾਂ ਨਾਲ ਪੰਜਾਬੀ ਸਾਹਿਤ ਸਮੀਖਿਆ ਦਾ ਨਵਾਂ ਮਾਰਕਸਵਾਦੀ ਮੁਹਾਂਦਰਾ ਨਿੱਖਰ ਰਿਹਾ ਹੈ ਅਤੇ ਪੰਜਾਬੀ ਸਾਹਿਤ ਅਧਿਐਨ ਦੇ ਨਵੇਂ ਪਾਸਾਰ ਖੁੱਲ੍ਹ ਰਹੇ ਹਨ।

ਜੇਕਰ ਇਸ ਪੁਸਤਕ ਦੇ ਸਮੁੱਚੇ ਅਧਿਐਨ ਨੂੰ ਸੂਤਰਿਕ ਰੂਪ ਵਿਚ ਪੇਸ਼ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ

1. ਪੰਜਾਬੀ ਖੋਜ ਸਾਹਿਤ ਦੇ ਇਤਿਹਾਸ ਵਿਚ ਇਹ ਦੂਸਰੀ ਮਹੱਤਵਪੂਰਨ ਪੁਸਤਕ ਹੈ।
2. ਇਹ ਪੁਸਤਕ ਲੇਖਕ ਦੇ ਵੱਖ-ਵੱਖ ਸਮੇਂ ਲਿਖੇ/ਪੜ੍ਹੇ ਲੇਖਾਂ ਦਾ ਸੰਗ੍ਰਹਿ ਹੈ।
3. ਇਸ ਪੁਸਤਕ ਦੇ ਸਿੱਧਾਂਤਕ ਤੌਰ 'ਤੇ ਦੋ ਪਰ ਵਿਹਾਰਕ ਪੱਧਰ 'ਤੇ ਚਾਰ ਭਾਗ ਬਣਦੇ ਹਨ।
4. ਇਹ ਪੁਸਤਕ ਐਮ.ਫਿਲ. ਦੇ ਵਿਦਿਆਰਥੀਆਂ ਨੂੰ ਦਾਰਸ਼ਨਿਕ-ਵਿਚਾਰਧਾਰਕ ਤੇ ਤਕਨੀਕੀ ਪਹਿਲੂਆਂ ਸੰਬੰਧੀ ਸਿੱਧਾਂਤਕ ਅਗਵਾਈ ਦੇਣ ਲਈ ਲਿਖੀ ਗਈ ਹੈ।
5. ਇਹ ਪੁਸਤਕ ਪਹਿਲੀ ਵਾਰ ਨਿਰਵਿਸ਼ੇਸ਼ ਢੰਗ ਨਾਲ ਖੋਜ ਦੇ ਦਾਰਸ਼ਨਿਕ-ਵਿਚਾਰਧਾਰਕ ਪਹਿਲੂਆਂ ਤੇ ਚਰਚਾ ਕਰਦੀ ਹੈ ਅਤੇ ਮਾਰਕਸਵਾਦੀ ਚਿੰਤਨ ਦੀ ਪ੍ਰਸੰਗਿਕਤਾ ਨੂੰ ਖੋਲਦੀ ਹੈ।
6. ਲੇਖਕ ਖੋਜ-ਕਾਰਜ ਨੂੰ ਰਚਨਾਤਮਕ ਕਾਰਜ ਦੇ ਬਰਾਬਰ ਦੱਸਦਾ ਹੈ ਅਤੇ ਖੋਜੀ ਨੂੰ ਨਿਰਲੇਪ ਹੋ ਕੇ ਖੋਜ-ਕਾਰਜ ਕਰਨ ਦੀ ਸਲਾਹ ਦਿੰਦਾ ਹੈ।
7. ਲੇਖਕ ਇਹ ਤਸਲੀਮ ਕਰਦਾ ਹੈ ਕਿ ਪੰਜਾਬੀ ਵਿਚ ਮੌਲਿਕ ਸਿੱਧਾਂਤ ਚਿੰਤਨ ਦੀ ਘਾਟ ਰਹੀ ਹੈ।
8. ਲੇਖਕ ਫਿਲਾਸਫੀ/ਦਰਸ਼ਨ ਸ਼ਾਸਤਰ ਨੂੰ ਗਿਆਨ ਦਾ ਮੁੱਢਲਾ ਸ੍ਰੋਤ ਮੰਨਦਾ ਹੈ।
9. ਖੇਤਰੀ ਖੋਜ-ਕਾਰਜ ਦੀਆਂ ਵਿਧੀਆਂ ਨੂੰ ਪਹਿਲੀ ਵਾਰ ਇਸ ਪੁਸਤਕ ਵਿਚ ਵਿਚਾਰਿਆ ਗਿਆ ਹੈ। ਭਾਵੇਂ ਇਹ ਵਿਚਾਰ-ਚਰਚਾ ਬਹੁਤ ਸੰਖੇਪ ਰਹੀ ਹੈ।
10. ਆਪਣੇ ਸਮੁੱਚੇ ਖੋਜ-ਕਾਰਜ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨਾ ਇਸ ਪੁਸਤਕ ਨੂੰ ਬੇਲੋੜਾ ਵਿਸਤਾਰ ਦੇ ਗਿਆ ਹੈ।

11. ਲੇਖਕ ਖੋਜ-ਵਿਧੀਆਂ, ਸਾਹਿਤ-ਅਧਿਐਨ-ਵਿਧੀਆਂ, ਅਤੇ ਸਾਹਿਤ ਅਧਿਐਨ ਨੂੰ ਰਲਗੱਡ ਰੂਪ ਵਿਚ ਵਿਚਾਰਦਾ ਹੈ।

ਸੋ ਅੰਤ ਤੇ ਅਸੀਂ ਕਹਿ ਸਕਦੇ ਹਾਂ ਕਿ ਡਾ. ਕੇਸਰ ਸਿੰਘ ਕੇਸਰ ਦੀ ਇਹ ਪੁਸਤਕ ਪੰਜਾਬੀ ਖੋਜ-ਸਾਹਿਤ ਨੂੰ ਇੱਕ ਕਦਮ ਅਗਾਂਹ ਲੈ ਜਾਂਦੀ ਹੈ। ਜਿਥੇ ਪਹਿਲੀ ਖੋਜ-ਪੁਸਤਕ ਆਪਣੇ ਅਧਿਐਨ ਦਾ ਕੇਂਦਰੀ ਧੁਰਾ ਹੱਥ-ਲਿਖਤ ਖਰੜਿਆਂ ਨੂੰ ਮੰਨਦੀ ਸੀ ਉਥੇ ਇਹ ਪੁਸਤਕ ਖੇਤਰੀ ਖੋਜ ਕਾਰਜ ਦੀ ਪਛਾਣ ਕਰਦੀ ਹੋਈ ਖੋਜ-ਕਾਰਜ ਪਿੱਛੇ ਕੰਮ ਕਰਦੇ ਵਿਚਾਰਧਾਰਕ ਪਹਿਲੂਆਂ ਨੂੰ ਵੀ ਅਗਰਭੂਮੀ ਵਿਚ ਲਿਆਉਂਦੀ ਹੈ। ਇਸ ਪੁਸਤਕ ਵਿਚੋਂ ਮਾਰਕਸਵਾਦੀ ਦਰਸ਼ਨ ਦੀ ਜੀਵਨ ਅਤੇ ਸਾਹਿਤ ਵਿਚ ਮਹੱਤਤਾ ਸਪੱਸ਼ਟ ਹੁੰਦੀ ਹੈ। ਸੋ ਇਹ ਪੁਸਤਕ ਪੰਜਾਬੀ ਖੋਜ-ਸਾਹਿਤ ਦੀ ਮਹੱਤਵਪੂਰਨ ਪੁਸਤਕ ਹੈ ਜੋ ਖੋਜਾਰਥੀਆਂ ਦੀ ਤਕਨੀਕੀ ਅਗਵਾਈ ਦੇ ਨਾਲ-ਨਾਲ ਵਿਚਾਰਧਾਰਕ ਅਗਵਾਈ ਵੀ ਕਰਦੀ ਹੈ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਖੋਜ ਸਾਹਿਤ ਦੀਆਂ ਇਹ ਮੁਢਲੀਆਂ ਪੁਸਤਕਾਂ ਪੰਜਾਬੀ ਖੋਜ ਸਾਹਿਤ ਲਈ ਮੁਢਲਾ ਪਿੜ ਬੰਨਦੀਆਂ ਹਨ। ਖੋਜ ਸਾਹਿਤ ਦੀ ਅਣਹੋਂਦ ਵਿਚ ਇਨ੍ਹਾਂ ਵਿਦਵਾਨ ਲੇਖਕਾਂ ਵਲੋਂ ਕੀਤਾ ਗਿਆ ਮੁਢਲਾ ਕੰਮ ਆਪਣੀ ਇਤਿਹਾਸਕ ਮਹੱਤਤਾ ਰੱਖਦਾ ਹੈ। ਪੰਜਾਬੀ ਭਾਸ਼ਾ, ਸਾਹਿਤ, ਅਤੇ ਖੋਜ ਦੇ ਵਿਕਾਸ ਲਈ ਪੂਰੀ ਤਰ੍ਹਾਂ ਸਮਰਪਿਤ ਇਨ੍ਹਾਂ ਲੇਖਕਾਂ ਦੀ ਦਿਆਨਤਦਾਰੀ ਹੈ ਕਿ ਇਨ੍ਹਾਂ ਨੇ ਆਪਣੇ ਕੰਮ ਦੇ ਮੌਲਿਕ ਹੋਣ ਦਾ ਦਾਅਵਾ ਨਹੀਂ ਕੀਤਾ ਸਗੋਂ ਅੰਗਰੇਜ਼ੀ ਅਤੇ ਹਿੰਦੀ ਸਾਹਿਤ ਦੇ ਵਿਦਵਾਨਾਂ ਤੋਂ ਵਿਚਾਰ ਲਏ ਹੋਣ ਨੂੰ ਸਵੀਕਾਰ ਕੀਤਾ ਹੈ। ਆਉ ਦਰਸ਼ਨ ਸ਼ਾਸਤਰ ਤੋਂ ਆਪਣੀ ਲੋੜ ਦੀ ਸੂਝ ਲੈ ਕੇ ਦੁਨੀਆਂ ਦੀਆਂ ਵਿਕਸਤ ਖੋਜ-ਤਕਨੀਕਾਂ ਸਿੱਖ ਕੇ ਇੱਕ ਆਪਣੇ ਹਾਣ ਦਾ ਖੋਜ-ਸ਼ਾਸਤਰ ਉਸਾਰਨ ਵੱਲ ਅਗਲਾ ਕਦਮ ਚੁੱਕੀਏ।

# ਸਾਹਿਤ ਅਧਿਐਨ ਦੀ ਮਿਥ-ਵਿਗਿਆਨਕ ਵਿਧੀ

—ਡਾ. ਪਰਦੀਪ ਕੌਰ*

ਵਿਸ਼ਵ ਦੇ ਹਰ ਖਿੱਤੇ ਵਿਚ ਸੰਸਾਰ ਦੇ ਮੂਲ ਸੰਬੰਧੀ ਪਹਿਲਾ ਭਾਸ਼ਾਈ ਉਚਾਰ ਮਿਥਾਂ ਰਾਹੀਂ ਪ੍ਰਸਤੁਤ ਹੋਇਆ ਹੈ। ਇਸ ਤੋਂ ਬਾਅਦ ਇਹ ਧਰਮ, ਸਾਇੰਸ, ਸਮਾਜ-ਸ਼ਾਸਤਰ, ਮਾਨਵ-ਵਿਗਿਆਨ, ਮਨੋ-ਵਿਗਿਆਨ, ਭਾਸ਼ਾ-ਵਿਗਿਆਨ, ਅਰਥ-ਵਿਗਿਆਨ ਤੇ ਕਲਾ ਦੇ ਹੋਰ ਮਾਧਿਅਮਾਂ ਰਾਹੀਂ ਆਕਾਰ-ਨੁਹਾਰ ਗ੍ਰਹਿਣ ਕਰਦਾ ਹੈ।

ਜੇ ਉਪਰੋਕਤ ਟਿੱਪਣੀ 'ਤੇ ਗੌਰ ਕਰੀਏ ਤਾਂ ਇਹ ਜਾਣਨਾ ਮਹੱਤਵਪੂਰਨ ਹੋ ਜਾਂਦਾ ਹੈ ਕਿ ਕੀ ਹਰ ਅਨੁਸ਼ਾਸਨ ਦਾ ਮੂਲ ਮਿਥ ਦੇ ਕੇਂਦਰ ਬਿੰਦੂ ਤੱਕ ਪਹੁੰਚ ਜਾਂਦਾ ਹੈ ? ਜਵਾਬ ਹੈ—ਨਿਸ਼ਚੇ ਹੀ 'ਹਾਂ'। ਇਸ ਉਪਰੰਤ ਹਰ ਅਨੁਸ਼ਾਸਨ ਮਿਥ ਦੇ ਸਿੱਧਾਂਤਕ ਤੇ ਸੰਰਚਨਾਤਮਕ ਪੈਟਰਨ ਦੀਆਂ ਗਹਿਨ ਪਰਤਾਂ ਨੂੰ ਉਘਾੜਦਾ ਰਿਹਾ। ਇਨ੍ਹਾਂ ਪਰਤਾਂ ਨੇ ਮਿਥ ਦੇ ਸਿੱਧਾਂਤ ਤੇ ਸੰਰਚਨਾ ਨੂੰ ਜਟਿਲ ਸੂਤਰ ਵਿਚ ਬੰਨ੍ਹ ਦਿੱਤਾ, ਜਿਸ ਦਾ ਨਤੀਜਾ ਮਿਥ ਨੂੰ ਇੱਕ ਸਰਵ-ਪ੍ਰਵਾਨਿਤ ਪਰਿਭਾਸ਼ਾ ਵਿਚ ਸਮੇਟਣ ਦੀ ਅਸਮਰਥਾ ਵਿਚ ਨਿਕਲਿਆ। ਮਿਥ ਕੀ ਹੈ ? ਇਸ ਦਾ ਸਰੂਪ/ਪ੍ਰਕਿਰਤੀ ਕੀ ਹੈ ? ਤੇ ਹਥਲੇ ਪਰਚੇ ਦੇ ਸੰਦਰਭ ਵਿਚ ਸਭ ਤੋਂ ਅਹਿਮ ਸਵਾਲ ਮਿਥ ਦਾ ਸਾਹਿਤ ਨਾਲ ਕੀ ਤਾਅਲੁਕ ਹੈ ? ਤੇ ਇਹ ਸਾਹਿਤ ਅਧਿਐਨ ਪ੍ਰਣਾਲੀਆਂ ਵਿਚ ਆਪਣੀ ਥਾਂ ਕਿਵੇਂ ਬਣਾਉਂਦੀ ਹੈ ? ਇਨ੍ਹਾਂ ਤਮਾਮ ਸਵਾਲਾਂ ਨੂੰ ਜਾਂਚਣਾ ਪਰਖਣਾ ਤੇ ਨਿਸ਼ਕਰਸ਼ ਤੱਕ ਪਹੁੰਚਣ ਦੀ ਕੋਸ਼ਿਸ਼ ਇਸ ਖੋਜ-ਪੱਤਰ ਦਾ ਅਹਿਮ ਉਪਰਾਲਾ ਹੋਵੇਗਾ।

ਚਿੰਤਕ ਇਸ ਤਰਕ ਨੂੰ ਸਹਿਜੇ ਹੀ ਪ੍ਰਵਾਨ ਕਰਦੇ ਹਨ ਕਿ ਮਿਥ ਦੀ ਪੈਦਾਇਸ਼ ਮਨੁੱਖੀ ਸੂਝ ਦੀ ਹਾਣੀ ਹੈ। ਪਰੰਤੂ ਮਨੁੱਖੀ ਸੂਝ ਦੇ ਵਿਕਾਸ-ਮਾਡਲ ਦਾ ਅਧਿਐਨ ਕਰਦੇ ਹੋਏ ਉਹ ਮਿਥ ਦੇ ਵਿਕਾਸ-ਮਾਡਲ ਨੂੰ ਸਮਝਣ ਤੇ ਅਧਿਐਨ ਕਰਨ ਦੀ ਮਹੱਤਤਾ ਨੂੰ ਅਣਗੌਲਿਆਂ ਕਰ ਦਿੰਦੇ ਹਨ। ਮਿਥ ਮਹਿਜ਼ ਸ਼ਬਦ ਨਹੀਂ ਬਲਕਿ ਵਿਸਤ੍ਰਿਤ ਸੰਕਲਪ ਹੈ ਜੋ ਇਸ ਦੀਆਂ ਸ਼ਾਬਦਿਕ ਧੁਨੀਆਂ-ਮਿਥਯ, ਭਰਮ, ਨਿਸ਼ਚਿਤ ਕਰਨ ਆਦਿ ਦੀ ਮਹਿਦੂਦੀਅਤ ਨੂੰ ਤੋੜਦਾ ਹੋਇਆ ਜਟਿਲ ਅਰਥਾਂ ਦਾ ਧਾਰਣੀ ਬਣਦਾ ਹੈ। ਕਾਲ (Time) ਤੇ ਖ਼ਲਾਅ (space) ਤੋਂ ਮੁਕਤ ਚਰਿੱਤਰ ਦੀ ਧਾਰਣੀ ਹੋਣ ਦੇ ਬਾਵਜੂਦ ਮਿਥ ਦੇ ਕਾਲ ਨੂੰ ਮਾਨਵੀ ਜੀਵਨ ਦੇ ਇੱਕ ਵਿਸ਼ੇਸ਼ ਪੜਾਅ ਦੀ ਸੂਝ ਦਾ ਪਰਿਣਾਮ ਮੰਨ ਲਿਆ ਗਿਆ ਹੈ, ਜਿਸ ਦਾ ਸਿੱਟਾ ਮਿਥ ਨੂੰ ਕਥਾ, ਪੁਰਾਣ-ਕਥਾ, ਲੋਕ-ਕਥਾ ਤੇ ਦੰਤ-ਕਥਾ ਨਾਲ ਰਲਗੱਡ ਕਰ ਦਿੱਤਾ ਗਿਆ। ਭਾਰਤੀ ਸੰਸਕ੍ਰਿਤੀ ਦੇ ਸੰਦਰਭ ਵਿਚ ਵਿਦਵਾਨਾਂ ਨੇ ਮਿਥ ਨੂੰ ਹਿੰਦੂ ਮਿਥਿਹਾਸ ਤੱਕ ਸੀਮਿਤ ਕਰ ਦਿੱਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਭਾਰਤੀ ਚਿੰਤਕ ਮਿਥ ਦੇ ਵਿਕਾਸ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਇਸ ਦੀ ਪ੍ਰਕਿਰਤੀ ਸੰਬੰਧੀ ਨਿਆਂਪੂਰਵਕ ਸਿੱਟੇ ਕੱਢਣ ਤੋਂ ਵੰਚਿਤ ਹੋ ਗਏ।

ਨਿਰਸੰਦੇਹ ਮਿਥ ਅਤੇ ਧਰਮ ਦਾ ਗਹਿਰਾ ਰਿਸ਼ਤਾ ਹੈ। ਦੋਹਾਂ ਦੀ ਸਾਂਝ ਦਾ ਮੂਲ ਆਧਾਰ 'ਅਨੁਭਵ' ਹੈ। ਇਸ ਦੇ ਬਾਵਜੂਦ ਇਹ ਸਮਝਣਾ ਅਨਿਵਾਰੀ ਹੈ ਕਿ ਧਾਰਮਿਕਤਾ ਮਿਥ ਦੇ ਮਿਥ ਹੋਣ ਦੀ ਮੂਲ ਸ਼ਰਤ ਨਹੀਂ ਹੈ ਕਿਉਂਕਿ ਮਿਥ ਦੇ ਵਿਕਾਸ ਦਾ ਅਧਿਐਨ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਮਨੁੱਖੀ ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਮਿਥਾਂ ਦਾ ਸਿਰਜਣ ਹੋਇਆ ਹੈ। ਵਰਤਮਾਨ ਵਿਚ ਵੀ ਇਹ ਕ੍ਰਮ ਜਾਰੀ ਹੈ। ਆਦਿ-ਮਾਨਵ ਦੀ ਤਰ੍ਹਾਂ ਆਧੁਨਿਕ ਮਨੁੱਖ ਵੀ ਮਿਥਾਂ ਦਾ ਸਿਰਜਣ ਕਰ ਰਿਹਾ ਹੈ। ਰਾਜਸੀ ਪੱਧਰ 'ਤੇ ਲੋਕਤੰਤਰ (ਰਾਮ ਰਾਜ ਦੀ ਮਿਥ ਦਾ ਵਿਕਾਸ), ਵਿਸ਼ਵੀਕਰਣ ਦੀ ਮਿਥ,

* ਅਸਿਸਟੈਂਟ ਪ੍ਰੋਫ਼ੈਸਰ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮਨ, ਅੰਮ੍ਰਿਤਸਰ।

ਸਮਾਜਿਕ ਪੱਧਰ 'ਤੇ ਸ਼ੈਨਿਕ ਮਿਥਾਂ ਦਾ ਸਿਰਜਣ ਇਸ ਦੀ ਉੱਤਮ ਮਿਸਾਲ ਹੈ। ਸੋ ਮਿਥ ਨੂੰ ਧਰਮ ਨਾਲੋਂ ਅਲਹਿਦਾ ਕਰਕੇ ਇਸ ਦੇ ਸਰਬਾਰਥੀ ਚਰਿੱਤਰ ਨੂੰ ਸਮਝਣਾ ਜ਼ਿਆਦਾ ਲਾਹੇਵੰਦ ਹੋਵੇਗਾ ਤੇ ਨਿਸ਼ਚੇ ਹੀ ਨਿਰਣੇਜਨਕ ਸਿੱਟਿਆਂ ਵੱਲ ਨੂੰ ਸਾਰਥਕ ਕਦਮ ਵਧਾਇਆ ਜਾ ਸਕਦਾ ਹੈ। ਇਸ ਤੱਥ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਕਿ ਚਿੰਤਕਾਂ ਦੇ ਅਜਿਹੇ ਇੱਕ ਪਾਸੜ ਰੁਝਾਨ ਦੇ ਫ਼ਲਸਰੂਪ ਮਿਥ ਦਾ ਅਧਿਐਨ ਵਿਲੱਖਣ ਦਿਸ਼ਾਵਾਂ ਵਲ ਅਗਰਸਰ ਹੋਇਆ। ਚਿੰਤਕਾਂ ਵੱਲੋਂ ਮਿਥ ਨੂੰ ਪਵਿੱਤਰ ਕਥਾ, ਪੁਰਾਣ ਕਥਾ ਜਾਂ ਕਥਾ ਦੀ ਦਿੱਤੀ ਸੰਗਿਆ ਤਹਿਤ ਮਿਥ ਅਤੇ ਸਾਹਿਤ ਵਿਚਲੀ ਸਾਂਝ ਦੀ ਧੁਨੀ ਨੂੰ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ। ਹਾਲਾਂਕਿ ਮਿਥ ਅਤੇ ਸਾਹਿਤ ਦੇ ਸੰਬੰਧ ਤੇ ਅੰਤਰ-ਨਿਖੇੜ ਨੂੰ ਉਨੀ ਪ੍ਰਮਾਣਿਕਤਾ ਨਾਲ ਨਹੀਂ ਜਾਂਚਿਆ ਜਾ ਸਕਿਆ ਜਿੰਨੀ ਪ੍ਰਮਾਣਿਕਤਾ ਤੇ ਮੌਲਿਕਤਾ ਦੀ ਮੰਗ ਇਹ ਖੇਤਰ ਕਰਦਾ ਹੈ। ਇਸੇ ਦਾ ਹੀ ਸਿੱਟਾ ਹੈ ਕਿ ਇੱਕ ਪਾਸੇ ਮਿਥ ਨੂੰ ਕਥਾ ਕਿਹਾ ਜਾਂਦਾ ਰਿਹਾ ਤੇ ਦੂਜੇ ਪਾਸੇ ਰਿਗਵੇਦ ਤੇ ਮਹਾਂਕਾਵਿ (ਰਾਮਾਇਣ, ਮਹਾਂਭਾਰਤ) ਨੂੰ ਮਿਥਿਹਾਸ ਦਾ ਦਰਜਾ ਦੇ ਦਿੱਤਾ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਮਹਾਂਕਾਵਿ, ਜੋ ਭਾਰਤੀ ਕਾਵਿ ਦੇ ਅਹਿਮ ਰੂਪ ਹਨ, ਉਹ ਮਿਥਿਹਾਸ ਕਿਵੇਂ ਹੋ ਗਏ, ਜੇ ਮਿਥ ਖ਼ੁਦ ਇੱਕ ਕਾਵਿ-ਰੂਪ ਹੈ? ਇਸ ਸਵਾਲ ਦਾ ਜਵਾਬ, ਮਿਥ ਦੀ ਸੰਰਚਨਾ ਤੇ ਵਿਕਾਸ ਨੂੰ ਸਮਝੇ ਬਿਨਾ ਨਹੀਂ ਜਾਣਿਆ ਜਾ ਸਕਦਾ।

ਮਿਥ ਦੀ ਸੰਰਚਨਾ ਇਸ ਦੇ ਵਿਕਾਸ ਦੇ ਨਾਲ-ਨਾਲ ਪਰਿਵਰਤਿਤ ਹੁੰਦੀ ਹੈ। ਮਿਥ ਦਾ ਆਗਾਜ਼ ਮਿਥ ਨੂੰ ਪਰਾਭੌਤਿਕ ਲੱਛਣਾਂ ਦਾ ਧਾਰਨੀ ਬਣਾਉਂਦਾ ਹੈ ਕਿਉਂ ਜੋ ਮਿਥ ਆਦਿ-ਮਾਨਵ ਦੀ ਜੀਵਨ ਤੇ ਕੁਦਰਤ ਦੇ ਵਰਤਾਰਿਆਂ ਨੂੰ ਸਮਝਣ ਦੀ ਜਗਿਆਸਾ ਦਾ ਸਿੱਟਾ ਹੋਂਦ ਵਿਚ ਆਉਂਦੀ ਹੈ। ਇਨ੍ਹਾਂ ਵਰਤਾਰਿਆਂ ਤੇ ਬ੍ਰਹਿਮੰਡ ਦੇ ਗੁੱਝੇ ਰਹੱਸਾਂ ਨਾਲ ਸੰਬੰਧਿਤ ਜੋ ਵੀ ਸ਼ੰਕਾ ਆਦਿ-ਮਾਨਵ ਦੀ ਸੂਝ ਨੂੰ ਟੁੰਬਦਾ, ਉਸ ਸ਼ੰਕੇ ਦੇ ਜਵਾਬ ਬਿਰਤਾਂਤਕ ਸ਼ਕਲ ਅਖ਼ਤਿਆਰ ਕਰ, ਮਿਥਾਂ ਦਾ ਸਿਰਜਣ ਕਰਦੇ ਗਏ। ਜ਼ਿੰਦਗੀ ਦੇ ਬਦਲਦੇ ਰੂਪਾਂ, ਰਿਤੂ-ਚੱਕਰ, ਜੀਵਨ-ਚੱਕਰ ਤੇ ਹੋਰ ਕੁਦਰਤੀ ਰਹੱਸਾਂ ਦੇ ਮਨੁੱਖੀ ਮਾਨਸਿਕਤਾ ਵਿਚ ਰਚ ਬਸ ਜਾਣ 'ਤੇ ਮਿਥਾਂ ਮਨੁੱਖ ਦੇ ਅਨੇਕਾਂ ਸਵਾਲਾਂ ਦੇ ਜਵਾਬ ਬਣੀਆਂ, ਉੱਥੇ ਨਾਲ ਹੀ ਉਸ ਦੇ ਸ੍ਵੈ-ਬਚਾਉ ਲਈ ਰੱਖਿਆ ਕਵਚ ਵੀ ਬਣਦੀਆਂ ਰਹੀਆਂ, ਕਿਉਂਕਿ ਇਹ ਮਿਥਾਂ ਵਿਚ ਸਿਰਜਿਆ ਮੁੱਲ-ਵਿਧਾਨ ਹੀ ਸੀ ਜੋ ਮਨੁੱਖ ਨੂੰ ਸਹੀ ਤੇ ਗ਼ਲਤ ਦੀ ਸੋਝੀ ਕਰਵਾਉਂਦਾ ਹੋਇਆ ਉਸ ਦਾ ਮਾਰਗ-ਦਰਸ਼ਨ ਕਰਦਾ ਰਿਹਾ। ਪ੍ਰਸਿੱਧ ਸਮਾਜ ਸ਼ਾਸਤਰੀ ਮੈਲੀਨੋਵਸਕੀ ਨੇ ਮਿਥ ਨੂੰ ਸਮਾਜ ਦਾ ਅਨਿਵਾਰੀ ਅੰਗ ਮੰਨਿਆ ਹੈ ਤੇ ਇਸ ਨੂੰ ਮਾਨਵੀ ਵਿਹਾਰ ਲਈ ਮਰਿਆਦਾ ਪ੍ਰਦਾਨ ਕਰਨ ਵਾਲਾ ਤੇ ਮੁੱਲ ਨਿਰਧਾਰਣ ਕਰਨ ਵਾਲਾ ਸੰਵਿਧਾਨ ਕਿਹਾ। ਉਸ ਅਨੁਸਾਰ ਮਿਥ ਪ੍ਰਤੀਕਾਤਮਕ ਹੀ ਨਹੀਂ ਬਲਕਿ ਆਪਣੇ ਅੰਦਰ ਨਿਹਿਤ ਵਿਸ਼ੈ ਦਾ ਪ੍ਰਤੱਖ ਪ੍ਰਗਟਾਅ ਕਰਨ ਦੇ ਵੀ ਸਮਰਥ ਹੁੰਦੀ ਹੈ। ਇਹ ਆਦਿ-ਕਾਲੀਨ ਯਥਾਰਥ ਦਾ ਬਿਰਤਾਂਤਕ ਪੁਨਰ-ਉੱਥਾਨ ਹੁੰਦੀ ਹੈ। ਮਾਨਵ ਦੀਆਂ ਆਧਾਰਭੂਤ ਧਾਰਮਿਕ ਆਸਥਾਵਾਂ, ਨੈਤਿਕ ਇੱਛਾਵਾਂ, ਸਮਾਜਿਕ ਬੰਦਸ਼ਾਂ, ਮਾਨਤਾਵਾਂ ਅਤੇ ਵਿਹਾਰਕ ਜ਼ਰੂਰਤਾਂ ਦੀ ਪੂਰਤੀ ਦੇ ਸ੍ਰੋਤ ਮਿਥਾਂ ਵਿਚ ਪਰੁੱਚੇ ਮਿਲ ਜਾਂਦੇ ਹਨ। ਆਪਣੀ ਇਸ ਵਿਸ਼ੇਸ਼ਤਾ ਸਦਕਾ ਮਿਥਾਂ ਆਦਿ-ਕਾਲੀਨ ਸੰਸਕ੍ਰਿਤੀ ਦੇ ਸਿਰਜਣ ਵਿਚ ਮਨੁੱਖੀ ਸਭਿਅਤਾ ਦਾ ਬੁਨਿਆਦੀ ਤੱਤ ਬਣਦੀਆਂ ਹਨ ਤੇ ਅਨਿਵਾਰੀ ਪ੍ਰਕਾਰਜ ਨਿਭਾਉਂਦੀਆਂ ਹਨ। ਮਿਥ ਕੇਵਲ ਨਿਰਾਧਾਰ ਕਹਾਣੀ ਨਹੀਂ ਹੁੰਦੀ ਤੇ ਨਾ ਹੀ ਮਨੁੱਖ ਦੁਆਰਾ ਕੀਤੀ ਗਈ ਕੋਈ ਬੌਧਿਕ ਵਿਆਖਿਆ ਜਾਂ ਸਿਰਜੀ ਗਈ ਕਲਾਤਮਕ ਬਿੰਬਾਵਲੀ। ਇਹ ਤਾਂ ਆਦਿ-ਕਾਲੀਨ ਵਿਸ਼ਵਾਸ, ਨੈਤਿਕ-ਵਿਵੇਕ ਤੇ ਵਿਹਾਰਕ ਗਿਆਨ ਦਾ ਤੱਥਾਤਮਕ ਪਰਿਣਾਮ (Pragmatic Charter) ਹੁੰਦੀ ਹੈ, ਜਿਸਦੀ ਸਿਰਜਣਾ ਬੜੀ 'ਮੁਸ਼ੱਕਤ' ਤੇ ਡੂੰਘੇ ਤਜਰਬੇ ਨਾਲ ਹੋਈ ਹੁੰਦੀ ਹੈ।[1] ਦੁਰਖ਼ੀਮ ਨੇ ਵੀ ਮਿਥ ਨੂੰ ਸਮਾਜ ਦੀ ਸਮੂਹਿਕ ਪ੍ਰਤਿਨਿੱਧਤਾ ਕਰਨ ਵਾਲਾ ਯਥਾਰਥ ਮੰਨਿਆ ਹੈ।

ਮਿਥ ਦੇ ਵਿਗਿਆਨਕ ਚਿੰਤਨ ਵੱਲ ਪਹਿਲੀ ਸਾਰਥਕ ਪਹਿਲ ਕਦਮੀ ਕਰਨ ਵਾਲੇ ਚਿੰਤਕ

ਗਿਆਮਬਿਸਤਾ ਵੀਕੋ ਨੇ ਵੀ ਆਪਣੀ ਪੁਸਤਕ **The New Science** (1730) ਵਿਚ ਮਿਥਾਂ ਨੂੰ ਵਿਸ਼ੇਸ਼ ਇਤਿਹਾਸਕ ਕਾਲ ਦੀ ਸਮੂਹਿਕ ਮਾਨਸਿਕਤਾ ਦੀ ਅਭਿਵਿਅਕਤੀ ਮੰਨਿਆ। ਪ੍ਰਸਿੱਧ ਮਨੋਵਿਗਿਆਨੀਆਂ ਸਿਗਮੰਡ ਫ਼ਰਾਇਡ ਤੇ ਕਾਰਲ ਗੁਸਤਾਵ ਜੁੰਗ ਨੇ ਮਿਥਾਂ ਵਿਚਲੇ ਸਮੂਹਿਕ ਪ੍ਰਤਿਨਿੱਧਤਾ ਕਰਨ ਵਾਲੇ ਲੱਛਣਾਂ ਬਾਰੇ ਨਿੱਠ ਕੇ ਚਰਚਾ ਕੀਤੀ। ਫ਼ਰਾਇਡ ਨੇ ਮਨੁੱਖੀ ਮਨ ਨੂੰ ਚੇਤਨ, ਅਰਧ-ਚੇਤਨ ਤੇ ਅਵਚੇਤਨ ਵਿਚ ਵੰਡਦੇ ਹੋਏ ਮਿਥ ਤੇ ਸੁਪਨਿਆਂ ਨੂੰ ਨਿੱਜੀ ਅਵਚੇਤਨ ਨਾਲ ਜੋੜਿਆ। ਉਸ ਨੇ ਸੁਪਨਿਆਂ, ਪਰੀ-ਕਥਾਵਾਂ ਅਤੇ ਹੋਰ ਸਿਰਜਣਾਤਮਕ ਲਿਖਤਾਂ ਵਿਚਲੇ ਸੰਬੰਧਾਂ ਨੂੰ ਮਾਨਤਾ ਦਿੱਤੀ। ਇਸ ਸਿੱਧਾਂਤ ਦੀ ਪੁਸ਼ਟੀ ਉਸ ਨੇ ਆਪਣੀ ਪੁਸਤਕ Interpretation of Dreams ਵਿਚ ਇਡੀਪਸ ਦੀ ਮਿਥ ਨੂੰ ਆਧਾਰ ਬਣਾ ਕੇ ਸੁਪਨਿਆਂ ਦੇ ਵਿਸ਼ਲੇਸ਼ਣ ਨਾਲ ਕੀਤੀ। ਫ਼ਰਾਇਡ ਦੇ ਸੁਪਨ-ਸਿਧਾਂਤ ਤੇ ਮਿਥ ਦੀ ਵਿਆਖਿਆ ਕਰਦੇ ਹੋਏ ਜੋਸਫ਼ ਜੈਸਟ੍ਰਾਅ ਨੇ ਆਪਣੀ ਪੁਸਤਕ **Freud & His dream and Sex Theories** ਵਿਚ ਮਿਥਾਂ ਨੂੰ ਨਿੱਜੀ ਸੁਪਨਿਆਂ ਦੀ ਬਜਾਇ ਜਾਤੀ-ਸਮੂਹ ਦੇ ਸੁਪਨਿਆਂ ਨਾਲ ਜੋੜਿਆ। ਉਸ ਦੀ ਇਹ ਵਿਆਖਿਆ ਜੁੰਗ ਦੇ ਸਿੱਧਾਂਤ ਨਾਲ ਜ਼ਿਆਦਾ ਮੇਲ ਖਾਂਦੀ ਹੈ। ਭਾਵੇਂ ਕਿ ਜੁੰਗ ਨੇ ਫ਼ਰਾਇਡ ਦੇ ਮਾਨਵੀ ਅਵਚੇਤਨ ਮਨ ਦੀ ਧਾਰਣਾ ਨੂੰ ਸਵੀਕਾਰ ਕੀਤਾ ਪਰੰਤੂ ਉਸ ਨੇ ਅਵਚੇਤਨ ਦੇ ਵਿਅਕਤੀਗਤ ਸੰਕਲਪ ਦੇ ਮੁਕਾਬਲੇ ਸਮੂਹਿਕ ਅਵਚੇਤਨ (Collective Unconscious) ਦਾ ਸੰਕਲਪ ਦਿੱਤਾ। ਉਸ ਦੁਆਰਾ ਸਥਾਪਿਤ ਇਹ ਸੰਕਲਪ ਵਿਸ਼ੇਸ਼ ਖਿੱਤੇ ਤੱਕ ਸੀਮਿਤ ਨਹੀਂ ਬਲਕਿ ਇਹ ਸਰਵ-ਵਿਆਪੀ ਲੱਛਣਾਂ ਦਾ ਧਾਰਣੀ ਹੈ। ਉਹ ਸਮੂਹਿਕ ਅਵਚੇਤਨ ਨੂੰ ਮਿਥ ਦਾ ਮਹੱਤਵਪੂਰਨ ਤੱਤ ਮੰਨਦਾ ਹੈ। ਮਨੁੱਖ ਦੇ ਅਵਚੇਤਨ ਵਿਚ ਵੱਸੇ ਬਿੰਬਾਂ, ਪ੍ਰਤੀਕਾਂ ਤੇ ਰੂੜ੍ਹੀਆਂ ਨੂੰ ਉਹ ਆਦਿ-ਰੂਪ (archetype) ਕਹਿੰਦਾ ਹੈ ਤੇ ਮਿਥ ਨੂੰ ਇਨ੍ਹਾਂ ਆਦਿ-ਰੂਪਾਂ ਦੀ ਪੁਨਰ ਅਭਿਵਿਅਕਤੀ ਕਹਿੰਦਾ ਹੈ।[2] ਇਹ ਆਦਿ-ਰੂਪ ਮਾਨਵੀ ਸਭਿਅਤਾ ਦੁਆਰਾ ਨਿਰੰਤਰ ਦੁਹਰਾਇਆ ਗਿਆ ਅਜਿਹਾ ਕਾਰਜ ਹੁੰਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਵਿਚ ਵੀ ਜਾਰੀ ਰਹਿੰਦਾ ਹੈ। ਇਨ੍ਹਾਂ ਮਨੋਵਿਗਿਆਨੀਆਂ ਦੁਆਰਾ ਸਥਾਪਤ ਧਾਰਣਾਵਾਂ ਮਿਥ ਦੇ ਵਿਕਾਸ ਵੱਲ ਮੂਕ ਇਸ਼ਾਰਾ ਕਰਦੀਆਂ ਹਨ ਕਿਉਂਕਿ ਮਾਨਵੀ ਮਨ ਮਨੁੱਖੀ ਵਜੂਦ ਦਾ ਅਹਿਮ ਹਿੱਸਾ ਹੈ ਤੇ ਇਸ ਦੀਆਂ ਪਰਤਾਂ ਵਿਚ ਪਨਪਦੇ-ਵਿਗਸਦੇ ਸੁਪਨਿਆਂ ਜਾਂ ਆਦਿ-ਰੂਪਾਂ ਰਾਹੀਂ ਜਿਨ੍ਹਾਂ ਮਿਥਾਂ ਦੇ ਸਿਰਜਣ ਦੀ ਬਾਤ ਇਹ ਮਨੋਵਿਗਿਆਨੀ ਪਾਉਂਦੇ ਹਨ, ਉਹ ਮਿਥਾਂ ਮਨੁੱਖ ਦੀ ਹੋਂਦ ਤੋਂ ਹੁਣ ਤੱਕ, ਉਸਦੇ ਅਵਚੇਤਨ ਵਿਚ ਪਏ ਵੱਖ-ਵੱਖ ਪ੍ਰਭਾਵਾਂ ਤਹਿਤ ਆਉਣ ਵਾਲੇ ਸਮੇਂ ਵਿਚ ਵੀ ਸਿਰਜਣਾ ਦਾ ਕ੍ਰਮ ਜਾਰੀ ਰੱਖਣਗੀਆਂ।

ਜੁੰਗ, ਫ਼ਰਾਇਡ ਦਾ ਸ਼ਾਗਿਰਦ ਹੋਣ ਦੇ ਬਾਵਜੂਦ ਉਸ ਦੇ ਸਿੱਧਾਂਤ ਨੂੰ ਨਵਿਆਉਂਦਾ ਹੈ। ਕੁਝ ਅਜਿਹਾ ਹੀ ਸੁਸੈਨ ਕੇ. ਲੈਂਗਰ ਪ੍ਰਸਿੱਧ ਦਰਸ਼ਨ ਸ਼ਾਸਤਰੀ ਅਰਨਸਟ ਕੈਜ਼ੀਰਰ ਦੀ ਮਿਥ ਪ੍ਰਤੀ ਪਹੁੰਚ-ਵਿਧੀ ਨਾਲ ਕਰਦੀ ਹੈ। ਕੈਜ਼ੀਰਰ ਨੇ ਭਾਸ਼ਾ ਤੇ ਮਿਥ ਦੇ ਆਪਸੀ ਸੰਬੰਧਾਂ ਤੇ ਚਰਚਾ ਕਰਦੇ ਹੋਏ ਮਿਥ ਦੀ ਪ੍ਰਕਿਰਤੀ ਦਾ ਨਿਰਧਾਰਣ ਕੀਤਾ। ਉਸ ਨੇ ਭਾਸ਼ਾ ਤੇ ਮਿਥ ਵਿਚ ਸਦ੍ਰਿਸ਼ਤਾ ਨੂੰ ਸਵੀਕਾਰਿਆ ਤੇ ਦੋਵਾਂ ਵਿਚ ਰੂਪਕ (Metaphor) ਨੂੰ ਆਂਤਰਿਕ ਕੜੀ ਮੰਨਿਆ। ਉਸ ਨੇ ਮਿਥ ਨੂੰ ਪ੍ਰਤੀਕ ਰੂਪ ਦੇ ਅਰਥਾਂ ਵਿਚ ਗ੍ਰਹਿਣ ਕੀਤਾ। ਪ੍ਰਤੀਕ ਦਾ ਸੰਸਾਰ ਅਮੂਰਤ ਹੁੰਦਾ ਹੈ, ਜਿਸ ਦੀ ਹੋਂਦ ਭੌਤਿਕ ਪੱਧਰ ’ਤੇ ਨਾ ਹੋ ਕੇ ਵਿਚਾਰ ਪੱਧਰ ’ਤੇ ਹੁੰਦੀ ਹੈ। ਪ੍ਰਤੀਕ ਸਿਰਜਣ ਦੀ ਸਮਰਥਾ ਹੀ ਮਨੁੱਖੀ ਸੂਝ ਦੇ ਦਾਇਰੇ ਦੀ ਸੀਮਾ ਦੀ ਪੁਸ਼ਟੀ ਕਰਦੀ ਹੈ। ਕੈਜ਼ੀਰਰ ਨੇ ਇਸ ਸੂਝ ਤੋਂ ਪੈਦਾ ਹੋਏ ਗਿਆਨ ਤਹਿਤ ਹੀ ਮਿਥ ਵਾਂਗ ਭਾਸ਼ਾ, ਕਲਾ ਤੇ ਸਾਇੰਸ ਨੂੰ ਪ੍ਰਤੀਕਾਤਮਕ ਸਿਰਜਣਾ ਮੰਨਿਆ।[3] ਉਸ ਦੀ ਇਹ ਦ੍ਰਿਸ਼ਟੀ ਮਨੁੱਖ ਨੂੰ ਪ੍ਰਤੀਕ-ਸਿਰਜਕ ਜੀਵ ਵਜੋਂ ਸਥਾਪਿਤ ਕਰਦੀ ਪ੍ਰਤੀਤ ਹੁੰਦੀ ਹੈ ਜੋ ਜੀਵਨ ਨਾਲ ਜੁੜੇ ਲਗਭਗ ਹਰ ਖੇਤਰ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਗ੍ਰਹਿਣ ਕਰਦਾ ਹੈ। ਸੁਸੈਨ ਕੇ. ਲੈਂਗਰ ਭਾਵੇਂ ਕੈਜ਼ੀਰਰ ਦੇ ਵਿਚਾਰਾਂ ਤੋਂ ਪ੍ਰਭਾਵਿਤ ਸੀ, ਇਸ ਦੇ ਬਾਵਜੂਦ ਉਸ ਨੇ ਮਿਥ ਪ੍ਰਤੀ ਕੈਜ਼ੀਰਰ ਦੇ ਵਿਚਾਰਾਂ ਨਾਲ ਪੂਰੀ

ਤਰ੍ਹਾਂ ਸਹਿਮਤੀ ਨਾ ਪ੍ਰਗਟਾਈ। ਉਹ ਮਿਥ ਨੂੰ 'ਨਵ-ਪ੍ਰਤੀਕਾਤਮਕ' ਰੂਪ ਮੰਨਦੀ ਹੈ ਜਿਸ ਵਿਚ ਅਥਾਹ ਸੰਭਾਵਨਾਵਾਂ, ਅਰਥ ਤੇ ਵਿਚਾਰ ਨਿਹਿਤ ਹਨ। ਉਸ ਨੇ ਮਿਥ ਦੇ ਜੀਵਨ ਅੰਦਰ ਗੰਭੀਰ ਅੰਤਰ-ਝਾਤ ਮਾਰਨ ਵਾਲੇ ਚਰਿੱਤਰ ਦੀ ਪੁਸ਼ਟੀ ਕਰਦੇ ਹੋਏ ਵੀ ਇਸ ਨੂੰ ਫੈਂਟੇਸੀ ਦਾ ਮੁੱਢਲਾ ਰੂਪ ਮੰਨਿਆ। ਉਸ ਅਨੁਸਾਰ ਸੁਪਨਿਆਂ ਵਾਂਗ ਮਿਥ ਵੀ ਫੈਂਟੇਸੀ ਵਿਚੋਂ ਹੀ ਜਨਮ ਲੈਂਦੀ ਹੈ।[4] ਲੈਂਗਰ ਤੇ ਕੈਜ਼ੀਰਰ ਦੋਵੇਂ ਇੱਕ ਵਿਚਾਰ ਤੇ ਸਹਿਮਤ ਹਨ। ਉਹ ਮਿਥ ਨੂੰ ਪ੍ਰਤੀਕਾਤਮਕ ਬਣਤਰ ਮੰਨਦੇ ਹੋਏ ਇਸ ਨੂੰ ਮਹਿਜ਼ ਭਾਸ਼ਾਈ ਸੰਸਾਰ ਦੀ ਦੇਣ ਨਹੀਂ ਮੰਨਦੇ, ਬਲਕਿ ਕਲਾ ਦੇ ਹਰ ਰੂਪ, ਹਰ ਪਹਿਲੂ ਨਾਲ ਅੰਤਰ ਸੰਬੰਧਿਤ ਮੰਨਦੇ ਹਨ।

ਮਿਥ ਦੇ ਵਸੀਹ ਘੇਰੇ ਤੇ ਇਸ ਦੇ ਸੰਰਚਨਾਤਮਕ ਪੈਟਰਨ ਦੇ ਅਧਿਐਨ ਵੱਲ ਪ੍ਰਸਿੱਧ ਸੰਰਚਨਾਵਾਦੀ ਲੈਵੀ ਸਤ੍ਰਾਸ ਨੇ ਧਿਆਨ ਦਿਵਾਇਆ। ਉਸ ਦੁਆਰਾ ਮਿਥ ਅਧਿਐਨ ਉਪਰੰਤ ਸਥਾਪਿਤ ਨਿਸ਼ਕਰਸ਼ ਦੂਸਰੇ ਅਨੁਸ਼ਾਸਨਾਂ ਨਾਲੋਂ ਭਿੰਨ ਹਨ। ਸਭ ਤੋਂ ਪਹਿਲਾਂ ਉਸ ਨੇ ਵਿਦਵਾਨਾਂ ਦੁਆਰਾ ਸਭਿਅਤਾ ਦੇ ਵਿਕਾਸ ਤਹਿਤ ਕੀਤੇ ਅਧਿਐਨ, ਜਿਸ ਨੇ ਮਨੁੱਖ ਨੂੰ ਸਭਿਅਕ ਤੇ ਅਸਭਿਅਕ ਸ਼੍ਰੇਣੀਆਂ ਵਿਚ ਵੰਡਿਆ ਸੀ, ਇਸ ਵੰਡ ਨੂੰ ਰੱਦ ਕਰ ਦਿੱਤਾ ਤੇ ਮਿਥਾਂ ਨੂੰ ਇਨ੍ਹਾਂ ਅੰਤਰ-ਵਿਰੋਧਾਂ ਨੂੰ ਮਿਟਾਉਣ ਦਾ ਅਹਿਮ ਜ਼ਰੀਆ ਮੰਨਿਆ। ਉਸ ਦੀ ਧਾਰਣਾ ਸੀ ਕਿ ਵਿਸ਼ਵ ਦੀ ਹਰ ਸੰਸਕ੍ਰਿਤੀ ਦਾ ਹਰ ਬਸ਼ਿੰਦਾ ਸੂਝ ਰੱਖਣ ਨਾਤੇ ਪ੍ਰਤੱਖ ਜਗਤ ਪ੍ਰਤੀ ਅਨੁਭਵ ਗ੍ਰਹਿਣ ਕਰਦਾ ਹੈ। ਇਹ ਅਨੁਭਵ ਵਿਸ਼ਵ ਦੇ ਹਰ ਖਿੱਤੇ ਵਿਚ ਭਾਸ਼ਾਈ ਭਿੰਨਤਾ ਦੇ ਬਾਵਜੂਦ ਸਮਾਨਤਾ ਰੱਖਦਾ ਹੈ। ਇਸ ਦਾ ਕਾਰਣ ਉਹ ਮਾਨਵ ਜਾਤੀ ਦੀਆਂ ਆਧਾਰ ਭੂਤ ਭਾਵਨਾਵਾਂ ਦੀ ਸਮਾਨਤਾ ਵਿਚ ਵੇਖਦਾ ਹੈ। ਇਸ ਲਈ ਉਹ ਆਦਿਮ-ਚਿੰਤਨ ਦੀਆਂ ਤਮਾਮ ਸੰਰਚਨਾਵਾਂ ਨੂੰ ਸਭਿਅਕ-ਮਨ ਵਿਚ ਪੈਦਾ ਹੋਣ ਵਾਲੀਆਂ ਸੰਰਚਨਾਵਾਂ ਨਾਲ ਜੋੜਦਾ ਹੈ ਤੇ ਇਸ ਦੀ ਪ੍ਰਾਪਤੀ ਮਿਥ ਦੇ ਰੂਪ ਵਿਚ ਵੇਖਦਾ ਹੈ। ਉਸ ਨੇ ਮਿਥਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਲਈ ਇਸ ਨੂੰ ਭਾਸ਼ਾ ਵਾਂਗ ਅੰਸ਼ਾਂ ਦਾ ਸਮੂਹ ਮੰਨਿਆ, ਜਿਸ ਨੂੰ ਉਸ ਨੇ ਮਾਈਥੀਮ ਦਾ ਨਾਂ ਦਿੱਤਾ ਤੇ ਇਡੀਪਸ ਦੀ ਮਿਥ ਤੇ ਹੋਰ ਮਿਥਾਂ ਦਾ ਇਸੇ ਇਕਾਈ ਤਹਿਤ ਵਿਸ਼ਲੇਸ਼ਣ ਕਰਕੇ ਆਪਣੇ ਮੱਤ ਦੀ ਪੁਸ਼ਟੀ ਕੀਤੀ।[5] ਅੱਗੇ ਚੱਲ ਕੇ ਰੋਲਾਂ ਬਾਰਥ ਨੇ ਲੈਵੀ ਸਤ੍ਰਾਸ ਦੇ ਮਿਥ ਚਿੰਤਨ ਨੂੰ ਨਵੀਂ ਦਿਸ਼ਾ ਦਿੱਤੀ। ਉਸ ਨੇ ਵੀ ਮਿਥ ਨੂੰ ਇੱਕ ਪ੍ਰਕਾਰ ਦੀ ਭਾਸ਼ਾ ਸਵੀਕਾਰ ਕੀਤਾ ਪਰੰਤੂ ਉਸ ਨੇ ਸਮੁੱਚੀ ਭਾਸ਼ਾ ਨੂੰ ਮਿਥ ਦਾ ਪ੍ਰਆਇ ਨਹੀਂ ਕਿਹਾ ਬਲਕਿ ਉਸ ਨੇ ਮਿਥ ਨੂੰ ਅਜਿਹੀ ਮੈਟਾ ਭਾਸ਼ਾ ਮੰਨਿਆ ਜੋ ਵਿਸ਼ੇਸ਼ ਸੰਦੇਸ਼ ਸੰਚਾਰਿਤ ਕਰਨ ਦੀ ਸਮਰਥਾ ਰਖਦੀ ਹੈ। ਬਾਰਥ ਨੇ ਸੌਸਿਉਰ ਦੇ ਭਾਸ਼ਾਈ ਪ੍ਰਬੰਧ ਦੇ ਤ੍ਰੈ-ਪਾਸਾਰੀ ਪ੍ਰਬੰਧ ਨੂੰ ਮਿਥ ਅਧਿਐਨ ਦਾ ਆਧਾਰ ਬਣਾਇਆ। ਉਸ ਅਨੁਸਾਰ ਭਾਸ਼ਾਈ ਪ੍ਰਬੰਧ ਵਾਲੀ ਚਿੰਨ੍ਹੀਕਰਣ ਦੀ ਕੜੀ ਮਿਥ ਵਿਚ ਦੂਹਰੇ ਰੂਪ ਵਿਚ ਪ੍ਰਸਤੁਤ ਹੁੰਦੀ ਹੈ। ਭਾਸ਼ਾਈ ਚਿੰਨ੍ਹ, ਮਿਥ ਵਿਚ ਚਿਹਨਕ ਬਣ ਜਾਂਦਾ ਹੈ ਤੇ ਮਿਥਕ ਚਿਹਨਕ ਤੇ ਚਿਹਨਤ ਦੇ ਮੇਲ ਨੂੰ ਚਿਹਨ ਮੰਨਣ ਦੀ ਜਗ੍ਹਾ ਚਿਹਨੀਕਰਣ ਦਾ ਨਾਮ ਦਿੰਦਾ ਹੈ।[6] ਉਸ ਨੇ ਮਿਥ ਨੂੰ ਸੰਚਾਰ ਵਿਧੀ (Mode of Communication) ਮੰਨਦੇ ਹੋਏ ਫ਼ਰਾਂਸ ਦੇ ਬੁਰਜੁਆਜ਼ੀ ਸਮਾਜ ਨਾਲ ਜੁੜੀਆਂ ਆਧੁਨਿਕ ਮਿਥਾਂ ਦਾ ਅਧਿਐਨ ਕੀਤਾ।

ਉਪਰੋਕਤ ਅਨੁਸ਼ਾਸਨਾਂ ਦੁਆਰਾ ਮਿਥ ਦਾ ਕੀਤਾ ਅਧਿਐਨ ਮਿਥ ਦੇ ਸਰੂਪ/ਪ੍ਰਕਿਰਤੀ ਸੰਬੰਧੀ ਕੁਝ ਨੁਕਤਿਆਂ ਨੂੰ ਉਭਾਰਦਾ ਹੈ। ਕ੍ਰਮਵਾਰ ਹੋਏ ਮਿਥ ਅਧਿਐਨ ਵਿਚ ਇਸ ਦਾ ਅਤਾਰਕਿਕ, ਸ਼ਰਧਾਮੂਲਕ ਤੇ ਆਪਹੁਦਰਾ ਸਰੂਪ ਨਜ਼ਰ ਆਉਂਦਾ ਹੈ। ਵਿਕਾਸ ਪ੍ਰਕਿਰਿਆ ਵਿਚ ਪੈ ਕੇ ਮਿਥ ਮਨੁੱਖ ਦੀ ਜੀਵਨ ਅਨੁਭਵ ਤੋਂ ਹਾਸਲ ਕੀਤੀ ਪ੍ਰਤੱਖਣਾ ਤਹਿਤ ਸਮੂਹਿਕ ਪ੍ਰਤਿਨਿੱਧਤਾ ਕਰਨ ਵਾਲੀ ਕ੍ਰਿਤ ਬਣਦੀ ਹੈ, ਜਿਸ ਦੀ ਪੇਸ਼ਕਾਰੀ ਪ੍ਰਤੀਕਾਤਮਕ ਭਾਸ਼ਾ ਦੁਆਰਾ ਹੋਈ ਮੰਨੀ ਗਈ ਹੈ। ਮਾਨਵੀ ਜੀਵਨ ਤੇ ਬ੍ਰਹਿਮੰਡ ਨਾਲ ਸੰਬੰਧਿਤ ਮਸਲਿਆਂ ਤਕ ਇਸ ਦੀ ਗੰਭੀਰ ਪਹੁੰਚ, ਇਸ ਵਿਚਲੀ ਦਾਰਸ਼ਨਿਕਤਾ ਨੂੰ ਉਜਾਗਰ ਕਰਦੀ ਹੈ। ਮਿਥ ਦਾ ਸਰੂਪ ਭਾਸ਼ਾ ਰਾਹੀਂ ਹੋਂਦ ਅਖ਼ਤਿਆਰ ਕਰ ਭਾਸ਼ਾ ਦੀ ਬੰਦਿਸ਼ ਤੋਂ ਮੁਕਤ ਹੋ ਜਾਂਦਾ ਹੈ। ਨਾ ਸਿਰਫ਼ ਭਾਸ਼ਾ ਦੀ ਬੰਦਿਸ਼ ਬਲਕਿ ਕਾਲ ਤੇ ਸਥਾਨ ਦੀ ਸੀਮਾ ਨੂੰ ਤੋੜ ਕੇ

ਇਹ ਪ੍ਰਵਾਹ ਬਣ ਇੱਕ ਤੋਂ ਅਨੇਕ ਹੋਣ ਦੀ ਦਿਸ਼ਾ ਵੱਲ ਵਿਕਾਸ ਕਰਦੀਆਂ ਇਹ ਮਿਥਾਂ ਮਨੁੱਖ ਦੀ ਸਾਂਸਕ੍ਰਿਤਕ ਸਿਰਜਣਾ ਵੀ ਬਣਦੀਆਂ ਹਨ ਤੇ ਸਿਰਜਣਹਾਰਾ ਵੀ। ਮਿਥ ਦੇ ਇਸ ਵਿਆਪਕ ਸਰੂਪ ਵਿਚੋਂ ਹੀ ਮਿਥ ਅਤੇ ਸਾਹਿਤ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਨੀ ਅਹਿਮ ਨੁਕਤਾ ਹੈ।

ਇਨ੍ਹਾਂ ਸੰਬੰਧਾਂ ਬਾਰੇ ਚਰਚਾ ਜਰਮਨੀ ਚਿੰਤਕ ਗਿਆਸਬਿਸਤਾ ਵੀਕੋ ਦੇ ਮਿਥ ਚਿੰਤਨ ਨਾਲ ਹੀ ਆਰੰਭ ਹੋ ਜਾਂਦੀ ਹੈ। ਆਦਿਮ ਮਨੋਭਾਵਾਂ ਦਾ ਰੂਪ ਕਾਵਿਮਈ ਹੋਣ ਕਰਕੇ ਵੀਕੋ ਆਦਮ-ਤਰਕ ਨੂੰ ਰੂਪਕੀ-ਤਰਕ ਦਾ ਨਾਮ ਦਿੰਦਾ ਹੈ।[7] ਫ਼ਿਲਿਪ ਵੀਲਰਾਇਟ ਨੇ ਸਾਹਿਤ ਵਿਚ ਮਿਥ ਦੇ ਪ੍ਰਯੋਗ ਦੀ ਗੱਲ ਕਰਦਿਆਂ ਸਥਾਪਨਾ ਕੀਤੀ ਹੈ ਕਿ ਇਹ ਲੇਖਕ ਦੀ ਸਾਮਿਅਕ ਚੇਤਨਾ ਤੇ ਦ੍ਰਿਸ਼ਟੀਕੋਣ ਉੱਪਰ ਨਿਰਭਰ ਹੈ, ਜਿਵੇਂ ਦਾਂਤੇ ਆਦਿ ਨੇ ਮਿਥਾਂ ਨੂੰ ਸਾਹਿਤ ਵਿਚ ਆਪਣੇ ਯੁਗ ਦੇ ਵਿਸ਼ਵਾਸ ਅਧੀਨ ਸਤਿ ਰੂਪ ਵਿਚ ਪ੍ਰਵਾਨ ਕੀਤਾ ਹੈ।[8] ਰਿਚਰਡ ਚੇਜ਼ ਨੇ ਆਪਣੀ ਪੁਸਤਕ **Quest For Myth** ਵਿਚ ਮਿਥ ਤੇ ਸਾਹਿਤ ਦੇ ਸੰਬੰਧਾਂ ’ਤੇ ਨਿੱਠ ਕੇ ਚਰਚਾ ਕੀਤੀ। ਉਸ ਨੇ ਆਦਿ-ਮਾਨਵ ਦੁਆਰਾ ਪ੍ਰਕਿਰਤੀ ਦੇ ਗੁੱਝੇ ਰਹੱਸਾਂ ਨੂੰ ਸਮਝਣ ਦੇ ਫ਼ਲਸਰੂਪ ਸਿਰਜੀਆਂ ਮਿਥਾਂ ਨੂੰ ਜਾਦੂਈ ਸਾਹਿਤ ਦੀ ਸੰਗਿਆ ਦਿੱਤੀ ਤੇ ਮਿਥ ਨੂੰ ਬ੍ਰਹਿਮੰਡ ਦੇ ਰਹੱਸਮਈ ਜਾਦੂਈ ਯਥਾਰਥ ਨੂੰ ਪ੍ਰਗਟਾਉਣ ਵਾਲੀ ਸੰਰਚਨਾ ਦੇ ਤੌਰ ’ਤੇ ਅਣਯਥਾਰਥਕ ਤੇ ਅਮੂਰਤ ਵਸਤੂ ਦੇ ਚਰਿੱਤਰ ਨੂੰ ਨਿਖੇੜਦੇ ਹੋਏ ਮਿਥ ਨੂੰ ਯਥਾਰਥ ਦੀਆਂ ਅੱਖਾਂ ਚੁੰਧਿਆ ਦੇਣ ਵਾਲੀ ਚਮਕ-ਦਮਕ (a blaze of reality) ਮੰਨਿਆ। ਜੌਹਨ ਬੀ. ਵਿਕਰੀ ਨੇ ਆਪਣੀ ਪੁਸਤਕ **Myth and Literature: Contemporary Theory and Practice** ਵਿਚ ਮਿਥ ਤੇ ਸਾਹਿਤ ਦੇ ਆਪਸੀ ਸਬੰਧਾਂ ’ਤੇ ਚਰਚਾ ਕਰਦਿਆਂ ਮਿਥ ਨੂੰ ਅਜਿਹਾ ਸਾਂਚਾ ਮੰਨਿਆ ਜਿਸ ਵਿਚ ਪੈ ਕੇ ਸਾਹਿਤ ਇਤਿਹਾਸਕ ਤੇ ਮਨੋਵਿਗਿਆਨਕ ਦੋਹਾਂ ਧਰਾਤਲਾਂ ਤੇ ਉਸਰਦਾ ਹੈ। ਉਸ ਅਨੁਸਾਰ ਸਾਹਿਤ ਦੇ ਪ੍ਰਮੁੱਖ ਤੱਤ ਪਲਾਟ, ਚਰਿੱਤਰ, ਵਿਸ਼ੈ ਤੇ ਬਿੰਬ ਆਦਿ ਦੀਆਂ ਜਟਿਲਤਾਵਾਂ ਅਤੇ ਵਿਸਥਾਪਨ ਮਿਥ ਵਰਗੇ ਹੀ ਹੁੰਦੇ ਹਨ। ਇਨ੍ਹਾਂ ਸੰਬੰਧਾਂ ਪ੍ਰਤੀ ਨਾਰਥਰੌਪ ਫ਼ਰਾਈ ਨੇ ਚੇਜ਼ ਤੇ ਵਿਕਰੀ ਨਾਲੋਂ ਵਿਸਤ੍ਰਿਤ ਪਹੁੰਚ ਅਪਣਾਈ। ਸਾਹਿਤ-ਆਲੋਚਕ ਹੋਣ ਨਾਤੇ ਉਸ ਨੇ ਮਿਥ ਦੇ ਬਾਕੀ ਅਨੁਸ਼ਾਸਨਾਂ ਦੁਆਰਾ ਕੀਤੇ ਅਧਿਐਨ ’ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਇਸ ਦੇ ਅਧਿਐਨ ਦਾ ਕੇਂਦਰ ਬਿੰਦੂ, ਇਸ ਵਿਚ ਨਿਹਿਤ ਗਾਲਪਨਿਕ ਸਰੋਕਾਰ ਨੂੰ ਬਣਾਇਆ। ਸੁਸੈਨ ਕੇ. ਲੈਂਗਰ ਨੇ ਜਿਥੇ ਮਿਥ, ਦੰਤ ਕਥਾ ਤੇ ਲੋਕ ਸਾਹਿਤ ਨੂੰ ਸਾਹਿਤ ਮੰਨਣੋ ਇਨਕਾਰ ਕਰਦੇ ਹੋਏ ਮਿਥ ਨੂੰ ਕਲਾ ਦੀ ਪ੍ਰਾਕਿਰਤਕ ਸਾਮਗਰੀ ਮੰਨਿਆ ਉਥੇ ਫ਼ਰਾਈ ਨੇ ਸਮੁੱਚੇ ਸਾਹਿਤ ਨੂੰ ਹੀ ਮਿਥ ਦਾ ਸਥਾਨਾਂਤਰਣ ਮੰਨਿਆ। ਉਸ ਦਾ ਮੰਨਣਾ ਹੈ ਕਿ ਜਦ ਮਿਥ ਦਾ ਵਿਸ਼ਵਾਸ ਨਾਲੋਂ ਨਾਤਾ ਟੁੱਟਦਾ ਹੈ ਤਾਂ ਉਹ ਪੂਰੀ ਤਰ੍ਹਾਂ ਸਾਹਿਤਕ ਹੋ ਜਾਂਦੀ ਹੈ। ਇੱਥੇ ਫ਼ਰਾਈ ਦਾ ਭਾਵ ਮਿਥ ਵਿਚਲੀ ਗਾਲਪਨਿਕਤਾ ਤੋਂ ਹੈ। ਉਸ ਨੇ ਮਿਥ ਨੂੰ ਵਿਸ਼ਵ ਸਾਹਿਤ ਦੀ ਆਦਿ ਰਚਨਾ ਮੰਨਦੇ ਹੋਏ ਸਾਹਿਤ ਦੇ ਸੰਰਚਨਾਤਮਕ ਨੇਮਾਂ ਨੂੰ ਵਿਕੋਲਿਤਰੇ ਰੂਪ ਵਿਚ ਮਿਥ ਵਿਚ ਨਿਹਿਤ ਹੋਣ ਦੀ ਪੁਸ਼ਟੀ ਕੀਤੀ।[9]

ਲੈਵੀ ਸਤ੍ਰਾਸ ਨੇ ਸਾਹਿਤ ਦੇ ਸੰਰਚਨਾਤਮਕ ਨੇਮਾਂ ਨੂੰ ਮਿਥਾਂ ਦੀ ਤਹਿ ਵਿਚ ਕਾਰਜਸ਼ੀਲ ਮੰਨਿਆ ਤੇ ਮਿਥ ਦੀ ਲਘੂਤਮ ਇਕਾਈ ਨੂੰ ਮਾਈਥੀਮ ਵਜੋਂ ਸਥਾਪਿਤ ਕਰਦੇ ਹੋਏ ਵਿਸ਼ਲੇਸ਼ਣ ਨੂੰ ਤਰਜੀਹ ਦਿੱਤੀ, ਜਦਕਿ ਫ਼ਰਾਈ ਨੇ ਕਲਾ ਕਿਰਤਾਂ ਦੇ ਸੰਰਚਨਾਤਮਕ ਵਿਸ਼ਲੇਸ਼ਣ ਲਈ ਰਚਨਾ ਨੂੰ ਉਸ ਦੀ ਸਮੁੱਚਤਾ ਸਹਿਤ ਗ੍ਰਹਿਣ ਕਰਨ ਤੇ ਜ਼ੋਰ ਦਿੱਤਾ। ਉਹ ਮਿਥ ਨੂੰ ਬਿਰਤਾਂਤਕ ਰਚਨਾਵਾਂ ਦੇ ਆਦਿ-ਰੂਪ (archetype) ਵਜੋਂ ਵਿਸ਼ਲੇਸ਼ਿਤ ਕਰਦਾ ਹੈ। ਉਸ ਅਨੁਸਾਰ ਹਰ ਵਿਅਕਤੀ ਕੁਝ ਨਿੱਜੀ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ ਪਰ ਜਦ ਲੋਕ-ਮਨ ਦੁਆਰਾ ਇਹ ਪ੍ਰਤੀਕ ਮੁੜ-ਮੁੜ ਦੁਹਰਾਏ ਜਾਂਦੇ ਹਨ ਤਾਂ ਇਹ ਨਿੱਜੀ ਨਾ ਰਹਿ ਕੇ ਸਮੂਹਿਕ ਅਵਚੇਤਨ ਦਾ ਹਿੱਸਾ ਤਾਂ ਬਣਦੇ ਹੀ ਹਨ, ਨਾਲ ਹੀ ਸਮੇਂ ਤੇ ਸਥਾਨ ਨੂੰ ਪਾਰ ਕਰ ਆਦਰਸ਼ ਆਦਿ-ਰੂਪਾਂ (archetypes) ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ ਤੇ ਸਾਹਿਤ ਵਿਚ ਦਾਖਲ ਹੋ ਜਾਂਦੇ ਹਨ। ਇਹੀ ਪ੍ਰਕਿਰਿਆ ਮਿਥਾਂ ਦੇ ਰੂਪਾਂਤਰਣ ਦੀ ਪ੍ਰਕਿਰਿਆ

ਅਖਵਾਉਂਦੀ ਹੈ।[10] ਕਿਉਂਕਿ ਸਾਹਿਤਕ ਕਿਰਤਾਂ ਵਿਚ ਵਸਤੂ ਤੇ ਰੂਪ ਦਾ ਆਪਣਾ-ਆਪਣਾ ਮਹੱਤਵ ਹੁੰਦਾ ਹੈ ਤਿਵੇਂ ਹੀ ਮਿਥਿਕ ਬਿਰਤਾਂਤ ਵੀ ਵਸਤੂ ਤੇ ਰੂਪ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਦਾ ਧਾਰਣੀ ਹੁੰਦਾ ਹੈ। ਮਿਥਿਹਾਸ ਜਿੱਥੇ ਸਾਹਿਤਕ ਵਸਤੂ ਨੂੰ ਪ੍ਰਭਾਵਿਤ ਤੇ ਨਿਰਧਾਰਿਤ ਕਰਦਾ ਹੈ ਉੱਥੇ ਹੀ ਇਸ ਦੇ ਰੂਪ ਦੀ ਘਾੜਤ ਵਿਚ ਵੀ ਸਹਾਈ ਹੁੰਦਾ ਹੈ। ਇੰਝ ਫ਼ਰਾਈ ਨੇ ਮਿਥ ਤੇ ਸਾਹਿਤ ਦੇ ਅੰਤਰ ਸੰਬੰਧਾਂ ਨੂੰ ਪਰਖਣ ਲਈ ਵਿਗਿਆਨਕ ਵਿਧੀ ਅਪਣਾਉਣ ’ਤੇ ਬਲ ਦਿੱਤਾ। ਸਾਹਿਤ ਦੀ ਪਰਖ ਤੇ ਜੀਵੰਤਤਾ ਦਾ ਆਧਾਰ ਇਸ ਤੱਥ ’ਤੇ ਟਿਕਿਆ ਹੁੰਦਾ ਹੈ ਕਿ ਇਸ ਨੇ ਆਪਣੇ ਆਲੇ-ਦੁਆਲੇ, ਸਮਾਜ ਤੇ ਪਾਠਕ ਨੂੰ ਕਿਵੇਂ ਪ੍ਰਭਾਵਿਤ ਕੀਤਾ ਤੇ ਇਸ ਵਿਚ ਸਮਾਜਕ ਯਥਾਰਥ ਦੀ ਪ੍ਰਸਤੁਤੀ ਕਿਸ ਢੰਗ ਨਾਲ ਹੋਈ ਹੈ।

ਵਿਅਕਤੀ ਆਪਣੇ ਆਲੇ-ਦੁਆਲੇ ਤੋਂ ਜੋ ਵੀ ਗ੍ਰਹਿਣ ਕਰਦਾ ਹੈ ਉਸ ਦਾ ਪ੍ਰਭਾਵ ਉਸ ਦੀ ਮਾਨਸਿਕ ਪ੍ਰਿਸ਼ਠਭੂਮੀ ਵਿਚ ਪਿਆ ਹੁੰਦਾ ਹੈ, ਜਿਸ ਨੂੰ ਫ਼ਰਾਇਡ ਮਨੁੱਖੀ ਅਵਚੇਤਨ ਵਿਚ ਵਸਿਆ ਮੰਨਦਾ ਹੈ। ਇੱਕ ਪਾਸੇ ਇਤਿਹਾਸ ਦੀ ਸ਼ਕਲ ਵਿਚ ਤੇ ਦੂਸਰੇ ਪਾਸੇ ਦਰਸ਼ਨ ਦੇ ਰੂਪ ਵਿਚ। ਵਿਅਕਤੀ ਦੁਆਰਾ ਅਰਜਿਤ ਕੀਤੀ ਇਹ ਗ੍ਰਹਿਣਤਾ ਹੀ ਉਸਦਾ ਵਿਹਾਰ ਨਿਸ਼ਚਿਤ ਕਰਦੀ ਹੈ ਅਤੇ ਇਹ ਵਿਹਾਰ ਤੇ ਇਸ ਤੋਂ ਉਪਜੇ ਸੰਸਕਾਰ ਹੀ ਸਾਹਿਤ ਦੀ ਅੰਸ਼ ਬਣਦੇ ਹਨ। ਸਾਹਿਤ ਦੇ ਵਿਧੀਵਤ ਅਧਿਐਨ ਲਈ ਦਿਸਦੇ ਵਿਹਾਰ ਦੇ ਪਿਛੋਕੜ ਵਿਚ ਜਾਣ ਨੂੰ ਨਾਰਥਰੌਪ ਫ਼ਰਾਈ ਮੂਲ ਵਲ ਪਰਤਣ (Backing up) ਦੀ ਵਿਧੀ ਕਹਿੰਦਾ ਹੋਇਆ ਇਸ ਦੀ ਸਾਹਿਤਕ ਆਲੋਚਨਾ (Literary Criticism) ਵਿਚ ਵਿਸ਼ੇਸ਼ ਮਹੱਤਤਾ ਮੰਨਦਾ ਹੈ। ਇਸੇ ਮਨੋਰਥ ਲਈ ਉਹ ਪ੍ਰਸਤੁਤ ਪ੍ਰਤੀਕ-ਪ੍ਰਬੰਧ ਨੂੰ ਆਧਾਰ ਬਣਾਉਂਦਾ ਹੈ। ਉਸ ਅਨੁਸਾਰ ਰਚਨਾ ਦੇ ਆਲੋਚਨਾਤਮਕ ਵਿਸ਼ਲੇਸ਼ਣ ਲਈ ਰਚਨਾ ਵਿਚਲੇ ਪ੍ਰਤੀਕ ਵਿਧਾਨ ਦੇ ਆਦਰਸ਼ ਆਦਿ-ਰੂਪਾਂ ਨੂੰ ਤਲਾਸ਼ਣਾ ਤੇ ਉਨ੍ਹਾਂ ਦਾ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਪ੍ਰਕਿਰਿਆ ਦਾ ਸਿੱਟਾ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਇਹ ਆਦਿ-ਰੂਪ ਸਾਡੇ ਮਿਥਿਹਾਸ ਦਾ ਅਹਿਮ ਜੁੱਜ਼ ਹਨ।[11] ਇੰਝ ਜੁੰਗ ਦੁਆਰਾ ਸਥਾਪਿਤ ਕੀਤੇ ਸੰਕਲਪ ਆਦਿ-ਰੂਪ ਨੂੰ ਫ਼ਰਾਈ ਨੇ ਮਿਥਿਹਾਸ ਦੀ ਅਹਿਮ ਕੜੀ ਮੰਨਿਆ। ਦੋਵਾਂ ਵਿਦਵਾਨਾਂ ਦੁਆਰਾ ਆਦਿ-ਰੂਪ ਦੀ ਸਥਾਪਿਤ ਮਹੱਤਤਾ ਨੇ ਸਾਹਿਤ ਆਲੋਚਕਾਂ ਦਾ ਧਿਆਨ ਇਸ ਦੇ ਮਹੱਤਵ ਵੱਲ ਕੇਂਦ੍ਰਿਤ ਕੀਤਾ ਜਿਸ ਦੇ ਫ਼ਲਸਰੂਪ ਆਦਿ-ਰੂਪਕੀ ਆਲੋਚਨਾ ਵਿਧੀ (Archetypal Criticism) ਹੋਂਦ ਵਿਚ ਆਈ।

ਉਪਰੋਕਤ ਸਿੱਧਾਂਤਕ ਚਰਚਾ ਉਪਰੰਤ ਜੇ ਮਿਥ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਬਾਰੇ ਵਿਹਾਰਕ ਪੱਧਰ ’ਤੇ ਗੱਲ ਕਰੀਏ ਤਾਂ ਨਿਸ਼ਚੇ ਹੀ ਸਾਹਿਤਕ ਅਧਿਐਨ ਇਹ ਸਿੱਧ ਕਰਦਾ ਹੈ ਕਿ ਵਿਸ਼ਵ ਪੱਧਰ ’ਤੇ ਹਰ ਭਾਸ਼ਾ ਵਿਚ ਰਚੇ ਮੁੱਢਲੇ ਸਾਹਿਤ ਦੀ ਪ੍ਰਕਿਰਤੀ/ਚਰਿੱਤਰ ਮਿਥਕੀ ਰਹੀ ਹੈ। ਭਾਰਤੀ ਸੰਸਕ੍ਰਿਤੀ ਵਿਚ ਮੁੱਢਲੇ ਸਾਹਿਤਕ ਰੂਪ ਵੇਦ, ਪੁਰਾਣ ਤੇ ਮਿਥ ਦੀ ਘਨਿਸ਼ਟਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਅਸੀਂ ਕਿਸ ਉਕਤੀ ਨੂੰ ਜ਼ਿਆਦਾ ਤਰਜੀਹ ਦਿੰਦੇ ਹਾਂ। ਪਹਿਲੀ ਇਹ ਕਿ ਭਾਰਤੀ ਮਿਥ ਸਾਹਿਤ ਦਾ ਆਰੰਭ ਰਿਗਵੇਦ ਨਾਲ ਹੁੰਦਾ ਹੈ ਤੇ ਦੂਜੀ ਰਿਗਵੇਦ ਵਿਚ ਥਾਂ-ਪੁਰ-ਥਾਂ ਮਿਥਿਕ ਹਵਾਲਿਆਂ ਦੀ ਭਰਮਾਰ ਵੇਖੀ ਜਾ ਸਕਦੀ ਹੈ। ਇਸ ਉਪਰੰਤ ਮਹਾਂਕਾਵਿ ਰਾਮਾਇਣ ਤੇ ਮਹਾਂਭਾਂਰਤ ਦੇ ਕਾਵਿਕ ਬਿਰਤਾਂਤ ਦੀ ਪਿੱਠਭੂਮੀ ਵਿਚ ਮਿਥ ਬ੍ਰਹਿਮੰਡ ਨਾਲ ਗੁੱਝੇ ਰਹੱਸਾਂ, ਸੰਸਕ੍ਰਿਤੀ ਤੇ ਮਾਨਵੀ ਸਭਿਅਤਾ ਲਈ ਸਥਾਪਿਤ ਮੁੱਲਾਂ ਦੇ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਜਿਹਾ ਕਿ ਪਹਿਲਾਂ ਕਿਹਾ ਜਾ ਚੁੱਕਿਆ ਹੈ ਕਿ ਮਿਥ ਕਾਲ ਤੇ ਖਲਾਅ ਤੋਂ ਮੁਕਤ ਹੁੰਦੀ ਹੈ। ਖ਼ਲਾਅ (Place) ਤੋਂ ਤਾਂ ਉਹ ਪੂਰਣ ਰੂਪ ਵਿਚ ਮੁਕਤ ਹੋ ਸਕਦੀ ਹੈ ਪਰੰਤੂ ਕਾਲ (Time) ਦੇ ਪ੍ਰਵਾਹ ਵਿਚ ਪ੍ਰਵਾਹਿਤ ਹੁੰਦੀ ਇਹ ਪਰਿਵਰਤਨ/ਰੂਪਾਂਤਰਣ ਦੀ ਪ੍ਰਕਿਰਿਆ ਨੂੰ ਹੰਢਾਉਂਦੀ ਹੋਈ ਲਗਾਤਾਰ ਸੰਕੇਤਾਂ, ਸੰਦੇਸ਼ਾਂ, ਪ੍ਰਤੀਕਾਂ ਜਾਂ ਚਿਹਨਾਂ ਦੁਆਰਾ ਵਿਕਾਸ ਕਰਦੀ ਜਾਂਦੀ ਹੈ। ਡਾ. ਜੋਗਿੰਦਰ ਸਿੰਘ ਰਾਹੀ ਦਾ ਇਸੇ ਸੰਦਰਭ ਵਿਚ ਮੰਨਣਾ ਹੈ ਕਿ ਮਿਥਾਂ ਕਦੇ ਮੁਕਦੀਆਂ ਨਹੀਂ ਕਿਉਂਕਿ

ਇਹ ਮਿਥਾਂ ਰਾਹੀਂ ਹੀ ਹੈ ਕਿ ਅਸੀਂ ਉਹ ਨਿਯਮ ਅਤੇ ਵਿਵਰਜਨ ਉਸਾਰਦੇ ਹਾਂ ਜੋ ਸਾਡੀ ਨੈਤਿਕ ਦੁਨੀਆਂ ਨੂੰ ਤਰਤੀਬ ਦੇਂਦੇ ਹਨ।[12] ਉਦਾਹਰਣ ਵਜੋਂ ਰਾਮਾਇਣ ਦੀ ਪਾਤਰ ਸੀਤਾ ਭਾਰਤੀ ਔਰਤ ਲਈ ਸ਼ੀਲਤਾ, ਪਤੀਵ੍ਰਤਾ ਤੇ ਤਿਆਗ ਦੀ ਜਿਸ ਮਿਥ ਨੂੰ ਸਿਰਜਦੀ ਹੈ, ਇਹ ਮਿਥ ਪਾਤਰ ਦੀ ਬੰਦਿਸ਼ ਨੂੰ ਪਾਰ ਕਰਦੀ ਹੋਈ ਮੁੱਲ ਜਾਂ ਸੰਸਕਾਰ ਦੇ ਰੂਪ ਵਿਚ ਵਰਤਮਾਨ ਭਾਰਤੀ ਔਰਤ ਲਈ ਪਤੀਵ੍ਰਤਾ ਪਤਨੀ ਦੀ ਮਿਥ ਸਿਰਜਣਾ ਦੇ ਰੂਪ ਵਿਚ ਅੱਜ ਵੀ ਹਾਜ਼ਰ ਹੈ। ਕਾਲੀਦਾਸ, ਤੁਲਸੀਦਾਸ ਦੀਆਂ ਰਚਨਾਵਾਂ ਵਿਚ ਮਿਥ ਦੀ ਕਾਰਜਸ਼ੀਲਤਾ ਸਪੱਸ਼ਟ ਨਜ਼ਰੀ ਆਉਂਦੀ ਹੈ। ਮਿਥ ਸਿਰਫ਼ ਮੁੱਢਲੇ ਸਾਹਿਤ ਨਾਲ ਹੀ ਨਹੀਂ ਬਲਕਿ ਮੱਧਕਾਲੀ ਤੇ ਆਧੁਨਿਕ ਸਾਹਿਤ ਨਾਲ ਵੀ ਉਸੇ ਘਨਿਸ਼ਟ ਸੰਬੰਧ ਵਿਚ ਬੱਝੀ ਹੈ ਜਿਸ ਸੰਬੰਧ ਵਿਚ ਸਾਹਿਤ ਦੇ ਮੁੱਢਲੇ ਦੌਰ ਵਿਚ ਸੀ। ਕਿੱਸਾ-ਕਾਵਿ, ਸੂਫ਼ੀ-ਕਾਵਿ, ਗੁਰਮਤਿ-ਕਾਵਿ ਵਿਚ ਮਿਥ ਜੁਗਤ ਬਣ ਵਸਤੂ ਤੇ ਰੂਪ ਦੀ ਪੱਧਰ 'ਤੇ ਆਧੁਨਿਕ ਕਾਵਿ ਦੇ ਹਰ ਰੂਪ—ਕਵਿਤਾ, ਕਹਾਣੀ, ਨਾਵਲ, ਨਾਟਕ, ਇਕਾਂਗੀ ਆਦਿ ਵਿਚ ਪ੍ਰਵੇਸ਼ ਕਰਦੀ ਹੈ। ਮੁੱਢਲੇ ਪੜਾਅ ਦੀ ਧਰਤੀ ਹੇਠਲੇ ਬਲਦ ਦੀ ਮਿਥ ਮੱਧਕਾਲੀ ਸਾਹਿਤ ਗੁਰਬਾਣੀ ਵਿਚ ਧਰਮ ਦੇ 'ਧੌਲ' ਹੋਣ ਵਿਚ ਰੂਪਾਂਤਰਿਤ ਹੁੰਦੀ ਹੈ ਤੇ ਆਧੁਨਿਕ ਸਾਹਿਤ ਵਿਚ ਇਹੀ ਮਿਥ ਹਰਿਭਜਨ ਸਿੰਘ ਕੋਲ ਪਹੁੰਚਦੀ ਹੋਈ ਧੀ ਨੂੰ ਬਲਦ ਦੇ ਰੂਪ ਵਿਚ ਰੂਪਾਂਤਰਿਤ ਕਰਦੀ ਹੈ। ਮਿਥਿਕ ਕੋਡ 'ਬਲਦ' ਸਾਖ਼ਸ਼ਾਤ ਜਾਨਵਰ ਨਹੀਂ ਬਲਕਿ ਸਮਸਤ ਧਰਤੀ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਬਣਾਈਆਂ ਗਈਆਂ ਕਦਰਾਂ-ਕੀਮਤਾਂ ਤੇ ਇਨ੍ਹਾਂ ਕਦਰਾਂ-ਕੀਮਤਾਂ ਦੇ ਰਾਖੇ ਦੇ ਰੂਪ ਵਿਚ ਡੀ ਕੋਡ ਹੁੰਦੀ ਹੈ।

ਇਹ ਗੱਲ ਗੌਲਣਯੋਗ ਹੈ ਕਿ ਮਿਥ ਵਿਕਾਸ ਦੇ ਜਿੰਨੇ ਵੀ ਪੜਾਅ ਪਾਰ ਕਰਦੀ ਜਾਂਦੀ ਹੈ, ਕਿਸੇ ਵੀ ਪੜਾਅ 'ਤੇ ਦਰਸ਼ਨ ਨਾਲੋਂ ਉਸ ਦਾ ਨਾਤਾ ਟੁੱਟਦਾ ਨਹੀਂ। ਗਿਆਨ ਦੇ ਖੁੱਲ੍ਹਦੇ ਕਿਵਾੜਾਂ ਕਾਰਨ ਜਿਉਂ-ਜਿਉਂ ਮਨੁੱਖੀ ਸੂਝ ਦਾ ਦਾਇਰਾ ਵਿਸ਼ਾਲ ਹੋ ਰਿਹਾ ਹੈ, ਤਿਉਂ-ਤਿਉਂ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਮਿਥ ਸਿਰਜਣ ਦਾ ਪ੍ਰਕਾਰਜ ਫੈਲ ਰਿਹਾ ਹੈ। ਦੇਵਤਿਆਂ ਤੋਂ ਮਨੁੱਖ ਤੱਕ, ਸਮੂਹਿਕਤਾ (Collectiveness) ਤੋਂ ਸ਼੍ਰੇਣਿਕਤਾ (Class) ਤੇ ਨਿੱਜਤਾ (Individuality) ਤੱਕ, ਅਲੌਕਿਕਤਾ ਤੋਂ ਲੌਕਿਕਤਾ ਤੱਕ[13] ਇਸ ਦੇ ਵਿਕਾਸ ਦੀਆਂ ਦਿਸ਼ਾਵਾਂ ਫੈਲੀਆਂ ਹਨ। ਇੰਝ ਮਿਥ ਦੇ ਵਿਕਾਸ ਮਾਡਲ ਨੂੰ ਨਿਮਨਲਿਖਤ ਤਿੰਨ ਸੂਤਰਾਂ ਵਿਚ ਬੰਨ੍ਹਿਆ ਜਾ ਸਕਦਾ ਹੈ:-

1. ਸਮੂਹਿਕ ਮਿਥਾਂ (Myths of Collectiveness)
2. ਸ਼੍ਰੇਣਿਕ ਮਿਥਾਂ (Myths of Class)
3. ਵਿਅਕਤੀਗਤ ਮਿਥਾਂ (Myths of Individuailty)

ਸਾਹਿਤਕਾਰ ਮਿਥ ਦੇ ਵਿਕਾਸ ਮਾਡਲ ਦੇ ਇਸ ਸੂਤਰ ਨੂੰ ਭਰਪੂਰਤਾ ਨਾਲ ਵਰਤ ਰਿਹਾ ਹੈ। ਮੁਕਦੀ ਗੱਲ ਇੱਥੇ ਹੈ ਕਿ ਇਹ ਵਰਤੋਂ ਸਾਹਿਤ ਦੀ ਮਿੱਥ ਅਧਿਐਨ ਵਿਧੀ ਦੀਆਂ ਅਥਾਹ ਸੰਭਾਵਨਾਵਾਂ ਵੱਲ ਸੰਕੇਤ ਕਰ ਰਹੀ ਹੈ। ਜ਼ਰੂਰਤ ਹੈ, ਇਨ੍ਹਾਂ ਸੰਕੇਤਾਂ ਨੂੰ ਸਮਝਣ ਦੀ।

## ਹਵਾਲੇ ਤੇ ਟਿੱਪਣੀਆਂ

1. **Myth: Critical Concepts in Literary and Cultural Studies** (ed.), Robert A. Segal, Vol-III, p. 129
2. 'The Psychology of the Child Archetype,' **Myth: Critical Concepts in Literary and Cultural Studies** (ed.), Robert A. Segal, Vol-I, p. 403
3. **Language and Myth**, p 8 (Source: Google Book Search)
4. **Philisophy in a New Key: A study in the Symbolism of Reason, Rite and Art**, p. 171-177
5. **Structural Anthropology**-I, p.207-211.

6. **Mythologies**, p. 121-127
7. ਉਧਰਿਤ, ਮਨਜੀਤ ਸਿੰਘ, **ਜਨਮ ਸਾਖੀ/ ਮਿਥ ਵਿਗਿਆਨ**, ਪੰਨਾ 21
8. ਉਧਰਿਤ, ਡਾ. ਰਤਨ ਸਿੰਘ ਜੱਗੀ (ਸੰਪਾ.), **ਸਾਹਿਤ ਕੋਸ਼—ਪਰਿਭਾਸ਼ਕ ਸ਼ਬਦਾਵਲੀ**, ਪੰਨਾ 675
9. 'Myth, Fiction and Displacement', **Twentieth Century Criticism: The Major Statement** (eds.), William J. Handy, Max Westbrook, p. 161-168
10. 'The Archetypes of Literature', **Twentieth Century Criticism**: **The Major Statement** (eds.), William J. Handy, Max Westbrook. p. 233-238.
11. **Ibid**, p. 238
12. ਡਾ. ਜੋਗਿੰਦਰ ਸਿੰਘ ਰਾਹੀ, **ਸਮਾਂ ਤੇ ਸੰਵਾਦ**, ਪੰਨਾ 215
13. ਪਰਦੀਪ ਕੌਰ (ਡਾ.), **ਮਿਥ ਵਿਗਿਆਨ ਅਤੇ ਸਾਹਿਤ (ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਸੰਦਰਭ ਵਿਚ)**, ਪੰਨਾ 178

# ਥੀਮ ਵਿਗਿਆਨਕ ਅਧਿਐਨ ਵਿਧੀ

—ਡਾ. ਜਸਬੀਰ ਸਿੰਘ*

ਸਾਹਿਤਕ ਰਚਨਾਵਾਂ ਦੇ ਅਧਿਐਨ ਲਈ ਥੀਮ ਵਿਗਿਆਨਕ ਪਹੁੰਚ ਵਿਧੀ ਨੂੰ ਸਾਹਿਤ ਵਿਚ ਕੁਝ ਕੁ ਵਰ੍ਹੇ ਪਹਿਲਾਂ ਵਧੇਰੇ ਗੰਭੀਰਤਾ ਸਹਿਤ ਪਛਾਣਿਆ ਤੇ ਅਪਨਾਇਆ ਜਾਣ ਲੱਗਾ ਹੈ। ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਨਵੇਂ ਫਲਸਫੇ ਦੇ ਹੋਂਦ ਵਿਚ ਆਉਣ ਨਾਲ ਪ੍ਰਤੱਖਣ ਤੇ ਸਾਹਿਤ ਦੇ ਅਧਿਐਨ ਲਈ ਥੀਮ ਵਿਗਿਆਨਕ ਵਿਧੀ ਤੋਂ ਕਈ ਨਵੀਨ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੋਈਆਂ ਹਨ। ਇਸ ਤੋਂ ਪਹਿਲਾਂ ਸਾਹਿਤ ਆਲੋਚਨਾ ਸਾਹਿਤ ਦੇ ਕੇਂਦਰੀ ਪ੍ਰਯੋਜਨ ਤੋਂ ਜ਼ਰਾ ਦੂਰ ਹੀ ਰਹੀ ਹੈ ਅਤੇ ਰਚਨਾਵਾਂ ਦੇ ਅਧਿਐਨ ਲਈ ਵਧੇਰੇ ਕਰਕੇ ਵਸਤੂ ਤੇ ਰੂਪ ਦੀ ਦਵੈਤ ਆਧਾਰਿਤ ਪਹੁੰਚ ਵਿਧੀਆਂ ਹੀ ਹੋਂਦ ਵਿਚ ਆਈਆਂ। ਇਹ ਪਹੁੰਚ ਵਿਧੀਆਂ ਸਾਹਿਤਕ ਰਚਨਾਵਾਂ ਦਾ ਅਧਿਐਨ ਇਤਿਹਾਸ-ਮੂਲਕ ਦ੍ਰਿਸ਼ਟੀ, ਜੀਵਨੀ-ਮੂਲਕ, ਸਮਾਜ-ਵਿਗਿਆਨਕ ਤੇ ਮਨੋ-ਵਿਗਿਆਨਕ ਦ੍ਰਿਸ਼ਟੀਆਂ ਤੋਂ ਕਰਦੀਆਂ ਰਹੀਆਂ ਹਨ। ਇਹ ਆਲੋਚਨਾ ਪ੍ਰਣਾਲੀਆਂ ਕਿਸੇ ਕਲਾ ਕਿਰਤ ਦੇ ਅਧਿਐਨ ਸਮੇਂ ਉਸਦੇ ਗੁਣਾਂ, ਜੁਗਤਾਂ, ਢਾਂਚੇ ਆਦਿ ਨੂੰ ਅੱਖੋਂ ਪਰੋਖੇ ਕਰਕੇ ਹੋਰ ਪਾਠ ਬਾਹਰੀ ਵੇਰਵਿਆਂ ਵੱਲ ਆਲੋਚਕ ਦਾ ਧਿਆਨ ਮੋੜ ਦਿੰਦੀਆਂ ਹਨ। ਸਾਹਿਤ ਆਲੋਚਨਾ ਕਲਾ ਕਿਰਤ ਤੋਂ ਦੂਰ ਰਹਿ ਕੇ ਲੇਖਕ ਦੇ ਜੀਵਨ ਤੱਥਾਂ ਅਤੇ ਰਚਨਾ ਦੇ ਇਤਿਹਾਸਕ ਤੱਥਾਂ ਉੱਪਰ ਹੀ ਵਧੇਰੇ ਬਲ ਦਿੰਦੀ ਰਹੀ ਹੈ। ਅਕਾਦਮਿਕ, ਮਾਨਵਵਾਦੀ, ਇਤਿਹਾਸਵਾਦੀ ਤੇ ਮਾਰਕਸਵਾਦੀ ਆਲੋਚਨਾ ਦੁਆਰਾ ਸਾਹਿਤ ਅਧਿਐਨ ਸਮੇਂ ਉਸਦੇ ਨੈਤਿਕ, ਸਮਾਜਿਕ ਪ੍ਰਸੰਗ ਨੂੰ ਵਧੇਰੇ ਮਹੱਤਵ ਦੇਣ ਕਾਰਨ ਸਾਹਿਤਕ ਕਿਰਤ ਦੀ ਥਾਂ ਲੇਖਕ ਨੂੰ ਹੀ ਸਮੁੱਚੇ ਅਧਿਐਨ ਦਾ ਕੇਂਦਰ ਬਣਾ ਲੈਣ ਦੀ ਪ੍ਰਵਿਰਤੀ ਵਿਰੁੱਧ ਆਵਾਜ਼ ਬੁਲੰਦ ਕਰਨ ਦੇ ਯਤਨ ਥੀਮ ਵਿਗਿਆਨਕ ਪ੍ਰਣਾਲੀ ਦੀ ਉਸਾਰੀ ਦੇ ਮੂਲ ਕਾਰਨ ਬਣੇ। ਥੀਮ ਵਿਗਿਆਨਕ ਪ੍ਰਣਾਲੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕਿਸੇ ਕਲਾ-ਕਿਰਤ ਨੂੰ ਵੇਖਣ ਪਛਾਨਣ ਦਾ ਢੰਗ Expressive Realism and Representation Realims ਸੀ। ਥੀਮ ਵਿਗਿਆਨਕ ਪ੍ਰਣਾਲੀ ਦੇ ਦ੍ਰਿਸ਼ਟੀਕੋਣ ਅਨੁਸਾਰ ਕਿਸੇ ਵੀ ਰਚਨਾ ਦੀ ਸਿਰਜਨਾ ਜਾਂ ਉਸਦਾ ਅਧਿਐਨ ਕਰਨ ਲਈ ਕਲਾ-ਕਿਰਤ ਤੋਂ ਬਾਹਰੀ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜਗ੍ਹਾ ਨਿਰੋਲ ਕਲਾ-ਕਿਰਤ ਉੱਪਰ ਧਿਆਨ ਕਰਨਾ ਚਾਹੀਦਾ ਹੈ ਤਾਂ ਕਿ ਉਸ ਕਲਾ-ਕਿਰਤ ਦੇ ਕਲਾਤਮਕ ਸੰਗਠਨ ਨੂੰ ਸਮਝਿਆ ਜਾ ਸਕੇ। ਡਾ. ਹਰਿਭਜਨ ਸਿੰਘ ਅਨੁਸਾਰ ਅਜਿਹੀ ਪਿਰਤ ਨਾਲ ਸਾਡੀ ਮਾਡਲ ਚੇਤਨਾ ਵਿਚ ਵਾਧਾ ਹੋਇਆ ਹੈ।[1]

ਥੀਮ ਵਿਗਿਆਨਕ ਪ੍ਰਣਾਲੀ ਵਿਚ ਬਹਿਰੰਗ ਆਲੋਚਨਾ ਦੀ ਥਾਂ ਅੰਤਰੰਗ ਆਲੋਚਨਾ ਉੱਪਰ ਜ਼ੋਰ ਦਿੱਤਾ ਜਾਂਦਾ ਹੈ। ਥੀਮੈਟਿਕ ਆਲੋਚਕ ਸਾਹਿਤ ਤੱਤ ਦੀ ਵਿਲੱਖਣਤਾ ਤੇ ਸਵੈ-ਨਿਰਭਰਤਾ ਉੱਪਰ ਜ਼ੋਰ ਦਿੰਦੇ ਹਨ। ਥੀਮ ਵਿਗਿਆਨੀ ਥੀਮ ਨੂੰ ਸਾਹਿਤਕ ਕਿਰਤ ਦੇ ਸੰਰਚਨਾਤਮਕ ਤੱਤ ਵਜੋਂ ਸਵੀਕਾਰ ਕਰਦੇ ਹਨ। ਇਸ ਪ੍ਰਕਾਰ ਪ੍ਰਤੱਖਣ ਦੇ ਦੋ ਨਵੇਂ ਨੁਕਤਾ-ਨਿਗਾਹ ਕਿਸੇ ਕਲਾ ਕਿਰਤ ਨੂੰ ਸਮਝਣ, ਸਿਰਜਨ ਤੇ ਵਿਆਖਿਆ ਕਰਨ ਲਈ ਸਾਡੇ ਸਾਹਮਣੇ ਆਉਂਦੇ ਹਨ। ਥੀਮ ਵਿਗਿਆਨਕ ਪ੍ਰਣਾਲੀ ਰਚਨਾ ਦੇ ਪਾਠ ਨੂੰ ਹੀ ਆਲੋਚਨਾ ਤੇ ਵਿਆਖਿਆ ਦਾ ਆਧਾਰ ਬਣਾਉਂਦੀ ਹੈ।

'ਥੀਮ' ਸ਼ਬਦ ਅੰਗਰੇਜ਼ੀ ਦੇ ਸ਼ਬਦ 'Theme' ਦਾ ਤਤਸਮ ਰੂਪ ਹੈ ਜੋ ਪੰਜਾਬੀ ਆਲੋਚਨਾ ਜਗਤ ਵਿਚ ਇਸ ਦੇ ਸਮਾਨ ਰੂਪ ਵਿਚ ਵਰਤਿਆ ਜਾਂਦਾ ਹੈ।[2] 'ਥੀਮ' ਸ਼ਬਦ ਦੇ ਅਰਥ ਸਮੇਂ ਦੇ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਵਿਕਾਸ ਨਾਲ ਬਦਲਦੇ ਰਹੇ ਹਨ। ਥੀਮ ਨੂੰ ਪੂਰਵ ਵਰਤੀ ਆਲੋਚਕ ਉਦੇਸ਼, ਸਾਰ ਤੇ ਕਥਨ ਆਦਿ ਦੇ ਅਰਥਾਂ ਵਿਚ ਵਰਤਦੇ ਰਹੇ ਹਨ। ਵਿਦਵਾਨਾਂ ਨੇ ਇਸ ਨੂੰ ਸਾਹਿਤਕ ਕਿਰਤ ਦੇ ਸੰਗਠਨ ਸਿੱਧਾਂਤ ਵੱਲ ਸੰਕੇਤ ਕਰਨ ਵਾਲਾ ਤੱਤ ਮੰਨਿਆ ਹੈ। ਥੀਮ ਰਚਨਾ ਦਾ ਕੇਂਦਰੀ ਤੱਤ ਹੈ ਜਿਸ ਨਾਲ ਕੋਈ ਰਚਨਾ ਰੂਪ ਗ੍ਰਹਿਣ ਕਰਦੀ ਹੈ। ਇਹ ਰਚਨਾ ਦੇ ਥੀਮਾਂ ਦੇ ਅਧਿਐਨ ਦੁਆਰਾ ਸਾਹਿਤ ਸੰਰਚਨਾ ਦੀ ਪਛਾਣ ਕਰਨ ਵਾਲੀ ਇੱਕ ਵਿਧੀ ਹੈ। ਇਸ ਪ੍ਰਕਾਰ ਥੀਮ ਦੇ ਪਰੰਪਰਕ ਅਰਥਾਂ ਨਾਲੋਂ ਥੀਮ ਵਿਗਿਆਨੀਆਂ ਦੁਆਰਾ ਪੇਸ਼ ਕੀਤੇ ਅਰਥਾਂ ਵਿਚ ਕਾਫ਼ੀ ਵੱਖਰਤਾ ਹੈ। ਪਰੰਪਰਕ ਰੂਪ ਵਿਚ 'ਥੀਮ' ਸ਼ਬਦ ਦੇ ਅਧਿਐਨ ਸਮੇਂ ਇਨ੍ਹਾਂ ਤੱਤਾਂ ਨੂੰ ਘੋਖਿਆ ਜਾਂਦਾ ਸੀ ਕਿ ਰਚਨਾ ਦਾ ਵਿਸ਼ਾ ਕੀ ਹੈ ? ਰਚਨਾ ਕਿਸ ਬਾਰੇ ਹੈ ? ਰਚਨਾ ਦਾ ਉਦੇਸ਼ ਕੀ ਹੈ ? ਆਦਿ। ਪਰ ਥੀਮ ਵਿਗਿਆਨੀਆਂ ਦੁਆਰਾ ਥੀਮ ਦੇ ਸੰਕਲਪ ਵਿਚ ਰਚਨਾ ਦੇ ਵਿਸ਼ੇ ਦੇ ਨਾਲ-ਨਾਲ ਉਸਦੇ ਕਲਾਤਮਕ ਸੰਗਠਨ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਆਧੁਨਿਕ ਥੀਮ ਵਿਗਿਆਨੀਆਂ ਅਨੁਸਾਰ ਥੀਮ ਰਚਨਾ ਦਾ ਸੰਗਠਨਕਾਰੀ ਤੱਤ ਹੁੰਦਾ ਹੈ ਜੋ ਆਦਿ ਤੋਂ ਅੰਤ ਤਕ ਰਚਨਾ ਦੇ ਆਰ-ਪਾਰ ਫੈਲਿਆ ਹੁੰਦਾ ਹੈ। ਥੀਮੈਟਿਕ ਆਲੋਚਕ ਸਾਹਿਤ ਨੂੰ ਵਸਤੂ ਨਿਸ਼ਟ ਮੰਨਦੇ ਹਨ। ਇਹ ਕਿਸੇ ਵੀ ਰਚਨਾ ਨੂੰ ਉਸ ਦੇ ਰੂਪ ਤੋਂ ਵੇਖਦੇ ਹਨ। ਈ.ਐਚ.ਫ਼ਾਕ (E.H. Falk) ਅਨੁਸਾਰ:

> ਥੀਮ ਨੂੰ ਉਨ੍ਹਾਂ ਵਿਚਾਰਾਂ ਰਾਹੀਂ ਵੀ ਅਭਿਵਿਅਕਤ ਕੀਤਾ ਜਾ ਸਕਦਾ ਹੈ, ਜੋ ਕਿਸੇ ਵਿਸ਼ੇਸ਼ ਸੰਰਚਨਾ ਦੀ ਬੁਣਤੀ ਵਿਚ ਨਿਹਿਤ ਕਾਰਜਾਂ, ਕਥਨਾਂ, ਮਨੋਸਥਿਤੀਆਂ, ਭਾਵਨਾਵਾਂ, ਇਸ਼ਾਰਿਆਂ ਜਾਂ ਅਰਥ ਭਰਪੂਰ ਵਾਤਾਵਰਨ ਰਾਹੀਂ ਹੋਂਦ ਗ੍ਰਹਿਣ ਕਰਦੇ ਹਨ। ਬੁਣਤੀ ਦੇ ਇਨ੍ਹਾਂ ਤੱਤਾਂ ਨੂੰ 'ਮੋਟਿਫ' ਦਾ ਨਾਮ ਦਿੱਤਾ ਜਾ ਸਕਦਾ ਹੈ। 'ਮੋਟਿਫ' ਦੇ ਇਸ ਪਰਿਭਾਸ਼ਕ ਪਦ ਨੂੰ ਹੀ ਅਮੂਰਤ ਪੱਧਰ 'ਤੇ ਥੀਮ ਦੀ ਉਕਤੀ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ।[3]

ਤੋਮਾਸ਼ੇਵਸਕੀ ਅਨੁਸਾਰ:

> ਸਾਹਿਤਿਕ ਕਿਰਤ ਨੂੰ ਏਕਤਾ ਉਸਦੇ ਥੀਮ ਤੋਂ ਮਿਲਦੀ ਹੈ ਜੋ ਉਸ ਰਚਨਾ ਦੇ ਅੰਦਰ-ਬਾਹਰ ਆਦਿ ਤੋਂ ਅੰਤ ਤਕ ਸਮਾਇਆ ਰਹਿੰਦਾ ਹੈ।[4]

ਕਾਰਲ ਬੈਕਸਨ ਅਨੁਸਾਰ:

> ਥੀਮ ਨੂੰ ਕਾਵਿ ਕਿਰਤ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਦੋਂ ਪੇਸ਼ ਕੀਤਾ ਜਾਂਦਾ ਹੈ ਜਦੋਂ ਉਸ ਨੂੰ ਸਪੱਸ਼ਟ ਤੌਰ 'ਤੇ ਵਰਣਨ ਨਹੀਂ ਕੀਤਾ ਜਾ ਸਕਦਾ। ਅਜਿਹੀ ਸਥਿਤੀ ਵਿਚ ਅਸੀਂ ਥੀਮ ਨੂੰ ਰਚਨਾ ਵਿਚੋਂ ਲੱਭ ਸਕਦੇ ਹਾਂ, ਜਿਵੇਂ ਕਿ ਕੀਟਸ ਦੀ ਕਵਿਤਾ 'Ode On a Gracion Urn' ਦਾ ਥੀਮ ਕਲਾ ਦੀ ਸਦੀਵਤਾ ਤੇ ਜ਼ਿੰਦਗੀ ਦੀ ਅਸਥਿਰਤਾ ਹੈ, ਪ੍ਰੰਤੂ ਕਵਿਤਾ ਵਿਚ ਇਹ ਥੀਮ ਸਿੱਧੇ ਤੌਰ 'ਤੇ ਪੇਸ਼ ਨਹੀਂ ਕੀਤਾ ਗਿਆ।[5]

ਇਸ ਪ੍ਰਕਾਰ ਵੱਖ-ਵੱਖ ਵਿਦਵਾਨਾਂ ਦੁਆਰਾ 'ਥੀਮ' ਬਾਰੇ ਵੱਖ-ਵੱਖ ਪਰਿਭਾਸ਼ਾਵਾਂ ਮਿਲਦੀਆਂ ਹਨ। ਜੋ ਥੀਮ ਨੂੰ ਆਪਣੇ-ਆਪਣੇ ਅਰਥਾਂ ਵਿਚ ਸਪੱਸ਼ਟ ਕਰਦੇ ਹਨ। ਇਸ ਪ੍ਰਕਾਰ ਯੂਰਪ ਵਿਚ ਥੀਮਿਕ ਅਧਿਐਨ ਦੁਆਰਾ ਸਾਹਿਤ ਚਿੰਤਨ ਦੋ ਪੱਧਤੀਆਂ ਵਿਚ ਮੂਰਤੀਮਾਨ ਹੋਇਆ। ਇੱਕ ਪੱਧਤੀ ਅਨੁਸਾਰ ਕਿਸੇ ਕਲਾ ਕਿਰਤ ਵਿਚ ਥੀਮ ਸੰਰਚਨਾਤਮਕ ਤੱਤ ਵਜੋਂ ਸਵੀਕਾਰ ਕੀਤਾ ਗਿਆ ਅਤੇ ਦੂਜੀ ਪੱਧਤੀ ਅਨੁਸਾਰ ਰਚਨਾ ਦੇ ਗੈਰ-ਸੰਰਚਨਾਤਮਕ ਤੱਤ ਵੱਜੋਂ।

ਆਲੋਚਨਾਤਮਕ ਸ਼ਬਦਾਵਲੀ ਵਿਚ 'ਥੀਮ' ਸ਼ਬਦ ਦੀ ਵਰਤੋਂ ਕਈ ਅਰਥਾਂ ਵਿਚ ਹੁੰਦੀ ਰਹੀ ਹੈ:

### ਥੀਮ ਵਿਸ਼ੇ ਦੇ ਰੂਪ ਵਿਚ (Theme as a Topic)

ਸਾਹਿਤ ਆਲੋਚਨਾ ਜਗਤ ਵਿਚ 'ਥੀਮ' ਨੂੰ ਵਿਸ਼ੇ ਦੇ ਸਮਾਨਾਰਥੀ ਰੂਪ ਵਿਚ ਵੀ ਵਰਤਿਆ ਜਾਂਦਾ ਰਿਹਾ ਹੈ। ਇਸ ਵਿਚ ਥੀਮ ਟਾਪਿਕ ਦੇ ਤੌਰ 'ਤੇ ਸਾਹਿਤ ਬਾਹਰੀਆਂ ਪਹੁੰਚ ਵਿਧੀਆਂ,

ਸਾਮਗਰੀ ਤੱਤਾਂ ਦੇ ਰੂਪ ਵਿਚ ਪ੍ਰਕਾਰਜ ਕਰਦਾ ਹੈ। ਇਸ ਵਿਚ ਇਸ ਗੱਲ ਦੀ ਪਰਖ ਕੀਤੀ ਜਾਂਦੀ ਹੈ ਕਿ ਰਚਨਾ ਕਿਸ ਬਾਰੇ ਗੱਲ ਕਰ ਰਹੀ ਹੈ? ਸਾਹਿਤ ਰਚਨਾ ਦੇ ਅਧਿਐਨ ਲਈ ਆਲੋਚਨਾ ਜਗਤ ਵਿਚ ਵਸਤੂ ਤੇ ਰੂਪ ਦੀ ਦਵੈਤ ਆਧਾਰਿਤ ਅਧਿਐਨ ਕਾਰਜ ਹੀ ਕੀਤਾ ਗਿਆ ਹੈ। ਰਚਨਾ ਦੇ ਵਿਸ਼ੇ ਦੇ ਅੰਤਰਗਤ ਨਾਇਕ, ਖਲਨਾਇਕ, ਚਰਿੱਤਰ, ਰਚਨਾ ਮਨੋਰਥ ਵੱਜੋਂ ਹੀ ਥੀਮ ਦੀ ਚਰਚਾ ਕੀਤੀ ਗਈ ਹੈ। ਯੂਜੀਨ.ਫਾਕ 'ਥੀਮ ਟਾਪਿਕ ਦੇ ਤੌਰ 'ਤੇ' ਦੇ ਅੰਤਰਗਤ ਥੀਮ ਨੂੰ ਵਿਚਾਰਦੇ ਹੋਏ ਇਸ ਨੂੰ ਰਚਨਾ ਵਿਚੋਂ ਪ੍ਰਾਪਤ ਹੋਣ ਵਾਲੇ ਨੁਕਤਿਆਂ ਦੇ ਰੂਪ ਵਿਚ ਪੇਸ਼ ਕਰਦਾ ਹੈ। ਜਿਵੇਂ-ਨਾਇਕ ਦੀ ਮੁਖ ਸ਼੍ਰੇਣੀ, ਧਰਮ, ਕਾਰੋਬਾਰ ਤੇ ਜਜ਼ਬਾਤ ਜਾਂ ਦਲੇਰੀ ਦੇ ਪ੍ਰਤੀਨਿੱਧ ਗੁਣ ਆਦਿ। ਇਸ ਪ੍ਰਕਾਰ ਥੀਮ ਵਰਗੀਕ੍ਰਿਤ ਧਾਰਨਾਵਾਂ, ਵਿਚਾਰ-ਤੱਤ, ਕਵੀ-ਮਨੋਰਥ ਜਾਂ ਪਾਠਕ ਪ੍ਰਭਾਵ ਦੇ ਰੂਪ ਵਿਚ ਮਹੱਤਵ ਗ੍ਰਹਿਣ ਕਰਦਾ ਹੈ। ਰਚਨਾ ਪਾਠ ਦਾ ਮਹੱਤਵ ਵਧੇਰੇ ਕਰਕੇ ਦੁਜੈਲੇ ਜਾਂ ਸਾਮਗਰੀ ਤੱਤਾਂ ਦੇ ਸਪੱਸ਼ਟੀਕਰਨ ਵੱਜੋਂ ਹੀ ਸਾਹਮਣੇ ਆਉਂਦਾ ਹੈ।[6] ਥੀਮ ਨੂੰ ਟਾਪਿਕ ਸਮਝਣ ਦਾ ਅਰਥ ਕਿਸੇ ਰਚਨਾ-ਵਿਸ਼ੇਸ਼ ਜਾਂ ਕਿਸੇ ਇੱਕ ਲੇਖਕ ਦੀਆਂ ਬਹੁਤੀਆਂ ਰਚਨਾਵਾਂ ਵਿਚ ਜਾਂ ਕਈ ਲੇਖਕਾਂ ਦੀਆਂ ਰਚਨਾਵਾਂ ਵਿਚ ਦੁਹਰਾਏ ਗਏ ਤੱਤਾਂ ਨੂੰ ਰਚਨਾ-ਪ੍ਰਬੰਧ ਨਾਲੋਂ ਤੋੜ ਕੇ ਵਿਚਾਰਨਾ ਹੈ। ਟੀ.ਲੈਮਨ ਤਾਂ ਥੀਮ ਨੂੰ ਰਚਨਾ ਵਿਚ ਜੋ ਕੁਝ ਵਾਪਰਦਾ ਹੈ, ਉਸ ਦੇ ਅੰਦਰ ਰਹਿੰਦੇ ਹੋਏ ਪਛਾਨਣ ਦਾ ਪ੍ਰਯਤਨ ਕਰਦਾ ਹੈ, ਪਰ ਮੂਲ ਆਧਾਰ ਫਿਰ ਪਾਠਕ ਦੇ ਪ੍ਰਭਾਵ ਨੂੰ ਹੀ ਮੰਨਦਾ ਹੈ, ਜੋ ਨਿਭਾ ਰਿਹਾ ਹੈ ਜਾਂ ਜਿਸ ਲਈ ਕਾਰਜ ਵਾਪਰਦਾ ਹੈ।[7] ਇਥੇ ਵੀ ਥੀਮ ਰਚਨਾ ਵਿਚੋਂ ਉਭਰਦੇ ਹੋਏ ਰਚਨਾ ਤੋਂ ਬਾਹਰ ਰਚਨਾਕਾਰ ਜਾਂ ਪਾਠਕ ਦੇ ਪ੍ਰਭਾਵ ਨਾਲ ਸੰਬੰਧਿਤ ਹੈ।

ਇਸੇ ਪ੍ਰਕਾਰ ਵੱਖੋ-ਵੱਖਰੀਆਂ ਅਧਿਐਨ ਦ੍ਰਿਸ਼ਟੀਆਂ ਆਪਣੇ ਪੂਰਵ-ਨਿਰਧਾਰਿਤ ਪਹੁੰਚ ਕੋਣ ਨੂੰ ਹੀ ਰਚਨਾ ਵਿਚੋਂ ਪਛਾਣਨ ਦਾ ਯਤਨ ਕਰਦੀਆਂ ਹਨ। ਮਾਰਕਸਵਾਦੀ ਪਹੁੰਚ ਰਚਨਾ ਵਿਚੋਂ ਸਮਾਜਕ-ਦਵੰਦ ਤੇ ਸ਼੍ਰੇਣੀ-ਸੰਘਰਸ਼ ਨੂੰ ਪਛਾਣਦੀ ਹੋਈ ਰਚਨਾ ਨੂੰ ਵਸਤੂ ਤੇ ਰੂਪ ਦੀ ਦਵੈਤਵਾਦੀ ਸੋਚਣੀ ਦੁਆਰਾ, ਮਨੋਵਿਗਿਆਨਕ ਪਹੁੰਚ ਨੂੰ ਰਚਨਾਕਾਰ ਦੀ ਮਾਨਸਿਕਤਾ ਤੇ ਪਾਠਕ ਪ੍ਰਭਾਵ, ਇਤਿਹਾਸਵਾਦੀ ਦ੍ਰਿਸ਼ਟੀ ਜਾਤੀ ਨੂੰ ਰਚਨਾਤਮਕ ਵਿਕਾਸ ਵਿਚੋਂ ਪਚਾਣਦੀ ਹੈ।

## ਥੀਮ ਪੈਗਾਮ ਦੇ ਰੂਪ ਵਿਚ

ਥੀਮ ਨੂੰ 'ਪੈਗਾਮ' ਦੇ ਤੌਰ 'ਤੇ ਵੇਖਣ ਦੌਰਾਨ ਰਚਨਾ-ਪਾਠ ਦਾ ਮਹੱਤਵ ਪਿੱਠਭੂਮੀ ਵਿਚ ਪ੍ਰਕਾਰਜ ਕਰਦਾ ਹੈ ਅਤੇ ਰਚਨਾ ਦਾ ਮਹੱਤਵ ਕੇਵਲ 'ਪੈਗਾਮ' ਰੂਪੀ ਰਚਨਾ-ਤੱਤ ਨੂੰ ਪਛਾਨਣ ਤਕ ਸੀਮਿਤ ਰਹਿ ਜਾਂਦਾ ਹੈ। ਲੇਖਕ ਰਚਨਾ ਵਿਚ ਥੀਮਾਂ ਦੇ ਪ੍ਰਗਟਾਉ ਨਾਲ ਪੈਗਾਮ ਦਾ ਸੰਚਾਰ ਕਰਨਾ ਚਾਹੁੰਦਾ ਹੈ। ਪਰ ਥੀਮ ਨੂੰ ਪੈਗਾਮ ਦੇ ਤੌਰ 'ਤੇ ਵੇਖਣ ਸਮੇਂ ਥੀਮਾਂ ਨਾਲੋਂ ਵਧੇਰੇ ਮਹੱਤਵ ਰਚਨਾ ਪਾਠ ਵਿਚੋਂ ਪ੍ਰਾਪਤ ਹੋਣ ਵਾਲੇ ਪੈਗਾਮ ਦਾ ਰਹਿ ਜਾਂਦਾ ਹੈ। ਇਸ ਮੱਤ ਦਾ ਆਧਾਰ ਵਧੇਰੇ ਭਾਸ਼ਾ ਵਿਗਿਆਨਿਕ ਹੈ। ਫਾਕ ਮੂਲ ਰੂਪ ਵਿਚ ਰਚਨਾ ਦਾ ਸਿਸਟਮੀ ਵਿਸ਼ਲੇਸ਼ਣ ਕਰਨ ਵਾਲਾ ਚਿੰਤਕ ਹੈ। ਉਸ ਅਨੁਸਾਰ ਥੀਮ ਨੂੰ ਪ੍ਰਗਟਾਉਣਾ ਕਿਸੇ ਰਚਨਾ ਵਿਸ਼ੇਸ਼ ਦਾ ਪ੍ਰਾਥਮਿਕ ਮਨੋਰਥ ਹੁੰਦਾ ਹੈ।[8] ਉਸ ਵਿਚਲਾ ਪੈਗਾਮ ਉਹ ਸੰਕਲਪ ਹੈ ਜੋ ਪਹਿਲਾਂ ਮਿਲਦੇ ਕਿਸੇ ਸੰਕਲਪ ਉੱਪਰ ਕੀਤੇ ਵਿਚਾਰ ਤੋਂ ਗ੍ਰਹਿਣ ਕੀਤਾ ਜਾਂਦਾ ਹੈ। ਇਹ ਪਹਿਲਾ ਸੰਕਲਪ ਮੋਟਿਫ਼ਾਂ ਦੁਆਰਾ ਅਮੂਰਤੀਕਰਨ ਦੀ ਵਿਧੀ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ।

ਰੋਮਨ ਜੈਕਬਸਨ ਸੰਚਾਰ ਨੂੰ ਥੀਮ ਦੇ ਰੂਪ ਵਿਚ ਵੇਖਦਾ ਹੋਇਆ ਭਾਸ਼ਾ ਦੇ ਮੈਟਾਫਰ ਤੇ ਮੈਟਾਨਿਮਿਕ ਮਾਧਿਅਮ ਦੁਆਰਾ ਸੰਚਾਰ ਮਾਡਲ ਪੇਸ਼ ਕਰਦਾ ਹੈ। ਉਸ ਨੇ ਭਾਸ਼ਾ ਸੰਚਾਰ ਦੇ ਪ੍ਰਸੰਗ ਵਿਚ ਪੈਗਾਮ ਦੀ ਰਚਨਾ ਕੀਤੀ ਹੈ। ਭਾਸ਼ਾ ਦੇ ਚੋਣ ਤੇ ਸੰਯੋਗ ਪਾਸਾਰਾਂ ਰਾਹੀਂ ਹੀ ਕਿਸੇ ਰਚਨਾ ਦਾ ਪੈਗਾਮ ਰੂਪੀ ਥੀਮ ਪ੍ਰਾਪਤ ਹੁੰਦਾ ਹੈ। ਉਸ ਨੇ ਸੰਚਾਰ ਮਾਡਲ ਦੇ ਅੰਤਰਗਤ ਸਰੋਤਾ, ਪੈਗਾਮ, ਸੰਬੰਧ,

ਕੋਡ ਤੇ ਪ੍ਰਸੰਗ ਪ੍ਰਮੁਖ ਨੁਕਤਿਆਂ ਸੰਬੰਧੀ ਚਰਚਾ ਕੀਤੀ।[9] ਰਚਨਾਕਾਰ ਰਚਨਾ ਦੁਆਰਾ ਕੋਡਬੱਧ ਪੈਗਾਮ ਪਾਠਕ ਤਕ ਪ੍ਰਵਾਹਿਤ ਕਰਦਾ ਹੈ ਅਤੇ ਪਾਠਕ ਨਾਲ ਸੰਬੰਧ ਸਥਾਪਿਤ ਕਰਦਾ ਹੈ। ਸਾਰੀ ਸੰਚਾਰ ਪ੍ਰਕਿਰਿਆ ਪੈਗਾਮ ਦੁਆਲੇ ਹੀ ਵਾਪਰਦੀ ਹੈ, ਜੋ ਰਚਨਾਕਾਰ ਦੁਆਰਾ ਸੰਚਾਰਿਤ ਹੁੰਦੀ ਹੈ। ਇਹ 'ਪੈਗਾਮ' ਮੌਖਿਕ ਜਾਂ ਪ੍ਰਤੱਖਣਯੋਗ ਰੂਪ ਵਿਚ ਦੋਹਾਂ ਵਿਚਕਾਰ ਸੰਬੰਧ ਸਥਾਪਿਤ ਕਰਦਾ ਹੈ। ਸੰਚਾਰ ਸੰਬੰਧੀ ਇਹ ਨੁਕਤੇ ਹੀ ਵੱਖੋ-ਵੱਖਰੇ ਪ੍ਰਕਾਰਜ ਨਿਭਾਉਂਦੇ ਹੋਏ ਪ੍ਰਕਾਰਜੀ ਚਰਿੱਤਰ ਉਸਾਰਦੇ ਹਨ। ਜਦੋਂ ਸੰਚਾਰ ਪ੍ਰਸੰਗ ਆਧਾਰਿਤ ਹੋਵੇ ਤਾਂ ਭਾਵਨਾਤਮਕ, ਕੋਡ ਆਧਾਰਿਤ ਹੋਵੇ ਤਾਂ ਸੰਚਾਰ, ਮੈਟਾਭਾਸ਼ਕ ਅਤੇ ਸੰਦੇਸ਼ ਆਧਾਰਿਤ ਹੋਵੇ ਤਾਂ ਸੁਹਜ ਪ੍ਰਕਾਰਜ ਪ੍ਰਮੁੱਖਤਾ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਜੈਕਬਸਨ ਸਾਡਾ ਸੰਬੰਧ ਰਚਨਾ-ਪਾਠ ਦੇ ਸੰਰਚਨਾਤਮਕ ਤੱਤਾਂ ਨਾਲ ਜੋੜਦਾ ਹੈ ਅਤੇ ਉਸ ਦੇ ਪ੍ਰਕਾਰਜ ਨਾਲ ਵੀ।

ਥੀਮ ਵਿਗਿਆਨਕ ਪ੍ਰਣਾਲੀ ਸਾਹਿਤਿਕ ਕਿਰਤਾਂ ਦੇ ਥੀਮਾਂ ਦਾ ਅਧਿਐਨ ਵਿਗਿਆਨਕ ਢੰਗ ਨਾਲ ਕਰਦੀ ਹੈ। ਸਾਹਿਤ ਆਲੋਚਨਾ ਵਿਚ ਥੀਮ ਵਿਗਿਆਨਕ ਵਿਧੀ ਨਾਲ ਸੰਬੰਧਿਤ ਤਿੰਨ ਵਿਧੀਆਂ ਮਿਲਦੀਆਂ ਹਨ-ਰੂਸੀ ਥੀਮ ਵਿਗਿਆਨਕ ਵਿਧੀ, ਅਮਰੀਕੀ ਥੀਮ ਵਿਗਿਆਨਕ ਵਿਧੀ ਤੇ ਫਰਾਂਸੀਸੀ ਥੀਮ ਵਿਗਿਆਨਕ ਵਿਧੀ। ਇਨ੍ਹਾਂ ਥੀਮ ਵਿਗਿਆਨਕ ਵਿਧੀਆਂ ਵਿਚੋਂ ਰੂਸੀ ਥੀਮ ਵਿਗਿਆਨਕ ਵਿਧੀ ਤੇ ਅਮਰੀਕੀ ਥੀਮ ਵਿਗਿਆਨਕ ਵਿਧੀ ਸਾਂਝੀ ਧਾਰਨਾ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਦ੍ਰਿਸ਼ਟੀ ਤੇ ਪ੍ਰਣਾਲੀ ਵਜੋਂ ਕਾਫੀ ਸਾਂਝ ਮਿਲਦੀ ਹੈ, ਪਰ ਫਰਾਂਸੀਸੀ ਥੀਮ ਵਿਗਿਆਨਕ ਵਿਧੀ ਇੱਕ ਵੱਖਰੇ ਦ੍ਰਿਸ਼ਟੀਕੋਣ ਦੀ ਧਾਰਨੀ ਹੈ। ਇਨ੍ਹਾਂ ਵਿਧੀਆਂ ਦੇ ਆਲੋਚਕਾਂ ਕੋਲ ਸਾਹਿਤ ਪ੍ਰਤੀ ਇੱਕ ਅਜਿਹੀ ਪਹੁੰਚ ਹੈ ਜਿਸ ਨੂੰ ਸਾਮਗ੍ਰਮੁਖੀ ਪਹੁੰਚ ਕਹਿ ਸਕਦੇ ਹਾਂ। ਇਸ ਪਹੁੰਚ ਵਿਧੀ ਅਧੀਨ ਉਨ੍ਹਾਂ ਨੂੰ ਆਪਣੇ ਤੋਂ ਪਹਿਲਾਂ ਪ੍ਰਚਲਿਤ ਅਨੇਕ ਆਲੋਚਨਾ ਪ੍ਰਣਾਲੀਆਂ ਤੇ ਸਕੂਲਾਂ ਦੇ ਵਿਚਾਰਾਂ ਨੂੰ ਆਪਣੇ ਚਿੰਤਨ ਵਿਚ ਰਲਾਣ ਤੇ ਇਕ-ਮਿਕ ਕਰਨ ਦਾ ਮੌਕਾ ਮਿਲਿਆ। ਇੱਕ ਪੱਧਰ ਉੱਪਰ ਥੀਮ ਵਿਗਿਆਨ ਵਿਚ ਸਾਨੂੰ ਵੀਹਵੀਂ ਸਦੀ ਦੇ ਆਰੰਭ ਤੋਂ ਯੂਰਪੀ-ਅਮਰੀਕੀ ਸਾਹਿਤਕ ਦ੍ਰਿਸ਼ ਉੱਪਰ ਵਿਆਪਤ ਭਿੰਨ-ਭਿੰਨ ਆਲੋਚਨਾਤਮਕ ਪ੍ਰਣਾਲੀਆਂ ਵਿਚ ਮਿਲਦੇ ਵਿਚਾਰਾਂ ਦਾ ਸੁਮੇਲ ਪ੍ਰਾਪਤ ਹੁੰਦਾ ਹੈ ਅਤੇ ਦੂਜੇ ਪੱਧਰ ਉੱਪਰ ਉਸ ਵਿਚ ਨਵ-ਆਲੋਚਨਾ, ਸ਼ਿਕਾਗੋ ਸਕੂਲ, ਮਿਥ-ਆਲੋਚਨਾ ਤੇ ਸੰਰਚਨਾਵਾਦ ਦੇ ਵਿਚਾਰਾਂ ਨੂੰ ਵੀ ਇੱਕ ਰੂਪ ਵਿਚ ਬੰਨਣ ਦਾ ਯਤਨ ਨਜ਼ਰ ਆਉਂਦਾ ਹੈ। ਥੀਮੈਟਿਕ ਆਲੋਚਕ ਨਵ-ਆਲੋਚਕਾਂ ਵਾਂਗ ਹੀ ਕਿਸੇ ਸਾਹਿਤਕ ਕਿਰਤ ਦੀ ਵਿਲੱਖਣਤਾ ਤੇ ਸਵੈ-ਨਿਰਭਰਤਾ ਉੱਪਰ ਜ਼ੋਰ ਦਿੰਦੇ ਹਨ। ਉਹ ਨਵ-ਆਲੋਚਨਾ ਦੇ ਮੁੱਢਲੇ ਵਿਚਾਰਾਂ ਨਾਲੋਂ ਭਿੰਨ ਵੀ ਹਨ।

### ਰੂਸੀ ਥੀਮ ਵਿਗਿਆਨਕ ਪ੍ਰਣਾਲੀ

ਸਾਹਿਤ ਚਿੰਤਨ ਦੇ ਵਿਸ਼ਵ ਵਿਆਪੀ ਇਤਿਹਾਸ ਵਿਚ ਸਭ ਤੋਂ ਪਹਿਲੀ ਰੂਸੀ ਥੀਮ ਵਿਗਿਆਨਕ ਪ੍ਰਣਾਲੀ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਉੱਭਰ ਕੇ ਸਾਹਮਣੇ ਆਈ। ਰੂਸੀ ਥੀਮ ਵਿਗਿਆਨਕ ਪ੍ਰਣਾਲੀ ਦੇ ਪ੍ਰਮੁੱਖ ਸਿੱਧਾਂਤਕਾਰ ਵਿਕਟਰ ਸ਼ਕਲੋਵਸਕੀ, ਬੋਰਿਸ ਤੋਮਾਸ਼ੇਵਸਕੀ, ਬੋਰਿਸ ਈਖਨਬਾਮ ਹਨ। ਸਾਹਿਤ ਆਲੋਚਨਾ ਤੇ ਇਤਿਹਾਸ ਵਿਚ ਇਹ ਤਿੰਨੇ ਆਲੋਚਕ ਰੂਸੀ ਥੀਮ ਵਿਗਿਆਨੀਆਂ ਵਜੋਂ ਜਾਣੇ ਜਾਂਦੇ ਹਨ ਅਤੇ ਆਲੋਚਨਾ ਦੇ ਉਸ ਸਕੂਲ ਨਾਲ ਸੰਬੰਧਿਤ ਹਨ ਜੋ ਵੀਹਵੀਂ ਸਦੀ ਦੇ ਦੂਜੇ-ਤੀਜੇ ਦਹਾਕਿਆਂ ਵਿਚ ਰੂਸ ਵਿਚ ਵਿਕਸਤ ਹੋਇਆ। ਰੂਸੀ ਥੀਮ ਵਿਗਿਆਨੀਆਂ ਨੇ ਥੀਮ ਦੀ ਗੱਲ ਸਦਾ ਜੁਗਤਮੂਲਕ ਪਰਿਪੇਖ ਵਿਚ ਕੀਤੀ ਜੋ ਰਚਨਾ ਦੇ ਰੂਪ-ਪ੍ਰਬੰਧ ਨੂੰ ਨਿਸ਼ਚਿਤ ਕਰਦੀ ਹੈ। ਰੂਸੀ ਥੀਮ ਵਿਗਿਆਨੀ ਤੋਮਾਸ਼ੇਵਸਕੀ ਥੀਮ ਨੂੰ ਸਾਹਿਤਕ ਕਿਰਤ ਦੇ ਸੰਰਚਨਾਤਮਕ ਤੱਤ ਵਜੋਂ ਸਵੀਕਾਰ ਕਰਦਾ ਹੈ। ਉਹ ਥੀਮ ਨੂੰ ਸਾਹਿਤਕ ਕਿਰਤ ਦਾ ਸੰਗਠਨਕਾਰੀ ਤੱਤ ਮੰਨਦਾ ਹੈ, ਜੋ ਉਸ ਰਚਨਾ ਦੇ ਅੰਦਰ-ਬਾਹਰ ਆਦਿ ਤੋਂ ਅੰਤ ਤਕ ਸਮਾਇਆ ਰਹਿੰਦਾ ਹੈ।[10] ਉਹ ਥੀਮ ਨੂੰ ਕਿਸੇ ਰਚਨਾ

ਵਿਚਲੇ ਅੰਗਾਂ-ਅੰਸ਼ਾਂ ਨੂੰ ਇਕਾਗਰ ਕਰਨ ਵਾਲੀ ਕੇਂਦਰੀ ਜੁਗਤ ਮੰਨਦਾ ਹੈ। ਸ਼ਬਦ ਸੰਗਠਨ ਵਿਚਲੇ ਅੰਗਾਂ-ਅੰਸ਼ਾਂ ਨੂੰ ਇਕਾਗਰਤਾ ਪ੍ਰਦਾਨ ਕਰਨ ਵਾਲਾ ਸੂਤਰ ਥੀਮ ਹੈ। ਇਸ ਪ੍ਰਕਾਰ ਤੋਮਾਸ਼ੇਵਸਕੀ ਰਚਨਾ ਦੇ ਵਿਕਾਸ ਨੂੰ ਵਿਵਿਧਤਾ ਪ੍ਰਦਾਨ ਕਰਨ ਵਾਲੀ ਅਜਿਹੀ ਪ੍ਰਕਿਰਿਆ ਮੰਨਦਾ ਹੈ ਜਿਸਨੂੰ ਇਕਾਗਰਕਾਰੀ ਥੀਮ ਏਕਤਾ ਪ੍ਰਦਾਨ ਕਰ ਰਿਹਾ ਹੁੰਦਾ ਹੈ।[11] ਕਿਸੇ ਰਚਨਾ ਦਾ ਥੀਮਿਕ ਅਧਿਐਨ ਕਰਨ ਲਈ ਉਸਦੇ ਥੀਮਿਕ ਅੰਗਾਂ ਦਾ ਵਿਸ਼ਲੇਸ਼ਣ ਕਰਨਾ ਲਾਜ਼ਮੀ ਹੈ। ਰੂਸੀ ਥੀਮ ਵਿਗਿਆਨੀਆਂ ਅਨੁਸਾਰ ਜਿਸ ਲਿਖਤ ਦਾ ਅਰਥ ਹੈ ਉਸ ਦਾ ਕੋਈ ਨਾ ਕੋਈ ਥੀਮ ਹੈ। ਹਰੇਕ ਵਾਕ ਦਾ ਵੀ ਆਪਣਾ ਥੀਮ ਹੁੰਦਾ ਹੈ। ਇਸ ਤਰ੍ਹਾਂ ਰਚਨਾ ਦੇ ਅੰਗਾਂ ਦਾ ਵੀ ਥੀਮ ਹੁੰਦਾ ਹੈ ਅਤੇ ਪੂਰੀ ਰਚਨਾ ਦਾ ਵੀ। ਰੂਸੀ ਥੀਮ ਵਿਗਿਆਨੀ ਥੀਮ ਵਿਗਿਆਨਕ ਅਧਿਐਨ ਸਮੇਂ ਸਾਹਿਤਕ ਕਿਰਤ ਦੇ ਸੰਰਚਨਾਤਨਮਕ ਵਿਸ਼ਲੇਸ਼ਣ ਵੱਲ ਰੁਚਿਤ ਹੁੰਦੇ ਹਨ। ਥੀਮ ਦੀ ਚੋਣ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਤੋਮਾਸ਼ੇਵਸਕੀ ਕਹਿੰਦਾ ਹੈ ਕਿ ਉੱਤਮ ਸਾਹਿਤਕ ਕਿਰਤ ਵਿਚ ਸਮਕਾਲੀ ਤੇ ਸਰਬਕਾਲੀ ਥੀਮ ਦਾ ਸੁਮੇਲ ਹੋਣਾ ਜ਼ਰੂਰੀ ਹੈ। ਪਰ ਸਾਹਿਤਕ ਕਿਰਤ ਨੂੰ ਸਦੀਵੀਂ ਦਿਲਚਸਪੀ/ਮੁਹਾਂਦਰਾ ਪ੍ਰਦਾਨ ਕਰਨ ਲਈ ਇਸ ਨੂੰ ਸਰਬਕਾਲੀ ਚਿੰਤਾਵਾਂ ਅਤੇ ਪ੍ਰਸ਼ਨਾਂ ਨਾਲ ਜੋੜ ਕੇ ਪੇਸ਼ ਕਰਨਾ ਹੁੰਦਾ ਹੈ।[12] ਸਮਾਜਕ ਯਥਾਰਥ ਨਾਲ ਸੰਬੰਧਿਤ ਵਿਸ਼ੇ ਹੀ ਸਾਧਾਰਨ ਪਾਠਕ ਦੀ ਦਿਲਚਸਪੀ ਦਾ ਕੇਂਦਰ ਬਣਦੇ ਹਨ, ਪਰ ਸਮਕਾਲੀ ਥੀਮਾਂ ਵਿਚ ਲੰਮਾ ਚਿਰ ਜਿਊਣ ਦੀ ਸਮਰੱਥਾ ਨਹੀਂ ਹੁੰਦੀ। ਇਸ ਲਈ ਸਮਕਾਲੀ ਨੂੰ ਸਰਬਕਾਲੀ ਬਣਾਉਣ ਲਈ ਪਿਆਰ ਤੇ ਮੌਤ ਜਿਹੇ ਭਾਵਾਂ ਨਾਲ ਮਿਲਾ ਕੇ ਪੇਸ਼ ਕੀਤਾ ਜਾਂਦਾ ਹੈ। ਇਨ੍ਹਾਂ ਭਾਵਾਂ ਤੋਂ ਬਿਨ੍ਹਾਂ ਸਮਕਾਲੀ ਵਿਸ਼ੇ ਉਕਾਊ ਬਣ ਕੇ ਰਹਿ ਜਾਂਦੇ ਹਨ। ਰੂਸੀ ਰੂਪਵਾਦੀਆਂ ਨੇ ਪਲਾਟ ਨੂੰ ਕਾਰਜ ਨਾਲੋਂ ਨਿਖੇੜਿਆ ਹੈ। ਉਨ੍ਹਾਂ ਅਨੁਸਾਰ ਰਚਨਾ ਵਿਚ ਪਲਾਟ ਦੀ ਉਸਾਰੀ ਮੁਢਲੀਆਂ ਪਲਾਟ ਇਕਾਈਆਂ ਨਾਲ ਹੁੰਦੀ ਹੈ ਅਰਥਾਤ ਗਤੀਸ਼ੀਲ ਮੋਟਿਫ਼ ਮਿਲ ਕੇ ਹੀ ਪਲਾਟ ਦੀ ਰਚਨਾ ਕਰਦੇ ਹਨ। ਅਜਿਹਾ ਥੀਮਿਕ ਅੰਗ ਜਿਸ ਨੂੰ ਹੋਰ ਨਾ ਘਟਾਇਆ ਜਾ ਸਕੇ ਉਸ ਨੂੰ ਮੋਟਿਫ਼ ਕਿਹਾ ਜਾਂਦਾ ਹੈ। ਕਿਸੇ ਰਚਨਾ ਦਾ ਸਮੁੱਚਾ ਥੀਮ ਉਸ ਵਿਚ ਸੰਮਿਲਿਤ ਮੋਟਿਫ਼ਾਂ ਦੇ ਕਾਰਜ਼ਸੀਲ ਸੰਬੰਧਾਂ ਵਿਚੋਂ ਹੀ ਪ੍ਰਗਟ ਹੁੰਦਾ ਹੈ। ਇਹ ਵਿਚਾਰ ਥੀਮਿਕ ਅਧਿਐਨ ਦੇ ਆਧਾਰ ਉੱਪਰ ਰਚਨਾ ਦੀ ਖੁਦਖੁਤਿਆਰ ਤੇ ਇਕਾਗਰਕਾਰੀ ਹੋਂਦ ਵੱਲ ਹੀ ਸੰਕੇਤ ਕਰਦੇ ਹਨ। ਇਸ ਪ੍ਰਕਾਰ ਰੂਸੀ ਥੀਮ ਵਿਗਿਆਨੀਆਂ ਨੇ ਮੋਟਿਫ਼ ਦੇ ਪਰੰਪਰਾਗਤ ਅਰਥਾਂ ਨੂੰ ਬਦਲਿਆ। ਉਨ੍ਹਾਂ ਨੇ ਮੋਟਿਫ਼ ਨੂੰ ਛੋਟੀ ਤੋਂ ਛੋਟੀ ਅਰਥਸ਼ੀਲ ਇਕਾਈ ਦੇ ਰੂਪ ਵਿਚ ਪ੍ਰਵਾਨ ਕੀਤਾ। ਇਹ ਅਰਥਸ਼ੀਲ ਇਕਾਈਆਂ ਸ਼ੈਲੀਗਤ/ਥੀਮਿਕ ਰੂੜੀਆਂ ਬਣ ਜਾਂਦੀਆਂ ਹਨ-ਜਿਵੇਂ ਸਾਡੀਆਂ ਲੋਕ ਕਹਾਣੀਆਂ ਵਿਚ ਕਿਸੇ ਨਾਇਕ-ਨਾਇਕਾ ਦੇ ਪ੍ਰੇਮ ਵਿਚ ਵਿਰੋਧੀ ਧਿਰਾਂ ਅੜਚਨਾਂ ਪੈਦਾ ਕਰਦੀਆਂ ਹਨ ਪਰ ਅੰਤ ਵਿਚ ਨਾਇਕ ਆਪਣੀਆਂ ਦੈਵੀ ਸ਼ਕਤੀਆਂ ਕਾਰਨ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ ਜਾਂ ਕਿਸੇ ਰਾਜੇ/ਰਾਣੀ ਘਰ ਔਲਾਦ ਨਹੀਂ ਹੁੰਦੀ। ਉਹ ਮੰਨਤਾਂ ਮੰਨਦੇ ਹਨ ਤਾਂ ਉਨ੍ਹਾਂ ਘਰ ਔਲਾਦ ਜਨਮ ਲੈਂਦੀ ਹੈ। ਵਲਾਦੀਮੀਰ ਪਰਾਪ ਨੇ ਰੂਸੀ ਪਰੀ ਕਥਾਵਾਂ ਦਾ ਅਧਿਐਨ ਕਰਨ ਸਮੇਂ ਮੋਟਿਫ਼ਾਂ ਦੇ ਸਮਾਨਯ ਪ੍ਰਕਾਰਜਾਂ ਦਾ ਸੰਕਲਪ ਪੇਸ਼ ਕੀਤਾ। ਇਕੋ ਉਦੇਸ਼ ਦੀ ਪ੍ਰਾਪਤੀ ਲਈ ਰਚੇ ਗਏ ਕਿਸੇ ਵੀ ਬ੍ਰਿਤਾਂਤ ਦਾ ਮੋਟਿਫ਼ ਉਸ ਨੇ ਇਕੋ ਹੀ ਗਿਣਿਆ ਹੈ। ਉਹ ਇਨ੍ਹਾਂ ਕਹਾਣੀਆਂ ਦੇ ਅਧਿਐਨ ਸਮੇਂ ਸਮਾਨਯ ਮੋਟਿਫ਼ਾਂ ਨੂੰ ਇਨ੍ਹਾਂ ਨਾਲੋਂ ਅਲੱਗ ਕਰ ਦਿੰਦਾ ਹੈ।[13] ਉਨ੍ਹਾਂ ਅਨੁਸਾਰ ਮੋਟਿਫ਼ ਇੱਕ ਅਜਿਹੀ ਇਕਾਈ ਹੈ ਜੋ ਕਿਸੇ ਇੱਕ ਰਚਨਾ ਵਿਚ ਪਈ ਹੁੰਦੀ ਹੈ ਅਤੇ ਇਸ ਦੀ ਸਾਰਥਕਤਾ ਉਸੇ ਰਚਨਾ ਵਿਚ ਹੁੰਦੀ ਹੈ। ਇਸ ਨੂੰ ਕਿਸੇ ਹੋਰ ਰਚਨਾ ਵਿਚ ਪ੍ਰਵੇਸ਼ ਕਰਨ ਦੀ ਮਜਬੂਰੀ ਨਹੀਂ ਹੁੰਦੀ।

ਕਿਸੇ ਵੀ ਪਲਾਟ ਦਾ ਸਾਰੰਸ਼ ਪੇਸ਼ ਕਰਨ ਲੱਗਿਆਂ ਕੁਝ ਮੋਟਿਫ਼ ਪਲਾਟ ਵਿਚੋਂ ਖਾਰਜ ਕਰ ਦਿੱਤੇ ਜਾਣ ਤਾਂ ਵੀ ਉਸ ਸੰਗਠਨ ਉੱਪਰ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਅਜਿਹੇ ਮੋਟਿਫ਼ਾਂ ਨੂੰ ਖੁੱਲ੍ਹੇ ਮੋਟਿਫ਼ ਕਿਹਾ ਜਾਂਦਾ ਹੈ। ਕੁਝ ਮੋਟਿਫ਼ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਪਲਾਟ ਵਿਚੋਂ ਖਾਰਜ ਨਹੀਂ ਕੀਤਾ ਜਾ

ਸਕਦਾ। ਇਨ੍ਹਾਂ ਮੋਟਿਫ਼ਾਂ ਨੂੰ ਬੰਦ ਮੋਟਿਫ਼ ਕਿਹਾ ਜਾਂਦਾ ਹੈ। ਰੂਪਵਾਦੀਆਂ ਨੇ ਮੋਟਿਫ਼ਾਂ ਦਾ ਅਧਿਐਨ ਸਥਿਤੀ ਦੇ ਸੰਦਰਭ ਵਿਚ ਵੀ ਕੀਤਾ ਹੈ। 'ਸਥਿਤੀ' ਦਾ ਅਰਥ ਹੈ ਪਾਤਰਾਂ ਦਾ ਕਿਸੇ ਵਿਸ਼ੇਸ਼ ਸਮੇਂ ਬਿੰਦੂ ਉੱਪਰ ਅੰਤਰ-ਸੰਬੰਧ। ਨਾਇਕ ਤੇ ਖਲਨਾਇਕ ਸਥਿਤੀ ਨੂੰ ਬਦਲਣ ਲਈ ਸੰਘਰਸ਼ ਕਰਦੇ ਹਨ ਅਤੇ ਜਿਹੜੇ ਮੋਟਿਫ਼ ਇਸ ਸਥਿਤੀ ਨੂੰ ਬਦਲਣ ਵਿਚ ਸਹਾਇਕ ਹੁੰਦੇ ਹਨ ਉਨ੍ਹਾਂ ਨੂੰ ਤੋਮਾਸ਼ੇਵਸਕੀ ਨੇ ਗਤੀਸ਼ੀਲ ਮੋਟਿਫ਼ ਕਿਹਾ ਹੈ ਅਤੇ ਜਿਹੜੇ ਸਥਿਤੀ ਨੂੰ ਬਦਲਣ ਵੱਲ ਰੁਚਿਤ ਨਹੀਂ ਹੁੰਦੇ ਉਨ੍ਹਾਂ ਨੂੰ ਗਤੀਹੀਣ ਮੋਟਿਫ਼ ਮੰਨਿਆ ਹੈ। ਖੁੱਲ੍ਹੇ ਮੋਟਿਫ਼ ਆਮ ਤੌਰ ਉੱਤੇ ਗਤੀਹੀਣ ਮੋਟਿਫ਼ ਨਹੀਂ ਹੁੰਦੇ ਹਨ। ਪਰ ਸਾਰੇ ਗਤੀਹੀਣ ਮੋਟਿਫ਼ ਲਾਜ਼ਮੀ ਤੌਰ ਉੱਤੇ ਖੁੱਲ੍ਹੇ ਮੋਟਿਫ਼ ਨਹੀਂ ਹੁੰਦੇ। ਪ੍ਰਕਿਰਤੀ-ਚਿਤਰਨ, ਸਥਾਨਕ ਰੰਗਣ ਅਤੇ ਪਾਤਰਾਂ ਦੇ ਚਿਹਰੇ-ਮੁਹਰੇ ਦਾ ਵਰਣਨ ਕਰਨ ਵਾਲੇ ਮੋਟਿਫ਼ ਗਤੀਹੀਣ ਮੋਟਿਫ਼ ਹੁੰਦੇ ਹਨ। ਪਰ ਮੁਖ ਪਾਤਰਾਂ ਦੇ ਕਾਰਜ, ਉਨ੍ਹਾਂ ਦੀ ਵਰਤੋਂ ਵਿਹਾਰ ਤੇ ਸੁਭਾਅ ਗਤੀਸ਼ੀਲ ਮੋਟਿਫ਼ ਹੁੰਦੇ ਹਨ। ਗਤੀਸ਼ੀਲ ਮੋਟਿਫ਼ ਰਚਨਾ ਵਿਚ ਪ੍ਰਮੁਖ ਸਥਾਨ ਰੱਖਦੇ ਹਨ ਅਤੇ ਰਚਨਾ ਵਿਚ ਗਤੀ ਤੇ ਵਿਕਾਸ ਦੀ ਸੂਚਨਾ ਦਿੰਦੇ ਹਨ।[14] ਬਿਰਤਾਂਤਕ ਸਾਹਿਤ ਦੇ ਥੀਮਿਕ ਅਧਿਐਨ ਲਈ ਆਧੁਨਿਕ ਆਲੋਚਨਾ ਦੁਆਰਾ ਦੋ ਸੰਕਲਪ ਪੇਸ਼ ਕੀਤੇ ਗਏ : 'ਫੇਬੁਲਾ ਤੇ ਸੁਜੇਤ'। ਇਹ ਸੰਕਲਪ ਮੂਲ ਰੂਪ ਵਿਚ ਰੂਸੀ ਥੀਮ ਵਿਗਿਆਨੀਆਂ ਦੀ ਦੇਣ ਹਨ। ਫੇਬੁਲਾ ਸਮੁੱਚੀ ਰਚਨਾ ਵਿਚੋਂ ਮੋਟਿਫ਼ਾਂ ਰਾਹੀਂ ਕਿਸੇ ਪ੍ਰਬੰਧ ਲੜੀ ਜਾਂ ਕਾਰਜ-ਕਾਰਨ ਪ੍ਰਬੰਧ ਲੜੀ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਸੁਜੇਤ ਤੋਂ ਭਾਵ ਕਿਸੇ ਮੂਲ ਰਚਨਾ ਵਿਚ ਇਨ੍ਹਾਂ ਮੋਟਿਫ਼ਾਂ ਦੀ ਪੇਸ਼ਕਾਰੀ ਦਾ ਵਾਸਤਵਿਕ ਪ੍ਰਬੰਧ ਹੈ। ਕੋਈ ਵੀ ਲੇਖਕ ਥੀਮ ਨੂੰ ਐਵੇਂ ਹੀ ਪੇਸ਼ ਨਹੀਂ ਕਰ ਦਿੰਦਾ। ਉਹ ਰਚਨਾ ਨੂੰ ਕਲਾਤਮਕ ਢੰਗ ਨਾਲ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਉਸ ਦੇ ਪਾਤਰ ਤੇ ਰਚਨਾ ਸਾਡੇ ਆਕਰਸ਼ਣ ਦਾ ਕੇਂਦਰ ਬਿੰਦੂ ਦੇਰ ਤਕ ਬਣੇ ਰਹਿਣ। ਕਲਾਤਮਕ ਸਿਰਜਨ ਦੀ ਇਸ ਪ੍ਰਕਿਰਿਆ ਨੂੰ ਸ਼ਕਲੋਵਸਕੀ ਨੇ 'ਅਜਨਬੀਕਰਨ' ਦਾ ਨਾਮ ਦਿੱਤਾ ਹੈ। ਸਾਹਿਤ-ਪ੍ਰਤੱਖਣ ਦੀ ਪ੍ਰਕਿਰਿਆ ਉੱਪਰ ਬਲ ਦਿੰਦੇ ਹੋਏ ਉਸ ਨੇ ਕਿਹਾ ਹੈ ਕਿ ਇਸ ਦਾ ਵਕਫ਼ਾ ਲੰਮੇਰਾ ਕਰਨਾ ਚਾਹੀਦਾ ਹੈ। ਸਾਹਿਤ-ਰਚਨਾ ਭਾਸ਼ਾ ਦਾ ਅਰਜਨਬੀਕਰਨ ਕਰਦੀ ਹੈ ਅਤੇ ਪ੍ਰਤੱਖਣ ਨੂੰ ਸਵੈ-ਸਹਿਜ ਨਹੀਂ ਬਣਨ ਦਿੰਦੀ। ਰਚਨਾ ਦਾ ਕੰਮ ਜ਼ਿੰਦਗੀ ਦੇ ਕਿਸੇ ਟੁੱਕੜੇ ਨੂੰ ਅਟਾ-ਸਟਾ ਪੇਸ਼ ਕਰਨਾ ਨਹੀਂ, ਸਗੋਂ ਉਸਦਾ ਵਿਸ਼ੇਸ਼ ਪ੍ਰਤੱਖਣ ਪੇਸ਼ ਕਰਨਾ ਹੈ। ਉਸਨੇ ਫੇਬੁਲਾ ਤੇ ਸੁਜੇਤ ਵਿਚਕਾਰ ਨਿਖੇੜਾ ਵੀ ਅਜਨਬੀਕਰਨ ਦੇ ਸਿੱਧਾਂਤ ਉੱਪਰ ਹੀ ਕੀਤਾ ਹੈ। ਜਿਸ ਅਨੁਸਾਰ ਸੁਜੇਤ ਫੇਬੁਲਾ ਦਾ ਹੀ ਅਜਨਬੀਕ੍ਰਿਤ ਰੂਪ ਹੈ।[15] ਅਜਨਬੀਕਰਨ ਦੀ ਪ੍ਰਕਿਰਿਆ ਸਮੇਂ ਬਿਰਤਾਂਤਕਾਰ ਕਈ ਪ੍ਰਕਾਰ ਦੀਆਂ ਜੁਗਤਾਂ ਦੀ ਵਰਤੋਂ ਕਰਦਾ ਹੈ। ਰਚਨਾ ਵਿਚ ਯਥਾਰਥ ਦੇ ਅਜਨਬੀਕਰਨ ਲਈ ਰਚਨਾਕਾਰ ਰਚਨਾ ਨੂੰ ਆਰੰਭ ਤੋਂ ਸ਼ੁਰੂ ਨਾ ਕਰ ਕੇ ਮੱਧ ਜਾਂ ਅਖੀਰ ਤੋਂ ਸ਼ੁਰੂ ਕਰਦਾ ਹੈ ਅਤੇ ਬਾਕੀ ਸਾਰੇ ਵੇਰਵੇ ਰਚਨਾ ਵਿਚ ਪਿੱਛਲਝਾਤ ਦੀ ਵਿਧੀ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਸਮੇਂ ਵੀ ਅਜਨੀਬੀਕਰਨ ਦੀ ਹੀ ਕਿਰਿਆ ਵਾਪਰ ਰਹੀ ਹੁੰਦੀ ਹੈ। ਜਦੋਂ ਇੱਕ ਪਾਤਰ ਦੇ ਕਾਰਜ ਨੂੰ ਕੋਈ ਦੂਸਰਾ ਪਾਤਰ ਆਪਣੇ ਨਜ਼ਰੀਏ ਤੋਂ ਪੇਸ਼ ਕਰ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਵਾਪਰ ਰਹੀ ਪ੍ਰਕਿਰਿਆ ਵਾਸਤਵਿਕਤਾ ਦਾ ਅਜਨਬੀਕਰਨ ਹੁੰਦੀ ਹੈ।

ਤੋਮਾਸ਼ੇਵਸਕੀ ਥੀਮ ਦੀ ਗੱਲ ਸਦਾ ਰੂਪਾਤਮਕ ਦ੍ਰਿਸ਼ਟੀ ਤੋਂ ਕਰਦਾ ਹੈ। ਇਹ ਗੱਲ ਉਸਦੇ ਵਿਸ਼ੇ ਦੇ ਵਿਗੋਪਨ ਸੰਬੰਧੀ ਵਿਚਾਰਾਂ ਤੋਂ ਸਪੱਸ਼ਟ ਹੁੰਦੀ ਹੈ। ਉਸ ਅਨੁਸਾਰ ਕਥਾ ਸਮੱਗਰੀ ਨੂੰ ਆਰੰਭਕ ਸਥਿਤੀ ਤੋਂ ਸਪੱਸ਼ਟ ਕਰਨ ਲਈ ਬਿਰਤਾਂਤਕ ਭੂਮਿਕਾ ਦੀ ਲੋੜ ਪੈਂਦੀ ਹੈ। ਇਹ ਭੂਮਿਕਾ ਮੁਖ ਪਾਤਰਾਂ ਦੇ ਅੰਤਰ-ਸੰਬੰਧਾਂ ਨੂੰ ਸਪੱਸ਼ਟ ਕਰਨ ਲਈ ਵਰਤੀ ਜਾਂਦੀ ਹੈ। ਇਸ ਪ੍ਰਕਿਰਿਆ ਨੂੰ 'ਵਿਗੋਪਨ' ਦਾ ਨਾਮ ਦਿੱਤਾ ਜਾਂਦਾ ਹੈ। ਤੋਮਾਸ਼ੇਵਸਕੀ ਨੇ ਤਿੰਨ ਪ੍ਰਕਾਰ ਦੇ ਵਿਗੋਪਨਾਂ ਦਾ ਜ਼ਿਕਰ ਕੀਤਾ ਹੈ ਫੌਰੀ ਵਿਗੋਪਨ, ਵਿਲੰਬਤ ਵਿਗੋਪਨ ਤੇ ਸਥਾਨਾਂਤਰ ਵਿਗੋਪਨ।[16] ਫੌਰੀ ਵਿਗੋਪਨ ਵਿਚ ਕਾਰਜ ਵਾਪਰਨ ਤੋਂ ਪਹਿਲਾਂ ਹੀ ਪਾਤਰ ਦੀ ਸਥਿਤੀ ਸਪੱਸ਼ਟ ਕਰ ਦਿੱਤੀ ਜਾਂਦੀ ਹੈ। ਕਈ ਵਾਰ ਪਾਤਰਾਂ ਦੀ ਸਥਿਤੀ ਸਪੱਸ਼ਟ ਹੋਣ ਵਿਚ ਕਾਫੀ ਲੰਮਾ ਸਮਾਂ ਲੱਗ ਜਾਂਦਾ ਹੈ। ਉਨ੍ਹਾਂ ਬਾਰੇ ਜਾਣਕਾਰੀ ਸਾਰੀ ਰਚਨਾ ਵਿਚ

ਟੁਕੜਿਆਂ ਦੇ ਰੂਪ ਵਿਚ ਖਿਲਾਰ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਦੇ ਵਿਗੋਪਨ ਨੂੰ 'ਵਿਲੰਬਤ ਵਿਗੋਪਨ' ਕਿਹਾ ਜਾਂਦਾ ਹੈ। ਕਈ ਵਾਰ ਕਿਸੇ ਘਟਨਾ ਦੀ ਸਥਿਤੀ ਸਪੱਸ਼ਟ ਕਰਨ ਲਈ ਉਸ ਨਾਲ ਸੰਬੰਧਿਤ ਤੱਤਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਜਿਨ੍ਹਾਂ ਬਾਰੇ ਪਹਿਲਾਂ ਪੂਰੀ ਜਾਣਕਾਰੀ ਨਹੀਂ ਹੁੰਦੀ। ਇਸ ਪ੍ਰਕਾਰ ਦੇ ਵਿਗੋਪਨ ਨੂੰ 'ਸਥਾਨਾਂਤਰ ਵਿਗੋਪਨ' ਕਿਹਾ ਜਾਂਦਾ ਹੈ।

ਜੋ ਮੋਟਿਫ਼ ਮਿਲ ਕੇ ਥੀਮ ਦੀ ਰਚਨਾ ਕਰਦੇ ਹਨ ਉਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਕਲਾਤਮਕ ਏਕਤਾ ਹੋਣੀ ਚਾਹੀਦੀ ਹੈ। ਇਹ ਮੋਟਿਫ਼ ਜੁਗਤਾਂ ਰਾਹੀਂ ਪੇਸ਼ ਹੁੰਦੇ ਹਨ। ਜੁਗਤਾਂ ਦਾ ਤਾਣਾ-ਪੇਟਾ ਹੀ ਮੋਟਿਫ਼ਾਂ ਦੇ ਪ੍ਰਵੇਸ਼ ਨੂੰ ਨਿਆਂ ਪੂਰਨ ਸਿੱਧ ਕਰਦਾ ਹੈ। ਜੁਗਤਾਂ ਤੇ ਮੋਟਿਫ਼ਾਂ ਵਿਚਕਾਰ ਨਿਆਂ ਦੇ ਰਿਸ਼ਤੇ ਨੂੰ 'ਮੋਟੀਵੇਸ਼ਨ' ਕਿਹਾ ਜਾਂਦਾ ਹੈ। ਸੋ ਮੋਟੀਵੇਸ਼ਨ ਜੁਗਤਾਂ ਦਾ ਪ੍ਰੇਰਕ ਹੈ। ਪ੍ਰੇਰਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆਂ ਗਿਆ ਹੈ-ਰਚਨਾ-ਪ੍ਰੇਰਕ, ਯਥਾਰਥ-ਪ੍ਰੇਰਕ ਤੇ ਕਲਾ-ਪ੍ਰੇਰਕ।[17] ਰਚਨਾ-ਪ੍ਰੇਰਕ ਰਚਨਾ ਵਿਚ ਓਪਰੀ ਨਜ਼ਰੀਂ ਵੇਖਿਆਂ ਵਿਅਰਥ ਲੱਗਦੇ ਹਨ ਪਰ ਇਨ੍ਹਾਂ ਦੀ ਰਚਨਾ ਵਿਚ ਵਰਤੋਂ ਕਿਸੇ ਮਨੋਰਥ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਰਚਨਾ ਵਿਚ ਜੇ ਕਿਸੇ ਦਰੱਖ਼ਤ, ਦਰਿਆ ਆਦਿ ਦੀ ਪੇਸ਼ਕਾਰੀ ਹੁੰਦੀ ਹੈ ਤਾਂ ਉਸ ਦਾ ਰਚਨਾ ਵਿਚ ਕੋਈ ਨਾ ਕੋਈ ਡੂੰਘਾ ਅਰਥ ਹੁੰਦਾ ਹੈ। ਯਥਾਰਥ-ਪ੍ਰੇਰਕ ਰਚਨਾ ਵਿਚ ਵਾਸਤਵਿਕਤਾ ਦਾ ਭਰਮ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਵਾਸਤਵਿਕਤਾ ਦਾ ਭੁਲੇਖਾ ਪਾਉਣ ਵਾਲੇ ਮੋਟਿਫ਼ ਵਾਸਤਵਿਕਤਾ ਤੇ ਸਾਹਿਤ-ਪਰੰਪਰਾ ਵਿਚਕਾਰ ਇੱਕ ਸਮਝੌਤਾ ਹੁੰਦੇ ਹਨ। ਕਿਸੇ ਕਲਾ ਕਿਰਤ ਵਿਚ ਯਥਾਰਥ ਨੂੰ ਪੇਸ਼ ਕਰਨ ਲਈ ਸੁਹਜ-ਨੇਮਾਂ ਅਨੁਸਾਰ ਢਾਲਿਆ ਜਾਂਦਾ ਹੈ। ਕਲਾ-ਪ੍ਰੇਰਕ ਕਲਾ ਕਿਰਤ ਨੂੰ ਵਾਸਤਵਿਕਤਾ ਤੋਂ ਵਖਰਿਆਉਂਦੇ ਅਤੇ ਅਜਨਬੀਕਰਨ ਦਾ ਪ੍ਰਭਾਵ ਪੈਦਾ ਕਰਦੇ ਹਨ। ਰਚਨਾ ਵਿਚ ਵਾਸਤਵਿਕਤਾ ਤੋਂ ਅਜਨਬੀਕਰਨ ਦੀ ਪ੍ਰਕਿਰਿਆ ਨੂੰ ਕਲਾਤਮਕ ਨਿਪੁੰਨਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਵਾਸਤਵਿਕ ਨੂੰ ਕਲਾਤਮਕ ਬਣਾਉਣ ਦੀ ਪ੍ਰਕਿਰਿਆ ਹੀ ਅਜਨਬੀਕਰਨ ਹੈ। ਇਥੇ ਯਥਾਰਥ-ਪ੍ਰੇਰਕ ਅਤੇ ਕਲਾ-ਪ੍ਰੇਰਕ ਮਿਲ ਕੇ ਕੰਮ ਕਰਦੇ ਹਨ।

ਇਸ ਪ੍ਰਕਾਰ ਰੂਸੀ ਥੀਮ ਵਿਗਿਆਨੀਆਂ ਨੇ ਮੋਟਿਫ਼ਾਂ ਦੀ ਗਤੀਸ਼ੀਲ ਅਤੇ ਸਥਿਤੀਸ਼ੀਲ ਪ੍ਰਕਿਰਤੀ, ਸੁਜੇਤ-ਫੇਬੁਲਾ, ਅਜਨਬੀਕਰਨ ਆਦਿ ਦੇ ਆਧਾਰ ਉੱਪਰ ਸਾਹਿਤਕ ਕਿਰਤਾਂ ਦਾ ਅਧਿਐਨ ਕਰਨ ਵੱਲ ਰੁਚੀ ਵਿਖਾਈ। ਰੂਸੀ ਥੀਮ ਵਿਗਿਆਨੀ ਵਸਤੂ/ਥੀਮ ਦੇ ਵਿਰੋਧੀ ਨਹੀਂ ਹਨ। ਉਹ ਇਸ ਨੂੰ ਮਹੱਤਤਾ ਦਿੰਦਿਆਂ ਵੀ ਸਾਹਿਤਕ ਕਿਰਤ ਦੀ ਰੂਪਾਤਮਕ ਇਕਾਗਰਤਾ ਉੱਪਰ ਬਲ ਦੇਣ ਦਾ ਉਪਰਾਲਾ ਕਰਦੇ ਹਨ। ਰੂਸੀ ਥੀਮ ਵਿਗਿਆਨਕ ਪ੍ਰਣਾਲੀ ਨੂੰ ਪਿਛਾਂਹ-ਖਿੱਚੂ ਭਾਂਜਵਾਦੀ ਝੂਠ ਕਹਿ ਕੇ ਨਿੰਦਿਆ ਗਿਆ ਕਿ ਸਾਹਿਤ ਆਲੋਚਨਾ ਦੀ ਇਹ ਪ੍ਰਣਾਲੀ ਆਪਣੇ ਪ੍ਰਕਾਰਜ ਵਿਚ ਅਪੂਰਨ ਹੈ। ਇਹ ਪ੍ਰਣਾਲੀ ਸਾਹਿਤਕ ਕਿਰਤਾਂ ਦਾ ਅੰਗ-ਨਿਖੇੜ ਕਰਨ ਦੇ ਆਹਰ ਵਿਚ ਲੱਗੀ ਰਹੀ ਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਅੱਖੋਂ ਪਰੋਖੇ ਕਰਦੀ ਰਹੀ। ਇਹ ਵਿਧੀ ਸਾਹਿਤਕ ਕਿਰਤ ਨੂੰ ਘੋਖਣ ਵਾਲੀ ਇੱਕ ਮਕਾਨਕੀ ਵਿਧੀ ਹੈ, ਜੋ ਸਾਹਿਤਕ ਕਿਰਤ ਦੇ ਤਕਨੀਕੀ ਸੰਬੰਧਾਂ ਨੂੰ ਜਾਨਣ ਦੇ ਆਹਰ ਵਿਚ ਲੱਗੀ ਰਹਿੰਦੀ ਹੈ। ਇਹ ਸਾਹਿਤ ਅਧਿਐਨ ਦੇ ਸਮੁੱਚੇ ਸਿਸਟਮ ਲਈ ਮੁੱਲਹੀਣ ਤੇ ਦੋਸ਼ਪੂਰਨ ਹੈ। ਰੂਸੀ ਥੀਮ ਵਿਗਿਆਨੀਆਂ ਦੁਆਰਾ ਪ੍ਰਸਤੁਤ ਥੀਮ ਵਿਗਿਆਨਕ ਸੰਕਲਪਾਂ, ਅੰਤਰ-ਦ੍ਰਿਸ਼ਟੀਆਂ ਅਤੇ ਸੰਭਾਵਨਾਵਾਂ ਇਸ ਨੂੰ ਜਬਰਨ ਦਬਾਏ ਜਾਣ ਕਾਰਨ ਦੱਬੀਆਂ ਗਈਆਂ। ਇਸ ਪ੍ਰਣਾਲੀ ਦੇ ਮੁਖ ਸੰਚਾਲਕ ਸ਼ਕਲੋਵਸਕੀ ਨੇ ਇਸ ਦੀ ਵਿਰੋਧਤਾ ਕੀਤੀ ਅਤੇ ਮਾਰਕਸਵਾਦੀ ਪ੍ਰਣਾਲੀ ਨੂੰ ਅਪਨਾਇਆ। ਇਸ ਪ੍ਰਕਾਰ ਇਸ ਪ੍ਰਣਾਲੀ ਦੇ ਆਪਣੇ ਚਿੰਤਕਾਂ ਵਲੋਂ ਵਿਰੋਧ ਹੋਣ ਕਾਰਨ ਇਹ ਪ੍ਰਣਾਲੀ ਰੂਸ ਵਿਚ ਬਹੁਤੀ ਦੇਰ ਤਕ ਜ਼ਿੰਦਾ ਨਾ ਰਹੀ।

### ਅਮਰੀਕੀ ਥੀਮ ਵਿਗਿਆਨਕ ਪ੍ਰਣਾਲੀ

ਅਮਰੀਕੀ ਥੀਮ ਵਿਗਿਆਨਕ ਆਲੋਚਕਾਂ ਨੇ ਰੂਸੀ ਥੀਮ ਵਿਗਿਆਨੀਆਂ ਦੇ ਮੁਢਲੇ ਢਾਂਚੇ ਤੋਂ ਹੀ

ਥੀਮ ਵਿਗਿਆਨ ਸੰਬੰਧੀ ਵਿਚਾਰ ਨੂੰ ਅੱਗੇ ਤੋਰਿਆ। ਥੀਮ ਵਿਗਿਆਨਕ ਪਹੁੰਚ ਵਿਧੀ ਨੂੰ ਅਪਨਾਉਣ ਅਤੇ ਇਸ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਨ ਵਿਚ ਯੂਜੀਨ. ਐਚ. ਫ਼ਾਕ ਦਾ ਵਿਸ਼ੇਸ਼ ਯੋਗਦਾਨ ਹੈ। ਉਹ ਥੀਮਿਕ ਪੈਟਰਨ ਦਾ ਅਧਿਐਨ ਕਰਦੇ ਸਮੇਂ ਰੂਸੀ ਥੀਮ ਵਿਗਿਆਨੀਆਂ ਤੋਂ ਗੂੜ੍ਹੀ ਤਰ੍ਹਾਂ ਪ੍ਰਭਾਵਿਤ ਹੈ। ਉਹ ਕਿਸੇ ਰਚਨਾ ਦਾ ਵਿਸ਼ਲੇਸ਼ਣ ਥੀਮਾਂ ਅਤੇ ਥੀਮਿਕ ਵਿਧੀਆਂ ਦੁਆਰਾ ਹੀ ਕਰਦਾ ਹੈ। ਫ਼ਾਕ ਦੀ ਦ੍ਰਿਸ਼ਟੀ ਦਾ ਕੇਂਦਰ ਰਚਨਾ ਦਾ ਸੰਗਠਨ ਹੈ, ਜਿਸ ਵਿਚ ਮੋਟਿਫ਼ ਗਤੀਸ਼ੀਲ ਅਤੇ ਸਥਿਤੀਸ਼ੀਲ ਪ੍ਰਕਿਰਤੀ ਰਾਹੀਂ ਪ੍ਰਕਾਰਜ ਕਰਦੇ ਹਨ। ਰਚਨਾ ਦੇ ਅੰਦਰ ਥੀਮ ਇੱਕ ਸੰਰਚਨਾਤਮਕ ਤੱਤ ਦੇ ਰੂਪ ਵਿਚ ਸ਼ਾਮਿਲ ਹੁੰਦਾ ਹੈ, ਜਿਸਨੂੰ ਵਰਗੇਵੇਂ ਅਤੇ ਵਖਰੇਵੇਂ ਦੁਆਰਾ ਪਛਾਣਿਆ ਜਾ ਸਕਦਾ ਹੈ।[18] ਰੂਸੀ ਥੀਮ ਵਿਗਿਆਨੀ ਰਚਨਾ ਦੇ ਵੱਖ-ਵੱਖ ਭਾਗਾਂ ਲਈ ਭਿੰਨ-ਭਿੰਨ ਪਦਾਂ ਦੀ ਵਰਤੋਂ ਕਰਦੇ ਹਨ, ਜਦ ਕਿ ਫ਼ਾਕ ਨੇ ਸਿਰਫ ਇੱਕ ਪਦ 'ਥੀਮ' ਹੀ ਸਾਰੇ ਤੱਤਾਂ ਲਈ ਪ੍ਰਯੋਗ ਕੀਤਾ ਹੈ। ਉਹ ਰਚਨਾ ਨੂੰ ਹੀ ਆਪਣੇ ਧਿਆਨ ਦਾ ਕੇਂਦਰ ਬਣਾਉਂਦਾ ਹੈ ਅਤੇ ਉਸ ਰਚਨਾ ਦੀ ਸਤਹ ਤੋਂ ਹੀ ਥੀਮਾਂ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਰਚਨਾ ਵਿਚੋਂ ਸੰਬੰਧ ਅਤੇ ਕੜੀਆਂ ਖੋਜਣ ਲਈ ਥੀਮਾਂ ਨੂੰ ਸਾਧਨ ਦੇ ਤੌਰ ਤੇ ਵਰਤੋਂ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਉਹ ਹਰੇਕ ਰਚਨਾ ਦੀ ਤਹਿ ਤਕ ਪਹੁੰਚਦਾ ਹੈ। ਉਹ ਸਿੱਧਾਂਤ ਦੀਆਂ ਪੂਰਵ-ਧਾਰਨਾਵਾਂ ਨਿਰਧਾਰਤ ਕਰਕੇ ਨਹੀਂ ਤੁਰਦਾ ਅਤੇ ਨਾਂ ਹੀ ਇਤਿਹਾਸਕ ਤੇ ਦਾਰਸ਼ਨਿਕ ਤਰਕਾਂ ਵੱਲ ਰੁਚਿਤ ਹੋਣ ਲਈ ਪੂਰਵ-ਨਿਸ਼ਚਿਤ ਥੀਮ ਘੜਦਾ ਹੈ। ਉਹ ਲੇਖਕ ਦੀਆਂ ਵੱਖ-ਵੱਖ ਰਚਨਾਵਾਂ ਵਿਚੋਂ ਇੱਕ ਥੀਮ ਦੀ ਖੋਜ ਨਹੀਂ ਕਰਦਾ। ਉਸ ਦਾ ਧਿਆਨ ਰਚਨਾ ਵਿਸ਼ੇਸ਼ ਉੱਪਰ ਕੇਂਦਰਿਤ ਹੁੰਦਾ ਹੈ ਅਤੇ ਰਚਨਾ ਬਾਹਰੀ ਵੇਰਵਿਆਂ ਦਾ ਤਿਆਗ ਕਰਦਾ ਹੈ। ਥੀਮਿਕ ਖੋਜ ਲਈ ਕਿਸੇ ਕਲਾ ਕਿਰਤ ਨੂੰ ਉਸਦੇ ਸਮੁੱਚੇ ਸੰਦਰਭ ਵਿਚ ਰੱਖ ਕੇ ਪਰਖਿਆ ਜਾਂਦਾ ਹੈ।

ਕਿਸੇ ਰਚਨਾ ਵਿਚ ਕੁਝ ਥੀਮ ਅਜਿਹੇ ਹੁੰਦੇ ਹਨ ਜੋ ਰਚਨਾਵਾਂ ਵਿਚ ਸਮਾਨ ਰੂਪ ਵਿਚ ਦੁਹਰਾਏ ਜਾਂਦੇ ਹਨ ਅਤੇ ਕੁਝ ਥੀਮ ਅਜਿਹੇ ਵੀ ਹੁੰਦੇ ਹਨ ਜੋ ਰਚਨਾ ਦੇ ਬਾਕੀ ਹਿੱਸਿਆਂ ਵਿਚ ਨਿਰੰਤਰ ਵਿਕਾਸ ਕਰਦੇ ਹਨ ਤੇ ਗਤੀਮਾਨ ਰਹਿੰਦੇ ਹਨ। ਰੂਸੀ ਥੀਮ ਵਿਗਿਆਨੀਆਂ ਨੇ ਥੀਮਿਕ ਵਿਸ਼ਲੇਸ਼ਣ ਲਈ ਜਿਥੇ ਮੋਟਿਫ਼ ਦਾ ਸਹਾਰਾ ਲਿਆ ਉਥੇ ਫ਼ਾਕ ਨੇ ਮੋਟਿਫ਼ਾਂ ਦੇ ਸੰਗਠਨ ਤੋਂ ਥੀਮ ਨੂੰ ਸਮਝਣ ਦਾ ਯਤਨ ਕੀਤਾ। ਕਿਸੇ ਬਿਰਤਾਂਤ ਦਾ ਰਚਨਾ ਦੀ ਇਕਾਈ ਦੇ ਰੂਪ ਵਿਚ ਸੰਗਠਿਤ ਅਧਿਐਨ ਕਰਨ ਲਈ ਫ਼ਾਕ ਨੇ ਜਿਨ੍ਹਾਂ ਦੀ ਚਰਚਾ ਕੀਤੀ ਉਨ੍ਹਾਂ ਵਿਚੋਂ 'ਲੀਤ ਮੋਟਿਫ਼' ਸਭ ਤੋਂ ਪ੍ਰਮੁਖ ਹੈ ਜੋ ਰਚਨਾਤਮਕ ਇਕਾਗਰਕਾਰੀ ਥੀਮ ਦੀ ਸੰਭਾਵਨਾ ਪੈਦਾ ਕਰਦਾ ਹੈ।[19] ਰਚਨਾ ਦੇ ਮੁਖ-ਬੰਦ ਮੋਟਿਫ਼ ਨਾਲ ਸੰਬੰਧ ਸਥਾਪਿਤ ਕਰਦੇ ਹੋਏ ਸਾਹਿਤਕ ਰਚਨਾ ਦੇ ਬਾਕੀ ਗਤੀਸ਼ੀਲ ਜਾਂ ਗਤੀਹੀਣ ਮੋਟਿਫ਼ਾਂ ਦੀ ਸਾਰਥਕਤਾ ਸਿੱਧ ਕਰਦੇ ਹਨ। ਲੀਤ ਮੋਟਿਫ਼ ਰਚਨਾ ਵਿਚ ਕਿਸੇ ਪਾਤਰ, ਘਟਨਾ, ਸਥਿਤੀ ਦਾ ਡੂੰਘਾ ਪ੍ਰਭਾਵ ਸਿਰਜਣ ਵਾਲਾ ਤੱਤ ਹੈ, ਜੋ ਰਚਨਾ ਵਿਚ ਬਾਰ-ਬਾਰ ਵਰਤਿਆ ਜਾਂਦਾ ਹੈ। ਜੋੜਵੇਂ ਵਾਕੰਸ਼ (Linking Phrase), ਜੋੜਵੇਂ ਬਿੰਬ (Linking Image), ਤੇ ਦੁਹਰਾਉ ਲੇਬਲ ਲੀਤ ਮੋਟਿਫ਼ ਦੀਆਂ ਹੀ ਕਿਸਮਾਂ ਹਨ, ਜੋ ਰਚਨਾ ਵਿਚ ਬਾਰ-ਬਾਰ ਦੁਹਰਾਏ ਜਾਂਦੇ ਹਨ। ਪਰ ਇਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਅਤੇ ਉਸ ਦੀਆਂ ਕਿਸਮਾਂ ਵੱਖ-ਵੱਖ ਹੁੰਦੀਆਂ ਹਨ। ਜਿਥੇ ਦੁਹਰਾਉ ਲੇਬਲਾਂ ਦਾ ਮੁਖ ਕਾਰਜ ਥੀਮ ਤੇ ਚਰਿਤਰ-ਥੀਮ ਉੱਪਰ ਬਲ ਦੇਣਾ ਹੁੰਦਾ ਹੈ ਉਥੇ ਦੁਹਰਾਉ ਵਾਲੇ 'ਜੋੜਵੇਂ ਵਾਕੰਸ਼ਾਂ' ਦਾ ਪ੍ਰਾਥਮਿਕ ਕਾਰਜ ਉਨ੍ਹਾਂ ਸਮਾਨ ਜਾਂ ਵਿਰੋਧੀ ਥੀਮਾਂ ਦੇ ਸੰਬੰਧ ਵੱਲ ਡੂੰਘਾ ਸੰਕੇਤ ਕਰਨਾ ਹੁੰਦਾ ਹੈ ਜੋ ਲੜੀਬੱਧ ਬਿਖਰੀਆਂ ਸਥਿਤੀਆਂ ਵਿਚੋਂ ਦਿਖਾਈ ਦਿੰਦੇ ਹਨ। ਇਸ ਪ੍ਰਕਾਰ ਦੁਹਰਾਉ ਲੇਬਲ ਥੀਮਿਕ ਕੜੀ ਦੇ ਤੌਰ ਤੇ ਕੰਮ ਨਹੀਂ ਕਰਦੇ ਜਦ ਕਿ 'ਜੋੜਵੇਂ ਵਾਕੰਸ਼' ਥੀਮਿਕ ਕੜੀ ਦੇ ਤੌਰ ਤੇ ਕੰਮ ਕਰਦੇ ਹਨ। ਜਿਥੇ ਜੋੜਵਾਂ ਵਾਕੰਸ਼ ਦੋ ਥੀਮਾਂ ਵਿਚਕਾਰ ਵਾਕੰਸ਼ ਦੀ ਪੱਧਰ ਤੇ ਚੇਤੰਨ ਤੌਰ ਤੇ ਸੰਬੰਧ ਸਥਾਪਿਤ ਕਰਨ ਦਾ ਯਤਨ ਹੁੰਦਾ ਹੈ, ਉਥੇ 'ਜੋੜਵਾਂ ਬਿੰਬ' ਦੋ ਥੀਮਾਂ ਵਿਚਕਾਰ ਦ੍ਰਿਸ਼ਟਮਾਨ ਪੱਧਰ ਜਾਂ ਬਿੰਬਾਂ ਦੀ ਪੱਧਰ ਤੇ ਸੰਬੰਧ ਜੋੜਦਾ ਹੈ ਅਤੇ ਇਸ ਪ੍ਰਕਾਰ ਅਰਥਾਂ ਦੀ ਸੰਪੂਰਨ ਜਟਿਲਤਾ ਫੜਨ

ਵਿਚ ਸਹਾਇਤਾ ਮਿਲਦੀ ਹੈ[20] 'ਜੋੜਵੇਂ ਵਾਕੰਸ਼ਾਂ' ਅਤੇ 'ਜੋੜਵੇਂ ਬਿੰਬਾਂ' ਦਾ ਕੰਮ ਵੱਖ-ਵੱਖ ਪਏ ਹੋਏ ਥੀਮਾਂ ਵਿਚਕਾਰ ਸੰਬੰਧ ਸਥਾਪਿਤ ਕਰਕੇ ਸਮੁੱਚਤਾ ਤੇ ਇਕਾਗਰਤਾ ਦਾ ਪ੍ਰਭਾਵ ਸਿਰਜਨਾ ਹੁੰਦਾ ਹੈ। ਵਸਤਾਂ ਪ੍ਰਤੱਖ ਰੂਪ ਵਿਚ ਉਨ੍ਹਾਂ ਦੁਹਰਾਉਪੂਰਨ ਲੇਬਲਾਂ ਵਿਚ ਉਲਝੀਆਂ ਹੁੰਦੀਆਂ ਹਨ ਜੋ ਕਿਸੇ ਸਥਿਤੀ ਵਿਸ਼ੇਸ਼ ਵਿਚ ਉਨ੍ਹਾਂ ਤੱਤਾਂ ਦੇ ਸੰਕੇਤਕ ਹੁੰਦੇ ਹਨ ਜਿਹੜੇ ਕਾਰਜ ਨੂੰ ਜਨਮ ਦੇਣ ਦਾ ਫੌਰੀ ਕਾਰਨ ਬਣ ਜਾਂਦੇ ਹਨ। ਥੀਮਾਂ ਦੇ ਇਸ ਵਿਸ਼ਾਲ ਘੇਰੇ ਵਿਚ ਕਾਰਜਾਂ ਨਾਲ ਸਿੱਧੇ ਤੌਰ ਤੇ ਜੁੜੇ ਹੋਏ ਥੀਮ ਹੀ ਸਹੀ ਅਰਥਾਂ ਵਿਚ ਗਤੀਸ਼ੀਲ ਥੀਮ ਕਹੇ ਜਾ ਸਕਦੇ ਹਨ। ਹਰ ਸਾਹਿਤ ਰਚਨਾ ਵਿਚਲਾ ਬੰਦ ਮੋਟਿਫ਼ ਰਚਨਾ ਦੇ ਹੋਰ ਗਤੀਸ਼ੀਲ ਜਾਂ ਸਥਿਤੀਸ਼ੀਲ ਮੋਟਿਫ਼ਾਂ ਦੇ ਰੂਪ ਵਿਚ ਖੁੱਲਦਾ ਹੈ। ਥੀਮ ਭਾਵੇਂ ਗਤੀਸ਼ੀਲ ਹੋਣ ਜਾਂ ਸਥਿਤੀਸ਼ੀਲ, ਮੂਲ ਕਾਰਜ ਨਾਲ ਜੁੜੇ ਹੋਏ ਹੋਣ ਜਾਂ ਕਾਰਜ ਦੇ ਕਾਰਨਾਂ ਨਾਲ, ਸਾਰੇ ਹੀ ਥੀਮ ਉਸ ਰਚਨਾ ਵਿਚ ਮਹੱਤਵਪੂਰਨ ਹੁੰਦੇ ਹਨ ਅਤੇ ਜਿਸ ਵਿਚੋਂ ਉਹ ਉਪਲਬਦ ਹੁੰਦੇ ਹਨ। ਉਹ ਉਸ ਸਾਹਿਤਕ ਕਿਰਤ ਦੀ ਸੰਰਚਨਾ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦੇ ਕੇਵਲ ਉਹੀ ਅਰਥ ਹੁੰਦੇ ਹਨ ਜੋ ਸਾਹਿਤਕ ਕਿਰਤ ਦੁਆਰਾ ਉਨ੍ਹਾਂ ਨੂੰ ਪ੍ਰਾਪਤ ਹੋਏ ਹਨ। ਇਸ ਪ੍ਰਕਾਰ ਫ਼ਾਕ ਦਾ ਥੀਮ ਵਿਗਿਆਨਕ ਵਿਸ਼ਲੇਸ਼ਣ ਰੂਪਾਤਮਕ/ਸੰਚਨਾਤਮਕ ਵਿਸ਼ਲੇਸ਼ਣ ਹੀ ਹੈ। ਉਹ ਥੀਮ ਵਿਗਿਆਨਕ ਵਿਸ਼ਲੇਸ਼ਣ ਸਮੇਂ ਰਚਨਾ ਬਾਹਰੇ ਵੇਰਵਿਆਂ ਨੂੰ ਤਿਆਗਦਾ ਹੋਇਆ ਰਚਨਾ ਸੰਦਰਭਾਂ ਦੀ ਭਾਲ ਵੀ ਰਚਨਾ ਦੇ ਵਿਚੋਂ ਹੀ ਕਰਦਾ ਹੈ, ਪਰ ਫਿਰ ਵੀ ਫ਼ਾਕ ਕਈ ਵਾਰ ਰਚਨਾ ਪਾਠ ਤੋਂ ਪਾਰ ਜਾਂਦਾ ਪ੍ਰਤੀਤ ਹੁੰਦਾ ਹੈ। ਜਿਉਂ-ਜਿਉਂ ਉਹ ਰਚਨਾ ਪਾਠ ਦਾ ਅਧਿਐਨ ਕਰਦਾ ਹੈ ਤਿਉਂ-ਤਿਉਂ ਉਹ ਹੋਰ ਸੰਰਚਨਾਵਾਂ ਨੂੰ ਪ੍ਰਕਾਸ਼ਮਾਨ ਕਰਨ ਦੇ ਮੰਤਵ ਦੀ ਸਿਧੀ ਲਈ ਆਪਣੀ ਥੀਮ ਵਿਗਿਆਨਕ ਪਹੁੰਚ ਵਿਧੀ ਦੀਆਂ ਸ਼ਕਤੀਆਂ ਨੂੰ ਪਛਾਣਦਾ ਪ੍ਰਤੀਤ ਹੁੰਦਾ ਹੈ।

ਅਮਰੀਕੀ ਥੀਮ ਵਿਗਿਆਨਕ ਪ੍ਰਣਾਲੀ ਵਿਚ ਮੋਰੇ ਕ੍ਰੀਗਰ (Murray Krieger) ਦਾ ਵੀ ਮਹੱਤਵਪੂਰਨ ਸਥਾਨ ਹੈ। ਕ੍ਰੀਗਰ ਥੀਮੈਟਿਕਸ ਨੂੰ ਅਨੁਭਵ ਕੀਤੇ ਜਾਣ ਵਾਲੇ ਉਨ੍ਹਾਂ ਤਣਾਵਾਂ ਦਾ ਅਧਿਐਨ ਕਹਿੰਦਾ ਹੈ ਜੋ ਕਿਸੇ ਸਾਹਿਤਕ ਕਿਰਤ ਵਿਚ ਨਾਟਕੀ ਰੂਪ ਵਿਚ ਉਭਰਦੇ ਹਨ ਅਤੇ ਉਸ ਕ੍ਰਿਤ ਦੀ ਸੁਹਜਾਤਮਕ ਜਟਿਲਤਾ ਦਾ ਸਜੀਵ ਪ੍ਰਮਾਣ ਬਣਦੇ ਹਨ।[21] ਕ੍ਰੀਗਰ ਦੀ ਦ੍ਰਿਸ਼ਟੀ ਵਿਚ ਥੀਮੈਟਿਕਸ ਦਾ ਸ਼ਬਦ 'ਥੀਮ' ਨਾਲ ਇਸਦੇ ਸਰਲ ਅਰਥਾਂ ਵਿਚ ਕੋਈ ਸੰਬੰਧ ਨਹੀਂ ਅਤੇ ਨਾ ਹੀ ਥੀਮੈਟਿਕਸ ਦਾ ਕਿਰਤ ਦੇ ਰੂਪ ਨਾਲੋਂ ਉਸ ਵਿਚਲੇ ਵਿਸ਼ੇ ਨਾਲ ਹੀ ਕੋਈ ਸੰਬੰਧ ਹੈ। ਥੀਮੈਟਿਕਸ ਨੂੰ ਉਨ੍ਹਾਂ ਪ੍ਰਸਤਾਵਾਂ ਦੀ ਲੜੀ ਦਾ ਅਧਿਐਨ ਨਹੀਂ ਮੰਨਿਆ ਜਾ ਸਕਦਾ ਜਿਨ੍ਹਾਂ ਨੂੰ ਕੋਈ ਪਾਠਕ ਕਿਸੇ ਸਾਹਿਤਕ ਕਿਰਕ ਦੀ ਸੁਹਜ ਸਾਮੱਗਰਤਾ ਵਿਚੋਂ ਨਿਖੇੜ ਕੇ ਕੱਢ ਲੈਂਦਾ ਹੈ।[22] ਨਵ-ਆਲੋਚਨਾ ਦੀਆਂ ਪ੍ਰਾਪਤੀਆਂ ਨੂੰ ਸੰਭਾਲਣ ਦੇ ਯਤਨ ਨੂੰ ਸਾਹਿਤ ਪ੍ਰਤੀ ਥੀਮੈਟਿਕਸ ਪਹੁੰਚ ਦਾ ਨਾਮ ਦਿੱਤਾ ਗਿਆ ਹੈ ਕਿਉਂਕਿ ਇਹ ਇੱਕ ਸੰਦਰਭਵਾਦ ਉੱਪਰ ਜ਼ੋਰ ਦਿੰਦੀ ਹੈ। ਇਹ ਕਿਸੇ ਲੇਖਕ ਦੀ ਸਮੂਹ ਰਚਨਾ-ਦ੍ਰਿਸ਼ਟੀ ਨੂੰ ਅੱਖੋਂ-ਪਰੋਖੇ ਕਰਦੀ ਹੈ।

ਇਸ ਪ੍ਰਕਾਰ ਅਮਰੀਕੀ ਥੀਮ ਵਿਗਿਆਨੀ ਇਤਿਹਾਸਕ ਆਲੋਚਨਾ ਵਿਧੀਆਂ ਦਾ ਸੁਚੇਤ ਪੱਧਰ ਤੇ ਤਿਆਗ ਕਰਦੇ ਹੋਏ ਕੇਂਦਰ-ਮੁਖੀ ਵਿਧੀ ਰਾਹੀਂ ਰਚਨਾ ਦੇ ਕੇਂਦਰੀ ਸੰਗਠਨ ਦੇ ਅਧਿਐਨ ਵੱਲ ਰੁਚਿਤ ਹੁੰਦੇ ਹਨ। ਉਹ ਇਤਿਹਾਸਕ ਆਲੋਚਨਾ ਵਿਧੀਆਂ ਨੂੰ ਆਲੋਚਨਾ ਦੇ ਅਨੁਸ਼ਾਸਨ ਭੰਗ ਕਰਨ ਵਾਲੀਆਂ ਵਿਧੀਆਂ ਮੰਨਦੇ ਹਨ। ਅਮਰੀਕੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਦੁਆਰਾ ਇਨ੍ਹਾਂ ਆਲੋਚਕਾਂ ਨੇ ਮੂਲ ਪਾਠ ਵਿਚ ਆਪਣੀ ਦਿਲਚਸਪੀ ਨੂੰ ਪ੍ਰਕਾਸ਼ਮਾਨ ਕੀਤਾ ਹੈ। ਇਨ੍ਹਾਂ ਦੁਆਰਾ ਅਪਨਾਈਆਂ ਆਲੋਚਨਾਂ ਵਿਧੀਆਂ ਆਰੰਭ ਵਿਚ ਮੂਲ ਪਾਠ ਦੀਆਂ ਅੰਦਰਲੀਆਂ ਪਰਤਾਂ ਨੂੰ ਫਰੋਲ ਕੇ ਸਾਰਥਕ ਸਿੱਟੇ ਕੱਢਣ ਵਿਚ ਸਹਾਇਕ ਹੁੰਦੀਆਂ ਹਨ। ਪਰ ਛੇਤੀ ਹੀ ਇਹ ਮਨੋਰਥ-ਭ੍ਰਾਂਤੀ ਦਾ ਸ਼ਿਕਾਰ ਹੋ ਕੇ ਰਚਨਾ ਬਾਹਰੀ ਵੇਰਵਿਆਂ ਵੱਲ ਰੁਚਿਤ ਹੋ ਜਾਂਦੀਆਂ ਹਨ।

ਫਰਾਂਸੀਸੀ ਥੀਮ ਵਿਗਿਆਨਕ ਪ੍ਰਣਾਲੀ

ਫਰਾਂਸੀਸੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਸਾਹਿਤਕ ਥੀਮਾਂ ਦੇ ਅਧਿਐਨ ਦੁਆਰਾ ਨਵੀਆਂ ਅੰਤਰ-ਦ੍ਰਿਸ਼ਟੀਆਂ ਦੀ ਭਾਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਫਰਾਂਸ ਵਿਚ ਸਾਹਿਤ ਨੂੰ ਸਮਝਣ ਲਈ ਕਵੀ ਨੂੰ ਜਾਂ ਅਸਾਧਾਰਨ ਨਾਇਕ ਨੂੰ ਮਨੁੱਖ ਦੇ ਰੂਪ ਵਿਚ ਪਛਾਣਨ ਦੇ ਯਤਨ ਹੋਏ, ਜੋ ਰਚਨਾ ਨੂੰ ਆਪਣੇ ਧਿਆਨ ਦਾ ਕੇਂਦਰ ਨਾ ਬਣਾ ਕੇ ਮਾਨਸਿਕ/ਦਾਸ਼ਨਿਕ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਇਹ ਸੁਹਜਾਤਮਕ ਪਾਸਾਰ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਅਜਿਹੀ ਥੀਮਵਾਦੀ ਪ੍ਰਣਾਲੀ ਦੇ ਅੰਤਰਗਤ ਜਨੇਵਾ ਸਕੂਲ ਦੇ ਜਾਰਜ. ਪੂਲੇ ਅਤੇ ਯਾਂ. ਪੀਰੇ. ਰਿਚਡਜ਼ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਥੀਮ ਸੰਬੰਧੀ ਚਰਚਾ ਕੀਤੀ ਹੈ। ਪੂਲੇ ਥੀਮ ਦੇ ਸੰਕਲਪ ਨੂੰ ਸਾਹਿਤ ਇਤਿਹਾਸ ਅਤੇ ਦਰਸ਼ਨ ਇਤਿਹਾਸ ਵਿਚ ਕੜੀ ਜੋੜਨ ਲਈ ਵਰਤਦਾ ਹੈ।[23] ਸਾਹਿਤਕ ਹੋਂਦ ਦੇ ਨਿਕਾਸ ਦੇ ਅਧਿਐਨ ਸਮੇਂ ਉਹ ਲੇਖਕ ਉੱਪਰ ਧਿਆਨ ਕੇਂਦਰਿਤ ਕਰਦਾ ਹੈ ਜੋ ਅਨੁਭੂਤੀ ਸੰਦਰਭ ਵਿਚ ਰਚਨਾ ਦਾ ਵਿਧਾ-ਬਿੰਦੂ ਪ੍ਰਾਪਤ ਕਰਨ ਨਾਲ ਹਾਸਿਲ ਹੁੰਦਾ ਹੈ। ਇਸ ਵਿਧਾ-ਬਿੰਦੂ ਨੂੰ ਪ੍ਰਬਲ ਤਣਾਉ ਦੇ ਰੂਪ ਵਿਚ ਅਨੁਭਵ ਕਰਦੇ ਹੋਏ, ਚੇਤਨਾ ਦੀ ਇੱਕ ਸਥਿਤੀ ਵੱਲੋਂ ਹੋਰ ਚੇਤਨ ਸਥਿਤੀ ਤਕ ਪਰਿਵਰਤਨ, ਸਮਾਪਨ-ਬਿੰਦੂ ਵਜੋਂ ਵੇਖਦਾ ਹੈ। ਉਸ ਲਈ ਥੀਮ ਦੇ ਸੰਬੰਧ ਵਿਚ ਇਸ ਪ੍ਰਕਾਰ ਦੇ 'ਪਲ' ਲੱਭਣੇ ਵਧੇਰੇ ਮਹੱਤਵਪੂਰਨ ਹਨ। ਥੀਮ ਦੀ ਗੱਲ ਕਰਦੇ ਸਮੇਂ ਉਹ ਰਚਨਾ-ਪਾਠ ਦੇ ਇਕਾਗਰਕਾਰੀ ਮਹੱਤਵ ਪ੍ਰਤੀ ਰੁਚਿਤ ਨਹੀਂ ਹੁੰਦਾ ਸਗੋਂ ਰਚਨਾਕਾਰ ਜਾਂ ਰਚਨਾ-ਪਲ ਬਾਰੇ ਚੇਤੰਨ ਹੈ। ਉਸ ਦੀ ਇਸ ਪਹੁੰਚ ਵਿਧੀ ਕਾਰਨ ਰਚਨਾ ਦੇ ਥੀਮਿਕ ਅਧਿਐਨ ਸਮੇਂ ਅਸਾਹਿਤਕ ਸਿੱਟੇ ਪ੍ਰਾਪਤ ਹੁੰਦੇ ਹਨ। ਉਹ ਥੀਮ ਨੂੰ ਇੱਕ ਅਜਿਹਾ ਵਿਸ਼ਾ-ਵਸਤੂ ਮੰਨਦਾ ਹੈ ਜਿਹੜਾ ਇਕੋ ਲੇਖਕ ਦੀਆਂ ਕਈ ਕਿਰਤਾਂ ਵਿਚ ਜਾਂ ਕਈ ਲੇਖਕਾਂ ਦੀਆਂ ਰਚਨਾਵਾਂ ਵਿਚ ਇੱਕ ਲੰਮੇਂ ਸਮੇਂ ਤਕ ਬਾਰ-ਬਾਰ ਦ੍ਰਿਸ਼ਟਮਾਨ ਹੁੰਦਾ ਹੈ। ਇਹ ਵਿਚਾਰ ਉਸ ਇੱਕ ਕਾਲ ਦੇ ਲੇਖਕਾਂ ਬਾਰੇ ਰਖਦਾ ਹੈ। ਪੂਲੇ ਸਮਾਂ, ਪਾਸਾਰ, ਕਾਲ-ਚੱਕਰ ਵਰਗੇ ਵਿਸ਼ਵ-ਵਿਆਪਕ ਥੀਮਾਂ ਨੂੰ ਮਹੱਵਤਪੂਰਨ ਮੰਨਦਾ ਹੈ ਕਿਉਂਕਿ ਇਹ ਥੀਮ ਕਿਸੇ ਵੀ ਯੁੱਗ ਦੇ ਸਾਹਿਤ ਵਿਚੋਂ ਲੱਭੇ ਜਾ ਸਕਦੇ ਹਨ। ਉਹ ਥੀਮ ਨੂੰ ਇੱਕ ਅਜਿਹੀ ਕਸਵੱਟੀ ਦੇ ਤੌਰ ਉੱਤੇ ਵਰਤਣਾ ਚਾਹੁੰਦਾ ਹੈ ਜਿਸ ਨਾਲ ਭਿੰਨ-ਭਿੰਨ ਸਦੀਆਂ ਵਿਚਲੇ ਮਾਨਵ ਦੀ ਮਾਨਵੀਅਤਾ ਦੀ ਨਿਰਖ-ਪਰਖ ਹੋ ਸਕੇ।[24] ਉਹ ਥੀਮਾਂ ਦੀ ਤਲਾਸ਼ ਲਈ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਟੋਟਕੇ ਲੈਂਦਾ ਹੈ ਅਤੇ ਬਾਕੀ ਦੇ ਵੇਰਵਿਆਂ ਨੂੰ ਉਹ ਫਾਲਤੂ ਕਹਿ ਕੇ ਨਕਾਰਦਾ ਹੈ। ਜਿਸ ਕਾਰਨ ਉਹ ਸਾਹਿਤਕ ਕਿਰਤ ਦੀ ਸਮੁੱਚੀ ਸੰਰਚਨਾ ਤੋੜ ਦਿੰਦਾ ਹੈ ਅਤੇ ਮਨੋਰਥ ਭ੍ਰਾਂਤੀ ਦਾ ਸ਼ਿਕਾਰ ਬਣਦਾ ਹੈ। ਪੂਲੇ ਸਮੁੱਚੀ ਫਰਾਂਸੀਸੀ ਲਿਖਤ ਪਰੰਪਰਾ ਦੇ ਸੰਦਰਭ ਵਿਚ ਦਰਸ਼ਨ ਅਤੇ ਸਾਹਿਤ ਵਿਚ 'ਮਾਨਵ-ਕਾਲ' ਦੇ ਥੀਮ ਦੀ ਭਾਲ ਕਰਦਾ ਹੈ। ਪੂਲੇ ਦੀ ਪ੍ਰਸਿੱਧ ਪੁਸਤਕ "Etudesurle Tempshumain" ਦੀ ਭੂਮਿਕਾ ਤੋਂ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਤਿਹਾਸਕ ਕਾਲ-ਕ੍ਰਮਤਾ ਨੂੰ ਤਿਲਾਂਜਲੀ ਦੇ ਕੇ ਉਸਨੇ ਆਪਣੇ ਬਿਰਤਾਂਤ ਨੂੰ ਆਰੰਭ ਤੋਂ ਅੰਤ ਵੱਲ ਲਿਜਾਣ ਦੀ ਬਜਾਇ ਵਰਤਮਾਨ ਤੋਂ ਭੂਤ ਵੱਲ ਮੋੜਨਾ ਉਚਿਤ ਸਮਝਿਆ ਹੈ।[25] ਇਸ ਪ੍ਰਕਾਰ ਉਸਦੀ ਪਹੁੰਚ ਵਿਧੀ ਥੀਮ ਦੀ ਤਲਾਸ਼ ਲਈ ਚੁਣੇ ਪੈਰ੍ਹਿਆਂ ਨਾਲੋਂ ਨਿਖੇੜਦੀ ਹੈ ਜਿਸ ਨਾਲ ਉਸ ਦਾ ਥੀਮ ਵਿਗਿਆਨ ਧੁੰਦਲਾ ਹੋ ਜਾਂਦਾ ਹੈ ਕਿਉਂਕਿ ਹਰੇਕ ਰਚਨਾ ਦੇ ਅਰਥ ਉਸੇ ਸੰਦਰਭ ਵਿਚ ਹੀ ਯੋਗ ਹੁੰਦੇ ਹਨ ਜਿਸ ਵਿਚੋਂ ਉਹ ਜਨਮੀ ਹੁੰਦੀ ਹੈ।

ਜਿਥੇ ਪੂਲੇ ਨੇ ਥੀਮ ਵਿਗਿਆਨ ਨੂੰ ਮਾਨਵ ਰੂਹ ਦੇ ਵਿਕਾਸ ਸੰਬੰਧੀ ਇਤਿਹਾਸਕ ਸਮਾਨਤਾਵਾਂ ਪੜ੍ਹਨ ਦੀ ਇੱਕ ਜੁਗਤ ਦੇ ਤੌਰ ਉੱਤੇ ਵਰਤਿਆ ਹੈ, ਉਥੇ ਯਾਂ. ਪੀਰੇ. ਰਿਚਰਡਜ਼ ਥੀਮ ਵਿਗਿਆਨ ਨੂੰ ਵਿਅਕਤੀਗਤ ਕਵੀ ਦੀ ਮਨੋਸਥਿਤੀ ਦੇ ਪੁਨਰ ਨਿਰਮਾਣ ਲਈ ਇੱਕ ਸੰਦ ਵਜੋਂ ਪ੍ਰਯੋਗ ਕਰਦਾ ਹੈ। ਰਿਚਰਡਜ਼ ਦਾ ਅਧਿਐਨ ਦੂਹਰਾ ਪ੍ਰਕਾਰਜ ਨਿਭਾਉਂਦਾ ਹੈ। ਉਹ ਰਚਨਾ ਵਿਚੋਂ ਪਹਿਲਾਂ ਸ਼ਬਦ ਚੁਣ

ਲੈਂਦਾ ਹੈ ਅਤੇ ਉਨ੍ਹਾਂ ਨੂੰ ਲੇਖਕ ਦੀਆਂ ਭਾਸ਼ਕ ਆਦਤਾਂ ਵਿਚੋਂ ਪਛਾਣਦਾ ਹੈ। ਉਹ ਰਚਨਾ-ਪਾਠ ਵਿਚਲੇ ਸ਼ਬਦ ਨੂੰ ਮਾਨਸਿਕ ਕਾਰਜ ਦੇ ਰੂਪ ਵਿਚ ਰੂਪਾਂਤਰਿਤ ਕਰਦੇ ਹੋਏ ਨਵਾਂ ਆਤਮਕ ਪ੍ਰਸੰਗ ਤਿਆਰ ਕਰਦਾ ਹੈ। ਇਸ ਤਰ੍ਹਾਂ ਆਂਤਰਿਕ ਸੰਗਠਨ ਦਾ ਰਿਚਰਡਜ਼ ਲਈ ਮਹੱਤਵ ਵਿਅਕਤੀਗਤ ਭਾਸ਼ਾ ਸੰਗਠਨ ਅਤੇ ਵਿਅਕਤੀਗਤ ਆਤਮਕ ਸੰਗਠਨ ਨੂੰ ਪ੍ਰਾਪਤ ਕਰਨ ਵਿਚ ਵਧੇਰੇ ਹੈ।[26] ਉਹ ਇਕੋ ਲੇਖਕ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਉਨ੍ਹਾਂ ਥੀਮਾਂ ਦੀ ਤਲਾਸ਼ ਕਰਦਾ ਹੈ ਜਿਨ੍ਹਾਂ ਦੇ ਆਧਾਰ ਉੱਪਰ ਉਹ ਉਸ ਲੇਖਕ ਦੀ ਕਲਪਨਾ ਤੇ ਸੰਕੇਤਾਂ ਬਾਰੇ ਸਿੱਟੇ ਕੱਢ ਸਕੇ। ਰਿਚਰਡਜ਼ ਅਨੁਸਾਰ ਸਾਹਿਤਕ ਕਿਰਤ ਦੀਆਂ ਹੇਠਲੀਆਂ ਡੂੰਘਾਈਆਂ ਤਕ ਪ੍ਰਵੇਸ਼ ਕਰਨ ਦੀਆਂ ਦੋ ਵਿਧੀਆਂ ਹਨ- ਪਹਿਲੀ ਨੂੰ ਭਾਸ਼ਾ ਵਿਗਿਆਨਕ ਪ੍ਰਵੇਸ਼ ਕਿਹਾ ਜਾ ਸਕਦਾ ਹੈ ਜਿਸ ਦੁਆਰਾ ਸ਼ਬਦ ਦੇ ਅਤਿ ਡੂੰਘੇ ਨਿੱਜੀ ਤੇ ਵਿਸ਼ੇਸ਼ ਅਰਥਾਂ ਤਕ ਪਹੁੰਚਿਆ ਜਾਂਦਾ ਹੈ। ਦੂਜੀ ਵਿਧੀ ਨੂੰ ਮਨੋਵਿਗਿਆਨਕ ਵਿਧੀ ਕਿਹਾ ਜਾ ਸਕਦਾ ਹੈ ਜਿਸ ਦੁਆਰਾ ਮਨੋਸਥਿਤੀ ਜਾਂ ਕਲਪਨਾ ਦੀਆਂ ਉਨ੍ਹਾਂ ਅਤਿ ਡੂੰਘੀਆਂ ਅੰਤਰੀਵ ਪ੍ਰਕਿਰਿਆਵਾਂ ਤਕ ਪਹੁੰਚਿਆ ਜਾ ਸਕਦਾ ਹੈ। ਜਿਸ ਦੇ ਫਲਸਰੂਪ ਸ਼ਬਦ ਨੇ ਵਿਸ਼ੇਸ਼ ਅਰਥ ਗ੍ਰਹਿਣ ਕੀਤੇ ਹਨ।[27] ਇਸ ਪ੍ਰਕਾਰ ਰਿਚਰਡਜ਼ ਦਾ ਵਿਸ਼ਲੇਸ਼ਣ ਦਵੱਲੀ ਪ੍ਰਕਿਰਿਆ ਦਾ ਧਾਰਨੀ ਹੈ ਜੋ ਪਾਠਕ ਨੂੰ ਰਚਨਾ ਪਾਠਾਂ ਤੋਂ ਨਿਰੰਤਰ ਦੂਰ ਲੈ ਜਾਂਦਾ ਹੈ। ਉਹ ਵਿਅਕਤੀਗਤ ਭਾਸ਼ਾ ਸੰਰਚਨਾ ਦੀ ਗੱਲ ਕਰਦਾ ਹੋਇਆ ਕਲਾ ਕਿਰਤ ਦੀ ਕਲਾ ਸੰਰਚਨਾ ਵੱਲੋਂ ਬੇਮੁਖ ਹੀ ਰਹਿੰਦਾ ਹੈ।

ਇਸ ਪ੍ਰਕਾਰ ਫਰਾਂਸੀਸੀ ਥੀਮ ਵਿਗਿਆਨਕ ਵਿਧੀ ਸਾਹਿਤਕ ਕਿਰਤ ਦੇ ਮੂਲ ਪਾਠ ਵਿਚ ਵਧੇਰੇ ਦਿਲਚਸਪੀ ਦਿਖਾਣੋਂ ਅਸਮਰਥ ਰਹੀ। ਫਰਾਂਸੀਸੀ ਥੀਮ ਵਿਗਿਆਨਕ ਆਲੋਚਨਾ ਦੀ ਸਾਹਿਤ ਬਾਰੇ ਜਿਗਿਆਸਾ ਮੂਲ ਰੂਪ ਵਿਚ ਵਿਸ਼ਵਵਿਆਪੀ ਮਨੁੱਖ ਬਾਰੇ ਜਾਂ ਲੇਖਕ ਦੇ ਇੱਕ ਮਨੁੱਖ ਹੋਣ ਦੀ ਜਿਗਿਆਸਾ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਉਹ ਕਲਾ-ਕਿਰਤ ਦੀ ਕਲਾ ਸੰਰਚਨਾ ਅਤੇ ਸਾਹਿਤਕ ਕਿਰਤ ਦੇ ਮੂਲ ਪਾਠ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਸੁਹਜ ਸ਼ਾਸਤਰਾਂ ਦੀ ਬਜਾਇ ਮਨੋਵਿਗਿਆਨਿਕ ਪੁਣ-ਛਾਣ ਦੁਆਰਾ ਲੱਭਣ ਲਈ ਯਤਨਸ਼ੀਲ ਰਹੇ।

ਥੀਮ ਵਿਗਿਆਨਕ ਅਧਿਐਨ ਨਾਲ ਸੰਬੰਧਿਤ ਇਨ੍ਹਾਂ ਤਿੰਨਾਂ ਪ੍ਰਣਾਲੀਆਂ ਵਿਚੋਂ ਰੂਸੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਤੇ ਅਮਰੀਕੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਵਿਚ ਕਾਫੀ ਸਾਂਝ ਮਿਲਦੀ ਹੈ ਪਰ ਫਰਾਂਸੀਸੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਇੱਕ ਵੱਖਰੇ ਦ੍ਰਿਸ਼ਟੀਕੋਣ ਦੀ ਧਾਰਨੀ ਹੈ।

ਥੀਮ ਵਿਗਿਆਨਕ ਪ੍ਰਣਾਲੀ ਪ੍ਰਤੀ ਰੁਝਾਨ ਪੰਜਾਬੀ ਸਾਹਿਤ ਜਗਤ ਵਿਚ ਕੁਝ ਵਰ੍ਹੇ ਪਹਿਲਾਂ ਹੀ ਵਧਿਆ। ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਚਿੰਤਨ ਵਿਚ ਪੱਛਮ ਵਿਚ ਪ੍ਰਚਲਿਤ ਨਵੀਨ ਅਧਿਐਨ ਵਿਧੀਆਂ ਰਾਹੀਂ ਪੰਜਾਬੀ ਸਾਹਿਤਕ ਕਿਰਤਾਂ ਦੇ ਮੁਲਾਂਕਣ ਹੋਏ ਹਨ। ਪਰੰਪਰਕ ਪੰਜਾਬੀ ਸਮੀਖਿਆ ਰੂਪ ਅਤੇ ਵਸਤੂ ਦੀ ਦਵੈਤ ਨੂੰ ਸਵੀਕਾਰ ਕਰਕੇ ਨਿਰੋਲ ਵਿਆਖਿਆ ਵੱਲ ਹੀ ਰੁਚਿਤ ਰਹੀ ਸੀ। ਜਿਥੇ ਪਰੰਪਰਕ ਆਲੋਚਨਾ ਪ੍ਰਣਾਲੀਆਂ ਸਾਹਿਤ ਸਮੀਖਿਆ ਸਮੇਂ ਸਾਹਿਤ ਬਾਹਰੀ ਵੇਰਵਿਆਂ ਵੱਲ ਰੁਚਿਤ ਰਹੀਆਂ ਉਥੇ ਨਵੀਨ ਸਮੀਖਿਆ ਪ੍ਰਣਾਲੀ ਰਚਨਾ ਦੇ ਸੰਗਠਨ ਵੱਲ ਆਪਣਾ ਧਿਆਨ ਕੇਂਦਰਿਤ ਕਰਦੀ ਹੈ। ਇਸ ਦੁਆਰਾ ਸਾਹਿਤਕ ਕਿਰਤ ਨੂੰ ਇੱਕ ਸੁਤੰਤਰ ਹੋਂਦ ਮੰਨਿਆ ਜਾਂਦਾ ਹੈ। ਜਿਸਦਾ ਮੁਲਾਂਕਣ ਉਸਦੇ ਆਪਣੇ ਨੇਮਾਂ ਤੇ ਸੰਗਠਨ ਵਿਚੋਂ ਹੀ ਕੀਤਾ ਜਾਂਦਾ ਹੈ।

ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਸ਼ੈਲੀ-ਵਿਗਿਆਨ, ਚਿਹਨ-ਵਿਗਿਆਨ, ਥੀਮ-ਵਿਗਿਆਨ ਆਦਿ ਅਜਿਹੀਆਂ ਆਲੋਚਨਾ ਵਿਧੀਆਂ ਹਨ ਜੋ ਪੰਜਾਬੀ ਸਾਹਿਤ ਚਿੰਤਨ ਜਗਤ ਵਿਚ ਇੱਕ ਤੋਂ ਬਾਅਦ ਇੱਕ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਨ੍ਹਾਂ ਅਧਿਐਨ ਵਿਧੀਆਂ ਦੀ ਸਥਿਤੀ ਵਿਵਾਦਪੂਰਨ ਹੀ ਰਹੀ। ਵਿਵਾਦ ਦੇ ਬਾਵਜੂਦ ਇਨ੍ਹਾਂ ਅਧਿਐਨ ਵਿਧੀਆਂ ਵਿਚੋਂ ਕੁਝ ਵਿਧੀਆਂ ਨੂੰ ਪੰਜਾਬੀ ਸਾਹਿਤ ਚਿੰਤਨ ਵਿਚ ਸਵੀਕਾਰਿਆ ਗਿਆ ਹੈ ਅਤੇ ਕੁਝ ਨੂੰ ਆਂਸ਼ਿਕ ਰੂਪ ਵਿਚ ਪ੍ਰਯੋਗ ਕੀਤਾ ਗਿਆ।

ਪੰਜਾਬੀ ਸਮੀਖਿਆ ਜਗਤ ਵਿਚ ਨਵੀਨ ਅਧਿਐਨ ਵਿਧੀਆਂ ਦੇ ਅੰਤਰਗਤ ਮੁੱਢਲੇ ਕਾਰਜ 'ਦਿੱਲੀ ਸਕੂਲ' ਦੇ ਨਾਂ ਹੇਠ ਜਾਣੇ ਜਾਂਦੇ ਪ੍ਰਸਿੱਧ ਚਿੰਤਕਾਂ ਡਾ. ਹਰਿਭਜਨ ਸਿੰਘ, ਡਾ. ਤਰਲੋਕ ਸਿੰਘ ਕੰਵਰ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਮਨਜੀਤ ਕੌਰ, ਡਾ. ਹਰਚਰਨ ਕੌਰ, ਡਾ. ਅਮਰੀਕ ਸਿੰਘ ਪੂੰਨੀ ਆਦਿ ਦੇ ਮਿਲਦੇ ਹਨ। ਇਨ੍ਹਾਂ ਚਿੰਤਕਾਂ ਨੇ ਵੱਖ-ਵੱਖ ਅਧਿਐਨ ਵਿਧੀਆਂ ਅਪਨਾ ਕੇ ਪੰਜਾਬੀ ਸਾਹਿਤ ਦਾ ਮੁਲਾਂਕਣ ਕੀਤਾ। ਇਨ੍ਹਾਂ ਵਿਚੋਂ ਬਹੁਤਿਆਂ ਨੇ ਆਲੋਚਨਾ ਕਾਰਜ ਪੀ.ਐੱਚ.ਡੀ. ਡਿਗਰੀ ਅਧੀਨ ਕੀਤਾ ਜਿਸ ਨਾਲ ਇਨ੍ਹਾਂ ਨੇ ਨਵੀਨ ਅਧਿਐਨ ਵਿਧੀਆਂ ਰਾਹੀਂ ਮੁਲਾਂਕਣ ਕਾਰਜ ਕਰਕੇ ਨਵੀਆਂ ਦ੍ਰਿਸ਼ਟੀਆਂ ਪੇਸ਼ ਕੀਤੀਆਂ।

ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਦਾ ਇਤਿਹਾਸ ਪੰਜਾਬੀ ਸਾਹਿਤ ਵਿਚ ਜ਼ਿਆਦਾ ਲੰਮਾ ਨਹੀਂ। ਨਵੀਨ ਅੰਤਰ-ਦ੍ਰਿਸ਼ਟੀਆਂ ਤੇ ਅੰਤਰਗਤ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਨੇ ਵੀ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਬਣਾਉਣਾ ਆਰੰਭ ਕੀਤਾ। ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਦਾ ਪੰਜਾਬੀ ਸਾਹਿਤ ਵਿਚ ਆਰੰਭ ਡਾ. ਹਰਿਭਜਨ ਸਿੰਘ ਦੇ ਮੁਢਲੇ ਯਤਨਾਂ ਸਦਕਾ ਹੋਇਆ। ਉਨ੍ਹਾਂ ਨੇ 'ਅੱਧ ਚਾਨਣੀ ਰਾਤ ਥੀਮਿਕ ਅਧਿਐਨ' ਲੇਖ ਵਿਚ ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਦੇ ਅਧਿਐਨ ਲਈ ਥੀਮ ਵਿਗਿਆਨਕ ਵਿਧੀ ਨੂੰ ਆਧਾਰ ਬਣਾਇਆ। ਇਸ ਤੋਂ ਇਲਾਵਾ ਡਾ. ਮਨਜੀਤ ਕੌਰ ਨੇ ਆਪਣੇ ਪੀਐੱਚ.ਡੀ. ਥੀਸਿਸ 'ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ' ਵਿਚ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ', 'ਪਵਿੱਤਰ ਪਾਪੀ' ਅਤੇ 'ਮਤਰੇਈ ਮਾਂ' ਦਾ ਅਧਿਐਨ ਥੀਮ ਵਿਗਿਆਨਕ ਦ੍ਰਿਸ਼ਟੀ ਤੋਂ ਕੀਤਾ। ਇਸ ਅਧਿਐਨ ਵਿਧੀ ਸੰਬੰਧੀ ਡਾ. ਹਰਚਰਨ ਕੌਰ ਦਾ ਐਮ. ਫਿਲ. ਥੀਸਿਸ **ਹਰਿਭਜਨ ਸਿੰਘ ਕਾਵਿ ਦਾ ਥੀਮ ਵਿਗਿਆਨਕ ਅਧਿਐਨ** ਜੋ ਪੁਸਤਕ ਰੂਪ ਵਿਚ ਪ੍ਰਾਪਤ ਹੈ, ਅੰਮ੍ਰਿਤਾ ਪ੍ਰੀਤਮ ਦਾ **ਇਕ ਮੁਲਾਕਾਤ : ਥੀਮ ਵਿਗਿਆਨਕ ਅਧਿਐਨ** ਆਦਿ ਥੀਮ ਵਿਗਿਆਨ ਦੇ ਵਿਕਾਸ ਵਿਚ ਮਹੱਤਵਪੂਰਨ ਰੋਲ ਨਿਭਾਉਂਦੇ ਹਨ। ਇਨ੍ਹਾਂ ਤੋਂ ਇਲਾਵਾ ਗੁਰਚਰਨ ਸਿੰਘ ਅਰਸ਼ੀ ਨੇ **ਸਮੀਖਿਆ ਦ੍ਰਿਸ਼ਟੀਆਂ** ਅਤੇ ਕੁਲਦੀਪ ਸਿੰਘ ਧੀਰ ਨੇ **ਸਾਹਿਤ ਅਧਿਐਨ ਵਿਧੀਆਂ** ਵਿਚ ਥੀਮ ਵਿਗਿਆਨ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ।

ਪੰਜਾਬੀ ਸਾਹਿਤ ਆਲੋਚਨਾ ਦੀ ਪਰੰਪਰਾ ਵਿਚ ਥੀਮ ਤੇ ਰੂਪ ਦੀ ਦਵੈਤ ਨੂੰ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਪਰ ਥੀਮ ਵਿਗਿਆਨਕ ਅਧਿਐਨ ਪ੍ਰਣਾਲੀ ਰੂਪ ਅਤੇ ਵਸਤੂ ਦੀ ਦਵੈਤ ਤੋਂ ਪਾਰ ਜਾ ਕੇ ਰਚਨਾ ਦੇ ਸੰਰਚਨਾਤਮਕ ਤੱਤਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਦੀ ਹੈ। ਇਸ ਵਿਧੀ ਵਿਚ ਅਧਿਐਨ ਦੁਆਰਾ ਰਚਨਾ ਦੀ ਤਹਿ ਹੇਠ ਲੁਕੇ ਆਂਤਰਿਕ ਅਰਥਾਂ ਤਕ ਪਹੁੰਚਿਆ ਜਾਂਦਾ ਹੈ। ਥੀਮ ਕਿਸੇ ਰਚਨਾ ਦਾ ਕੇਵਲ ਵਸਤੂ ਪੱਖ ਹੀ ਨਹੀਂ ਹੁੰਦਾ ਸਗੋਂ ਇਸ ਵਿਚ ਉਹ ਸਾਰੀਆਂ ਕਲਾਤਮਕ ਜੁਗਤਾਂ ਸ਼ਾਮਿਲ ਹੁੰਦੀਆਂ ਹਨ ਜੋ ਰਚਨਾ ਦੇ ਆਦਿ ਤੋਂ ਅੰਤ ਤਕ ਉਸ ਦੇ ਆਰ-ਪਾਰ ਫੈਲੀਆਂ ਹੁੰਦੀਆਂ ਹਨ। ਪੰਜਾਬੀ ਵਿਚ ਵਿਸ਼ੇ ਨੂੰ ਥੀਮ ਦੇ ਰੂਪ ਵਿਚ ਲਿਆ ਜਾਂਦਾ ਹੈ। ਇਸ ਪ੍ਰਕਾਰ 'ਥੀਮ' ਸ਼ਬਦ ਦੀ ਵਰਤੋਂ ਕਰਦਿਆਂ ਇਸ ਦੇ ਸਿੱਧਾਂਤਕ ਪਰਿਪੇਖ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਇਸ ਦਾ ਕਾਰਨ 'ਥੀਮ ਤੇ ਵਿਸ਼ੇ' ਸ਼ਬਦ ਬਾਰੇ ਅਗਿਆਨਤਾ ਹੈ। ਇਸ ਸੰਬੰਧੀ ਡਾ. ਹਰਿਭਜਨ ਸਿੰਘ ਦਾ ਵਿਚਾਰ ਹੈ :

> ਵਿਲੱਖਣ ਮੁਹਾਂਦਰੇ ਦੇ ਸੁਭਾਉ ਵਾਲੇ ਵਿਚਾਰ/ਵਿਸ਼ੇ ਨੂੰ ਥੀਮ ਸਮਝ ਕੇ ਕਿਸੇ ਕਲਾ-ਕਿਰਤ ਦੀ ਵਿਆਖਿਆ ਹੋ ਸਕਦੀ ਹੈ। ਥੀਮ ਅਮੂਰਤ ਵਿਚਾਰ ਵੀ ਹੋ ਸਕਦਾ ਹੈ, ਜਿਵੇਂ ਕਿ ਪਿਆਰ। ਨਾਇਕ, ਨਾਇਕਾ, ਖਲਨਾਇਕ (ਸਮੂਰਤ ਵਸਤੂ)। ਵਸਤੂ ਤੇ ਵਿਚਾਰ ਦੋਵੇਂ ਸਾਹਿਤ ਦੇ ਵਿਸ਼ੇ ਹਨ ਪਰ ਵਿਚਾਰ ਨੂੰ ਉਸਦੀ ਵਿਲੱਖਣ ਸਥਿਤੀ ਵਿਚ ਪਛਾਣਨ ਨਾਲ ਹੀ ਵਿਸ਼ਾ ਥੀਮ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ।[28]

ਕਿਸੇ ਰਚਨਾ ਨੂੰ ਇੱਕ ਸਮੁੱਚੇ ਰੂਪ ਵਿਚ ਜੋੜਨ ਵਾਲੇ ਤੱਤ ਨੂੰ ਥੀਮ ਕਿਹਾ ਜਾਂਦਾ ਹੈ। ਹਰੇਕ ਰਚਨਾ ਦੇ ਅੰਗਾਂ ਦੇ ਵੀ ਥੀਮ ਹੁੰਦੇ ਹਨ। ਇਥੋਂ ਤਕ ਕਿ ਇੱਕ ਵਾਕ ਦਾ ਵੀ ਆਪਣਾ ਥੀਮ ਹੁੰਦਾ ਹੈ।

ਥੀਮ ਮੋਟਿਫ਼ਾਂ ਰਾਹੀਂ ਸਾਕਾਰ ਹੁੰਦਾ ਹੈ। ਰਚਨਾ ਦੇ ਜਿਸ ਅੰਗ ਨੂੰ ਹੋਰ ਘਟਾਇਆ ਨਾ ਜਾ ਸਕੇ ਉਸ ਦੇ ਥੀਮ ਨੂੰ ਮੋਟਿਫ਼ ਕਿਹਾ ਜਾਂਦਾ ਹੈ। ਥੀਮ ਵਿਗਿਆਨੀਆਂ ਤੋਂ ਪਹਿਲਾਂ ਮੋਟਿਫ਼ ਇਸ ਤੋਂ ਵੱਖਰੇ ਅਰਥਾਂ ਵਿਚ ਵਰਤਿਆ ਜਾਂਦਾ ਸੀ। ਮੋਟਿਫ਼ ਇੱਕ ਅਜਿਹੀ ਇਕਾਈ ਨੂੰ ਕਿਹਾ ਜਾਂਦਾ ਸੀ ਜੋ ਇੱਕ ਤੋਂ ਵਧੇਰੇ ਰਚਨਾਵਾਂ ਵਿਚ ਬਾਰ-ਬਾਰ ਵਰਤੀ ਜਾਂਦੀ ਸੀ ਅਤੇ ਇੱਕ ਰਚਨਾ ਤੋਂ ਦੂਜੀ ਰਚਨਾ ਵਿਚ ਬਿਨ੍ਹਾਂ ਬਦਲੇ ਪ੍ਰਵੇਸ਼ ਕਰ ਜਾਂਦੀ ਸੀ। ਪਰ ਥੀਮ ਵਿਗਿਆਨੀਆਂ ਨੇ ਮੋਟਿਫ਼ ਨੂੰ ਨਵੇਂ ਅਰਥਾਂ ਵਿਚ ਵਰਤਿਆ। ਉਨ੍ਹਾਂ ਅਨੁਸਾਰ ਮੋਟਿਫ਼ ਅਜਿਹੀ ਛੋਟੀ ਤੋਂ ਛੋਟੀ ਥੀਮਿਕ ਇਕਾਈ ਹੈ ਜੋ ਕਿਸੇ ਰਚਨਾ ਵਿਚ ਮੌਜੂਦ ਹੁੰਦੀ ਹੈ ਅਤੇ ਇਸਦੀ ਸਾਰਥਕਤਾ ਉਸੇ ਸੰਦਰਭ ਵਿਚ ਹੀ ਹੁੰਦੀ ਹੈ। ਹਰੇਕ ਸਾਹਿਤਕ ਰਚਨਾ ਮੋਟਿਫ਼ਾਂ ਦੀ ਬੁਣਤੀ ਦੁਆਰਾ ਹੀ ਪੇਸ਼ ਹੁੰਦੀ ਹੈ। ਬਿਰਤਾਂਤਕ ਰਚਨਾ ਦੇ ਸੰਗਠਨ ਵਿਚ ਕੁਝ ਮੋਟਿਫ਼ ਅਜਿਹੇ ਹੁੰਦੇ ਹਨ ਜੋ ਰਚਨਾ ਦਾ ਸਾਰ ਪੇਸ਼ ਕਰਨ ਸਮੇਂ ਖਾਰਿਜ ਨਹੀਂ ਕੀਤੇ ਜਾ ਸਕਦੇ ਕਿਉਂਕਿ ਇਨ੍ਹਾਂ ਦੇ ਨਿਕਲਣ ਨਾਲ ਉਸ ਰਚਨਾ ਦਾ ਸੰਗਠਨ ਕਮਜ਼ੋਰ ਪੈ ਜਾਂਦਾ ਹੈ। ਅਜਿਹੇ ਮੋਟਿਫ਼ਾਂ ਨੂੰ ਬੰਦ-ਮੋਟਿਫ਼ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਮੋਟਿਫ਼ਾਂ ਦੇ ਰਚਨਾ ਵਿਚੋਂ ਖਾਰਜ ਹੋਣ ਨਾਲ ਉਸਦੇ ਸੰਗਠਨ ਉੱਪਰ ਕੋਈ ਵਿਸ਼ੇਸ਼ ਅਸਰ ਨਹੀਂ ਪੈਂਦਾ ਉਨ੍ਹਾਂ ਮੋਟਿਫ਼ਾਂ ਨੂੰ ਖੁੱਲ੍ਹੇ-ਮੋਟਿਫ਼ ਕਿਹਾ ਜਾਂਦਾ ਹੈ। ਇਨ੍ਹਾਂ ਮੋਟਿਫ਼ਾਂ ਨੂੰ ਆਸਾਨੀ ਨਾਲ ਰਚਨਾ ਵਿਚੋਂ ਬਾਹਰ ਕੱਢਿਆ ਜਾ ਸਕਦਾ ਹੈ। ਕਿਸੇ ਰਚਨਾ ਵਿਚ ਜਦ ਕੋਈ ਘਟਨਾ, ਕੋਈ ਸਥਿਤੀ ਪੇਸ਼ ਕੀਤੀ ਜਾਂਦੀ ਹੈ ਤਾਂ ਉਹ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਆਉਂਦੀ ਹੈ, ਪਰ ਜਦ ਇਹ ਘਟਨਾ ਜਾਂ ਸਥਿਤੀ ਰਚਨਾ ਦੇ ਮੁਖ ਪਾਤਰ ਨਾਲ ਸੰਬੰਧਿਤ ਹੋ ਜਾਂਦੀ ਹੈ ਤਾਂ ਇਹ ਰਚਨਾ ਬੰਦ-ਮੋਟਿਫ਼ਾਂ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਖੁੱਲ੍ਹੇ ਮੋਟਿਫ਼ ਰਚਨਾ ਦੇ ਸੰਗਠਨ ਵਿਚ ਭਾਵੇਂ ਬੇਲੋੜੇ ਲੱਗਦੇ ਹਨ, ਪਰ ਇਹ ਰਚਨਾ ਦੇ ਵਿਕਾਸ ਲਈ ਵਰਦੇ ਜਾਂਦੇ ਹਨ। ਹਰ ਰਚਨਾ ਵਿਚਲਾ ਬੰਦ-ਮੋਟਿਫ਼ ਰਚਨਾ ਦੇ ਹੋਰ ਗਤੀਸ਼ੀਲ ਜਾਂ ਸਥਿਤੀਸ਼ੀਲ ਮੋਟਿਫ਼ਾਂ ਦੇ ਰੂਪ ਵਿਚ ਖੁੱਲ੍ਹਦਾ ਹੈ। ਗਤੀਸ਼ੀਲ ਮੋਟਿਫ਼ ਕਿਸੇ ਇੱਕ ਸਥਿਤੀ ਉੱਪਰ ਕਿਸੇ ਪਾਤਰ ਜਾਂ ਘਟਨਾ ਦੀ ਜਾਣਕਾਰੀ ਦੇਣ ਲਈ ਵਰਤੇ ਜਾਂਦੇ ਹਨ ਅਤੇ ਗਤੀਸ਼ੀਲ ਰਚਨਾ ਦੇ ਵਿਕਾਸ ਨਾਲ ਸੰਬੰਧਿਤ ਹੁੰਦੇ ਹਨ। ਗਤੀਸ਼ੀਲ ਮੋਟਿਫ਼ ਕਾਰਨ ਹੀ ਰਚਨਾ ਅੱਗੇ ਵਿਕਾਸ ਕਰਦੀ ਹੈ ਅਤੇ ਇੱਕ ਤੋਂ ਦੂਜੀ ਸਥਿਤੀ ਵਿਚ ਪ੍ਰਵੇਸ਼ ਕਰਦੀ ਹੈ। ਰਚਨਾ ਵਿਚ ਮੋਟਿਫ਼ਾਂ ਦੀ ਵਰਤੋਂ ਕਿਸੇ ਜੁਗਤ ਅਧੀਨ ਕਿਸੇ ਪ੍ਰਯੋਜਨ ਦੀ ਸਿਧੀ ਲਈ ਕੀਤੀ ਜਾਂਦੀ ਹੈ। ਡਾ. ਮਨਜੀਤ ਕੌਰ ਅਨੁਸਾਰ :

> ਜੇ ਰਚਨਾ ਵਿਚ ਕਿਸੇ ਪਾਤਰ ਦੇ ਬੀਤੇ ਜੀਵਨ ਦੀ ਕੋਈ ਝਲਕ ਪੇਸ਼ ਕੀਤੀ ਜਾਂਦੀ ਹੈ ਤਾਂ ਅਜਿਹੇ ਸਮੇਂ ਪੇਸ਼ ਕੀਤੀ ਘਟਨਾ ਮੋਟਿਫ਼ ਹੋਵੇਗੀ ਅਤੇ ਅਤੀਤ ਨਾਲ ਸੰਬੰਧਿਤ ਹੋਣ ਕਾਰਨ ਬਿਰਤਾਂਤ ਪੱਖੋਂ ਵਰਤੀ ਜੁਗਤ ਪਿੱਛਲਝਾਤ।[29]

ਜੁਗਤਾਂ ਤੇ ਮੋਟਿਫ਼ਾਂ ਵਿਚਕਾਰ ਨਿਆਂ ਦੇ ਰਿਸ਼ਤੇ ਨੂੰ 'ਮੋਟੀਵੇਸ਼ਨ' ਕਿਹਾ ਜਾਂਦਾ ਹੈ। ਸੋ ਮੋਟੀਵੇਸ਼ਨ ਜੁਗਤਾਂ ਦਾ ਪ੍ਰੇਰਕ ਹੈ। ਰਚਨਾ ਵਿਚ ਰਚਨਾ ਪ੍ਰੇਰਕ ਸਾਰਥਕ ਕਾਰਜ ਅਧੀਨ, ਯਥਾਰਥ-ਪ੍ਰੇਰਕ ਵਾਸਤਵਿਕਤਾ ਦਾ ਝਉਲਾ ਪਾਉਣ ਲਈ ਅਤੇ ਕਲਾ ਪ੍ਰੇਰਕ, ਕਲਾ ਕਿਰਤ ਨੂੰ ਵਾਸਤਵਿਕਤਾ ਤੋਂ ਵਖਰਿਆਉਣ ਅਧੀਨ ਵਰਤੇ ਜਾਂਦੇ ਹਨ। ਮੋਟਿਫ਼ ਆਪਣੇ ਆਪ ਵਿਚ ਇੱਕ ਸੰਪੂਰਨ ਤੇ ਲਘੂਤਮ ਇਕਾਈ ਹੁੰਦਾ ਹੈ ਪਰ ਇਸ ਵਿਚੋਂ ਅਗਾਂਹ 'ਰੀਮਾਂ' ਦੇ ਨਿਕਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਡਾ. ਹਰਿਭਜਨ ਸਿੰਘ ਨੇ ਆਪਣੇ ਆਲੋਚਨਾਤਮਕ ਨਿਬੰਧਾਂ ਵਿਚ 'ਰੀਮ' ਦੇ ਸੰਕਲਪ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ 'ਰੀਮ' ਥੀਮ ਦੀਆਂ ਅਨੇਕਾਂ ਸੰਭਾਵਨਾਵਾਂ ਵਿਚੋਂ ਇੱਕ ਹੋ ਸਕਦੀ ਹੈ।[30] ਰਚਨਾ ਵਿਚ ਪੇਸ਼ ਥੀਮ ਦੀਆਂ ਅੱਗੋਂ ਕਈ ਰੀਮਾਂ ਨਿਕਲਦੀਆਂ ਹਨ ਜਿਨ੍ਹਾਂ ਵਿਚੋਂ ਲੇਖਕ ਕਿਸੇ ਰੀਮ ਦੀ ਚੋਣ ਕਰਕੇ ਅਗਲੇ ਥੀਮ ਦੀ ਰਚਨਾ ਕਰਦਾ ਹੈ ਜਿਵੇਂ ਕਿਸੇ ਰਚਨਾ ਵਿਚ ਜਦ ਨਾਇਕ-ਨਾਇਕਾ ਮਿਲਦੇ ਹਨ ਤਾਂ ਉਨ੍ਹਾਂ ਦੇ ਇਸ ਮੋਟਿਫ਼ ਵਿਚੋਂ ਕਈ ਰੀਮਾਂ ਨਿਕਲਦੀਆਂ ਹਨ ਕਿ ਉਨ੍ਹਾਂ ਵਿਚ ਪਿਆਰ ਦੀ ਭਾਵਨਾ ਉਤਪੰਨ ਹੋਵੇਗੀ, ਨਫ਼ਰਤ ਜਾਂ ਚੁੱਪ ਰਹਿਣ ਦੀ ਸਥਿਤੀ ਬਣੇਗੀ। ਇਸ ਪ੍ਰਕਾਰ ਰੀਮਾਂ ਦੇ ਨਿਕਲਣ ਨਾਲ ਰਚਨਾ ਦਾ ਵਿਕਾਸ ਨਿਰੰਤਰ ਚਲਦਾ ਰਹਿੰਦਾ ਹੈ।

ਇਸ ਪ੍ਰਕਾਰ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਦਾ ਇਤਿਹਾਸ ਭਾਵੇਂ ਬਹੁਤਾ ਲੰਮਾ ਨਹੀਂ ਪਰ ਫਿਰ ਵੀ ਇਸ ਵਿਧੀ ਰਾਹੀਂ ਸਾਹਿਤ ਮੁਲਾਂਕਣ ਨੂੰ ਇੱਕ ਨਵੀਂ ਦਿਸ਼ਾ ਮਿਲੀ ਹੈ। ਇਸ ਵਿਧੀ ਨੇ ਆਪਣੇ ਅਧਿਐਨ ਦਾ ਕੇਂਦਰ ਰਚਨਾ-ਪਾਠ ਨੂੰ ਬਣਾਇਆ। ਇਹ ਆਲੋਚਨਾ ਪ੍ਰਣਾਲੀ ਸਾਹਿਤ ਪ੍ਰਤੀ ਸਾਡੀ ਸਪੱਸ਼ਟਤਾ ਨੂੰ ਹੋਰ ਤਿੱਖਿਆਂ, ਵਿਆਖਿਆ ਵਿਚ ਪ੍ਰਬੀਨਤਾ ਅਤੇ ਸਾਹਿਤ ਪ੍ਰਤੀ ਅਧਿਐਨ ਦੀ ਰੁਚੀ ਨੂੰ ਹੋਰ ਸੁਦ੍ਰਿੜ ਕਰਦੀ ਹੈ। ਇਸ ਵਿਚ ਬੁਣਤਰ ਦੀ ਬਜਾਇ ਬਣਤਰ ਉੱਪਰ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਹ ਪ੍ਰਣਾਲੀ ਚੀਜ਼ਾਂ ਨੂੰ ਘਟਾ ਕੇ ਵੇਖਦੀ ਹੈ। ਅਧਿਐਨ ਸਮੇਂ ਪਾਠ ਨੂੰ ਇੱਕ ਸੰਪੂਰਨ ਮਕਾਨਕੀ ਵਸਤੂ ਵਜੋਂ ਸਵੀਕਾਰਦੀ ਉਸਦਾ ਅੰਗ-ਨਿਖੇੜ ਕਰਨ ਤਕ ਹੀ ਸੀਮਿਤ ਰਹਿੰਦੀ ਹੈ। ਥੀਮ ਵਿਗਿਆਨਕ ਪ੍ਰਣਾਲੀ ਸਾਹਿਤ ਦੀ ਅੰਤਰੀਵ ਸੰਰਚਨਾ ਦੀਆਂ ਵਿਭਿੰਨ ਇਕਾਈਆਂ ਤੇ ਅੰਤਰ-ਸੰਬੰਧਾਂ ਨੂੰ ਸਮਝਣ ਵਿਚ ਤਾਂ ਸਹਾਇਕ ਬਣਦੀ ਹੈ ਪਰ ਇਹ ਵਿਧੀ ਅੰਤਰੀਵ ਸੰਰਚਨਾ ਦੇ ਬਾਹਰਲੇ ਜਗਤ ਨਾਲ ਰਿਸ਼ਤੇ ਨੂੰ ਸਪੱਸ਼ਟ ਕਰਨ ਵਿਚ ਅਸਮਰਥ ਰਹਿੰਦੀ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਇਹ ਅਧਿਐਨ ਵਿਧੀ ਹੂ-ਬੂ-ਹੂ ਨਹੀਂ ਅਪਣਾਈ ਜਾ ਸਕਦੀ ਕਿਉਂਕਿ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਲਈ ਇਸ ਆਲੋਚਨਾ ਪ੍ਰਣਾਲੀ ਨੂੰ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਵਿਲੱਖਣ ਪ੍ਰਸੰਗ ਅਨੁਸਾਰ ਢਾਲ ਕੇ ਵਰਤਣਾ ਚਾਹੀਦਾ ਹੈ ਤਾਂ ਕਿ ਸਾਰਥਕ ਸਿੱਟੇ ਪ੍ਰਾਪਤ ਹੋ ਸਕਣ।

## ਹਵਾਲੇ ਤੇ ਟਿੱਪਣੀਆਂ


1. ਹਰਚਰਨ ਕੌਰ, (ਮੁਖ ਬੰਦ), **ਹਰਿਭਜਨ ਸਿੰਘ ਕਾਵਿ : ਥੀਮ ਵਿਗਿਆਨਕ ਅਧਿਐਨ**, ਪੰਨਾ. 10
2. **ਸਾਹਿਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ. 112
3. E.H.Falk, **Types of Thematic Structure**, p. 2
4. Tomashevsky, Thematics in **Russian formalist Criticism : Four Essays** (eds.) by lemon&Reis, p. 61
5. Karl Beckson and Arthur Ganz (eds.), **A Reader's Guide To Literary Term**, p. 223
6. E.H.Falk, **Types of Thematic Structure**, p. 23
7. Lee.T.Lemon, **Approaches to Literature**, p. 176
8. E.H.Falk, **Types of Thematic Structure**, p. 3
9. Jakobson's, **Science of Language**, p. 26
10. Tomashevsky, Thematics' in **Russian formalist Criticism Four Essays** (eds.) by lemon&Reis, p.61
11. **Ibid**, p.67-68
12. ਹਰਿਭਜਨ ਸਿੰਘ (ਡਾ.), **ਰਚਨਾ-ਸੰਰਚਨਾ**, ਪੰਨਾ. 15
13. **ਉਹੀ**, ਪੰਨਾ. 16
14. Lemon&Reis, **Russian Formalistic Criticism, Four Essays**, p. 70
15. Shklovsky, Victor, 'Art As Technique', in Lemon&Reis, **Russian Formalistic Criticism, Four Essays** (ed.), p. 4-5
16. ਹਰਿਭਜਨ ਸਿੰਘ (ਡਾ.), **ਰਚਨਾ-ਸੰਰਚਨਾ**, ਪੰਨਾ. 11

17. **ਉਹੀ**, ਪੰਨਾ. 27
18. E.H.Falk, **Types of Thematic Structure**, p. 23
19. **Ibid**, p. 20
20. **Ibid**, p. 14,15
21. Murray Krieger, **The Tragic vision : Variation on a Theme in Literary Interpretation**, p. 242
22. **Ibid**, p. 241
23. E.H.Falk, **Types of Thematic Structure**, p. xiii
24. **Ibid**, p-xiii
25. E.H.Falk, Introduction, **Types of Thematic Structure**, p. xiii
26. **Ibid**, p-xvii
27. **Ibid**, p-xvii
28. ਹਰਿਭਜਨ ਸਿੰਘ (ਡਾ.), **ਰਚਨਾ-ਸੰਰਚਨਾ**, ਪੰਨਾ. 24-40
29. ਮਨਜੀਤ ਕੌਰ (ਡਾ.), **ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ**, ਪੰਨਾ. 36
30. ਹਰਿਭਜਨ ਸਿੰਘ, **ਰੂਪਕੀ**, ਪੰਨਾ. 26

# ਸ਼ੈਲੀ ਵਿਗਿਆਨਕ ਅਧਿਐਨ ਵਿਧੀ

—ਡਾ. ਮੰਗਤ ਰਾਮ *

ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੀ ਉਹ ਵਿਧੀ ਹੈ ਜਿਸਦਾ ਪ੍ਰਕਾਰਜ ਭਾਸ਼ਾਈ ਸੰਦਾਂ/ਸਾਧਨਾਂ ਦੇ ਆਧਾਰ 'ਤੇ ਸਾਹਿਤ ਦਾ ਵਸਤੂਨਿਸ਼ਠ ਤੇ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ, ਕਿਉਂਕਿ ਸਾਹਿਤਕ ਅਭਿਵਿਅਕਤੀ ਦਾ ਮਾਧਿਅਮ ਭਾਸ਼ਾ ਹੈ। ਸਾਹਿਤਕਾਰ ਰਚਨਾ ਵਿਚ ਪ੍ਰਸੰਗ ਅਨੁਸਾਰ ਅਜਿਹੀ ਭਾਸ਼ਕ ਸੰਰਚਨਾ ਦਾ ਵਿਧਾਨ ਕਰਦਾ ਹੈ, ਜਿਸ ਨਾਲ ਵਿਸ਼ਾ ਸੁੰਦਰ ਰੂਪ ਵਿਚ ਪ੍ਰਗਟ ਹੋ ਸਕੇ। ਇਸ ਕਰਕੇ ਭਾਸ਼ਾਵਾਦੀ ਦ੍ਰਿਸ਼ਟੀ ਤੋਂ ਸਾਹਿਤਕ ਕਿਰਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਨ੍ਹਾਂ ਦੇ ਵਿਸ਼ੇ ਜਾਂ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਸ਼ੈਲੀ ਵਿਗਿਆਨ ਦਾ ਪ੍ਰਕਾਰਜ ਰਚਨਾ ਦੀ ਸਤਹੀ ਸੰਰਚਨਾ ਤੋਂ ਚਲ ਕੇ ਗਹਿਨ ਸੰਰਚਨਾ ਤੱਕ ਉਸਦਾ ਵਿਸ਼ਲੇਸ਼ਣ ਕਰਨਾ ਹੈ। ਸ਼ੈਲੀ ਵਿਗਿਆਨ ਰਚਨਾ ਦੀ ਸੰਰਚਨਾ ਦੀ ਤਹਿ ਵਿਚ ਪਏ ਅਰਥਾਂ ਨੂੰ ਉਘਾੜਨ ਪ੍ਰਤੀ ਰੁਚਿਤ ਹੁੰਦਾ ਹੈ।

ਇਹ ਇੱਕ ਨਵਾਂ ਗਿਆਨ ਸੰਜਮ ਹੈ ਜਿਹੜਾ ਸਾਹਿਤਕ ਕਿਰਤਾਂ ਦਾ ਵਸਤੂਮੂਲਕ (Objective) ਭਾਸ਼ਾਈ ਵਿਸ਼ਲੇਸ਼ਣ ਕਰਕੇ ਉਸ ਦੇ ਗਹਿਨ ਅਰਥਾਂ ਨੂੰ ਉਜਾਗਰ ਕਰਦਾ ਹੈ। ਭਾਸ਼ਾ ਵਿਗਿਆਨ ਕੇਵਲ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੈ ਪਰ ਇਸਦੀ ਤੁਲਨਾ ਵਿਚ ਸ਼ੈਲੀ ਵਿਗਿਆਨ ਸਾਹਿਤ ਦੇ ਲੁਕੇ ਹੋਏ ਅਰਥ ਪਾਸਾਰਾਂ ਦੀ ਵਿਆਖਿਆ ਕਰਦਾ ਹੈ ਜਿਸ ਨਾਲ ਕਿਰਤ ਦਾ ਸੁਹਜ ਪੱਖ ਰੂਪਮਾਨ ਹੋ ਜਾਂਦਾ ਹੈ। ਸ਼ੈਲੀ ਵਿਗਿਆਨ ਵਿਚ ਕਿਸੇ ਰਚਨਾ-ਪਾਠ ਦਾ ਅਧਿਐਨ ਕਰਨ ਦੀ ਅਵਸਥਾ ਨੂੰ ਅਸੀਂ 'ਪਿੰਡ ਭਾਸ਼ਾਈ' ਅਵਸਥਾ ਜਾਂ 'ਮਾਈਕਰੋਲਿੰਗੁਇਸਟਿਕਸ' ਦਾ ਨਾਂ ਦੇ ਸਕਦੇ ਹਾਂ। ਸ਼ੈਲੀ ਵਿਗਿਆਨਕ ਆਲੋਚਕ ਇਥੇ ਵਰਨਾਤਮਕ ਭਾਸ਼ਾ ਵਿਗਿਆਨ ਦੀਆਂ ਵਿਧੀਆਂ ਤੇ ਸੰਦਾਂ ਦੀ ਵਰਤੋਂ ਕਰਦਾ ਹੈ ਅਤੇ ਰਚਨਾ ਪਾਠ ਦੇ ਵਿਸ਼ਲੇਸ਼ਣ ਨੂੰ ਉਸਦੀ ਲਘੁਤਮ ਇਕਾਈ ਦੇ ਪੱਧਰ ਤੱਕ ਲੈ ਜਾਂਦਾ ਹੈ।

ਸ਼ੈਲੀ ਵਿਗਿਆਨ: ਪਰਿਭਾਸ਼ਾ:

ਸ਼ੈਲੀ ਵਿਗਿਆਨ ਅੰਗਰੇਜ਼ੀ ਸ਼ਬਦ ਸਟਾਈਲਿਸਟਿਕਸ ਦਾ ਭਾਰਤੀ ਪਰਿਆਇ ਹੈ। ਸ਼ਬਦ 'ਸਟਾਈਲਿਸਟਿਕਸ' ਦੋ ਸ਼ਬਦਾਂ 'ਸਟਾਇਲ' ਤੇ 'ਇਸਟਿਕਸ' ਤੋਂ ਬਣਿਆ ਹੈ। ਸਟਾਇਲ ਦਾ ਸੰਬੰਧ ਸਾਹਿਤਕ ਆਲੋਚਨਾ ਨਾਲ ਹੈ ਜਦ ਕਿ ਇਸਟਿਕਸ ਦੀ ਉਤਪਤੀ ਲਿੰਗੁਇਸਟਿਕਸ ਤੋਂ ਹੋਈ ਹੈ। ਸੋ ਇਸ ਪਦ ਵਿਚ ਸਾਹਿਤਕ ਆਲੋਚਨਾ ਤੇ ਭਾਸ਼ਾ ਵਿਗਿਆਨ ਦੋਵੇਂ ਹੀ ਸ਼ਾਮਿਲ ਹਨ। ਵੱਖ-ਵੱਖ ਵਿਦਵਾਨਾਂ ਨੇ ਸ਼ੈਲੀ ਵਿਗਿਆਨ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਰਿਭਾਸ਼ਤ ਕੀਤਾ ਹੈ। ਇਨ੍ਹਾਂ ਪਰਿਭਾਸ਼ਾਵਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ:

1. ਰੂਪ ਅਧਾਰਿਤ ਪਰਿਭਾਸ਼ਾਵਾਂ:

   ਜੀ. ਐਨ ਲੀਚ ਅਨੁਸਾਰ, ਸਾਹਿਤ ਵਿਚ ਭਾਸ਼ਾਗਤ ਪ੍ਰਯੋਗਾਂ ਦਾ ਅਧਿਐਨ ਸ਼ੈਲੀ ਵਿਗਿਆਨ ਹੈ।[1]

   ਡਾ. ਨਗੇਂਦਰ ਅਨੁਸਾਰ, ਸ਼ੈਲੀ ਵਿਗਿਆਨ ਦੀ ਸਹੀ ਪਰਿਭਾਸ਼ਾ ਉਸਦਾ ਸਹੀ ਅਰਥ ਅਤੇ ਖੇਤਰ ਵਿਸਤਾਰ ਇਹ ਹੀ ਹੈ ਕਿ ਉਹ ਭਾਸ਼ਾ ਵਿਗਿਆਨ ਦੇ ਨਿਯਮਾਂ ਅਤੇ ਵਿਧੀ ਦੇ ਅਨੁਸਾਰ ਸਾਹਿਤ ਦੇ ਭਾਸ਼ਿਕ ਵਿਧਾਨ ਦਾ ਰੂਪਾਤਮਕ ਅਧਿਐਨ ਕਰਦਾ ਹੈ।[2]

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

2. ਕਥਨ ਅਧਾਰਿਤ ਪਰਿਭਾਸ਼ਾਵਾਂ:

ਚਾਰਲਸ ਬੇਲੀ ਅਨੁਸਾਰ, ਸ਼ੈਲੀ ਵਿਗਿਆਨ ਪ੍ਰਭਾਵੀ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਨੂੰ ਉਤਪੰਨ ਕਰਨ ਵਾਲੇ ਸਾਧਨਾਂ ਦੀ ਪੂਰਨ ਵਿਵਸਥਾ ਦਾ ਵਿਗਿਆਨਕ ਅਧਿਐਨ ਕਰਦਾ ਹੈ।[3]

ਰਵੀਦਰਨਾਥ ਸ੍ਰੀਵਾਸਤਵ ਅਨੁਸਾਰ : ਸ਼ੈਲੀ ਵਿਗਿਆਨ ਸਾਹਿਤ ਨੂੰ ਸਮਝਣ ਸਮਝਾਉਣ ਦੀ ਇੱਕ ਅੰਤਰ-ਦ੍ਰਿਸ਼ਟੀ ਹੈ ਜੋ ਸ਼ੈਲੀ ਦੇ ਪੱਖ ਤੋਂ ਇੱਕ ਪਾਸੇ ਸਾਹਿਤ ਰਚਨਾ ਦੀ ਸੰਰਚਨਾ ਦੇ ਗਠਨ ਤੇ ਰੋਸ਼ਨੀ ਪਾਉਂਦੀ ਹੈ ਅਤੇ ਦੂਜੇ ਪਾਸੇ ਰਚਨਾ ਦਾ ਵਿਸ਼ਲੇਸ਼ਣ ਕਰਦੀ ਹੋਈ ਉਸ ਵਿਚਲੀ ਸਾਹਿਤਕਤਾ ਨੂੰ ਸਾਹਮਣੇ ਲਿਆਉਂਦੀ ਹੈ।[4]

ਸ਼ੈਲੀ ਵਿਗਿਆਨ ਦੀ ਪਰਿਭਾਸ਼ਾ ਹੋਰ ਵਿਦਵਾਨਾਂ ਨੇ ਵੀ ਕੀਤੀ ਹੈ ਪਰ ਕਿਸੇ ਨੇ ਇਸ ਦੇ ਕਿਸੇ ਪੱਖ ਨੂੰ ਉਜਾਗਰ ਕੀਤਾ ਹੈ ਤੇ ਕਿਸੇ ਨੇ ਹੋਰ ਪੱਖ ਨੂੰ। ਸਾਡੀ ਜਾਚੇ ਸ਼ੈਲੀ ਵਿਗਿਆਨ ਤੋਂ ਭਾਵ ਉਹ ਵਿਗਿਆਨ ਹੈ ਜੋ ਸਾਹਿਤਕ ਰਚਨਾ ਦੀ ਸੁਹਜਾਤਮਕ ਭਾਸ਼ਾ (ਸ਼ੈਲੀ ਯੁਕਤ ਭਾਸ਼ਾ ਪ੍ਰਯੋਗ) ਦਾ ਭਾਸ਼ਾਈ ਵਿਸ਼ਲੇਸ਼ਣ ਕਰਦਾ ਹੋਇਆ ਰਚਨਾ ਦੀ ਅਲੰਕਾਰਿਕ ਤੇ ਪ੍ਰਤੀਕਾਤਮਕ ਵਿਆਖਿਆ ਵੀ ਕਰਦਾ ਹੈ- ਅਜਿਹੀ ਵਿਆਖਿਆ ਹੀ ਉਸ ਰਚਨਾ ਨੂੰ, ਉਸ ਵਰਗੀਆਂ ਹਰ ਰਚਨਾਵਾਂ ਤੋਂ ਵਖਰਿਆਉਣ ਦਾ ਸਾਧਨ ਬਣਦੀ ਹੈ।

ਸ਼ੈਲੀ ਵਿਗਿਆਨ ਦਾ ਸਰੂਪ:

ਸ਼ੈਲੀ ਵਿਗਿਆਨ ਦੇ ਅਰਥ, ਵਿਸ਼ੈ ਖੇਤਰ ਅਤੇ ਉਦੇਸ਼ ਨੂੰ ਸਪਸ਼ਟ ਕਰਦੀਆਂ ਕਈ ਪਰਿਭਾਸ਼ਾਵਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸ਼ੈਲੀ ਵਿਗਿਆਨ ਦੇ ਸਰੂਪ ਦੇ ਕੁਝ ਨੁਕਤੇ ਵਿਚਾਰਨੇ ਜ਼ਰੂਰੀ ਹਨ।

ਸ਼ੈਲੀ ਵਿਗਿਆਨ ਸਾਹਿਤਕ ਕਿਰਤ ਨੂੰ ਸਰਵਸਰੇਸ਼ਠ (Autonomous) ਮੰਨ ਕੇ ਉਸਦਾ ਅਧਿਐਨ ਕਰਦਾ ਹੈ ਇਹ ਅਧਿਐਨ ਉਸ ਕਿਰਤ ਨੂੰ ਰਚਨਾਕਾਰ, ਰਚਨਾਕਾਲ ਜਾਂ ਹੋਰ ਪ੍ਰਸਥਿਤੀਆਂ ਨਾਲ ਜੋੜ ਕੇ ਨਹੀਂ ਵੇਖਦਾ।

ਸ਼ੈਲੀ ਵਿਗਿਆਨ ਸਾਹਿਤ ਅਧਿਐਨ ਦੀ ਪ੍ਰਣਾਲੀ ਹੋਣ ਕਰਕੇ ਆਪਣੇ ਵਿਹਾਰਕ ਪੱਖ ਵਿਚ ਕਿਰਤ ਦਾ ਵਿਸ਼ਲੇਸ਼ਣ ਕਰਦਾ ਹੈ ਇਹ ਵਿਸ਼ਲੇਸ਼ਣ ਦੋ ਦਿਸ਼ਾਵਾਂ ਵਿਚ ਸੰਭਵ ਹੈ :

1. ਸੰਰਚਨਾ (Structure) ਦੀ ਵਿਸ਼ਲੇਸ਼ਣਾਤਮਕਤਾ
2. ਗਠਨ (Texture) ਦੀ ਵਿਸ਼ਲੇਸ਼ਣਾਤਮਕਤਾ

ਉਪਰੋਕਤ ਦੋਹਾਂ ਪੱਖਾਂ ਦੀ ਵਿਆਖਿਆ ਕਰਨ ਕਰਕੇ ਇਹ ਰਚਨਾ ਦੇ ਭਾਸ਼ਾਈ ਪ੍ਰਯੋਗਾਂ ਦੀ ਸਾਰਥਕਤਾ ਸਿੱਧ ਕਰਦਾ ਹੋਇਆ ਉਸ ਦੇ ਵਿਸ਼ੇ ਤੇ ਸੁਹਜਮਈ ਪੱਖਾਂ ਤੱਕ ਪਹੁੰਚਦਾ ਹੈ। ਸ਼ੈਲੀ ਵਿਗਿਆਨ ਦੇ ਕੁਝ ਆਪਣੇ ਸੰਕਲਪ ਹਨ ਜਿਹਨਾਂ ਦੀ ਸਹਾਇਤਾ ਨਾਲ ਇਹ ਰਚਨਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ।

ਅਗਰਭੂਮਨ- ਅਗਰਭੂਮਨ ਸ਼ੈਲੀ ਦਾ ਇੱਕ ਸੰਕਲਪ ਹੈ। ਮੁਕਾਰੋਵਸਕੀ ਨੇ ਜਿਸ ਸਮੇਂ ਇਸ ਨੂੰ ਵਿਅਕਤ ਕੀਤਾ ਉਸ ਵੇਲੇ ਇਸ ਨੂੰ ਵਚਿੱਤਰ ਪ੍ਰਾਹਨ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਸੀ ਬਾਅਦ ਵਿਚ ਜੈਕੋਬਸਨ ਨੇ ਜਦੋਂ ਸਮਾਂਨਤਰਤਾ ਤੇ ਸਮਤੁਲਤਾ ਤੇ ਵਿਚਾਰ ਕੀਤਾ, ਲੀਵਿੰਨ ਤੇ ਕੋਪਲਿੰਗ (Coupling) ਦੇ ਵਿਚਾਰ ਨਾਲ ਸਮਾਂਨਤਰਤਾ ਦਾ ਸੰਕਲਪ ਵੀ ਅਗਰਭੂਮਨ ਵਿਚ ਸੰਮਿਲਤ ਹੋਇਆ। ਲੀਵਿੰਨ ਨੇ ਜਿਸ ਤਰ੍ਹਾਂ ਪ੍ਰਾਹਨ ਨੂੰ ਦੋ ਭਾਗਾਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਸੀ ਜਿਵੇਂ ਅੰਦਰੂਨੀ ਪ੍ਰਾਹਨ ਤੇ ਬਾਹਰੀ ਪ੍ਰਾਹਨ ਤੇ ਉਸ ਨਾਲ ਸਹਿਮਤ ਨਾ ਹੁੰਦੇ ਹੋਏ ਹੈਲੀਡੇ ਨੇ ਵਿਪਥਨ ਜਾਂ Deflexion ਦਾ ਸੰਕਲਪ ਦਿੱਤਾ, ਜਿਸ ਨੂੰ ਵੀ ਅਗਰਭੂਮਨ ਵਿਚ ਸ਼ਾਮਿਲ ਕਰ ਲਿਆ ਗਿਆ। ਉਸ ਤੋਂ ਅੱਗੇ ਚਲ ਕੇ ਸ਼ੀਤਾਂਸ਼ੂ ਨੇ ਵਿਰਲਤਾ ਦਾ ਸੰਕਲਪ ਦਿੱਤਾ ਜਿਸ ਨਾਲ ਅਗਰਭੂਮਨ ਦੇ ਸੰਕਲਪ ਵਿਚ ਉਸ ਦੇ ਚਾਰ ਪੱਧਰ ਬਣ ਜਾਂਦੇ ਹਨ।[5] ਪਰਾਹਨ, ਵਿਪਥਨ, ਸਮਾਂਨਤਰਤਾ ਤੇ ਵਿਰਲਤਾ।

ਵਿਰਲਤਾ ਵਿਚ ਅਗਰਭੂਮੀ ਦੀ ਸੰਕਲਪਨਾ ਕਾਫ਼ੀ ਵਿਆਪਕ ਹੈ। ਇਸ ਵਿਚ ਸ਼ੈਲੀ ਦੀਆਂ ਸਾਰੀਆਂ ਪਰਿਭਾਸ਼ਾਵਾਂ ਦਾ ਸਮਾਵੇਸ਼ ਹੋ ਜਾਂਦਾ ਹੈ। ਜਿਹੜੇ ਵਿਦਵਾਨ ਸ਼ੈਲੀ ਨੂੰ ਚੋਣ ਮੰਨਦੇ ਹਨ ਜਾਂ ਵੰਡ ਮੰਨਦੇ ਹਨ ਜਾਂ ਚੋਣ ਤੇ ਸੰਯੋਗ ਨੂੰ ਇਕੋ ਜਿਹਾ ਮੰਨਦੇ ਹਨ ਉਨ੍ਹਾਂ ਦਾ ਸਮਾਵੇਸ਼ ਵੀ ਅਗਰਭੂਮਨ ਵਿਚ ਹੋ ਜਾਂਦਾ ਹੈ ਕਿਉਂਕਿ ਸਾਧਾਰਣ ਚੋਣ ਤੇ ਸੰਯੋਗ ਵਿਚ ਸ਼ੈਲੀ ਨਹੀਂ ਹੁੰਦੀ। ਸ਼ੈਲੀ ਜਦੋਂ ਵੀ ਸਰੂਪ ਅਖਤਿਆਰ ਕਰਦੀ ਹੈ ਤਾਂ ਵਿਸ਼ੇਸ਼ ਚੋਣ ਤੇ ਸੰਜੋਗ ਨਾਲ ਸ਼ੈਲੀ ਆਪਣੇ ਆਪ ਨਕਸ਼ ਹੋ ਜਾਂਦੀ ਹੈ। ਦਰਅਸਲ ਰਚਨਾਕਾਰ ਕੋਲ ਸ਼ੈਲੀ ਨੂੰ ਮਾਰਕ ਕਰਨ ਦਾ ਸੰਕਲਪ ਅਗਰਭੂਮਨ ਹੈ। ਅਗਰਭੂਮਨ ਦੇ ਚਾਰੇ ਪੱਧਰਾਂ ਨੂੰ ਜਿੱਥੇ ਚੋਣ ਤੇ ਸੰਜੋਗ ਵਿਚ ਗ੍ਰਹਿਣ ਕੀਤਾ ਜਾਂਦਾ ਹੈ, ਉਥੇ ਇਨ੍ਹਾਂ ਦੇ ਚਾਰ ਵਰਗ ਬਣਦੇ ਹਨ :

1. Deviation Selection and Deviated Combination
2. Deflection Selection and Deflective Combination
3. Paralellism Selection and Paralell Combination
4. Rare Selection and Rare Combination

ਸਾਹਿਤ ਦੀ ਸਮਝ ਬਾਰੇ ਸ਼ੈਲੀ ਵਿਗਿਆਨ ਇਸ ਲਈ ਜ਼ਰੂਰੀ ਹੈ ਕਿ ਪਾਠਕਾਂ ਨੂੰ ਸੰਕਲਪ ਤੇ ਭਾਸ਼ਾ ਦੀ ਮੁਢਲੀ ਜਾਣਕਾਰੀ ਨਾਲ ਸਿਖਿਅਤ ਕੀਤਾ ਜਾ ਸਕੇ। ਸ਼ੈਲੀ ਵਿਗਿਆਨ ਭਾਸ਼ਾ ਤੇ ਸਾਹਿਤ ਦੋਨੋਂ ਪਾਸੇ ਪ੍ਰਕਾਰਜ ਕਰਦਾ ਹੈ। ਇਹ ਉਚਾਰ ਭਾਸ਼ਾ ਦੀ ਸ਼ੈਲੀ ਤੇ ਵਿਚਾਰ ਕਰਦਾ ਹੋਇਆ ਸਾਹਿਤ ਦੀ ਭਾਸ਼ਾ ਦੀ ਸ਼ੈਲੀ ਤੇ ਵਿਚਾਰ ਕਰਦਾ ਹੈ। ਇਸ ਦੇ ਨਾਲ ਅਨੁਵਾਦ ਵਿਚ, ਵਿਗਿਆਨ ਵਿੱਚ, ਕੋਸ਼ਕਾਰੀ ਵਿਚ ਤੇ ਦੂਸਰੀ ਭਾਸ਼ਾ ਦੀ ਸਿਖਿਆ ਵਿਚ ਵੀ ਆਪਣਾ ਪ੍ਰਕਾਰਜ ਸਪਸ਼ਟ ਕਰਦਾ ਹੈ। ਸਾਹਿਤ ਦੀ ਸ਼ੈਲੀ ਤੇ ਵਿਚਾਰ ਕਰਦਾ ਹੋਇਆ ਸ਼ੈਲੀ ਵਿਗਿਆਨ ਦੋ ਰੂਪਾਂ ਵਿਚ ਸਾਹਮਣੇ ਆਉਂਦਾ ਹੈ। ਇੱਕ ਰੂਪ ਵਿਚ ਉਹ ਸਾਹਿਤਕ ਭਾਸ਼ਾ ਦੀ ਸ਼ੈਲੀ ਦੀ ਵਿਸ਼ੇਸਤਾ ਦੀ ਸੂਚੀ ਤਿਆਰ ਕਰਦਾ ਹੈ। ਇਸ ਪ੍ਰਕਾਰਜ ਵਿਚ ਅਰਥ ਨਾਲ ਉਸਦਾ ਸੰਬੰਧ ਨਹੀਂ ਹੁੰਦਾ। ਇਥੇ ਕੇਵਲ ਸ਼ੈਲੀ ਲੱਛਣਾਂ ਤੇ ਵਿਚਾਰ ਕੀਤਾ ਜਾਂਦਾ ਹੈ। ਦੂਜੇ ਰੂਪ ਵਿਚ ਸ਼ੈਲੀ ਦੇ ਲੱਛਣਾਂ ਨੂੰ ਪ੍ਰਗਟਾਉਂਦੇ ਹੋਏ ਉਸ ਨਾਲ ਜੁੜੇ ਹੋਏ ਰਚਨਾ ਜਾਂ ਪਾਠ ਦੇ ਅਰਥ ਨੂੰ ਵੀ ਉਜਾਗਰ ਕਰਦਾ ਹੈ। ਜਦੋਂ ਸ਼ੈਲੀ ਵਿਗਿਆਨ ਇਸ ਰੂਪ ਵਿਚ ਪ੍ਰਕਾਰਜ ਕਰਦਾ ਹੈ ਤਾਂ ਉਹ ਸਾਹਿਤ ਆਲੋਚਨਾ ਦਾ ਹਿੱਸਾ ਹੋ ਨਿਬੜਦਾ ਹੈ। ਸਾਹਿਤ ਆਲੋਚਨਾ ਵਿਚ ਜਦੋਂ ਸ਼ੈਲੀ ਵਿਗਿਆਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਸ ਦੇ ਇਸ ਪ੍ਰਕਾਰਜ ਨੂੰ ਹੀ ਸਾਹਮਣੇ ਰੱਖਿਆ ਜਾਂਦਾ ਹੈ। ਇਥੇ ਸ਼ੈਲੀ ਵਿਗਿਆਨ ਸ਼ੈਲੀ ਦਾ ਵਿਵੇਚਨ ਕਰਦਾ ਹੈ। ਇਸ ਪ੍ਰਕਿਰਿਆ ਵਿਚ ਰਚਨਾ ਦਾ ਭਾਸ਼ਾਈ ਵਿਸ਼ਲੇਸ਼ਣ ਵਸਤੂਪਰਕ ਅਤੇ ਵਿਗਿਆਨਕ ਹੁੰਦਾ ਹੈ। ਇਥੇ ਭਾਸ਼ਾ ਦੀ ਉਪਰੀ ਤਹਿ ਤੋਂ ਚਲਕੇ ਵਿਸ਼ਲੇਸ਼ਕ ਅਰਥ ਦੀ ਡੂੰਘਾਈ ਤੱਕ ਜਾਂਦਾ ਹੈ ਤੇ ਰਚਨਾ ਦੇ ਅਰਥ ਨੂੰ ਕੱਥ ਨਾਲ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਚ ਵਿਸ਼ਲੇਸ਼ਣ ਦੇ ਬਾਅਦ ਸੰਸਲੇਸ਼ਣ ਦੀ ਲੋੜ ਹੁੰਦੀ ਹੈ ਤਾਂ ਕਿ ਵਿਸ਼ਲੇਸ਼ਣ ਦੀਆਂ ਸਾਰੀਆਂ ਤਹਿਆਂ ਨੂੰ ਇੱਕ ਲੜੀ ਵਿਚ ਪਰੋਕੇ ਵਿਆਖਿਆ ਦੁਆਰਾ ਸਾਹਿਤਕ ਰਚਨਾ ਦੇ ਵਿਸ਼ੇ ਦਾ ਬੱਝਵਾਂ ਪ੍ਰਭਾਵ ਦਿੱਤਾ ਜਾ ਸਕੇ ਤੇ ਨਿਸ਼ਕਰਸ਼ ਅਥਵਾ ਸਿੱਟਾ ਕੱਢਿਆ ਜਾ ਸਕੇ। ਜਦੋਂ ਸ਼ੈਲੀ ਵਿਗਿਆਨ ਆਲੋਚਨਾ ਦੀ ਪੱਧਰ ਤੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਸਹਿਮਤੀ ਦੇਂਦਾ ਹੈ ਤਾਂ ਇਹ ਸਪਸ਼ਟ ਕਰਨਾ ਵਿਸ਼ਲੇਸ਼ਣ ਬਾਰੇ ਆਦਰਸ਼ ਦੀ ਸਪਸ਼ਟਤਾ ਅਤੇ ਵਿਸ਼ਲੇਸ਼ਣ ਦਾ ਪੱਧਰ ਕੀ ਹੋਵੇਗਾ। ਸ਼ੈਲੀ ਵਿਗਿਆਨ ਦਾ ਫਰਜ਼ ਰਚਨਾ ਨੂੰ ਵਿਸ਼ਲੇਸ਼ਣ ਕਰਨਾ ਤੇ ਵਿਸ਼ਲੇਸ਼ਣ ਦੇ ਅੰਤ ਵਿਚ ਉਸਦਾ ਸੰਸਲੇਸ਼ਣ ਕਰਨਾ ਮੰਨਦਾ ਹੈ ਤਾਂ ਉਪਰੋਕਤ ਦੋ ਚੀਜ਼ਾਂ ਸਪਸ਼ਟ ਕੀਤੀਆਂ ਜਾ ਸਕਣ।

ਉਪਰੋਕਤ ਨੂੰ ਸਪਸ਼ਟ ਕਰਨ ਲਈ ਤੇ ਵਿਸ਼ਲੇਸ਼ਣ ਦਾ ਆਧਾਰ ਨਿਸ਼ਚਿਤ ਕਰਨ ਲਈ ਜਦੋਂ ਤੱਕ ਕਿਸੇ ਪ੍ਰਤੀਮਾਨ ਜਾਂ ਮਾਡਲ ਨੂੰ ਨਿਸ਼ਚਿਤ ਨਹੀਂ ਕੀਤਾ ਜਾਂਦਾ। ਉਸ ਵੇਲੇ ਤੱਕ ਵਿਸ਼ਲੇਸ਼ਣ ਦਾ ਢਾਂਚਾ ਮੁਕੰਮਲ ਨਹੀਂ ਹੋ ਸਕਦਾ। ਸ਼ੈਲੀਵਿਗਿਆਨ ਵਿਚ ਵਿਸ਼ਲੇਸ਼ਣ ਦੇ ਦੋ ਤਰ੍ਹਾਂ ਦੇ ਪ੍ਰਤੀਮਾਨ ਮਿਲਦੇ ਹਨ।

ਸੰਕਲਪ ਅਧਾਰਤ ਪ੍ਰਤੀਮਾਨ- ਇਸ ਵਿਚ ਸ਼ੈਲੀ ਚਿਹਨਕ ਪ੍ਰਤੀਮਾਨ, ਚੋਣ ਸੰਯੋਜਨ ਪ੍ਰਤੀਮਾਨ ਤੇ ਅਗਰਭੂਮਨ ਪ੍ਰਤੀਮਾਨ ਹਨ।

ਦੂਜਾ ਆਧਾਰ ਵਿਆਕਰਨ ਆਧਾਰਤ ਪ੍ਰਤੀਮਾਨਾਂ ਜਾਂ ਮਾਡਲਾਂ ਦਾ ਹੈ ਇਸ ਵਿਚ ਰੂਪਾਂਤਰੀ ਵਿਆਕਰਨ ਦਾ ਪ੍ਰਤੀਮਾਨ ਤੇ ਪ੍ਰਕਾਰਜੀ ਵਿਆਕਰਨ ਦਾ ਮਾਡਲ ਹੈ।

ਪਾਠ ਭਾਸ਼ਾ ਵਿਗਿਆਨ ਤੇ ਆਧਾਰਿਤ ਮੂਲ ਵਿਚ ਪ੍ਰਵਚਨ ਦਾ ਸੰਕਲਪ ਕੰਮ ਕਰਦਾ ਹੈ ਪਰ ਸਮਾਨਯ ਭਾਸ਼ਾ ਵਿਗਿਆਨ ਵਿਚ ਪ੍ਰਤਿਮਾਨ ਭਾਸ਼ਾ ਦੀਆਂ ਸਾਰੀਆਂ ਇਕਾਈਆਂ ਨੂੰ ਲੈ ਕੇ ਚਲਦਾ ਹੈ ਪਰ ਪਾਠ ਭਾਸ਼ਾ ਵਿਗਿਆਨ ਵਿਚ ਸਭ ਤੋਂ ਉੱਚੀ ਇਕਾਈ ਪ੍ਰਵਚਨ ਨੂੰ ਮੰਨਿਆ ਜਾਂਦਾ ਹੈ। ਪ੍ਰਵਚਨ ਦੇ ਨਾਲ-ਨਾਲ ਭਾਸ਼ਾ ਦੀ ਪੂਰੀ ਸੰਰਚਨਾ ਤੇ ਕੰਮ ਹੋ ਜਾਂਦਾ ਹੈ। ਇਥੇ ਪਾਠ ਨੂੰ Cohesion ਤੇ Coherence ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਵਿਸ਼ਲੇਸ਼ਕ ਜਿਸ ਤਰ੍ਹਾਂ ਦੇ ਪਾਠ ਨੂੰ ਜਿਸ ਤਰ੍ਹਾਂ ਦਾ ਵਿਸ਼ਲੇਸ਼ਣ ਕਰਨ ਲਈ ਜਿਸ ਮਾਡਲ ਦੀ ਚੋਣ ਕਰਦਾ ਹੈ ਪੂਰੀ ਤਰ੍ਹਾਂ ਉਸੇ ਤੇ ਹੀ ਨਿਰਭਰ ਹੈ। ਪ੍ਰਤਿਮਾਨ ਚੋਣ ਪਾਠ ਦੇ ਵਿਸ਼ਲੇਸ਼ਣ ਲਈ ਪਾਠ ਦੀ ਪ੍ਰਕਿਰਤੀ ਦੀ ਵੀ ਆਪਣੀ ਭੂਮਿਕਾ ਹੈ। ਜਿਵੇਂ ਵਾਰਤਕ ਪਾਠ ਲਈ ਵੱਖਰਾ ਪ੍ਰਤਿਮਾਨ ਤੇ, ਕਵਿਤਾ ਲਈ ਵੱਖ ਪ੍ਰਤਿਮਾਨ ਸਹਾਈ ਹੁੰਦਾ ਹੈ।

ਸ਼ੈਲੀ ਵਿਗਿਆਨ ਆਪਣਾ ਕੰਮ ਰਚਨਾ ਵਿਸ਼ੇਸ਼ ਦੀ ਭਾਸ਼ਾ ਦੇ ਵਿਸ਼ਲੇਸ਼ਣ ਤੋਂ ਸ਼ੁਰੂ ਕਰਦਾ ਹੈ। ਪਰ ਭਾਸ਼ਾ ਦਾ ਵਿਸ਼ਲੇਸ਼ਣ ਭਾਸ਼ਾ ਦੀ ਕਿਸ ਸਤਹਿ ਤੋਂ ਕੀਤਾ ਜਾਵੇ- ਧੁਨੀ, ਸ਼ਬਦ, ਰੂਪ, ਵਾਕ ਜਾਂ ਪ੍ਰਵਚਨ ਤੋਂ, ਵਿਆਕਰਨ ਜਾਂ ਪ੍ਰਾਚੀਨ ਤੋਂ ਇਸ ਬਾਰੇ ਵਿਦਵਾਨ ਵੱਖ-ਵੱਖ ਮੱਤ ਰੱਖਦੇ ਹਨ। ਆਮ ਸਹਿਮਤੀ ਅਨੁਸਾਰ ਇਹ ਵਿਸ਼ਲੇਸ਼ਣ ਧੁਨੀ ਤੋਂ ਸ਼ੁਰੂ ਹੋ ਕੇ ਪ੍ਰਵਚਨ ਤੱਕ ਜਾਂ ਪ੍ਰਵਚਨ ਤੋਂ ਸ਼ੁਰੂ ਹੋ ਕੇ ਵਾਕ ਵਿਚਲੇ ਤੱਤਾਂ ਤੋਂ ਧੁਨੀ ਤੱਕ ਦਾ ਹੋਣਾ ਚਾਹੀਦਾ ਹੈ। ਧੁਨੀ ਪੱਧਰ ਤੇ ਜਦੋਂ ਵਿਚਾਰ ਕੀਤਾ ਜਾਂਦਾ ਹੈ ਤਾਂ ਧੁਨੀ ਵਿਗਿਆਨਕ ਨਿਯਮਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ। ਰਚਨਾ ਵਿਚ ਵਰਤੀ ਗਈ ਭਾਸ਼ਾ ਵਿਚ ਕਿਹੜੀ ਧੁਨੀ ਅਘੋਸ਼ ਹੈ, ਕਿਹੜੀ ਸਘੋਸ਼, ਜਾਂ ਕਿਹੜੀ ਮਹਾਂਪ੍ਰਾਣ ਤੇ ਕਿਹੜੀ ਅਲਪ ਪ੍ਰਾਣ, ਕਿਹੜਾ ਸਵਰ ਖੁਲਾ ਤੇ ਕਿਹੜਾ ਬੰਦ ਜਾਂ ਕਿਹੜੀ ਧੁਨੀ ਰਗੜਵੀ ਤੇ ਕਿਹੜੀ ਨਾਸਿਕ। ਸ਼ਬਦ ਦੇ ਪੱਧਰ ਤੇ ਵੀ ਖਾਸ ਸ਼ਬਦਾਂ ਨੂੰ ਮਾਰਕ ਕਰਨਾ ਹੁੰਦਾ ਹੈ। ਕਿਹੜੇ ਪੂਰੇ ਸ਼ਬਦ ਹਨ ਕਿਹੜੇ ਅੱਧੇ, ਕਿਹੜੇ ਸ਼ਬਦ ਅਮੂਰਤ ਹਨ ਕਿਹੜੇ ਠੋਸ, ਕਿਹੜੇ ਸ਼ਬਦ ਬੀਜ ਹਨ ਤੇ ਕਿਹੜੇ ਥੀਮ ਸ਼ਬਦ ਹਨ- ਇਸੇ ਤਰ੍ਹਾਂ ਰੂਪ ਦੀ ਸਤਹਿ ਤੇ ਰੂਪੀਮ ਖੁਲ੍ਹੇ ਤੇ ਬੰਦ, Reflectional ਤੇ Replacive ਆਦਿ ਨੂੰ ਵਿਚਾਰਿਆ ਜਾਂਦਾ ਹੈ। ਵਾਕ ਪੱਧਰ ਤੇ ਕਿਹੜੇ ਵਾਕ Inate ਹਨ ਕਿਹੜੇ agnate ਹਨ। ਕਿਨ੍ਹਾਂ ਵਿਚ arrest ਦਾ ਲੱਛਣ ਮਿਲਦਾ ਹੈ ਤੇ ਕਿਨ੍ਹਾਂ ਵਿਚ release ਦਾ। ਅਰਥ ਦੀ ਸਤਹਿ ਤੇ ਸਮਰਥਕ ਤੇ ਬਹੁਅਰਥ ਤੇ ਵਿਰੋਧਾਰਥਕਤਾ ਆਦਿ ਨੂੰ ਮਾਰਕ ਕਰਨਾ ਹੁੰਦਾ ਹੈ। ਪ੍ਰਵਚਨ ਦੀ ਪੱਧਰ ਤੇ ਉਪਰੀ ਤੇ ਗਹਿਨ ਸੰਰਚਨਾ ਨੂੰ ਮਾਰਕ ਕਰਨ ਦੀ ਲੋੜ ਹੁੰਦੀ ਹੈ। ਉਪਰੀ ਸਤਹਿ ਵਿਚ ਕੰਨੈਕਟਿਵਸ ਨੂੰ ਮਾਰਕ ਕਰਨ ਦੀ ਲੋੜ ਹੁੰਦੀ ਹੈ ਤੇ ਗਹਿਨ ਸੰਰਚਨਾ ਵਿਚ ਸੂਚਨਾਤਮਕ ਸੰਰਚਨਾ ਨੂੰ ਉਜਾਗਰ ਕੀਤਾ ਜਾਂਦਾ ਹੈ।

ਅਗਰਭੂਮਨ ਦੇ ਚਾਰ ਆਧਾਰ ਤੱਤ ਹਨ- ਸੰਮਰਨਯੋਗਤਾ (Memorability), ਟੁੰਬਣਸ਼ੀਲਤਾ (Strikingness), ਮਹੱਤਤਾ (Importance) ਅਤੇ ਵਿਚਾਰ-ਵਟਾਂਦਰੇ ਦਾ ਮੁੱਲ (Discussion Value) ਆਦਿ। ਇਹ ਚਾਰੇ ਤੱਤ ਅਗਰਭੂਮਨ ਦੇ ਸਾਰੇ ਪੱਧਰਾਂ ਤੇ ਕੰਮ ਕਰਦੇ ਹਨ। ਕਿਹੜਾ ਆਧਾਰ ਤੱਤ ਕਿਸ ਪੱਧਰ ’ਤੇ ਕੰਮ ਕਰਦਾ ਹੈ, ਉਸ ਨੂੰ ਮਾਰਕ ਕੀਤਾ ਜਾਂਦਾ ਹੈ। ਅਗਰਭੂਮਨ ਦੇ ਇਹ ਪੱਧਰ ਹੇਠ ਲਿਖੇ ਹਨ :

1. ਪਰਾਹਨ ਜਾਂ ਵਿਚਲਨः ਕਿਸੇ ਸਾਹਿਤ ਰੂਪ ਦੀ ਭਾਸ਼ਾ ਦਾ ਆਮ ਭਾਸ਼ਾ ਨਾਲੋਂ ਵੱਖ ਤਰ੍ਹਾਂ ਦੀ ਹੋਣਾ ਭਾਵ ਉਸਦਾ ਵਿਆਕਰਨ ਦੇ ਮਿਆਰੀ ਰੂਪ ਤੋਂ ਮੁਕਤ ਹੋਣਾ, ਨਾਲ ਰਚਨਾ ਵਿਚ ਪਰਾਹਨ ਮਾਰਕ ਕੀਤਾ ਜਾਂਦਾ ਹੈ। ਜਿੱਥੇ-ਜਿੱਥੇ ਕਾਵਿ ਭਾਸ਼ਾ ਵਿਆਕਰਨ ਨਿਯਮਾਂ ਨੂੰ ਭੰਗ ਕਰਕੇ ਨਵੇਂ ਸਰੂਪ ਦਾ ਪ੍ਰਗਟਾਅ ਕਰਦੀ ਹੈ ਉਥੇ ਉਥੇ ਪਰਾਹਨ ਮਾਰਕ ਕੀਤਾ ਜਾਂਦਾ ਹੈ। ਉਪਰੀ ਪੱਧਰ ਤੇ ਇਹ ਪਰਾਹਨ ਧੁਨੀ ਸ਼ਬਦ ਵਾਕ ਤੇ ਪ੍ਰਵਚਨ ਦੇ ਪੱਧਰ ਤੇ ਹੁੰਦਾ ਹੈ ਤੇ ਦੂਜੀ ਦਿਸ਼ਾ ਵਿਚ ਇਹ ਪਰਾਹਨ ਅਪ੍ਰਵਾਨਗੀ ਦੇ ਪੱਧਰ ਤੇ ਹੁੰਦਾ ਹੈ। ਇਸ ਦਿਸ਼ਾ ਵਿਚ ਅਰਥ ਦੀ

ਸਤਹਿ ਤੇ ਪਰਾਹਨ ਉਭਰਦਾ ਹੈ ਇਸ ਦਿਸ਼ਾ ਵਿਚ ਵਿਆਕਰਨ ਮੁਤਾਬਕ ਤਾਂ ਭਾਸ਼ਾ ਦਾ ਸਰੂਪ ਠੀਕ ਹੁੰਦਾ ਹੈ ਪਰ ਪ੍ਰਵਾਨਗੀ ਪੱਖ ਤੋਂ ਉਹ ਸਹੀ ਨਹੀਂ ਹੁੰਦਾ।

2. ਸਮਾਨਤਰਤਾ: ਇਹ ਸੂਤਰ ਦੁਹਰਾਓ ਦੀ ਸਤਹਿ ਤੇ ਟਿਕਿਆ ਹੋਇਆ ਹੈ। ਭਾਸ਼ਾ ਦੀ ਕਿਸੇ ਵੀ ਸਤਹਿ ਤੇ ਕਿਸੇ ਭਾਸ਼ਾਈ ਇਕਾਈ ਨੂੰ ਵਧੇਰੇ ਵਾਰ ਜਦੋਂ ਵਰਤਿਆ ਜਾਂਦਾ ਹੈ ਤਾਂ ਸਮਾਨਤਰਤਾ ਹੁੰਦੀ ਹੈ। ਇਹ ਸਮਾਨਅਰਥੀ ਤੇ ਵਿਰੋਧਾਰਥੀ ਹੁੰਦੀ ਹੈ। ਸਮਾਨਾਰਥਕ ਸ਼ਬਦਾਂ ਦਾ ਜਦੋਂ ਦੁਹਰਾਓ ਹੁੰਦਾ ਹੈ ਤਾਂ ਸਮਾਨਅਰਥਕ ਸਮਾਨਤਰਤਾ ਹੁੰਦੀ ਹੈ। ਜੇ ਵਿਰੋਧੀ ਅਰਥ ਜੁੱਟਾਂ ਵਾਲੇ ਸ਼ਬਦ ਦੁਹਰਾਓ ਵਿਚ ਆਉਂਦੇ ਹਨ ਤਾਂ ਵਿਰੋਧਾਰਥਕ ਸਮਾਂਤਰਤਾ ਹੁੰਦੀ ਹੈ। ਇਹ ਸਮਾਂਤਰਤਾ ਰੂਪ, ਵਾਕ ਤੇ ਪ੍ਰਵਚਨ ਤੇ ਅਰਥ ਪੱਧਰ ਤੇ ਵੀ ਮਾਰਕ ਕੀਤੀ ਜਾਂਦੀ ਹੈ। ਵਾਰਤਾਲਾਪੀ ਸਥਿਤੀਆਂ ਵਿਚ ਪੂਰਨ ਵਾਕ ਦਾ ਦੁਹਰਾਓ ਨਹੀਂ ਹੁੰਦਾ ਪਰ ਦੁਹਰਾਓ ਨੂੰ ਦਰਸਾ ਜ਼ਰੂਰ ਰਿਹਾ ਹੁੰਦਾ ਹੈ।

ਵਿਪਥਨ (Deflection): ਇਸ ਨੂੰ ਇੱਕ ਤਰ੍ਹਾਂ ਦਾ ਪਰਾਹਨ ਹੀ ਮੰਨ ਲਿਆ ਜਾਂਦਾ ਹੈ। ਫਰਕ ਸਿਰਫ ਇੰਨਾ ਹੈ ਕਿ ਪਰਾਹਨ ਜਿੱਥੇ ਵਿਆਕਰਨਕ ਪੱਧਰ ਤੇ ਵਾਪਰਦਾ ਹੈ। ਵਿਪਥਨ ਪਾਠ ਦੀ ਪਿੱਠ ਭੂਮੀ ਵਿਚ ਵਾਪਰਦਾ ਹੈ। ਇਸ ਵਿਚ ਰਚਨਾਕਾਰ ਆਪਣੇ ਪਾਠ ਪ੍ਰਤੀਮਾਨ ਨੂੰ ਭੰਗ ਕਰਦਾ ਹੈ।

ਵਿਰਲਤਾ: ਉਪਰੋਕਤ ਤੱਤਾਂ ਤੋਂ ਇਲਾਵਾ ਇੱਕ ਹੋਰ ਤੱਤ ਵਿਰਲਤਾ ਹੈ ਜੋ ਅਗਰਭੂਮਨ ਵਿਚ ਆਉਂਦਾ ਹੈ। ਪਾਠ ਵਿਚ ਦੋ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲੇ ਸੰਕਲਪ ਹਨ :- ਇੱਕ ਬੀਜ ਰੂਪੀ ਤੇ ਦੂਜੇ ਫਲ ਰੂਪੀ (ਥੀਮ ਰੂਪੀ)। ਇਸ ਤਰ੍ਹਾਂ ਬੀਜ ਵਾਕ ਤੇ ਫਲ ਰੂਪ ਜਾਂ ਥੀਮ ਰੂਪੀ ਵਾਕ ਆਦਿ ਸਾਹਮਣੇ ਆਉਂਦੇ ਹਨ। ਥੀਮ ਵਾਕਾਂ ਵਿਚ ਦੁਹਰਾਓ ਹੁੰਦਾ ਹੈ ਪਰ ਬੀਜ ਰੂਪੀ ਵਾਕਾਂ ਵਿਚ ਦੁਹਰਾਓ ਨਹੀਂ ਹੁੰਦਾ। ਪਰ ਪਾਠ ਵਿਚ ਉਨ੍ਹਾਂ ਦਾ ਵਿਸ਼ੇਸ਼ ਕਾਰਜ ਹੁੰਦਾ ਹੈ, ਇਸ ਕਰਕੇ ਇਸ ਵਿਰਲ ਭਾਸ਼ਾਈ ਪ੍ਰਯੋਗ ਨੂੰ ਵਿਰਲਤਾ ਦੇ ਸੰਕਲਪ ਨਾਲ ਜੋੜਿਆ ਜਾਂਦਾ ਹੈ। ਡਾ. ਸੀਤਾਂਸ਼ੂ ਵਿਰਲਤਾ ਨੂੰ ਇਸ ਖਾਕੇ ਰਾਹੀਂ ਦਰਸਾਉਂਦੇ ਹਨ :

ਵਿਰਲਤਾ+ਲੇਖਨੀ+ਰਚਨਾਕਾਰ ਦੀ ਵਿਰਲਤਾ+ਰਚਨਾਕਾਰ ਦੀ ਸਵੀਕ੍ਰਿਤੀ+ਗਹਿਨ ਸੰਰਚਨਾ -ਅਵਿਆਕਰਨਕਤਾ ਅਪ੍ਰਵਾਨਗੀਅਤਾ-ਸਮਾਨਤਰਤਾ[6]

ਕਿਸੇ ਵੀ ਪਾਠ ਜਾਂ ਰਚਨਾ ਦਾ ਵਿਸ਼ਲੇਸ਼ਣ ਕਰਨ ਲਈ ਅਗਰਭੂਮਨ ਦੇ ਚਾਰੇ ਤੱਤ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਨੂੰ ਵਸਤੂਪਰਕ ਮਾਡਲ ਪ੍ਰਦਾਨ ਕਰਦੇ ਹਨ। ਸ਼ੈਲੀ ਵਿਗਿਆਨ ਆਲੋਚਨਾ ਪ੍ਰਣਾਲੀ ਵਿਚ ਅਗਰਭੂਮਨ ਦੀ ਭੂਮਿਕਾ ਵਿਸ਼ੇਸ਼ ਹੈ। ਇਸ ਪ੍ਰਤਿਮਾਨ ਨਾਲ ਸਿਰਫ ਵਿਆਕਰਨਕ ਇਕਾਈਆਂ ਹੀ ਮਾਰਕ ਨਹੀਂ ਕੀਤੀਆਂ ਜਾਂਦੀਆਂ ਸਗੋਂ ਉਨ੍ਹਾਂ ਦਾ ਪਾਠ ਪ੍ਰਸੰਗਿਕ ਤੇ ਸੰਦਰਭਗਤ ਵਿਸ਼ਲੇਸ਼ਣ ਵੀ ਕੀਤਾ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਜੀ.ਐਨ.ਲੀਚ ਉਦਰਿਤ, ਕ੍ਰਿਸ਼ਨ ਕੁਮਾਰ ਸ਼ਰਮਾ, **ਸ਼ੈਲੀ ਵਿਗਿਆਨ ਦੀ ਰੂਪ-ਰੇਖਾ**, ਪੰਨਾ 23.
2. ਨਗੇਂਦਰ, **ਸ਼ੈਲੀ ਵਿਗਿਆਨ**, ਪੰਨਾ 22.
3. ਚਾਰਲਸ ਬੇਲੀ ਉਦਰਿਤ ਨਗੇਂਦਰ, **ਸ਼ੈਲੀ ਵਿਗਿਆਨ**, ਪੰਨਾ 1.
4. ਰਵਿੰਦਰਨਾਥ, ਸ੍ਰੀਵਾਸਤਵ, **ਸੰਰਚਨਾਤਮਕ ਸ਼ੈਲੀ ਵਿਗਿਆਨ**, ਪੰਨਾ 12.
5. ਪਾਂਡੇ ਸ਼ਸ਼ੀਭੂਸ਼ਨ ਸ਼ੀਤਾਸ਼ੂ, **ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ**, ਪੰਨਾ 200.
6. **ਉਹੀ**, ਪੰਨਾ 207.

# ਸਾਹਿਤ ਅਧਿਐਨ : ਉਤਰ ਆਧੁਨਿਕਤਾ ਪਰਿਪੇਖ

—ਮਨਜੀਤ ਸਿੰਘ ਅਣਖੀ*

ਉਤਰ ਆਧੁਨਿਕਤਾ ਵੀਹਵੀਂ ਸਦੀ ਦੀ ਉਹ ਮੂਲ ਧਾਰਾ ਹੈ, ਜੋ ਪੂਰਣ ਰੂਪ ਵਿਚ ਆਧੁਨਿਕ ਯੂਰਪੀਨ ਦਰਸ਼ਨ ਦੇ ਪ੍ਰਤੀ ਇੱਕ ਤਿਖੀ ਪ੍ਰਤੀਕਿਰਿਆ ਦੇ ਰੂਪ ਵਿਚ ਸਾਹਮਣੇ ਆਈ। ਇਸ ਕਾਰਣ ਇਸਨੂੰ ਵਿਚਾਰ ਜਾਂ ਦਰਸ਼ਨ ਦੀ ਬਜਾਏ ਇੱਕ ਪ੍ਰਵਿਰਤੀ ਦਾ ਨਾਮ ਦਿੱਤਾ ਜਾਂਦਾ ਹੈ। ਉਤਰ ਆਧੁਨਿਕਤਾ ਅੰਗਰੇਜ਼ੀ ਦੇ ਸੰਕੇਤਕ ਪਦ 'Post Mordenity' ਦਾ ਸਮਾਨਾਰਥੀ ਸ਼ਬਦ ਹੈ। ਇਸ ਦੀ ਚਰਚਾ ਸਭ ਤੋਂ ਪਹਿਲੀ ਵਾਰ Arnold Toynbee ਨੇ ਆਪਣੀ ਪੁਸਤਕ A Study of History ਵਿਚ 1918 ਤੋਂ ਲੈ ਕੇ 1939 ਤਕ ਦੇ ਵਿਚਕਾਰ ਦੇ ਸਮੇਂ ਦੇ ਵਾਸਤੇ ਕੀਤੀ ਸੀ[1]।

ਇਸ ਉਪਰੰਤ ਫਰਾਂਸੀਸੀ ਦਾਰਸ਼ਨਿਕ ਲਿਉਤਾਰ ਨੇ 1979 ਵਿਚ ਸਭ ਤੋਂ ਪਹਿਲਾਂ ਉਤਰ ਆਧੁਨਿਕ ਸ਼ਬਦ ਦਾ ਪ੍ਰਯੋਗ ਕੀਤਾ ਅਤੇ ਇਸ ਨੂੰ ਇੱਕ ਸਥਿਤੀ ਦੇ ਰੂਪ ਵਿਚ ਸਥਿਰ ਕਰਨ ਦਾ ਯਤਨ ਕੀਤਾ।[3] ਇਸ ਤੋਂ ਇਲਾਵਾ ਅਮਰੀਕੀ ਨਾਵਲਕਾਰ John Barth ਨੇ ਵੀ 1967 ਵਿਚ ਉਤਰ ਆਧੁਨਿਕ ਵਿਸ਼ਲੇਸ਼ਣ ਦਾ ਪ੍ਰਯੋਗ The literature of exhaustion ਨਾਮਕ ਲੇਖ ਵਿਚ ਵੀ ਬੜੇ ਸਾਰਥਕ ਢੰਗ ਨਾਲ ਕੀਤਾ ਸੀ।[4] ਉਤਰ ਆਧੁਨਿਕਤਾ ਦੀ ਮੂਲ ਚੇਤਨਾ ਆਧੁਨਿਕ ਹੀ ਹੈ ਕਿਉਂਕਿ ਇਸਦਾ ਵਿਕਾਸ ਅਤੇ ਤਰੱਕੀ ਦਾ ਆਧਾਰ ਉਹੀ ਉਦਯੋਗ ਹੈ, ਜੋ ਆਧੁਨਿਕਤਾ ਦਾ ਆਧਾਰ ਹੈ।

Arnold Toynbee ਦੇ ਅਨੁਸਾਰ :

> ਆਧੁਨਿਕਤਾ ਦੇ ਬਾਅਦ ਉਤਰ ਆਧੁਨਿਕਤਾ ਉਦੋਂ ਸ਼ੁਰੂ ਹੋਈ, ਜਦੋਂ ਲੋਕ ਕਈ ਅਰਥਾਂ ਵਿਚ ਆਪਣੇ ਜੀਵਨ, ਵਿਚਾਰ ਅਤੇ ਭਾਵਨਾਵਾਂ ਵਿਚ ਤਾਰਕਿਕਤਾ ਅਤੇ ਆਪਸੀ ਸਹਿਮਤੀ ਆਦਿ ਪੱਖਾਂ ਨੂੰ ਤਿਆਗ ਕੇ ਅਤਾਰਕਿਕ ਅਤੇ ਅਸਹਿਮਤੀਆਂ ਆਦਿ ਨੂੰ ਅਪਣਾ ਲੈਂਦੇ ਹਨ। ਇਸਦੀ ਚੇਤਨਾ ਅਸਤਿੱਤਵ ਅਤੇ ਉਸਦੇ ਨਤੀਜਿਆਂ ਨੂੰ ਭੁਲਾ ਦੇਣ ਦੀ ਸੁਚੇਤ ਪੱਧਰ ਤੇ ਕਾਰਜਸ਼ੀਲ ਨਜ਼ਰ ਆਉਂਦੀ ਹੈ।[5]

ਇਸ ਤਰ੍ਹਾਂ ਉਤਰ ਆਧੁਨਿਕਤਾ ਆਧੁਨਿਕੀਕਰਣ ਦੀ ਪ੍ਰਕਿਰਿਆ ਦੇ ਖ਼ਤਮ ਹੋਣ ਤੋਂ ਬਾਅਦ ਦੀ ਸਥਿਤੀ ਹੈ। ਉਤਰ ਆਧੁਨਿਕਤਾ ਦੀਆਂ ਪ੍ਰਤੀਕਿਰਿਆਵਾਂ ਅਜਿਹੇ ਨਵੇਂ ਮਾਰਗ ਨੂੰ ਦਿਖਾਉਂਦੀਆਂ ਹਨ, ਜਿਸ ਦੇ ਅੰਤਰਗਤ ਨਵੇਂ ਬੌਧਿਕ ਵਾਤਾਵਰਣ ਵਿਚ ਆਧੁਨਿਕ ਦਰਸ਼ਨ ਦੀਆਂ ਪ੍ਰਾਪਤੀਆਂ ਦੀ ਪੁਨਰ-ਸਮੀਖਿਆ ਅਤੇ ਉਸਦੇ ਮਹੱਤਵ ਦਾ ਪੁਨਰ-ਮੁਲਾਂਕਣ ਕਰਕੇ ਇੱਕ ਨਵੀਂ ਦ੍ਰਿਸ਼ਟੀ ਨੂੰ ਪੈਦਾ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਉਤਰ ਆਧੁਨਿਕਤਾ ਦੇ ਲੱਛਣਾਂ, ਪ੍ਰਾਪਤੀਆਂ ਅਤੇ ਸਮੱਸਿਆਵਾਂ ਆਦਿ ਦੇ ਤੱਥਾਂ ਨੂੰ ਵੀ ਦ੍ਰਿਸ਼ਟੀਗ੍ਰੋਚਰ ਕਰਨਾ ਜ਼ਰੂਰੀ ਹੈ ਜੋ ਇਸ ਪ੍ਰਵਿਰਤੀ ਦੀਆਂ ਖਾਸ ਵਿਸ਼ੇਸ਼ਤਾਵਾਂ ਹਨ।

ਉਤਰ ਆਧੁਨਿਕਤਾ ਦੇ ਲੱਛਣ

1. ਉਤਰ ਆਧੁਨਿਕਤਾ ਦੀ ਸਥਿਤੀ ਵਿਚ ਕਿਸੇ ਵੀ ਆਦਰਸ਼ ਅਤੇ ਗਿਆਨ ਦਾ ਆਧਾਰ ਮਾਨਵਤਾ ਦੀ ਆਧੁਨਿਕ ਚੇਤਨਾ ਹੁੰਦੀ ਹੈ।

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

2. ਉਤਰ ਆਧੁਨਿਕਤਾ ਵਿਅਕਤੀ ਜਾਂ ਸਮਾਜਿਕ ਇਕਾਈਆਂ ਦੀ ਸੁਤੰਤਰਤਾ ਦੇ ਪੱਖ ਵਿਚ ਤਰਕ ਕਰਦੀ ਹੈ।
3. ਵਿਅਕਤੀ ਨੂੰ ਸਮਾਜਿਕ ਅਵਸਥਾ ਦਾ ਇੱਕ ਅੰਗ ਨਾ ਮੰਨ ਕੇ ਉਸਨੂੰ ਇੱਕ ਸਨਮਾਨਜਨਕ ਅਸਤਿੱਤਵ ਪ੍ਰਦਾਨ ਕਰਦੀ ਹੈ।
4. ਉਤਰ ਆਧੁਨਿਕਤਾ, ਆਧੁਨਿਕਤਾ ਦੇ ਪੂਰਣਵਾਦੀ ਰਵੱਈਏ ਦਾ ਵਿਰੋਧ ਕਰਦੀ ਹੈ।
5. ਗਿਆਨ ਦੀ ਥਾਂ ਉਪਭੋਗ ਨੂੰ ਪਹਿਲ ਦਿੰਦੀ ਹੈ।
6. ਇਹ ਅਤੀਤ ਵਿਚ ਜਾਣ ਦੀ ਖੁੱਲ੍ਹ ਦਿੰਦੀ ਹੈ ਪਰ ਉਸਨੂੰ ਮਨੋਰੰਜਨ, ਪੁੰਨ ਅਤੇ ਵਰਤੋਂ ਦੀ ਵਸਤੂ ਦਾ ਰੂਪ ਸਵੀਕਾਰ ਨਹੀਂ ਕਰਦੀ।
7. ਇਹ ਹਰ ਮਹਾਨਤਾ ਨੂੰ ਸਾਧਾਰਣ ਬਣਾ ਦਿੰਦੀ ਹੈ।
8. ਸਮੱਗਰਤਾ ਦਾ ਵਿਖੰਡਨ ਕਰਦੀ ਹੈ।
9. ਰਚਨਾ ਨੂੰ ਵਿਗਿਆਪਨ ਅਤੇ ਆਲੋਚਨਾ ਦਾ ਪ੍ਰਯੋਜਨ ਬਣਾ ਦਿੰਦੀ ਹੈ।
10. ਇਸਦੇ ਸ਼ਬਦਾਂ ਵਿਚ ਅਨੇਕਤਾ ਪੈਦਾ ਹੁੰਦੀ ਹੈ।
11. ਇਸ ਵਿਚ ਦੇਸ਼ ਦਾ ਸੱਚ, ਵਿਸ਼ਵ ਦਾ ਸੱਚ ਬਣ ਜਾਂਦਾ ਹੈ, ਕਲਾ ਸੂਚਨਾ ਮਾਤਰ ਹੁੰਦੀ ਹੈ।
12. ਇਹ ਗਿਆਨ ਸ਼ਬਦ ਦਾ ਅਰਥ ਬਦਲ ਦਿੰਦੀ ਹੈ, ਅਗਿਆਤ ਨੂੰ ਪੇਸ਼ ਕਰਦੀ ਹੈ ਅਤੇ ਇਹ ਸਾਰਥਕ ਬਹੁਲਤਾ ਨੂੰ ਸਵੀਕਾਰ ਕਰਦੀ ਹੈ। ਇਸਦੇ ਅਨੁਸਾਰ ਏਕਤਾ ਸਿਰਫ ਦਮਨਕਾਰੀ ਅਤੇ ਇੱਕ ਪਾਸੜ ਤਰੀਕਿਆਂ ਨਾਲ ਸਥਾਪਿਤ ਕੀਤੀ ਜਾ ਸਕਦੀ ਹੈ। ਏਕਤਾ ਦਾ ਸਿੱਧਾ ਅਰਥ ਹੈ ਨਿਯਮਾਂ ਅਤੇ ਤਾਕਤ ਦੀ ਜ਼ਰੂਰਤ। ਬਹੁਲਤਾ ਅਤੇ ਵਿਸ਼ੈਗਤ ਸਮਾਜਿਕ ਪ੍ਰਕਿਰਿਆ ਵਿਚ ਜ਼ਰੂਰੀ ਰੂਪ ਵਿਚ ਟਕਰਾਅ ਦੀ ਸਥਿਤੀ ਪੈਦਾ ਕਰਦੇ ਹਨ।
13. ਇਹ ਉਚ ਸੰਸਕ੍ਰਿਤੀ ਅਤੇ ਨਿਮਨ ਸੰਸਕ੍ਰਿਤੀ ਵਿਚ ਫਰਕ ਕਰਨ ਦੀ ਪ੍ਰਕਿਰਿਆ ਨੂੰ ਚਨੌਤੀ ਦਿੰਦਾ ਹੈ।
14. ਉਤਰ ਆਧੁਨਿਕਤਾ ਵਿਚਾਰਧਾਰਾ, ਵਿਅਕਤੀਗਤ, ਵਿਸ਼ਵਾਸਾਂ, ਕਮੀਆਂ ਅਤੇ ਵਿਕਾਰਾਂ ਨੂੰ ਵਿਗਿਆਨ ਨਾਲ ਜੋੜਦੀ ਹੈ।
15. ਉਤਰ ਆਧੁਨਿਕਤਾ ਤਾਰਕਿਤਾ ਦੇ ਜ਼ਿਆਦਾ ਪ੍ਰਯੋਗ ਉਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਇਸਦੇ ਅਨੁਸਾਰ ਮਨੁੱਖ ਪੂਰਣ ਰੂਪ ਵਿਚ ਸ਼੍ਰੇਸ਼ਟ ਅਤੇ ਸਰਵਉੱਚ ਹੈ। ਉਹ ਆਪਣੇ ਅਸਤਿੱਤਵ ਅਤੇ ਕਾਮੁਕਤਾ ਤੋਂ ਇਲਾਵਾ ਨਾ ਤਾਂ ਕਿਸੇ ਦੇ ਪ੍ਰਤੀ ਜਵਾਬਦੇਹ ਹੈ ਅਤੇ ਨਾ ਹੀ ਕਿਸੇ ਉੱਤੇ ਨਿਰਭਰ।
16. ਉਤਰ ਆਧੁਨਿਕਤਾ ਭੂਤ ਵਿਚ ਵਾਪਸ ਨਹੀਂ ਜਾਣਾ ਚਾਹੁੰਦੀ। ਇਹ ਉਨ੍ਹਾਂ ਪਰੰਪਰਿਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਵੀ ਪੁਨਰ-ਸਥਾਪਿਤ ਕਰਨ ਦੇ ਹੱਕ ਵਿਚ ਨਹੀਂ ਜਿਸਨੂੰ ਆਧੁਨਿਕਤਾ ਨੇ ਪਹਿਲਾਂ ਤੋਂ ਨਕਾਰ ਦਿੱਤਾ ਹੋਇਆ ਹੈ। ਇਹ ਅਜਿਹੇ ਨਤੀਜਿਆਂ ਨੂੰ ਵੀ ਤਿਆਗਦਾ ਹੈ, ਜਿਸ ਵਿਚ ਲਿਖਿਤ ਭਾਸ਼ਾ ਉੱਤੇ ਜ਼ੋਰ ਦਿੱਤਾ ਜਾਂਦਾ ਹੈ।
17. ਉਤਰ ਆਧੁਨਿਕਤਾ ਨਿਸ਼ਚਿਤਤਾ ਦੇ ਨਾ ਵਿਸ਼ਵਾਸਯੋਗ ਆਧਾਰ ਉੱਤੇ ਕਿਸੇ ਵੀ ਗਿਆਨ ਤੰਤਰ ਦੀ ਸਥਾਪਨਾ ਦੀ ਕਠਿਨਾਈ ਨੂੰ ਸਵੀਕਾਰ ਕਰਦਾ ਹੈ।
18. ਉਤਰ ਆਧੁਨਿਕਵਾਦੀ ਅਜਿਹੇ ਸਮਾਜ ਦੀ ਖੋਜ ਵਿਚ ਹਨ, ਜੋ ਅਦਮਨਕਾਰੀ ਹੋਵੇ।
19. ਇਹ ਨਿਸ਼ਚਿਤਤਾ, ਕ੍ਰਮਵਾਰ ਅਤੇ ਇਕਰੂਪਤਾ ਦੇ ਸਿੱਧਾਂਤ ਨੂੰ ਅਸਵੀਕਾਰ ਕਰਦਾ ਹੈ। ਅਸ਼ਪੱਸ਼ਟ ਅਤੇ ਅਨੇਕਤਾ ਨੂੰ ਮਾਨਤਾ ਦਿੰਦਾ ਹੈ।

ਉਤਰ ਆਧੁਨਿਕਤਾ ਦੀਆਂ ਸਮੱਸਿਆਵਾਂ

1. ਇਸ ਵਿਚ ਸਿੱਧਾਂਤ ਨਿਰਮਾਣ ਨਹੀਂ ਹੁੰਦਾ।

2. ਇਹ ਫਰਕ ਨੂੰ ਉੱਤਮ ਬਣਾਉਣਾ ਚਾਹੁੰਦਾ ਹੈ।
3. ਇਹ ਸਮਾਲੋਚਨਾਤਮਕ ਸ਼ਕਤੀ ਨੂੰ ਖ਼ਤਮ ਕਰ ਦਿੰਦਾ ਹੈ।
4. ਸੰਸਕ੍ਰਿਤੀ ਦੇ ਨਾਮ ਤੇ ਹੋਣ ਵਾਲੇ ਸੋਸ਼ਣ ਅਤੇ ਬੇਇਨਸਾਫੀ ਦੇ ਪ੍ਰਤੀ ਸਹਿਣਸ਼ੀਲਤਾ ਹੋਣ ਦੇ ਨਾਮ ਉੱਤੇ ਉਦਾਸੀਨ ਹੁੰਦਾ ਹੈ।
5. ਮਨੁੱਖ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਕੇ ਵੇਖਦਾ ਹੈ। ਇਸ ਰੂਪ ਵਿਚ ਇਹ ਨਾਸ਼ਵਾਦੀ ਹੈ।
6. ਇਹ ਕਿਸੇ ਇੱਕ ਵਿਆਖਿਆ ਨੂੰ ਅਸੰਭਵ ਰੂਪ ਵਿਚ ਵੇਖਦਾ ਹੈ।
7. ਇਹ ਅਤੀਤ ਵਿਚ ਵਾਪਸ ਨਹੀਂ ਜਾਣਾ ਚਾਹੁੰਦਾ।
8. ਇਹ ਆਧੁਨਿਕ ਸਮਾਜਿਕ ਅਤੇ ਸਭਿਆਚਾਰ ਨੂੰ ਨਕਾਰਦਾ ਹੈ।
9. ਇਸ ਵਿਚ ਇਤਿਹਾਸ ਗ਼ੈਰਹਾਜ਼ਰ ਹੁੰਦਾ ਹੈ।

ਪ੍ਰਾਪਤੀਆਂ

1. 'ਬਹੁਲਤਾਵਾਦ ਉਤਰ ਆਧੁਨਿਕਵਾਦ ਦਾ ਮੁੱਖ ਕੇਂਦਰ ਹੈ। ਪੂਰਣਤਾ ਦਾ ਵਿਘਟਨ ਇਸਦੇ ਲਈ ਜ਼ਰੂਰੀ ਸ਼ਰਤ ਹੈ'।[6]
2. ਤਕਨਾਲੋਜੀ, ਨਵੀਆਂ ਤਕਨੀਕਾਂ ਲਗਾਤਾਰ ਸਾਡੇ ਗਿਆਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਸਾਨੂੰ ਪ੍ਰਸੰਗਿਕ ਅਤੇ ਵਾਸਤਵਿਕ ਗਿਆਨ ਦੀਆਂ ਅੰਦਰੂਨੀ ਵਿਸ਼ੇਸ਼ਤਾਵਾਂ ਦੇ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ।
3. ਉਤਰ ਆਧੁਨਿਕਤਾ ਆਧੁਨਿਕਵਾਦ ਦਾ ਭਵਿੱਖ ਮੁਖੀ ਪਰਿਵਰਤਨਸ਼ੀਲ ਚਿਹਰਾ ਹੈ। ਇਸ ਵਿਚ ਅੰਤਰ ਵਿਆਪਕਤਾ ਨੂੰ ਜਿਉਂਦਾ ਰੱਖਿਆ ਜਾਂਦਾ ਹੈ।
4. ਨਿੱਜੀ ਜਗਤ ਦਾ ਖ਼ਾਤਮਾ ਇਸਦੀ ਮਹੱਤਵਪੂਰਣ ਪ੍ਰਾਪਤੀ ਹੈ।

ਸਾਹਿਤ ਅਧਿਐਨ ਵਿਧੀ ਅਤੇ ਉਤਰ ਆਧੁਨਿਕਤਾ

ਅਲਵਿਨ ਕਾਨਾਰਲ ਨੇ 1990 ਵਿਚ ਪੂਰੇ ਸਾਹਿਤ ਦੀ ਮੌਤ ਦੀ ਘੋਸ਼ਣਾ ਕਰ ਦਿੱਤੀ। ਵਿਭਿੰਨ ਪ੍ਰਣਾਲੀਆਂ ਅਤੇ ਸਥਾਪਿਤ ਧਾਰਨਾਵਾਂ ਦੇ ਅੰਤ ਦੇ ਨਾਲ ਹੀ ਵਿਕੇਂਦਰੀਕਰਣ ਦੀ ਪ੍ਰਕਿਰਿਆ ਅੱਗੇ ਵੱਧਦੀ ਗਈ। ਸਾਹਿਤ ਸੰਵੇਦਨਾਵਾਂ, ਸੰਵਾਦ ਅਤੇ ਭਾਵਨਾਵਾਂ ਨੂੰ ਪੇਸ਼ ਕਰਨ ਦਾ ਸਾਧਨ ਹੁੰਦਾ ਸੀ। ਉਤਰ ਆਧੁਨਿਕ ਪਰਿਪੇਖ ਅਜਿਹਾ ਬਣਿਆ ਨਾ ਰਹਿ ਸਕਿਆ ਕਿਉਂਕਿ ਉਪਭੋਗਤਾ ਸਮਾਜ ਵਿਚ ਸਾਹਿਤ ਸਿਰਜਣ ਪ੍ਰਕਿਰਿਆ ਨੂੰ ਵੀ ਦੂਸਰੀਆਂ ਲਿਖਣ ਪ੍ਰਕਿਰਿਆ ਵਾਂਗ ਹੀ ਇੱਕ ਸਾਧਾਰਣ ਲਿਖਣ ਪ੍ਰਕਿਰਿਆ ਸਵੀਕਾਰ ਕੀਤਾ ਜਾਣ ਲੱਗ ਪਿਆ। ਸਾਹਿਤ ਦਾ ਵਿਉਪਾਰੀਕਰਣ ਵੀ ਵੱਡੇ ਪੱਧਰ ਤੇ ਹੋਣ ਲੱਗ ਪਿਆ। ਜਿਸ ਨਾਲ ਸਾਹਿਤਕਾਰ ਅਤੇ ਸਾਹਿਤ ਦਾ ਸੰਬੰਧ ਖ਼ਤਮ ਹੋ ਗਿਆ। ਜੋ ਸਾਹਿਤਕਾਰ ਕਿਸੇ ਰਚਨਾ ਦੇ ਕੇਂਦਰ ਵਿਚ ਹੁੰਦਾ ਸੀ, ਹੁਣ ਉਸਦੀ ਕੇਂਦਰੀ ਸਥਿਤੀ ਖ਼ਤਮ ਹੋ ਗਈ। ਜਿਸ ਕਾਰਣ ਅਜਿਹੇ ਦੌਰ ਦਾ ਸਾਹਿਤ ਭਾਵਨਾਵਾਂ ਅਤੇ ਸੰਵੇਦਨਾਵਾਂ ਦਾ ਸ਼ੀਸ਼ਾ ਨਾ ਹੋ ਕੇ ਵੱਖਰੇ ਵੱਖਰੇ ਉਦੇਸ਼ਾਂ ਦੀ ਪੂਰਤੀ ਕਰਨ ਵਾਲਾ ਇੱਕ ਸਾਧਨ ਬਣ ਕੇ ਰਹਿ ਗਿਆ।

ਟੈਕਨਾਲੋਜੀ ਦੇ ਵਧਦੇ ਪਾਸਾਰ ਦਾ ਪ੍ਰਭਾਵ ਸਾਹਿਤ ਉਤੇ ਵੀ ਪਿਆ। ਭਾਵਨਾਵਾਂ ਨੂੰ ਹੱਥ ਲਿਖਤ ਅਤੇ ਸ਼ਬਦਾਂ ਦੇ ਰੂਪ ਵਿਚ ਕਾਗਜ਼ੀ ਕੈਨਵਸ ਉਤੇ ਲਿਖਣ ਦੀ ਬਜਾਏ ਸਾਹਿਤ ਕੰਪਿਊਟਰ ਉਤੇ ਹੀ ਹੋਂਦ ਵਿਚ ਆਉਣ ਲੱਗ ਪਿਆ। ਇਸ ਤਰ੍ਹਾਂ ਸੱਚ ਦੀ ਨਿਰਪੇਖ ਸੱਤਾ ਖਤਮ ਹੋਣ, ਵਿਚਾਰਧਾਰਾਵਾਂ, ਈਸ਼ਵਰ ਅਤੇ ਇਤਿਹਾਸ ਦੀ ਮੌਤ ਹੋ ਜਾਣ ਦੇ ਬਾਅਦ ਸਾਹਿਤਕਾਰ ਦੇ ਕੋਲ ਲਿਖਣ ਦਾ ਕੋਈ ਵਿਸ਼ਾ ਨਹੀਂ ਬਚਦਾ। ਅਜਿਹੀ ਸਥਿਤੀ ਵਿਚ ਸਾਡੇ ਜਾਣੇ ਪਛਾਣੇ ਵਿਸ਼ਿਆਂ ਤੋਂ ਇਲਾਵਾ, ਕਲਪਨਾ ਅਤੇ ਯਥਾਰਥ ਦੇ ਸੁਮੇਲ ਰੂਪੀ ਉੱਚ ਕਦਰਾਂ-ਕੀਮਤਾਂ ਵਾਲਾ ਕਲਾਸਕੀ

ਸਾਹਿਤ ਖਤਮ ਹੋ ਜਾਂਦਾ ਹੈ। ਇਸ ਨਾਲ ਸਾਹਿਤ ਵਿਚ ਮੌਲਿਕਤਾ ਵੀ ਖ਼ਤਮ ਹੋ ਗਈ। ਉਤਰ ਆਧੁਨਿਕਤਾ ਦੀ ਸਥਿਤੀ ਵਿਸ਼ਵੀਕਰਣ ਦੀ ਸਥਿਤੀ ਹੈ। ਜਿਸ ਵਿਚ ਸੂਚਨਾ ਤਕਨਾਲੋਜੀ ਮਲਟੀਨੈਸ਼ਨਲ ਕੰਪਨੀਆਂ ਦੀ ਸੇਵਾ ਵਿਚ ਲੱਗੀ ਹੋਈ ਹੈ। ਇਸ ਤਰ੍ਹਾਂ ਕਲਾ, ਸਾਹਿਤ ਅਤੇ ਲੋਕ ਸਾਹਿਤ ਸਮੇਤ ਹਰ ਸਿਰਜਣਾ ਉਪਭੋਗਤਾ ਦੀ ਵਸਤੂ ਬਣ ਕੇ ਰਹਿ ਗਈ ਹੈ।

ਸਾਹਿਤ ਦੀ ਮੌਤ ਦਾ ਦੂਸਰਾ ਸੰਦਰਭ ਵੀ ਉਤਰ ਆਧੁਨਿਕ ਸਥਿਤੀਆਂ ਨਾਲ ਜੁੜਿਆ ਹੋਇਆ ਹੈ। ਤਕਨੀਕ ਵਿਚ ਤਰੱਕੀ ਕਾਰਣ ਸੂਚਨਾ ਜਗਤ ਨੇ ਸੰਭਾਵਨਾਵਾਂ ਦੇ ਇੱਕ ਵਿਸ਼ਾਲ ਸੰਸਾਰ ਨੂੰ ਪੇਸ਼ ਕੀਤਾ। ਬਿਜਲਈ ਮੀਡੀਆ ਨੇ ਪ੍ਰਿੰਟ ਮੀਡੀਆ ਨੂੰ ਪਿੱਛੇ ਛੱਡ ਦਿੱਤਾ ਹੈ। ਬਿਜਲਈ ਮੀਡੀਆ ਨੇ ਮਨ ਪ੍ਰਚਾਵੇ ਦੇ ਮਹੱਤਵ ਨੂੰ ਏਨਾ ਜ਼ਿਆਦਾ ਵਧਾ ਦਿੱਤਾ ਹੈ ਕਿ ਸੰਪੂਰਣ ਸਭਿਆਚਾਰਕ ਕਿਰਿਆਵਾਂ ਅਤੇ ਵਪਾਰ ਆਦਿ ਸਭ ਕੁਝ ਮਨ ਪ੍ਰਚਾਵੇ ਦੇ ਸਾਧਨਾਂ ਵਿਚ ਬਦਲਣ ਲੱਗ ਪਏ ਹਨ। ਜਿਸ ਨਾਲ ਸਾਹਿਤ ਦਾ ਪੁਰਾਣਾ ਸਰੂਪ ਖ਼ਤਮ ਹੋ ਗਿਆ ਹੈ। ਇਸ ਨਾਲ ਇੱਕ ਅਜਿਹਾ ਸਾਹਿਤ ਹੋਂਦ ਵਿਚ ਆ ਰਿਹਾ ਹੈ, ਜਿਸ ਦਾ ਆਨੰਦ ਇੱਕ ਸੀਮਤ ਸਮੇਂ ਤੱਕ ਹੀ ਰਹਿੰਦਾ ਹੈ। ਦੂਸਰੇ ਪਾਸੇ ਸਾਹਿਤਕਾਰ ਦਾ ਭਵਿੱਖ ਤਾਂ ਸਾਹਿਤ ਸਿਰਜਣ ਵਿਚ ਜ਼ਰੂਰੀ ਤੌਰ ਤੇ ਜੁੜਿਆ ਹੁੰਦਾ ਹੈ, ਜਦੋਂ ਅਮਰ ਸਾਹਿਤ ਹੀ ਖ਼ਤਮ ਹੋ ਗਿਆ ਤਾਂ ਸਾਹਿਤਕਾਰ ਕਿਸ ਤਰੀਕੇ ਨਾਲ ਜ਼ਿੰਦਾ ਰਹਿ ਸਕਦਾ ਹੈ? ਲਾਇਨਲ ਟਿਰਲਿੰਗ ਨੇ ਪੰਜਵੇਂ ਦਹਾਕੇ ਵਿਚ ਇੱਕ ਲੇਖ 'ਲੇਖਕ ਦੀ ਮੌਤ' ਲਿਖਿਆ ਸੀ। ਜਿਸ ਵਿਚ ਉਸਨੇ ਇਹ ਦਾਅਵਾ ਕੀਤਾ ਸੀ।

> 'ਵਰਤਮਾਨ ਸਮਾਂ ਪਾਠਕ ਦਾ ਹੈ, ਮਹੱਤਵ ਲੇਖਕ ਦਾ ਨਹੀਂ, ਪਾਠਕ ਦਾ ਹੈ। ਜਿਸ ਯੁੱਗ ਵਿਚ ਉਪਭੋਗਤਾ ਨੂੰ ਸਰਵਉੱਚ ਮਹੱਤਵ ਦਿੱਤਾ ਜਾ ਰਿਹਾ ਹੋਵੇ ਅਤੇ ਉਤਪਾਦਨ ਨੂੰ ਦੂਜੈਲਾ ਦਰਜਾ ਪ੍ਰਾਪਤ ਹੋਵੇ, ਇਹੋ ਜਿਹੇ ਦੌਰ ਵਿਚ ਸਾਹਿਤਕਾਰ ਦੀ ਮੌਤ ਹੋਣਾ ਕੋਈ ਅਚੰਭੇ ਦੀ ਗੱਲ ਨਹੀਂ'[7]

ਉਨ੍ਹੀਵੀਂ ਅਤੇ ਵੀਹਵੀਂ ਸਦੀ ਵਿਚ ਪੱਛਮ ਵਿਚ ਸਮਾਜਵਾਦ, ਵਿਕਾਸਵਾਦ, ਪੂੰਜੀਵਾਦ ਆਦਿ ਵਰਗੀਆਂ ਅਨੇਕਾਂ ਵਿਚਾਰਧਾਰਾਵਾਂ ਚਲੀਆਂ ਅਤੇ ਇਨ੍ਹਾਂ ਨੂੰ ਵਿਕਾਸਸ਼ੀਲ ਦੇਸ਼ਾਂ ਉੱਤੇ ਠੋਸਣ ਦਾ ਯਤਨ ਕੀਤਾ ਗਿਆ। ਵਿਕਾਸ ਦੀ ਪੱਛਮੀ ਸੋਚ ਨੂੰ ਪੂਰੇ ਸੰਸਾਰ ਉਤੇ ਲਾਗੂ ਕਰਨ ਦਾ ਯਤਨ ਕੀਤਾ ਗਿਆ, ਜਿਸ ਨਾਲ ਪੱਛਮੀਕਰਣ ਹੀ ਆਧੁਨਿਕਤਾ ਦਾ ਸਮਾਨਅਰਥਕ ਸ਼ਬਦ ਬਣ ਕੇ ਸਾਹਮਣੇ ਆਇਆ। ਲਿਉਤਰ ਨੇ ਤਰੱਕੀ ਅਤੇ ਵਿਕਾਸ ਵਿਚ ਅੰਤਰ ਸਪੱਸ਼ਟ ਕਰਦੇ ਹੋਇਆ ਆਖਿਆ ਕਿ ਆਧੁਨਿਕਤਾ ਦੇ ਦੌਰ ਵਿਚ ਵਿਕਾਸ ਤਾਂ ਬਹੁਤ ਹੋਇਆ ਪਰ ਮਾਨਵਤਾ ਦਾ ਵੱਡਾ ਹਿੱਸਾ ਇਸਦਾ ਲਾਭ ਨਹੀਂ ਲੈ ਸਕਿਆ। ਸਾਰੀਆਂ ਵਿਚਾਰਧਾਰਾਵਾਂ ਕਿਸੇ ਇੱਕ ਦੇ ਪੱਖ ਵਿਚ ਸਨ ਅਤੇ ਦੂਸਰੇ ਦੇ ਵਿਰੋਧ ਵਿਚ। ਉਤਰ ਆਧੁਨਿਕ ਦੌਰ ਵਿਚ ਵਿਚਾਰਧਾਰਾਵਾਂ ਦੇ ਅੰਤ ਦੀ ਘੋਸ਼ਣਾ ਕਰ ਦਿੱਤੀ ਗਈ ਹੈ, ਪਰ ਇਸਦਾ ਅਰਥ ਇਹ ਨਹੀਂ ਹੈ ਕਿ ਵਿਚਾਰਧਾਰਾਵਾਂ ਦਾ ਅਸਤਿੱਤਵ ਹੀ ਖ਼ਤਮ ਹੋ ਗਿਆ। ਬਲਕਿ ਇਸ ਤੋਂ ਭਾਵ ਹੈ ਕਿ ਵਿਚਾਰਧਾਰਾਵਾਂ ਦਾ ਮਹੱਤਵ ਸਾਪੇਖਿਕ ਹੋ ਗਿਆ, ਨਿਪੇਖਕ ਰੂਪ ਵਿਚ ਨਹੀਂ।

ਇਸ ਤਰ੍ਹਾਂ ਆਧੁਨਿਕ ਯੁੱਗ ਵਿਚ ਬੌਧਿਕਤਾ ਅਤੇ ਭੌਤਿਕਤਾ ਉਤੇ ਜ਼ਿਆਦਾ ਜ਼ੋਰ ਦੇਣ ਨਾਲ ਈਸ਼ਵਰ ਨੂੰ ਨਾਕਾਰ ਦਿੱਤਾ ਗਿਆ। ਈਸ਼ਵਰ ਦੀ ਮੌਤ ਦੀ ਘੋਸ਼ਣਾ ਨੀਤਸ਼ੇ ਕਰ ਚੁੱਕਾ ਸੀ। ਉਤਰ ਆਧੁਨਿਕਵਾਦੀਆਂ ਨੇ ਵੀ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ, ਕਿਉਂਕਿ ਪਰਮਾਤਮਾ ਨੂੰ ਗਵਾਹ ਦੇ ਰੂਪ ਵਿਚ ਹੀ ਜਾਣਿਆ ਜਾਂਦਾ ਰਿਹਾ ਹੈ। ਜੀਵਨ ਦੇ ਸਾਰੇ ਅਯੋਗ ਅਤੇ ਯੋਗ ਕੰਮ ਪਰਮਾਤਮਾ ਨੂੰ ਕੇਂਦਰ ਵਿਚ ਰੱਖ ਕੇ ਕੀਤਾ ਜਾਂਦੇ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਪਰਮਾਤਮਾ ਦੀ ਹੋਂਦ ਨੂੰ ਨਕਾਰ ਕੇ ਮਨੁੱਖ ਨਵੀਆਂ ਸੰਭਵਾਨਾਵਾਂ ਨੂੰ ਖੁਦ ਤਲਾਸ਼ ਕਰੇ। ਇਸ ਸਭ ਤੇ ਪ੍ਰਭਾਵ ਨਾਲ ਸਾਹਿਤ ਦੇ ਅਧਿਐਨ ਦੀ ਇੱਕ ਨਵੀਂ ਵਿਧੀ ਵੀ ਸਾਹਮਣੇ ਆਈ।

ਉਤਰ ਆਧੁਨਿਕਵਾਦੀ ਲੇਖਕ ਦਾਰਸ਼ਨਿਕ ਦੀ ਤਰ੍ਹਾਂ ਹੁੰਦਾ ਹੈ। ਉਹ ਜੋ ਲਿਖਦਾ ਅਤੇ

ਨਿਰਮਾਣ ਕਰਦਾ ਹੈ, ਉਸਦੇ ਲਈ ਉਹ ਕੋਈ ਪਹਿਲਾਂ ਨਿਰਧਾਰਤ ਨਿਯਮਾਂ ਨੂੰ ਨਹੀਂ ਅਪਣਾਉਂਦਾ ਅਤੇ ਨਾ ਹੀ ਕਿਸੇ ਪਰੰਪਰਾ ਨੂੰ ਆਧਾਰ ਬਣਾਉਂਦਾ ਹੈ। ਕਿਉਂਕਿ ਹਰ ਕਿਰਤ ਦਾ ਆਪਣਾ ਵਿਧਾਨ ਹੁੰਦਾ ਹੈ। ਇਸ ਵਿਧੀ ਦੇ ਅੰਤਰਗਤ ਸਾਹਿਤ ਸਿਰਫ ਸੰਭਾਵਨਾ ਦਾ ਰੂਪ ਹੁੰਦਾ ਹੈ, ਸੰਭਵ ਨਹੀਂ ਹੁੰਦਾ। ਪਾਠ ਜਾਂ ਕਲਾ ਕ੍ਰਿਤ ਮਹਿਜ ਇੱਕ ਸਾਧਾਰਣ ਘਟਨਾ ਹੀ ਹੁੰਦੀ ਹੈ, ਕਿਸੇ ਤਰ੍ਹਾਂ ਦੀ ਕੋਈ ਪ੍ਰਾਪਤੀ ਨਹੀਂ ਕਿਉਂਕਿ ਕਵੀ ਜਾਂ ਕਲਾਕਾਰ ਕਿਸੇ ਨਿਸ਼ਚਿਤ ਕਾਵਿ ਪ੍ਰਕਰਣ ਦੀ ਰਚਨਾ ਨਹੀਂ ਕਰਦਾ ਬਲਕਿ ਮੁਕਤ ਰੂਪ ਵਿਚ ਜੋੜਦਾ ਹੈ। ਉਤਰ ਆਧੁਨਿਕਤਾ ਅਨੁਸਾਰ ਕਾਵਿ ਰਚਨਾਵਾਂ ਵਿਚ ਅਨੇਕਾਂ ਸਤਰਾਂ ਅਧੂਰੀਆਂ ਹੁੰਦੀਆਂ ਹਨ, ਜਿਸਨੂੰ ਪਾਠਕ ਨੇ ਆਪਣੀ ਕਲਪਨਾ ਅਤੇ ਆਪਣੇ ਅਨੁਭਵ ਦੇ ਆਧਾਰ ਤੇ ਸਮਝਣਾ ਹੁੰਦਾ ਹੈ। ਇਸਦੇ ਨਾਲ ਹੀ ਇਹ ਅਧਿਐਨ ਵਿਧੀ ਕਾਵਿ ਦੇ ਆਕਾਰ ਜਾਂ ਪਾਠ ਨੂੰ ਜ਼ਿਆਦਾ ਮਹੱਤਵ ਨਹੀਂ ਦਿੰਦੀ ਬਲਕਿ ਰਚਨਾ ਵਿਚ ਪੇਸ਼ ਅਰਥਾਂ ਅਤੇ ਸੰਦਰਭਾਂ ਨੂੰ ਉਜਾਗਰ ਕਰਨ ਨੂੰ ਪਹਿਲ ਦਿੰਦੀ ਹੈ। ਇਸ ਅਨੁਸਾਰ ਕਵਿਤਾ ਮੁਕਤ ਵਿਆਖਿਆ ਕਰਦੀ ਹੈ। ਕਵਿਤਾ ਆਨੰਦ ਦੇਣ ਵਾਲੀ ਨਹੀਂ ਸਗੋਂ ਆਨੰਦ ਲੈਣ ਦਾ ਸਾਧਨ ਬਣ ਕੇ ਸਾਹਮਣੇ ਆਉਂਦੀ ਹੈ। ਇਸੇ ਤਰ੍ਹਾਂ ਕਲਾਕਾਰ ਜਾਂ ਕਵੀ ਦੀ ਦ੍ਰਿਸ਼ਟੀ ਸਵੈ ਤੋਂ ਲੋਕ ਭਾਵੀ ਹੁੰਦੀ ਹੈ ਅਤੇ ਹਰ ਤਰ੍ਹਾਂ ਦੇ ਕਿਸੇ ਵਾਦ ਤੋਂ ਮੁਕਤ ਹੁੰਦੀ ਹੈ। ਉਤਰ ਆਧੁਨਿਕਤਾ ਇਸ ਤੱਥ ਨੂੰ ਸਵੀਕਾਰ ਕਰਕੇ ਚਲਦੀ ਹੈ ਕਿ ਕਲਾ ਦਾ ਅੰਤ ਹੋ ਚੁੱਕਾ ਹੈ ਅਤੇ ਉਸਦਾ ਸਥਾਨ ਪਾਠ ਲੈ ਚੁੱਕਾ ਹੈ। ਜਿਸਦੇ ਕਾਰਣ ਇਹ ਸਮਾਂ ਕਲਾਕਾਰ ਦੇ ਖ਼ਤਮ ਹੋਣ ਦਾ ਵੀ ਹੈ। ਸਾਹਿਤ ਅਤੇ ਕਲਾ ਮੁਨਾਫ਼ੇ ਦੇ ਸਾਧਨ ਬਣ ਚੁੱਕੇ ਹਨ। ਕੋਈ ਵੀ ਕ੍ਰਿਤ ਜਿੰਨਾ ਜ਼ਿਆਦਾ ਮੁਨਾਫ਼ਾ ਦਿੰਦੀ ਹੈ, ਉਨ੍ਹੀ ਹੀ ਉਹ ਮੁੱਲਵਾਨ ਹੈ। ਜਿਵੇਂ ਸ਼ੋਭਾ ਡੇ ਦਾ 'ਸਟਾਰੀ ਨਾਈਟਸ' ਅਤੇ ਅਰੁੰਧਤੀ ਰਾਏ ਦਾ 'ਦਾ ਗੌਡ ਆਫ ਸਮਾਲ ਥਿੰਗ਼ਜ' ਅਤੇ ਚੇਤਨ ਭਗਤ ਦਾ 'ਹਾਫ ਗਰਲ ਫਰੈਂਡ' ਆਦਿ।

ਇਸਦੇ ਨਾਲ ਹੀ ਉਤਰ ਆਧੁਨਿਕਤਾ ਸਾਹਿਤ ਨੂੰ ਪਰਿਭਾਸ਼ਿਤ ਨਹੀਂ ਕਰਦੀ, ਪਰ ਸਹੀ ਸਾਹਿਤ ਦੀ ਮੰਗ ਕਰਦੀ ਹੈ। ਇੱਥੇ 'ਸਹੀ' ਤੋਂ ਭਾਵ ਸਰਵ ਪ੍ਰਵਾਨਿਤ, ਸੌਂਦਰਯ ਬੋਧ ਜਾਂ ਕੋਈ ਵਿਚਾਰਧਾਰਾ ਨਾਲ ਸੰਬੰਧਿਤ ਨਹੀਂ ਬਲਕਿ ਸਥਾਨਿਕ ਉਹ ਖੰਡਿਤ ਸਮੂਹ ਹਿੱਤ ਹਨ, ਜੋ ਪਹਿਲਾਂ ਬਣੇ ਕਿਸੇ ਨਿਯਮ ਜਾਂ ਵਿਚਾਰਧਾਰਾ ਦਾ ਵਿਰੋਧ ਕਰਦੇ ਹੋਣ ਕਿਉਂਕਿ ਪੂਰਵ ਕਾਲ ਵਿਚ ਵਿਰੋਧੀ ਪ੍ਰਸੰਗਾਂ ਨੂੰ ਗੈਰਜ਼ਰੂਰੀ ਕਹਿ ਕੇ ਸਾਹਿਤ ਵਿਚ ਕੱਢ ਦਿੱਤਾ ਜਾਂਦਾ ਸੀ ਪਰ ਅਜੋਕੇ ਸਮੇਂ ਵਿਚ ਵਿਰੋਧੀ ਪ੍ਰਸੰਗਾਂ ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾ ਰਿਹਾ ਹੈ। ਉਤਰ ਆਧੁਨਿਕਤਾ ਇਹ ਵੀ ਮੰਨ ਕੇ ਚਲਦੀ ਹੈ ਕਿ ਸਾਰੀਆਂ ਰਚਨਾਵਾਂ ਜ਼ਰੂਰੀ ਰੂਪ ਵਿਚ ਸੁਭਾਵਿਕ ਤੌਰ ਤੇ ਇੱਕ ਦੂਸਰੇ ਨਾਲ ਅੰਤਰ ਸਬੰਧਿਤ ਹੁੰਦੀਆਂ ਹਨ।

ਉਤਰ ਆਧੁਨਿਕਤਾ ਨੁਕਤਾ ਉਸਾਰ ਕੇ ਪਾਠ ਪੜ੍ਹਨ ਦੀ ਤਕਨੀਕ ਉੱਤੇ ਜ਼ੋਰ ਦਿੰਦਾ ਹੈ। ਰਚਨਾ ਵਿਚ ਅਰਥ ਪ੍ਰਾਪਤ ਕਰਨ ਦੀ ਤਕਨੀਕ ਨੂੰ ਵਿਖੰਡਨ ਆਖਿਆ ਜਾਂਦਾ ਹੈ। ਬਾਹਰੀ ਪੱਧਰ ਤੇ ਰਚਨਾ ਦਾ ਜੋ ਅਰਥ ਪ੍ਰਾਪਤ ਹੁੰਦਾ ਹੈ, ਉਸਦੇ ਬਾਵਜੂਦ ਬਹੁਤ ਕੁਝ ਲੁਕਿਆ ਰਹਿੰਦਾ ਹੈ। ਪਾਠਕ, ਉਪ ਪਾਠਾਂ ਅਤੇ ਭਾਸ਼ਾਈ ਚਿੰਨ੍ਹਾਂ ਦੀ ਸਹਾਇਤਾ ਨਾਲ ਰਚਨਾ ਦੇ ਉਨ੍ਹਾਂ ਅਰਥਾਂ ਨੂੰ ਵੀ ਗ੍ਰਹਿਣ ਕਰਦਾ ਹੈ ਜੋ ਸੱਤਹੀ ਪੱਧਰ ਤੇ ਸਾਹਮਣੇ ਨਹੀਂ ਆਉਂਦੇ। ਕਿਉਂਕਿ ਕਿਸੇ ਵੀ ਰਚਨਾ ਵਿਚ ਅਰਥਾਂ ਨੂੰ ਲੱਭਣਾ ਹੀ ਰਚਨਾ ਦਾ ਮੁੱਖ ਉਦੇਸ਼ ਹੁੰਦਾ ਹੈ। ਉਹ ਮੁਕਤ ਰੂਪ ਵਿਚ ਵਿਚਰਦਾ ਹੈ। ਰਚਨਾ ਵਿਚ ਅਨੇਕ ਅਧੂਰੀਆਂ ਸਤਰਾਂ ਹੁੰਦੀਆਂ ਹਨ, ਜਿਸਨੂੰ ਪਾਠਕ ਆਪਣੀ ਕਲਪਨਾ ਸ਼ਕਤੀ ਅਤੇ ਆਪਣੇ ਅਨੁਭਵ ਦੇ ਸਹਾਰੇ ਸਮਝਦਾ ਹੈ। ਦਲਿਤ ਸਾਹਿਤ, ਆਂਚਲਿਕ ਨਾਵਲ ਅਤੇ ਨਾਰੀਵਾਦ ਆਦਿ ਸਭ ਉਤਰ ਆਧੁਨਿਕਵਾਦ ਦੀ ਉਪਜ ਹਨ।

ਉਕਤ ਵਿਚਾਰਾਂ ਨੂੰ ਸੂਤਰਬੱਧ ਕਰਦਿਆਂ ਕਹਿ ਸਕਦੇ ਹਾਂ ਕਿ ਉਤਰ ਆਧੁਨਿਕਤਾ, ਆਧੁਨਿਕਤਾ ਦੇ ਵਿਰੋਧ ਤੋਂ ਉਪਜੀ ਹੈ, ਪਰ ਉਸ ਤੋਂ ਨਿਰਪੇਖ ਨਹੀਂ ਹੈ। ਇਸ ਦੇ ਸਿੱਧਾਂਤ ਆਧੁਨਿਕਤਾ

ਤੋਂ ਵੱਖਰੇ ਹਨ। ਇਸਨੇ ਅਨਿਸ਼ਚਿਤਤਾ, ਸਥਾਨੀਕਰਨ, ਗਿਆਨ ਆਦਿ ਸੰਕਲਪਾਂ ਨੂੰ ਆਪਣੇ ਸਿੱਧਾਂਤ ਬਣਾਇਆ ਹੈ। ਇਸ ਤੋਂ ਇਲਾਵਾ ਉਤਰ ਆਧੁਨਿਕ ਯੁੱਗ ਵਿਚ ਮਹਾਂ ਬਿਰਤਾਂਤਾਂ ਦਾ ਅੰਤ ਹੁੰਦਾ ਹੈ। ਮਸ਼ੀਨੀ ਅਤੇ ਸਰੀਰਕ ਸ਼ਕਤੀ ਦੀ ਥਾਂ ਬੁੱਧੀ ਦੀ ਸ਼ਕਤੀ ਨੂੰ ਜਿਆਦਾ ਮਹੱਤਤਾ ਪ੍ਰਦਾਨ ਕੀਤੀ ਗਈ ਹੈ। ਔਰਤ ਦੀ ਸਥਿਤੀ ਦੇ ਪ੍ਰਸੰਗ ਨੂੰ ਉਭਾਰਿਆ ਗਿਆ ਅਤੇ ਇਤਿਹਾਸ ਦੇ ਅੰਤ ਨੂੰ ਵੀ ਪ੍ਰਗਟ ਕੀਤਾ ਗਿਆ ਹੈ। ਉਤਰ ਆਧੁਨਿਕਤਾ ਦੇ ਹੋਂਦ ਵਿਚ ਆਉਣ ਨਾਲ ਕਈ ਤਬਦੀਲੀਆਂ ਵਾਪਰੀਆਂ ਹਨ।

## ਹਵਾਲੇ ਤੇ ਟਿੱਪਣੀਆਂ


1. ਡਾ. ਰਾਜਿੰਦਰਪਾਲ ਸਿੰਘ, **ਉਤਰ ਆਧੁਨਿਕਤਾ** ਦੇ ਪੰਨਾ–23 ਤੋਂ ਉਦਰਿਤ
2. **ਉਹੀ**, ਪੰਨਾ 25
3. ਡਾ. ਵਨੀਤਾ, **ਉਤਰ ਆਧੁਨਿਕਤਾ ਅਤੇ ਕਵਿਤਾ**, ਪੰਨਾ–112
4. **ਉਹੀ**, ਪੰਨਾ 118
5. ਆਰਨਲਡ ਟਾਯਨਬੀ, **ਏ ਸਟੱਡੀਜ ਆਫ ਹਿਸਟਰੀ**, ਪੰਨਾ–119
6. ਦੋਸ਼ੀ, ਐਸ.ਐਲ, ਆਧੁਨਿਕਤਾ, **ਉਤਰ ਆਧੁਨਿਕਤਾਵਾਦ ਔਰ ਨਵ ਸਮਾਜ ਸ਼ਾਸ਼ਤਰੀ ਪਰਿਪੇਖ**, ਪੰਨਾ–232
7. ਡਾ. ਗੁਰਭਗਤ ਸਿੰਘ, **ਉਤਰ ਆਧੁਨਿਕਤਾਵਾਦ**, ਪੰਨਾ–22 ਤੋਂ ਉਧਰਿਤ

# ਪੰਜਾਬੀ ਸਾਹਿਤ-ਇਤਿਹਾਸ ਵਿਚ ਕਾਲਵੰਡ ਦਾ ਮਸਲਾ ਪੁਨਰ-ਸੰਵਾਦ

—ਡਾ. ਸੁਰਿੰਦਰ ਕੌਰ ਖਿੰਦ*

ਖੋਜ–ਕਾਰਜ ਬਹੁ–ਪਾਸਾਰੀ ਕਾਰਜ ਹੈ। ਇਤਿਹਾਸਕਾਰੀ ਸਾਹਿਤਕ ਖੋਜ–ਕਾਰਜ ਦਾ ਮਹੱਤਵਪੂਰਨ ਪੱਖ ਹੁੰਦਾ ਹੈ। ਖੋਜ ਕਾਰਜ ਦੌਰਾਨ ਜੋ ਤੱਥ ਲੱਭਦੇ ਹਨ ਉਨ੍ਹਾਂ ਨੂੰ ਵਿਸ਼ੇਸ਼ ਕਾਲ–ਕ੍ਰਮ ਵਿਚ ਰੱਖਣ ਉਪਰੰਤ ਹੀ ਇਤਿਹਾਸ ਬਣਦਾ ਹੈ। ਸਾਹਿਤ–ਇਤਿਹਾਸ ਲਿਖਣ ਲਈ ਕਾਲਵੰਡ ਮੁਢਲੀ ਲੋੜ ਹੈ। ਕਿਸੇ ਵੀ ਭਾਸ਼ਾ ਦੇ ਸਾਹਿਤ ਦੀ ਪ੍ਰਗਤੀ ਤੇ ਵਿਕਾਸ, ਸਾਹਿਤ ਧਾਰਾ ਦੀ ਪਰੰਪਰਾ ਦੇ ਆਰੰਭ, ਵਿਕਾਸ ਤੇ ਪਤਨ, ਯੁੱਗ ਦੀ ਸਾਹਿਤਕ ਚੇਤਨਾ, ਸਾਹਿਤ ਦੀਆਂ ਭਾਸ਼ਾਗਤ ਅਤੇ ਸ਼ੈਲੀਗਤ ਤਬਦੀਲੀਆਂ ਨੂੰ ਸਮਝਣ ਲਈ ਕਾਲਵੰਡ ਸਾਹਿਤ–ਇਤਿਹਾਸ ਲਈ ਅਨਿਵਾਰੀ ਹੈ। ਕਾਲਵੰਡ ਤੋਂ ਬਗੈਰ ਵਿਗਿਆਨਕ ਅਤੇ ਪ੍ਰਮਾਣਿਕ ਸਾਹਿਤ–ਇਤਿਹਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਹਰੇਕ ਭਾਸ਼ਾ ਦੀ ਸਾਹਿਤ ਸਿਰਜਣ ਪ੍ਰਕਿਰਿਆ ਵਿਚ ਵਿਭਿੰਨ ਕਿਸਮਾਂ ਦੀਆਂ ਧਾਰਾਵਾਂ, ਪ੍ਰਵਿਰਤੀਆਂ, ਲਹਿਰਾਂ ਤੇ ਦੌਰ ਸ਼ਾਮਲ ਹੁੰਦੇ ਹਨ। ਇਹ ਸਾਹਿਤ ਦੇ ਸਰੂਪ ਨੂੰ ਬਦਲਣ ਦੀ ਸਮਰਥਾ ਰੱਖਦੇ ਹਨ। ਇਨ੍ਹਾਂ ਵਿਭਿੰਨ ਦੌਰਾਂ, ਧਾਰਾਵਾਂ ਅਤੇ ਪ੍ਰਵਿਰਤੀਆਂ ਦੇ ਸਾਹਿਤ ਨੂੰ ਵੱਖ–ਵੱਖ ਵਿਧੀਆਂ ਅਪਣਾ ਕੇ ਨਿਖੇੜਨ ਦੇ ਕਾਰਜ ਨੂੰ ਕਾਲਵੰਡ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਇਤਿਹਾਸਾਂ ਵਿਚ ਇਤਿਹਾਸਕਾਰਾਂ ਨੇ ਪੰਜਾਬੀ ਸਾਹਿਤ ਦੀ ਕਾਲਵੰਡ ਲਈ ਵੱਖੋ–ਵੱਖਰੇ ਮਾਪਦੰਡ ਜਾਂ ਵਿਧੀਆਂ ਨੂੰ ਆਧਾਰ ਬਣਾਇਆ ਹੈ। ਪੰਜਾਬੀ ਸਾਹਿਤ–ਇਤਿਹਾਸਕਾਰਾਂ ਨੇ ਸਾਹਿਤਕ ਵੰਨਗੀਆਂ ਦੀ ਇਤਿਹਾਸਕਾਰੀ ਸਮੇਂ ਕਾਲਵੰਡ ਨੂੰ ਮੁੱਖ ਰੱਖ ਕੇ ਦੋ ਵਿਧੀਆਂ ਅਪਣਾਈਆਂ ਹਨ:

ੳ. ਸਾਹਿਤਕ ਵੰਨਗੀਆਂ ਦਾ ਵਰਗੀਕਰਣ

ਅ. ਕਾਲਵੰਡ

ਵਰਗੀਕਰਣ ਦੇ ਦ੍ਰਿਸ਼ਟੀਕੋਣ ਤੋਂ ਦੋ ਕਿਸਮ ਦੀਆਂ ਵਿਧੀਆਂ ਇਤਿਹਾਸਕਾਰਾਂ ਨੇ ਵਰਤੀਆਂ ਹਨ:

1. ਵੱਖ–ਵੱਖ ਸਾਹਿਤਕ ਲਹਿਰਾਂ ਦੇ ਉੱਪਰ ਆਧਾਰਿਤ ਵਰਗੀਕਰਣ
2. ਵਿਸ਼ੇ–ਵਸਤੂ ਦੇ ਆਧਾਰ ਉੱਪਰ ਵਰਗੀਕਰਣ

ਪੰਜਾਬੀ ਸਾਹਿਤ ਦਾ ਪ੍ਰਥਮ ਇਤਿਹਾਸਕਾਰ ਮੀਰ ਕਿਰਾਮਤਉੱਲਾ ਹੈ। ਉਸ ਨੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਕਰਨ ਸਮੇਂ ਪਹਿਲੀ ਵਾਰ ਰਚਨਾਕਾਰਾਂ ਅਤੇ ਰਚਨਾਵਾਂ ਦੇ ਸਮਕਾਲੀ ਚੌਖਟੇ ਜਾਂ ਮਾਪਦੰਡ ਮੁਤਾਬਕ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਕਾਲਵੰਡ ਕਰਨ ਦੀ ਪਹਿਲਕਦਮੀ ਕੀਤੀ। ਉਸ ਨੇ **ਚਸ਼ਮਾ-ਏ-ਹਯਾਤ** ਪੁਸਤਕ ਵਿਚ ਪੰਜਾਬੀ ਸਾਹਿਤ ਨੂੰ ਨਿਮਨ ਅਨੁਸਾਰ ਪੰਜ ਕਾਲਾਂ ਵਿਚ ਵੰਡਿਆ ਹੈ:

(ੳ) ਦੌਰੇ ਅਵਲ : ਅਮੀਰ ਖੁਸਰੋ ਤੋਂ ਲੈ ਕੇ ਮੌਲਵੀ ਗ਼ੁਲਾਮ ਮੁਰਤਜ਼ਾ ਦੇ ਅਹਦ ਤਕ।

(ਅ) ਦੌਰੇ ਦੋਮ : ਮੁਰਤਜ਼ਾ ਤੋਂ ਲੈ ਕੇ ਜ਼ਮਾਨਾ ਰਣਜੀਤ ਸਿੰਘ ਤੱਕ।

(ੲ) ਦੌਰੇ ਸ਼ਿਵਮ : ਰਣਜੀਤ ਸਿੰਘ ਦੌਰ ਤੋਂ ਲੈ ਕੇ ਅਲਹਾਕ ਪੰਜਾਬ ਤੱਕ।

(ਸ) ਦੌਰੇ ਚਹਾਰਮ : ਅਲਹਾਕ ਪੰਜਾਬ ਤੋਂ ਲੈ ਕੇ ਡਾ. ਲਿਟਨਰ ਸਾਹਿਬ ਦੇ ਜ਼ਮਾਨੇ ਤੱਕ।

(ਹ) ਦੌਰੇ ਪੰਜਮ : ਡਾ. ਲਿਟਨਰ ਸਾਹਿਬ ਦੇ ਜ਼ਮਾਨੇ ਤੋਂ ਲੈ ਕੇ ਜ਼ਮੀਨੀ ਇੰਤਕਾਲ

* ਅਸਿਸਟੈਂਟ ਪ੍ਰੋਫ਼ੈਸਰ , ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਕਪੂਰਥਲਾ)।

ਐਕਟ ਪਾਸ ਹੋਣ ਤੱਕ ਅਤੇ ਜ਼ਮੀਨੀ ਐਕਟ ਪਾਸ ਹੋਣ ਤੋਂ ਲੈ ਕੇ ਲੇਖਕ ਦੇ ਸਮੇਂ (1913 ਈ.) ਤੱਕ।

ਉਪਰੋਕਤ ਕਾਲਵੰਡ ਵਿਚ ਅਧਿਐਨ ਕਰਤਾ ਨੇ ਪ੍ਰਸਿੱਧ ਸਾਹਿਤਕ ਸ਼ਖ਼ਸੀਅਤਾਂ, ਪੰਜਾਬ ਦੇ ਰਾਜਨੀਤਕ ਹਾਲਾਤ ਅਤੇ ਪ੍ਰਸਿੱਧ ਰਾਜਨੀਤਕ ਘਟਨਾਵਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਦੇ ਨਾਮ 'ਤੇ ਕਾਲਾਂ ਦਾ ਨਾਮਕਰਣ ਕੀਤਾ ਹੈ। ਅਮੀਰ ਖੁਸਰੋ ਅਤੇ ਗ਼ੁਲਾਮ ਮੁਰਤਜ਼ਾ ਕਸੂਰੀ ਉੱਤਰੀ ਭਾਰਤ ਤੇ ਪੰਜਾਬ ਦੇ ਸਾਹਿਤਕ ਇਤਿਹਾਸ ਵਿਚ ਵਿਸ਼ੇਸ਼ ਮਹੱਤਵਯੋਗ ਸਥਾਨ ਰੱਖਦੇ ਹਨ। ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਮਹੱਤਵਪੂਰਨ ਹਾਕਮ ਸੀ ਜਦ ਕਿ ਡਾ. ਲਿਟਨਰ ਆਪਣੇ ਕਾਲਖੰਡ ਦੇ ਵਿਦਿਅਕ ਅਦਾਰਿਆਂ ਅਤੇ ਸਾਹਿਤਕ ਹਲਕਿਆਂ ਵਿਚ ਸਰਵਉੱਤਮ ਤੇ ਜਾਣੀ-ਪਹਿਚਾਣੀ ਸ਼ਖ਼ਸੀਅਤ ਸੀ। ਅੰਗਰੇਜ਼ੀ ਰਾਜਕਾਲ ਦੌਰਾਨ ਜ਼ਮੀਨੀ ਇੰਤਕਾਲ ਦੀ ਘਟਨਾ ਭਾਵੇਂ ਸਾਹਿਤਕ ਖੇਤਰ ਵਿਚ ਕੋਈ ਅਹਿਮ ਵਿਸ਼ੇਸ਼ਤਾ ਨਹੀਂ ਰੱਖਦੀ, ਪ੍ਰੰਤੂ ਉਪਰੋਕਤ ਕਿਰਸਾਨੀ ਲਹਿਰ ਨਾਲ ਵਾਪਰੀ ਘਟਨਾ ਤਕ ਪੰਜਾਬ ਦਾ ਵਿਦਿਅਕ ਮਾਹੌਲ ਏਨਾ ਕੁ ਵਿਸਤ੍ਰਿਤ ਹੋ ਗਿਆ ਸੀ ਕਿ ਅੰਗਰੇਜ਼ੀ ਵਿਦਿਆ ਪ੍ਰਣਾਲੀ ਦੇ ਪ੍ਰਭਾਵ ਨੂੰ ਉਸ ਸਮੇਂ ਦੇ ਸਾਹਿਤ ਰਚੈਤਾ ਕਬੂਲਣ ਲਗ ਪਏ ਸਨ।

ਮੀਰ ਕਿਰਾਮਤਉੱਲਾ ਨੇ ਉਪਰੋਕਤ ਕਾਲਵੰਡ ਦੌਰਾਨ ਕਾਲਿਕ ਦ੍ਰਿਸ਼ਟੀਕੋਣ ਤੋਂ ਸਮੇਂ ਨੂੰ ਮੁੱਖ ਨਹੀਂ ਰੱਖਿਆ। ਉਸ ਨੇ ਅਮੀਰ ਖੁਸਰੋ, ਰਣਜੀਤ ਸਿੰਘ, ਜ਼ਮੀਨੀ ਐਕਟ ਪਾਸ ਹੋਣ ਜਾਂ ਡਾ. ਲਿਟਨਰ ਦਾ ਸਮਾਂ ਪੂਰਾ ਢੁਕਵਾਂ ਨਹੀਂ ਉਲੀਕਿਆ ਤੇ ਨਾ ਹੀ ਸੰਬੰਧਿਤ ਸਦੀ ਦਾ ਵੇਰਵਾ ਦਿੱਤਾ ਹੈ। **ਚਸ਼ਮਾ-ਏ-ਹਯਾਤ** ਪੰਜਾਬੀ ਸਾਹਿਤ ਦਾ ਪ੍ਰਥਮ ਇਤਿਹਾਸ ਹੋਣ ਕਰਕੇ ਇਸ ਵਿਚਲੀ ਕਾਲਵੰਡ ਵਿਚ ਕਈ ਤਰੁੱਟੀਆਂ ਮੌਜੂਦ ਹਨ।

ਬਾਵਾ ਬੁੱਧ ਸਿੰਘ ਨੇ ਇਤਿਹਾਸ ਲੇਖਣ ਦੀ ਪ੍ਰਥਮ ਸ਼ਰਤ ਕਾਲਵੰਡ ਨੂੰ ਆਪਣੀਆਂ ਲਿਖਤਾਂ ਦਾ ਆਧਾਰ ਨਹੀਂ ਬਣਾਇਆ ਬਲਕਿ ਉਸ ਨੇ ਰਚਨਾਵਾਂ ਦੇ ਵਿਸ਼ੇ ਅਨੁਸਾਰ ਉਨ੍ਹਾਂ ਦਾ ਵਰਗੀਕਰਣ ਕਰਕੇ ਅਧਿਐਨ ਕਰਨ ਦਾ ਉਪਰਾਲਾ ਕੀਤਾ। ਉਸ ਨੇ **ਹੰਸ ਚੋਗ** (ਰਹੱਸਵਾਦੀ ਧਾਰਮਿਕ ਸਾਹਿਤ), **ਕੋਇਲ ਕੂ** (ਰੁਮਾਂਟਿਕ ਕਵੀ), **ਬੰਬੀਹਾ ਬੋਲ** (ਫੁਟਕਲ) ਆਦਿ ਵਿਸ਼ਿਆਂ ਮੁਤਾਬਕ ਰਚਨਾਹਾਰਾਂ ਅਤੇ ਰਚਨਾਵਾਂ ਦਾ ਵਰਗੀਕਰਣ ਕੀਤਾ।

**ਹੰਸ ਚੋਗ** ਪੁਸਤਕ ਦੀ ਉਥਾਨਕਾ ਵਿਚ 'ਪੰਜਾਬੀ ਲਿਟਰੇਚਰ ਦਾ ਇਤਿਹਾਸ' ਸਿਰਲੇਖ ਦੇ ਅੰਤਰਗਤ 'ਪੁਰਾਣਾ ਸਮਾਂ', 'ਵਿਚਲਾ ਸਮਾਂ', 'ਨਵਾਂ ਜੀਵਨ' ਵਿਚ ਤਿੰਨ ਕਾਲਾਂ ਵਿਚ ਵਰਗ ਵੰਡ ਕੀਤੀ ਹੈ। ਬਾਵਾ ਬੁੱਧ ਸਿੰਘ ਨੇ ਕਾਲਵੰਡ ਕਰਨ ਸਮੇਂ ਸਮਾਂ, ਸਥਾਨ ਤੇ ਤਿੱਥਾਂ ਦੇਣ ਦੀ ਕੋਸ਼ਿਸ ਨਹੀਂ ਕੀਤੀ।

ਮੌਲਾ ਬਖ਼ਸ਼ ਕੁਸ਼ਤਾ ਨੇ **ਪੰਜਾਬ ਦੇ ਹੀਰੇ** ਪੁਸਤਕ ਵਿਚ ਕਾਲ ਦੀ ਨਿਰੰਤਰਤਾ ਨੂੰ ਕੇਂਦਰ ਵਿਚ ਰੱਖ ਕੇ ਰਚਨਾਕਾਰਾਂ ਅਤੇ ਰਚਨਾਵਾਂ ਦਾ ਵਰਗੀਕਰਨ ਹੀ ਕੀਤਾ ਹੈ, ਕਾਲਵੰਡ ਨਹੀਂ ਕੀਤੀ। ਉਸਨੇ ਪੰਜਾਬੀ ਜ਼ੁਬਾਨ ਦਾ ਪ੍ਰਥਮ ਕਵੀ ਸ਼ੇਖ਼ ਫ਼ਰੀਦ ਜੀ ਨੂੰ ਸਵੀਕਾਰਿਆ। ਇਸ ਤੋਂ ਮਗਰੋਂ ਗੁਰਮਤਿ ਕਾਵਿਧਾਰਾ ਨਾਲ ਸੰਬੰਧਿਤ ਗੁਰੂ ਸਾਹਿਬਾਨ, ਸੂਫ਼ੀ ਕਵੀ ਅਤੇ ਕਿੱਸਾ ਸ਼ਾਇਰਾਂ ਨੂੰ ਕਾਲਕ੍ਰਮ ਵਿਚ ਰੱਖ ਕੇ ਲੇਖਾ-ਜੋਖਾ ਕੀਤਾ। ਉਸ ਨੇ ਰਚਨਹਾਰਾਂ ਅਤੇ ਰਚਨਾਵਾਂ ਦਾ ਸਮਾਂ ਮਿੱਥਣ ਲਈ ਹਿਜ਼ਰੀ ਤੇ ਈਸਵੀ ਸੰਨ ਨੂੰ ਅਪਣਾਇਆ।

ਡਾ. ਮੋਹਨ ਸਿੰਘ ਦੀਵਾਨਾ ਨੇ ਪ੍ਰਮਾਣਿਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਕੇ ਸਾਹਿਤ-ਇਤਿਹਾਸਾਂ ਦੀ ਰਚਨਾ ਕੀਤੀ। ਉਸ ਨੇ ਇਤਿਹਾਸਕਾਰੀ ਨਾਲ ਸਬੰਧਿਤ ਸਮੁੱਚੀਆਂ ਲਿਖਤਾਂ ਵਿਚ ਕਾਲਵੰਡ ਲਈ ਵੱਖੋ-ਵੱਖਰੇ ਪੈਟਰਨ ਅਪਣਾਏ। **ਏ ਹਿਸਟਰੀ ਆ.ਫ ਪੰਜਾਬੀ ਲਿਟਰੇਚਰ** ਪੁਸਤਕ ਵਿਚ ਕਾਲਵੰਡ ਹੇਠ ਲਿਖੇ ਅਨੁਸਾਰ ਹੈ:

(ੳ) ਪੂਰਵ ਨਾਨਕ ਕਾਲ

(ਅ) ਗੁਰੂ ਨਾਨਕ ਕਾਲ

(ੲ) ਪਿਛਲੇਰਾ ਮੁਗਲ ਕਾਲ

(ਸ) ਰਣਜੀਤ ਸਿੰਘ ਕਾਲ

(ਹ) ਬਰਤਾਨਵੀ ਰਾਜਕਾਲ

ਉਪਰੋਕਤ ਕਾਲਵੰਡ ਵਿਚ ਸਾਹਿਤਕ ਕਾਲਾਂ ਦਾ ਨਾਮਕਰਣ ਮਹਾਨ ਇਤਿਹਾਸਕ ਸ਼ਖ਼ਸੀਅਤਾਂ ਤੇ ਰਾਜਸੀ ਯੁੱਗ ਉੱਪਰ ਆਧਾਰਿਤ ਰੱਖਿਆ ਹੈ।

**ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼** ਵਿਚ (ੳ) ਨਾਥ ਜੋਗੀਆਂ ਦਾ ਸਮਾਂ (ਅ) ਜਗਤ ਗੁਰੂ ਨਾਨਕ ਦੇਵ ਦਾ ਅਹਿਦ ਜਾਂ ਗੁਰੂ ਘਰ ਦਾ ਜ਼ੁੱਗ। ਇਸ ਕਾਲਵੰਡ ਦੇ ਸੰਦਰਭ ਵਿਚ ਦੀਵਾਨਾ ਨੇ ਪਹਿਲੇ ਕਾਲ ਦਾ ਨਾਮਕਰਣ ਨਾਥਾਂ ਜੋਗੀਆਂ ਦੇ ਨਾਮ ਉੱਪਰ ਆਧਾਰਿਤ 850 ਈ. ਤੋਂ 1450 ਈ. ਤੱਕ ਸਮਾਂ ਨਿਸ਼ਚਿਤ ਕੀਤਾ। ਦੂਜੇ ਕਾਲ ਦਾ ਨਾਮਕਰਣ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਸਬੰਧਿਤ ਹੈ। ਇਸ ਕਾਲ ਵਿਚ ਬਾਬਾ ਸਿਰੀ ਚੰਦ, ਗੁਰੂ ਗ੍ਰੰਥ ਸਾਹਿਬ, ਸਿੱਖ ਗੁਰੂ ਸਾਹਿਬਾਨ, ਭਾਈ ਗੁਰਦਾਸ ਜੀ, ਸਾਲਿਸ ਰਾਏ ਜੌਹਰੀ ਦਾ ਸਰਵੇਖਣ ਕੀਤਾ ਹੈ।

ਡਾ. ਦੀਵਾਨਾ ਨੇ **ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ** ਪੁਸਤਕ ਵਿਚ ਨਿਮਨ ਅਨੁਸਾਰ ਕਾਲਵੰਡ ਕੀਤੀ:

(ੳ) ਗੋਰਖਨਾਥ ਦਾ ਯੁਗ (850 ਈ.–1450 ਈ.)

(ਅ) ਗੁਰੂ ਨਾਨਕ ਦਾ ਯੁਗ (1450 ਈ.–1708 ਈ.)

(ੲ) ਸੁਮਾਰਗ ਦਾ ਯੁਗ (1708 ਈ.–1780 ਈ.)

(ਸ) ਕਾਦਰਯਾਰ ਦਾ ਯੁਗ (1780 ਈ.–1800 ਈ.)

(ਹ) ਪਰਿਵਰਤਨ ਕਾਲ (1860 ਈ.–1950 ਈ.)

ਉਪਰੋਕਤ ਕਾਲਵੰਡ ਵਿਚ ਡਾ. ਦੀਵਾਨਾ ਨੇ ਪਹਿਲੇ ਦੋ ਕਾਲਾਂ ਦਾ ਨਾਮਕਰਣ ਸਿਰਮੌਰ ਜਾਂ ਸਿਰਕੱਢ ਕਵੀਆਂ ਦੇ ਨਾਮ ਉੱਪਰ ਆਧਾਰਿਤ ਰੱਖਿਆ ਹੈ। ਤੀਸਰੇ ਯੁਗ ਦਾ ਨਾਮਕਰਣ 'ਪ੍ਰੇਮ ਸੁਮਾਰਗ' ਉੱਪਰ ਆਧਾਰਿਤ ਹੈ। ਚੌਥੇ ਯੁੱਗ ਦਾ ਨਾਮਕਰਣ ਪੰਜਾਬੀ ਸਾਹਿਤ ਦੀ ਪ੍ਰਮੁੱਖ ਸ਼ਖ਼ਸੀਅਤ ਕਾਦਰਯਾਰ ਅਤੇ ਕਵੀ ਸੰਤੋਖ ਸਿੰਘ ਦੇ ਨਾਮ 'ਤੇ ਆਧਾਰਿਤ ਹੈ। ਉਸ ਦੁਆਰਾ ਪੰਜਵੇਂ ਕਾਲ ਦਾ ਨਾਮਕਰਣ ਸਾਹਿਤਕ ਲਹਿਰ 'ਤੇ ਆਧਾਰਿਤ ਹੈ, ਕਿਉਂਕਿ ਇਸ ਕਾਲਵੰਡ ਤਕ ਪੱਛਮੀ ਸਾਹਿਤ ਦੇ ਪ੍ਰਭਾਵ ਰਾਹੀਂ ਪੰਜਾਬੀ ਸਾਹਿਤ ਵਿਚ ਵਿਸ਼ੇ, ਸਾਹਿਤਕ ਰੂਪਾਂ ਅਤੇ ਸ਼ੈਲੀਆਂ ਪੱਖੋਂ ਮਨੁੱਖੀ ਚੇਤਨਤਾ ਰਾਹੀਂ ਚੋਖੇ ਬਦਲਾਵ ਆ ਚੁੱਕੇ ਸਨ।

**ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ** ਪੁਸਤਕ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਤਿੰਨ ਭਾਗਾਂ ਵਿਚ ਵੰਡੀ ਹੈ:

(ੳ) ਪੰਜਾਬੀ ਸਾਹਿਤ ਦਾ ਪੁਰਾਣਾ ਸਮਾਂ (800 ਈ. ਤੋਂ 1450 ਈ.)

(ਅ) ਵਿਚਲਾ ਸਮਾਂ (1450 ਈ. ਤੋਂ 1850 ਈ.)

(ੲ) ਪੰਜਾਬੀ ਸਾਹਿਤ ਦਾ ਨਵਾਂ ਸਮਾਂ:

1. ਭਾਰਤ ਵਿਚ ਬਰਤਾਨਵੀ ਰਾਜ ਕਾਲ (1947 ਈ. ਤੱਕ)
2. ਆਜ਼ਾਦ ਭਾਰਤ ਕਾਲ (1947 ਈ. ਤੋਂ ਅਜੋਕਾ ਸਮਾਂ)

ਉਪਰੋਕਤ ਕਾਲਵੰਡ (ੳ) ਤੇ (ਅ) ਭਾਗ ਦੇ ਨਾਮਕਰਣ ਦਾ ਆਧਾਰ ਸਮੇਂ ਨੂੰ ਬਣਾਇਆ ਹੈ ਅਤੇ (ੲ) ਵਿਚ ਉਸ ਨੇ ਪੰਜਾਬ ਦੀ ਰਾਜਸੀ ਸਥਿਤੀ ਨੂੰ ਮੁੱਖ ਰੱਖ ਕੇ ਬਰਤਾਨਵੀਂ ਰਾਜਕਾਲ ਅਤੇ ਆਜ਼ਾਦ ਭਾਰਤ ਨੂੰ ਆਧਾਰ ਮਿੱਥ ਕੇ ਕਾਲ ਦਾ ਨਾਮਕਰਣ ਕੀਤਾ ਹੈ।

ਬਨਾਰਸੀ ਦਾਸ ਜੈਨ ਨੇ **ਪੰਜਾਬੀ ਜ਼ੁਬਾਨ ਤੇ ਉਹਦਾ ਲਿਟਰੇਚਰ** ਪੁਸਤਕ ਵਿਚ ਕਾਲਵੰਡ ਕਰਨ

ਦੀ ਬਜਾਏ ਵੱਖ-ਵੱਖ ਧਰਮਾਂ ਨੂੰ ਆਧਾਰ ਬਣਾ ਕੇ ਵਰਗੀਕਰਣ ਕੀਤਾ ਹੈ :

(ੳ) ਸਿੱਖ ਮਜ਼ਹਬੀ ਲਿਟਰੇਚਰ

(ਅ) ਮੁਸਲਮਾਨ ਮਜ਼ਹਬੀ ਲਿਟਰੇਚਰ

(ੲ) ਹਿੰਦੂ ਲਿਟਰੇਚਰ

(ਸ) ਈਸਾਈ ਲਿਟਰੇਚਰ

(ਹ) ਦੁਨਿਆਵੀ ਲਿਟਰੇਚਰ

(ਕ) ਨਵੀਂ ਲਹਿਰ ਦਾ ਲਿਟਰੇਚਰ

ਉਸ ਨੇ ਸਾਹਿਤਕਾਰਾਂ ਅਤੇ ਰਚਨਾਵਾਂ ਨੂੰ ਵੱਖ-ਵੱਖ ਧਰਮਾਂ ਨਾਲ ਜੋੜ ਕੇ ਨਿਰਖਿਆ-ਪਰਖਿਆ ਹੈ ਪ੍ਰੰਤੂ ਕਿਸੇ ਵੀ ਧਰਮ ਪ੍ਰਤੀ ਨਿੰਦਾਮਈ ਸੁਰ ਨਹੀਂ ਅਪਣਾਈ।

ਸੁਰਿੰਦਰ ਸਿੰਘ ਕੋਹਲੀ ਨੇ **ਪੰਜਾਬੀ ਸਾਹਿਤ ਦਾ ਇਤਿਹਾਸ** ਪੁਸਤਕ ਵਿਚ ਪੰਜਾਬੀ ਸਾਹਿਤ ਦੀ ਕਾਲਵੰਡ ਨਹੀਂ ਕੀਤੀ ਬਲਕਿ ਸਾਹਿਤਕ ਰਚਨਾਵਾਂ ਦਾ ਵਰਗੀਕਰਣ ਕੀਤਾ ਹੈ:

1. ਪੰਦਰਵੀਂ ਸਦੀ ਤਕ (ੳ) ਅਤੇ (ਅ)
2. ਕਬੀਰ ਤੇ ਫ਼ਰੀਦਸਾਨੀ
3. ਗੁਰਮਤਿ ਦਾ ਸਾਹਿਤ (ੳ, ਅ, ੲ ਤੇ ਸ)
4. ਨਿਰਮਲੇ ਸਾਧੂ (ੳ) ਕਵਿਤਾ ਤੇ ਵਾਰਤਕ
5. ਸੂਫ਼ੀਅਤ, ਸੂਫ਼ੀ ਕਵੀ
6. ਬਿਆਨੀਆਂ ਕਵਿਤਾ:
   (ੳ) ਵਾਰਾਂ (ਅ) ਮੁੱਢਲੇ ਕਿੱਸਾ ਲੇਖਕ (ੲ) ਵਾਰਸ ਸ਼ਾਹ
7. ਫੁਟਕਲ ਰਚਨਾਵਾਂ
8. ਨਵੀਨ ਸਾਹਿਤ

ਡਾ. ਕੋਹਲੀ ਨੇ ਸਾਹਿਤਕ ਰਚਨਾਵਾਂ ਦੇ ਵਰਗੀਕਰਣ ਲਈ ਨਿਸ਼ਚਿਤ ਚੌਖਟੇ ਨੂੰ ਅਪਣਾਇਆ ਹੈ। ਉਸ ਨੇ ਸਾਹਿਤਕਾਰਾਂ ਨੂੰ ਕਾਲਕ੍ਰਮ ਮੁਤਾਬਕ ਰੱਖਿਆ ਹੈ। ਇਸ ਲਈ ਉਸ ਦੇ ਵਰਗੀਕਰਣ ਵਿਚ ਦੁਹਰਾਓ ਪੈਦਾ ਹੋ ਗਿਆ ਹੈ। ਜਿਵੇਂ ਕਵਿਤਾ ਅਤੇ ਵਾਰਤਕ ਦੇ ਰਚਨਾਕਾਰਾਂ ਨੂੰ ਵੱਖ-ਵੱਖ ਵਰਗਾਂ ਵਿਚ ਵੰਡਿਆ ਹੈ।

ਗੋਪਾਲ ਸਿੰਘ ਦਰਦੀ ਨੇ **ਪੰਜਾਬੀ ਸਾਹਿਤ ਦਾ ਇਤਿਹਾਸ** ਪੁਸਤਕ ਵਿਚ ਹੇਠਾਂ ਲਿਖੇ ਅਨੁਸਾਰ ਕਾਲਵੰਡ ਕੀਤੀ:

(ੳ) ਮੁਢਲਾ ਸਮਾਂ

(ਅ) ਗੁਰੂ ਸਾਹਿਬਾਨ ਦਾ ਜ਼ਮਾਨਾ

(ੲ) ਗੁਰੂ ਸਾਹਿਬਾਨ ਦਾ ਜ਼ਮਾਨਾ (ਮੁਗਲਈ ਕਾਲ)

(ਸ) ਪਿਛਲਾ ਮੁਗਲਈ ਕਾਲ

(ਹ) ਸਿੱਖ ਰਾਜ ਦਾ ਜ਼ਮਾਨਾ

(ਕ) ਅੰਗਰੇਜ਼ੀ ਰਾਜ ਦਾ ਜ਼ਮਾਨਾ (1800 ਤੋਂ ਬਾਅਦ)

ਉਪਰੋਕਤ ਕਾਲਵੰਡ ਵਿਚ ਡਾ. ਦਰਦੀ ਨੇ ਡਾ. ਦੀਵਾਨਾ ਦੀ ਕਾਲਵੰਡ ਨੂੰ ਆਧਾਰ ਬਣਾਇਆ ਪਰੰਤੂ ਉਸ ਨੇ ਕਈ ਤੱਥਾਂ ਵਿਚ ਵਾਧੇ ਕੀਤੇ ਹਨ, ਉਸ ਨੇ ਪ੍ਰਸਤੁਤੀਕਰਣ ਤੋਂ ਗੁਰੂ ਸਾਹਿਬਾਨ ਦੇ ਜ਼ਮਾਨੇ ਨੂੰ ਦੋ ਕਾਲਾਂ ਵਿਚ ਵੰਡਿਆ ਹੈ।

ਸੁਰਿੰਦਰ ਸਿੰਘ ਨਰੂਲਾ ਨੇ **ਪੰਜਾਬੀ ਸਾਹਿਤ ਦਾ ਇਤਿਹਾਸ** ਵਿਚ ਇਸ ਪ੍ਰਕਾਰ ਕਾਲਵੰਡ ਕੀਤੀ ਹੈ:

1. ਵੀਰ ਗਾਥਾ ਕਾਲ

2. ਅਧਿਆਤਮਕ ਕਵੀ ਤੇ ਜੋਗੀ (ਦਾਰਸ਼ਨਿਕ ਸਾਹਿਤ)
3. ਗੁਰੂ ਘਰ ਦਾ ਸਾਹਿਤ
4. ਗੁਰੂ ਸਾਹਿਬਾਨ ਦਾ ਜ਼ਮਾਨਾ:
   (ੳ) ਭਗਤੀ ਲਹਿਰ
   (ਅ) ਸੂਫ਼ੀਅਤ ਦੇ ਕਵੀ
   (ੲ) ਰੁਮਾਂਚਿਕ ਕਵਿਤਾ
   (ਸ) ਵਾਰਤਕ ਰਚਨਾ
5. ਅਠਾਰ੍ਹਵੀਂ ਸਦੀ ਦਾ ਸਾਹਿਤ:
   (ੳ) ਸੂਫ਼ੀ ਕਵੀ
   (ਅ) ਰੁਮਾਂਚਿਕ ਕਵਿਤਾ
   (ੲ) ਬੀਰ ਰਸੀ ਕਵਿਤਾ
   (ਸ) ਭਗਤੀ ਲਹਿਰ ਦਾ ਸਾਹਿਤ
6. ਰਣਜੀਤ ਸਿੰਘ ਕਾਲ- ਕਿੱਸਾ ਲੇਖਕ ਕਵੀ
7. ਸਿੱਖ ਰਾਜ ਦਾ ਜ਼ਮਾਨਾ - ਦੇਸ਼ ਪਿਆਰ ਦਾ ਸਾਹਿਤ
8. ਵਰਤਮਾਨ ਕਾਲ

ਨਰੂਲਾ ਦੁਆਰਾ ਪ੍ਰਸਤੁਤ ਕਾਲਵੰਡ ਵਿਚ ਰੋਲ-ਘਚੋਲ ਵਾਪਰਿਆ ਹੈ। ਉਸਨੇ ਸਾਹਿਤਕਾਰਾਂ ਅਤੇ ਰਚਨਾਵਾਂ ਨੂੰ ਕਾਲਕ੍ਰਮਤਾ ਅਨੁਸਾਰ ਪੇਸ਼ ਨਹੀਂ ਕੀਤਾ।

ਡਾ. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ ਨੇ **ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ ਪੁਸਤਕ** ਵਿਚ ਕਾਲਵੰਡ ਨੂੰ ਨਵੀਆਂ ਲੀਹਾਂ ਦੇਣ ਦੀ ਕੋਸ਼ਿਸ ਕੀਤੀ :

1. ਪੂਰਵ ਮੁਗਲ ਕਾਲ (983 ਈ.-1520 ਈ.)
2. ਮੁਗਲ ਕਾਲ (1521 ਈ.-1707 ਈ.)
3. ਪਿਛਲਾ ਮੁਗਲ ਕਾਲ (1708 ਈ. -1799 ਈ.)
4. ਸਿੱਖ ਰਾਜ ਕਾਲ ( 1799 ਈ.-1849 ਈ.)
5. ਆਧੁਨਿਕ ਕਾਲ (1849 ਈ.-1947 ਈ.)
6. ਸੁਤੰਤਰਤਾ ਕਾਲ (1947 ਈ. ਤੋਂ ਵਰਤਮਾਨ ਕਾਲ ਤਕ)

ਉਪਰੋਕਤ ਕਾਲਵੰਡ ਵਿਚ ਲੇਖਕਾਂ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਸਮੇਂ ਕਾਲਾਂ ਦਾ ਨਾਮਕਰਣ ਸਮਾਜਿਕ ਇਤਿਹਾਸ ਨਾਲ ਜੋੜ ਕੇ ਕੀਤਾ ਹੈ।

ਉਪਰੋਕਤ ਇਤਿਹਾਸਕਾਰਾਂ ਦੁਆਰਾ ਪ੍ਰਸਤੁਤ ਕਾਲਵੰਡ ਤੋਂ ਇਹ ਸੂਤਰ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਸਾਹਿਤ ਇਤਿਹਾਸਕਾਰੀ ਵਿਚ ਕਾਲਵੰਡ ਦਾ ਸੰਕਲਪ ਉਰਦੂ, ਫ਼ਾਰਸੀ ਤੇ ਅੰਗਰਜ਼ੀ ਵਿਦਿਆ ਪ੍ਰਣਾਲੀ ਰਾਹੀਂ ਪੰਜਾਬੀ ਇਤਿਹਾਸਕਾਰੀ ਵਿਚ ਪ੍ਰਵੇਸ਼ ਕੀਤਾ। ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਦੀ ਪੁਸਤਕ **ਆਬ-ਏ-ਹਯਾਤ** ਦਾ ਵੀ ਪੰਜਾਬੀ ਸਾਹਿਤ ਇਤਿਹਾਸਕਾਰੀ ਉੱਪਰ ਚੋਖਾ ਪ੍ਰਭਾਵ ਦਿਖਾਈ ਦਿੰਦਾ ਹੈ। ਮੀਰ ਕਿਰਾਮਤਉਲਾ ਨੇ ਉਰਦੂ-ਫ਼ਾਰਸੀ ਸਾਹਿਤ ਦੀ ਕਾਲਵੰਡ ਦੇ ਪੈਟਰਨ ਤੋਂ ਪ੍ਰਭਾਵਿਤ ਹੋ ਕੇ **ਚਸ਼ਮਾ-ਏ-ਹਯਾਤ** ਪੁਸਤਕ ਵਿਚ ਕਾਲਵੰਡ ਕਰਨ ਦੀ ਪਹਿਲਕਦਮੀ ਕੀਤੀ। ਇਸ ਰਚਨਾ ਉੱਪਰ **ਆਬ-ਏ-ਹਯਾਤ** ਦਾ ਪ੍ਰਭਾਵ ਹੈ। ਮੌਲਾ ਬਖ਼ਸ਼ ਕੁਸ਼ਤਾ ਨੇ ਕਾਲਵੰਡ ਨਹੀਂ ਕੀਤੀ ਸਗੋਂ 'ਤਜ਼ਕਰਾ-ਨਿਗਾਰੀ' ਦੀ ਮੂਲ ਲੋੜ ਮੁਤਾਬਕ ਕਾਲ ਪ੍ਰਵਾਹ ਵਿਚ ਲੁਪਤ ਅਣਖੋਜੇ, ਅਣਪਰਖੇ, ਚਰਚਿਤ ਤੇ ਅਚਰਚਿਤ ਸ਼ਾਇਰਾ ਬਾਰੇ ਸਾਹਿਤ ਸਮੱਗਰੀ ਨੂੰ ਇਕੱਤਰ ਕਰਕੇ ਸ਼ਾਇਰਾਂ ਦੇ ਜੀਵਨ ਤੇ ਰਚਨਾਵਾਂ ਸਬੰਧੀ ਕਾਲਕ੍ਰਮ ਮੁਤਾਬਕ ਵਰਗੀਕ੍ਰਿਤ ਕੀਤਾ। ਬਾਬਾ ਬੁੱਧ ਸਿੰਘ ਨੇ ਵੀ

ਸਾਹਿਤਕ ਵੰਨਗੀਆਂ ਦੀ ਸ਼੍ਰੇਣੀਗਤ ਵੰਡ ਵਿਸ਼ਿਆਂ ਉੱਪਰ ਆਧਾਰਿਤ ਕੀਤੀ। ਪੰਜਾਬੀ ਸਾਹਿਤ ਦੀ ਪ੍ਰਮਾਣਿਕ ਤੇ ਵਿਗਿਆਨਕ ਢੰਗ ਨਾਲ ਕਾਲਵੰਡ ਕਰਨ ਵਾਲਾ ਪ੍ਰਥਮ ਇਤਿਹਾਸਕਾਰ ਮੋਹਨ ਸਿੰਘ ਦੀਵਾਨਾ ਹੈ। ਉਸ ਨੇ ਸਾਹਿਤਕ ਰਚਨਾਵਾਂ ਨੂੰ ਕਾਲਕ੍ਰਮ ਵਿਚ ਰੱਖ ਕੇ ਕਾਲਵੰਡ ਲਈ ਪ੍ਰਮਾਣਿਕ ਚੌਖਟਾ ਤਿਆਰ ਕੀਤਾ। ਗੋਪਾਲ ਸਿੰਘ ਦਰਦੀ ਦੁਆਰਾ ਕੀਤੀ ਕਾਲਵੰਡ ਤਾਂ ਡਾ. ਦੀਵਾਨਾ ਦੇ ਪੈਟਰਨ ਦਾ ਅਨੁਸਰਨ ਹੈ। ਪ੍ਰੰਤੂ ਉਸਨੇ ਕਈ ਤੱਥਾਂ ਵਿਚ ਵਾਧੇ ਵੀ ਕੀਤੇ। ਡਾ. ਕੋਹਲੀ ਨੇ ਵੀ ਸਾਹਿਤਕ ਵੰਨਗੀਆਂ ਆਧਾਰਿਤ ਵਰਗੀਕਰਣ ਹੀ ਕੀਤਾ ਹੈ। ਨਰੂਲਾ ਨੇ ਵੀ ਡਾ. ਦੀਵਾਨਾ ਦਾ ਪ੍ਰਭਾਵ ਤਾਂ ਕਬੂਲਿਆ ਹੈ ਪ੍ਰੰਤੂ ਉਸ ਨੇ 'ਰਣਜੀਤ ਸਿੰਘ ਕਾਲ' ਅਤੇ 'ਸਿੱਖ ਰਾਜ ਦਾ ਜ਼ਮਾਨਾ' ਦੋ ਵਰਗਾਂ ਵਿਚ ਵੰਡਿਆ ਹੈ ਜਦ ਕਿ ਰਣਜੀਤ ਸਿੰਘ ਹੀ ਸਿੱਖ ਰਾਜ ਦਾ ਪ੍ਰਮੁੱਖ ਨਾਇਕ ਹੈ। ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਪੁਸਤਕ ਵਿਚ ਵੀ ਲੇਖਕਾਂ ਨੇ ਪ੍ਰਮਾਣਿਕ ਤੇ ਵਿਗਿਆਨਕ ਕਾਲਵੰਡ ਕਰਨ ਦਾ ਉਪਰਾਲਾ ਕੀਤਾ। ਉਪਰੋਕਤ ਇਤਿਹਾਸਕਾਰਾਂ ਨੇ ਕਾਲਵੰਡ ਕਰਨ ਸਮੇਂ ਹੀ ਕਾਲਾਂ ਦੀ ਸੀਮਾ ਨਿਰਧਾਰਤ ਕਰਨ ਦੀ ਮੁੱਢਲੀ ਲੋੜ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਵੱਖੋ-ਵੱਖਰੇ ਕਾਲਾਂ ਦਾ ਸੀਮਾ ਅੰਕਣ ਵੀ ਕੀਤਾ ਹੈ। ਡਾ. ਦੀਵਾਨਾ ਦੁਆਰਾ ਪੂਰਵ ਨਾਨਕ ਕਾਲ ਦੀ ਸੀਮਾ ਨਿਰਧਾਰਤ ਕਰਨਾ ਪੰਜਾਬੀ ਸਾਹਿਤ-ਇਤਿਹਾਸਕਾਰੀ ਵਿਚ ਪ੍ਰਥਮ ਕਾਰਜ ਹੈ। ਉਸ ਨੇ ਸਾਹਿਤ ਇਤਿਹਾਸਕਾਰੀ ਨਾਲ ਸਬੰਧਿਤ ਵੱਖ-ਵੱਖ ਪੁਸਤਕਾਂ ਵਿਚ 'ਪੂਰਵ ਨਾਨਕ ਕਾਲ', 'ਗੋਰਖ ਕਾਲ', 'ਪੰਜਾਬੀ ਸਾਹਿਤ ਦਾ ਉਗਵਣ ਕਾਲ' ਅਤੇ 'ਨਾਥਾਂ ਜੋਗੀਆਂ ਦਾ ਸਮਾਂ' ਆਦਿ ਸਿਰਲੇਖਾਂ ਹੇਠ ਰੱਖ ਕੇ ਪੂਰਵ ਨਾਨਕ ਕਾਲ ਵਿਚ ਨਾਥਾਂ, ਜੋਗੀਆਂ ਦੇ ਸਾਹਿਤ ਨੂੰ ਨਿਖੇੜ ਕੇ ਪੰਜਾਬੀ ਸਾਹਿਤ ਦੇ ਮੁੱਢ ਦਾ ਮਹਾਂਦ੍ਰਿਸ਼ ਪੇਸ਼ ਕੀਤਾ।

ਪੰਜਾਬੀ ਸਾਹਿਤ ਦੀ ਇਤਿਹਾਸ ਤੇ ਵਿਕਾਸ ਰੇਖਾ ਤੋਂ ਸੂਤਰ ਉਭਰਦੇ ਹਨ ਕਿ ਰਣਜੀਤ ਸਿੰਘ ਦੇ ਰਾਜਕਾਲ ਤਕ ਪੰਜਾਬੀ ਸਾਹਿਤ ਦਾ ਘੇਰਾ ਸੀਮਤ ਰੂਪਾਕਾਰਾਂ ਅਤੇ ਸਾਹਿਤ ਵਿਧਾਵਾਂ ਨਾਲ ਸਬੰਧਿਤ ਸੀ। ਗਿਣਾਤਮਕ ਪੱਖ ਤੋਂ ਵੀ ਘੱਟ ਅਤੇ ਵਿਸ਼ੇ ਪੱਖ ਤੋਂ ਰਚਨਾਵਾਂ ਧਾਰਮਿਕ ਜਾਂ ਰੁਮਾਂਟਿਕ ਸੁਭਾਅ ਵਾਲੀਆਂ ਹੀ ਸਨ। ਵੀਹਵੀਂ ਸਦੀ ਵਿਚ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਪੰਜਾਬੀ ਸਾਹਿਤਕਾਰਾਂ ਉੱਪਰ ਪਿਆ। ਪੰਜਾਬੀ ਸਾਹਿਤ ਵਿਚ ਕਈ ਨਵੇਂ ਸਾਹਿਤ ਰੂਪਾਂ ਨਾਵਲ, ਕਹਾਣੀ, ਨਾਟਕ, ਇਕਾਂਗੀ, ਸਫ਼ਰਨਾਮਾ, ਜੀਵਨੀ, ਸਵੈ-ਜੀਵਨੀ, ਖੁੱਲੀ ਕਵਿਤਾ ਆਦਿ ਦਾ ਪ੍ਰਵੇਸ਼ ਹੋਇਆ। ਪੰਜਾਬੀ ਸਾਹਿਤ ਇਤਿਹਾਸਕਾਰਾਂ ਵਿਚੋਂ ਡਾ. ਦੀਵਾਨਾ ਨੇ ਇਸ ਕਾਲ ਨੂੰ 'ਬਰਤਾਨਵੀ ਰਾਜਕਾਲ' ਤੇ 'ਪਰਿਵਰਤਨ ਕਾਲ' ਦਾ ਨਾਮ ਦਿੱਤਾ। ਡਾ. ਦਰਦੀ ਨੇ ਇਸ ਸ਼੍ਰੇਣੀ ਦੇ ਸਾਹਿਤ ਨੂੰ 'ਅੰਗਰੇਜ਼ੀ ਰਾਜ' ਦਾ ਜ਼ਮਾਨਾ ਅਤੇ ਡਾ. ਕੋਹਲੀ ਨੇ 'ਨਵੀਨ ਸਾਹਿਤ' ਵਿਚ ਰੱਖ ਕੇ ਵਾਚਿਆ ਹੈ।

ਪੰਜਾਬੀ ਸਾਹਿਤ ਵਿਚ ਸਾਹਿਤ-ਇਤਿਹਾਸ ਲਿਖਣ ਦੀ ਕੋਈ ਮੌਲਿਕ ਪਰੰਪਰਾ ਮੌਜੂਦ ਨਾ ਹੋਣ ਕਰਕੇ ਪੰਜਾਬੀ ਸਾਹਿਤ ਦੇ ਪਹਿਲੇ ਸਾਹਿਤ-ਇਤਿਹਾਸ ਉਨ੍ਹਾਂ ਵਿਦਵਾਨਾਂ ਦੁਆਰਾ ਲਿਖੇ ਗਏ ਹਨ ਜੋ ਇਤਿਹਾਸਕਾਰ ਨਹੀਂ ਸਨ। ਇਨ੍ਹਾਂ ਦਾ ਮਨੋਰਥ ਪੰਜਾਬੀ ਸਾਹਿਤਕ ਰਚਨਾਵਾਂ ਦੀ ਸਾਂਭ-ਸੰਭਾਲ ਕਰਨਾ ਸੀ। ਇਸ ਲਈ ਪੰਜਾਬੀ ਦੇ ਮੁਢਲੇ ਸਾਹਿਤ-ਇਤਿਹਾਸਕਾਰਾਂ ਨੇ ਉਰਦੂ-ਫ਼ਾਰਸੀ ਅਤੇ ਅੰਗਰੇਜ਼ੀ ਸਾਹਿਤ ਦੇ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਕਾਰਜ ਕੀਤਾ। ਮੌਲਾ ਬਖ਼ਸ਼ ਕੁਸ਼ਤਾ ਜਾਂ ਬਾਵਾ ਬੁੱਧ ਸਿੰਘ ਜਿਥੇ ਰਚਨਾਕਾਰਾਂ ਦੇ ਜੀਵਨ ਬਿਊਰੇ 'ਤੇ ਰਚਨਾਵਾਂ ਬਾਰੇ ਵਿਸ਼ੇਸ਼ ਵਰਣਨ ਨੂੰ ਹੀ ਮਹੱਤਤਾ ਦਿੰਦੇ ਹਨ ਉਥੇ ਅੰਗਰੇਜ਼ੀ ਸਾਹਿਤ ਦੀ ਇਤਿਹਾਸਕਾਰੀ ਦੇ ਪ੍ਰਭਾਵ ਰਾਹੀਂ ਡਾ. ਦੀਵਾਨਾ, ਦਰਦੀ, ਕੋਹਲੀ, ਨਰੂਲਾ ਤੇ ਕਿਰਪਾਲ ਸਿੰਘ ਕਸੇਲ ਨੇ ਸਮੇਂ-ਸਮੇਂ ਪੰਜਾਬ ਵਿਚ ਪ੍ਰਚੱਲਿਤ ਸਿਆਸੀ ਲਹਿਰਾਂ, ਧਾਰਮਿਕ ਅਤੇ ਸਮਾਜਿਕ ਵਾਤਾਵਰਣ ਨੂੰ ਵੀ ਸਾਹਿਤ ਧਾਰਾਵਾਂ ਤੇ ਦੌਰਾਂ ਦੇ ਪ੍ਰਸੰਗ ਵਿਚ ਰੱਖ ਕੇ ਵਾਚਿਆ ਹੈ। ਅੰਗਰੇਜ਼ੀ ਸਾਹਿਤ ਦਾ ਪੰਜਾਬੀ ਸਾਹਿਤ ਇਤਿਹਾਸਕਾਰੀ ਉੱਪਰ ਇਕਦਮ ਪੂਰਾ ਅਸਰ ਨਹੀਂ ਪਿਆ ਬਲਕਿ ਸਭ ਤੋਂ ਪਹਿਲਾਂ ਮੀਰ ਕਿਰਾਮਤਉਲਾ ਨੇ ਸਾਹਿਤ ਦੀ ਕਾਲਵੰਡ ਕਰਨ ਦੀ ਕੋਸ਼ਿਸ ਕੀਤੀ। ਬਾਵਾ ਬੁੱਧ ਸਿੰਘ ਨੇ ਵਿਸ਼ੇ ਦੇ ਆਧਾਰ ਉੱਪਰ

ਵਰਗਵੰਡ ਕੀਤੀ ਅਤੇ ਫਿਰ ਡਾ. ਦੀਵਾਨਾ, ਕੋਹਲੀ, ਦਰਦੀ, ਨਰੂਲਾ, ਕਸੇਲ ਨੇ ਅੰਗਰੇਜ਼ੀ ਸਾਹਿਤ ਦੇ ਸਮੁੱਚੇ ਪ੍ਰਭਾਵ ਨੂੰ ਕਬੂਲਿਆ।

## ਪੁਸਤਕ-ਸੂਚੀ


- ਆਜ਼ਾਦ, ਮਹੁੰਮਦ ਹੁਸੈਨ **ਆਬ-ਏ-ਹਾਯਾਤ**, ਨੈਸ਼ਨਲ ਬੁੱਕ ਟਰੱਸਟ, ਇੰਡਿਆ, 1994.
- ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000.
- ਕੁਸ਼ਤਾ, ਮੌਲਾ ਬਖ਼ਸ਼, **ਪੰਜਾਬ ਦੇ ਹੀਰੇ** (ਸੰਪਾ. ਗੁਰਮੁਖ ਸਿੰਘ), ਸ਼ਰੁਤੀ ਪੋਕਟ ਬੁਕਸ ਦਿੱਲੀ, 2000.
- ਕੋਹਲੀ, ਸੁਰਿੰਦਰ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1995.
- ਜੈਨ ਬਨਾਰਸੀ ਦਾਸ, **ਪੰਜਾਬੀ ਜ਼ੁਬਾਨ ਤੇ ਉਹਦਾ ਲਿਟਰੇਚਰ**, ਲਾਹੌਰ ਦੇਵੀ ਦਾਸ ਜਨਕੀ ਦਾਸ, 1941.
- ਦੇਵਿੰਦਰ ਸਿੰਘ (ਸੰਪਾ.) **ਬਾਵਾ ਬੁੱਧ ਸਿੰਘ ਰਚਨਾਵਲੀ** (ਹੰਸ ਚੋਗ, ਕੋਇਲ ਕੂ ਅਤੇ ਬੰਬੀਹਾ ਬੋਲ), ਸਾਹਿਤ ਅਕਾਦਮੀ, ਦਿੱਲੀ, 2003.
- ਦੀਵਾਨਾ, ਮੋਹਨ ਸਿੰਘ, **ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼**, ਹਿੰਦ ਪ੍ਰੈਸ, ਕੋਰਟ ਰੋਡ, ਅੰਮ੍ਰਿਤਸਰ 1948.

  .............................., **ਐਨ ਇੰਟਰੋਡੈਕਸ਼ਨ ਟੂ ਪੰਜਾਬੀ ਲਿਟਰੇਚਰ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1951.

  ............................, **ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਦੂਜੀ ਵਾਰ, 1956.

  ............................, **ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ**, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1958.
- ਨਰੂਲਾ, ਸੁਰਿੰਦਰ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ**, ਨਿਊਂ ਬੁੱਕ ਕੰਪਨੀ, ਜਲੰਧਰ, 1969.
- ਮੀਰ ਕਿਰਾਮਤਉਲਾ, **ਚਸ਼ਮਾ-ਏ-ਹਾਯਾਤ**, 1913.

# ਖੋਜ-ਪ੍ਰਬੰਧ ਵਿਚ ਨਿਸ਼ਕਰਸ਼ ਦਾ ਮਹੱਤਵ

—ਮੇਘਾ ਸਲਵਾਨ*

ਮਨੁੱਖ ਇੱਕ ਸੁਚੇਤ ਪ੍ਰਾਣੀ ਹੈ। ਇਹ ਸੁਚੇਤਨਤਾ ਹੀ ਮਨੁੱਖ ਨੂੰ ਕੁਝ ਨਵਾਂ ਜਾਨਣ ਤੇ ਕਰਨ ਲਈ ਪ੍ਰੇਰਦੀ ਹੈ। ਅਜਿਹੀ ਪ੍ਰੇਰਨਾ ਹੀ ਖੋਜ ਦਾ ਆਧਾਰ ਬਣਦੀ ਹੈ। ਅੱਜ ਅਕਾਦਮਿਕ ਸੰਸਥਾਵਾਂ ਵਿਚ ਖੋਜ ਨੂੰ ਅਹਿਮ ਸਥਾਨ ਪ੍ਰਾਪਤ ਹੈ, ਕਿਉਂਕਿ ਆਧੁਨਿਕ ਮਨੁੱਖ ਹਰੇਕ ਵਸਤੂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਖਦਾ ਹੈ। ਇਹ ਪਰਚਾ ਵਿਸ਼ੇਸ਼ ਤੌਰ ਉੱਤੇ ਸਾਹਿਤਕ ਖੋਜ ਦੇ ਪ੍ਰਸੰਗ ਵਿਚ ਲਿਖਿਆ ਗਿਆ ਹੈ। ਇਸ ਦੇ ਅੰਤਰਗਤ ਉਪਾਧੀ ਸਾਪੇਖ ਖੋਜ ਵਿਚ ਨਿਸ਼ਕਰਸ਼ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ।

ਖੋਜ ਲਈ ਵੱਖਰੀਆਂ-ਵੱਖਰੀਆਂ ਭਾਸ਼ਾਵਾਂ ਵਿਚ ਵੱਖਰੇ-ਵੱਖਰੇ ਸ਼ਬਦ ਮਿਲਦੇ ਹਨ। ਖੋਜ ਦੇ ਸਮਾਨਅਰਥਕ ਅੰਗਰੇਜ਼ੀ ਭਾਸ਼ਾ ਦਾ ਸ਼ਬਦ Research ਹੈ, ਜੋ ਦੋ ਸ਼ਬਦਾਂ 'ਰੀ' (Re) ਅਤੇ 'ਸਰਚ' (Search) ਤੋਂ ਮਿਲ ਕੇ ਬਣਿਆ ਹੈ। 'ਰੀ' ਦੇ ਅਰਥ 'ਬਾਰ-ਬਾਰ', 'ਘਣੀ' ਜਾਂ 'ਘੋਖਵੀਂ' ਅਤੇ 'ਸਰਚ' ਦੇ ਅਰਥ 'ਖੋਜ', 'ਢੂੰਡ' ਜਾਂ 'ਭਾਲ' ਹਨ। ਇੰਝ 'ਰੀ+ਸਰਚ' ਦੋਹਾਂ ਸ਼ਬਦਾਂ ਦੇ ਸ਼ਾਬਦਿਕ ਅਰਥ ਹਨ : 'ਬਾਰ-ਬਾਰ ਕੀਤੀ ਘੋਖਵੀਂ ਖੋਜ'। ਹਿੰਦੀ ਭਾਸ਼ਾ ਵਿਚ ਖੋਜ ਦੇ ਸਮਾਨਅਰਥੀ-ਅਨੁਸੰਧਾਨ, ਸ਼ੋਧ, ਨਿਰੂਪਣ, ਅਨੁਸ਼ੀਲਨ, ਅਨਵੇਸ਼ਨ, ਜਿਗਿਆਸਾ ਆਦਿ ਸ਼ਬਦ ਮਿਲਦੇ ਹਨ। 'ਅਨੁਸੰਧਾਨ' ਤੋਂ ਭਾਵ ਹੈ 'ਲਕਸ਼ ਦੇ ਪਿੱਛੇ ਲਗਣਾ', 'ਸੋਚ-ਵਿਚਾਰ ਕਰਨਾ'। 'ਸ਼ੋਧ' ਤੋਂ ਭਾਵ ਹੈ- ਨਿਰਮਲ, ਸਾਫ਼ ਅਤੇ ਸ਼ੰਕਾ ਰਹਿਤ। 'ਅਨੁਸ਼ੀਲਨ' ਦੇ ਅਰਥ ਹਨ- ਨਿਰੰਤਰ ਅਧਿਐਨ, ਲਗਾਤਾਰ ਚਿੰਤਨ ਅਤੇ ਬਾਕਾਇਦਾ ਅਭਿਆਸ। 'ਅਨਵੇਸ਼ਣ' ਤੋਂ ਭਾਵ ਕਿਸੇ ਮਨ ਇੱਛਿਤ ਵਸਤੂ ਨੂੰ ਪ੍ਰਾਪਤ ਕਰਨ ਲਈ ਕਿਸੇ ਫੁਰਨੇ ਨੂੰ ਅਸਲੀਅਤ ਵਿਚ ਤਬਦੀਲ ਕਰਨਾ ਤੇ ਕਿਸੇ ਸਿੱਧਾਂਤਾਭਾਸ (Hypothesis) ਨੂੰ ਸਿੱਧਾਂਤ (Thesis) ਰੂਪ ਦੇਣਾ ਹੈ। ਸ਼ਬਦ 'ਨਿਰੂਪਣ' ਪਤਾ ਲਗਾਉਣ ਅਤੇ ਰੂਪ ਨਿਸ਼ਚਿਤ ਕਰਨ ਦੀ ਪ੍ਰਕਿਰਿਆ ਦੇ ਅਰਥ ਪ੍ਰਗਟਾਉਂਦਾ ਹੈ। 'ਜਿਗਿਆਸਾ' ਸ਼ਬਦ ਤੋਂ ਭਾਵ ਅਰਥ ਜਾਣਨ ਦੀ ਭੁੱਖ ਤੋਂ ਹੈ। ਇਸ ਪ੍ਰਕਾਰ ਇਹ ਸਮੁੱਚੇ ਅਰਥ ਵੱਖ-ਵੱਖ ਪ੍ਰਕਾਰ ਦੀ ਦਿਸ਼ਾ ਨੂੰ ਨਿਰਧਾਰਤ ਕਰਦੇ ਹਨ।

ਆਮ ਸ਼ਬਦਾਂ ਵਿਚ 'ਖੋਜ' ਦਾ ਅਰਥ ਕਿਸੇ ਗੁਆਚੀ ਹੋਈ ਵਸਤੂ ਨੂੰ ਲੱਭਣਾ ਜਾਂ ਖੋਜਣਾ ਹੈ। ਪਰੰਤੂ ਵਿਸ਼ੇਸ਼ ਅਰਥਾਂ ਵਿਚ ਅਗਿਆਤ ਤੱਥਾਂ ਦੀ ਲੱਭਤ ਵਾਸਤੇ ਮਿਹਨਤ, ਲਗਨ, ਅਤੇ ਸਿਰੜ ਨਾਲ ਕੰਮ ਕਰਨਾ ਅਤੇ ਕੰਮ ਦੇ ਸਿੱਟੇ ਵਜੋਂ ਨਵੀਆਂ ਕਾਢਾਂ ਕੱਢਣਾ ਹੀ ਖੋਜ ਹੈ। ਕੁਝ ਨਵਾਂ ਖੋਜਣ ਦਾ ਕਾਰਜ ਮਨੁੱਖੀ ਹੋਂਦ ਦੇ ਨਾਲ ਹੀ ਚੱਲਦਾ ਆਇਆ ਹੈ। ਹਰ ਯੁੱਗ ਵਿਚ ਨਵੇਂ ਵਿਚਾਰਾਂ ਦਾ ਆਵਿਸ਼ਕਾਰ ਭਾਵੇਂ ਨਾ ਹੋਇਆ ਹੋਵੇ, ਪਰ ਪੁਰਾਣੇ ਵਿਚਾਰਾਂ ਨੂੰ ਨਵਾਂ ਰੂਪ ਪ੍ਰਦਾਨ ਕਰਨ ਅਤੇ ਅਗਿਆਤ ਨੂੰ ਗਿਆਤ ਕਰਨ ਦਾ ਕਾਰਜ ਨਿਰੰਤਰ ਹੁੰਦਾ ਰਹਿੰਦਾ ਹੈ। ਡਾ. ਪਿਆਰ ਸਿੰਘ ਮੁਤਾਬਕ:

> ਖੋਜ ਮਨੁੱਖੀ ਵਿਹਾਰ ਦੀ ਉਹ ਕ੍ਰਿਆ ਹੈ ਜੋ ਸਮੱਗਰੀ ਦੇ ਇਕਤ੍ਰੀਕਰਣ, ਉਸਦੇ ਘੋਖਵੇਂ ਵਿਸ਼ਲੇਸ਼ਣ ਅਤੇ ਲੁਪਤ ਕਾਰਨਾਂ ਜਾਂ ਵਸਤਾਂ ਦੇ ਉਘਾੜਣ ਅਥਵਾ ਸੱਚਾਈਆਂ ਦੇ ਲੱਭਣ ਵਿਚ ਪ੍ਰਗਟ ਹੁੰਦੀ ਹੈ।[1]

ਉਪਰੋਕਤ ਪਰਿਭਾਸ਼ਾ ਖੋਜ ਦੀ ਪ੍ਰਕਿਰਤੀ ਤੋਂ ਜਾਣੂ ਕਰਾਉਂਦੀ ਹੋਈ ਖੋਜ ਪ੍ਰਕਿਰਿਆ ਦੇ ਤਿੰਨ ਅਹਿਮ ਪਹਿਲੂਆਂ 'ਖੋਜ ਸਾਮੱਗਰੀ ਦੇ ਇਕੱਤਰੀਕਰਣ', 'ਉਸ ਦੇ ਘੋਖਵੇਂ ਵਿਸ਼ਲੇਸ਼ਣ' ਅਤੇ 'ਲੁਪਤ

* ਅਸਿਸਟੈਂਟ ਪ੍ਰੋਫ਼ੈਸਰ , ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਕਾਰਨਾਂ ਜਾਂ ਵਸਤਾਂ ਨੂੰ ਉਘਾੜਣ' ਉੱਤੇ ਚਾਨਣਾ ਪਾਉਂਦੀ ਹੈ। ਐਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਿਜ਼ ਅਨੁਸਾਰ :

ਖੋਜ ਗਿਆਨ ਦੀ ਤਸਦੀਕ ਨੂੰ ਕਹਿੰਦੇ ਹਨ।[2]

ਐਨਸਾਈਕਲੋਪੀਡੀਆ ਆਫ ਐਜੂਕੇਸ਼ਨ ਮੁਤਾਬਕ :

ਖੋਜ ਦਾ ਉਦੇਸ਼ ਗਿਆਨ ਦੀ ਖੋਜ ਕਰਨਾ, ਗਿਆਨ ਵਿਚ ਵਾਧਾ ਕਰਨਾ ਜਾਂ ਇਸ ਨੂੰ ਸ਼ੁੱਧ ਕਰਨਾ ਹੁੰਦਾ ਹੈ। ਖੋਜ ਇਸ ਲਈ ਕੀਤੀ ਜਾਂਦੀ ਹੈ ਕਿ ਅਸੀਂ ਕੁਝ ਜਾਣਨਾ ਚਾਹੁੰਦੇ ਹਾਂ।[3]

ਖੋਜ ਇੱਕ ਰਚਨਾਤਮਕ ਅਮਲ ਹੋਣ ਦੇ ਨਾਤੇ ਇੱਕ ਖੁੱਲ੍ਹਾ ਸੰਜਮ ਹੈ ਜਿਸਦਾ ਮਨੋਰਥ ਪ੍ਰਾਪਤ ਸਮੱਗਰੀ ਨੂੰ ਕੇਵਲ ਸੰਭਾਲਣਾ, ਸਮਝਣਾ ਤੇ ਸੰਗਠਿਤ ਕਰਨਾ ਹੀ ਨਹੀਂ, ਸਗੋਂ ਮਾਨਵੀ ਰੁਚੀਆਂ ਤੇ ਸੂਝ ਦੇ ਵਿਕਾਸ ਦਾ ਰਾਹ ਖੋਲ੍ਹਣਾ ਵੀ ਹੈ। ਇਸ ਕਰਕੇ ਹਰੇਕ ਅਨੁਸ਼ਾਸ਼ਨ ਦੇ ਖੋਜਾਰਥੀ ਦਾ ਪ੍ਰਯਤਨ ਦੂਹਰਾ ਹੁੰਦਾ ਹੈ : ਆਪਣੇ ਵਸਤੂ (Object) ਦੀਆਂ ਅੰਦਰੂਨੀ ਪ੍ਰਕਿਰਿਆਵਾਂ ਨੂੰ ਸਮਝ ਕੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਦੀਆਂ ਪ੍ਰਕਾਰਜੀ ਸੰਭਾਵਨਾਵਾਂ ਉਘਾੜਨਾ। ਜੇ ਖੋਜੀ ਨੂੰ ਆਪਣੇ ਖੋਜ ਦੇ ਸਮਾਜਕ ਪਰਿਪੇਖ ਤੇ ਮਾਨਵੀ ਸਾਰਥਕਤਾ ਦਾ ਗਿਆਨ ਨਹੀਂ ਤਾਂ ਕਿਸੇ ਮਕਾਨਕੀ ਵਿਧੀ ਵਿਚ ਪਰਪੱਕਤਾ ਹਾਸਲ ਕਰ ਲੈਣ ਪਿੱਛੋਂ ਉਸ ਦੀ ਖੋਜ ਬੇਅਰਥ ਜਾਂ ਵਿਨਾਸ਼ਕਾਰੀ ਹੋਵੇਗੀ।[4]

ਉਪਰੋਕਤ ਵਿਚਾਰਾਂ ਦੇ ਆਧਾਰ ਉੱਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਖੋਜ ਇੱਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਕਿਸੇ ਸੱਚ ਜਾਂ ਕਿਸੇ ਤੱਥ ਦੀ ਘੋਖਵੀਂ ਪੁਣਛਾਣ ਕੀਤੀ ਜਾਂਦੀ ਹੈ, ਨਵੇਂ ਤੱਥਾਂ ਦੀ ਭਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਤੱਥਾਂ ਦੀ ਸਹੀ ਵਿਆਖਿਆ ਕੀਤੀ ਜਾਂਦੀ ਹੈ। ਇਸ ਪ੍ਰਕਾਰ ਖੋਜ ਪ੍ਰਕਿਰਿਆ ਦਾ ਉਦੇਸ਼ ਨਵੇਂ ਤੱਥਾਂ ਨੂੰ ਲੱਭਣਾ, ਉਨ੍ਹਾਂ ਦੀ ਸਹੀ ਵਿਆਖਿਆ ਕਰਨ, ਸਵੀਕਾਰ ਕੀਤੇ ਜਾ ਚੁੱਕੇ ਨਿਸ਼ਕਰਸ਼ਾਂ, ਸਿੱਧਾਂਤਾਂ ਜਾਂ ਨਿਯਮਾਂ ਦੀ ਵਿਵਹਾਰਕ ਵਰਤੋਂ ਆਦਿ ਹੈ। ਇਸ ਕਰਕੇ ਇਸ ਪ੍ਰਕਿਰਿਆ ਨੂੰ 'ਗਿਆਤ ਤੋਂ ਅਗਿਆਤ' ਵੱਲ ਜਾਣ ਜਾਂ ਘੱਟ ਜਾਣੂੰ ਚੀਜ਼ਾਂ ਬਾਰੇ ਵਧੇਰੇ ਅਤੇ ਹੋਰ ਵਧੇਰੇ ਪਤਾ ਲਾਉਣ ਦੀ ਪ੍ਰਕਿਰਿਆ ਵੀ ਕਿਹਾ ਜਾਂਦਾ ਹੈ, ਜਿਸਦਾ ਨਿਸ਼ਾਨਾ ਸੱਚਾਈਆਂ ਨੂੰ ਲੱਭ ਕੇ ਮਨੁੱਖੀ ਗਿਆਨ ਦੀ ਸੀਮਾ ਨੂੰ ਵਧੇਰੇ ਵਿਆਪਕ ਕਰਨਾ ਹੈ।

ਸਾਹਿਤਕ-ਖੋਜ ਸਾਹਿਤ ਨਾਲ ਸਬੰਧਿਤ ਹੈ। ਸਾਹਿਤ ਸ਼ਬਦਾਂ ਦੇ ਮਾਧਿਅਮ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਇਸ ਕਰਕੇ ਸਾਹਿਤਕ-ਖੋਜ ਦਾ ਆਧਾਰ ਸ਼ਬਦ ਬਣਦੇ ਹਨ ਅਤੇ ਸਾਹਿਤਕ-ਤੱਥ ਇਸ ਦੀ ਆਧਾਰ ਸਮੱਗਰੀ। ਇੱਕ ਖ਼ਾਸ ਪ੍ਰਕਿਰਿਆ ਹੋਣ ਕਰਕੇ ਸਾਹਿਤਕ-ਖੋਜ ਨੂੰ ਕੁਝ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਮਿਸਾਲ ਵਜੋਂ ਵਿਸ਼ੇ ਦੀ ਚੋਣ ਕਰਨੀ, ਵਿਸ਼ੇ ਦੀ ਰੂਪ-ਰੇਖਾ ਤਿਆਰ ਕਰਨੀ, ਪੁਸਤਕ-ਸੂਚੀ ਬਣਾਉਣੀ, ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕੱਤਰ ਕਰਨੀ, ਉਸਦਾ ਘੋਖਵਾਂ ਵਿਸ਼ਲੇਸ਼ਣ ਕਰਨ ਉਪਰੰਤ ਨਵੇਂ ਤੱਥਾਂ ਨੂੰ ਅਗਰਭੂਮ ਕਰਨਾ ਅਤੇ ਉਨ੍ਹਾਂ ਦੀ ਵਿਧੀਵਤ ਤਰੀਕੇ ਨਾਲ ਉਚਿਤ ਪੇਸ਼ਕਾਰੀ ਕਰਨੀ ਆਦਿ। ਅਜਿਹੀ ਖ਼ਾਸ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਹੀ ਖੋਜੀ ਖੋਜ-ਪ੍ਰਬੰਧ/ਸ਼ੋਧ-ਪ੍ਰਬੰਧ ਦੀ ਰਚਨਾ ਕਰਦਾ ਹੈ।

ਖੋਜੀ ਦੁਆਰਾ ਸੰਪੂਰਨ ਰੂਪ ਵਿਚ ਤਿਆਰ ਕੀਤਾ ਖੋਜ-ਪ੍ਰਬੰਧ/ਸ਼ੋਧ-ਪ੍ਰਬੰਧ ਕਈ ਲਘੂ-ਇਕਾਈਆਂ ਦੇ ਆਪਸੀ ਸੁਮੇਲ ਦਾ ਸਿੱਟਾ ਹੁੰਦਾ ਹੈ। ਇਨ੍ਹਾਂ ਇਕਾਈਆਂ ਵਿਚ ਤਤਕਰਾ, ਧੰਨਵਾਦ, ਭੂਮਿਕਾ, ਸੰਕੇਤ-ਸੂਚੀ, ਅਨੁਬੰਧ, ਅਧਿਆਇ-ਵੰਡ, ਨਿਸ਼ਕਰਸ਼, ਹਵਾਲੇ-ਟਿੱਪਣੀਆਂ, ਪੁਸਤਕ ਸੂਚੀ ਅਤੇ ਅਨੁਕ੍ਰਮਣਿਕਾ ਆਦਿ ਸ਼ਾਮਲ ਹੁੰਦੇ ਹਨ। ਇਨ੍ਹਾਂ ਸਾਰੀਆਂ ਇਕਾਈਆਂ ਦਾ ਸੂਤਰਬਧ ਸੁਮੇਲ ਹੀ ਖੋਜ-ਪ੍ਰਬੰਧ/ਸ਼ੋਧ-ਪ੍ਰਬੰਧ ਨੂੰ ਸਮੂਰਤ ਰੂਪ ਪ੍ਰਦਾਨ ਕਰਦਾ ਹੈ। ਇਨ੍ਹਾਂ ਇਕਾਈਆਂ ਦੀ ਸੰਖੇਪ ਰੂਪ ਵਿਚ ਜਾਣਕਾਰੀ ਇਸ ਪ੍ਰਕਾਰ ਹੈ :

ਤਤਕਰਾ (Table of Contents) :

ਤਤਕਰਾ ਇੱਕ ਅਜਿਹੀ ਇਕਾਈ ਹੈ ਜਿਸ ਵਿਚ ਖੋਜ-ਪ੍ਰਬੰਧ ਦੀ ਸਾਰੀ ਰੂਪ ਰੇਖਾ ਨੂੰ ਉਘਾੜਿਆ

ਜਾਂਦਾ ਹੈ। ਇਸ ਵਿਚ ਧੰਨਵਾਦ ਤੋਂ ਲੈ ਕੇ ਅਨੁਕ੍ਰਮਣਿਕਾ ਤੱਕ ਖੋਜ-ਪ੍ਰਬੰਧ ਦੇ ਹਰ ਅੰਗ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਕਿਹੜੇ ਪੰਨੇ ਤੋਂ ਸ਼ੁਰੂ ਹੋ ਕੇ ਕਿੱਥੇ ਖ਼ਤਮ ਹੁੰਦਾ ਹੈ।

ਧੰਨਵਾਦ (Acknowledgement) :

ਧੰਨਵਾਦ ਦੇ ਅੰਤਰਗਤ ਖੋਜੀ ਆਪਣੇ ਨਿਗਰਾਨ ਅਤੇ ਹੋਰ ਸਹਾਇਕਾਂ ਪ੍ਰਤੀ ਸ਼ੁਕਰਗੁਜ਼ਾਰੀ ਦੇ ਭਾਵ ਪ੍ਰਗਟ ਕਰਦਾ ਹੈ। ਖੋਜ-ਪ੍ਰਬੰਧ ਦੇ ਇਸ ਹਿੱਸੇ ਨੂੰ 'ਮੁੱਖ-ਬੰਧ' ਵੀ ਕਿਹਾ ਜਾਂਦਾ ਹੈ।

ਭੂਮਿਕਾ (Introduction) :

ਭੂਮਿਕਾ ਦੇ ਅੰਤਰਗਤ ਖੋਜ-ਪ੍ਰਬੰਧ ਸੰਬੰਧੀ ਮੁਢਲੀ ਜਾਣ-ਪਛਾਣ ਕਰਾਈ ਜਾਂਦੀ ਹੈ। ਇਸ ਦੇ ਅੰਤਰਗਤ ਖੋਜ ਖੇਤਰ ਦੇ ਨਿਰਧਾਰਣ, ਉਸਨੂੰ ਪ੍ਰਸਤੁਤ ਕਰਨ ਲਈ ਬਣਾਈ ਗਈ ਵਿਉਂਤ ਅਤੇ ਜ਼ਰੂਰੀ ਅਭਿਧਾਰਨਾਵਾਂ ਦੀ ਵਿਆਖਿਆ ਕੀਤੀ ਜਾਂਦੀ ਹੈ।

ਸੰਕੇਤ-ਸੂਚੀ (List of Abbreviations) :

ਇਸ ਵਿਚ ਖੋਜਾਰਥੀ ਵਲੋਂ ਪੁਸਤਕਾਂ ਜਾਂ ਲੇਖਕਾਂ ਦੇ ਨਾਵਾਂ ਦੀ ਸੂਚੀ ਬਣਾਈ ਜਾਂਦੀ ਹੈ। ਪਰੰਤੂ ਇਸ ਦੀ ਲੋੜ ਕੇਵਲ ਉਸ ਸਮੇਂ ਹੀ ਹੁੰਦੀ ਹੈ ਜੇ ਖੋਜੀ ਨੇ ਆਪਣੇ ਖੋਜ-ਪ੍ਰਬੰਧ ਵਿਚ ਪੁਸਤਕਾਂ ਜਾਂ ਲੇਖਕਾਂ ਦੇ ਨਾਂ ਸੰਖੇਪ ਕਰਕੇ ਵਰਤੇ ਹੋਣ।

ਅਨੁਬੰਧ (Body of the Thesis) :

ਖੋਜ-ਪ੍ਰਬੰਧ ਦੇ ਵਿਚਕਾਰਲੇ ਭਾਗ ਨੂੰ ਅਨੁਬੰਧ ਕਿਹਾ ਜਾਂਦਾ ਹੈ ਜਿਸ ਦੇ ਅੰਤਰਗਤ ਖੋਜ-ਪ੍ਰਬੰਧ ਦੇ ਅਧਿਆਇਆਂ ਦੀ ਵੰਡ ਸਿਰਲੇਖਾਂ ਅਤੇ ਉਪ-ਸਿਰਲੇਖਾਂ ਅਧੀਨ ਕੀਤੀ ਜਾਂਦੀ ਹੈ।

ਹਵਾਲੇ-ਟਿੱਪਣੀਆਂ (References) :

ਖੋਜਾਰਥੀ ਆਪਣੇ ਖੋਜ-ਕਾਰਜ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਲਈ ਹਵਾਲੇ-ਟਿੱਪਣੀਆਂ ਦੀ ਵਰਤੋਂ ਕਰਦਾ ਹੈ ਜਿਸ ਰਾਹੀਂ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦੀ ਅਭਿਵਿਅਕਤੀ ਕੀਤੀ ਜਾਂਦੀ ਹੈ।

ਪੁਸਤਕ-ਸੂਚੀ (Bibliography) :

ਖੋਜ-ਪ੍ਰਬੰਧ ਦੀ ਇੱਕ ਮਹੱਤਵਪੂਰਨ ਇਕਾਈ ਪੁਸਤਕ ਸੂਚੀ ਹੈ ਜਿਸ ਵਿਚ ਖੋਜਾਰਥੀ ਆਪਣੇ ਖੋਜ-ਕਾਰਜ ਵਿਚਲੀਆਂ ਸਹਾਇਕ ਪੁਸਤਕਾਂ ਸੰਬੰਧੀ ਵੇਰਵਾ ਦਿੰਦਾ ਹੈ।

ਅਨੁਕ੍ਰਮਣਿਕਾ (Index) :

ਅਨੁਕ੍ਰਮਣਿਕਾ ਦੇ ਅੰਤਰਗਤ ਖੋਜ-ਪ੍ਰਬੰਧ ਵਿਚ ਆਏ ਪ੍ਰਮੁੱਖ ਵਿਚਾਰਾਂ, ਪਰਿਭਾਸ਼ਕ ਸ਼ਬਦਾਂ ਜਾਂ ਸੰਕਲਪਾਂ ਦੀ ਸੂਚੀ ਪੇਸ਼ ਕੀਤੀ ਜਾਂਦੀ ਹੈ ਤਾਂ ਜੋ ਪਾਠਕਾਂ ਨੂੰ ਕਿਸੇ ਕਿਸਮ ਦੀ ਕਠਿਨਾਈ ਨਾਂ ਹੋਵੇ।

ਖੋਜ-ਪ੍ਰਬੰਧ ਨਾਲ ਸੰਬੰਧਿਤ ਉਪਰੋਕਤ ਇਕਾਈਆਂ ਦਾ ਆਪਣਾ ਮਹੱਤਵ ਹੈ। ਇਨ੍ਹਾਂ ਵਿਚੋਂ ਕੋਈ ਵੀ ਇਕਾਈ ਛੋਟੀ ਜਾਂ ਵੱਡੀ ਨਹੀਂ, ਸਗੋਂ ਹਰ ਇਕਾਈ ਦਾ ਆਪਣੀ ਥਾਂ ਅਹਿਮ ਯੋਗਦਾਨ ਹੈ। ਨਿਸ਼ਕਰਸ਼ ਵੀ ਇਨ੍ਹਾਂ ਵਿਭਿੰਨ ਇਕਾਈਆਂ ਵਿਚੋਂ ਇੱਕ ਜ਼ਰੂਰੀ, ਵਿਲੱਖਣ ਅਤੇ ਮਹੱਤਵਪੂਰਨ ਇਕਾਈ ਹੈ ਜੋ ਸਾਡੇ ਅਧਿਐਨ ਦਾ ਵਿਸ਼ਾ ਹੈ। ਇਸ ਨੂੰ ਹੀ ਖੋਜ-ਪ੍ਰਬੰਧ ਦੀ 'ਸਮੁੱਚੀ ਪ੍ਰਾਪਤੀ ਦੀ ਆਰਸੀ' ਕਿਹਾ ਜਾ ਸਕਦਾ ਹੈ।[5]

ਪੰਜਾਬੀ ਵਿਚ ਨਿਸ਼ਕਰਸ਼ ਲਈ ਉਪਸੰਹਾਰ, ਸਿੱਟਾ, ਸਾਰ-ਤੱਤ, ਸਥਾਪਨਾਵਾਂ, ਪ੍ਰਾਪਤੀਆਂ ਆਦਿ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਨਿਸ਼ਕਰਸ਼ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਸ ਦੇ ਸਮਾਨ ਰੂਪ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਜਾਣਨਾ ਵੀ ਬੇਹੱਦ ਜ਼ਰੂਰੀ ਹੈ।

ਨਿਸ਼ਕਰਸ਼ ਦੇ ਸਮਾਨਅਰਥੀ ਵਰਤਿਆ ਜਾਣ ਵਾਲਾ ਸ਼ਬਦ 'ਪ੍ਰਾਪਤੀਆਂ' ਅੰਗਰੇਜ਼ੀ ਭਾਸ਼ਾ ਦੇ ਸ਼ਬਦ Achievement ਦਾ ਪੰਜਾਬੀ ਅਨੁਵਾਦ ਹੈ। ਇਹ ਹਾਸਿਲ ਕਰਨ ਜਾਂ ਕੁਝ ਪਾ ਲੈਣ ਦੇ ਅਰਥਾਂ ਨੂੰ ਪ੍ਰਗਟਾਉਂਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਸੇ ਚੀਜ਼ ਦੀ ਹੌਂਸਲੇ, ਮਿਹਨਤ ਅਤੇ

ਕੁਸ਼ਲਤਾ (ਪ੍ਰਬੀਨਤਾ) ਨਾਲ ਕੀਤੀ ਗਈ ਕੋਈ ਪ੍ਰਾਪਤੀ ਦੇ ਭਾਵ ਪ੍ਰਗਟ ਕਰਦਾ ਹੈ।

ਸੂਤਰੀਕਰਨ ਅੰਗਰੇਜ਼ੀ ਸ਼ਬਦ Formulation ਦਾ ਪੰਜਾਬੀ ਅਨੁਵਾਦ ਹੈ। ਸਮੁੱਚੀ ਖੋਜ ਕਰਨ ਉਪਰੰਤ ਖੋਜਾਰਥੀ ਦੁਆਰਾ ਕੁਝ ਮਹੱਤਵਪੂਰਨ ਸੂਤਰ ਕੱਢੇ ਜਾਂਦੇ ਹਨ ਅਰਥਾਤ ਖੋਜ ਦਾ ਸੂਤਰੀਕਰਣ (Formulize) ਕੀਤਾ ਜਾਂਦਾ ਹੈ।

ਸਾਰ-ਤੱਤ ਜਾਂ ਸਾਰੰਸ਼ (Summary) ਇੱਕ ਹੋਰ ਸ਼ਬਦ ਹੈ ਜਿਸਦੀ ਵਰਤੋਂ ਨਿਸ਼ਕਰਸ਼ ਲਈ ਹੋਈ ਮਿਲਦੀ ਹੈ। ਸਾਰ-ਤੱਤ ਤੋਂ ਭਾਵ ਖੋਜ ਕਰਨ ਉਪਰੰਤ ਕੱਢਿਆ ਗਿਆ ਸੰਖਿਪਤ ਸਾਰ ਜਾਂ ਬਿਓਰਾ ਹੈ।

ਸਥਾਪਨਾਵਾਂ ਕਿਸੇ ਚੀਜ਼ ਦੇ ਲੱਭਣ ਅਤੇ ਉਸਨੂੰ ਸਥਾਪਿਤ ਕਰਨ ਦੇ ਅਰਥਾਂ ਦਾ ਸੂਚਕ ਸ਼ਬਦ ਹੈ। ਖੋਜ-ਕਾਰਜ ਮੁਕੰਮਲ ਹੋ ਜਾਣ ਤੋਂ ਬਾਅਦ ਖੋਜਾਰਥੀ ਕੁਝ ਨਵੇਂ ਵਿਚਾਰਾਂ ਦੀ ਸਥਾਪਤੀ ਕਰਦਾ ਹੈ। ਅੰਗਰੇਜ਼ੀ ਵਿਚ ਨਿਸ਼ਕਰਸ਼ ਲਈ ਵਰਤਿਆ ਜਾਂਦਾ ਸ਼ਬਦ Conclusion ਹੈ। ਐਫ਼ ਅਬਦੁੱਲ ਰਹੀਮ ਦੇ ਸ਼ਬਦਾਂ ਵਿਚ :

> ਨਿਸ਼ਕਰਸ਼ ਕੇਵਲ ਇੱਕ ਸੰਖੇਪ ਸਾਰ ਹੀ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਖੋਜ-ਪ੍ਰਬੰਧ ਦਾ ਮਾਤਰ ਇੱਕ ਪੁਨਰਵਿਵਰਣ ਹੋਵੇ। ਇਹ ਖੋਜ-ਪ੍ਰਬੰਧ ਤੋਂ ਪਾਰ ਹੋਵੇ ਤਾਂ ਕਿ ਸਹੀ ਨਿਰਣਾ ਕੀਤਾ ਜਾ ਸਕੇ, ਵਿਸ਼ੇ ਦੇ ਇੱਕ ਪਹਿਲੂ ’ਤੇ ਲੇਖਕ ਦੀ ਸਵੀਕ੍ਰਿਤੀ ਪ੍ਰਗਟ ਹੋਵੇ, ਖੋਜ ’ਤੇ ਚਰਚਾ ਕੀਤੀ ਜਾ ਸਕੇ ਜਾਂ ਸਹੀ ਦਿਸ਼ਾ ਪ੍ਰਦਾਨ ਕੀਤੀ ਜਾ ਸਕੇ।[6]

ਕ੍ਰਿਸ ਹਰਟ ਦੇ ਅਨੁਸਾਰ :

> ਇਸ ਅਧਿਆਇ ਦੇ ਅੰਤਰਗਤ ਕੀਤੇ ਗਏ ਕੰਮਾਂ ਨੂੰ ਇਕੱਠਾ ਕਰਕੇ ਕਿਸੇ ਨਤੀਜੇ ’ਤੇ ਪਹੁੰਚਿਆ ਜਾਂਦਾ ਹੈ। ਇਹ ਖੋਜ-ਪ੍ਰਬੰਧ ਦੇ ਵਿਸ਼ੇ ਸਾਰ ਤੋਂ ਅਧਿਕ ਹੁੰਦਾ ਹੈ। ਇਸ ਵਿਚ ਖੋਜ ਲਈ ਅਪਣਾਈ ਗਈ ਤਕਨੀਕ ਅਤੇ ਤੱਥਾਂ ਨੂੰ ਇਕੱਤਰ ਕਰਨ ਲਈ ਅਪਣਾਏ ਗਏ ਸਾਧਨਾਂ ਬਾਰੇ ਜਾਣਕਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ।[7]

‘ਉਪਸੰਹਾਰ’ ਇੱਕ ਹੋਰ ਸ਼ਬਦ ਹੈ ਜੋ ਨਿਸ਼ਕਰਸ਼ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਹ ਦੋ ਪ੍ਰਾਚੀਨ ਭਾਰਤੀ ਸਾਹਿਤ ਰੂਪਾਂ ਮਹਾਕਾਵਿ ਅਤੇ ਨਾਟਕ ਨਾਲ ਜੁੜੀ ਇੱਕ ਅਭਿਧਾਰਣਾ (Concept) ਹੈ। ਸੰਸਕ੍ਰਿਤ ਅਚਾਰੀਆ ਨੇ ਮਹਾਂਕਾਵਿ ਦੇ ਰੂਪਕ ਲਿਖਣ ਦੀ ਜੋ ਵਿਧੀ ਨਿਰਧਾਰਿਤ ਕੀਤੀ ਸੀ, ਉਸਦੇ ਮੁੱਢ ਵਿਚ ਮੰਗਲਾਚਰਣ ਜਾਂ ਪ੍ਰਸਤਾਵਨਾ ਦਾ ਆਉਣਾ ਜ਼ਰੂਰੀ ਸੀ। ਰੂਪਕ (ਨਾਟਕ) ਦੀ ਸੂਰਤ ਵਿਚ ਸੂਤਰਧਾਰ ਰੂਪਕ ਦੇ ਆਰੰਭ ਵਿਚ ਰੰਗਮੰਚ ’ਤੇ ਇਸ ਦੇ ਵਿਸ਼ੇ ਅਤੇ ਪਾਤਰਾਂ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੰਦਾ ਹੈ। ਸੂਤਰਧਾਰ ਵੱਲੋਂ ਕਰਾਈ ਗਈ ਜਾਣ-ਪਛਾਣ ਪਿੱਛੋਂ ਖੇਡ ਆਰੰਭ ਹੁੰਦੀ ਤੇ ਹੌਲੀ-ਹੌਲੀ ਖੁੱਲ੍ਹਦੀ ਹੋਈ ਸਿਖ਼ਰ ਨੂੰ ਪਹੁੰਚਦੀ ਅਤੇ ਅੰਤ ਉੱਤੇ ਜਾ ਕੇ ਮੁੱਕਦੀ ਸੀ। ਦੂਜੇ ਪਾਸੇ ਮਹਾਂਕਾਵਿ ਦੀ ਬਣਤਰ ਵੀ ਕੁਝ ਇਸ ਤਰ੍ਹਾਂ ਦੀ ਹੀ ਹੁੰਦੀ ਸੀ। ਮਹਾਂਕਾਵਿ ਵਿਚ ਮੁੱਢਲੇ ਹਿੱਸੇ ਨੂੰ ਆਮ ਤੌਰ ਤੇ ‘ਮੰਗਲਾਚਰਣ’ ਆਖਦੇ ਸਨ ਅਤੇ ਅੰਤਲੇ ਜਾਂ ਸਮਾਪਤੀ ਵਾਲੇ ਹਿੱਸੇ ਨੂੰ ‘ਉਪਸੰਹਾਰ’। ਖੋਜ-ਕਾਰਜ ਦੇ ਮੁੱਢਲੇ ਤੇ ਅੰਤਲੇ ਦੋਵੇਂ ਹਿੱਸੇ ਆਪਣੇ ਉਦੇਸ਼ ਦੀ ਪੂਰਤੀ ਵਿਚ ਮਹਾਕਾਵਿ ਤੇ ਨਾਟਕ ਕਲਾ ਦੀਆਂ ਅਭਿਧਾਰਣਾਵਾਂ ਮੰਗਲਾਚਰਣ ਤੇ ਉਪਸੰਹਾਰ ਨਾਲ ਰਲਦੇ ਹਨ।

‘ਉਪਸੰਹਾਰ’ ਦਾ ਸ਼ਾਬਦਿਕ ਅਰਥ ਹੈ : ਪਰਿਹਾਰ। ਪਰ ਸਾਹਿਤਕ ਖੇਤਰ ਵਿਚ ਇਹ ਇੱਕ ਪਰਿਭਾਸ਼ਕ ਸ਼ਬਦ ਹੈ । ਪੁਸਤਕ ਅਤੇ ਖ਼ਾਸ ਕਰਕੇ ਖੋਜ-ਪੱਤਰ ਆਦਿ ਦੇ ਅੰਤਲੇ ਭਾਗ ਨੂੰ ਜਿਸ ਵਿਚ ਸਾਰੀ ਖੋਜ ਦੇ ਸਿੱਟੇ, ਸਾਰੀ ਪੁਸਤਕ ਦਾ ਨਿਚੋੜ ਜਾਂ ਸਾਰੰਸ਼ ਆਦਿ ਦਿੱਤੇ ਜਾਂਦੇ ਹਨ, ਨੂੰ ਆਮ ਤੌਰ ਤੇ ਉਪਸੰਹਾਰ ਆਖਿਆ ਜਾਂਦਾ ਹੈ। ਇਹ ਉਪਸੰਹਾਰ ਕਿਸੇ ਕਾਂਡ ਜਾਂ ਪ੍ਰਕਰਣ ਦਾ ਵੀ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਹਰ ਪ੍ਰਕਰਨ ਦਾ ਅਲੱਗ-ਅਲੱਗ ਵੀ ਹੋ ਸਕਦਾ ਹੈ, ਕਈ ਵਾਰ ਸਮੁੱਚੀ ਪੁਸਤਕ ਦਾ ਵੀ ਹੁੰਦਾ ਹੈ।[8]

ਖੋਜ-ਪ੍ਰਬੰਧ ਵਿਚ ਵਰਤਿਆ ਜਾਂਦਾ ‘ਨਿਸ਼ਕਰਸ਼’ ਸ਼ਬਦ ਜੋ ਦੋ ਸ਼ਬਦਾਂ ਨਿਰ+ਕਰਸ਼ ਦਾ ਸੁਮੇਲ

ਹੈ, ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਕਰਸ਼ ਤੋਂ ਭਾਵ ਹੈ ਖਿੱਚਣਾ ਅਤੇ ਨਿਰ ਅਗੇਤਰ ਹੈ ਜੋ ਰਹਿਤ, ਨਿਸ਼ੇਧ, ਬਾਹਰ ਦੇ ਅਰਥ ਨੂੰ ਪ੍ਰਗਟਾਉਂਦਾ ਹੈ। ਖੋਜ-ਪ੍ਰਬੰਧ ਦੇ ਅੰਤ ਵਿਚ ਆਉਣ ਵਾਲੀ ਨਿਸ਼ਕਰਸ਼ ਰੂਪੀ ਇਕਾਈ ਦੀ ਅਹਿਮੀਅਤ ਕਿਸੇ ਪੱਖੋਂ ਵੀ ਬਾਕੀ ਇਕਾਈਆਂ ਤੋਂ ਘੱਟ ਨਹੀਂ ਹੈ। ਡਾ. ਪਿਆਰ ਸਿੰਘ ਨੇ ਇਸਦੇ ਲਈ 'ਉਪਸੰਹਾਰ' ਪਦ ਦੀ ਵਰਤੋਂ ਕੀਤੀ ਹੈ। ਇਸਦੇ ਮਹੱਤਵ ਨੂੰ ਪ੍ਰਗਟਾਉਂਦਿਆਂ ਉਹ ਲਿਖਦੇ ਹਨ :

> ਖੋਜ-ਪ੍ਰਬੰਧ ਦਾ ਇਹ ਹਿੱਸਾ ਬੜਾ ਮਹੱਤਵਪੂਰਨ ਹੁੰਦਾ ਹੈ। ਇਸ ਉੱਪਰ ਹੀ ਪਰੀਖੱਕ ਨੇ ਅੰਤਿਮ ਰੂਪ ਵਿਚ ਖੋਜ-ਪ੍ਰਬੰਧ ਬਾਰੇ ਰਾਇ ਕਾਇਮ ਕਰਨੀ ਤੇ ਕੰਮ ਦਾ ਮੁੱਲ ਪਾਣਾ ਹੁੰਦਾ ਹੈ।[੭]

ਖੋਜ-ਪ੍ਰਬੰਧ ਦੇ ਹਿੱਸੇ ਵਿਚ ਖੋਜਾਰਥੀ ਦੀ ਪ੍ਰਾਪਤੀਆਂ ਦਾ ਨਿਚੋੜ ਜਾਂ ਸੰਖਿਪਤ ਜਿਹਾ ਬਿਓਰਾ ਸ਼ਾਮਿਲ ਹੁੰਦਾ ਹੈ। ਇਸ ਵਿਚ ਖੋਜ-ਪ੍ਰਬੰਧ ਵਿਚ ਸ਼ਾਮਲ ਵੱਖ-ਵੱਖ ਅਧਿਆਇਆਂ ਸੰਬੰਧੀ ਸੰਖੇਪ ਸਾਰ ਅਤੇ ਉਨ੍ਹਾਂ ਦਾ ਮੁਲੰਕਣ ਵੀ ਕੀਤਾ ਜਾਂਦਾ ਹੈ। ਖੋਜ-ਦੌਰਾਨ ਖੋਜਾਰਥੀ ਦੁਆਰਾ ਕੀਤੀ ਗਈ ਕੋਈ ਵੀ ਨਵੀਂ ਪ੍ਰਾਪਤੀ ਜਾਂ ਪੁਰਾਣੇ ਤੱਥਾਂ ਦੀ ਸੁਧਾਈ ਆਦਿ ਬਾਰੇ ਸੂਚਨਾ ਨਿਸ਼ਕਰਸ਼ ਦਾ ਅੰਗ ਬਣਦੀ ਹੈ। ਕਈ ਵਾਰ ਵਿਸ਼ਾ ਪੁਰਾਣਾ ਹੋਣ ਦੇ ਬਾਵਜੂਦ ਕਈ ਨਵੇਂ ਤੱਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਜੇਕਰ ਖੋਜਾਰਥੀ ਦੀ ਖੋਜ ਵਿਆਖਿਆਤਮਕ ਵੰਨਗੀ ਦੀ ਹੈ ਅਤੇ ਉਸਨੇ ਵਿਸ਼ਲੇਸ਼ਣ ਲਈ ਕੋਈ ਨਵੀਂ ਪੱਧਤੀ ਕਾਇਮ ਕੀਤੀ ਹੈ ਤਾਂ ਇਸ ਸਭ ਦਾ ਬਿਓਰਾ ਨਿਸ਼ਕਰਸ ਵਿਚ ਸ਼ਾਮਲ ਕਰਨਾ ਲਾਜ਼ਮੀ ਹੈ। ਖੋਜ ਉਪਰੰਤ ਲੱਭੇ ਸਿੱਟਿਆਂ ਨੂੰ ਨਿਸ਼ਕਰਸ਼ ਵਿਚ ਲੜੀਵਾਰ ਅੰਕ ਪਾ ਕੇ ਪ੍ਰਸਤੁਤ ਕੀਤਾ ਜਾ ਸਕਦਾ ਹੈ ਅਤੇ ਜਾਂ ਫਿਰ ਹਰੇਕ ਸਿਧਾਂਤ, ਹਰੇਕ ਸਥਾਪਨਾ ਨੂੰ ਵੱਖਰਾ-ਵੱਖਰਾ ਪੈਰ੍ਹਾ ਬਣਾ ਕੇ ਪੇਸ਼ ਕੀਤਾ ਜਾ ਸਕਦਾ ਹੈ।

ਖੋਜ-ਪ੍ਰਬੰਧ ਵਿਚ ਨਿਸ਼ਕਰਸ਼ ਦੇਣ ਲੱਗਿਆਂ ਕੁਝ ਗੱਲਾਂ ਨੂੰ ਧਿਆਨ ਵਿਚ ਰੱਖਣਾ ਅਤਿਅੰਤ ਜ਼ਰੂਰੀ ਹੈ। ਜੋ ਵੀ ਵਿਚਾਰ, ਸਿੱਟਾ ਨਿਸ਼ਕਰਸ਼ ਵਿਚ ਪੇਸ਼ ਕੀਤਾ ਗਿਆ ਹੈ, ਉਸ ਸੰਬੰਧੀ ਪੂਰਾ ਵੇਰਵਾ ਖੋਜ-ਪ੍ਰਬੰਧ ਵਿਚ ਸ਼ਾਮਲ ਹੋਵੇ । ਅਰਥਾਤ ਕੋਈ ਵੀ ਅਜਿਹਾ ਵਿਚਾਰ ਜਾਂ ਅਜਿਹੀ ਧਾਰਨਾ ਨਾ ਪੇਸ਼ ਕੀਤੀ ਜਾਵੇ, ਜਿਸਦਾ ਜ਼ਿਕਰ ਮਾਤਰ ਤੱਕ ਖੋਜ-ਪ੍ਰਬੰਧ ਵਿਚ ਨਾ ਆਇਆ ਹੋਵੇ। ਇਸ ਗੱਲ ਦਾ ਵੀ ਵਿਸ਼ੇਸ਼ ਰੂਪ ਵਿਚ ਧਿਆਨ ਰੱਖਿਆ ਜਾਵੇ ਕਿ ਸ਼ਬਦਾਂ ਅਤੇ ਵਾਕਾਂ ਦਾ ਦੁਹਰਾਉ ਨਾ ਹੋਵੇ।

ਨਿਸ਼ਕਰਸ਼ ਵਿਚ ਖੋਜ-ਪ੍ਰਬੰਧ ਲਈ ਵਰਤੀ ਗਈ ਵਿਧੀ ਬਾਰੇ ਵੀ ਜਾਣਕਾਰੀ ਦੇਣੀ ਜ਼ਰੂਰੀ ਸਮਝੀ ਜਾਂਦੀ ਹੈ। ਨਿਸ਼ਕਰਸ਼ ਦੇਣ ਲੱਗਿਆ ਖੋਜਾਰਥੀ ਦਾ ਸੁਚੇਤ ਹੋਣਾ ਬੇਹੱਦ ਜ਼ਰੂਰੀ ਹੈ। ਜਿੱਥੋਂ ਤੱਕ ਹੋ ਸਕੇ ਉਸ ਨੂੰ ਅਤਿਕਥਨੀ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ। ਉਸ ਦੀ ਸੁਰ ਵਿਸ਼ਲੇਸ਼ਣੀ ਤਾਂ ਹੋਵੇ ਪਰੰਤੂ ਵਿਸ਼ੇਸ਼ਣੀ ਨਾ ਹੋਵੇ। ਸਿੱਧੀ ਤਾਰੀਫ਼ ਜਾਂ ਨਿੰਦਿਆ ਤੋਂ ਬਚਿਆ ਜਾਵੇ।

ਖੋਜ-ਪ੍ਰਬੰਧ ਦਾ ਵਿਸ਼ਾ ਕਈ ਵਾਰ ਤੁਲਨਾਤਮਕ ਹੁੰਦਾ ਹੈ, ਮਿਸਾਲ ਵਜੋਂ ਭਾਈ ਵੀਰ ਸਿੰਘ ਅਤੇ ਪ੍ਰੋ: ਪੂਰਨ ਸਿੰਘ ਦੀ ਕਵਿਤਾ ਦਾ ਤੁਲਨਾਤਮਕ ਅਧਿਐਨ। ਇਨ੍ਹਾਂ ਬਾਰੇ ਖੋਜ-ਪ੍ਰਬੰਧ ਵਿਚ ਵੱਖ-ਵੱਖ ਅਧਿਆਇ ਦੇ ਕੇ ਨਿਸ਼ਕਰਸ਼ ਵਿਚ ਇਨ੍ਹਾਂ ਦੋਹਾਂ ਦੀ ਤੁਲਨਾ ਉਪਰੰਤ ਪ੍ਰਾਪਤ ਸਿੱਟਿਆਂ ਨੂੰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਖੋਜਾਰਥੀ ਆਪਣੀ ਗੱਲ ਨੂੰ ਵਧੇਰੇ ਸਪੱਸ਼ਟ ਕਰਨ ਲਈ ਹੋਰ ਕਵੀਆਂ ਦੀਆਂ ਮਿਸਾਲਾਂ ਵੀ ਦੇ ਸਕਦਾ ਹੈ।

ਨਿਸ਼ਕਰਸ਼ ਵਿਚ ਕੋਈ ਵਿਚਾਰ, ਤੱਥ, ਸਿਧਾਂਤ, ਦੁਹਰਾਇਆ ਨਹੀਂ ਜਾਣਾ ਚਾਹੀਦਾ ਕਿਉਂਕਿ ਦੁਹਰਾਓ ਹੋਣ 'ਤੇ ਇਸਦੇ ਪ੍ਰਭਾਵ ਵਿਚ ਨੀਰਸਤਾ ਦਾ ਆਉਣਾ ਸੁਭਾਵਿਕ ਹੈ। ਨਿਸ਼ਕਰਸ਼ ਵਿਚ ਪੇਸ਼ ਹੋਏ ਵਿਚਾਰਾਂ ਦਾ ਤਰਕ ਅਧਾਰਿਤ ਹੋਣਾ ਲਾਜ਼ਮੀ ਹੈ।

ਖੋਜਾਰਥੀ ਦੇ ਸਿੱਟੇ ਤੱਥ ਅਧਾਰਿਤ ਵੀ ਹੁੰਦੇ ਹਨ ਅਤੇ ਵਿਚਾਰ ਆਧਾਰਿਤ ਵੀ। ਇਹ ਆਪਣੇ ਆਪ ਵਿਚ ਮਹੱਤਵਪੂਰਨ ਤਾਂ ਹੁੰਦੇ ਹੀ ਹਨ, ਪਰ ਇਨ੍ਹਾਂ ਨੂੰ ਪੇਸ਼ ਕਰਨ ਦਾ ਢੰਗ ਹੋਰ ਵੀ ਵਧੇਰੇ ਮਹੱਤਵ ਰੱਖਦਾ ਹੈ। ਨਿਸ਼ਕਰਸ਼ ਵਿਚ ਵਿਚਾਰਾਂ ਦੀ ਪੇਸ਼ਕਾਰੀ ਮਾਲਾ ਵਿਚ ਪਰੋਏ ਮੋਤੀਆਂ ਵਾਂਗ ਹੋਣੀ

ਚਾਹੀਦੀ ਹੈ। ਅਰਥਾਤ ਵਿਚਾਰ ਇੱਕ ਨਿਸ਼ਚਿਤ ਤਰਤੀਬ ਵਿਚ ਪੇਸ਼ ਹੋਣੇ ਚਾਹੀਦੇ ਹਨ। ਵਿਚਾਰਾਂ ਨੂੰ ਪੇਸ਼ ਕਰਨ ਲਈ ਵਰਤੀ ਗਈ ਭਾਸ਼ਾ ਵਿਚ ਸ਼ੁੱਧਤਾ ਅਤੇ ਸੰਜਮਤਾ ਦਾ ਗੁਣ ਹੋਣਾ ਜ਼ਰੂਰੀ ਹੈ ਤਾਂ ਕਿ ਵਿਚਾਰਾਂ ਦਾ ਸਰਲਤਾ ਨਾਲ ਪਾਠਕ ਤੱਕ ਸੰਚਾਰ ਹੋ ਸਕੇ। ਭਾਸ਼ਾਈ ਸੰਜਮਤਾ ਵਿਚਾਰਾਂ ਦੇ ਪ੍ਰਭਾਵ ਵਿਚ ਤੀਖਣਤਾ ਲਿਆਉਂਦੀ ਹੈ। ਨਿਸ਼ਕਰਸ਼ ਵਿਚ ਲੰਮੇ-ਚੌੜੇ ਦ੍ਰਿਸ਼ਟਾਂਤ, ਵਿਆਖਿਆ, ਵਿਸਥਾਰ ਅਤੇ ਉਦਾਹਰਣਾਂ ਆਦਿ ਦੇਣ ਦੀ ਲੋੜ ਨਹੀਂ।

ਖੋਜ-ਪ੍ਰਬੰਧ ਵਿਚ ਨਿਸ਼ਕਰਸ਼ ਦੀ ਠੀਕ ਢੰਗ ਨਾਲ ਪੇਸ਼ਕਾਰੀ ਖੋਜਾਰਥੀ ਦੀ ਸੂਝ, ਮੌਲਿਕ ਪ੍ਰਤਿਭਾ 'ਤੇ ਨਿਰਭਰ ਕਰਦੀ ਹੈ। ਨਿਸ਼ਕਰਸ਼ ਵਿਚ ਪੇਸ਼ ਹੋਏ ਸਿੱਟੇ, ਖੋਜ-ਵਿਸ਼ੇ ਨਾਲ ਇਸ ਤਰ੍ਹਾਂ ਜੁੜਕੇ ਪ੍ਰਸਤੁਤ ਹੋਣੇ ਚਾਹੀਦੇ ਹਨ ਕਿ ਉਨ੍ਹਾਂ ਵਿਚ ਕਿਸੇ ਕਿਸਮ ਦੀ ਵੱਖਰਤਾ ਜਾਂ ਦੂਰੀ ਨਜ਼ਰ ਨਾ ਆਵੇ। ਇਸਦਾ ਪ੍ਰਗਟਾ ਇਸ ਪ੍ਰਕਾਰ ਹੋਣਾ ਚਾਹੀਦਾ ਹੈ ਕਿ ਸਮੱਸਿਆ ਅਤੇ ਉਸਦਾ ਸਮੂਰਤ ਰੂਪ ਸਾਹਮਣੇ ਆ ਜਾਵੇ। ਮੂਲ ਰੂਪ ਵਿਚ ਖੋਜਾਰਥੀ ਗਿਆਨ ਵਿਚਾਰ ਦੀ ਦ੍ਰਿਸ਼ਟੀ ਤੋਂ ਸਾਹਿਤ ਦੇ ਕਿਸੇ ਖੇਤਰ ਵਿਚ ਖੋਜ ਕਰਕੇ ਕਿਸੇ ਨਵੀਂ ਸਥਾਪਨਾ ਦਾ ਮਾਨ-ਸਨਮਾਨ ਕਰਨਾ ਚਾਹੀਦਾ ਹੈ। ਜੇਕਰ ਉਸਦੇ ਦੁਆਰਾ ਇਕੱਠੇ ਕੀਤੇ, ਸੋਧੇ ਅਤੇ ਪਰਖੇ ਹੋਏ ਤੱਥਾਂ ਦੇ ਦੁਆਰਾ ਉਹ ਸਥਾਪਨਾ ਸੱਚ ਤੇ ਅਧਾਰਿਤ ਹੋ ਜਾਵੇ ਤਾਂ ਅਸੀਂ ਉਸਦੀ ਉਸ ਸਥਾਪਨਾ ਨੂੰ ਉਸਦਾ ਖੋਜ ਨਿਸ਼ਕਰਸ਼ ਕਹਾਂਗੇ।

ਇਸ ਤਰ੍ਹਾਂ ਖੋਜ-ਪ੍ਰਬੰਧ ਵਿਚ ਨਿਸ਼ਕਰਸ਼ ਦਾ ਅਹਿਮ ਸਥਾਨ ਹੈ। ਖੋਜ-ਪ੍ਰਬੰਧ ਦੀ ਇਸ ਅੰਤਿਮ ਇਕਾਈ ਨੂੰ ਸਫ਼ਲਤਾ ਦੀ ਕਸੌਟੀ ਦੇ ਰੂਪ ਵਿਚ ਵੀ ਵੇਖਿਆ ਜਾ ਸਕਦਾ ਹੈ ਕਿਉਂਕਿ ਨਿਰਸੰਦੇਹ ਪਰੀਖਿਅਕ ਦੁਆਰਾ ਖੋਜ ਪ੍ਰਬੰਧ ਦਾ ਮਿਆਰ ਨਿਸ਼ਚਿਤ ਕਰਨ ਵਿਚ ਨਿਸ਼ਕਰਸ਼ ਅਹਿਮ ਭੂਮਿਕਾ ਨਿਭਾਉਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. **ਖੋਜ ਦਰਪਣ**, ਜਨਵਰੀ 1974, ਪੰਨਾ 11
2. 'Research is the manipulation of things, concepts or symbols for the purpose of generalizing to extend, correct or verify knowledge aids in the construction of theory or in the practice of an art.'
   **Encyclopaedia of Social Sciences**, vol.XIII, p.330
3. **ਪੰਜਾਬੀ ਦੁਨੀਆ** (ਖੋਜ ਵਿਧੀ ਵਿਸ਼ੇਸ਼ ਅੰਕ), ਜੂਨ-ਸਤੰਬਰ 1983, ਪੰਨਾ 71
4. ਕੇਸਰ ਸਿੰਘ ਕੇਸਰ, **ਸਾਹਿਤ ਖੋਜ ਅਤੇ ਸਾਹਿਤ ਆਲੋਚਨਾ**, ਪੰਨੇ 1-3
5. ਡਾ. ਪਿਆਰ ਸਿੰਘ, **ਖੋਜ: ਸਿੱਧਾਂਤ ਤੇ ਵਿਹਾਰ**, ਪੰਨਾ 193
6. 'The conclusion should not, however be just a summary nor a mere restatement of the thesis. It must go beyond the thesis to reach a judgement, to express the wrtiter's approval of own side of an issue, to discuss his finding or the offer directions.'
   **Thesis Writings A Manual for Researchers,** p.7
7. 'This chapter brings together the work done and what has been found. It is more than a summary of the contents of the dissertation. It should show the contribution, including methodological assumptions and data collection to old used, that the research has made the literature.' **Doing your Master Dissertation**, p.100
8. **ਸਾਹਿਤ ਕੋਸ਼** (ਭਾਗ-ਪਹਿਲਾ), ਪੰਨਾ 21
9. **ਖੋਜ : ਸਿੱਧਾਂਤ ਤੇ ਵਿਹਾਰ**, ਪੰਨਾ-194

# ਸਾਹਿਤ ਅਧਿਐਨ ਦੀ ਉਤਰ-ਬਸਤੀਵਾਦੀ ਪੱਧਤੀ

# ਪ੍ਰਮੁੱਖ ਸਰੋਕਾਰ

—ਪਲਵਿੰਦਰ ਕੌਰ *

ਬਦਲਦੀ ਸੰਸਾਰ–ਸਥਿਤੀ ਅਨੁਸਾਰ ਨਵੇਂ ਸਾਹਿਤ–ਸਿੱਧਾਂਤ ਆਲੋਚਨਾ ਪ੍ਰਣਾਲੀਆਂ, ਸਮੀਖਿਆ ਦ੍ਰਿਸ਼ਟੀਆਂ, ਲਹਿਰਾਂ ਅਤੇ ਪਹੁੰਚ ਵਿਧੀਆਂ ਹੋਂਦ ਗ੍ਰਹਿਣ ਕਰਦੀਆਂ ਰਹਿੰਦੀਆਂ ਹਨ। ਵੀਹਵੀਂ ਦੀ ਵਿਚ ਮਾਰਕਸਵਾਦ, ਰੂਪਵਾਦ, ਸੰਰਚਨਾਵਾਦ, ਮਨੋਵਿਸ਼ਲੇਸ਼ਣ, ਭਾਸ਼ਾ ਵਿਗਿਆਨ, ਨਾਰੀਵਾਦ ਆਧਾਰਿਤ ਵਿਭਿੰਨ ਅਧਿਐਨ ਮਾਡਲ ਹੋਂਦ ਵਿਚ ਆਏ। ਪ੍ਰੰਤੂ, ਅੱਜਕੱਲ ਉੱਤਰ ਅਥਵਾ "Post" ਸ਼ਬਦ ਦੇ ਹਵਾਲੇ ਨਾਲ ਅਧਿਐਨ–ਪੱਧਤੀਆਂ ਬਾਰੇ ਵਧੇਰੇ ਚਰਚਾ ਹੋ ਰਹੀ ਹੈ। ਨਤੀਜੇ ਵਜੋਂ ਉਤਰ ਸੰਰਚਨਾਵਾਦ, ਉਤਰ ਆਧੁਨਿਕਤਾਵਾਦ ਅਤੇ ਉਤਰ ਬਸਤੀਵਾਦ ਦੀਆਂ ਪਹੁੰਚ ਵਿਧੀਆਂ ਦਾ ਪ੍ਰਚੱਲਨ ਹੈ। ਇਨ੍ਹਾਂ ਵਿਚੋਂ ਉਤਰ–ਬਸਤੀਵਾਦ ਇੱਕ ਸਿੱਧਾਂਤਕ ਦ੍ਰਿਸ਼ਟੀਕੋਣ ਹੈ, ਜੋ ਬਸਤੀਵਾਦ ਦੇ ਪ੍ਰਭਾਵਾਂ ਅਤੇ ਉਸਦੇ ਸਿੱਟਿਆਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਉਤਰ ਬਸਤੀਵਾਦੀ ਅਧਿਐਨ ਪੱਧਤੀ ਖੇਤਰ ਵਿਚ ਐਡਵਰਡ ਸੈਦ (Edward Said) ਦੀ ਪੁਸਤਕ **Orientalism** (1978) ਬੁਨਿਆਦੀ ਮਹੱਤਵ ਵਾਲੀ ਟੈਕਸਟ ਹੈ। ਸੈਦ ਨੇ ਆਪਣੀ ਪੁਸਤਕ ਵਿਚ ਦੱਸਿਆ ਹੈ ਕਿ ਕਿਵੇਂ ਬਸਤੀਵਾਦੀ ਲੇਖਣ/ਸਾਹਿਤ/ਕਲਾ ਸਾਮਾਰਾਜੀ ਸ਼ਕਤੀ ਦੇ ਫੈਲਾਉ ਦਾ ਮਹੱਤਵਪੂਰਨ ਸੋਮਾ ਰਿਹਾ ਹੈ। ਬਸਤੀਵਾਦੀ ਪ੍ਰਵਚਨ ਅਧੀਨ ਬਸਤੀਆਂ ਤੇ ਆਪਣਾ ਗ਼ਲਬਾ ਪਾਉਣ ਲਈ ਇਨ੍ਹਾਂ ਰਚਨਾਤਮਕ ਪਰੰਪਰਾਵਾਂ ਨੂੰ ਆਪਣੇ ਢੰਗ ਨਾਲ ਪ੍ਰਸਤੁਤ ਕਰਦਾ ਹੈ। ਰਾਬਰਟ ਯੁਗ ਇਸਨੂੰ ਸਾਮਰਾਜ ਦੇ ਬਸਤੀਵਾਦੀ ਡੀਜ਼ਾਇਨ ਦਾ ਮਹੱਤਵਪੂਰਨ ਅੰਗ ਮੰਨਦਾ ਹੈ।[1] ਬਸਤੀਵਾਦ ਆਪਣੇ ਅਧੀਨ ਸਮਾਜ ਵਿਚ ਆਪਣੇ ਉਤਮ ਹੋਣ ਦੀ ਮਿੱਥ ਸਿਰਜਦਾ ਹੈ। ਉਹ ਇਨ੍ਹਾਂ ਬਸਤੀਆਂ ਦੇ ਸਰਵਪੱਖੀ ਵਿਕਾਸ ਦੀ ਭ੍ਰਾਂਤੀ ਪੈਦਾ ਕਰਦਾ ਹੈ ਅਤੇ ਉਨ੍ਹਾਂ ਨੂੰ ਜਹਾਨ ਦਾ ਸੁਪਨਾ ਵਿਖਾਉਂਦਾ ਹੈ। ਇਸ ਮੰਤਵ ਲਈ ਉਹ ਆਪਣੇ ਗਿਆਨ ਸ਼ਾਸਤਰ ਅਤੇ ਸਿੱਖਿਆ ਨੂੰ ਉੱਚ ਦਰਜੇ ਦਾ ਦਰਸਾਉਂਦਾ ਹੈ। ਇਸਦੇ ਉਲਟ ਬਸਤੀਵਾਦੀਆਂ ਦੀ ਸੋਚ ਨੂੰ ਪਛੜੀ ਹੋਈ ਗਰਦਾਨਿਆਂ ਜਾਂਦਾ ਹੈ। ਉਨ੍ਹਾਂ ਨੂੰ "ਨਵ–ਵਿਕਾਸ" ਦੇ ਇਸ ਪੱਥ ਉੱਪਰ ਚੱਲਣ ਦੀ ਨਸੀਹਤ ਕੀਤੀ ਜਾਂਦੀ ਹੈ। ਇਸ ਦੌਰ ਵਿਚ ਗਿਆਨ ਦਾ ਸਿਰਜਣ ਅਤੇ ਨਿਜ਼ਾਮ ਬਸਤੀਵਾਦ ਦੇ ਅਜਿਹੇ ਪੈਰਾਡਾਈਮ ਨੂੰ ਸਥਾਪਤ ਕਰਦੇ ਰਹੇ ਹਨ। ਬਸਤੀਵਾਦ ਦੇ ਵਿਗਠਨ ਉਪਰੰਤ ਵੀ ਬਸਤੀਵਾਦੀ ਡੀਜ਼ਾਇਨ ਨਵ–ਆਜ਼ਾਦ ਕੌਮਾਂ ਦੇ ਭਵਿੱਖ ਦੀ ਮਨਸੂਬਾ–ਬੰਦੀ ਤੇ ਕਲਪਨਾ ਨੂੰ ਡੌਲਣ ਲਈ ਨਿਰੰਤਰ ਜਾਰੀ ਰਹਿੰਦਾ ਹੈ। ਇਸੇ ਕਰਕੇ ਉਤਰ–ਬਸਤੀਵਾਦੀ ਅਧਿਐਨ ਪੱਧਤੀ ਦਾ ਇੱਕ ਅਹਿਮ ਮਨੋਰਥ ਅੱਜ ਦੇ ਸਾਰੇ ਗਿਆਨ–ਪ੍ਰਬੰਧਾਂ ਨੂੰ ਬਸਤੀਵਾਦੀ ਪ੍ਰਭਾਵਾਂ ਤੋਂ ਮੁਕਤ ਕਰਨਾ ਹੈ। ਇਹ ਪੱਧਤੀ ਜੋ ਵਿਕਲਪ ਪ੍ਰਸਤੁਤ ਕਰਦੀ ਹੈ, ਉਨ੍ਹਾਂ ਦੇ ਆਧਾਰ ਉੱਪਰ ਹੀ ਇਨ੍ਹਾਂ ਆਬਾਦੀਆਂ ਵਿਚ ਵਸਦੇ ਲੋਕਾਂ ਦੀ ਕਲਪਨਾ ਅਤੇ ਚਿੰਤਨ ਚੇਤਨਾ ਵਿਚੋਂ ਬਸਤੀਕਰਨ ਦੇ ਅਸਰ ਹਟਾਏ ਜਾ ਸਕਦੇ ਹਨ।[2] ਇਸਦੀ ਪੂਰਤੀ ਲਈ ਉਤਰ–ਬਸਤੀਵਾਦੀ ਸਿੱਧਾਂਤ ਬਸਤੀਵਾਦੀ ਵਰਤਾਰਿਆਂ ਦੀ ਪ੍ਰਤੀਕਿਰਿਆ ਦਾ ਫ਼ਲ ਬਣ ਜਾਂਦਾ ਹੈ। ਬਸਤੀਆਂ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਇਨ੍ਹਾਂ ਬਣਤਰਾਂ ਦੇ ਜਾਰੀ ਰਹਿਣ ਨੇ ਉਤਰ–ਬਸਤੀਵਾਦੀ ਅਧਿਐਨ ਦੀ ਪੱਧਤੀ ਲਈ ਆਧਾਰ ਤਿਆਰ

* ਅਸਿਸਟੈਂਟ ਪ੍ਰੋਫ਼ੈਸਰ , ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਕੀਤਾ।[3] ਉਤਰ-ਬਸਤੀਵਾਦ ਕੇਵਲ ਰਾਜ-ਤੰਤਰ ਦੇ ਬਸਤੀਵਾਦੀ ਤਰੀਕਿਆਂ ਵੱਲ ਹੀ ਇਸ਼ਾਰਾ ਨਹੀਂ ਕਰਦਾ, ਇਹ ਆਰਥਕ ਅਤੇ ਸਮਾਜ-ਸਭਿਆਚਾਰਕ ਵਰਤਾਰਿਆ ਅਤੇ ਰਾਜਨੀਤਿਕ ਜੀਵਨ ਦੇ ਹਰ ਮੁਹਾਜ਼ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ ਵੇਖਦਾ ਹੈ। ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਅਜਿਹੀ ਸਥਿਤੀ ਉਤਪੰਨ ਹੋ ਗਈ ਜਿਸ ਵਿਚ ਪਰਾਧੀਨ ਬਸਤੀਆਂ ਨੂੰ ਉਤਰ-ਬਸਤੀਵਾਦੀ ਸੋਚ ਦਾ ਅਰਥ ਯੁਕਤ ਚਿਹਨਕ ਮੰਨਿਆ ਜਾ ਸਕਦਾ ਹੈ।[4] ਇਸ ਪ੍ਰਕਾਰ ਬਸਤੀਵਾਦ ਦਾ ਸੰਬੰਧ ਉਨ੍ਹਾਂ ਕੌਮੀ ਸਭਿਆਚਾਰ ਸਰੋਕਾਰਾਂ ਨਾਲ ਵੀ ਜੁੜ ਜਾਂਦਾ ਹੈ, ਜੋ ਸਾਮਰਾਜੀ ਤਾਕਤਾਂ ਦੇ ਉਨ੍ਹਾਂ ਨੂੰ ਛੱਡਣ ਤੋਂ ਬਾਅਦ ਪੈਦਾ ਹੋਏ। ਇਸ ਤਰ੍ਹਾਂ ਇਸ ਵਿਚ ਸਮਾਜਵਾਦੀ/ਬਸਤੀਵਾਦੀ ਪਰਿਸਥਿਤੀਆਂ ਦੇ ਨਾਲ-ਨਾਲ ਬਸਤੀਵਾਦ ਦੇ ਇਤਿਹਾਸਕ ਅੰਤ ਤੋਂ ਬਾਅਦ ਦੀਆਂ ਪਰਿਸਥਿਤੀਆਂ ਵੀ ਸ਼ਾਮਿਲ ਹੋ ਜਾਂਦੀਆਂ ਹਨ। ਉਤਰ-ਬਸਤੀਵਾਦੀ ਚਿੰਤਨ ਦੇ ਘੇਰੇ ਵਿਚ ਪੱਛਮ ਦੀਆਂ ਨਸਲੀ ਘੱਟ-ਗਿਣਤੀਆਂ, ਅਫ਼ਰੀਕੀ/ਅਮਰੀਕੀ ਮੂਲਵਾਸੀ, ਬਰਤਾਨਵੀ ਪਰਾਧੀਨਤਾ ਵਾਲੇ ਏਸ਼ਿਆਈ ਦੇਸ਼, ਕਾਮਨਵੈਲਥ ਸਾਹਿਤ, ਅਫ਼ਰੀਕੀ ਕੈਰੀਬੀਅਨ ਸੰਦਰਭ ਅਤੇ ਆਸਟਰੇਲੀਅਨ ਆਦਿਵਾਸੀ ਵੀ ਆਉਂਦੇ ਹਨ।

ਬਸਤੀਵਾਦ ਨੇ ਅਜਿਹੇ ਸੰਸਥਾਗਤ ਢਾਂਚੇ ਦਾ ਨਿਰਮਾਣ ਕੀਤਾ ਜੋ ਇਸਦੇ ਸਿੱਧੇ ਪ੍ਰਸ਼ਾਸ਼ਕੀ ਅੰਤ ਤੋਂ ਬਾਅਦ ਵੀ ਉਤਰ-ਬਸਤੀਵਾਦ ਸਿੱਧਾਂਤ ਚੇਤਨਾ ਨੂੰ ਨਵ-ਆਜ਼ਾਦ ਕੌਮਾਂ ਦੇ ਪ੍ਰਬੰਧਾਂ ਦਾ ਸਿੱਧਾਂਤ ਮੰਨਣ ਦੀ ਥਾਂ, ਇਨ੍ਹਾਂ ਪ੍ਰਤੀ ਅਖ਼ਤਿਆਰ ਕੀਤਾ ਜਾਣ ਵਾਲਾ ਆਲੋਚਨਾਤਮਕ ਨਜ਼ਰੀਆਂ ਮੰਨਿਆ ਜਾਣਾ ਚਾਹੀਦਾ ਹੈ।[5]

ਉਤਰ-ਬਸਤੀਵਾਦੀ ਚਿੰਤਨ ਦੀ ਬੁਨਿਆਦੀ ਧਾਰਨਾ ਇਹ ਹੈ ਕਿ ਅਜੋਕੇ ਸਾਮਕਾਲੀ ਦੌਰ ਵਿਚ ਬਸਤੀਵਾਦ ਦੇ ਪਸਾਰੇ ਦੀ ਪ੍ਰਕਿਰਿਆ ਵਿਚ ਇਸਦੇ ਪਾਠਾਂ/ਪ੍ਰਵਚਨਾਂ ਨੇ ਅਹਿਮ ਰੋਲ ਅਦਾ ਕੀਤਾ ਹੈ। ਉਤਰ-ਬਸਤੀਵਾਦੀ ਅਧਿਐਨ ਪੱਧਤੀ ਦਾ ਕੰਮ ਬਸਤੀਵਾਦੀ ਪ੍ਰਵਚਨਾਂ ਨੂੰ ਮੁੜ ਲਿਖਣਾ ਅਥਵਾ ਉਨ੍ਹਾਂ ਦੀ ਵਿਰਚਨਾ ਕਰਨਾ ਹੈ। ਫਰਾਂਜ਼ ਫੈਨਨ (Frantz Fanon) ਨੇ ਆਪਣੀ ਪ੍ਰਸਿੱਧ ਪੁਸਤਕ **Wretched of the Earth** ਵਿਚ ਦਰਸਾਇਆ ਹੈ ਕਿ ਕਿਵੇਂ ਸਰੀਰ, ਰੰਗ, ਅਵਾਜ਼, ਯੂਰਪੀ ਸਾਮਰਾਜਵਾਦ ਅਤੇ ਨਸਲਵਾਦ ਦਾ ਆਧਾਰ ਰਹੇ ਹਨ। ਸਾਮਰਾਜ ਕਾਲੇ ਲੋਕਾਂ ਨੂੰ 'ਸਭਿਅਤਾ' ਦੇ ਦਾਇਰੇ ਵਿਚੋਂ ਬਾਹਰ ਦੱਸ ਕੇ ਆਪਣੇ 'ਆਧੁਨਿਕੀਕਰਨ' ਅਤੇ 'ਸਭਿਆਕਰਨ' ਮਿਸ਼ਨ ਦੇ ਨਿਆਂਇਕ ਹੋਣ ਨੂੰ ਸਿੱਧ ਕਰਦਾ ਰਿਹਾ ਹੈ। ਇਸੇ ਕਰਕੇ ਇਸਦੀ ਪ੍ਰਤੀਕਿਰਿਆ ਵਿਚ 'ਕਾਲੇਪਣ' ਦਾ ਤੱਥ ਪੱਛਮੀ ਆਧੁਨਿਕਤਾ, ਨਸਲੀ ਵਿਤਕਰੇ ਅਤੇ ਸਾਮਰਾਜ ਦੇ ਖਿਲਾਫ਼ ਵਿਦਰੋਹ ਦਾ ਮੋਰਚਾ ਬਣਦਾ ਹੈ। ਉਹ 'ਕਾਲੇ ਬੰਦੇ' ਦੀ ਸੰਪੂਰਨ ਹੋਂਦ ਨੂੰ ਉਜਾਗਰ ਕਰਦਾ ਹੋਇਆ ਲਿਖਦਾ ਹੈ, ਕਿ ਉਹ ਵੀ 'ਗੋਰੇ ਬੰਦੇ' ਵਾਂਗ ਆਪਣੇ ਆਪ ਵਿਚ ਸੰਪੂਰਨ ਹੈ। 'ਕਾਲਾ' ਤਾਂ ਉਹ ਬਸਤੀਵਾਦੀ ਨਿਜ਼ਾਮ ਅੰਦਰ ਗੋਰੇ ਦੇ ਪ੍ਰਸੰਗ ਵਿਚ ਹੀ ਹੈ।[6] ਉਤਰ-ਬਸਤੀਵਾਦੀ ਚਿੰਤਕਾਂ ਦਾ ਦਾਅਵਾ ਹੈ ਕਿ ਪੱਛਮ ਕਿਵੇਂ ਗ਼ੈਰ ਚਿੱਟੇ ਲੋਕਾਂ ਨੂੰ ਇਤਿਹਾਸ ਸਭਿਅਤਾ ਜਾਂ ਅਧੁਨਿਕਤਾ ਤੋਂ ਬਾਹਰ ਰੱਖ ਕੇ ਦੂਜੇ ਅਥਵਾ other ਵਜੋਂ ਵੇਖਦਾ ਰਿਹਾ ਹੈ।

ਉਤਰ-ਬਸਤੀਵਾਦੀ ਚਿੰਤਨ ਬਸਤੀਵਾਦ ਤੋਂ ਨਿਜ਼ਾਤ ਪਾ ਕੇ ਆਪਣੇ ਸੰਬੰਧੀ ਸੋਚਣ ਸਮਝਣ ਅਤੇ ਹੋਂਦ ਨੂੰ ਜਤਲਾਉਣ ਦੇ ਬੌਧਿਕ ਯਤਨ ਨਾਲ ਸੰਬੰਧਿਤ ਹੈ। ਇਸ ਦੁਆਰਾ ਪਹਿਲਾਂ ਗ਼ਲਤ ਤੌਰ ਤੇ ਪਰਿਭਾਸ਼ਤ ਹੋਏ ਲੋਕਾਂ, ਖਿੱਤਿਆਂ ਅਤੇ ਇਤਿਹਾਸ ਬਾਰੇ ਪ੍ਰਚੱਲਿਤ ਹੋ ਚੁੱਕੇ ਕਥਨਾਂ ਤੋਂ ਮੁਕਤ ਹੋਣ ਦਾ ਪ੍ਰਸ਼ਨ ਉਠਾਇਆ ਜਾਂਦਾ ਹੈ, ਤਾਂ ਜੋ ਉੱਥੋਂ ਦੀ ਵਸੋਂ ਆਪਣੀ ਪਹਿਚਾਣ ਦੇ ਅਸਲ ਰੰਗ ਪੇਸ਼ ਕਰਨ ਦੇ ਸਮਰੱਥ ਹੋ ਸਕੇ। ਗਿਲਬਰਟ ਮੂਰ ਉਤਰ-ਬਸਤੀਵਾਦੀ ਚਿੰਤਨ ਦਾ ਆਧਾਰ ਹਬਸ਼ੀਅਤ, ਅਫ਼ਰੀਕੀ ਅਤੇ ਕੈਰੇਬੀਅਨ ਆਲੋਚਨਾ, ਏਸ਼ਿਆਈ ਚਿੰਤਨ, ਕਾਮਨਵੈਲਥ ਸਾਹਿਤ ਅਧਿਐਨ, ਘੱਟ ਗਿਣਤੀਆਂ ਦੇ ਪ੍ਰਵਚਨਾਂ ਦਾ ਅੰਦਰੂਨੀ ਬਸਤੀਵਾਦ ਨਾਰੀਵਾਦੀ ਉਤਰ-ਬਸਤੀਵਾਦੀ ਆਲੋਚਨਾ ਅਤੇ ਰੋਸ ਨਾਲ ਭਰੀਆਂ ਸੁਰਾਂ ਉੱਤੇ ਕੇਂਦਰਿਤ ਲਿਖਤਾਂ ਨੂੰ ਮੰਨਦਾ ਹੈ।[7] ਇਸ ਪ੍ਰਕਾਰ ਉਤਰ-

ਬਸਤੀਵਾਦੀ ਚਿੰਤਨ ਸੱਤਾ ਨਾਲ ਜੁੜੀਆਂ 'ਪਾਠ' ਅਤੇ ਪ੍ਰਸੰਗ ਦੀਆਂ ਪਹਿਲਾਂ ਤੋਂ ਕਾਇਮ ਕੀਤੀਆਂ ਹੋਈਆਂ ਹੱਦਾਂ ਨੂੰ ਤੋੜਦਾ ਹੈ, ਤਾਂ ਜੋ ਬਸਤੀਕ੍ਰਿਤ ਹੋਏ ਲੋਕਾਂ ਦੇ ਪ੍ਰਸੰਗ ਵਿਚ ਬਸਤੀਵਾਦੀ ਅਤੇ ਨਵ-ਬਸਤੀਵਾਦੀ ਤਾਕਤਾਂ ਦੀਆਂ ਪਦਾਰਥਕ ਜੁਗਤਾਂ ਤੇ ਸੱਚ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀਆਂ ਤਰਤੀਬਾਂ ਦੀ ਨਿਰੰਤਰਤਾ ਨੂੰ ਸਮਝਿਆ ਜਾ ਸਕੇ।[8]

ਜ਼ਿਆਦਾਤਰ ਬਸਤੀਵਾਦ ਤੋਂ ਨਵ-ਬਸਤੀਵਾਦ ਦੌਰ ਤੱਕ ਮੂਲਵਾਸੀ ਚਿੰਤਕਾਂ ਦੀਆਂ ਰੋਸਮਈ ਸੁਰਾਂ ਨੂੰ ਹੀ ਉਤਰ-ਬਸਤੀਵਾਦੀ ਅਧਿਐਨ ਪੱਧਤੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਬਸਤੀਕਾਰਾਂ ਦੇ ਆਪਣੇ ਦੇਸ਼ਾਂ ਵਿਚ ਬਸਤੀਵਾਦ ਦੇ ਖਿਲਾਫ਼ ਪੈਦਾ ਹੋਈ ਮਾਨਵਵਾਦੀ ਸਮਝ ਨੂੰ ਵੀ ਇਸ ਚਿੰਤਨ ਦਾ ਹਿੱਸਾ ਜ਼ਰੂਰ ਮੰਨਿਆ ਜਾਣਾ ਚਾਹੀਦਾ ਹੈ। ਉਤਰ-ਬਸਤੀਵਾਦੀ ਅਧਿਐਨ ਪੱਧਤੀ ਵਿਚ ਪੱਛਮ ਅੰਦਰ ਵਿਕਸਿਤ ਹੋਈ ਬਸਤੀਵਾਦੀ ਅਧਿਐਨ ਪ੍ਰਣਾਲੀ ਦੇ ਵਿਰੋਧ ਵਿਚ ਪੱਛਮ ਅੰਦਰ ਹੀ ਉਭਰੀ ਬਸਤੀਵਾਦ ਵਿਰੋਧੀ ਚਿੰਤਨ ਧਾਰਾ ਨੂੰ ਵੀ ਸ਼ਾਮਿਲ ਕਰਨਾ ਜ਼ਰੂਰੀ ਹੈ। ਉਤਰ ਬਸਤੀਵਾਦੀ ਅਧਿਐਨ ਇੱਕ ਅਜਿਹਾ ਸਿੱਧਾਂਤਕ ਚੌਖਟਾ ਪ੍ਰਸਤੁਤ ਕਰਦਾ ਹੈ, ਜਿਸਨੇ ਬਸਤੀਵਾਦ ਦੀਆਂ ਪਦਾਰਥਕ ਅਤੇ ਗਿਆਨ-ਸ਼ਾਸਤਰੀ ਹਾਲਤਾਂ ਦੀ ਰੂਪ-ਰੇਖਾ ਤਿਆਰ ਕੀਤੀ। ਇਹ ਉਨ੍ਹਾਂ ਸਰੋਕਾਰਾਂ ਦੀ ਪਛਾਣ ਕਰਦੀ ਹੈ, ਜਿੰਨ੍ਹਾਂ ਨੂੰ ਸਾਮਰਾਜੀ ਤਾਕਤਾਂ ਵੱਲੋਂ ਬਸਤੀਆਂ ਉੱਪਰ ਆਪਣੇ ਸਿਆਸੀ, ਮਾਲੀ ਅਤੇ ਸਭਿਆਚਾਰਕ ਕਬਜ਼ੇ ਨੂੰ ਕਾਇਮ ਕਰਨ ਸਮੇਂ ਹਥਿਆਰ ਵਜੋਂ ਵਰਤਿਆ ਜਾਂਦਾ ਹੈ।[9]

ਉਤਰ-ਬਸਤੀਵਾਦੀ ਸਿੱਧਾਂਤ ਚਿੰਤਨ ਅੱਗੇ ਪ੍ਰਮੁੱਖ ਚੁਣੌਤੀ ਪੱਛਮ ਦੁਆਰਾ ਫੈਲਾਈਆਂ ਗਈਆਂ ਮਾਨਤਾਵਾਂ ਦਾ ਹਕੀਕੀ ਮੁਲਾਂਕਣ ਕਰਨ ਵਿਚ ਹੈ। ਪੱਛਮੀ ਸਿੱਧਾਂਤ ਚੇਤਨਾ ਯਥਾਰਥ ਸੰਬੰਧੀ ਦ੍ਰਿਸ਼ਟੀ ਦਾ ਸਿਰਜਨ ਕਰਦੇ ਸਮੇਂ ਵਧੇਰੇ ਕਰਕੇ ਨਿੱਜ-ਹਿੱਤ ਉੱਪਰ ਹੀ ਕੇਂਦਰਿਤ ਰਹੀ ਹੈ। ਸਰਵੋਤਮ ਨਾਲ ਜੁੜੀ ਵਿਸਥਾਰਵਾਦੀ ਨੀਤੀ ਤੇ ਚਲਦਿਆਂ ਇਸ ਪ੍ਰਕਾਰ ਦੇ ਗਿਆਨ ਦਾ ਜਬਰਦਸਤ ਪ੍ਰਭਾਵ ਕਾਇਮ ਕੀਤਾ ਗਿਆ। ਇਸਦੇ ਡੂੰਘੇ ਪ੍ਰਭਾਵ ਤਹਿਤ ਤੀਜੀ ਦੁਨੀਆਂ ਦਾ ਨੇਟਿਵ ਆਪਣੇ ਆਲੇ-ਦੁਆਲੇ ਬਾਰੇ ਵਿਚਾਰ ਵੀ ਪੱਛਮੀ ਚੇਤਨਾ ਅਨੁਸਾਰ ਹੀ ਵਿਅਕਤ ਕਰਦਾ ਹੈ ਇਸ ਕਰਕੇ ਉੱਤਰ-ਬਸਤੀਵਾਦੀ ਚਿੰਤਨ ਦਾ ਪਹਿਲਾ ਪੜਾਅ ਉਪਰੋਕਤ ਪਰਿਸਥਿਤੀ ਦਾ ਵਸਤੂਭਾਵੀ ਵਿਸ਼ਲੇਸ਼ਣ ਤੇ ਮੁਲਾਂਕਣ ਕਰਦਿਆਂ ਆਪਣੇ ਮੁਕਾਮੀ ਯਥਾਰਥ ਦੀ ਸਮਝ ਤਿਆਰ ਕਰਨਾ ਹੈ। ਏਜ਼ਾਜ਼ ਅਹਿਮਦ ਨੇ ਉਤਰ-ਬਸਤੀਵਾਦੀ ਸਿੱਧਾਂਤ ਨੂੰ ਇੱਕ ਅਜਿਹੇ ਹੀ ਸਾਧਨ ਵਜੋਂ ਪੇਸ਼ ਕੀਤਾ ਹੈ, ਜਿਸ ਰਾਹੀਂ ਸਾਮਰਾਜ ਅਧੀਨ ਲਿਆਂਦੇ ਗਏ ਖੇਤਰਾਂ ਉੱਪਰ ਪੱਛਮੀ ਪ੍ਰਭੁਤਵ ਤੇ ਹਾਲ ਹੀ ਵਿਚ ਪੁਨਰ ਰੂਪ ਵਿਚ ਉਕਰੇ ਨਵ-ਬਸਤੀਵਾਦੀ ਪ੍ਰਭਾਵਾਂ ਅਥਵਾ ਸੰਸਾਰ ਉੱਪਰ ਕਬਜ਼ਾ ਕਰਨ ਦੀ ਇਸਦੀ ਇਤਿਹਾਸਕ ਇੱਛਾ ਦੀ ਅਭਿਵਿਅਕਤੀ ਨੂੰ ਸਮਝਿਆ ਜਾ ਸਕਦਾ ਹੈ।[10]

ਉਤਰ-ਬਸਤੀਵਾਦੀ ਚਿੰਤਨ ਪੱਛਮ ਦੇ ਇਤਿਹਾਸ ਨੂੰ ਜਿੱਤ ਦੇ ਇਤਿਹਾਸ ਵਜੋਂ ਨਹੀਂ ਸਿਰਜਦਾ। ਇਹ ਇਸਨੂੰ ਦਮਨ ਅਤੇ ਗ਼ਲਾਮੀ ਦੇ ਇਤਿਹਾਸ ਵਜੋਂ ਸਪੱਸ਼ਟ ਕਰਨ ਵੱਲ ਰੁਚਿਤ ਹੁੰਦਾ ਹੈ। ਇਸਦੇ ਉਲਟ ਮੂਲਵਾਸੀਆਂ ਦਾ ਇਤਿਹਾਸ ਦਮਨ ਚੱਕਰ ਅਤੇ ਗ਼ਲਾਮੀ ਦੇ ਵਿਰੁੱਧ ਕੌਮੀ ਬਚਾਅ, ਵਿਦਰੋਹ ਅਤੇ ਨਾਬਰੀ ਦੇ ਇਤਿਹਾਸ ਵਜੋਂ ਪ੍ਰਸਤੁੱਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਇਹ ਇਤਿਹਾਸ ਹੀਣ ਭਾਵਨਾ ਨੂੰ ਉਭਾਰਨ ਦੀ ਥਾਂ ਇਨ੍ਹਾਂ ਕੌਮਾਂ ਦੇ ਗੌਰਵਸ਼ੀਲ ਵਿਰਸੇ ਵਜੋਂ ਉਜਾਗਰ ਹੁੰਦਾ ਹੈ। ਇਹੋ ਇਤਿਹਾਸ ਕੌਮਾਂ/ਰਾਸ਼ਟਰਾਂ ਦੀ ਸਿਰਜਣਾ ਦਾ ਸ੍ਰੋਤ ਰਿਹਾ ਹੈ। ਇਸ ਇਤਿਹਾਸ ਨੇ ਆਪਣੇ ਬਿਰਤਾਂਤ ਦਾ ਸਿਰਜਨ ਕੀਤਾ। ਰਣਜੀਤ ਗੁਹਾ ਅਨੁਸਾਰ :

> ਇਹ ਹਿੰਦੁਸਤਾਨ ਦੀ ਇਤਿਹਾਸਕਾਰੀ ਦੀ ਗ਼ਰੀਬੀ ਹੈ ਕਿ ਇਹ ਕੌਮਵਾਦ ਦੀ ਸਿਰਜਣਾ ਵਿਚ ਆਮ ਲੋਕਾਂ ਦੀ ਘਾਲਣਾ ਨੂੰ ਸਮਝਣ ਤੋਂ ਅਸਮੱਰਥ ਰਹੀ ਹੈ।[11]

ਪੂਰਬਵਾਦ (Orientalism) ਸੰਕਲਪ ਦੇ ਤੌਰ ਤੇ ਪੱਛਮੀ ਦੇਸ਼ਾਂ ਦੀ ਰਚਨਾ ਹੈ। ਇਸ ਰਾਹੀਂ ਪੱਛਮ ਨੇ ਅਫ਼ਰੀਕਨ, ਏਸ਼ੀਆਈ, ਯਹੂਦੀ-ਅਰਬ ਸਭਿਆਚਾਰਾਂ ਬਾਰੇ ਆਪਣੀ ਵਿਆਖਿਆ ਦੀ

ਉਸਾਰੀ ਕੀਤੀ। ਪੂਰਬਵਾਦ ਦੀ ਭਰਪੂਰ ਵਿਆਖਿਆ ਐਡਵਰਡ ਸੈਦ ਨੇ ਆਪਣੀ ਪੁਸਤਕ **Orientalism** ਵਿਚ ਕੀਤੀ ਹੈ। ਇਸ ਵਿਆਖਿਆ ਪਿੱਛੇ ਪੱਛਮ ਅਤੇ ਪੂਰਬ ਦਰਮਿਆਨ ਮੌਜੂਦਾ ਸ਼ਕਤੀ ਰਿਸ਼ਤੇ (Power relation) ਕਾਰਜ਼ਸ਼ੀਲ ਹਨ। ਪੂਰਬਵਾਦ ਦੀ ਧਾਰਨਾ ਹੈ ਕਿ ਪੱਛਮ ਇੱਕ ਉਤਮ ਅਤੇ ਸਭਿਆ ਸਭਿਆਚਾਰ ਹੈ ਅਤੇ ਪੂਰਬ ਅਨਿਯਮਿਤ ਸਭਿਆਚਾਰਾਂ ਦਾ ਇੱਕਠ ਹੈ। ਇਸ ਅਨੁਸਾਰ ਪੂਰਬ ਦੇ ਧਰਮ ਇਸਲਾਮ, ਹਿੰਦੂਵਾਦ ਆਦਿ ਈਸਾਈਅਤ ਤੋਂ ਨੀਵੇਂ ਹਨ। ਇਸ ਤਰ੍ਹਾਂ ਪੂਰਬ ਨੂੰ ਪੱਛਮ ਵੱਲੋਂ ਇੱਕ ਅਜਿਹਾ ਖੇਤਰ ਬਣਾ ਦਿੱਤਾ ਗਿਆ, ਜਿਸਦਾ ਨਾ ਕੋਈ ਵਿਕਾਸ ਹੈ ਅਤੇ ਨਾ ਹੀ ਕੋਈ ਮਾਣਯੋਗ ਇਤਿਹਾਸ। ਪੂਰਬਵਾਦ ਦੇ ਪ੍ਰਭਾਵ ਥੱਲੇ ਪੱਛਮ ਪੂਰਬ ਉੱਪਰ ਆਪਣਾ ਗ਼ਲਬਾ ਕਾਇਮ ਕਰਨ ਵਿਚ ਸਫ਼ਲ ਹੋਇਆ। ਪੂਰਬਵਾਦ ਦੀ ਆੜ ਵਿਚ ਪੱਛਮ ਨੇ ਪੂਰਬ ਨੂੰ 'ਲੱਭਿਆ' ਅਤੇ ਆਪਣੇ ਹਿੱਤ ਅਨੁਸਾਰ 'ਬਣਾਇਆ'। ਇਤਿਹਾਸਕ ਪੱਖੋਂ ਇਹ ਵਰਤਾਰਾ ਅਠ੍ਹਾਰਵੀਂ ਸਦੀ ਦੇ ਅੰਤ ਤੇ ਸ਼ੁਰੂ ਹੋਇਆ। ਇਸ ਪ੍ਰਕਿਰਿਆ ਵਿਚ ਫਰਾਂਸ, ਬ੍ਰਿਟੇਨ, ਸਪੇਨ, ਪੁਰਤਗਲ ਆਦਿ ਰਾਸ਼ਟਰਾਂ ਵੱਲੋਂ ਪੂਰਬ ਦੇ ਵਿਭਿੰਨ ਦੇਸ਼ਾਂ ਦਾ ਬਸਤੀਕਰਨ ਕੀਤਾ ਗਿਆ।

ਪੂਰਬੀ ਵਿਸ਼ਵ-ਦ੍ਰਿਸ਼ਟੀ ਬਸਤੀਵਾਦ ਦੀ ਨਿਆਂਸੀਲਤਾ ਸਿਰਜਣ ਦਾ ਅਹਿਮ ਸੰਦ ਹੈ। ਇਸਦੇ ਅੰਤਰਗਤ ਕਿਸੇ ਅਧੀਨ ਸਮਾਜ ਨੂੰ ਸਮਾਜਕ, ਆਰਥਕ, ਰਾਜਨੀਤਿਕ ਅਤੇ ਸਭਿਆਚਾਰਕ ਤੌਰ ਤੇ ਸ਼ੋਸ਼ਤ ਕੀਤਾ ਜਾਂਦਾ ਹੈ। ਬਸਤੀਕਾਰ ਆਪਣੇ ਦੇਸ਼ ਦਾ ਵਾਧਾ ਅਤੇ ਵਿਸਥਾਰ ਕਰਨ ਹਿੱਤ ਬਸਤੀਕ੍ਰਿਤ ਖੇਤਰ ਵਿਚ ਆਪਣੇ ਪ੍ਰਭੂਤਵ ਨੂੰ ਸਹੀ ਸਾਬਿਤ ਕਰਨ ਲਈ ਬਸਤੀਕਾਰਾਂ ਨੇ ਪੂਰਬ ਉੱਪਰ ਪੱਛਮ ਦੀ ਉਚਤਾ ਨੂੰ ਦਰਸਾਇਆ। ਸੈਦ ਦੇ ਅਨੁਸਾਰ ਪੂਰਬੀ ਵਿਸ਼ਵ ਦ੍ਰਿਸ਼ਟੀ (Orientalism) ਉਹ ਕਾਰਜਗਤ ਰੂਪ ਹੈ, ਜਿਸ ਰਾਹੀਂ ਪੱਛਮ ਦੁਆਰਾ ਪੂਰਬ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਿਉਂਤਿਆਂ ਅਤੇ ਵਰਤਿਆਂ ਜਾਣ ਲੱਗਾ।[12] ਇਸ ਨੁਕਤੇ ਤੋਂ ਲੋਕਧਰਾਈ ਸਮੱਗਰੀ ਦੇ ਇੱਕਤਰੀਕਰਨ, ਸਭਿਆਚਾਰਕ ਸਰਵੇ ਅਤੇ ਈ. ਐਮ. ਫਾਰਸਟਰ ਵਰਗੇ ਲੇਖਕਾਂ ਦੀਆਂ ਕਿਰਤਾਂ ਬਸਤੀਵਾਦ ਦੀ ਪੂਰਬੀ ਵਿਸ਼ਵ ਦ੍ਰਿਸ਼ਟੀ ਨੂੰ ਸਪੱਸ਼ਟ ਕਰਦੀਆਂ ਹਨ। ਇਨ੍ਹਾਂ ਸਾਹਿਤਕ ਕਿਰਤਾਂ ਵਿਚ ਪੱਛਮੀ ਅਮੀਰ ਤਾਕਤਵਰ ਨਾਇਕ ਦੀ ਪੂਰਬੀ ਗ਼ਰੀਬ ਅਤੇ ਕਮਜ਼ੋਰ ਨਾਇਕਾਂ ਉੱਪਰ ਸਰੀਰਕ ਅਤੇ ਮਾਨਸਿਕ ਪ੍ਰਭੂਤਵ ਦੀ ਕਹਾਣੀ ਦਰਸਾਈ ਗਈ ਹੈ।[13] ਪੱਛਮ ਦੁਆਰਾ ਪੂਰਬ ਵਿਚ ਨਿਭਾਇਆ ਗਿਆ ਸਭਿਆਚਾਰਕ ਰੋਲ ਪੂਰਬੀ ਵਿਸ਼ਵ ਦ੍ਰਿਸ਼ਟੀ ਨੂੰ ਪੱਛਮ ਦੀ ਉਚਤਾ ਅਤੇ ਪੂਰਬ ਦੀ ਨਿਮਨਤਾ ਦੇ ਰੂਪ ਵਿਚ ਪੇਸ਼ ਕਰਦਾ ਹੈ। ਐਡਵਰਡ ਸੈਦ ਲਈ ਵਿਦਿਆ ਅਤੇ ਸ਼ਕਤੀ ਦੁਆਰਾ ਪੈਦਾ ਕੀਤੀ ਪੂਰਬੀ-ਵਿਸ਼ਵ ਦ੍ਰਿਸ਼ਟੀ ਕੇਵਲ ਅਕਾਦਮਿਕ ਵਿਸ਼ਾ ਨਹੀਂ ਹੈ-ਸਗੋਂ ਇਹ ਬਸਤੀਵਾਦੀ ਰਾਜਨੀਤੀ ਨਾਲ ਜੁੜਿਆ ਮਹੱਤਵਪੂਰਨ ਬੌਧਿਕ ਵਿਸ਼ਾ ਹੈ।[14] ਪੂਰਬੀ ਵਿਸ਼ਵ ਦ੍ਰਿਸ਼ਟੀ ਬਸਤੀਵਾਦੀ ਰਾਜਨੀਤਿਕ ਚੇਤਨਾ ਦੇ ਰੂਪਾਂਤਰਣ ਦੀ ਪ੍ਰਕਿਰਿਆ ਹੈ, ਜਿਸਨੂੰ ਵਿਦਿਅਕ, ਆਰਥਕ, ਸਮਾਜਕ, ਸਭਿਆਚਾਰਕ, ਇਤਿਹਾਸਕ ਅਤੇ ਭਾਸ਼ਾ-ਵਿਗਿਆਨਕ ਆਦਿ ਸਾਰੇ ਖੇਤਰਾਂ ਵਿਚ ਯੋਜਨਾਬੱਧ ਢੰਗ ਨਾਲ ਲਾਗੂ ਕੀਤਾ ਗਿਆ। ਸੈਦ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਬਸਤੀਵਾਦੀਆਂ ਨੇ ਬਸਤੀਕ੍ਰਿਤ ਕੌਮਾਂ ਦੇ ਸਾਹਿਤਕ ਅਤੇ ਇਤਿਹਾਸਕ ਗ੍ਰੰਥਾਂ ਨੂੰ ਖੰਡਿਤ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਮੁਤਾਬਿਕ ਢਾਲ ਕੇ ਪੇਸ਼ ਕੀਤਾ ਗਿਆ। ਸੈਦ ਤੋਂ ਪੂਰਬਲੇ ਅਧਿਐਨ ਵਧੇਰੇ ਕਰਕੇ ਬਸਤੀਵਾਦ ਦੇ ਰਾਜਨੀਤਿਕ ਆਰਥਕ ਤਰਕ ਉੱਤੇ ਕੇਂਦਰਿਤ ਸਨ। ਪ੍ਰੰਤੂ ਸੈਦ ਦੇ ਅਧਿਐਨ ਨੇ ਗਿਆਨ (Knowledge) ਅਤੇ ਸੱਤਾ (Power) ਉੱਤੇ ਆਪਣਾ ਧਿਆਨ ਕੇਂਦਰਿਤ ਕਰਕੇ ਬਸਤੀਵਾਦ ਦੀ ਵਿਆਖਿਆ ਕੀਤੀ। ਉਸਨੇ ਸਾਮਰਾਜਵਾਦ ਦੇ ਸਭਿਆਚਾਰਕ ਏਜੰਡੇ ਅਤੇ ਗਿਆਨ-ਸ਼ਾਸ਼ਤਰ ਨੂੰ ਅਗਰਭੂਮੀ ਵਿਚ ਲਿਆ ਕੇ ਕਿਹਾ ਕਿ ਪੂਰਬ ਨੂੰ ਜਾਣਨਾ (Knowing of Orient) ਬਸਤੀਵਾਦੀ ਯੋਜਨਾ ਦਾ ਅਟੁੱਟ ਹਿੱਸਾ ਸੀ। ਸੈਦ ਦੇ ਅਨੁਸਾਰ ਇਤਿਹਾਸ, ਸਮਾਜ-ਸ਼ਾਸਤਰ, ਸਾਹਿਤ, ਮਾਨਵ ਵਿਗਿਆਨ ਅਤੇ ਖ਼ਾਸ ਤੌਰ ਤੇ ਭਾਸ਼ਾ ਵਿਗਿਆਨ ਪੂਰਬਵਾਦ ਦੇ ਘੇਰੇ ਦੇ ਪ੍ਰਮੁੱਖ ਖੇਤਰ ਬਣਕੇ ਉਭਰਦੇ ਹਨ।

ਉਤਰ ਬਸਤੀਵਾਦੀ ਅਧਿਐਨ ਦੀ ਪੱਧਤੀ ਨਾਲ ਜੁੜੀ ਉੱਘੀ ਵਿਦਵਾਨ ਗਾਇਤਰੀ ਸਪੀਵਿਕ ਨੇ ਸਬਾਲਟਰਨ (ਹਾਸ਼ੀਆਕ੍ਰਿਤ/ਦਮਿਤ) ਬਾਰੇ ਚਰਚਾ ਕੀਤੀ ਹੈ। ਉਹ ਆਪਣੇ ਪ੍ਰਸਿੱਧ ਲੇਖ 'Can the Subaltern Speak'? ਵਿਚ ਇਸ ਸਵਾਲ ਨੂੰ ਮੁਖ਼ਾਤਿਬ ਹੁੰਦੀ ਹੈ ਕਿ ਕੀ ਦੱਬੇ ਲੋਕਾਂ ਦੀ ਅਵਾਜ਼ ਬਸਤੀਵਾਦੀ ਸਾਹਿਤ ਦੀ ਭਾਸ਼ਾ ਰਾਹੀਂ ਪੇਸ਼ ਹੋ ਸਕਦੀ ਹੈ ? ਉਹ ਇਸ ਬਾਰੇ ਪੁਨਰ-ਵਿਚਾਰ ਕਰਨ ਲਈ ਕਹਿੰਦੀ ਹੈ। ਪ੍ਰਸਿੱਧ ਇਟਾਲੀਅਨ ਮਾਰਕਸਵਾਦੀ ਐਂਟਾਨੀਓ ਗ੍ਰਾਮਸੀ (Antonio Gramsci) ਨੇ ਸਬਾਲਟਰਨ ਸ਼ਬਦ ਦਾ ਉਪਯੋਗ ਦੱਬੇ ਕੁਚਲੇ ਵਰਗਾਂ ਲਈ ਕੀਤਾ। ਰਾਬਰਟ ਯੰਗ ਨੇ ਹਾਸ਼ੀਆਗਤ ਸਮੂਹਾਂ ਅਤੇ ਨਿਮਨ ਜਾਤੀਆਂ ਜਿਨ੍ਹਾਂ ਦੀ ਸਮਾਜਕ ਸਥਿਤੀ ਨਹੀਂ ਹੁੰਦੀ, ਲਈ ਸਬਾਲਟਰਨ ਦੇ ਸੰਕਲਪ ਦੀ ਵਰਤੋਂ ਕੀਤੀ ਹੈ।[15]

ਰਣਜੀਤ ਗੁਹਾ ਨੇ ਸਬਾਲਟਰਨ ਦਾ ਸੰਕਲਪ ਉਸਾਰਦਿਆਂ ਭਾਰਤੀ ਸਮਾਜ ਦੇ ਗ਼ੈਰ ਇਲੀਟ ਵਰਗਾਂ ਨੂੰ ਮਾਨਤਾ ਦਿੱਤੀ ਹੈ। ਉਸ ਅਨੁਸਾਰ ਮੁੱਢਲੇ ਤੌਰ ਤੇ ਇਹ ਪੇਂਡੂ ਖੇਤਰ ਹਨ, ਜਿੰਨ੍ਹਾਂ ਵਿਚ ਕੰਗਾਲ ਕਿਰਸਾਨੀ ਤੇ ਮੱਧ ਸ਼੍ਰੇਣੀ ਸ਼ਾਮਿਲ ਹੈ। ਪਰ ਸਪੀਵਿਕ ਸਬਾਲਟਰਨ ਸ਼ਬਦ ਨੂੰ ਵਿਸਥਾਰ ਦਿੰਦਿਆਂ ਸਮਾਜਕ ਪੱਧਰ ਦੇ ਹੋਰ ਹੇਠਲੇ ਸਮੂਹਾਂ ਨੂੰ ਇਸ ਵਿਚ ਸ਼ਾਮਿਲ ਕਰ ਲੈਂਦੀ ਹੈ, ਜਿਹੜੇ ਬਸਤੀਵਾਦੀ ਅਤੇ ਤੀਜੀ ਦੁਨੀਆਂ ਦੀ ਬੁਰਜ਼ਵਾ ਇਤਿਹਾਸਕਾਰੀ ਦੀ ਪਹੁੰਚ ਤੋਂ ਬਾਹਰ ਰਹਿ ਜਾਂਦੇ ਹਨ। ਇਨ੍ਹਾਂ ਵਿਚ ਬੜੀ ਮੁਸ਼ਕਿਲ ਨਾਲ ਗੁਜ਼ਰ-ਬਸਰ ਕਰਨ ਵਾਲੇ ਕਿਰਤੀਆਂ, ਕਬੀਲਿਆਂ ਤੇ ਪੇਂਡੂ ਖੇਤਰਾਂ ਵਿਚਲੇ ਹੋਰ ਸਾਧਨਹੀਨ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ।[16] ਹੋਮੀ ਭਾਬਾ ਸਬਾਲਟਰਨ ਦੀ ਪਰਿਭਾਸ਼ਾ ਕਰਦਿਆਂ ਸਮਾਜਕ ਸ਼ਕਤੀ ਸੰਬੰਧਾਂ ਦੇ ਹੇਠਲੇ ਪੱਧਰਾਂ ਉੱਪਰ  ਵਿਚਰ ਰਹੇ ਸਮੂਹਾਂ ਦੇ ਮਹੱਤਵ ਤੇ ਜ਼ੋਰ ਦਿੰਦਾ ਹੈ।

ਸਾਮਰਾਜੀ ਬਸਤੀਵਾਦੀ ਇਤਿਹਾਸਕਾਰੀ ਵਿਚ ਕਾਫੀ ਕੁਝ ਜਾਣ ਬੁੱਝ ਕੇ ਖਾਰਜ ਕੀਤਾ ਗਿਆ ਹੈ। ਉਤਰ-ਬਸਤੀਵਾਦੀ ਪੱਧਤੀ ਵਿਚ ਖਾਰਜ ਕੀਤੇ ਗਏ ਜਾਂ ਵਾਂਝੇ ਰੱਖੇ ਗਏ ਨੂੰ ਦੂਜੇ ਜਾਂ other ਦਾ ਨਾਮ ਦਿੱਤਾ ਗਿਆ ਹੈ। ਰਣਜੀਤ ਗੁਹਾ ਇਸਨੂੰ 'ਸਬਾਲਟਰਨ' ਅਰਥਾਤ ਹਾਸ਼ੀਆਗਤ ਦਾ ਹੀ ਵਿਕਲਪੀ ਸੰਕਲਪ ਸਮਝਦਾ ਹੈ।

ਸਬਾਲਟਰਨ ਸ਼ਬਦ ਮੁੱਖ ਰੂਪ ਵਿਚ ਹੇਠਲੇ ਦਰਜੇ ਦੇ ਪ੍ਰਸੰਗ ਵਿਚ ਹੀ ਵਰਤਿਆ ਜਾਂਦਾ ਹੈ। ਗਾਇਤਰੀ ਸਪੀਵਿਕ ਸਬਾਲਟਰਨ ਸ਼੍ਰੇਣੀਆਂ ਦੇ ਰੋਲ ਨੂੰ ਫੋਕਸ ਵਿਚ ਲਿਆਉਣ ਉੱਪਰ  ਬਲ ਦਿੰਦੀ ਹੈ।[17] ਬਸਤੀਕਾਰਾਂ ਦਾ ਵਿਚਾਰ ਹੈ ਕਿ ਸਬਾਲਟਰਨ ਨੂੰ ਪੱਛਮ ਦੀ ਸੋਚ, ਤਰਕ ਅਤੇ ਭਾਸ਼ਾ ਨੂੰ ਅਪਣਾਉਣਾ ਚਾਹੀਦਾ ਹੈ। ਪ੍ਰੰਤੂ Jonne Sharp ਅਤੇ ਗਾਇਤਰੀ ਸਪੀਵਿਕ ਅਨੁਸਾਰ ਮੁਸ਼ਕਲ ਇਹ ਹੈ ਕਿ ਸਬਾਲਟਰਨ ਗਿਆਨ ਜਾਂ ਤਰਕ ਦੇ ਰੂਪਾਂ ਵਿਚ ਪੱਛਮੀ ਤਰੀਕੇ ਦੇ ਅਨੁਸਾਰ ਹੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਇਹ ਉਨ੍ਹਾਂ ਦੀ ਅਵਾਜ਼ ਨੂੰ ਸਹੀ ਰੂਪ ਵਿਚ ਪ੍ਰਗਟਾਉਣ ਵਿਚ ਬਾਧਾ ਬਣਦਾ ਹੈ।[18]

ਲੁੱਟ ਦੇ ਸਭ ਤੋਂ ਭੈੜੇ ਅਨੁਭਵਾਂ ਨੇ ਸਬਾਲਟਰਨ ਰਾਜਨੀਤੀ ਨੂੰ ਨਵੇਂ ਮਾਨਦੰਡਾਂ ਨਾਲ ਜੋੜਿਆ। ਇਸ ਕਰਕੇ ਇਸਦੀ ਇੱਕ ਵੱਖਰੀ ਪਹਿਚਾਣ ਬਣੀ। ਰਣਜੀਤ ਗੁਹਾ ਦਾ ਮੰਨਣਾ ਹੈ ਕਿ ਸਬਾਲਟਰਨ ਦੀ ਜ਼ਿੰਦਗੀ ਅਤੇ ਚੇਤਨਾ ਅਜਿਹੇ ਵਿਸ਼ਾਲ ਖੇਤਰ ਹਨ, ਜਿਹੜੇ ਬਸਤਵਾਦੀ ਏਕਾਧਿਕਾਰ ਦੇ ਖਿਲਾਫ਼ ਕਈ ਰੂਪ ਧਾਰਨ ਕਰਕੇ ਪ੍ਰਗਟ ਹੁੰਦੇ ਹਨ। ਇਹ ਪ੍ਰਗਟਾਵੇ ਲਹਿਰਾਂ ਬਣਨ ਲਈ ਅਹੁਲਦੇ ਹਨ। ਪ੍ਰੰਤੂ, ਬਸਤੀਕਾਰ ਇਨ੍ਹਾਂ ਲਹਿਰਾਂ ਨੂੰ ਜਨਮ ਲੈਣ ਤੋਂ ਰੋਕਦਾ ਹੈ ਅਤੇ ਜਬਰ ਦਾ ਅਨੁਸਰਨ ਕਰਦਾ ਹੈ। ਇਸੇ ਕਾਰਨ ਬਹੁਤ ਸਾਰੇ ਵਿਰੋਧ ਆਪਣਾ ਅਸਲ ਮੁਕਾਮ ਹਾਸਿਲ ਕਰਨ ਵਿਚ ਕਾਮਯਾਬ ਨਹੀਂ ਹੁੰਦੇ। ਇਸ ਪ੍ਰਕਾਰ ਹਾਸ਼ੀਆਗਤ ਸ਼੍ਰੇਣੀਆਂ ਦੇ ਵਿਰੋਧ ਬਸਤੀਵਾਦੀ ਜਬਰ ਦਾ ਸ਼ਿਕਾਰ ਹੋ ਜਾਂਦੇ ਹਨ।

ਬਸਤੀਕ੍ਰਿਤ ਸਮਾਜ ਵਿਚ ਔਰਤ ਦੋਹਰੀ ਬਸਤੀਕਾਰੀ ਦਾ ਸ਼ਿਕਾਰ ਹੁੰਦੀ ਹੈ। ਇੱਕ ਤਾਂ ਸਮਾਜਕ ਇਕਾਈ ਦੇ ਰੂਪ ਵਿਚ ਉਹ ਬਸਤੀਵਾਦੀ ਨਿਜ਼ਾਮ ਦੀ ਗ਼ੁਲਾਮੀ ਹੰਢਾਉਣ ਲਈ ਮਜਬੂਰ

ਹੁੰਦੀ ਹੈ, ਦੂਸਰਾ ਸਾਹ ਘੁਟਵੇਂ ਘਰੇਲੂ ਵਾਤਾਵਰਨ ਵਿਚ ਔਰਤ ਨੂੰ ਮਰਦ ਦੀ ਗ਼ੁਲਾਮੀ ਸਹਿਣੀ ਪੈਂਦੀ ਹੈ। ਗਾਇਤਰੀ ਸਪੀਵਿਕ ਪ੍ਰਮਾਣਿਕ ਦਲਿਤ ਅਵਾਜ਼ ਦੇ ਪ੍ਰਗਟਾਉ ਬਾਰੇ ਪ੍ਰਸ਼ਨ ਉਠਾਉਂਦੀ ਹੈ। ਉਸ ਅਨੁਸਾਰ ਮੁਸ਼ਕਲ ਇਹ ਹੈ ਕਿ ਦਲਿਤ ਪ੍ਰਭੂਤਵੀ ਵਰਗ ਦੀ ਵਿਚਾਰਧਾਰਾ, ਕਾਨੂੰਨ ਲਿੰਗ ਆਦਿ ਦੀਆਂ ਅਨੇਕ ਏਜੰਸੀਆਂ ਰਾਹੀਂ ਹੀ ਪ੍ਰਤੀਨਿਧਤਾ ਪ੍ਰਾਪਤ ਕਰ ਰਿਹਾ ਹੈ। ਦਲਿਤ ਦੀਆਂ ਵਿਲੱਖਣ ਪੁਜ਼ੀਸਨਾਂ ਹੋਣ ਦੇ ਬਾਵਜੂਦ ਇਸਤਰੀ ਨੂੰ ਵਿਚਾਰਧਾਰਕ ਅਤੇ ਲਿੰਗਕ ਦੋਹਰੀਆਂ ਘਾੜਤਾਂ ਰਾਹੀਂ ਦਬਾਇਆ ਜਾ ਰਿਹਾ ਹੈ।[19] ਦੋਹਰੇ ਬਸਤੀਵਾਦੀ ਆਯਾਮਾਂ ਨੂੰ ਹੰਢਾਉਦੀ ਔਰਤ ਆਪਣੇ ਉੱਪਰ ਕਾਬਜ਼ ਮਰਦ ਅਤੇ ਕਾਬਜ਼ ਨਿਜ਼ਾਮ ਦੀ ਗ਼ਲਾਮੀ ਤੋਂ ਮੁਕਤ ਹੋਣਾ ਲੋਚਦੀ ਹੈ। ਬਸਤੀਕਾਰੀ ਪ੍ਰੋਜੈਕਟ ਵਿਚ ਆਰਥਕ ਹਿੱਤਾਂ ਅਤੇ ਰਾਜਨੀਤਿਕ ਗ਼ਲਬੇ ਦੀ ਪ੍ਰਾਪਤੀ ਲਈ ਅਧੀਨ ਸਮਾਜ ਉੱਪਰ ਵਿਭਿੰਨ ਪੱਖਾਂ ਤੋਂ ਪ੍ਰਭਾਵ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਸ ਸੰਗਟ ਗ੍ਰਸਤ, ਮਾਰੂ ਅਤੇ ਢਾਹੂ ਕਿਸਮ ਦੀ ਪ੍ਰਕਿਰਿਆ ਵਿਚ ਔਰਤ ਸਭ ਤੋਂ ਜ਼ਿਆਦਾ ਹਾਸ਼ੀਆਕ੍ਰਿਤ ਹੁੰਦੀ ਹੈ। ਐਡਵਰਡ ਸੈਦ ਦਾ ਵਿਚਾਰ ਹੈ ਕਿ ਅਸੀਂ ਪੁਰਸ਼ ਪ੍ਰਧਾਨ ਸਮਾਜ ਵਿਚ ਰਹਿ ਰਹੇ ਹਾਂ— ਜਿਸ ਵਿਚ ਜਿਊਣ ਦੇ ਸਾਰੇ ਅਧਿਕਾਰਾਂ ਉੱਪਰ ਮਰਦ ਆਪਣਾ ਸਰਵਉਚ ਅਧਿਕਾਰ ਕਾਇਮ ਰੱਖਦਾ ਹੈ।[20] ਦੋਹਰੇ ਬਸਤੀਕਰਨ ਦਾ ਸ਼ਿਕਾਰ ਔਰਤ ਦੀ ਪਰਿਸਥਿਤੀ ਦਾ ਪ੍ਰਗਟਾਵਾ ਗਾਇਤਰੀ ਸਪੀਵਿਕ ਉਸ ਤ੍ਰਾਸਦੀ ਦੇ ਹਵਾਲੇ ਰਾਹੀਂ ਕਰਦੀ ਹੈ, ਜਿਸ ਬਾਰੇ ਕਿਹਾ ਗਿਆ ਹੈ ਕਿ ਕਿਸੇ ਵੀ ਕਰਜ ਦਾ ਆਖ਼ਰੀ ਭੁਗਤਾਨ ਔਰਤ ਵਸਤੂ ਵਜੋਂ ਹੀ ਹੋਇਆ ਕਰਦਾ ਹੈ।[21]

ਗਾਇਤਰੀ ਸਪੀਵਿਕ ਆਪਣੇ ਲੇਖ 'Can the Subaltern Speak ?' ਵਿਚ ਤੀਜੇ ਸੰਸਾਰ ਦੀ ਨਾਰੀ ਬਾਰੇ ਕਹਿੰਦੀ ਹੈ ਕਿ ਉਸ ਨਾਰੀ ਬਾਰੇ ਕੀ ਕਹੋਗੇ ਜੋ ਨਿਮਨ ਵਰਗ ਵਿਚ ਸਭ ਤੋਂ ਵਧੇਰੇ ਦਬੀ-ਕੁਚਲੀ ਸਬਾਲਟਰਨ ਹੈ ਤੇ ਜਿਸ ਦੀ ਕੋਈ ਅਵਾਜ਼ ਨਹੀਂ ਹੈ। ਭਾਵੇਂ ਬਸਤੀਵਾਦੀ ਦੌਰ ਹੋਵੇ ਜਾਂ ਉਤਰ ਬਸਤੀਵਾਦੀ ਨਾਰੀ ਦੋਹਰੇ ਦਮਨ ਦਾ ਸ਼ਿਕਾਰ ਹੈ। ਇੱਕ ਪਾਸੇ ਸੱਤਾ ਦੀ ਰਾਜਨੀਤੀ ਜਿਸ ਵਿਚ ਉਸਦੀ ਹੋਂਦ ਦਾ ਅਲਪ ਮਹੱਤਵ, ਅਸੁਰੱਖਿਆ ਤੇ ਦੂਜੇ ਪਾਸੇ ਪਰਿਵਾਰ ਜਾਂ ਸਮਾਜਕ ਪ੍ਰਬੰਧ ਦਾ ਦਮਨ, ਜਿਸ ਵਿਚ ਗੁਲਾਮਾਂ ਦੀ ਤਰ੍ਹਾਂ ਉਸਦਾ ਵਿਅਕਤਿਤਵ ਕੋਈ ਮਾਅਨੇ ਨਹੀਂ ਰੱਖਦਾ।

ਉਤਰ ਬਸਤੀਵਾਦੀ ਅਧਿਐਨ ਦੀ ਪੱਧਤੀ ਨੇ ਤੀਜੀ ਦੁਨੀਆਂ/ਦਮਿਤ ਲੋਕਾਂ ਦੀ ਸਭਿਆਚਾਰਕ ਰਾਜਨੀਤੀ/ਰਣਨੀਤੀ ਲਈ ਇੱਕ ਨਵਾਂ ਪੈਂਤੜਾ ਪੇਸ਼ ਕੀਤਾ ਹੈ। ਇਸ ਨੇ ਦੱਸਿਆ ਹੈ ਕਿ ਯੂਰੋ ਕੇਂਦ੍ਰਿਤ ਬਸਤੀਵਾਦੀ ਪ੍ਰਵਚਨਾਂ ਨੂੰ ਤੀਜੀ ਦੁਨੀਆਂ ਦੀ ਦ੍ਰਿਸ਼ਟੀ ਤੋਂ ਕਿਵੇਂ ਸਮਝਿਆ ਤੇ ਵੰਗਾਰਿਆ ਜਾ ਸਕਦਾ ਹੈ। ਇਸਨੇ ਪੂਰਬਵਾਦ, other, ਸਬਾਲਟਰਨ ਆਦਿ ਸੰਕਲਪਾਂ ਦੇ ਹਵਾਲੇ ਨਾਲ ਆਪਣੇ ਵੱਖਰੇ ਸਿੱਧਾਂਤਕ ਚੌਖਟੇ ਨੂੰ ਵੀ ਤਿਆਰ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ


1. Robert, Young, **White Mythologies**, Routeldge, London, 1990, p.15
2. Edward W.said, **Culture and Imperalism**, Vintage Books, 1994, p. 17
3. Jonne M. Jocobs, **Post-Colonical Space** (A Research Paper), Oxford Blackwell, London, 1990, p.2
4. **Ibid**., p. 73
5. Robert J.C. Young, **Post-Colonialism: A Historical Introduction**, Willey-Blaclwell, London, 2001, p.59
6. Frantz Fanon, **Black Skin White Masks**, Tr Charles Lam Markmann, Pluto Press, London, 1993, p. 20

7. Bart Moore Gilbert, **Post Colonical Theory: Contexts, Practices, Politics**, Verso, London, 1997, p.20
8. **Ibid**., p.73
9. **Ibid**., p.8
10. Ijaz Anemed, **In Theory**, Oxford University Press, New Delhi, 2004, p.39.
11. Ranjeet Guha (ed.), **Selected Subaltern Studies III, Writing on South Asian History and Society**, Oxford University Press New Delhi, 1989, p.
12. Edward W. Said, **Orientalism**, Penguin Books, 1995, p. 2-3
13. **Ibid**., p.25.
14. _______, **Culture and Imperialism**, Verso, 1993, p.XIII
15. Robert Young, **White Mythologies**, p.15
16. Gayatri Spivak, **Outside in the Teachings Machine**, Verso, New York and London, 1997, p.143
17. **Ibid**., p.142
18. Jonne Sharps, **Geographies of Post Colonialism**, Sage Publication Ltd., 2008, p.80.
19. Gayatri Spivak, **Outside of the Techings Machine**, p.141
20. Edward W.said, **Culture and Imperialism**, p.145
21. Gayatri Spivak, **Outside of the Teachings Machine**, p.142

**ਪੁਸਤਕ ਰੀਵਿਊ**

ਪੁਸਤਕ : **ਬੋਲ ਮਰਦਾਨਿਆਂ**
ਲੇਖਕ : ਜਸਬੀਰ ਮੰਡ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
ਕੀਮਤ : 250 ਰੁਪਏ
ਪੰਨੇ : 300
ਰੀਵਿਊਕਾਰ : ਡਾ. ਮਹਿਲ ਸਿੰਘ

ਇਹ ਜਸਬੀਰ ਮੰਡ ਦਾ ਚੌਥਾ ਨਾਵਲ ਹੈ। ਇਸ ਤੋਂ ਪਹਿਲਾਂ ਇਸ ਦੇ **ਔੜ ਦੇ ਬੀਜ** (1986), **ਆਖ਼ਰੀ ਪਿੰਡ ਦੀ ਕਥਾ** (1992) ਅਤੇ **ਖਾਜ** (2010) ਨਾਵਲ ਛੱਪ ਚੁੱਕੇ ਹਨ। ਸਪੱਸ਼ਟ ਹੈ ਕਿ ਜਸਬੀਰ ਮੰਡ ਦੀ ਬਤੌਰ ਨਾਵਲਕਾਰ ਤੋਰ ਬੜੀ ਸਹਿਜਭਾਵੀ ਹੈ। ਇਹ ਨਾਵਲਕਾਰ ਹਰ ਸਾਲ ਨਾਵਲ ਲਿਖਣ ਦੀ ਜ਼ਿੱਦ ਤੋਂ ਪਾਰ ਹੈ। **ਔੜ ਦੇ ਬੀਜ** ਨਾਵਲ ਨਾਲ ਜਸਬੀਰ ਮੰਡ ਦੀ ਇੱਕ ਨੌਜਵਾਨ ਨਾਵਲਕਾਰ ਵਜੋਂ ਵੱਡੀ ਪਹਿਚਾਣ ਬਣੀ ਸੀ। ਇਹ ਨਾਵਲ ਸਾਹਿਤਕ ਹਲਕਿਆਂ ਵਿਚ ਆਪਣੇ ਸਮਿਆਂ ਦੀ ਇੱਕ ਵਿਸ਼ੇਸ਼ ਚਰਚਿਤ ਰਚਨਾ ਮੰਨੀ ਗਈ ਸੀ। ਬਾਅਦ ਵਿਚ ਭਾਵੇਂ ਕਿ ਜਸਬੀਰ ਮੰਡ ਦੇ ਦੂਸਰੇ ਦੋ ਨਾਵਲਾਂ ਪ੍ਰਤੀ ਵਿਸ਼ੇਸ਼ ਚਰਚਾ ਨਹੀਂ ਹੋਈ ਹੈ। ਬੋਲ ਮਰਦਾਨਿਆਂ ਨਾਵਲ ਨਾਲ ਜਸਬੀਰ ਮੰਡ ਨੇ ਮੁੜ ਆਪਣੇ ਪਹਿਲੇ ਨਾਵਲ ਵਾਂਗ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ।

ਇਸ ਨਾਵਲ ਵਿਚ ਮਰਦਾਨੇ ਦੇ ਜੀਵਨ ਦੀ ਕਥਾ ਪੇਸ਼ ਹੋਈ ਹੈ। ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸੰਗੀ-ਸਾਥੀ ਸੀ। ਇਸ ਕਰਕੇ ਮਰਦਾਨੇ ਦਾ ਜੀਵਨ ਗੁਰੂ ਨਾਨਕ ਦੇਵ ਜੀ ਦੀ ਸਖ਼ਸ਼ੀਅਤ ਦੇ ਸੰਦਰਭ ਵਿਚ ਸਾਹਮਣੇ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵਿਹਾਰ ਅਤੇ ਬਾਣੀ ਸੰਦੇਸ਼ ਰਾਹੀਂ ਸਾਡੀ ਸਮਾਜਕ ਜੀਵਨ-ਜਾਚ ਦਾ ਵੱਖਰਾ ਤੇ ਨਿਵੇਕਲਾ ਰਾਹ ਬਲ ਫੜ੍ਹਦਾ ਹੈ, ਜਿਸ ਨੂੰ ਅੱਜ ਅਸੀਂ ਸਿੱਖੀ ਜਾਂ ਸਿੱਖ ਧਰਮ ਮੰਨਦੇ ਹਾਂ। ਇਸ ਨਾਵਲ ਵਿਚੋਂ ਗੁਰੂ ਸਾਹਿਬ ਤੇ ਮਰਦਾਨੇ ਦੇ ਪਰਿਵਾਰਕ ਜੀਵਨ ਸੰਬੰਧੀ ਵੀ ਵੇਰਵੇ ਮਿਲਦੇ ਹਨ, ਪਰ ਅਸਲ ਵਿਚ ਇਹ ਨਾਵਲ ਇਨ੍ਹਾਂ ਦੋ ਮਹਾਨ ਸਖ਼ਸ਼ੀਅਤਾਂ ਦੀ ਆਤਮਿਕ ਉਚਾਈ ਤੇ ਗਹਿਰਾਈ ਬਾਰੇ ਹੈ।

ਇਸ ਨਾਵਲ ਦੀ ਵੱਡੀ ਵਿਸ਼ੇਸ਼ਤਾ ਪੇਸ਼ਕਾਰੀ ਦੇ ਅੰਦਾਜ਼ ਵਿਚ ਹੈ। ਗੁਰੂ ਨਾਨਕ ਦੇਵ ਜੀ ਸਿੱਧੇ ਤੌਰ ਉੱਤੇ ਹਾਜ਼ਿਰ ਨਾ ਹੋ ਕੇ ਵੀ ਮਰਦਾਨੇ ਦੇ ਅੰਗ-ਸੰਗ ਹਾਜ਼ਿਰ ਵਿਖਾਈ ਦੇਂਦੇ ਹਨ। ਇਸ ਵਿਚ ਨਾ ਪਾਤਰਾਂ ਦੀ ਭੀੜ ਹੈ, ਨਾ ਹੀ ਪਾਤਰਾਂ ਦਾ ਕੋਈ ਵਿਵਾਦ। ਨਾ ਹੀ ਕਥਾ ਬਿਰਤਾਂਤ ਵਿਚ ਕੋਈ ਤਨਾਅ ਜਾਂ ਟਕਰਾਅ ਹੈ। ਨਾਵਲ ਦੀ ਵਿਸ਼ੇਸ਼ ਮਹੱਤਤਾ ਰਸਦਾਰ, ਰਮਜ਼ ਭਰੀ ਤੇ ਆਲੰਕਾਰਕ ਸ਼ੈਲੀ ਵਿਚ ਹੈ। ਇਹ ਨਾਵਲ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਦਾ ਸਾਹਿਤਕ ਸੁਮੇਲ ਹੈ। ਮਰਦਾਨਾ ਗੁਰੂ ਸਾਹਿਬ ਦਾ ਸੰਗੀ-ਸਾਥੀ ਸੀ। ਇਸ ਸੰਬੰਧੀ ਸਾਡਾ ਇਤਿਹਾਸ ਗਵਾਹ ਹੈ। ਗੁਰੂ ਸਾਹਿਬ ਨਾਲ (ਮਰਦਾਨੇ ਸਮੇਤ) ਕਲਪਿਤ/ਮਿਥਿਹਾਸਕ ਸਾਖੀਆਂ ਵੀ ਜੁੜੀਆਂ ਹੋਈਆਂ ਹਨ। ਇਹ ਦੋਨੋਂ ਪੱਖ ਨਾਵਲ ਵਿਚ ਆਪੋ ਵਿਚ ਜਜ਼ਬ ਹੋਏ ਨਜ਼ਰ ਆਉਂਦੇ ਹਨ। ਨਾਵਲ ਵਿਚੋਂ ਇੱਕ ਪਾਸੇ ਪਾਤਰਾਂ ਦੇ ਪਰਿਵਾਰਕ/ਘਰੇਲੂ ਮੋਰਚੇ ਤੋਂ ਕਈ ਤੱਥ ਪੇਸ਼ ਹੋਏ ਹਨ। ਇਹ ਇੱਕ ਤਰ੍ਹਾਂ ਦਾ ਫਲਸਫਾਨਾ ਸੱਚ ਵੀ ਹਨ। ਕੌਣ ਹੈ ਕਿ ਜਿਸ ਨੂੰ ਪਿੱਛੇ ਆਪਣੇ ਘਰ-ਪਰਿਵਾਰ ਦੀਆਂ ਹਕੀਕਤਾਂ ਦਾ ਅਹਿਸਾਸ ਨਾ ਹੋਵੇ ? ਕਿਸੇ ਵਡੇਰੇ ਕਾਜ ਲਈ ਘਰੋਂ ਨਿਕਲੇ ਨਾਇਕਾਂ ਦੇ ਪਰਿਵਾਰ ਅਕਸਰ ਹੀ ਕਈ ਮੁਸ਼ਕਿਲਾਂ ਦੇ ਰੂ-ਬ-ਰੂ ਰਹਿੰਦੇ ਹਨ। ਅਜੇਹਾ ਵਡੇਰਾ ਸੱਚ **ਬੋਲ ਮਰਦਾਨਿਆਂ** ਨਾਵਲ ਵਿਚ ਬਹੁਤ ਸ਼ਿੱਦਤ ਨਾਲ ਪੇਸ਼ ਹੋਇਆ ਹੈ। ਸਾਹਿਤ ਨਾ ਤਾਂ ਤੱਥਾਂ ਦੀ ਖਾਣ ਹੁੰਦਾ ਹੈ ਨਾ ਹੀ ਨਿਰਾ ਕਲਪਿਤ ਸੰਸਾਰ। ਇਨ੍ਹਾਂ ਦੋਨਾਂ ਦਾ ਰਲੇਵਾਂ ਹੀ ਸਾਹਿਤਕਾਰੀ ਹੈ।

ਅਜੇਹੀ ਸਾਹਿਤਕਾਰੀ ਹੀ ਰਚਨਾਵਾਂ ਦੀ ਵੱਡੀ ਪਹਿਚਾਣ ਦਾ ਸਬੱਬ ਬਣਦੀ ਹੈ। ਇਹ ਨਾਵਲ ਅਜਿਹੇ ਕਲਾਤਮਿਕ ਮਿਆਰ ਦੀ ਵਿਸ਼ੇਸ਼ ਮਿਸਾਲ ਹੈ।

ਇਸ ਨਾਵਲ ਵਿਚ ਨਾ ਭੜਕਾਹਟ ਹੈ, ਨਾ ਰੌਲਾ ਅਤੇ ਹੀ ਕੋਈ ਉੱਚੀ ਸੁਰ। ਇਸ ਦਾ ਸੰਚਾਰ ਲਹਿਜ਼ਾ ਮਹਾਂਪੁਰਖਾਂ ਦੇ ਬੋਲਾਂ ਵਰਗਾ ਹੈ। ਇਸ ਦੀ ਸੁਰ ਧੀਮੀ ਹੈ ਪਰ ਅਰਥ ਗਹਿਰ-ਗੰਭੀਰ ਹਨ। ਇਹ ਫਲਸਫ਼ਾਨਾ ਲਹਿਜੇ ਵਾਲਾ ਕਾਵਿਕ ਕਿਸਮ ਦਾ ਬਿਰਤਾਂਤ ਹੈ। ਇਸ ਦੇ ਨਾਵਲੀ ਬਿਰਤਾਂਤ ਵਿਚ ਵੀ ਸੰਵਾਦ ਹੈ ਤੇ ਪਾਤਰਾਵਲੀ ਵਿਚ ਵੀ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦੀ ਸਥਿਤੀ ਆਪੋ ਵਿਚ ਮੋਨੋਲਾਗ ਵਰਗੀ ਹੈ। ਇਸ ਵਿਚ ਬਾਬੇ ਨਾਨਕ ਦੀ ਦਿੱਖ ਤੇ ਦਿਸ਼ਾ ਮਰਦਾਨੇ ਦੀਆਂ ਨਜ਼ਰਾਂ ਰਾਹੀਂ ਪੇਸ਼ ਹੋਈ ਹੈ। ਮਰਦਾਨਾ ਬਾਬੇ ਦਾ ਸਾਥੀ ਵੀ ਹੈ, ਦਰਸ਼ਕ ਤੇ ਸਰੋਤਾ ਵੀ। ਮਰਦਾਨੇ ਨੇ ਹੀ ਬਾਬੇ ਨੂੰ ਸੁਣਿਆ ਵੀ ਤੇ ਨਾਲ ਗਾਇਆ ਵੀ। ਬਾਬੇ ਅਤੇ ਬਾਣੀ ਨੂੰ ਪਹਿਲਾ ਸਿਜਦਾ ਤੇ ਹੁੰਗਾਰਾ ਮਰਦਾਨੇ ਦਾ ਹੀ ਹੈ। ਇਨ੍ਹਾਂ ਦਾ ਆਪੋ ਵਿਚ ਇੱਕ ਦੂਜੇ ਪ੍ਰਤੀ ਨਿਰਸੰਕੋਚ ਸਤਿਕਾਰ ਰੂਪੀ ਹੁੰਗਾਰਾ ਹੈ। ਸੰਵਾਦ ਆਪੋ ਵਿਚ ਨਹੀਂ ਬਾਹਰ ਵਾਲਿਆਂ ਨਾਲ ਹੈ। ਬਾਹਰ ਵਾਲਿਆਂ ਨਾਲ ਸਾਰੀ ਗੁਫ਼ਤਗੂ ਰਾਗ ਵਿਚ ਹੈ। ਬੋਲ (ਸ਼ਬਦ) ਰਾਗ ਤੇ ਸਾਜ ਵਿਚ ਹਨ। ਅਜੇਹੇ ਉਚਾਰਣ ਵਿਚ ਜਵਾਬ ਵੀ ਹਨ ਅਤੇ ਇਸ ਆਨੰਤ ਪਸਾਰੇ ਦੀ ਵਿਆਖਿਆ ਵੀ। ਕਿਤੇ ਵੀ ਬੋਲ-ਕੁਬੋਲ ਨਹੀਂ ਹਨ। ਬੋਲ ਜਦ ਰਾਗ ਤੇ ਸਾਜ਼ ਨਾਲ ਪ੍ਰਗਟ ਹੁੰਦੇ ਹਨ ਤਾਂ ਇਨ੍ਹਾਂ ਦੇ ਵਿਰੋਧ ਤੇ ਵਿਵਾਦ ਦਾ ਝਮੇਲਾ ਮੂਲੋਂ ਹੀ ਮੁੱਕਦਾ ਨਜ਼ਰ ਆਉਂਦਾ ਹੈ। ਕਿਉਂਕਿ ਕਵਿਤਾ ਜਾਂ ਕਵਿਕਤਾ ਹਮੇਸ਼ਾ ਭਾਵਾਤਮਿਕ ਜੁੰਬਸ਼ (ਪ੍ਰੇਰਣਾ) ਜਾਂ ਹੁਲਾਰਾ ਦੇਂਦੀ ਹੈ।

ਨਾਵਲੀ ਬਿਰਤਾਂਤ ਜਿਵੇਂ-ਜਿਵੇਂ ਅੱਗੇ ਵੱਧਦਾ ਹੈ ਤਿਵੇਂ-ਤਿਵੇਂ ਪਾਤਰਾਂ ਦੀ ਸਖ਼ਸੀਅਤ ਦਾ ਪਾਸਾਰਾ ਵੱਡਾ ਹੁੰਦਾ ਵਿਖਾਈ ਦੇਂਦਾ ਹੈ। ਇਹ ਪਾਤਰਾਵਲੀ ਵਿਚ ਵਿਕਾਸ ਦੀ ਦਿਸ਼ਾ ਤੇ ਦਸ਼ਾ ਹੈ। ਪਾਠਕ ਨੂੰ ਨਿਰੰਤਰ ਪਾਤਰ ਆਪਣੀ ਸਥਿਤੀ ਤੋਂ ਉਪਰ ਉੱਠਦੇ ਨਜ਼ਰ ਆਉਂਦੇ ਹਨ। ਨਾਵਲ ਦੀ ਸਮੁੱਚੀ ਨਾਵਲੀਅਤਾ ਪੈਰੋ-ਪੈਰ ਫ਼ਕੀਰ ਤੇ ਮਰਾਸੀ ਦੇ ਅਰਥਾਂ ਨੂੰ ਗਹਿਰਾਈ ਦੇਂਦੀ ਹੈ। ਫ਼ਕੀਰ (ਬਾਬਾ ਨਾਨਕ) ਆਪਣੀ ਸਮਝ ਤੇ ਦ੍ਰਿਸ਼ਟੀ ਰਾਹੀਂ ਦੁਨੀਆਂਦਾਰੀ ਤੋਂ ਪਾਰ ਹੈ। ਮਰਾਸੀ (ਮਰਦਾਨੇ) ਨੂੰ ਆਪਣੇ ਜੱਦੀ ਕਿੱਤੇ ਵਜੋਂ ਵਰਤਮਾਨ ਨੂੰ ਹਲਕਾ-ਫੁਲਕਾ ਕਰਨ ਵਿਚ ਮੁਹਾਰਤ ਹੈ। ਇਨ੍ਹਾਂ ਦਾ ਵਿਹਾਰ ਦੁਨੀਆਦਾਰੀ ਤੋਂ ਉੱਪਰ ਜੋਗੀਆਂ ਵਰਗਾ ਹੈ। ਪਰ ਇਹ ਆਪਣੇ ਬੋਲਾਂ ਤੇ ਆਤਮਿਕ ਵਿਸ਼ਵਾਸ ਕਾਰਣ ਯੋਧਿਆਂ ਵਰਗੇ ਵੀ ਹਨ। ਇਨ੍ਹਾਂ ਦੇ ਕਦਮਾਂ 'ਤੇ ਨਜ਼ਰਾਂ ਦੀ ਚਾਲ ਦੂਰ-ਅੰਦੇਸ਼ ਪੀਰਾਂ ਸਮਾਨ ਹੈ। ਇਸ ਨਾਵਲੀ ਕਥਾ ਵਿਚ ਪੁਰਖ (ਪਾਤਰ) ਆਪਣੇ ਵਿਹਾਰ ਕਰਕੇ ਮਹਾਂਪੁਰਖ ਬਣਦਾ ਨਜ਼ਰ ਆਉਂਦਾ ਹੈ। ਇਹ ਹੀ ਬਿਰਤਾਂਤ ਤੇ ਪਾਤਰਾਵਲੀ ਦੀ ਗਤੀਸ਼ੀਲਤਾ ਦਾ ਰਾਜ਼ ਹੈ। ਨਾਵਲਕਾਰ ਨੇ ਗੁਰੂ ਕਾਲ ਦੇ ਭੂਗੋਲ ਨੂੰ ਭੁਲਾਵਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਭੂਗੋਲ ਕੇਵਲ ਬਾਹਰਲਾ ਕੁਦਰਤੀ ਵਰਤਾਰਾ ਹੀ ਨਹੀਂ ਹੁੰਦਾ, ਸਗੋਂ ਇਸ ਵਿਚ ਸਮਾਜਚਾਰਾ ਵੀ ਸ਼ਾਮਿਲ ਰਹਿੰਦਾ ਹੈ। ਸਾਹਿਤਕ ਯਥਾਰਥ ਸਮਾਜ ਦਾ ਅਸਲ ਨਹੀਂ ਭੁਲਾਵਾ ਰੂਪ ਹੀ ਹੁੰਦਾ ਹੈ। ਪਾਤਰਾਂ ਦੀ ਅਸਲ ਲੀਲਾ ਸਫ਼ਰ ਵਿਚ ਹੈ। ਨਾਵਲ ਵਿਚ ਸਫ਼ਰ ਨਾ ਬਣਵਾਸ ਹੈ ਤੇ ਨਾ ਤਸੀਹਾ ਰੂਪ। ਮੁੱਖ ਪਾਤਰਾਂ ਦਾ ਸਫ਼ਰ ਨਿਰੰਤਰ ਗਤੀਸ਼ੀਲਤਾ ਵਿਚ ਹੈ। ਇਸ ਤੋਰ ਜਾਂ ਚਾਲ ਵਿਚ ਸੰਵਾਦ ਵੀ ਹੈ ਤੇ ਸੰਘਰਸ਼ ਵੀ। ਇਸ ਰਚਨਾ ਨਾਲ ਪੰਜਾਬੀ ਨਾਵਲ ਦੀ ਨਾਵਲੀਅਤਾ ਦਾ ਮਿਆਰ ਉੱਪਰ ਉਠਦਾ ਨਜ਼ਰ ਆਉਂਦਾ ਹੈ। ਇਸ ਕਰਕੇ ਇਸ ਦੇ ਰਚੈਤਾ ਨੂੰ ਮੁਬਾਰਕਬਾਦ!

## ਪੁਸਤਕ ਰੀਵਿਊ

| | | |
|---|---|---|
| ਪੁਸਤਕ | : | **ਰਾਣੀ ਤੱਤ** |
| ਲੇਖਕ | : | ਹਰਮਨ |
| ਪ੍ਰਕਾਸ਼ਕ | : | ਕਲਰਜ਼ ਆਫ਼ ਪੰਜਾਬ, ਹਾਰਪ ਫ਼ਾਰਮਰ |
| ਕੀਮਤ | : | 220 ਰੁਪਏ |
| ਪੰਨੇ | : | 167 |
| ਰੀਵਿਊਕਾਰ | : | ਡਾ. ਕੁਲਦੀਪ ਸਿੰਘ ਢਿੱਲੋਂ |

ਨੌਜੁਵਾਨ ਕਵੀ 'ਹਰਮਨ' ਦੀ ਪਹਿਲੀ ਕਾਵਿ/ਵਾਰਤਕ ਪੁਸਤਕ **ਰਾਣੀ ਤੱਤ** ਦੇ ਪਾਠਕਾਂ ਦੀਆਂ ਨਜ਼ਰਾਂ ਵਿਚ ਆਉਂਦਿਆਂ ਹੀ ਪੰਜਾਬੀ ਕਵਿਤਾ ਦੀ ਦੁਨੀਆਂ ਵਿਚ ਇੱਕ ਨਵੀਂ ਉਮੀਦ ਜਾਗੀ ਹੈ। 'ਹਰਮਨ' ਜਿਸਦਾ ਪੂਰਾ ਨਾਮ 'ਹਰਮਨਜੀਤ ਸਿੰਘ' ਹੈ, ਦੀ ਇਹ ਪਹਿਲੀ ਪੁਸਤਕ ਹੈ ਅਤੇ ਕੋਈ ਛੇ ਕੁ ਮਹੀਨਿਆਂ ਵਿਚ ਹੀ ਇਸ ਪੁਸਤਕ ਦੇ ਚਾਰ ਅਡੀਸ਼ਨ ਛਪ ਚੁੱਕੇ ਹਨ। ਵਿਦੇਸ਼ਾਂ ਤੱਕ ਜਿੱਥੇ ਵੀ ਪੰਜਾਬੀ ਸਾਹਿਤ ਦੇ ਰਸੀਏ ਬੈਠੇ ਹਨ ਉਨ੍ਹਾਂ ਦੇ ਹੱਥਾਂ ਵਿਚ ਇਹ ਪੁਸਤਕ ਪਹੁੰਚ ਗਈ ਹੈ/ਪਹੁੰਚ ਰਹੀ ਹੈ। ਬੀ. ਏ. ਦੇ ਦੂਜੇ ਸਾਲ ਵਿਚ ਪੜ੍ਹਦਾ 'ਹਰਮਨ' ਇਸ ਪੁਸਤਕ ਰਾਹੀਂ ਪੰਜਾਬੀ ਸਾਹਿਤ ਜਗਤ ਦੇ ਸਨਮੁਖ ਆਪਣੀ ਉਮਰ ਜਿੰਨੀ ਸੱਜਰੀ ਕੋਸ਼ਿਸ਼ ਲੈ ਕੇ ਹਾਜ਼ਰ ਹੈ। ਜਿਸਨੂੰ ਪੰਜਾਬੀ ਪਾਠਕਾਂ ਨੇ ਪਿਆਰ ਅਤੇ ਸਤਿਕਾਰ ਨਾਲ ਨਵਾਜਿਆ ਹੈ।

**ਰਾਣੀ ਤੱਤ** ਪੁਸਤਕ ਵਿਚ ਕਵੀ ਕੁਦਰਤ ਦੀ ਨੇੜਤਾ ਦਾ ਨਿੱਘ ਮਾਣਦਾ ਹੋਇਆ ਕੁਦਰਤ ਨੂੰ ਕੰਜ-ਕੁਆਰੀ ਨਜ਼ਰ ਨਾਲ ਨਿਹਾਰਦਾ ਹੈ ਅਤੇ ਇਸ ਦੇ ਰਗੋ-ਰੇਸ਼ੇ ਨੂੰ ਸ਼ਬਦਾਂ ਨਾਲ ਚਿਤਰਦਾ ਹੈ। ਇਹ ਕਵਿਤਾ ਪ੍ਰੋ. ਪੂਰਨ ਸਿੰਘ ਦੇ ਜਜ਼ਬਿਆਂ ਦੀ ਕੰਨਸੋਅ ਪਾਉਂਦੀ ਹੋਈ ਇਵੇਂ ਮਹਿਸੂਸ ਕਰਵਾਉਂਦੀ ਹੈ ਜਿਵੇਂ ਸ਼ਿਵ ਬਟਾਲਵੀ ਕਿਤੇ ਦੂਰ ਤਰੰਨੁਮ ਵਿਚ ਗਾ ਰਿਹਾ ਹੋਵੇ ਅਤੇ ਹਵਾ ਦੇ ਬੁੱਲੇ ਕੋਈ-ਕੋਈ ਬੰਦ ਕੰਨੀ ਪਾ ਦੇਣ।

ਜਦੋਂ ਮੌਜੂਦਾ ਸਮੇਂ ਵਿਚ ਰਚੀ ਜਾ ਰਹੀ ਕਵਿਤਾ ਪੰਜਾਬੀ ਭਾਸ਼ਾ ਦੀ ਰਸਿਕਤਾ ਅਤੇ ਪੰਜਾਬ ਦੀ ਸਰ-ਜ਼ਮੀਨ ਦਾ ਮੁਹਾਂਦਰਾ ਵਿਸਾਰਦੀ ਜਾ ਰਹੀ ਸੀ ਤਾਂ ਇਸ ਸਮੇਂ **ਰਾਣੀ ਤੱਤ** ਦਾ ਸਾਹਮਣੇ ਆਉਂਣਾ ਇੱਕ ਉਮੀਦ ਦੀ ਕਿਰਨ ਵਰਗਾ ਧਰਵਾਸ ਦਿੰਦਾ ਹੈ।

'ਹਰਮਨ' ਦੀ ਕਵਿਤਾ ਜਜ਼ਬਿਆਂ ਨਾਲ ਲਬਰੇਜ਼ ਹੈ। ਕੁਦਰਤ ਨੂੰ ਸਾਹਾਂ ਤੋਂ ਵੀ ਨੇੜਿਓ ਵੇਖਣ ਅਤੇ ਮਹਿਸੂਸ ਕਰਨ ਦੇ ਛਿਣ ਵਿਚੋਂ ਨਿਕਲੀ ਕਵਿਤਾ ਰਿਸ਼ਤਿਆਂ ਨੂੰ ਚਾਵਾਂ ਨਾਲ ਜਿਉਂਣਾ ਸਿਖਾਉਂਦੀ ਹੈ। **ਰਾਣੀ ਤੱਤ** ਵਿਚਲੀਆਂ 'ਨਾਨਕ', 'ਫ਼ਕੀਰਾਂ ਦੇ ਜ਼ੇਵਰ', 'ਸਰਬੱਤ ਦਾ ਭਲਾ', 'ਆਜ਼ਾਦ ਕਿਤਾਬਾਂ', 'ਉਸਤਤ' ਅਤੇ 'ਲੈਂਦੇ ਵੇ ਲੈਂਦੇ ਵੀਰਾ' ਕਵਿਤਾਵਾਂ ਪਾਠਕ ਦੇ ਮਨ ਨੂੰ ਇੱਕ ਸੱਜਰਾ ਅਹਿਸਾਸ ਕਰਵਾਉਂਦੀਆਂ ਹਨ। ਇਨ੍ਹਾਂ ਦੀ ਭਾਸ਼ਾ ਠੇਠ ਪੰਜਾਬੀ ਹੈ ਅਤੇ ਬੌਧਿਕਤਾ ਦੇ ਭਾਰ ਤੋਂ ਮੁਕਤ। ਜੀਵਨ ਨੂੰ ਜਾਣਨ ਲਈ ਇਹ ਕਵਿਤਾ ਨਵਾਂ ਦ੍ਰਿਸ਼ਟੀਕੋਣ, ਨਵੀ ਸਮਝ ਜ਼ਰੂਰ ਦਿੰਦੀ ਹੈ ਪਰ ਅਕਲ ਦੇ ਭਾਰ ਤੋਂ ਮੁਕਤ ਹੋਕੇ। ਸਾਡੇ ਸਮਿਆਂ ਵਿਚ ਪੰਜਾਬੀ ਕਵਿਤਾ ਨੂੰ ਭਾਰੂ ਹੋ ਰਹੇ ਬੌਧਿਕ ਤੱਤ ਨੇ ਖੋਰਾ ਲਾਇਆ ਹੈ ਅਤੇ ਫ਼ਲਸਫ਼ਿਆਂ ਹੇਠ ਕਵਿਤਾ ਨੇ ਦਮ ਤੋੜਿਆ ਹੈ। ਕਵਿਤਾ ਦੀ ਕੋਮਲਤਾ ਬੌਧਿਕਤਾ ਦੇ ਭਾਰ ਨੂੰ ਨਹੀਂ ਸਹਿ ਸਕਦੀ ਪਰ ਜਦ ਬੌਧਿਕਤਾ ਸੁਗੰਧ ਦਾ ਰੂਪ ਲੈ ਕੇ ਕਵਿਤਾ ਦੇ ਫੁੱਲ ਵਿਚੋਂ ਮਹਿਕਦੀ ਹੈ ਤਾਂ ਦਾਨਿਸ਼ਵਰਾਨਾਂ ਗੱਲਾਂ ਵੀ ਪ੍ਰੀਤ-ਮਿਲਣੀਆਂ ਹੋ ਨਿਬੜੀਆਂ ਹਨ। ਜਿਸ ਕੋਸ਼ਿਸ਼ ਵਿਚ **ਰਾਣੀ ਤੱਤ** ਪੁਸਤਕ ਇੱਕ ਸੁਹਣਾ ਕਦਮ ਹੈ।

ਕਵਿਤਾ ਦੇ ਅੰਤਲੇ ਭਾਗ ਵਿਚ ਕੁੱਝ ਵਾਰਤਕ ਵੀ ਹੈ। ਗੁਰਮਤਿ ਫ਼ਲਸਫ਼ੇ ਦੀ ਛਾਂਵੇ ਬੈਠ

ਲਿਖੀ ਵਾਰਤਕ ਵਿਚੋਂ ਗੁਰਬਾਣੀਆਂ ਦੀ ਪੰਕਤੀਆਂ ਸਹਿਜ ਹੀ ਆਪਣਾ ਸਥਾਨ ਗ੍ਰਹਿਣ ਕਰਦੀਆਂ ਹਨ। ਇਹ ਵਾਰਤਕ ਪੜ੍ਹਦਿਆਂ ਕਾਵਿਕ ਜ਼ਾਇਕਾ ਜ਼ੁਬਾਨ ਤੋਂ ਉਤਰਦਾ ਨਹੀਂ ਹੈ। ਜ਼ਰੂਰੀ ਹੈ ਕਿ ਕਵਿਤਾ ਵਾਰਤਕ ਵਰਗੀ ਨਾ ਹੋਵੇ ਪਰ ਨਾਲ ਹੀ ਇਹ ਵੀ ਅਤਿ ਜ਼ਰੂਰੀ ਹੈ ਕਿ ਵਾਰਤਕ ਕਵਿਤਾ ਵਰਗੀ ਹੋਵੇ, ਜਿਸ ਨਾਲ ਤਰਕ ਵਿਚ ਵੀ ਮਿਠਾਸ ਘੁਲ ਜਾਂਦੀ ਹੈ। 'ਹਰਮਨ' ਦੀ ਵਾਰਤਕ ਵੀ ਇਸੇ ਦਿਸ਼ਾ ਦਾ ਪਹਿਲਾ ਕਦਮ ਹੈ। ਇਸ ਪੁਸਤਕ ਨੂੰ ਪੜ੍ਹਨਾ ਇੱਕ ਕੰਜ-ਕੁਆਰੇ ਕਵੀ ਨੂੰ ਆਸ਼ੀਰਵਾਦ ਦੇਣਾ ਅਤੇ ਬਾਬੇ ਬੋਹੜ ਵਰਗੇ ਪੰਜਾਬੀ ਸਾਹਿਤ ਦੀ ਅਸੀਸ ਲੈਣ ਵਰਗਾ ਸ਼ੁੱਭ ਹੋਵੇਗਾ।

# Khalsa College Amritsar
# ਖ਼ਾਲਸਾ ਕਾਲਜ ਅੰਮ੍ਰਿਤਸਰ

ਖ਼ਾਲਸਾ ਕਾਲਜ ਅੰਮ੍ਰਿਤਸਰ (1892) ਦਾ ਸਵਾ-ਸੌ ਸਾਲ ਦਾ ਵਿਦਿਅਕ ਇਤਿਹਾਸ ਹੈ। ਇਸ ਕਾਲਜ ਦਾ ਮੰਤਵ ਨਵੇਂ ਯੁੱਗ ਦੀ ਵਿਗਿਆਨਕ ਵਿਦਿਆ ਦੇਣ ਦੇ ਨਾਲ-ਨਾਲ ਆਪਣੇ ਅਮੀਰ ਵਿਰਸੇ ਨੂੰ ਸੰਭਾਲਣਾ ਵੀ ਹੈ। ਇਹ ਸੰਸਥਾ ਉਸ ਸਮੇਂ ਦੀਆਂ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ ਅਤੇ ਸਮੂਹ ਸੰਗਤ ਦੇ ਵੱਡਮੁੱਲੇ ਯੋਗਦਾਨ ਸਦਕਾ ਹੋਂਦ ਵਿਚ ਆਈ। ਪੰਜਾਬ ਦੇ ਹਰ ਕਿਸਾਨ ਨੇ ਵੀ ਇਕ ਆਨਾ ਪ੍ਰਤੀ-ਏਕੜ ਸੈੱਸ ਵਜੋਂ ਯੋਗਦਾਨ ਪਾਇਆ ਸੀ। ਇਹ ਇਕ ਕੋ-ਐਜੂਕੇਸ਼ਨਲ ਮਲਟੀ-ਫੈਕਲਟੀ ਕਾਲਜ ਹੈ। ਇਸ ਸੰਸਥਾ ਵਿਚ ਐਗਰੀਕਲਚਰ, ਫੂਡ ਸਾਇੰਸ, ਸਾਇੰਸ, ਕਾਮਰਸ, ਆਈ.ਟੀ., ਸੋਸ਼ਲ ਸਾਇੰਸ ਅਤੇ ਫਿਜੀਓਥਰੈਪੀ ਵਗੈਰਾ ਨਾਲ ਸੰਬੰਧਿਤ ਰਿਸਰਚ, ਮਾਸਟਰ, ਬੈਚੂਲਰ ਡਿਗਰੀਆਂ ਅਤੇ ਡਿਪਲੋਮਾ ਕੋਰਸ ਚੱਲ ਰਹੇ ਹਨ। ਇਸ ਇਤਿਹਾਸਕ ਸੰਸਥਾ ਨੇ ਸਪੋਰਟਸ, ਡਿਫੈਂਸ, ਐਗਰੀਕਲਚਰ, ਸਿਵਲ ਸਰਵਿਸ, ਸਿੱਖਿਆ ਅਤੇ ਰਾਜਸੀ ਖੇਤਰ ਦੇ ਬਹੁਤ ਨਾਮਵਰ ਅਲੂਮਨੀ ਪੈਦਾ ਕੀਤੇ ਹਨ। ਇਸ ਸੰਸਥਾ ਨੂੰ ਕੌਮੀ ਹੈਰੀਟੇਜ ਦਰਜੇ ਦੇ ਨਾਲ-ਨਾਲ 'ਅਟੌਨਮਸ ਕਾਲਜ' ਹੋਣ ਦਾ ਮਾਣ ਪ੍ਰਾਪਤ ਹੈ।

ਖ਼ਾਲਸਾ ਕਾਲਜ ਸੰਸਾਰ ਪੱਧਰ 'ਤੇ ਵਿਦਿਅਕ ਜਗਤ ਵਿਚ ਪੰਜਾਬੀਆਂ ਦੀ ਕੌਮੀ ਵਿਰਾਸਤ ਵਜੋਂ ਜਾਣਿਆ ਜਾਂਦਾ ਹੈ। ਖ਼ਾਲਸਾ ਕਾਲਜ ਦੀ ਆਪਣੀ ਵਿਰਾਸਤੀ ਸ਼ਾਨੋ-ਸ਼ੌਕਤ ਹੈ। ਇਹ ਕਾਲਜ ਵਿਦਿਆ ਦੇ ਖੇਤਰ ਵਿਚ ਇਤਿਹਾਸਕ ਚਾਨਣ-ਮੁਨਾਰਾ ਹੈ। ਖ਼ਾਲਸਾ ਕਾਲਜ ਵਰਤਮਾਨ ਦੀਆਂ ਚੁਣੌਤੀਆਂ ਨਾਲ ਬਰ ਮੇਚਦਾ, ਨਿਰੰਤਰ ਤਰੱਕੀ ਦੀਆਂ ਰਾਹਾਂ 'ਤੇ ਹੈ। ਇਸ ਕਾਲਜ ਵਿਚ ਹੇਠ ਲਿਖੇ 84 ਕੋਰਸ ਬੜੀ ਸਫ਼ਲਤਾ ਨਾਲ ਚੱਲ ਰਹੇ ਹਨ:

## COURSES

### POST GRADUATE COURSES

- M.A. Economics
- M.A. English
- M.A. Political Science
- M.A. Punjabi
- M.A. History
- M.Com
- Master of Physiotherapy (Cardiopulmonary)
- M.Sc. (Hons.) Agri. Economics
- M.Sc. (Hons.) Agronomy
- M.Sc. (Hons.) Horticulture
- M.Sc. Vegetables Sciences
- M.Sc. Soil Sciences
- M.Sc. Entomology
- M.Sc. Physics
- M.Sc. Bio-Technology
- M.Sc. Botany
- M.Sc. Chemistry
- M.Sc. Computer Science
- M.Sc. Information Technology
- M.Sc. Food Science and Technology
- M.Sc. Mathematics
- M.Sc. Zoology

### RESEARCH DEGREE COURSES

- M.Phil (Botany)
- M.Phil. (Zoology)
- M.Phil. (English)
- M.Phil. (Punjabi)
- M.Phil. (Physics)
- M.Phil. (Chemistry)
- M.Phil. (Commerce)
- M.Phil. (Political Science)

### UNDER GRADUATE COURSES

- B.Sc. (Hons.) Agriculture
- B.Sc. Bio-Technology
- B.Sc. Computer Science
- B.Sc. (Economics)
- B.Sc. (Hons.) Food Science and Tech.
- B.Sc. Medical
- B.Sc. Non-Medical
- B.Sc. Fashion Designing
- B.Sc. Information Technology (IT)
- B.C.A.
- B.Com (Regular)
- B.Com (Hons.)
- B.B.A.
- Bachelor of Physiotherapy (BPT)
- B.A. Social Science
- Bachelor of Journalism & Mass Communication
- Bachelor in Internet and Mobile Technology (4 years)
- Bachelor in Multimedia (4 years)
- B.A.

### DIPLOMA COURSES

- P.G. Diploma in Computer Applications
- P.G. Diploma in Financial Services-Banking and Insurance
- P.G. Diploma in Taxation
- P.G. Diploma in Hospitality Management
- Diploma in Retail Management
- Diploma in Computer Application (Full Time)
- Life Long Learning Programme (Diploma)
- Awareness of Social Evils (Theatre Group)

### UPCOMING COURSES (2016-17)

- M.Sc. Chemistry (Pharmaceuticals)
- M.Sc. Fashion Designing
- M.A. Religious Studies
- Master of Journalism & Mass Communication
- M.A. Performing Arts (Theatre, Music, Dance)
- M.A. Fine Arts
- P.G.D. in Garment Construction & Fashion Designing
- B.Sc. (Hons.) Chemistry
- B.Sc. (Hons.) Physics
- B.Sc. Food Science & Quality Control
- B.A. (Hons.) English
- B.A. (Hons.) Punjabi
- Diploma in Computerised Accounting (One Year)
- Diploma in Nursery Management (One Year)
- Diploma Land Scaping (One Year)
- Diploma in Field Crops Cultivation (One Year)
- Diploma in Organic Farming (One Year)
- Diploma in Bio -Pest Control (One Year)
- Diploma in Seed Production Technology (One Year)
- Certificate course in Bee Keeping (3 months)
- Certificate course in Mushroom Cultivation (3 months)
- Certificate course in Green house / Polyhouse Vegetable Cultivation (3 months)
- Certificate course in Computerised Accounting
- Certificate course in Fruit & Vegetable Processing (3 months)
- Add on Certificate Course in Spoken English
- Add on Certificate Course in Creative Writing
- Add on Certificate Course in Urdu
- Add on Certificate Course in Still Photography

**Principal**

**DR. MEHAL SINGH**

Ph. : 0183-2258097, 5015511, 08528828200, 098728 56300

Website: khalsacollegeamritsar.org • Email:khalsacollegeamritsar@yahoo.com

ISSN : 2395 1273



Photograph : SANDEEP SINGH

ISSN 2395-1273 03

₹ 125/-

*Sanvad*

ESTD. 1892

E-mail : sanvadpunjabi@gmail.com

Website: www.khalsacollege.edu.in

**POST GRADUATE DEPARTMENT OF PUNJABI STUDIES**

**KHALSA COLLEGE AMRITSAR**